O142,3M28,13
153.1;4

ਪੰਜਾਬੀ ਯੂਨੀਵਰਸਿਟੀ ਪਟਿਆਲਾ
ਵਿਦਿਆ ਵੀਚਾਰੀ ਤਾਂ ਪਰਉਪਕਾਰੀ
PUNJABI UNIVERSITY PATIALA

ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ,
ਪਟਿਆਲਾ
PUNJABI UNIVERSITY
PATIALA

PUNJABI UNIVERSITY
ALA
509

PUNJABI UNIVERSITY LIBRARY

Cl. No. O142, 3M28, 13

Ac. No. 68509 Date of release for loan

This book should be returned on or before the date last stamped below. An overdue charge of five Paise will be realised for each day the book is kept overtime.

COMPUTERISED

ਮੋਇਆਂ ਦੀ ਜਾਗ

by

ਪੂਰਨ ਸਿੰਘ

1952

PUNJABI UNIVERSITY
PUNJABI UNIVERSITY
BKSNL-PUP
68509
ਟਾਲਸਟਾਏ, ਲਿਓ
PUNJABI UNIVERSITY
PUNJABI UNIVERSITY

COMPUTERISED Punjabi University Library
PATIALA.
Accession No. 68509
Date 20.6.63
Recommended for ..... P.P.
0142, 3M28, 153

# ਉਲਥਾਕਾਰ ਦਾ ਨੋਟ

ਇਹ ਪੁਸਤਕ "ਮੋਇਆਂ ਦੀ ਜਾਗ" (Ressurection) ਇਕ ਅਸਲੀ ਹੋ ਬੀਤੀ ਗਲ ਉੱਪਰ ਲਿਖੀ ਗਈ ਸੀ। **ਟੋਲਸਟਾਇ** ਨੂੰ ਕਿਸੀ ਆਣਕੇ ਇਹ ਗਲ ੧੮੮੮ ਈ: ਵਿਚ ਦੱਸੀ—ਕੁਛ ਲਿਖੀ ਕੁਛ ਨ ਲਿਖੀ ਛਡੀ। ਮੁੜ ੧੮੯੫ ਈ: ਵਿਚ ਲਿਖਣੀ ਸ਼ੁਰੂ ਕੀਤੀ ਤੇ ੪ ਸਾਲ ਵਿਚ ਲਿਖ ਕੇ ਖਤਮ ਕੀਤੀ ਸੀ। ਇਹ ਤੁਰਤ ਹੀ ਕਈ ਜ਼ਬਾਨਾਂ ਵਿਚ ਉਲਥਾ ਹੋ ਗਈ ਤੇ ਕੁਲ ਦੁਨੀਆ ਦੇ ਅਨੇਕ ਮੁਲਕਾਂ ਵਿਚ ਬੜੀ ਗਿਨਤੀ ਵਿਚ ਵਿਕੀ ਤੇ ਪੜ੍ਹੀ ਗਈ। ਇੰਗਲੈਂਡ ਤੇ ਸਿਰਫ ਇੰਗਲੈਂਡ ਵਿਚ ਇਸ ਉਪਰ ਇਹ ਦੋਸ਼ ਲਾਇਆ ਗਇਆ ਕਿ ਇਹ ਕਿਤਾਬ "immoral" (ਇਕਲਾਖ ਵਿਰੁਧ) ਕਿਤਾਬ ਹੈ। ਤੇ ਇਕ ਅੰਗ੍ਰੇਜ਼ **ਜਾਨ ਵੈਲੋਜ਼** ਨੇ **ਟੋਲਸਟਾਇ** ਨੂੰ ਖਤ ਵੀ ਲਿਖਿਆ ਜਿਸ ਵਿਚ ਇਸਦੇ ਬੁਰੇ ਅਸਰ ਉਪਰ ਝਾੜ ਵੀ ਪਾਈ।

**ਟੋਲਸਟਾਇ** ਨੇ ਜਵਾਬ ਵਿਚ ਇਕ ਖਤ ਭੇਜਿਆ ਜਿਸ ਵਿਚ ਲਿਖਿਆ ਸੀ :— "ਜਦ ਇਹ ਕਿਤਾਬ ਮੈਂ ਲਿਖੀ ਸੀ ਮੈਂ ਆਪਣੇ ਸਾਰੇ ਰੂਹ ਕਰਕੇ ਕਾਮਬ੍ਰਿਤੀ ਨੂੰ ਘ੍ਰਿਣਾ ਕਰਦਾ ਸਾਂ ਤੇ ਇਸ ਕਿਤਾਬ ਦਾ ਵਡਾ ਪ੍ਰਯੋਜਨ ਹੀ ਇਹ ਸੀ ਕਿ ਕਾਮ ਲਈ ਆਪਣੀ ਅੰਦਰਲੀ ਤ੍ਰਿਸਕਾਰ ਨੂੰ ਪ੍ਰਗਟ ਕਰਾਂ। ਜੇ ਮੈਂ

ਆਪਣੇ ਅੰਦਰ ਦੇ ਭਾਵ ਨੂੰ ਲਫ਼ਜ਼ਾਂ ਵਿਚ ਪ੍ਰਗਟ ਕਰਨੇ ਦੇ ਅਸਮਰਥ ਰਿਹਾ ਹਾਂ, ਤਾਂ ਮੈਨੂੰ ਅਫਸੋਸ ਹੈ; ਤੇ ਮੈਂ ਮੰਨਦਾ ਹਾਂ ਕਿ ਮੈਂ ਦੋਸ਼ੀ ਹਾਂ ਜੇ ਉਹ ਝਾਕੀ ਲਿਖਨ ਵਿਚ ਮੈਂ ਐਸਾ ਫਜ਼ੂਲ ਲਿਖਿਆ ਹੈ ਜਿਸ ਤੇਰੇ ਮਨ ਉਪਰ ਇਨ੍ਹਾਂ ਬੁਰਾ ਅਸਰ ਕੀਤਾ ਹੈ।

"ਮੇਰੀ ਜਾਚੇ ਸਾਡੇ ਕਰਮਾਂ ਨੂੰ ਸਾਡੀਆਂ ਆਪਣੀਆਂ ਜ਼ਮੀਰਾਂ ਤੇ ਰੱਬ, ਉਨ੍ਹਾਂ ਦੇ ਹੋਏ ਨਤੀਜਿਆਂ ਥੀਂ ਨਹੀਂ ਦੇਖਣਗੇ ਬਲਕਿ ਉਨ੍ਹਾਂ ਕੰਮਾਂ ਦੇ ਕਰਨ ਵੇਲੇ ਸਾਡੀਆਂ ਨੀਯਤਾਂ ਕੀ ਸਨ। ਮੈਂ ਆਸ ਕਰਦਾ ਹਾਂ ਕਿ ਇਹ ਕਿਤਾਬ ਲਿਖਣ ਵੇਲੇ ਮੇਰੀ ਨੀਯਤ ਮਾੜੀ ਨਹੀਂ ਸੀ।"

**ਟੋਲਸਟਾਏ** ਮਨੁਖੀ ਜੀਵਨ ਨੂੰ ਬੜੀ ਗੌਹ ਤੇ ਤਹਕੀਕ ਕਰਕੇ ਵੇਖਣ ਵਾਲਾ ਸੀ, ਤੇ ਉਹਦੀ ਸਾਹਿਤਯਕ ਮੰਡਲ ਵਿਚ, ਨਸਰ ਵਿਚ ਨਾਵਲ ਲਿਖਣ ਦਾ ਦਰਜਾ ਉਹੋ ਹੀ ਓਨਾਂ ਉੱਘਾ ਹੈ ਜੋ ਨਜ਼ਮ ਵਿਚ ਡਰਾਮੇ ਲਿਖਣ ਦਾ **ਸ਼ੇਕਸਪੀਅਰ** ਦਾ ਹੈ।

ਡਾਕਖਾਨਾ ਚਕ $\frac{73}{19}$,
ਬਰਾਸਤਾ ਜੜ੍ਹਾਂਵਾਲਾ।
ਜਨਵਰੀ ੧੯੩੦

**ਪੂਰਨ ਸਿੰਘ**

0142,3M28,13
153K5.1;A

# ਮੁਖ ਬੰਦ

ਜਦ ਬੋਧੀ ਵਿਸ਼੍ਵਵਿਦਯਾਲਯ ਤੋਂ ਵਖਯਾਨ ਦੇ ਕੇ ਸਵਾਮੀ ਰਾਮ ਤੀਰਥ ਅਤੇ ਪੂਰਨ ਸਿੰਘ ਮੁੜ ਇੰਡੋ ਜੈਪੇਨੀਜ਼ ਕਲਬ ਵਾਪਸ ਪਹੁੰਚੇ, ਤਦ ਸਵਾਮੀ ਜੀ ਨੇ ਪੂਰਨ ਸਿੰਘ ਨੂੰ ਕਿਹਾ, "ਮੈਨੂੰ ਤੇਰੇ ਜਿਹੇ ਪੁਰਸ਼ ਦੀ ਲੋੜ ਹੈ ਜਿਸਨੇ ਕਿ ਆਪਣਾ ਅਤਿ ਮਨੋਹਿਰ ਵਖਯਾਨ ਅਪਨੇ ਮਨ ਦੀ ਪਰਮ ਏਕਾਂਤ ਵਿਚ ਤਿਆਰ ਕੀਤਾ ਜਦ ਕਿ ਟੋਕੀਓ ਦੀਆਂ ਸੜਕਾਂ ਵਿਚ ਟ੍ਰੈਮ ਵਿਚ ਬੈਠਾ ਘੁਮਨ ਘੇਰੀਆਂ ਖਾ ਰਿਹਾ ਸੈਂ ਅਤੇ ਗਾਨਜ਼ਾ ਜਿਹੇ ਸ਼ੋਰੀਲੇ ਟੋਕੀਓ ਦੇ ਬਾਜ਼ਾਰ ਵਿਚ। ਸਚੀਂ ਏਹੋ ਹੀ ਜੀਵਨ ਦਾ ਭੇਤ ਹੈ। ਏਹ ਮਨ ਦੀ ਇਕਾਗਰਤਾ ਹੈ, ਏਹ ਸੰਗੀਤਮਯ ਵਲਵਲਿਆਂ ਦੀ ਸ਼ਾਂਤੀ ਹੈ (Lyrical silence) ਜਿਥੋਂ ਕਿ ਸਾਰੇ ਵਡੇ ਵਡੇ ਖਿਆਲ ਉਪਜਦੇ ਹਨ, ਜਿਥੇ ਸਾਰੇ ਉਹ ਸੁਪਨ ਪੈਦਾ ਹੁੰਦੇ ਹਨ ਜਿਨ੍ਹਾਂ ਨੇ ਕਿ ਇਨਸਾਨ ਨੂੰ ਉਨਤੀ ਬਖਸ਼ੀ ਹੈ। ਅਤੇ ਇਸ ਅਨੰਦ ਦੇ ਮੰਡਲ ਵਿਚ ਮਨ ਅਗੇ ਅਮਰੀ ਕਾਂਗਾਂ ਦੇ ਝਲਕਾਰੇ ਵਜਦੇ ਹਨ। ਇਹ ਤਨ ਦੀ ਸਹਜ ਸੁਭਾ ਸਮਾਧੀ ਹੈ ਜੋ ਕਿ ਮਨ ਨੂੰ ਸ਼ਾਂਤੀ ਦੇਂਦੀ ਹੈ। ਇਹ ਵੇਦਾਂਤ ਦਾ ਯੋਗ ਹੈ। ਇਹ ਇਕ ਬਹੁ ਮੁਲਯ ਦਾਤ ਹੈ।"*

---

*"Story of Swami Rama", by Puran Singh.

ਮਾਨਸਕ ਵਿਗਯਾਨ (psychology) ਦੇ ਖੇਤਰ ਵਿਚ ਪੂਰਨ ਸਿੰਘ ਦੇ ਮਨ ਦੀ ਐਸੀ ਨਿਰਾਲੀ ਅਵਸਥਾ ਵਿਚਿਤ੍ਰ ਹੈ। ਇਸ ਯੋਗ ਦਵਾਰਾ ਉਹ ਦੁਨੀਆ ਦੇ ਸ਼ੋਰ ਵਿਚ ਵਸਦੇ ਹਿਮਾਲੀਆ ਦੀਆਂ ਏਕਾਂਤਾਂ ਵਿਚ ਅਪਨੇ ਮਨ ਨੂੰ ਟਿਕਾ ਸਕਦਾ ਸੀ।

ਉਸ ਵਕਤ (੧੯੦੨ ਈ:) ਵਿਚ ਪੂਰਨ ਸਿੰਘ ਦੀ ਉਮਰ ੨੧ ਸਾਲ ਦੀ ਸੀ। ਆਪ ਦਾ ਜਨਮ ਸਲਹੱਡ ਪਿੰਡ ਵਿਚ ਫਰਵਰੀ ੧੮੮੧ ਈ: ਵਿਚ ਹੋਇਆ ਜੋ ਕਿ ਐਬਟਾਬਾਦ ਦੇ ਕੋਲ ਹੈ। ਪੰਜ ਭੈਣ ਭਰਾਵਾਂ ਵਿਚੋਂ ਆਪ ਸਭ ਤੋਂ ਵਡੇ ਸਨ। ਆਪਦੇ ਪਿਤਾ ਸ: ਕਰਤਾਰ ਸਿੰਘ ਕਾਨੂੰਗੋ ਸਨ। ਮਾਤਾ ਦਾ ਨਾਮ ਸ਼੍ਰੀਮਤੀ ਪਰਮਾ ਦੇਵੀ ਸੀ। ਬਚਪਨ ਦੇ ਬਾਲਸਖੇ ਪਠਾਨ ਤੇ ਹਿੰਦੂ ਮੁੰਡੇ ਸਨ ਜਿਸ ਕਰਕੇ ਪਠਾਨਾਂ ਵਰਗੀ ਆਜ਼ਾਦੀ ਤੇ ਬਾਦਸ਼ਾਹੀ ਬਚਪਨ ਤੋਂ ਆਪ ਮੁਹਾਰੀ ਆ ਗਈ ਸੀ।

ਮੁਢਲੀ ਵਿਦਿਆ ਆਪ ਨੇ ਪੰਜ ਸਾਲ ਦੀ ਉਮਰ (੧੮੮੬ ਈ:) ਵਿਚ ਹਵੇਲੀਆਂ ਦੀ ਮਸਜਿਦ ਵਿਚ ਸ਼ੁਰੂ ਕੀਤੀ ਜਿਥੇ ਮੌਲਵੀ ਕੋਲੋਂ ਫਾਰਸੀ ਤੇ ਉਰਦੂ ਅਖਰ ਸਿਖੇ। ਮਗਰੋਂ ਸਿਖ ਧਰਮਸਾਲਾ ਵਿਚ ਭਾਈ ਬੇਲਾ ਸਿੰਘ ਪਾਸੋਂ ਗੁਰਮੁਖੀ ਦੀ ਪੈਂਤੀ ਅਤੇ ਗੁਰਬਾਣੀ ਪੜ੍ਹੀ। ਆਪਦੇ ਪਿਤਾ ਦੀ ਬਦਲੀ ੧੮੯੦ ਈ: ਵਿਚ ਹਰੀਪੁਰ ਹੋ ਗਈ। ਉਥੇ ਐਂਗਲੋ ਮਿਡਲ ਸਕੂਲ ਵਿਚ ਦਾਖਲ ਹੋਏ। ਮਿਡਲ ਦਾ ਇਮਤਿਹਾਨ ੧੨ ਸਾਲ ਦੀ ਉਮਰ (੧੮੯੩ ਈ:) ਵਿਚ ਪਾਸ ਕੀਤਾ। ਫਿਰ ਹਰੀਪੁਰ ਹਾਈ ਸਕੂਲ ਨਾ ਹੋਵਣ ਕਰਕੇ ਸਾਰਾ ਟੱਬਰ ਰਾਵਲਪਿੰਡੀ ਆ ਗਇਆ, ਪਰ

ਆਪ ਦੇ ਪਿਤਾ ਸਰਕਾਰੀ ਨੌਕਰੀ ਦੀ ਮਜਬੂਰੀ ਕਰਕੇ ਹਰੀਪੁਰ ਹੀ ਰਹੇ। ਦਸਵੀਂ ਦਾ ਇਮਤਿਹਾਨ ੧੪ ਸਾਲ ਦੀ ਉਮਰ (੧੮੯੫ ਈ:) ਵਿਚ ਪਾਸ ਕੀਤਾ। ਫਿਰ ੧੮੯੬ ਈ: ਵਿਚ ਆਪ ਡੀ. ਏ. ਵੀ. ਕਾਲਜ ਲਾਹੌਰ ਵਿਚ ਦਾਖਲ ਹੋਏ।

ਕਾਲਜ ਵਿਚ ਹਾਲੀਂ ਪੂਰਨ ਸਿੰਘ ਬੀ. ਏ. ਦੀ ਪੜ੍ਹਾਈ ਕਰ ਰਹੇ ਸਨ ਕਿ ਰਾਵਲਪਿੰਡੀ ਦੀ ਆਹਲੂਵਾਲੀਆ ਬਰਾਦਰੀ ਦੇ ਸਬ ਤੋਂ ਹੋਣਹਾਰ ਨੌਜਵਾਨ ਹੋਣ ਕਰਕੇ, ਆਪ ਨੂੰ ਬਰਾਦਰੀ ਦੀ ਤਰਫ਼ੂੰ ਜਾਪਾਨ ਪੜ੍ਹਾਈ ਕਰਨ ਲਈ ਚੁਣਿਆ ਗਿਆ। ਜਾਪਾਨ ਜਾਵਨ ਦੇ ਖਿਆਲ ਨਾਲ਼ ਆਪ ਦਾ ਹਿਰਦਾ ਉਛਾਲੇ ਮਾਰਨ ਲਗ ਪਿਆ। ਇਸ ਲਈ ਬੀ. ਏ. ਦੀ ਪੜ੍ਹਾਈ ਅਧੂਰੀ ਛਡ ਕੇ ੧੯ ਸਾਲ ਦੀ ਆਯੂ (੧੯੦੦ ਈ:) ਵਿਚ ਜਾਪਾਨ ਲਈ ਤਿਆਰੀ ਕਰ ਲੀਤੀ। ਆਪ ਨਾਲ ਬ੍ਰਾਦਰੀ ਦੇ ਇਕ ਹੋਰ ਨੌਜਵਾਨ ਸ: ਦਾਮੋਦਰ ਸਿੰਘ ਵੀ ਤਿਆਰ ਹੋ ਪਏ।

ਪੂਰਨ ਸਿੰਘ ਜਾਪਾਨ ੩ ਸਾਲ (੧੯੦੦–੧੯੦੩ ਈ:) ਰਹੇ। ਇਥੇ ਆਪ ਨੇ ਜਾਪਾਨੀ ਤੇ ਜਰਮਨ ਜ਼ਬਾਨਾਂ ਸਿਖੀਆਂ। ਫਾਰਮਾਸਿਊਟੀਕਲ ਕੈਮਿਸਟਰੀ ਆਪ ਦਾ ਖਾਸ ਮਜ਼ਮੂਨ ਸੀ ਜਿਸਦੀ ਸਿਖਯਾ ਡਾਕਟਰ **ਨਾਗਾਈ** ਕੋਲੋਂ ਲੀਤੀ, ਜੋ ਕਿ **ਇਮਪੀਰੀਯਲ ਯੂਨੀਵਰਸਟੀ ਔਫ਼ ਟੋਕੀਓ** ਵਿਚ ਕੈਮਿਸਟਰੀ ਦਾ ਵਡਾ ਪਰੋਫੈਸਰ ਸੀ।

ਪੜ੍ਹਾਈ ਤੋਂ ਇਲਾਵਾ ਆਪ ਓਰੀਐਂਟਲ ਐਸੋਸੀਏਸ਼ਨ (Oriental Association) ਵਿਚ ਬੜਾ ਹਿੱਸਾ ਲੈਂਦੇ ਸਨ।

ਇਥੇ ਕੋਰੀਆ, ਫਿਲਿਪਾਈਨਜ਼, ਚੀਨ, ਮਲਾਯਾ, ਸਿਆਮ ਇਤਾਈ ਕੁਲ ਏਸ਼ੀਆ ਦੇ ਮੁਲਕਾਂ ਦੇ ਪ੍ਰਤੀਨਿਧ ਇਕੱਠੇ ਹੁੰਦੇ ਸਨ ਅਤੇ ਅਪਨੇ ਅਪਨੇ ਮੁਲਕ ਦੀ ਆਜ਼ਾਦੀ ਦੀ ਤਕਰੀਰਾਂ ਕਰਦੇ ਸਨ । ਇਨ੍ਹਾਂ ਇਕੱਠਾਂ ਵਿਚ ਪੂਰਨ ਸਿੰਘ ਹਿੰਦੁਸਤਾਨ ਦੀ ਆਜ਼ਾਦੀ ਲਈ ਜੋਸ਼ ਭਰੀਆਂ ਸਪੀਚਾਂ ਕਰਦੇ ਸਨ। ਜਾਪਾਨੀਆਂ ਤੇ ਇਤਨਾ ਅਸਰ ਹੁੰਦਾ ਸੀ ਕਿ ਉਹ ਹਮਦਰਦੀ ਨਾਲ ਯਕੀਨ ਦਲਾਂਦੇ ਸਨ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਓਹ ਸਹਾਇਤਾ ਕਰਨਗੇ।

ਇਸ ਐਸੋਸੇਏਸ਼ਨ ਦਵਾਰਾ ਪੂਰਨ ਸਿੰਘ ਦਾ ਪ੍ਰੀਚਯ ਜਾਪਾਨੀ ਦੀਆਂ ਵਿਸ਼ਵ ਪ੍ਰਸਿਧ ਹਸਤੀਆਂ ਨਾਲ ਹੋਇਆ: **ਓਕਾਕੂਰਾ** ਜੋ ਕਿ "Ideals of the East" ਦਾ ਕਰਤਾ ਸੀ; **ਜ਼ੈਨਸ਼ੀਰੋ ਨੋਗੂਚੀ, ਊਬੀਮੂਰਾ, ਕਿੰਜ਼ਾ ਹੀਰਾਏ** ਜੋ ਕਿ **ਸ਼ਿਕਾਗੋ** ਦੀ ਪਾਰਲੀਮੈਂਟ ਔਫ ਰੀਲਿਜਨਜ਼ ੧੮੯੧ ਈ: ਵਿਚ ਬੋਧ ਮਤ ਦਾ ਪ੍ਰਤੀਨਿਧ ਸੀ, **ਊਚੀਮੂਰਾ** ਜਿਸਨੂੰ ਜਾਪਾਨ ਦਾ ਕਾਰਲਾਈਲ ਕਿਹਾ ਜਾਂਦਾ ਹੈ, **ਮਿਸ ਮਕਲਿਓਡ** ਜੋ ਕਿ ਸਵਾਮੀ ਵਿਵੇਕਾਨੰਦ ਦੀ ਚੇਲੀ ਸੀ; ਇਤਯਾਦੀ।

**ਓਕਾਕੂਰਾ** ਨੇ ਆਪਨੇ ਘਰ ਇਕ ਸ਼ਾਮ ਨੂੰ ਪੂਰਨ ਸਿੰਘ ਨੂੰ ਬੁਲਾਇਆ। ਉਥੇ ਕੋਮਲ ਹੁਨਰ ਦਾ ਰਸ ਬੱਝਾ ਹੋਇਆ ਸੀ । ਜਾਪਾਨ ਦੀਆਂ **ਗੈਸ਼ਾ** ਆਪਨੇ **ਕੋਟੋ**

ਵਜਾ ਰਹੀਆਂ ਸਨ । ਮਹਿਮਾਨਾਂ ਨੂੰ ਛੋਟੇ ਛੋਟੇ ਨਾਜ਼ਕ ਪਿਆਲੀਆਂ ਵਿਚ **ਸਾਕੇ** (Sake) ਪਾ ਪਾ ਦੇਂਦੇ ਪਏ ਸਨ । ਹਰ ਕੋਈ **ਟੀਇਜ਼ਮ** (Teaism) ਦੀ ਮਸਤੀ ਵਿਚ ਮਖਮੂਰ ਸੀ । ਉਸ ਕਮਰੇ ਵਿਚ ਕੋਮਲ ਹੁਨਰ ਦਾਂ ਪ੍ਰਭਾਵ ਸੀ, **ਸਾਕੇ** ਦੀ ਮਸਤੀ ਉਸਦੇ ਵਾਯੂ ਮੰਡਲ ਵਿਚ ਸੂਖਮ ਪ੍ਰਕਾਰ ਨਾਲ ਪਸਰ ਰਹੀ ਸੀ। ਪਰ ਉਸ ਸਮੇਂ ਪੂਰਨ ਸਿੰਘ ਨੇ **ਓਕਾਕੂਰਾ** ਦੀ ਪੇਸ਼ ਕੀਤੀ ਹੋਈ **ਸਾਕੇ** ਦੀ ਪਿਆਲ ਨਾ ਪੀਤੀ । ਜਦ ਆਪ ਤੇ ਆਪਦੇ ਸਾਥੀ ਮਿਸਟਰ ਰਾਏ ਉਠੇ ਤਦ **ਓਕਾਕੂਰਾ** ਇਨ੍ਹਾਂ ਨੂੰ ਦਰਵਾਜ਼ੇ ਤਕ ਛਡਨ ਲਈ ਆਇਆ ।

"ਓਸ ਸਮੇਂ ਰਾਤ ਅੰਧੇਰੀ ਸੀ ਤੇ ਲੈਂਪਾਂ ਦਾ ਮਧਮ ਜਿਹਾ ਪ੍ਰਕਾਸ਼ ਸੀ । ਤੇ **ਓਕਾਕੂਰਾ** ਨੇ ਮੈਨੂੰ ਕਿਹਾ : "Puran San, I am for India !" ਤੇ ਇਹ ਕਹਿ ਉਸਨੇ ਅਪਨੇ **ਕਿਮੋਨੋ** ਦੀ ਗੰਢ ਨੂੰ ਤੋੜ ਸੁਟਿਆ ਤੇ ਅਪਨੀ ਛਾਤੀ ਨੰਗੀ ਕਰ ਕੇ ਕਿਹਾ : "ਦੇਖੋ ! ਇਹ ਛਾਤੀ ਹਿੰਦੁਸਤਾਨ ਵਾਸਤੇ ਬਲ ਰਹੀ ਹੈ।" ਉਸ ਸਮੇਂ ਇਕ ਦੀਵੇ ਦੀ ਬਤੀ ਭੜਕ ਉਠੀ ਤੇ **ਓਕਾਕੂਰਾ** ਦੀ ਛਾਤੀ ਇਨਸਾਨ ਦੀ ਆਜ਼ਾਦੀ ਵਾਸਤੇ ਬਲਦੀ ਪਈ ਦਿਸੀ । ਉਸ ਮਹਾਂ ਵਾਕਯ "Asia is one" ਦਾ ਕਰਤਾ ਉਸ ਬਲਦੀ ਹੋਈ ਅਪਨੀ ਛਾਤੀ ਉਪਰ ਸ਼ਰਾਬ ਡੋਲ ਰਿਹਾ ਸੀ । ਜਿਥੇ

ਇਹ ਜਾਗਤੀ ਜੋਤ ਨਹੀਂ ਉਥੇ ਸ਼ਰਾਬ ਇਸ ਇਨਸਾਨੀ ਜਿਸਮ ਦੀ ਮਿਟੀ ਦਾ ਚਿਕੜ ਬਣਾ ਦੇਂਦੀ ਹੈ, ਪਰ ਜਿਥੇ ਜੋਤ ਜਗ ਰਹੀ ਹੈ ਉਥੇ ਸ਼ਰਾਬ ਉਸ ਜੋਤ ਨੂੰ ਹੋਰ ਪ੍ਰਦੀਪਤ ਕਰਦੀ ਹੈ। ਕਾਸ਼ ਮੈਨੂੰ ਇਸਦਾ ਪਤਾ ਨਹੀਂ ਸੀ । ਮੈਂ ਓਕਾਕੂਰਾ ਨੂੰ ਪਿਆਰ ਕਰਦਾ ਸਾਂ ।''*

ਪੂਰਨ ਸਿੰਘ ਦੇ ਹਿਰਦੇ ਵਿਚ ਓਕਾਕੂਰਾ ਦੇ ਇਹ ਸ਼ਬਦ ਸਦਾ ਲਈ ਸਥਿਤ ਹੋ ਗਏ । ਆਪਦੇ ਜੀਵਨ ਦਾ ਅੰਗ ਬਣ ਗਏ । ਉਹ ਸਾਰੇ ਏਸ਼ੀਆ ਨੂੰ ਉਸ ਦਿਨ ਥੀਂ ਇਕ ਦੇਸ਼ ਖਿਆਲ ਕਰਨ ਲਗ ਪਏ, ''ਏਸ਼ੀਆ ਇਕ ਹੈ।'' ਅਤੇ ਹਮੇਸ਼ਾਂ ਹੀ ਆਪਨੂੰ ਇਸ ਗਲ ਦਾ ਮੰਦਾ ਲਗਦਾ ਰਿਹਾ ਹੈ ਕਿ ਓਕਾਕੂਰਾ ਦੇ ਕੋਮਲ ਉਨਰ ਦੇ ਭਵਨ ਵਿਚ ਜਾ ਕੇ ਉਸਦੇ ਵਾਯੂ ਮੰਡਲ ਨਾਲ ਇਕਸੂਰਤਾ ਕਿਉਂ ਨਾ ਕੀਤੀ । ਸ਼ਾਇਦ ਇਹ ਪਹਿਲਾ ਤੇ ਅਖੀਰਲਾ ਹੀ ਐਸਾ ਮੌਕਾ ਸੀ ।

ਓਕਾਕੂਰਾ ਦੇ ਬੰਗਾਲੀ ਦੋਸਤਾਂ ਨੇ ਹਿੰਦੁਸਤਾਨ ਵਿਚ ਇਸ਼ਤਿਹਾਰ ਕਢੇ ਕਿ ਜਾਪਾਨ ਵਿਚ ਪਾਰਲੀਮੈਂਟ ਔਫ ਰੀਲੀਜਨਜ਼ ਦਾ ਇਕਠ ਹੋਵੇਗਾ । ਵਾਸਤਵ ਵਿਚ ਐਸੀ ਕੋਈ ਗਲ ਨਹੀਂ ਸੀ । ਟੇਹਰੀ ਦੇ ਮਹਾਰਾਜ ਨੇ ਸਵਾਮੀ ਰਾਮ ਤੀਰਥ ਜੀ ਨੂੰ ਹਿੰਦੂਆਂ ਦੇ ਪ੍ਰਤੀਨਿਧ ਬਣਾਕੇ ਸਵਾਮੀ ਨਾਰਾਇਨ ਨਾਲ ਜਾਪਾਨ ਘਲਿਆ । ਸਾਰੇ ਹਿੰਦੁਸਤਾਨੀ ਇੰਡੋ ਜੇਪੇਨੀਜ਼ ਕਲਬ ਵਿਚ ਸਬ ਤੋਂ ਪਹਿਲੇ

---

*"On the Paths of Life", by Puran Singh (unpublished book).

ਜਾਇਆ ਕਰਦੇ ਸਨ ਜਿਸਦੇ ਸਕਤ੍ਰ ਪੂਰਨ ਸਿੰਘ ਆਪ ਹੀ ਸਨ।

ਜਦ ਦੋਨੋਂ ਸਵਾਮੀ ਉਥੇ ਪਹੁੰਚੇ, ਪੂਰਨ ਸਿੰਘ ਦੇ ਚਾਓ ਦਾ ਅੰਤ ਹੀ ਨਾ ਰਿਹਾ। ਕਿਉਂਕਿ ਉਨ੍ਹਾਂ ਦਾ ਪ੍ਰਭਾਵ ਐਸਾ ਖਿਚ ਪਾਣ ਵਾਲਾ ਸੀ। ਜਦ ਸਵਾਮੀ ਨਾਰਾਇਣ ਨੇ ਪੂਰਨ ਸਿੰਘ ਪਾਸੋਂ ਪੁਛਿਆ ਕਿ ਤੇਰਾ ਕਿਹੜਾ ਵਤਨ ਹੈ, ਤਦ ਆਂਸੂ ਭਰੀਆਂ ਅਖਾਂ ਨਾਲ ਅਤਿ ਪਿਆਰ ਵਿਚ ਉੱਤਰ ਦਿਤਾ "ਸਾਰੀ ਦੁਨੀਆਂ ਮੇਰਾ ਵਤਨ ਹੈ।"

ਤਦ ਵਡੇ ਸਵਾਮੀ ਨੇ ਉਨ੍ਹਾਂ ਦੀ ਅਖਾਂ ਵਲ ਤਕ ਕੇ ਕਿਹਾ, "ਮੇਰਾ ਮਜ਼ਬ ਪਰਉਪਕਾਰ ਹੈ।" ਇਸ ਤਰ੍ਹਾਂ ਸਵਾਮੀ ਰਾਮ ਤੀਰਥ ਅਤੇ ਪੂਰਨ ਸਿੰਘ ਦੀ ਭੇਟ ਹੋਈ।

ਓਕਾਕੁਰਾ ਦੀ ਉਸ ਸ਼ਾਮ ਤੋਂ ਮਗਰੋਂ ਪੂਰਨ ਸਿੰਘ ਨੇ ਆਪਣੇ ਮਨ ਦੇ ਸੰਕੋਚਾਂ ਨੂੰ ਪਰੇ ਸੁਟ ਦਿਤਾ ਸੀ। ਮਹਾਂ ਪੁਰਖਾਂ ਨੂੰ ਪਿਆਰ ਕਰਨਾ, ਉਨ੍ਹਾਂ ਨਾਲ ਇਕ-ਸੁਰਤਾ ਕਰਨੀ, ਉਨ੍ਹਾਂ ਦੇ ਕੋਮਲ ਭਾਵਾਂ ਤੇ ਖਿਆਲਾਂ ਦੀਆਂ ਉਡਾਰੀਆਂ ਨੂੰ ਅਨੁਭਵ ਕਰਨਾ ਤੇ ਅਪਣੇ ਅੰਤਹਕਰਣ ਵਿਚ ਵਸਾਣਾ, ਕਿਸੀ ਕੋਮਲ ਅਸਰ ਤੋਂ ਵਾਂਝੇ ਨਾ ਰਹਿਣਾ ਇਹ ਸਭ ਕੁਝ ਸਹਿਜ ਸੁਭਾ ਉਨ੍ਹਾਂ ਸਿਖ ਲੀਤਾ ਸੀ। ਇਸੀ ਕਰ ਕੇ ਹੀ ਸਵਾਮੀ ਰਾਮ ਤੀਰਥ ਨੂੰ ਅਪਨਾ ਤਨ ਤੇ ਮਨ ਅਰਪਨ ਕਰ ਦਿਤਾ। ਪਰ ਧਨ ਦਾ ਤਿਆਗ ਤਾਂ ਸਵਾਮੀਜੀ ਨੇ ਵੀ ਕੀਤਾ ਹੋਇਆ ਸੀ, ਸੋ ਆਪਨੇ ਵੀ ਕਰ ਦਿਤਾ।

ਪੂਰਨ ਸਿੰਘ ਉਸਦੇ ਪਿਆਰ ਵਿਚ ਭਿਜਾ ਸਵਾਮੀ ਰਾਮ ਤੀਰਥ ਦਾ ਰੂਪ ਹੋ ਗਇਆ। ਆਪ ਨੇ ਗੇਰੂਏ ਕਪੜੇ

ਪਹਿਨ ਲੀਤੇ ਤੇ ਸਨਯਾਸ ਧਾਰਨ ਕੀਤਾ।*

ਪਰ ਯੂਨੀਵਰਸਟੀ ਦਾ ਤਯਾਗ ਪੂਰਨ ਸਿੰਘ ਨੇ ਨਹੀਂ ਕੀਤਾ। ਉਸੀ ਗੇਰੂਏ ਲਿਬਾਸ ਵਿਚ ਆਪਣੀ ਕਲਾਸ ਜਾਂਦੇ ਤੇ "ਸ਼ਿਵਹੋਮ, ਸ਼ਿਵੋਹਮ," ਦਾ ਜਾਪ ਉਚਾਰਦੇ ਕੈਮਿਸਟਰੀ ਦੇ ਤਜਰਬੇ ਕਰਦੇ ਰਹਿੰਦੇ। ਪੜ੍ਹਾਈ ਦੇ ਨਾਲ ਨਾਲ ਹੀ ਆਪ ਨੇ ਇਕ ਮਾਸਕ ਰਸਾਲਾ "Thundering Dawn" ਜਾਰੀ ਕੀਤਾ ਜਿਸਦੇ ਆਪ ਸੰਪਾਦਕ ਅਤੇ ਲੇਖਕ ਵੀ ਸਨ; ਅਤੇ ਜਾਪਾਨ ਦੇ ਅਖਬਾਰਾਂ ਵਿਚ ਆਪ ਦੇ ਲੇਖ ਵਗੈਰਾ ਛਪਦੇ ਰਹੇ। ਫਿਰ ਆਪ ਨੂੰ ਅਮੇਰਿਕਾ ਜਾਣ ਦਾ ਖਿਆਲ ਆ ਗਇਆ ਤੇ ਕਾਹਲੀ ਇਤਨੀ ਸੀ ਕਿ ਪੜ੍ਹਾਈ ਖਤਮ ਕਰਨ ਅਤੇ ਡਿਪਲੋਮਾ ਲੈਣ ਦੀ ਉਡੀਕ ਨਹੀਂ ਸਨ ਕਰ ਸਕਦੇ। ਪਰ ਸ: ਦਮੋਦਰ ਸਿੰਘ ਨੇ ਜ਼ੋਰ ਦਿਤਾ ਕਿ ਆਪ ਇਕ ਵੇਰ ਹਿੰਦੁਸਤਾਨ ਜ਼ਰੂਰ ਹੋ ਆਵਨ ਤੇ ਅਪਨੇ ਮਾਤਾ, ਪਿਤਾ ਅਤੇ ਭੈਣ ਭਰਾਵਾਂ ਨੂੰ ਮਿਲ ਆਵਨ।

ਸੰਨਯਾਸੀ ਪੂਰਨ ੧੯੦੩ ਈ: ਦੇ ਅਖੀਰ ਮੁੜ ਹਿੰਦੁਸਤਾਨ ਆਏ ਤੇ ਕਲਕਤੇ ਉਤਰੇ। ਇਸਦੀ ਖਬਰ ਸ: ਦਮੋਦਰ ਸਿੰਘ ਦੇ ਖਤ ਤੋਂ ਇਨ੍ਹਾਂ ਦੇ ਮਾਤਾ ਪਿਤਾ ਨੂੰ ਮਿਲ ਗਈ ਸੀ। ਉਹ ਵੀ ਕਲਕਤੇ ਪਹੁੰਚੇ ਤੇ ਆਪਦੀ ਮਾਤਾ ਨੇ ਇਨ੍ਹਾਂ ਨੂੰ ਲਭ ਹੀ ਲੀਤਾ। ਆਪ ਦੇ ਪਿਤਾ ਤਾਂ ਨਾਰਾਜ਼ ਹੋਏ। ਪਰ ਵਿਛੁੜੇ ਹੋਏ ਪੁਤਰ ਨੂੰ ਮਿਲਕੇ ਮਾਤਾ ਦੇ ਆਂਸੂ

---

*ਸਵਾਮੀ ਰਾਮ ਤੀਰਥ ਨੂੰ ਮਿਲਨ ਤੋਂ ਪਹਿਲਾਂ ਪੂਰਨ ਸਿੰਘ ਟਾਈਫਾਇਡ ਬੁਖਾਰ ਨਾਲ ਬੀਮਾਰ ਪੈ ਗਏ ਸੀ। ਡਾਕਟਰਾਂ ਨੇ ਜ਼ਰੂਰੀ ਸਮਝਿਆ ਸੀ ਕਿ ਆਪਦੇ ਕੇਸਾਂ ਨੂੰ ਕਤਲ ਕੀਤਾ ਜਾਵੇ। ਇਸ ਦੀ ਆਗਿਆ ਸ: ਦਮੋਦਰ ਸਿੰਘ ਅਤੇ ਆਪਦੇ ਭਣਵਈਏ ਸ: ਤੇਜਾ ਸਿੰਘ ਕੋਲੋਂ ਲੇ ਲੀਤੀ ਗਈ ਸੀ।

ਵਹਿ ਤੁਰੇ। ਉਸ ਨੇ ਕੋਈ ਰੋਸ ਨਾ ਕੀਤਾ ਕਿ ਪੂਰਨ ਸੰਨਿਆਸੀ ਕਿਉਂ ਹੋ ਗਇਆ ਹੈ। ਸਗੋਂ ਆਪ ਦੀ ਸ਼ਲਾਂਘਾ ਕਰਨ ਲਗ ਪਏ। ਫਿਰ ਦਸਿਆ ਕਿ ਗੰਗਾ ਭੈਣ ਦੀ ਵੀਰ ਨੂੰ ਮਿਲਨ ਦੀ ਤੀਬਰ ਇੱਛਾ ਹੈ। ਇਸ ਲਈ ਇਕ ਵਾਰੀ ਘਰ ਚਲ ਕੇ ਭੈਣ ਨੂੰ ਮਿਲਨ ਤੇ ਫਿਰ ਭਾਵੇਂ ਵਾਪਸ ਆ ਜਾਵਨ। ਇਸ ਨੂੰ ਪੂਰਨ ਸਿੰਘ ਨੇ ਸਵੀਕਾਰ ਕੀਤਾ।

ਅਪਣੇ ਘਰ ਐਬਟਾਬਾਦ ਵਿਚ ਪਹੁੰਚਣ ਦੇ ਕੁਝ ਦਿਨਾਂ ਬਾਦ ਗੰਗਾ ਪਰਸੂਤ ਦੇ ਬੁਖਾਰ ਨਾਲ ਬੀਮਾਰ ਹੋ ਗਈ। ਬੁਖਾਰ ਵਧ ਗਇਆ ਤੇ ਬਚਨ ਦੀ ਕੋਈ ਆਸ ਨਾ ਰਹੀ। ਪੂਰਨ ਸਿੰਘ ਉਸਦੇ ਪਿਆਰ ਦੀ ਖਾਤਰ ਸਭ ਕੁਝ ਕਰਨ ਨੂੰ ਤਿਆਰ ਹੋ ਪਿਆ। ਭੈਣ ਦਾ ਅੰਤਲਾ ਸੰਕਲਪ ਇਹ ਸੀ ਕਿ ਉਹ ਸੰਸਯਾਸੀ ਵੀਰ ਗ੍ਰਿਹਸਤ ਵਿਚ ਪਵੇ ਤੇ ਆਪਣੀ ਮੰਗੇਤਰ ਨਾਲ ਵਿਆਹ ਕਰੇ। ਪੂਰਨ ਸਿੰਘ ਨੇ ਇਕਰਾਰ ਕੀਤਾ ਕਿ ਐਸਾ ਹੀ ਹੋਵੇਗਾ ਤੇ ਭੈਣ ਨੂੰ ਤਸਲੀ ਦਿਤੀ।

ਇਸ ਇਕਰਾਰ ਦੇ ਅਨੁਸਾਰ ਪੂਰਨ ਸਿੰਘ ਦਾ ਵਿਆਹ ਮਾਰਚ ੧੯੦੪ ਈ: ਵਿਚ ਸ਼੍ਰੀਮਤੀ ਮਾਯਾ ਦੇਵੀ ਨਾਲ ਹੋਇਆ ਜੋ ਕਿ ਪਰਸਿਧ ਫਕੀਰ ਸਾਈਂ ਸਾਹਿਬ ਭਗਤ ਜਵਾਹਰ ਮਲ ਦੀ ਪੋਤ੍ਰੀ ਤੇ ਭਗਤ ਰਾਮ ਚੰਦ ਦੀ ਸਪੁਤ੍ਰੀ ਹਨ। ਵਿਆਹ ਤੋਂ ਪਹਿਲਾਂ ਹੀ ਆਪਨੇ ਇਹ ਸਪਸ਼ਟ ਕਰ ਦਿਤਾ ਸੀ ਕਿ ਗ੍ਰਿਹਸਤ ਵਿਚ ਵੀ ਆਪ ਦਾ ਘਰ ਸੰਨਯਾਸੀਆਂ ਵਰਗਾ ਰਹੇਗਾ। ਸ਼੍ਰੀਮਤੀ ਮਾਯਾ ਦੇਵੀ ਨੇ ਉਨ੍ਹਾਂ ਦੀ ਹਰ ਸ਼ਰਤ ਨੂੰ ਸਵੀਕਾਰ ਕੀਤਾ। ਇਸ ਲਈ ਭਾਵੇਂ ਪੂਰਨ ਸਿੰਘ ਤਾਂ ਗ੍ਰਿਹਸਤੀ ਬਣ ਗਏ ਪਰ ਤਦ ਵੀ ਉਨ੍ਹਾਂ ਦਾ ਘਰ ਸੰਨਯਾਸੀਆਂ ਵਰਗਾ ਰਿਹਾ। ਕਿਸੀ ਮਾਯਕ

ਪਦਾਰਥ ਨਾਲ ਉਨ੍ਹਾਂ ਨੂੰ ਪਕੜ ਨਹੀਂ ਸੀ। ਜੋ ਕੁਝ ਆਪਣੇ ਕੋਲ ਹੋਣਾ ਖੁੱਲਾ ਵੰਡਣਾ। ਘਰ ਦੇ ਦਰਵਾਜ਼ੇ ਸਿਆਲ ਹੁਨਾਲ ਖੁਲੇ ਰਹਿੰਦੇ ਸਨ। ਕਿਸੀ ਬਕਸ ਨੂੰ ਜੰਦਰਾ ਮਾਰਨਾ 'ਚੋਰ ਮਨ ਦੀ ਆਦਤ' ਕਹਿਆ ਕਰਦੇ ਸਨ। ਜਿਸਨੂੰ ਜੋ ਚੀਜ਼ ਲੋੜ ਹੈ ਲੈ ਜਾਵੇ। ਆਪਦੇ ਘਰ ਮਹਿਮਾਨ ਦੇਵਤੇ ਸਾਮਾਨ ਹੁੰਦਾ ਸੀ। ਕਿਸੀ ਨਾਲ ਮਤ ਭੇਦ ਵੀ ਹੁੰਦਾ ਤਦ ਵੀ ਮਹਿਮਾਨ ਦੀ ਹੈਸੀਅਤ ਵਿਚ ਉਸਦੀ ਆਦਰ ਵਿਚ ਕੋਈ ਫਰਕ ਨਾ ਪੈਂਦਾ। ਆਪ ਦੇ ਮੇਜ਼ ਉਪਰ ਹਰ ਮਜ਼ਬ ਵਾਲੇ ਖਾਣਾ ਖਾਂਦੇ। ਏਕਤਾ ਦਾ ਐਸਾ ਪ੍ਰਭਾਵ ਹੁੰਦਾ ਸੀ ਕਿ ਧਰਮੀ ਕਾਯਸਥ ਲੋਕ ਵੀ ਅਪਨਾ ਭਰਮ ਉਨ੍ਹਾਂ ਦੇ ਮੇਜ਼ ਉਪਰ ਛੋੜ ਦੇਂਦੇ ਸਨ।

ਪੂਰਨ ਸਿੰਘ ਜਦ ਕਦੀ ਬਾਹਰ ਜਾਂਦੇ ਤੇ ਜੇ ਕਿਸੀ ਗਰੀਬ ਨੇ ਇਨ੍ਹਾਂ ਦੇ ਦਿਲ ਨੂੰ ਹਿਲਾਇਆ ਤਦ ਕਦੀ ਤਾਂ ਅਪਨਾ ਕੋਟ ਉਤਾਰ ਦੇ ਦਿਤਾ, ਕਦੀ ਬੂਟ ਕਦੀ ਧੁੱਸਾ ਇਤਾਦੀ। ਗਰੀਬ ਨੂੰ ਗਲੋਂ ਲਾਣ ਲਈ ਐਸਾ ਨ ਕਰਦੇ। ਉਸਨੂੰ ਜੱਫੀ ਪਾ ਆਪਣੇ ਹਿਰਦੇ ਦਾ ਪਿਆਰ ਵੰਡ, ਉਸਨੂੰ ਉੱਚਾ ਕਰਦੇ।

ਵਿਆਹ ਤੋਂ ਮਗਰੋਂ ਪੂਰਨ ਸਿੰਘ ਦਾ ਧੰਨ-ਉਪਜਾਊ ਕੰਮ ਜਾਪਾਨ ਵਿਚ ਪ੍ਰਾਪਤ ਕੀਤੀ ਕੈਮਿਸਟਰੀ ਨਾਲ ਸੰਬੰਧਤ ਰਿਹਾ। ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਟੈਕਨੀਕਲ ਇਨਸਟੀਟਯੂਟ ਲਾਹੌਰ ਵਿਚ ਪ੍ਰਿੰਸੀਪਲ ਹੋਏ (ਅਗਸਤ ੧੯੦੪ ਈ: ਤੋਂ ਨਵੰਬਰ ੧੯੦੬ ਈ: ਤਕ); ਡੋਈ ਵਾਲੇ ਵਿਚ ਸਾਬਨ ਦਾ ਛੋਟਾ ਜਿਹਾ ਕਾਰਖਾਨਾ ਖੋਲਿਆ (ਨਵੰਬਰ ੧੯੦੬ ਈ: ਤੋਂ ਮਾਰਚ ੧੯੦੭ ਈ: ਤਕ), ਫੌਰੈਸਟ

"ਦੂਜੇ ਭਾਇ" ਦੀ ਮਾਇਆ ਦਾ ਭਰਮ ਨਾਸ ਹੋਇਆ। ਗ਼ਰੀਬ ਅਮੀਰ, ਜਾਤ ਪਾਤ, ਤੰਦਰੁਸਤ ਤੇ ਰੋਗੀ, ਮੁਲਕ, ਮਜ਼੍ਹਬ ਇਤਯਾਦੀ ਦੀਆਂ ਅਡ ਅਡ ਕਰਨ ਵਾਲੀਆਂ ਭੀਤਾਂ ਦੂਰ ਹੋ ਗਈਆਂ। ਇਕ ਵਿਸ਼ਾਲ ਏਕਤਾ ਦਾ ਭਾਵ ਸਹਜਸੁਭਾ ਜੀਵਨ ਵਿਚ ਧਸ ਗਇਆ। ਅਛੂਤ ਚੂੜ੍ਹਿਆਂ ਕੋਲੋਂ ਤੇ ਤਪਦਿਕ ਦੇ ਰੋਗੀਆਂ ਕੋਲੋਂ ਆਪ ਨੇ ਕਦੀ ਭਰਮ ਨ ਕੀਤਾ।

**ਓਕਾਕੁਰਾ** ਨੂੰ ਮਿਲਕੇ ਪੂਰਨ ਸਿੰਘ ਦੇ ਹਿਰਦੇ ਵਿਚ ਕੁਲ ਏਸ਼ੀਆ ਦੀ ਏਕਤਾ ਦਾ ਅਨੁਭਵ ਜਾਗਿਆ। ਸਾਹਿਤਯਕ, ਸਮਾਜਕ, ਅਤੇ ਸਭਯਤਾ ਦੇ ਦ੍ਰਿਸ਼ਟੀ ਕੋਣ ਤੋਂ ਸਾਰੀ ਏਸ਼ੀਆ ਆਪਨੇ ਇਕ ਪ੍ਰਤੀਤ ਕੀਤੀ (Asia is one)। ਇਹ ਅਨੁਭਵ ਆਪਦੀ "Spirit of Oriental Poetry" ਵਿਚ ਪ੍ਰਫੁਲਤ ਹੋਇਆ। ਇਸ ਵਿਚ ਆਪ ਨੇ ਏਸ਼ੀਆ ਦੀ ਕਵਿਤਾ ਦੀ ਸਾਂਝੀ ਰੂਹ ਦਾ ਵਰਨਣ ਕੀਤਾ ਹੈ। ਏਸ਼ੀਆ ਦੇ ਕਵੀ ਦਾ ਆਦਰਸ਼ ਆਪ ਇਸ ਪੁਸਤਕ ਵਿਚ ਲਿਖਦੇ ਹਨ: "ਉਹ ਹੀ ਕਵੀ ਹੈ ਜੋ ਆਪਣੇ ਅੰਤਰ-ਆਤਮਾ ਦੇ ਮੰਡਲਾਂ ਅਥਵਾ ਸੈਲਫ (self) ਦੀਆਂ ਪ੍ਰਕਾਸ਼ਮਈ ਵਯਕਤੀਆਂ ਨਾਲ ਵਾਰਤਾਲਾਪ ਕਰਦਾ ਹੈ, ਅਤੇ ਇਸ ਧਰਤੀ ਉਪਰ ਉਹ ਰੱਬ ਦਾ ਪ੍ਰਤੀਨਿਧ ਹੈ ਨਾ ਕੇ ਧਰਤੀ ਦੇ ਸਾਧਾਰਣ ਇਨਸਾਨਾਂ ਦਾ।"

ਪੂਰਨ ਸਿੰਘ ਦੇ ਮਨ ਵਿਚ ਜੋ ਏਸ਼ੀਆਈ ਕਵੀ ਦੇ ਆਦਰਸ਼ ਸਨ ਉਸਦੇ ਅਨੁਕੂਲ ਹੀ ਆਪਨੂੰ ਭਾਈ ਵੀਰ ਸਿੰਘ ਲੱਗੇ। ਉਨ੍ਹਾਂ ਬਾਬਤ ਆਪ ਲਿਖਦੇ ਹਨ:

"ਉਹ ਸੱਚਾ ਮਸ਼ਰਕੀ ਕਲਾਧਾਰੀ ਹੈ ਜੋ ਕਿ ਕੋਮਲ

ਉਨਰ, ਫਿਲੌਸੋਫੀ ਅਤੇ ਮਜ਼੍ਹਬ ਦੇ ਏਸ਼ਿਆਈ ਆਦਰਸ਼ਾਂ ਦਾ ਅਨੁਯਾਈ ਹੈ।"*

ਭਾਈ ਵੀਰ ਸਿੰਘ ਨੂੰ ਮਿਲਕੇ ਪੂਰਨ ਸਿੰਘ ਦਾ ਪ੍ਰਚੀਯ ਇਕ ਅਣਦਿਸਦੇ ਮੰਡਲ ਨਾਲ ਹੋ ਗਇਆ ਜਿਨ੍ਹਾਂ ਦੀਆਂ ਪ੍ਰਕਾਸ਼ਮਈ ਵਯਕਤੀਆਂ ਨੂੰ "Immortals of the Higher World" ਨਾਲ ਸੰਕੇਤ ਕੀਤਾ ਗਇਆ ਹੈ।

"It always comes to us from the invisible and no man can make any progress in spiritual life without getting hold of that golden cord dropped down to him by the Immortals of the Higher World, and rising as they draw him up to themselves."

ਅਰਥਾਤ :–

"ਇਹ ਰਹਸਯ ਸਾਨੂੰ ਅਨਦਿਸਦੇ ਤੋਂ ਆਉਂਦਾ ਹੈ; ਤੇ ਕੋਈ ਪੁਰਖ ਵੀ ਆਤਮਕ ਜੀਵਨ ਵਿਚ ਉਨਤੀ ਨਹੀਂ ਕਰ ਸਕਦਾ ਜੇਕਰ ਉਹ ਉਸ ਸੋਨੇ ਦੀ ਰੱਸੀ ਨੂੰ ਨਾ ਫੜੇ ਜਿਹੜੀ ਕਿ ਉਤਲੀ ਦੁਨੀਆਂ ਦੇ ਅਮਰ ਹੋਈਆਂ ਵਿਯਕਤੀਆਂ ਨੇ ਉਸ ਲਈ ਹੇਠਾਂ ਸੁੱਟੀ ਹੈ। ਅਤੇ ਜਦ ਉਹ ਰੱਸੀ ਖਿਚਦੇ ਹਨ ਤਦ ਉਹ ਆਪੇ ਹੀ ਉਪਰ ਵਲ ਖਚੀਂਦਾ ਜਾਂਦਾ ਹੈ।"

"*Spirit of Oriental Poetry*".

ਪਰ ਉਸ ਅਣਦਿਸਦੇ ਦੇਸ਼ ਦੀ ਰਮਜ਼ ਉਪਰ ਸਾਡਾ ਕੋਈ

---

*"He is a true Eastern Genius, still loyal to Asiatic Ideals of art, philosophy and religion"

"*Spirit of Oriental Poetry*," by Puran Singh.

ਕਾਬੂ ਨਹੀ। ਉਹ ਆਪ ਮੁਹਾਰੀ ਕੁਦਰਤੀ ਨੀਯਮਾਂ ਅਨੁਸਾਰ ਆਉਂਦੀ ਹੈ ਜਿਸ ਤਰ੍ਹਾਂ ਧੁਪ ਅਤੇ ਮੀਂਹ। ਪਰ ਸਾਨੂੰ ਆਪਣਾ ਮੂੰਹ ਸੂਰਜਮੁਖੀ ਸਮਾਨ ਉਸ ਵਲ ਮੋੜੀ ਰਖਣਾ ਚਾਹੀਦਾ ਹੈ। **ਉਹ** ਕਦੀ ਨ ਕਦੀ ਆਵੇ ਹੀ ਗਾ।

ਉਹ ਰਮਜ਼ਾਂ ਪਾਣ ਵਾਲਾ ਸਾਡੇ ਅੰਤਰਾਤਮਾ ਵਸਦਾ ਹੈ। **ਉਹ** ਜੋਤੀਮਯ ਹੈ ਤੇ ਰਸ ਦਾਤਾ ਹੈ। ਉਸਦਾ ਸੰਕੇਤ ਪੂਰਨ ਸਿੰਘ "He" ਯਾ **ਉਹ** ਨਾਲ ਕਰਦਾ ਹੈ। **ਉਹ** ਕੌਣ ਹੈ? ਇਸਦਾ ਉਤਰ ਕੇਵਲ ਉਹਨੂੰ ਪਤਾ ਹੈ ਜਿਸਦੀ ਉਸਦੇ ਨਾਲ ਜਾਣ ਪਛਾਣ ਹੋਵੇ।

ਪੂਰਨ ਸਿੰਘ ਲਈ **ਉਹ** ਸਬ ਕੁਝ ਹੈ।

ਮਜ਼ਬ, ਕੋਮਲ ਉਨਰ ਤੇ ਸਾਹਿਤਯ ਦੀ ਕਸਵਟੀ ਇਹ ਹੈ ਕਿ ਸਾਨੂੰ **ਉਸਦੀ** ਯਾਦ ਕਰਾਵੇ:

"Ever since I have seen Him, the remembrance of the scent of His presence has been my religion; whatsoever recalls it to my mind is precious; it surpasses all that I have ever valued."

"*Spirit of Oriental Poetry.*"

ਪੂਰਨ ਸਿੰਘ ਇਸੀ ਕਿਤਾਬ ਵਿਚ ਇਕ ਥਾਂ ਲਿਖਦੇ ਹਨ:

"ਭਗਤ ਦੀ ਅੱਖ 'ਇਸ਼ਕ ਰੱਤੀ' ਹੁੰਦੀ ਹੈ ਤੇ ਇਸ 'ਇਸ਼ਕ ਰੱਤੀ' ਅਖ ਨਾਲ ਉਹ ਹਰ ਸ਼ੈ ਨੂੰ ਸਦਾ ਤਾਜ਼ਾ ਤੇ

ਸਦਾ ਨਵੇਂ ਜੋਸ਼ ਨਾਲ ਵੇਖਦਾ ਹੈ ਜਿਸ ਨਾਲ ਭਾਵ ਉਠਦਾ ਹੈ: "ਸਬ ਕੁਛ ਦੈਵੀ ਹੈ।" ਪਰਮ ਗਯਾਨ ਦੀ ਮਸਤੀ ਵੈਸੀ ਹੈ ਜੈਸੀ ਕਿ ਪਰਮ ਭਗਤੀ ਦੀ। ਮਾਯਾ ਦੇ ਮਕੜੀ ਜਾਲ ਦੀ ਤਾਰ ਨਾਲ ਆਤਮਾ ਸ਼ਬਨਮ ਦੇ ਤੁਪਕੇ ਵਾਂਗ ਲਟਕ ਰਹੀ ਹੈ ਤੇ ਆਪਣੇ ਗੀਤ ਦੇ ਪ੍ਰਕਾਸ਼ ਦੀ ਸੂਰਜ ਕਿਰਨਾਂ ਵਿਚ ਉਸ ਨਾਜ਼ਕ ਪਰਮ ਟਿਕਾਓ (Absolute Balance) ਦਾ ਅਨੁਭਵ ਕਰਦੀ ਹੈ। ਜੀਵਨ ਦੇ ਇਸ ਉਚ ਸਥਿਤੀ ਤੋਂ ਭਗਤ ਇਕ ਵਾਲ ਜਿੰਨਾ ਵੀ ਅਗੇ ਪਿਛੇ ਨਹੀਂ ਹੋਣਾ ਚਾਹੁੰਦਾ, ਕਿਉਂਕਿ ਐਥੇ ਟਿਕਿਆ ਹੋਇਆ ਉਹ ਬ੍ਰਹਮ ਨਾਲ ਇਕ ਹੈ, ਉਹ ਆਪ ਹੀ ਬ੍ਰਹਮ ਹੈ। ਅਤੇ ਉਹ ਅਗੇ ਪਿਛੇ ਜਾਵੇ ਵੀ ਕਿਉਂ ? ਮਨੁਸ਼ ਬ੍ਰਹਮ ਹੈ ਅਤੇ ਇਸਦਾ ਅਨੁਭਵ ਕਰਨਾ ਅਸਲੀ ਜ਼ਿੰਦਗੀ ਦੀ ਸਬ ਤੋਂ ਉਚੀ ਘੜੀ ਹੈ।"*

ਜੈਦੇਵ ਦੀ 'ਗੀਤ ਗੋਵਿੰਦ' ਵਿਚ ਪੂਰਨ ਸਿੰਘ ਨੂੰ ਕ੍ਰਿਸ਼ਨ ਉਹ ਪੁਰਸ਼ ਅਨੁਭਵ ਹੋਇਆ ਜੋ ਅਣਦਿਸਦੇ ਵਿਚ ਰਹਿੰਦਾ ਹੈ ਤੇ ਜੋ ਆਪਣੀ ਚਰਨ ਛੋਹ ਨਾਲ ਸਾਡੀਆਂ ਕਾਮ ਬ੍ਰਿਤੀਆਂ ਨੂੰ ਦੈਵੀ ਬਣਾ ਦੇਂਦਾ ਹੈ। ਕਾਮ ਵਿਚ ਪੰਜਾਂ (ਕਾਮ,

---

* "The Disciple's eye is "love-dyed" and it is this "love-dyed" eye that sees everything with the ever fresh, ever new passion that says : all is Divine. The intoxication of Absolute Knowledge is the same as the intoxication of Absolute Passion. The soul, like a dew drop swinging on a strand of the Cobweb of Maya, realizes its own share of the Absolute Balance in the sunshine of its own song. The Disciple is unwilling to let himself slip even an hair's breadth from the supreme state of life, for here he is at one with God, he is God. And why should he go astray ? Man is God, and to feel this is the supreme moment." [ 'Spirit of Oriental Poetry' by Puran Singh ]

ਕ੍ਰੋਧ, ਲੋਭ, ਮੋਹ ਤੇ ਅਹੰਕਾਰ ) ਬ੍ਰਿਤੀਆਂ ਦਾ ਸੰਕੇਤ ਹੈ। ਜਦ ਤਕ **ਉਸਦੀ** ਚਰਨ ਛੋਹ ਸਾਨੂੰ ਪ੍ਰਾਪਤ ਨਹੀਂ ਹੋਈ, ਇਹ ਪੰਜ ਸਾਡੇ ਮਨ ਤੇ ਚਿਤ ਨੂੰ ਸ਼ਾਂਤ ਨਹੀਂ ਰਹਿਣ ਦੇਂਦੇ। ਪਰ **ਉਸਦੀ** ਛੋਹ ਨਾਲ ਇਹ ਦੈਵੀ ਹੋ ਜਾਂਦੇ ਹਨ ਤੇ ਸਾਨੂੰ ਸ਼ਾਂਤੀ ਆਉਂਦੀ ਹੈ। ਅਤੇ ਸਭ ਕਰਮ ਤੇ ਧਰਮ **ਉਸਦੀ** ਛੋਹ ਬਿਨਾਂ ਅਧੂਰੇ ਹਨ।

ਜਦ ਕਦੀ ਭਾਈ ਵੀਰ ਸਿੰਘ ਜੀ ਘਰ ਆਉਂਦੇ ਆਪ ਉਨ੍ਹਾਂ ਨੂੰ ਸਬ ਕੁਝ ਹੀ ਸਮਝਦੇ ਤੇ ਘਰ ਰੌਣਕ ਤੇ ਉਤਸ਼ਾਹ ਨਾਲ ਭਰ ਜਾਂਦਾ। ਕਵਿਤਾ, ਸੰਗੀਤ, ਕੋਮਲ ਉਨਰ, ਦੈਵੀ ਵਾਰਤਾਲਾਮ, ਹਾਸਯ ਰਸ ਦਾ ਇਕ ਪਰਵਾਹ ਚਲ ਪੈਂਦਾ। ਸ਼ੋਕ ਹੈ ਕਿ ਇਨ੍ਹਾਂ ਦੀ ਪਰਸਪਰ ਵਾਰਤਾਲਾਪ ਕਿਸੀ ਨੇ ਨਹੀਂ ਲਿਖੀ। ਇਹ ਇਕ ਪਰਕਾਰ ਦਾ ਸਾਹਿਤਯ ਸੀ ਜੋ ਕਿ ਲੋਪ ਹੋ ਗਇਆ ਹੈ।

ਵਿਗਿਆਨਕ, ਸਾਹਿਤਯਕ, ਵਿਹਾਰਿਕ, ਘਰੇਲੂ ਇਤਯਾਦਿ ਹਰ ਕੰਮ ਪੂਰਨ ਸਿੰਘ ਇਕ ਦਾਮਨਿਕ ਫੁਰਤੀ ਨਾਲ ਕਰਦੇ ਸਨ ਅਤੇ ਮੁਕਮਲ ਕਰਕੇ ਦਿਖਾ ਦਿੰਦੇ ਸਨ। ਅਪਨੇ ਨਿਕਟ ਵਰਤੀਆਂ ਕੋਲੋਂ ਵੀ ਐਸੀ ਹੀ ਤੇਜ਼ੀ ਕਰਾਉਂਦੇ ਸਨ। ਕਿਸੀ ਢਿਲ ਕਰਨ ਉਪਰ ਕਹਿਰ ਦਾ ਗੁੱਸਾ ਹੁੰਦਾ। ਉਹ ਕਰੋਧ ਕਦੀ ਕਦੀ ਇਕ ਆਤਸ਼ਫਸ਼ਾਂ ਪਹਾੜ ਵਾਂਗ ਭੜਕ ਉਠਦਾ ਸੀ ਅਤੇ ਘਰ ਦੇ ਦਰਵਾਜ਼ੇ ਉਨ੍ਹਾਂ ਦੀ ਗਰਜ ਨਾਲ ਕੰਬ ਉਠਦੇ ਸਨ। ਪਰ ਇਸ ਤੁਫ਼ਾਨ ਮਗਰੋਂ ਝਟ ਹੀ ਆਪ ਕੋਮਲ ਭਾਵਾਂ ਵਿਚ ਚਲੇ ਜਾਂਦੇ ਸਨ।

ਹਿਰਦੇ ਦੀ ਅਦਲਾ ਬਦਲੀ ਦਾਮਨਿਕ ਤੀਬਰਤਾ ਸਮਾਨ ਹੁੰਦੀ ਸੀ।

ਜਦ ਪੂਰਨ ਸਿੰਘ ਨੇ ਜੜ੍ਹਾਂਵਾਲੇ ਕੋਲ ਆਪਣੇ ਚਕ ਵਿਚ ਕਣਕ ਪਹਿਲੀ ਵੇਰ ਲਗਾਈ ਤਦ ਉਹ ਕਾਹਲੇ ਪੈ ਗਏ ਕਿ ਇਹ ਫਸਲ ਜਲਦੀ ਕਿਉਂ ਨਹੀਂ ਉਗਦੀ। ਛੇ ਮਹੀਨੇ ਦੀ ਉਡੀਕ ਕਰਨੀ ਉਨ੍ਹਾਂ ਲਈ ਅਤਿ ਮੁਸ਼ਕਲ ਹੋ ਗਈ ਸੀ। ਸ: ਸਰ ਸੁੰਦਰ ਸਿੰਘ ਮਜੀਠਿਆ ਵਜ਼ੀਰ ਮਾਲ, ਆਪਦੇ ਇਸ ਕਾਹਲਾਪਣ ਨੂੰ ਦੇਖ ਕੇ ਮੁਸਕਰਾਏ ਤੇ ਕਹਨ ਲਗੇ, "ਫਸਲ ਨੂੰ ਕਿਸਤਰਾਂ ਜਲਦੀ ਕਰਾ ਸਕੀਦਾ ਹੈ? ਖਿਆਲ ਤੇਰਾ ਬੜਾ ਅਛਾ ਹੈ, ਪਰ ਕੇਵਲ ਕਵੀ ਕਲਪਨਾ ਹੈ।" ਇਹ ਸੁਣ ਪੂਰਨ ਸਿੰਘ ਦਸਣਾ ਚਾਹੁੰਦੇ ਸਨ ਕਿ ਇਹ ਨਿਰੀ ਕਵੀ ਕਲਪਨਾ ਨਹੀਂ ਪਰ ਵਿਗਿਆਨਕ ਤਜਰਬੇ ਨਾਲ ਕਣਕ ਨੂੰ ਜਲਦੀ ਤਿਆਰ ਕਰਨਾ ਮੁਮਕਿਨ ਹੋ ਸਕਦਾ ਹੈ। ਸੋ ਉਨ੍ਹਾਂ ਦਿਨਾਂ ਵਿਚ ਹੀ ਆਪਨੇ ਅਖਬਾਰ ਵਿਚ ਛਪਿਆ ਇਕ ਮਜ਼ਮੂਨ ਦਸਿਆ ਜਿਸ ਵਿਚ ਲਿਖਯਾ ਸੀ ਕਿਸਤਰਾਂ ਰੂਸ ਵਿਚ ਮਸਨਵੀ ਸੂਰਜ ਦੀ ਰੋਸ਼ਨੀ ਨਾਲ ਕਣਕ ਦੀ ਫਸਲ ਜਲਦੀ ਤਿਆਰ ਕਰ ਲੀਤੀ ਗਈ ਸੀ। ਵਜ਼ੀਰ ਮਾਲ ਨੂੰ ਦਸਿਆ ਕਿ ਜੇ ਯੋਗ ਸਾਮਾਨ ਤੇ ਰੁਪਿਆ ਮਿਲੇ ਤਦ ਪੰਜਾਬ ਵਿਚ ਫਸਲਾਂ ਦੀ ਤਿਆਰੀ ਵਿਚ ਤੇਜ਼ੀ ਹੋ ਸਕਦੀ ਹੈ। ਪਰ ਇਹ ਸਕੀਮ ਵਾਰਤਾਲਾਪ ਦੀ ਹਦ ਤੋਂ ਅਗੇ ਨਾ ਤੁਰੀ।

ਗਵਾਲੀਅਰ ਦੀ ਗਰਮੀ ਤੇ ਲੂਆਂ ਵਿਚ ਪੂਰਨ ਸਿੰਘ ਨੇ ਬੜੇ ਉੱਚੇ ਤੇ ਮੋਟੇ ਯੂਕਲਿਪਟਸ ਦੀ ਪਲਾਨਟੇਸ਼ਨ (Plantation) ਦੋ ਸਾਲਾਂ ਵਿਚ ਖੜੀ ਕਰਕੇ ਦਿਖਾ ਦਿਤੀ

ਸੀ। ਇਹ ਅਜੂਬਾ ਇਸ ਤਰਾਂ ਹੋਇਆ ਸੀ ਕਿ ਹਰ ਇਕ ਪੌਦੇ ਦੇ ਦਵਾਲੇ ਖੱਸ ਦੀ ਟੱਟੀ ਲਗਾਈ, ਮਾਸ਼ਕੀ ਉਨ੍ਹਾਂ ਨੂੰ ਪਾਣੀ ਨਾਲ ਤਰ ਰਖਣ ਪਰ ਸਾਰਾ ਦਿਨ ਜੁਟੇ ਰਹਿੰਦੇ ਤੇ ਲਾਖ ਦੀ ਕੀਮਤੀ ਖਾਦ ਪਾਈ ਜਾਂਦੀ ਸੀ। ਰੋਸਾਂ ਗ੍ਰਾਸ ਜੋ ਕਿ ਮਧਯ ਪ੍ਰਦੇਸ਼ ਦੇ ਜੰਗਲਾਂ ਵਿਚ ਹੁੰਦਾ ਹੈ ਪਹਿਲੇ ਗਵਾਲੀਅਰ ਤੇ ਫਿਰ ਪੰਜਾਬ ਦੀ ਬਾਰ ਵਿਚ (ਜੜਾਂਵਾਲੇ ਤੋਂ ੧੨ ਮੀਲ ਪਰੇ) ਲਗਾ ਕੇ ਪੰਜਾਬ ਵਿਚ ਇਕ ਨਵੀਂ ਜ਼ਰਾਇਤੀ ਇੰਡਸਟਰੀ ਸਥਾਪਿਤ ਕੀਤੀ। ਇਸਦੀ ਸਫਲਤਾ ਕਰਨ ਵਿਚ ਆਪਨੇ ਬਹੁਤ ਸਾਰਾ ਮਾਲੀ ਨੁਕਸਾਨ ਬਰਦਾਸ਼ਤ ਕੀਤਾ, ਕੁਝ ਤਾਂ ਕੜੀਆਂ ਸ਼ਰਤਾਂ ਕਰਕੇ ਤੇ ਕੁਝ ਮਾਰਕੀਟ ਦੇ ਗਿਰਨ ਨਾਲ ਤੇ ਹੜ ਇਤਾਦੀ ਕਾਰਨਾਂ ਕਰਕੇ।

ਜਿਸ ਤਰਾਂ **ਟੋਕੀਓ** ਦੀ ਟ੍ਰੈਮ ਵਿਚ ਬੈਠੇ ਪੂਰਨ ਸਿੰਘ ਦਾ ਅੰਦਰਲਾ ਮਨ ਹਿਮਾਲਾ ਵਰਗੀ ਕਿਸੀ ਏਕਾਂਤ ਵਿਚ ਵਸਦਾ ਸੀ ਇਸੀ ਤਰਾਂ ਅਪਨੀ ਜ਼ਿੰਦਗੀ ਦੇ ਆਖੀਰਲੇ ਸਤ ਸਾਲਾਂ ਵਿਚ ਮਾਲੀ ਨੁਕਸਾਨ ਤੇ ਤਕਲੀਫਾਂ ਦੇ ਹੁੰਦਿਆਂ ਵੀ ਅੰਗ੍ਰੇਜ਼ੀ ਅਤੇ ਪੰਜਾਬੀ ਵਿਚ ਕਈ ਪੁਸਤਕਾਂ ਲਿਖੀਆਂ ਜੋ ਕੁਛ ਪ੍ਰਕਾਸ਼ਿਤ ਹੋ ਗਈਆਂ ਪਰ ਬਹੁਤ ਸਾਰੀਆਂ ਹਾਲੀਂ ਅਣਛਪੀਆਂ ਪਈਆਂ ਹਨ।

ਪੁਸਤਕਾਂ ਪੜ੍ਹਨਾ ਤੇ ਲਿਖਣਾ ਵੀ ਪੂਰਨ ਸਿੰਘ ਇਕ ਬਿਜਲੀ ਦੀ ਫੁਰਤੀ ਨਾਲ ਕਰਦੇ ਸਨ। ਕਿਸੀ ਕਿਤਾਬ ਨੂੰ ਪੜ੍ਹਨ ਵਾਸਤੇ ਚੁਕਣਾ ਤਦ ਝਟ ਹੀ ਉਸਦੇ ਕਰਤਾ ਦੇ ਅੰਤ੍ਰੀਵ ਭਾਵ ਦਾ ਅਨੁਭਵ ਕਰਕੇ ਉਸਦੇ ਸਾਰ ਨੂੰ ਸਮਝ ਜਾਣਾ, ਅਤੇ ਵਿਸਥਾਰ ਉਸਦਾ ਆਪੂੰ ਹੀ ਕਰ ਲੈਣਾ। ਆਪ

ਨੇ ਕਦੀ ਕੋਈ ਕੋਸ਼ ਯਾ ਡਿਕਸ਼ਨਰੀ ਨਹੀਂ ਸੀ ਰਖੀ। ਸ਼ਬਦਾਂ ਵਾਸਤੇ ਡਿਕਸ਼ਨਰੀ ਦੇਖਣੀ ਕੀਮਤੀ ਵਕਤ ਨਾਸ ਕਰਨ ਤੁਲ ਸਮਝਦੇ ਸਨ।

ਹਿੰਦੀ ਵਿਚ ਆਪ ਦੇ ਪੰਜ ਲੇਖ ਮਿਲੇ ਹਨ (ਸ਼ਾਇਦ ਹੋਰ ਵੀ ਕਿਸੀ ਰਸਾਲੇ ਵਿਚ ਹੋਵਨ) "ਆਚਰਨ ਕੀ ਸਭਅਤਾ," "ਮਜ਼ਦੂਰੀ ਔਰ ਪ੍ਰੇਮ", ' ਸੱਚੀ ਵੀਰਤਾ", "ਕੰਨਆ ਦਾਨ", ਤੇ 'ਪਵਿਤ੍ਰਤਾ'। ਇਨ੍ਹਾਂ ਪੰਜਾਂ ਨਿਬੰਧਾਂ ਕਰਕੇ ਆਪ ਨੇ ਹਿੰਦੀ ਸਾਹਿਤਯ ਦੇ ਇਤਿਹਾਸ ਵਿਚ ਸਨਮਾਨਤਾ ਪ੍ਰਾਪਤ ਕੀਤੀ ਹੈ। ਹਿੰਦੀ ਪੰਡਤ ਆਪ ਨੂੰ ਆਧੁਨਿਕ ਕਾਲ ਦੇ ਇਕ ਪਰਸਿਧ ਗਦਯ ਲੇਖਕ ਆਪਣੀ ਹੀ ਨਿਰਾਲੀ ਸ਼ੈਲੀ ਦੇ ਖਿਆਲ ਕਰਦੇ ਹਨ।

ਜਦ ਪੂਰਨ ਸਿੰਘ ਲਿਖਣ ਬੈਠਦੇ ਤਦ ਖਾਣਾ ਤੇ ਪੀਣਾ ਭੁਲ ਜਾਂਦੇ। ਜਿਸਮੀ ਦਰਦ ਅਤੇ ਹੋਰ ਫਿਕਰ ਕੋਈ ਉਨ੍ਹਾਂ ਦੇ ਮਨ ਦੀ ਉਡਾਰੀ ਨੂੰ ਦਬਾ ਨਾ ਸਨ ਸਕਦੇ। ਆਪਨੇ 'Sisters of the Spinning Wheel,' ਸਤ ਦਿਨਾਂ ਅਤੇ ਰਾਤਾਂ ਵਿਚ ਲਗਾਤਾਰ ਬੈਠ ਕੇ ਲਿਖੀ। ਇਸ "ਮੋਇਆਂ ਦੀ ਜਾਗ" ਦਾ ਉਲਥਾ ਦੋ ਮਹੀਨਿਆਂ ਵਿਚ ਮੁਕਾ ਦਿਤਾ। ਇਸਦੀ ਸਿਰਫ ਪਹਿਲੀ ਕਿਤਾਬ ਛਪੀ ਹੈ। ਦੂਸਰੀ ਅਤੇ ਤੀਸਰੀ ਕਿਤਾਬ ਹਾਲੀਂ ਹਸਤ ਲਿਖਤ ਹੀ ਹਨ।

ਅੰਗ੍ਰੇਜ਼ੀ ਵਿਚ ਆਪ ਨੇ 'Thundering Dawn", ਰਸਾਲਾ ਜਾਪਾਨ ਵਿਚ ਜਾਰੀ ਕੀਤਾ ਜਿਸਦੇ ਆਪ ਲੇਖਕ ਅਤੇ ਸੰਪਾਦਕ ਸਨ। ਹਿੰਦੁਸਤਾਨ ਆਕੇ ਵੀ ਜਾਰੀ ਰਿਹਾ। ਆਪ ਦੇ ਅੰਗਰੇਜ਼ੀ ਦੇ ਲੇਖ ਕਈ ਅਖਬਾਰਾਂ ਵਿਚ ਛਪੇ ਜਿਹੜੇ ਕਿ ਹਾਲੀ ਲਭਣੇ ਹਨ। ਤਿੰਨ ਛੋਟੇ ਅੰਗਰੇਜ਼ੀ ਦੇ

ਟ੍ਰੈਕਟ "Guru Teg Bahadar" 'Victory of Faith', (ਸਾਹਬਜ਼ਾਦਿਆਂ ਦੀ ਸ਼ਹੀਦੀ) ਅਤੇ 'Sikh Martyrs' ੧੯੦੬–੭ ਵਿਚ ਲਿਖੇ। ਉਨਾਂ ਦਿਨੀ ਆਪ ਨੇ 'ਗੁਰੂਨਾਨਕ' ਸਾਹਿਬ ਦੀ ਜੀਵਨੀ ਅੰਗਰੇਜ਼ੀ ਵਿਚ ਲਿਖੀ ਸੀ ਜੋ ਕਿ ਨਾ ਛਪੀ ਪਰ ਗੁੰਮ ਹੋ ਗਈ ਹੈ। ਅੰਗਰੇਜ਼ੀ ਵਿਚ ਆਪ ਦੀਆਂ ਹੋਰ ਪਰਸਿਧ ਛਪੀਆਂ ਹੋਈਆਂ ਪੁਸਤਕਾਂ ਇਹ ਹਨ: "Sisters of the Spinning Wheei", 'Uustrung Beads", "Story of Swami Rama Tirath", "Spirit of Oriental Poetry," "The Book of the Ten Masters", "Seven Baskets of Prose Poems", "Spirit Born People", etc। ਪੰਜਾਬੀ ਵਿਚ ਆਪ ਦੇ ਕੁਝ ਤਾਂ ਤਰਜਮੇ ਇਹ ਹਨ: 'ਕਲਾਧਾਰੀ ਤੇ ਕਲਾਧਾਰੀ ਪੂਜਾ Carlyle's Hcroes and Hero worship, "ਅਬਚਲੀ ਜੋਤ" Emerson's Essay on tne Poet, 'ਬੌਣੇ ਬੂਟੇ' (ਜਾਪਾਨੀ ਨੌ ਨਾਟਕ ਦਾ ਉਲਥਾ), ਤੇ ਏਹ "ਮੌਇਆਂ ਦੀ ਜਾਗ।" ਆਪਣੀਆਂ ਲਿਖਤਾਂ ਇਹ ਹਨ: 'ਖੁਲੇ ਮੈਦਾਨ', 'ਖੁਲੇ ਘੁੰਡ', 'ਖੁਲੇ ਲੇਖ' ਅਤੇ ਕਈ ਲੇਖ ਤੇ ਕਵਿਤਾਵਾਂ ਜੋ ਕਿ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਤ ਹੁੰਦੀਆਂ ਰਹੀਆਂ। ਇਸਤੋਂ ਅਡ ਅੰਗ੍ਰੇਜ਼ੀ ਵਿਚ ਕਈ ਅਣਛਪੀਆਂ ਹਸਤ ਲਿਖਤਾਂ ਹਨ।

ਇਸ 'ਮੋਇਆਂ ਦੀ ਜਾਗ' ਵਿਚ ਔਖੇ ਰੂਸੀ ਨਾਵਾਂ ਨੂੰ ਹੂ ਬਹੂ ਉਸੀ ਤਰਾਂ ਰਖਿਆ ਹੈ ਤੇ ਕੋਈ ਅਦਲਾ ਬਦਲੀ ਨਹੀਂ ਕੀਤੀ। ਇਸਦਾ ਕਾਰਣ ਆਪ ਨੇ ਦਸਿਆ ਹੈ ਕਿ 'ਰੂਸੀ ਨਾਮ ਬਹੁਤ ਕਰਕੇ ਏਸ਼ਿਆਈ ਹਨ। ਸੋ ਇਸ ਵਡੀ ਕਿਤਾਬ ਲਈ ਸਾਨੂੰ ਅਸਲੀ ਨਾਵਾਂ ਨਾਲ ਵੀ ਵਾਕਫੀਅਤ

ਪਾਣੀ ਚਾਹੀਦੀ ਹੈ।' ਇਸ ਨਿੱਕੀ ਜੇਹੀ ਗਲ ਵਿਚ ਵੀ **ਓਕਾਕੂਰੇ** ਦੇ ਫਿਕਰੇ 'Asia is one' ਦਾ ਪਰਭਾਵ ਝਲਕ ਮਾਰ ਰਿਹਾ ਹੈ।

ਇਹ ਉਲਥਾ ਜਨਵਰੀ ੧੯੩੦ ਈ: ਵਿਚ ਪੂਰਨ ਸਿੰਘ ਨੇ ਮੁਕੰਮਲ ਕੀਤਾ। ਮੈਨੂੰ ਯਾਦ ਹੈ ਕਿ ਨਵੰਬਰ-ਦਸੰਬਰ ੧੯੨੯ ਈ: ਵਿਚ ਜਦ ਮੈਂ ਲਾਹੌਰ ਪੜ੍ਹਦਾ ਸਾਂ ਤਦ ਇਸ ਕਿਤਾਬ ਵਿਚ ਆਏ ਫਰਾਂਸੀਸੀ ਸ਼ਬਦਾਂ ਦੇ ਅਰਥ ਮੈਨੂੰ ਪੁਛ ਭੇਜਦੇ ਸਨ। ਇਸਦੀ ਪਹਿਲੀ ਐਡੀਸ਼ਨ ਜੂਨ ੧੯੩੩ ਈ: ਵਿਚ ਛਪੀ ਸੀ। ਮੈਨੂੰ ਸ਼ੋਕ ਹੈ ਕਿ ਉਸਦੇ ਛਪਣ ਤੋਂ ਪਹਿਲਾਂ ਹੀ ਆਪ ੩੧ ਮਾਰਚ ੧੯੩੧ ਈ: ਵਿਚ ਪ੍ਰਲੋਕ ਗਮਨ ਕਰ ਗਏ।

**ਕਾਉਂਟ ਲੀਵ ਟੋਲਸਟਾਏ** ਦਾ ਪ੍ਰੀਚਯ ਉਲਥਾਕਾਰ ਨੇ ਆਪਣੇ ਨੋਟ ਵਿਚ ਕਰਾਇਆ ਹੈ। ਐਸੇ ਪਰਸਿਧ ਲੇਖਕ ਬਾਬਤ ਅੰਗ੍ਰੇਜ਼ੀ ਵਿਚ ਕਈ ਪੁਸਤਕਾਂ ਹਨ। ਇਸ ਲਈ ਮੁਖਬੰਧ ਨੂੰ ਹੋਰ ਲੰਬਾ ਨਾ ਕਰਨ ਲਈ **ਟੋਲਸਟਾਏ** ਬਾਬਤ ਵਧੇਰੇ ਕੁਛ ਨਹੀਂ ਲਿਖਿਆ।


੭੯੧, ਨਿਕਲਸਨ ਰੋਡ,
ਕਸ਼ਮੀਰੀ ਦਰਵਾਜ਼ਾ, ਦਿੱਲੀ।
੩੦ ਸਤੰਬਰ ੧੯੫੨

**ਮਦਨ ਮੋਹਨ ਸਿੰਘ**
ਸਬ ਜੱਜ

# ਨਾਵਲ ਵਿਚ ਆਏ ਬੰਦਿਆਂ ਦੇ ਨਾਂ

ਮਸਲੋਵਾ. ਕਾਤਰੀਨਾ ਮਿਖਯਾਲੋਵਾ
(ਕਾਤੂਸ਼ਾ, ਲੂਬੋਵ, ਲੁਬਕਾ),

ਸੋਫੀਆ ਈਵਾਨੋਵਾ, ਉਹਦੀ ਬਿਪਤਿਸਮੇ ਦੀ ਧਰਮ ਮਾਂ
ਮੇਰੀ ਈਵਾਨੋਵਨਾ, ਸੋਫੀਆ ਦੀ ਭੈਣ
} ਨਿਖਲੀਉਧਵ ਦੀਆਂ ਫੁਫੀਆਂ

ਨਿਖਲੀਉਧਵ, ਸ਼ਾਹਜ਼ਾਦਾ ਦਮਿਤ੍ਰੀ ਈਵਾਨਿਚ (ਮਿਤਿਆ, ਮਿਤੰਕਾ),

ਅਗਰੇਫੈਨਾ ਪੇਤਰੋਵਨਾ, ਨਿਖਲੀਉਧਵ ਦੀ ਨੌਕਰਾਣੀ ਘਰ ਸੰਭਾਲ ਰਖਣ ਉਪਰ,

ਮਾਈਕਲ ਪੇਤਰੋਵਿਚ
ਮੈਥੀਉ ਨਿਕੀਤਿਚ
} ਜੱਜ;

ਬਰੇਵੇ — ਸਰਕਾਰੀ ਵਕੀਲ;

ਬਕਲਾਸ਼ੋਵ, ਪੀਟਰ — ਇਕ ਸੌਦਾਗਰ
ਪੀਟਰ ਜਿਰਾਸੀਮੋਵਿਚ
ਨਿਕੀਫੋਰੋਵ
ਈਵਾਨੋਵ, ਈਵਾਨ ਸੈਮੀਨਿਚ
ਡਾਂਚਿਨਕੋ ਕੈਪਟਨ ਊਰੀ ਦਮਿਤਰਿਚ
ਕੁਲੇਸ਼ੋਵ, ਗਰੇਗੋਰੀ ਏਫੀਮਿਚ ਇਕ ਸੌਦਾਗਰ
} ਜੂਰੀ ਦੇ ਮੈਂਬਰ,

ਕਾਰਤਿਨਕਿਨ, ਸਾਈਮਨ ਪੈਤਰੋਵ, ਇਕ ਕਿਰਸਾਨ
ਬੋਚਕੋਵਾ, ਯੇਫੀਮੀਆ ਈਵਾਨੋਵਨਾ ਇਕ ਨੌਕਰਾਨੀ
} ਦੋਸ਼ੀ ਕੈਦੀ

ਸਮੈਲਕੋਵ, ਥੇਰਾਪੋਂਤ, ਇਕ ਸੌਦਾਗਰ ਜਿਨੂੰ ਜ਼ੈਹਰ ਦੇ ਕੇ ਮਾਰ ਦਿਤਾ ਗਇਆ ਸੀ,

ਤਿਖੋਨ, ਨਿਖਲੀਊਦਵ ਦੀ ਫੁਫੀਆਂ ਦਾ ਮਰਦ ਨੌਕਰ,

ਸ਼ੋਨਬੋਖ, ਇਕ ਅਫਸਰ।

ਮੈਤਰੇਨਾ ਪਾਵਲੋਵਨਾ, ਨਿਖਲੀਊਦਵ ਦੀ ਫੁਫੀਆਂ ਦੀ ਬੁਢੀ ਤੇ ਪੁਰਾਨੀ ਨੌਕਰਾਨੀ;

ਕੋਰਚਾਗਿਨ, ਸ਼ਾਹਜ਼ਾਦਾ ਪਿਨਸ਼ਨ ਯਾਫਤਾ ਜਰਨੈਲ,

ਕੋਲੋਸੋਵ, ਈਵਾਨ ਈਵਾਨਿਚ, ਉਹਦਾ ਦੋਸਤ ਤੇ ਬੈਂਕ ਦਾ ਡਾਇਰੇਕਟਰ:

ਪਿਤਿਆ, ਕੋਰਚਾਗਿਨ ਦਾ ਪੁਤ੍ਰ,

ਤੇਲੀਗਿਨ, ਮਾਈਕਲ ਸਾਰਗਿਯਾਵਿਚ (ਮਿਸ਼ਾ) ਮਿੱਸੀ ਦੇ ਦਾਦੇ ਪੌਤਰੀ ਭੈਣ;

ਕੋਰਚਾਗਿਨਾ, ਸ਼ਾਹਜ਼ਾਦੀ ਮੇਰੀ (ਮਿੱਸੀ) ਧੀ;

ਕੋਰਚਾਗਿਨਾ, ਸ਼ਾਹਜ਼ਾਦੀ ਸੋਫੀਆ ਵੈਸੀਲਿਵਨਾ (ਮਿੱਸੀ ਦੀ ਮਾਂ);

ਕੇਥੀਰੀਨ ਅਲੈਗਜ਼ੀਵਨਾ ਇਕ ਸਲਾਵ ਕੌਮ ਦੀ ਕੰਵਾਰੀ ਸਵਾਣੀ;

ਸਟੀਫਨ, ਕੋਰਚਾਗਨਾਂ ਦਾ ਬਟਲਰ;

ਫਿਲਪ, ਕੋਰਚਾਗਿਨਾਂ ਦਾ ਪਿਛੇ ਖਲੋਣ ਵਾਲਾ ਪਿਆਦਾ,

ਕਿਤਾਈਵਾ, ਕੈਰੋਲੀਨ ਐਲਬਰਟੋਵਨਾ, ਇਕ ਕੰਜਰੀਆਂ ਦਾ ਘਰ ਚਲਾਣ ਵਾਲੀ;

ਕੋਰਨੇ, ਨਿਖਲੀਊਦਵ ਦਾ ਮਰਦ ਨੌਕਰ;

ਹੋਰੋਸ਼ਾਵਕਾ
ਕੋਰਾਬਲੈਵਾ
ਬੀਰੂਕੋਵਾ, ਬੀਓਡੋਸੀਆ } ਤੀਮੀਆਂ ਕਦੀ,

ਸ਼ੇਗਲੋਵ, ਇਕ ਕੈਦੀ:

ਈਵਾਸ਼ੀਨਾ, ਮੇਰੀ ਕਾਰਲੋਵਨਾ, ਜੇਲ ਦੀ ਇਕ ਤੀਮੀ ਵਾਰਡਨ;

ਸਿਦੋਰੋਵ, ਜੇਲ ਵਿਚ ਕੈਦੀਆਂ ਉਪਰ ਇਕ ਨੌਕਰ,

ਫਨਾਰਿਨ, ਐਨਾਤੋਲ, ਇਕ ਵਕੀਲ;

ਵੈਸੀਲੈਵ
ਨੀਪੀਨਿਯਸ਼ਚੀ, ਇਕ ਆਵਾਰਾਗਰਦ } ਕੈਦੀ;

ਪੇਤਰੋਵ
ਫੈਦੋਤੋਵ } ਜੇਲਰ;

ਮੈਸਲੈਨੀਕੋਵ (ਮਿੱਕੀ), ਸ਼ਹਿਰ ਦੀ ਵਾਈਸ ਗਵਰਨਰ;

ਐਨਾ ਇਗਨਾਤਏਵਨਾ, ਉਹਦੀ ਘਰ ਵਾਲੀ;

ਦੁਖੋਵਾ, ਵੇਰਾ, ਇਕ ਮੁਲਕੀ ਕੈਦੀ;

ਮੈਨਸ਼ੋਵਾ, ਇਕ ਤੀਮੀ ਕਦੀ;

ਮੈਨਸ਼ੋਵ, ਉਹਦਾ ਪੁਤ੍ਰ ਕੈਦੀ;

ਸ਼ੈਤੀਨੀਨਾ, ਮੇਰੀ ਪਾਵਲੋਵਨਾ, ਇਕ ਮੁਲਕੀ ਕੈਦੀ;

ਕੋਲਿਆ, ਇਕ ਲੜਕਾ ਕੈਦੀ;

ਮੇਦੀਂਤਸੇਵ, ਜੇਲ ਪ੍ਰਬੰਧ ਦਾ ਇਕ ਵਿਜ਼ੇਟਰ (ਦੇਖਣ ਵਾਲਾ);

ਤਿਲਯਾਏਵਸਕਯਾ, ਮੈਡਮ ਚੈਰਨੌਵ } ਮੈਸਲੈਨੀਕੋਵ ਦੇ ਘਰ ਮੁਲਾਕਾਤੀ;

ਫਿਨਾਸ਼ਕਾ, ਇਕ ਲੜਕਾ ਕੈਦੀ;

ਵਾਸੀਲੀ ਕਾਰਲਿਸ਼, ਇਕ ਜਰਮਨ ਮੁਨੀਮ;

ਮੈਤਰੇਨਾ ਹਾਰੀਨਾ, ਕਾਤੂਸ਼ਾ ਦੀ ਫੁਫੀ;

ਲਾਸਕਾ, ਫੈਦਕਾ } ਕਿਸਾਨ ਮੁੰਡੇ;

ਅਨੀਸਯਾ, ਇਕ ਕਿਸਾਨ ਤੀਮੀ:

ਚਾਰਸਕਾਯਾ, ਕਾਊਂਟੈਸ, ਕੈਥੇਰੀਨ ਈਵਾਨੋਵਨਾ, ਨਿਖਲੀਊਦਵ ਦੀ ਮਾਸੀ;

ਚਾਰਸਕੀ, ਕਾਊਂਟ ਈਵਾਨ ਮਿਖਯਾਲਿਚ, ਉਹਦਾ ਖਾਵੰਦ, ਇਕ ਹੋ ਚੁਕਾ ਵਜ਼ੀਰ;

ਮੈਰੀਐਤ, ਜਰਨੈਲ ਚੈਰਵਿਯਾਨਸਕੀ ਦੀ ਵੋਹਟੀ,

ਚੈਰਵਿਯਾਨਸਕੀ, ਜਰਨੈਲ,

ਵੂਲਫ, ਵਲਾਦੀਮੀਰ ਵਾਸੀਲਿਚ, ਇਕ ਰਾਜਸੀ ਕੌਂਸਲ ਦਾ ਮੈਂਬਰ,

ਕੀਸੇਵੇਤਰ, ਇਕ ਪਾਦਰੀ ਉਪਦੇਸ਼ਕ;

ਵੋਰੋਬੇਵ, ਬੈਰਨ, ਇਕ ਰਸੂਖ ਵਾਲਾ ਅਫਸਰ;

ਕਰੀਗਸਮੂਥ, ਜਰਨਲ, ਬੈਰਨ ਜਰਮਨ ਨਸਲ ਦਾ ਪੈਤਰੋ-ਤਾਵਲੋਵ ਗੜ੍ਹੀ ਦੇ ਕੈਦ ਖਾਨੇ ਦਾ ਗਵਰਨਰ,

ਬੇ, ਨਿਕੀਤਿਨ, ਸਕੋਵੋਰੋਡਨੀਕੋਵ } ਸੈਨੇਟਰ.

ਸੈਲੇਨਿਨ, ਸਰਕਾਰੀ ਵਕੀਲ,

ਬੋਗਾਤੀਰੇਵ, ਸ਼ਾਹਨਸ਼ਾਹ ਜ਼ਾਰ ਦਾ ਏ. ਡੀ. ਸੀ.,

ਸ਼ੁਸਤੋਵਾ, ਲਿਡਿਯਾ, ਇਕ ਰਿਹਾ ਹੋਈ ਮੁਲਕੀ ਕੈਦੀ,
ਜ਼ਖਾਰੋਵ, ਲਿਡਿਯਾ ਦਾ ਚਚੇਰਾ ਭਰਾ,
ਤੋਪੋਰੋਵ, ਪਾਕ ਪਾਦਰੀਆਂ ਦੀ ਜਮਾਤ ਦਾ ਵਡਾ;
ਰੋਗੋਜ਼ਿਨਸ਼ਕਾਯਾ, ਨਾਤਾਲੀ ਈਵਾਨੋਵਨਾ (ਨਾਤੂਸ਼ਾ),
ਨਿਖਲੀਊਧਵ ਦੀ ਭੈਣ.
ਰੋਗੋਜ਼ਿਨਸਕੀ, ਉਹਦਾ ਖਾਵੰਦ,
ਫੇਦੋਰੋਵ, ਇਕ ਗੁਣੀ ਕੈਦੀ,
ਔਖੋਤੀਨ, ਇਕ ਹਸਮੁਖ ਕੈਦੀ,
ਬਿਰੂਕੋਵ, ਤਾਰਾਸ, ਥੀਓਡੋਸੀਆ ਦਾ ਖਾਵੰਦ,
ਓਸਤੋਨ, ਇਕ ਨੀਤਗਯ,
ਮਾਵਰਾ, ਇਕ ਕਿਸਾਨ ਤੀਮੀ.
ਸੀਮੋਨਸਨ, ਵਲਾਦੀਮੀਰ,
ਕ੍ਰਿਲਤਸੇਵ, ਐਨਾਤੋਲ } ਮੁਲਕੀ ਕੈਦੀ,
ਬੂਜੋਵਕਿਨ, ਇਕ ਕਾਨਵਿਕਟ(ਸਜ਼ਾਯਾਫਤਾ ਕੈਦੀ),
ਅਕਸੂਤਕਾ, ਉਹਦੀ ਲੜਕੀ;
ਫੇਦਕਾ, ਇਕ ਅੰਧੋ ਕੈਦੀ
ਬੋਰਨੋਵ, ਕੈਦੀਆਂ ਨੂੰ ਲੈ ਜਾਣ ਵਾਲਾ,
ਕਾਨਵਾਏ ਅਫਸਰ ਦਾ ਅਰਦਲੀ,
ਦੇਵਕਿਨ, ਮਾਕਾਰ ਇਕ ਕਿਸਾਨ ਕਾਂਨਵਿਕਟ;
ਰਾਂਤਸੈਵਾ, ਏਮਿਲੀ
ਗਰਾਬੈਤਸ, } ਤੀਮੀਆ ਮੁਲਕੀ ਕੈਦੀ,
ਨੋਵੋਦਵੋਰੋਵ, ਇਕ ਮੂਲਕੀ ਕੈਦੀ.
ਕੋਨਦ੍ਰਾਤੋਵ ਮਾਰਕੈਲ, ਕਾਰਖਾਨੇ ਵਿਚ ਕੰਮ ਕਰਨ ਵਾਲਾ
ਮੁਲਕੀ ਕੈਦੀ,
ਨਾਬਾਤੋਵ, ਇਕ ਕਿਸਾਨ, ਮੁਲਕੀ ਕੈਦੀ।

''ਫਿਰ ਆਇਆ **ਪੀਟਰ** ਤੇ ਪੁਛਣ ਲਗਾ: ਹੇ ਰੱਬ ਜੀ ! ਕਿੰਨੀ ਵੇਰੀ ਮੇਰਾ ਭਰਾ ਮੇਰੇ ਨਾਲ ਬੁਰਿਆਈ ਕਰੇ ਤੇ ਮੈਂ ਉਹਨੂੰ ਉੱਨੇ ਵਾਰੀ ਮਾਫ ਕਰਾਂ ? ਤੇ **ਈਸਾ** ਨੇ ਉੱਤ੍ਰ ਦਿਤਾ: 'ਮੈਂ ਆਪ ਨੂੰ ਕਹਿੰਦਾਂ ਹਾਂ—ਸਤ ਵੇਰੀ ਤਕ ਨਹੀਂ, ਸੱਤਰ ਜ਼ਰਬੇ ਸਤ ਵੇਰੀ ਤਕ ।' ''

— ਮਤੀ ਦੀ ਅੰਜੀਲ ੧੭, ੨੧-੨੨

''ਤੇ ਕਿਉਂ ਤੂੰ ਆਪਣੇ ਭਰਾ ਦੀ ਅੱਖ ਵਿਚ ਕਖ ਨੂੰ ਇਨੀ ਗੋਹ ਨਾਲ ਵੇਖਦਾ ਹੈਂ ਪਰ ਆਪਣੀ ਅੱਖ ਵਿਚ ਪੇਈ ਸ਼ਤੀਰ ਨੂੰ ਨਹੀਂ ਵੇਖਦਾ ?'

ਮਤੀ ਦੀ ਅੰਜੀਲ ੭, ੩

''ਜਿਸ ਤੁਸਾਂ ਵਿਚੂੰ ਕਦੀ ਗੁਨਾਹ ਨਹੀਂ ਕੀਤਾ ਉਹ ਇਸ ਜਨਾਨੀ ਉਪਰ ਪਹਿਲਾਂ ਪੱਥਰ ਮਾਰੇ ।''

ਯੋਹੱਨਾ ਦੀ ਅੰਜੀਲ ੭, ੭

''ਸਿਖ ਆਪਣੇ ਗੁਰੂ ਥੀਂ ਉਪਰ ਨਹੀਂ, ਪਰ ਹਰ ਇਕ ਜਦ ਪੂਰਨ ਪਦਵੀ ਨੂੰ ਪ੍ਰਾਪਤ ਹੋਵੇਗਾ, ਉਹ ਆਪਣੇ ਗੁਰੂ ਵਰਗਾ ਹੀ ਹੋ ਨਿਬੜੇਗਾ ।''

ਲੂਕਸ ਦੀ ਅੰਜੀਲ ੬, ੪੦

# ਮੋਇਆਂ ਦੀ ਜਾਗ

## ਕਿਤਾਬ ਪਹਿਲੀ

### ਕਾਂਡ ੧.

ਭਾਵੇਂ ਲੱਖਾਂ ਹੀ ਬੰਦਿਆਂ ਨੇ ਉਸ ਧਰਤੀ ਦੇ ਨਿਕੇ ਜੇਹੇ ਟੁਕੜੇ ਨੂੰ ਜਿੱਥੇ ਉਹ ਸਾਰੇ ਇਕੱਠੇ ਰਹਿ ਰਹੇ ਸਨ, ਕਰੂਪ ਕਰਨ ਵਿੱਚ ਆਪਣਾ ਸਾਰਾ ਜੋਰ ਲਾ ਲਇਆ ਸੀ; ਧਰਤੀ ਦੇ ਮੂੰਹ ਨੂੰ ਪੱਥਰਾਂ ਦੇ ਫਰਸ਼ਾਂ ਨਾਲ ਬੰਦ ਕਰ ਕਰ ਕੇ, ਬਨਸਪਤੀ ਦੇ ਸਬ ਨਿਸ਼ਾਨ ਰਗੜ ਰਗੜ ਕੇ, ਮਿਟਾ ਮਿਟਾ ਕੇ, ਬ੍ਰਿਛਾਂ ਨੂੰ ਕਟ ਕਟ ਕੇ, ਪੰਛੀਆਂ, ਪਸ਼ੂਆਂ ਨੂੰ ਕਢ ਕਢ ਕੇ, ਤੇ ਹਵਾ ਨੂੰ ਭੈੜੇ ਕਾਲੇ ਕੋਇਲੇ ਤੇ ਮਿੱਟੀ ਦੇ ਤੇਲ ਦੇ ਧੂੰ ਨਾਲ ਭਰ ਭਰ ਕੇ–ਤਦ ਵੀ ਇਸ ਸ਼ਹਿਰ ਵਿੱਚ ਬਸੰਤ ਰਿਤੂ ਬਸੰਤ ਹੀ ਸੀ।

ਧੁੱਪ ਗਰਮ ਗਰਮ ਚਮਕ ਰਹੀ ਸੀ, ਹਵਾ ਵਿੱਚ ਮਸੀਹਆਈ ਅਸਰ ਸੀ, ਘਾਹ ਜਿੱਥੇ ਜਿੱਥੇ ਕਿਧਰੇ ਖਨੋਤਰਿਆ ਨਹੀਂ ਸੀ ਗਇਆ, ਉੱਠ ਖੜਾ ਹੋਇਆ ਸੀ ਤੇ ਹਰ ਥਾਂ ਲਹਿ ਲਹਿ ਕਰ ਰਿਹਾ ਸੀ–ਲੱਗੇ ਪੱਥਰਾਂ ਦੀਆਂ ਵਿੱਥਾਂ ਵਿੱਚ ਉਹਦੀ ਸਬਜ਼ੀ ਝਲਕ ਮਾਰ ਰਹੀ ਸੀ, ਨਾਲੇ ਚੁਰਾਹਿਆਂ ਵਿੱਚ ਬਣੇ ਚਬੂਤ੍ਰਿਆਂ ਚੌਗਾਨਾਂ ਵਿੱਚ ਦੀ ਛੱਡੀਆਂ ਨੰਗੀਆਂ ਧਰਤੀ ਦੀਆਂ

ਧਾਰੀਆਂ ਉੱਪਰ ਇਹ ਰੱਬੀ ਸਬਜ਼ੇ ਡਲਕ ਰਹੇ ਹਨ। ਬਰਚ ਦੇ ਬੂਟੇ, ਸਫੈਦੇ ਤੇ ਜੰਗਲੀ ਪਦਮ ਦੇ ਬ੍ਰਿਛ ਆਪਣੇ ਗੌਂਦ ਭਰੇ ਖ਼ੁਸ਼ਬੂਦਾਰ ਪੱਤੇ ਖੋਲ੍ਹ ਰਹੇ ਸਨ, ਤੇ ਸੰਗਤਰੇ ਤੇ ਨਿੰਬੂਆਂ ਦੀਆਂ ਸ਼ਾਖਾਂ ਉੱਪਰ ਕਰਨੇ ਦਾ ਸ਼ਗੂਫ਼ਾ ਸੋਹਣਾ ਝੁਰਮਟ ਪਾ ਰਹਿਆ ਸੀ। ਕਾਂ, ਚਿੜੀਆਂ ਤੇ ਕਬੂਤਰ ਬਸੰਤ-ਰਿਤੂ ਦੀ ਉਮਾਹੂ ਖ਼ੁਸ਼ੀ ਵਿੱਚ ਚਾਈਂ ਚਾਈਂ ਆਪਣੇ ਆਪਣੇ ਆਲ੍ਹਣੇ ਤਿਆਰ ਕਰ ਰਹੇ ਸਨ, ਤੇ ਧੁੱਪ ਦੀ ਨਿੱਘ ਨਾਲ ਜੀ ਪਈਆਂ ਮੱਖੀਆਂ ਨੇ ਆਪਣੇ ਪਰਾਂ ਦਾ ਅਲਾਪ ਛੇੜਿਆ ਹੋਇਆ ਸੀ, ਹਰ ਕੋਈ ਖ਼ੁਸ਼ੀ ਸੀ : ਬੂਟੇ, ਪੰਛੀ, ਕੀੜੇ ਤੇ ਬੱਚੇ।ਪਰ ਮਨੁਖ–ਪੱਕੀ ਉਮਰ ਦੇ ਮਰਦ ਤੇ ਤੀਮੀਆਂ ਆਪਣੀ ਖੋਆਂ ਵਿੱਚ ਗਲਤਾਨ ਸਨ, ਉਨ੍ਹਾਂ ਲਈ ਬਸੰਤ ਨਹੀਂ ਸੀ ਆਈ, ਉਹ ਉਸੀ ਤਰ੍ਹਾਂ ਇਕ ਦੂਜੇ ਨੂੰ ਧੋਖੇ ਦੇਣ, ਤੇ ਹਰ ਤਰ੍ਹਾਂ ਇਕ ਦੂਜੇ ਨੂੰ ਤੰਗ ਕਰਨ ਦੀਆਂ ਖੋਆਂ ਵਿੱਚ ਲੱਗੇ ਸਨ, ਇਨ੍ਹਾਂ ਆਪਣੀਆਂ ਕਰੂਪ ਕਰਤੂਤਾਂ ਇਸ ਸੁਭਾਗਜ ਬਸੰਤ ਰੁੱਤ ਵਿੱਚ ਨਹੀਂ ਸਨ ਛੱਡੀਆਂ। ਇਨ੍ਹਾਂ ਨੂੰ ਇਹ ਭਾਨ ਨਹੀਂ ਸੀ ਹੁੰਦਾ ਕਿ ਇਹ ਬਸੰਤ ਦੀ ਸ਼ੁਭ ਪ੍ਰਭਾਤ ਹੈ, ਕੋਈ ਰੱਬੀ ਮਿਹਰ ਹੈ ਤੇ ਕਿਸੀ ਸ਼ੁਕਰ ਤੇ ਵਿਸਮਾਦ ਤੇ ਸਿਫਤ ਭਰੇ ਵਿਚਾਰ ਵਿੱਚ ਜਾਈਏ, ਇਨ੍ਹਾਂ ਲਈ ਇਹ ਰੱਬ ਦੀ ਸੋਹਣੀ ਦੁਨੀਆਂ ਕੋਈ ਸੋਹਣੀ ਚੀਜ਼ ਨਹੀਂ ਸੀ ਦਿਸ ਰਹੀ, ਇਹ ਪਤਾ ਨਹੀਂ ਸੀ ਲਗ ਰਹਿਆ ਕਿ ਇਹ ਰੱਬੀ ਮਿਹਰ ਸਭ ਚਰ ਅਚਰ ਨੂੰ ਖ਼ੁਸ਼ੀ, ਚਾ, ਉਮਾਹ, ਬਰਕਤ ਦੇਣ ਲਈ ਆਈ ਹੈ–ਇਹ ਰੱਬੀ ਸੁਹਣਪ ਜਿਹੜੀ ਦਿਲ ਨੂੰ ਜੋੜਦੀ ਹੈ, ਪਿਆਰ, ਰਾਗ ਤੇ ਰੂਹ ਦੀ ਠੰਢ ਵਲ ਮੋੜਦੀ ਹੈ। ਨਹੀਂ, ਉਨ੍ਹਾਂ ਨੂੰ ਬਸ ਆਪਣੀਆਂ ਹੀ ਇਕ ਦੂਜੇ ਨੂੰ ਗੁਲਾਮ ਬਣਾਉਣ ਦੀਆਂ ਤਦਬੀਰਾਂ ਤੇ ਫਰੇਬ ਬਸ ਸੁਝਦੇ ਸਨ।

ਇਉਂ ਇਸ ਗਵਰਨਮਿੰਟੀ ਸ਼ਹਿਰ ਦੇ ਜੇਲ੍ਹ ਦੇ ਦਫ਼ਤਰ ਵਿੱਚ ਇਹ ਗੱਲ ਉੱਕਾ ਨਹੀਂ ਸੀ ਸੁਝ ਰਹੀ ਕਿ ਮਨੁੱਖਾਂ ਤੇ ਪਸ਼ੂਆਂ ਲਈ ਬਸੰਤ ਰੁੱਤ ਦੀ ਖ਼ੁਸ਼ੀ ਤੇ ਬਰਕਤ ਕੇਹੀ ਰੱਬੀ ਦਾਤ ਹੈ ਤੇ ਕੇਹੀ ਜੀਆਂ ਵਿੱਚ ਰਸ ਭਰਨ ਵਾਲੀ ਬਰਕਤ ਹੈ ਜਿਦੇ ਖਿੜੇ ਸਮੇ ਦੇ ਮੁਕਾਬਲੇ ਤੇ ਅੱਜ ਹੋਰ ਕੋਈ ਦੁਨੀਆਂਦਾਰੀ ਦਾ ਮਾਮਲਾ ਇਸ ਜੇਹਾ ਜ਼ਰੂਰੀ ਨਹੀਂ ਹੋ ਸੱਕਦਾ। ਪਰ ਨਹੀਂ, ਓਥੇ ਤਾਂ ਉਨ੍ਹਾਂ ਲੋਕਾਂ ਲਈ ਜ਼ਰੂਰੀ ਬਸ ਇਕ ਨੋਟਿਸ ਸੀ ਜਿਹੜਾ ਕਲ ਦਫਤਰ ਵਿੱਚ ਆਇਆ ਸੀ। ਇਸ ਨੋਟਿਸ ਉੱਪਰ ਦਫ਼ਤਰੀ ਨੰਬਰ ਸੀ, ਉਸ ਵਿੱਚ ਹੁਲੀਆ ਦਿੱਤਾ ਹੋਇਆ ਸੀ, ਤੇ ਹੁਕਮ ਲਿਖਿਆ ਹੋਇਆ ਸੀ ਕਿ ੨੯ ਅਪ੍ਰੈਲ ੯ ਵਜੇ ਤਿੰਨ ਦੋਸੀ ਜੋ ਉਸ ਵਕਤ ਜੇਲ ਦੀ ਹਵਾਲਾਤ ਵਿੱਚ ਸਨ—ਇਕ ਮਰਦ ਤੇ ਦੋ ਤੀਮੀਆਂ (ਇਨ੍ਹਾਂ ਤੀਮੀਆਂ ਵਿੱਚੋਂ ਇਕ ਜੋ ਮੁਖੀ ਦੋਸੀ ਸੀ, ਵੱਖਰੀ ਗਾਰਦ ਦੇ ਪਹਿਰੇ ਵਿੱਚ ਲਿਆਈ ਜਾਵੇ) ਅਦਾਲਤ ਵਿਚ ਪੇਸ਼ ਕੀਤੇ ਜਾਣ। ਇਸ ਕਰਕੇ ਉਸ ਦਿਨ ੨੯ ਅਪ੍ਰੈਲ ਸਵੇਰੇ ੮ ਵਜੇ ਵੱਡਾ ਜੇਲ੍ਹ ਦਾ ਦਰੋਗਾ ਜੇਲ੍ਹ ਦੇ ਜਨਾਨੇ ਹਿੱਸੇ ਦੇ ਹਨੇਰੇ ਘੁੱਪ, ਸੜੇ, ਗੰਦੇ, **ਕੌਰੀਡੋਰ** ਵੱਲ ਗਇਆ। ਉਹਦੇ ਉੱਥੇ ਜਾਣ ਦੇ ਮਗਰੋਂ ਤੁਰਤ ਹੀ ਕੁੰਡਲਦਾਰ ਚਿੱਟੇ ਵਾਲਾਂ ਵਾਲੀ ਇਕ ਤੀਮੀ, **ਕੌਰੀਡੋਰ** ਵਿੱਚ ਆਈ ਤੇ ਇਹਦੇ ਚਿਹਰੇ ਥੀਂ ਇਉਂ ਜਾਪਦਾ ਸੀ ਕਿ ਉਹ ਬੜੀ ਦੁਖੀ ਹੈ। ਉਸ ਇਕ **ਜੈਕਟ** ਪਾਈ ਹੋਈ ਸੀ ਜਿਹਦੀਆਂ ਕਫਾਂ ਉੱਪਰ ਸੋਨੇ ਦੀ ਕਿਨਾਰੀ ਲੱਗੀ ਹੋਈ ਸੀ ਤੇ ਉਸ ਉੱਪਰ ਕਮਰ ਦੇ ਦਵਾਲੇ ਇਕ ਨੀਲੇ ਕਿਨਾਰੇ ਵਾਲੀ ਪੇਟੀ ਬੱਧੀ ਹੋਈ ਸੀ।

ਜੇਲ੍ਹ ਦੇ ਦਰੋਗੇ ਨੇ ਕਾਲ ਕੋਠੜੀ ਦਾ ਦਰਵਾਜ਼ਾ ਲੋਹੇ ਦੇ ਭਾਰੇ ਜੰਦਰੇ ਨੂੰ ਖੜਕਾਉਂਦਿਆਂ ਖੋਲ੍ਹਿਆ ਤੇ ਅੰਦਰੋਂ ਬਾਹਰ ਦੇ ਛੱਤੇ ਬਰਾਮਦੇ **(ਕੌਰੀਡੋਰ)** ਥੀਂ ਵੀ ਵਧ ਬਦਬੂ ਦਾ ਹੁੱਲਾ ਆਇਆ, ਤੇ ਦਰੋਗੇ ਨੇ ਉੱਚੀ ਆਵਾਜ਼ ਦਿੱਤੀ **"ਮਸਲੋਵਾ** ਅਦਾਲਤ ਨੂੰ", ਤੇ ਦਰਵਾਜ਼ਾ ਫਿਰ ਬੰਦ ਕਰ ਦਿੱਤਾ।

ਇਸ ਜੇਲ੍ਹਖਾਨੇ ਦੇ ਅਹਾਤੇ ਵਿੱਚ ਵੀ ਸਵੇਰ ਸਾਰ ਦੀ ਚਲਦੀ ਸਮੀਰ ਨੇ ਤਾਜ਼ਾ ਜਾਨ ਪਾਣ ਵਾਲਾ ਬਸੰਤ ਦੀ ਹਵਾ ਦਾ ਝੋਕਾ ਬਾਹਰ ਦੇ ਖੁਲ੍ਹੇ ਖੇਤਾਂ ਥੀਂ ਅੰਦਰ ਲਿਆ ਸੁੱਟਿਆ ਸੀ। ਪਰ ਜੇਲ੍ਹ ਖਾਨੇ ਦੀ ਕੌਰੀਡੋਰ ਦੀ ਹਵਾ **ਟਾਈਫਾਈਡ** ਦੇ ਜਿਰਮਾਂ ਨਾਲ ਭਰੀ ਹੋਈ ਸੀ, ਤੇ ਨਾਲੇ ਟੱਟੀਆਂ ਦੀ ਬਦਬੂ ਤੇ ਤਰਕਾਹਣ ਅਤੇ ਕੋਲਤਾਰ ਦੀ ਬਦਬੂ ਨਾਲ ਸੜੀ ਪਈ ਸੀ, ਇਸੇ ਕਰਕੇ ਜੋ ਵੀ ਨਵਾਂ ਬੰਦਾ ਉੱਥੇ ਜਾਂਦਾ ਸੀ ਆਪ ਮੁਹਾਰਾ ਉਦਾਸ ਹੋ ਜਾਂਦਾ ਸੀ ਤੇ ਉਹਦਾ ਰੂਹ ਨਿੰਮਝੂਣਾ ਹੋ ਜਾਂਦਾ ਸੀ। ਉੱਥੇ ਦੀ ਤੀਮੀ ਵਾਰਡ ਕੁਲੀ ਨੇ ਵੀ ਇਹ ਬਦਬੂ ਅਸਹ ਜਾਤੀ ਭਾਵੇਂ ਉਹ ਏਹੋ ਜੇਹੀ ਗੰਦੀ ਹਵਾ ਦੀ ਕੀੜੀ ਹੀ ਸੀ। ਉਹ ਓਸੇ ਵੇਲੇ ਹੀ ਬਾਹਰੋਂ ਆਈ ਸੀ ਤੇ ਅੰਦਰ ਆਉਂਦਿਆਂ ਹੀ ਉਹਨੂੰ ਚੱਕਰ ਜੇਹਾ ਆਇਆ ਤੇ ਗਸ਼ ਜੇਹੀ ਆਉਂਦੀ ਪ੍ਰਤੀਤ ਹੋਈ।

ਕਾਲ ਕੋਠੜੀ ਦੇ ਅੰਦਰੋਂ ਜਨਾਨੀਆਂ ਦੀ ਗੱਲ ਬਾਤ ਦੇ ਰੌਲੇ ਤੇ ਭੀੜ ਭੜੱਕੇ ਦੀ ਆਵਾਜ਼ ਆਈ ਜਿਸ ਵਿੱਚ ਫਰਸ਼ ਉੱਪਰ ਨੰਗੇ ਪੈਰਾਂ ਦੇ ਚੱਲਣ ਦੀ ਆਹੱਟ ਮਿਲ ਰਹੀ ਸੀ।

"ਹੁਣ ਫਿਰ ਜਲਦੀ ਕਰੋ!" ਜੇਲਰ ਨੇ ਲਲਕਾਰ ਦਿੱਤੀ,

ਤੇ ਬਸ ਇਕ ਅੱਧੇ ਮਿੰਟ ਦੇ ਅੰਦਰ ਹੀ ਇਕ ਛੋਟੇ ਕਦ ਦੀ ਭਰਵੀਂ ਤੇ ਉਭਰੀ ਛਾਤੀ ਵਾਲੀ ਜਵਾਨ ਤੀਮੀ ਦਰਵਾਜ਼ਿਓਂ ਬਾਹਰ ਨਿਕਲ ਆਈ ਤੇ ਜੇਲਰ ਕੋਲ ਜਾ ਖਲੋਤੀ। ਇਕ ਸਫੇਦ ਜੈਕਟ ਤੇ ਪੈਟੀਕੋਟ ਉੱਪਰ ਉਸ ਭੂਰਾ ਜੇਹਾ ਓਵਰਕੋਟ ਪਾਇਆ ਹੋਇਆ ਸੀ ਪੈਰਾਂ ਵਿੱਚ ਸੂਤੀ ਜੁਰਾਬਾਂ ਤੇ ਕੈਦਖਾਨੇ ਵਾਲੀ ਜੁੱਤੀ, ਸਿਰ ਉੱਪਰ ਉਸ ਇਕ ਚਿੱਟਾ ਰੁਮਾਲ ਬੱਧਾ ਹੋਇਆ ਸੀ ਤੇ ਓਸ ਰੁਮਾਲ ਵਿੱਚੋਂ ਉਹਦੇ ਕਾਲੇ ਕੇਸਾਂ ਦੀ ਸੰਵਰੀ ਪੱਟੀ ਦਿੱਸ ਰਹੀ ਸੀ, ਜੋ ਦਿਖਾਣ ਲਈ ਹੀ ਸ਼ਾਯਦ ਹੁਣੇ ਉਸ ਸੰਵਾਰੀ ਸੀ। ਇਸ ਜਨਾਨੀ ਦਾ ਚਿਹਰਾ ਖਾਸ ਉਸ ਕਿਸਮ ਦੇ ਬੱਗੇ ਰੰਗ ਦਾ ਸੀ ਜਿਹੜਾ ਬੱਗਾਪਨ ਲੰਮੀ ਕੈਦ ਦੇ ਹਨੇਰੇ ਵਿੱਚ ਰਹਿੰਦਿਆਂ ਆ ਜਾਂਦਾ ਹੈ, ਤੇ ਜਿਸ ਬੱਗੇਪਨ ਨੂੰ ਵੇਖ ਕੇ ਆਲੂਆਂ ਦੇ ਉਹ ਅੰਗੂਰ ਯਾਦ ਆ ਜਾਂਦੇ ਹਨ ਜਿਹੜੇ ਤਹਿ ਖਾਨੇ ਦੇ ਹਨੇਰੇ ਵਿੱਚ ਰੱਖੇ ਆਲੂਆਂ ਤੋਂ ਫੁੱਟ ਪੈਂਦੇ ਹਨ। ਉਸ ਤੀਮੀ ਦੇ ਛੋਟੇ ਛੋਟੇ ਬਾਹਰ ਕੱਢੇ ਹੱਥ ਤੇ ਉਹਦੀ ਪੂਰੀ ਨੰਗੀ ਗਰਦਨ ਜਿਹੜੀ ਉਹਦੇ ਓਵਰਕੋਟ ਦੇ ਕਾਲਰ ਵਿੱਚ ਦੀ ਦਿੱਸ ਰਹੀ ਸੀ, ਬੱਸ ਇੱਕੋ ਰੰਗ ਦੇ ਸਨ। ਉਹਦੀਆਂ ਕਾਲੀਆਂ ਸ਼ੋਖ ਚਮਕਦੀਆਂ ਅੱਖਾਂ, ਜਿਨ੍ਹਾਂ ਵਿੱਚ ਇਕ ਬੇ ਮਲੂਮਾ ਜੇਹਾ ਭੈਂਗ ਕਿਸੀ ਵੇਲੇ ਆਣ ਪੈਂਦਾ ਸੀ, ਉਹਦੇ ਚਿਹਰੇ ਦੀ ਮੁਰਦਾ ਪਿਲੱਤਣ ਦੇ ਮੁਕਾਬਲੇ ਵਿੱਚ ਦਿਲ ਨੂੰ ਹਲੂਣਦੀਆਂ ਸਨ। ਜਦ ਉਹ ਖੜੀ ਹੁੰਦੀ ਸੀ, ਯਾ ਚਲਦੀ ਸੀ ਤਦ ਉਹ ਆਪਣੀ ਪੂਰੀ ਕਦਾਮਤ ਵਿੱਚ ਖੁੱਲ੍ਹੀ ਉੱਚੀ ਉਠਦੀ ਸੀ ਤੇ ਆਪਣੀ ਛਾਤੀ ਕੱਢ ਕੇ ਚਲਦੀ ਸੀ।

ਉਸ ਵੇਲੇ ਉਹ ਆਪਣਾ ਸਿਰ ਜਰਾਕੂ ਪਿੱਛੇ ਸੁੱਟਕੇ

ਕੌਰੀਡੋਰ ਵਿੱਚ ਖੜੀ ਸੀ ਤੇ ਜੇਲਰ ਦੀਆਂ ਅੱਖਾਂ ਵਲ ਸਿੱਧਾ ਦੇਖ ਰਹੀ ਸੀ ਤੇ ਇਉਂ ਸੀ ਜਿਵੇਂ ਉਹਦੇ ਹੁਕਮ ਨੂੰ ਮੰਨਣ ਲਈ ਬੱਸ ਤਿਆਰ ਖੜੀ ਹੈ।

ਦਰੋਗਾ ਤਾਲਾ ਲਾਣ ਨੂੰ ਹੀ ਸੀ ਜਦ ਇਕ ਝੁਰੜੀਆਂ ਪਈ ਪਰ ਜਬਰਦਸਤ ਜੇਹੀ ਵਿਸਦੀ ਬੁੱਢੀ ਜਨਾਨੀ ਨੇ ਆਪਣਾ ਚਿੱਟਾ ਸਿਰ ਬਾਹਰ ਕੱਢਿਆ ਤੇ ਮਸਲੋਵਾ ਨਾਲ ਗੱਲ ਕਰਨ ਹੀ ਲੱਗੀ ਸੀ ਕਿ ਦਰੋਗੇ ਨੇ ਬੁੱਢੀ ਜਨਾਨੀ ਦਾ ਸਿਰ ਅੰਦਰ ਵਾਰ ਖਿੱਚ ਕੇ ਬੂਹਾ ਬੰਦ ਕਰ ਦਿੱਤਾ। ਅੰਦਰੋਂ ਇਕ ਤੀਮੀ ਦੇ ਹਾਸੇ ਦੀ ਆਵਾਜ਼ ਆਈ ਤੇ ਮਸਲੋਵਾ ਵੀ ਕਾਲ ਕੋਠੜੀ ਦੇ ਦਰਵਾਜੇ ਦੀ ਝੀਤ ਵਲ ਤੱਕ ਕੇ ਹੱਸ ਪਈ। ਬੁੱਢੀ ਜਨਾਨੀ ਆਪਣਾ ਚਿਹਰਾ ਉਸ ਝੀਤ ਵਿੱਚ ਦੀ ਦਬਾ ਕੇ ਇਕ ਕਰਖਤ ਆਵਾਜ਼ ਵਿੱਚ ਬੋਲੀ :—

"ਦੇਖੀਂ, ਜਦ ਉਹ ਤੈਨੂੰ ਸਵਾਲ ਪੁੱਛਣ ਤੂੰ ਬਸ ਇੱਕੋ ਗੱਲ ਮੁੜ ਮੁੜ ਕਹੀ ਜਾਵੀਂ ਤੇ ਉਸ ਆਪਣੀ ਗੱਲ ਥੀਂ ਪਰਤੀਂ ਨਾਹ। ਤੇ ਬੇਫਾਇਦਾ ਗੱਲਾਂ ਨ ਕਰੀਂ। ਉੱਨਾਂ ਹੀ ਉੱਤਰ ਦੇਈਂ ਜਿੰਨਾਂ ਕੋਈ ਪੁੱਛੇ, ਵਾਧੂ ਗੱਲ ਕਦੀ ਨ ਕਰੀਂ"।

"ਭਾਈ, ਇਸ ਹਾਲਤ ਥੀਂ ਹੋਰ ਕੋਈ ਵੀ ਹਾਲਤ ਵਧ ਹੋਣਾ ਬੁਰੀ ਤਾਂ ਹੋ ਨਹੀਂ ਸੱਕਦੀ। ਮੈਂ ਤਾਂ ਚਾਹੁੰਦੀ ਹਾਂ ਜੋ ਫੈਸਲਾ ਹੈ ਛੇਤੀ ਹੋਵੇ। ਆਹ ਸਿਆਪਾ ਮੁੱਕੇ"।

"ਫੈਸਲਾ ਇਕ ਪਾਸੇ ਯਾ ਦੂਜੇ ਪਾਸੇ ਹੋਣਾ ਹੀ ਹੈ" ਦਰੋਗੇ ਨੇ ਕਹਿਆ, ਪਰ ਊਹਦਾ ਸੁਰ ਇਕ ਐਸੇ ਆਦਮੀ ਦਾ ਸੀ ਜਿਹੜਾ ਆਪਣੀ ਜਾਤ ਨੂੰ ਉਨ੍ਹਾਂ ਥੀਂ ਸਹਿਜੇ ਹੀ ਉੱਚਾ

ਸਮਝ ਰਹਿਆ ਸੀ ਤੇ ਜਿਸ ਨੂੰ ਆਪਣੀ ਦਾਨਾਈ ਦਾ ਆਪੇ ਹੀ ਯਕੀਨ ਜੇਹਾ ਬੱਝਾ ਹੁੰਦਾ ਹੈ ਤੇ ਇਹ ਕਹਿ ਕੇ ਮੁੜ ਉਸੀ ਹਾਕਮੀ ਸੁਰ ਵਿੱਚ ਕਹਿੰਦਾ ਹੈ, "ਹੁਣ ਫਿਰ ਚਲ ਅਗਾਹਾਂ।"

ਓਸ ਦਰਵਾਜੇ ਦੀ ਝੀਤ ਵਿੱਚ ਦਿੱਤਾ ਬੁਢੀ ਦਾ ਸਿਰ ਛਿਪ ਗਇਆ, ਤੇ **ਮਸਲੋਵਾ ਕੌਰੀਡੋਰ** ਦੇ ਵਿਚਕਾਰ ਹੋ ਟੁਰ ਪਈ। ਵੱਡਾ ਦਰੋਗਾ ਮੋਹਰੇ, ਤੇ ਉਹ ਦੋਵੇਂ ਮਗਰ ਪਹੁੜੀਆਂ ਥੀਂ ਉਤਰੇ ਤੇ ਮਰਦਾਂ ਦੀਆਂ ਕਾਲ ਕੋਠੜੀਆਂ ਜਿਹੜੀਆਂ ਤੀਮੀਆਂ ਦੀਆਂ ਕੋਠੜੀਆਂ ਥੀਂ ਵੀ ਵਧ ਸ਼ੋਰੀਲੀਆਂ ਤੇ ਓਨ੍ਹਾਂ ਥੀਂ ਵੀ ਵਧ ਸੜੀ ਗੰਦੀ ਬੂ ਛੱਡ ਰਹੀਆਂ ਸਨ, ਦੀ ਅਗੇ ਦੀ ਲੰਘੇ, ਤੇ ਉਨ੍ਹਾਂ ਦਰਵਾਜਿਆਂ ਦੀਆਂ ਝੀਤਾਂ ਤੇ ਮੋਰੀਆਂ ਵਿੱਚ ਦੀ ਅਨੇਕ ਅੱਖਾਂ ਇਨ੍ਹਾਂ ਲੰਘਦਿਆਂ ਵਲ ਤੱਕ ਰਹੀਆਂ ਸਨ। ਜੇਲ੍ਹਖਾਨੇ ਦੇ ਦਫਤਰ ਅੱਪੜੇ ਜਿੱਥੇ ਅੱਗੇ ਹੀ ਦੋ ਸਿਪਾਹੀ **ਮਸਲੋਵਾ** ਨੂੰ ਅਦਾਲਤ ਲੈ ਜਾਣ ਲਈ ਖੜੇ ਸਨ। ਇਕ ਬਾਬੂ ਨੇ ਉਨ੍ਹਾਂ ਵਿੱਚੋਂ ਇਕ ਸਿਪਾਹੀ ਨੂੰ ਤਮਾਕੂ ਦੀ ਬਦਬੂ ਨਾਲ ਭਰਿਆ ਕਾਗਜ਼ ਦਾ ਫੜਕਾ ਫੜਾਇਆ, ਤੇ ਕੈਦੀ ਵਲ ਇਸ਼ਾਰਾ ਕਰ ਕੇ ਕਹਿਆ "ਲੈ ਜਾਉ।"

ਓਹ ਸਿਪਾਹੀ **ਨਿਜ਼ਨੀ ਨੌਵਗੋਰੋਡ** ਦਾ ਵਸਨੀਕ ਇਕ ਕਿਸਾਨ ਸੀ ਜਿਸਦਾ ਚਿਹਰਾ ਲਾਲ ਤੇ ਮਾਤਾ ਦੇ ਦਾਗਾਂ ਨਾਲ ਭਰਿਆ ਸੀ। ਉਸ ਪਰਵਾਨਾ ਆਪਣੇ ਕੋਟ ਦੀ ਆਸਤੀਨ ਵਿੱਚ ਤੁੰਨ ਲਿਆ, ਤੇ ਆਪਣੇ ਨਾਲ ਦੇ ਸਿਪਾਹੀ ਨੂੰ ਜਿਹੜਾ ਤਕੜੇ ਚੌੜੇ ਮੋਹਢਿਆਂ ਵਾਲਾ ***ਚੂਵਾਸ਼** ਕੌਮ ਦਾ ਮਰਦ ਸੀ,

---

* **ਚੂਵਾਸ਼**—ਇਕ ਰੂਸ ਵਿੱਚ ਰਹਿੰਦੀ ਏਸ਼ਆਈ ਕੌਮ ਹੈ।

ਕੈਦੀ ਵਲ ਤੱਕ ਕੇ ਅੱਖ ਮਾਰੀ ਤੇ ਫਿਰ ਕੈਦੀ ਤੇ ਸਿਪਾਹੀ ਸਾਹਮਣੇ ਦੇ ਵੱਡੇ ਦਰਵਾਜੇ ਥੀਂ ਲੰਘ ਕੇ ਜੇਲ੍ਹਖਾਨੇ ਦੇ ਅਹਾਤੇ ਥੀਂ ਬਾਹਰ ਚਲੇ ਗਏ। ਸ਼ਹਿਰ ਦੇ ਵਿੱਚ ਦੀ ਓਹ ਖਹੁਰੀ ਉੱਚੇ ਨੀਵੇਂ ਪੱਥਰਾਂ ਦੇ ਫਰਸ਼ ਵਾਲੀ ਗਲੀ ਵਿੱਚ ਲੰਘਦੇ ਗਏ।

ਕੋਚਵਾਨ, ਤਾਜਰ ਲੋਕ, ਬਵਰਚੀ, ਮਜ਼ੂਰ ਤੇ ਗਵਰਨ-ਮਿੰਟ ਦੇ ਦਫ਼ਤਰਾਂ ਦੇ ਬਾਬੂ ਲੋਕ ਖਲੋ ਖਲੋ ਬੜੀ ਗੌਹ ਨਾਲ ਕੈਦੀ ਵੱਲ ਤੱਕਦੇ ਸਨ। ਕਈ ਤਾਂ ਆਪਣੇ ਸਿਰ ਹਿਲਾਂਦੇ ਸਨ ਤੇ ਸੋਚਦੇ ਸਨ-"ਇਹ ਨਤੀਜੇ ਹਨ ਬਦਚਲਨੀ ਦੇ। ਬਦ-ਚਲਨੀ ਜਿਹੜੀ ਅਸੀਂ ਨਹੀਂ ਕਰਦੇ"-ਬਚੇ ਓਹ ਚੋਰ ਹੈ ਸਮਝ ਕੇ ਡਰ ਗਈਆਂ ਅੱਖਾਂ ਨਾਲ ਕੈਦੀ ਵੱਲ ਵੇਂਹਦੇ ਸਨ ਪਰ ਨਾਲੇ ਹੀ ਓਨ੍ਹਾਂ ਨੂੰ ਇਹ ਖਿਆਲ ਆ ਜਾਂਦਾ ਸੀ ਕਿ ਨਾਲ ਦੇ ਜਿਹੜੇ ਸਿਪਾਹੀ ਸਨ ਓਹ ਓਨ੍ਹਾਂ ਨੂੰ ਓਸ ਪਾਸੋਂ ਬਚਾ ਲੈਣਗੇ ਤੇ ਇਹ ਖਿਆਲ ਓਨ੍ਹਾਂ ਦੇ ਡਰਾਂ ਨੂੰ ਚੁਪ ਕਰਾਂਦਾ ਸੀ। ਇਕ ਜਟ ਜਿਹੜਾ ਆਪਣੇ ਕੋਇਲੇ ਦਾ ਪਿੰਨੂ ਹੁਣੇ ਸ਼ਹਿਰ ਵਿੱਚ ਵੇਚ ਕੇ ਤੇ ਚਾਹ ਪੀਕੇ ਟੁਰੀ ਆਉਂਦਾ ਸੀ ਕੈਦੀ ਕੋਲ ਆ ਗਇਆ, ਤੇ ਆਪਣੇ ਆਪ ਉੱਪਰ **ਸਲੀਬ** ਦੀ ਨਿਸ਼ਾਨੀ ਆਪਣੇ ਹੱਥਾਂ ਨਾਲ ਵਾਹ ਕੇ ਓਸ ਕੈਦੀ ਤੀਮੀਂ ਨੂੰ ਇਕ ਧੇਲਾ ਦਾਨ ਦਿੱਤਾ। ਕੈਦੀ ਨੂੰ ਸ਼ਰਮ ਆ ਗਈ ਤੇ ਮੂੰਹ ਵਿੱਚ ਕੁਝ ਬਚਨ ਪਪੋਲਿਆ। ਇਹ ਵੇਖਕੇ ਕਿ ਸਬ ਲੋਕਾਂ ਦੀਆਂ ਨਿਗਾਹਾਂ ਓਸ ਵਲ ਲੱਗੀਆਂ ਹਨ, **ਮਸਲੋਵਾ** ਬਿਨਾ ਸਿਰ ਦੂਜੇ ਪਾਸੇ ਮੋੜੇ ਦੇ ਹੀ ਇਕ ਟੇਢੀ ਨਜ਼ਰ ਓਨ੍ਹਾਂ ਵਲ ਤੱਕਦੀ ਜਾਂਦੀ ਸੀ ਜੋ ਓਸ ਵੱਲ ਵੇਖ ਰਹੇ ਸਨ। ਇਉਂ ਲੋਕਾਂ ਦਾ ਓਸ ਵਲ ਧਿਆਨ ਕਰਨਾ ਓਹਦੇ

ਦਿਲ ਨੂੰ ਚੰਗਾ ਲਗ ਰਹਿਆ ਸੀ। ਨਾਲੇ ਬਾਹਰ ਦੀ ਖੁੱਲ੍ਹੀ ਹਵਾ ਨੇ ਵੀ ਓਹਨੂੰ ਖੁਸ਼ੀ ਕੀਤਾ ਸੀ, ਪਰ ਕੈਦ ਵਿੱਚ ਰਹਿ ਕੇ ਓਹਦੇ ਪੈਰਾਂ ਨੂੰ ਚੱਲਣ ਦੀ ਆਦਤ ਨਹੀਂ ਰਹੀ ਸੀ, ਤੇ ਓਨ੍ਹਾਂ ਭੈੜੀਆਂ ਜੇਲ੍ਹ ਦੀਆਂ ਜੁੱਤੀਆਂ ਨਾਲ ਸਖਤ ਪੱਥਰਾਂ ਤੇ ਟੁਰਨਾਂ ਔਖਾ ਹੋ ਰਹਿਆ ਸੀ। ਇਕ ਅਨਾਜ ਵੇਚਣ ਵਾਲੇ ਦੀ ਦੁਕਾਨ ਕੋਲੋਂ ਲੰਘਦਿਆਂ ਜ੍ਹਿਦੇ ਸਾਹਮਣੇ ਕਈ ਕਬੂਤਰ ਆਪਣੀਆਂ ਛਾਤੀਆਂ ਕੱਢੇ ਬਿਨਾਂ ਕਿਸੇ ਦੇ ਛੇੜੇ, ਟਹਿਲ ਰਹੇ ਸਨ, ਇਹਦਾ ਪੈਰ ਇਕ ਸਲੇਟੀ ਨੀਲੇ ਰੰਗ ਦੇ ਕਬੂਤਰ ਨੂੰ ਬਸ ਲੱਗਾ ਹੀ ਸੀ ਕਿ ਓਹ ਕਬੂਤਰ ਘਬਰਾ ਕੇ ਇਹਦੇ ਕੰਨ ਦੇ ਕੋਲੋਂ ਫੜਕਦਾ ਉੱਡ ਗਇਆ। ਆਪਣੇ ਫੰਘਾਂ ਨਾਲ ਉੱਤੋਂ ਜਾਂਦਿਆਂ ਉੱਡ-ਦਿਆਂ ਮਾਨੋਂ ਪੱਖਾ ਕਰਦਾ ਗਇਆ। ਓਹ ਮੁਸਕ੍ਰਾਈ ਤੇ ਨਾਲੇ ਹੀ ਇਕ ਡੂੰਘਾ ਸਾਹ ਭਰਿਆ, ਓਸ ਵੱਲ ਤੱਕਿਆ ਤੇ ਨਾਲੇ ਆਪਣੀ ਉਲਝੀ ਅਵਸਥਾ ਦਾ ਖਿਆਲ ਆਇਆ।

## ਕਾਂਡ ੨.

ਕੈਦੀ **ਮਸਲੋਵਾ** ਦੀ ਜੀਵਨ ਕਥਾ ਇਕ ਆਮ ਕਹਾਣੀ ਸੀ।

**ਮਸਲੋਵਾ** ਦੀ ਮਾਂ ਇਕ ਗਰਾਮੀਨ ਤੀਮੀ ਦੀ ਅਣ-ਵਿਆਹੀ ਧੀ ਸੀ। ਉਹ ਦੋ ਸ਼ਰੀਫ ਕੰਵਾਰੀ ਸਵਾਣੀਆਂ, ਜੋ ਜਿਮੀਂਦਾਰ ਸਨ ਤੇ ਜਿਨ੍ਹਾਂ **ਡੇਰੀ** ਵੀ ਖੋਲ੍ਹੀ ਹੋਈ ਸੀ, ਦੀ ਨੌਕਰਾਨੀ ਸੀ। ਇਹ ਉਹਦੀ ਅਣਵਿਆਹੀ ਕੁੜੀ ਹਰ ਸਾਲ ਇਕ ਬੱਚਾ ਜਣ ਦਿੰਦੀ ਸੀ, ਤੇ ਜਿਵੇਂ ਗਰਾਮੀਨ ਲੋਕਾਂ ਵਿੱਚ ਹੁੰਦਾ ਹੈ ਕਿ ਇਹੋ ਜੇਹੇ ਅਣਚਾਹੇ ਬੱਚਿਆਂ ਨੂੰ ਜਿਹੜੇ ਉਨ੍ਹਾਂ ਦੇ ਕੰਮ ਕਾਜ ਵਿੱਚ ਰੁਕਾਵਟ ਪਾਂਦੇ ਹਨ, ਬਿਪਤਿਸਮਾ ਦੇਣ ਦੇ ਮਗਰੋਂ ਮਾਰ ਦਿੰਦੇ ਹਨ, ਉਹ ਮਾਂ ਰੋਲ ਕੇ ਮਾਰ ਦਿੱਤਾ ਕਰਦੀ ਸੀ। ਵੇਲੇ ਸਿਰ ਦੁੱਧ ਨ ਦਿੱਤਾ, ਭੁੱਖੇ ਮਰਨ ਦਿੱਤਾ ਤੇ ਇਹੋ ਜੇਹੇ ਹਰ ਸਾਲ ਆਏ ਬੱਚੇ ਆਪੇ ਮਰ ਜਾਂਦੇ ਸਨ। ਇਸ ਕੁੜੀ ਦਾ ਛੇਵਾਂ ਬੱਚਾ, ਜ੍ਹਿਦਾ ਪਿਓ ਇਕ ਖਾਨਾ ਬਦੋਸ਼ ਜਿਪਸੀ ਕੌਮ ਦਾ ਬੰਦਾ ਸੀ, ਵੀ ਉਸੀ ਤਰਾਂ ਅਗਲਿਆਂ ਵਾਂਗ ਮਰ ਜਾਂਦਾ, ਜੇ ਇਕ ਇਤਫਾਕ ਕੁਦਰਤ ਵੱਲੋਂ ਉਹਦੇ ਬਚਣ ਦਾ ਨਾਂ ਹੋ ਜਾਂਦਾ—ਉਹ ਇਓਂ ਹੋਇਆ, ਉਨ੍ਹਾਂ ਦੋਹਾਂ ਜ਼ਿਮੀਂਦਾਰ ਕੰਵਾਰੀ ਸਵਾਣੀਆਂ ਵਿੱਚੋਂ ਇਕ ਉਸ ਦਿਨ ਡੇਰੀ ਵਿੱਚ ਆਪਣੀਆਂ ਨੌਕਰਾਣੀਆਂ ਨੂੰ ਝਾੜ ਪਾਣ ਗਈ ਸੀ ਕਿਉਂਕਿ ਮਲਾਈ ਜਿਹੜੀ ਉਨ੍ਹਾਂ ਬਣਾਈ ਸੀ ਉਸ ਵਿੱਚ ਗਊਆਂ ਦੀ ਬੋ ਆਉਂਦੀ ਸੀ। ਤਾਂ ਉੱਥੇ ਫਾਰਮ ਦੇ ਅਹਾਤੇ ਵਿੱਚ ਇਕ

ਜਵਾਨ ਕੁੜੀ ਲੇਟੀ ਹੋਈ ਸੀ, ਤੇ ਉਸ ਅੱਗੇ ਇਕ ਸੋਹਣਾ, ਅਰੋਗ ਤੇ ਨਵਾਂ ਜੰਮਿਆ ਬੱਚਾ ਲੇਟਿਆ ਹੋਇਆ ਸੀ । ਇਹ ਵੇਖ ਕੇ ਉਸ ਬੁੱਢੀ ਕੰਵਾਰੀ ਸਵਾਣੀ ਨੇ ਆਪਣੀਆਂ ਨੌਕਰਾਣੀਆਂ ਨੂੰ ਝਾੜਨਾ ਸ਼ੁਰੂ ਕੀਤਾ ਕਿ ਉਨ੍ਹਾਂ ਕਿਉਂ ਇਕ ਸੱਜਰ ਸੂ ਜਨਾਨੀ ਨੂੰ ਗਊਆਂ ਦੇ ਛੱਪਰ ਹੇਠ ਲੇਟਣ ਦੀ ਇਜਾਜ਼ਤ ਦਿੱਤੀ ਹੈ। ਜਾਣ ਹੀ ਲੱਗੀ ਸੀ ਕਿ ਉਸ ਨੰਨ੍ਹੀ ਜੇਹੀ ਜਾਨ ਨੂੰ ਵੇਖਕੇ ਉਹਨੂੰ ਤਰਸ ਆਇਆ ਤੇ ਉਸ ਆਪ ਉੱਥੇ ਹੀ ਕਹਿ ਦਿੱਤਾ ਕਿ ਉਸ ਨਿੱਕੀ ਬੱਚੀ ਦੀ ਬਿਪਤਿਸਮੇ ਦੇ ਦੀ ਧਰਮ-ਮਾਂ ਓਹ ਆਪ ਬਣੇਗੀ, ਤੇ ਇਓਂ ਧਰਮ ਦੀ ਧੀ ਬਣਾ ਉਹਨੂੰ ਹੋਰ ਤਰਸ ਆਇਆ ਤੇ ਕੁਛ ਦੁੱਧ ਦਿੱਤੇ ਜਾਣ ਦਾ ਹੁਕਮ ਦਿੱਤਾ । ਕੁਝ ਰੁਪੈ ਮਾਂ ਨੂੰ ਦਿੱਤੇ ਕਿ ਉਹ ਉਸ ਬੱਚੀ ਦੀ ਪਰਵਰਿਸ਼ ਚੰਗੀ ਤਰਾਂ ਕਰੇ। ਇਸ ਤਰਾਂ ਇਹ ਛੇਵਾਂ ਬੱਚਾ ਉਹਦਾ ਜੀਵਿਆ। ਉਹ ਦੋਵੇਂ ਬੁਢੀਆਂ ਮਿੱਸਾਂ ਹਮੇਸ਼ਾਂ ਇਸ ਬੱਚੀ ਨੂੰ " ਬੱਚ ਗਿਆ ਬੱਚਾ " ਕਹਿ ਕੇ ਯਾਦ ਕਰਦੀਆਂ ਸਨ। ਜਿਸ ਵਕਤ ਇਹ ਲੜਕੀ ਤਿੰਨ ਸਾਲ ਦੀ ਹੋਈ ਓਹਦੀ ਮਾਂ ਮਰ ਗਈ, ਤੇ ਬੱਚੀ ਹੁਣ ਆਪਣੀ ਦਾਦੀ ਪਾਸ ਔਖੀ ਸੀ। ਇਸ ਕਰਕੇ ਉਨ੍ਹਾਂ ਮਿਸਾਂ ਨੇ ਓਹਨੂੰ ਦਾਦੀ ਪਾਸੋਂ ਲੈ ਕੇ ਆਪ ਪਾਲਣਾ ਸ਼ੁਰੂ ਕਰ ਦਿੱਤਾ। ਸੱਚ ਆਪਣੀ ਦਾਦੀ ਪਾਸ ਤਾਂ ਓਹ ਇਕ ਕਿਸਮ ਦਾ ਬੋਝ ਹੀ ਸੀ ਨਾ । ਇਹ ਨਿੱਕੀ ਜੇਹੀ ਕਾਲੀ ਅੱਖਾਂ ਵਾਲੀ ਕੁੜੀ ਬੜੀ ਹੀ ਸੋਹਣੀ ਆਣ ਨਿਕਲੀ ਤੇ ਇਹਦੀ ਕੁਦਰਤੀ ਤਬੀਅਤ ਇੰਨੀ ਖਿਲਾੜੀ ਸੀ ਕਿ ਉਨ੍ਹਾਂ ਬੁਢੀਆਂ ਮਿੱਸਾਂ ਦਾ ਇਕ ਪਰਚਾਵਾ ਆਣ ਹੋਈ ।

**ਸੋਫੀਆ ਈਵਾਨੋਵਨਾ**—ਉਨ੍ਹਾਂ ਦੋਹਾਂ ਮਿੱਸਾਂ ਵਿਚੋਂ ਛੋਟੀ ਜਿਹੜੀ ਇਸ ਕੁੜੀ ਦੀ ਧਰਮ ਮਾਂ ਬਣੀ ਸੀ, ਦਾ ਦਿਲ

ਆਪਣੀ ਦੂਜੀ ਭੈਣ ਕੋਲੋਂ ਜ਼ਿਆਦਾ ਦਯਾਵਾਨ ਸੀ। **ਮੇਰੀ ਈਵਾਨੋਵਨਾ** ਜਿਹੜੀ ਵੱਡੀ ਸੀ, ਕੁਛ ਕੜੀ ਜੇਹੀ ਜਨਾਨੀ ਸੀ। **ਸੋਫੀਆ ਈਵਾਨੋਵਨਾ** ਇਸ ਨਿੱਕੀ ਕੁੜੀ ਨੂੰ ਸੋਹਣੇ ਕੱਪੜੇ ਪਹਿਨਾਂਦੀ ਸੀ ਤੇ ਨਾਲੇ ਓਹਨੂੰ ਲਿਖਣਾ ਪੜ੍ਹਨਾ ਸਿਖਾਂਦੀ ਸੀ। ਉਹਦਾ ਖਿਆਲ ਸੀ ਕਿ ਇਹਨੂੰ ਖੂਬ ਪੜ੍ਹਾ ਕੇ ਇਕ ਸ਼ਰੀਫ ਖਾਨਦਾਨ ਦੀ ਜਵਾਨ ਕੰਵਾਰੀ ਵਾਂਗ ਵੱਡਾ ਕੀਤਾ ਜਾਵੇ। **ਮੇਰੀ ਈਵਾਨੋਵਨਾ** ਬੱਸ ਇੰਨਾ ਚਾਹੁੰਦੀ ਸੀ ਕਿ ਓਹਨੂੰ ਘਰ ਬਾਹਰ ਦਾ ਕੰਮ ਕਾਜ ਸਿਖਲਾਇਆ ਜਾਵੇ ਕਿ ਓਹ ਚੰਗੀ ਨੌਕਰਾਨੀ ਤਿਆਰ ਹੋਵੇ, ਤੇ ਇਸ ਕਰਕੇ ਓਹਦੀ ਨਜ਼ਰ ਉਸ ਕੁੜੀ ਵਲ ਕੁਛ ਵਿਹਾਰੀ ਜੇਹੀ ਸੀ। ਇਓਂ ਉਹ ਸਖਤ ਵਰਤਾ ਕਰਦੀ ਸੀ, ਕਦੀ ਕਦੀ ਸਜ਼ਾ ਦਿੰਦੀ ਸੀ ਜੇ ਗੁੱਸਾ ਚੜ੍ਹ ਜਾਏ ਤਦ ਠੋਕ ਵੀ ਦਿੰਦੀ ਸੀ। ਇਕੋ ਘਰ ਇਨ੍ਹਾਂ ਦੋਹਾਂ ਅਸਰਾਂ ਹੇਠ ਵਿਚਾਰੀ ਕੁੜੀ ਨਾ ਇਧਰ ਦੀ ਰਹੀ ਨਾ ਉਧਰ ਦੀ। ਅੱਧੀ ਤਾਂ ਨੌਕਰ ਬਣੀ ਤੇ ਅਧ ਪਚੱਧੀ ਸ਼ਰੀਫ ਜਵਾਨ ਸਵਾਣੀ। ਦੋਵੇਂ ਮਿੱਸਾਂ ਓਹਨੂੰ ਲਾਡ ਨਾਲ **ਕਾਤੂਸ਼ਾ** ਕਰਕੇ ਬੁਲਾਂਦੀਆਂ ਸਨ। ਇਹ ਨਿੱਕਾ ਨਾਂ **ਕਾਤਿਨਕਾ** ਨਾਮ ਥੀਂ (ਰੂਸੀ ਜਬਾਨ ਦਾਨੀ ਵਿੱਚ) ਘੱਟ ਮਾਂਝਿਆ ਹੋਇਆ ਨਾਮ ਸੀ ਪਰ **ਕਤਿਕਾ** ਆਮ ਸਾਧਾਰਨ ਨਾਮ ਥੀਂ ਜ਼ਿਆਦਾ ਚੰਗਾ ਸੀ। ਇਹ ਕੁੜੀ ਕੱਪੜੇ ਸੀਂਦੀ ਤੁਪਦੀ ਸੀ, ਕਮਰਿਆਂ ਨੂੰ ਝਾੜੂ ਦੇ ਸਾਫ ਸੁਥਰਾ ਕਰ ਰੱਖਦੀ ਸੀ, ਤੇ ਹੋਰ ਘਰ ਦਾ ਨਿੱਕਾ ਮੋਟਾ ਸਾਰਾ ਕੰਮ ਕਰਦੀ ਸੀ ਤੇ ਜਦ ਕਦੀ ਕਦੀ ਓਹਨੂੰ ਵਿਹਲ ਮਿਲਦੀ ਤਾਂ ਬੈਠ ਕੇ ਪੜ੍ਹਦੀ, ਯਾ

ਪੜ੍ਹ ਕੇ ਇਨ੍ਹਾਂ ਦੋਹਾਂ ਸਵਾਣੀਆਂ ਨੂੰ ਕਥਾ ਕਰ ਸੁਣਾਂਦੀ ਸੀ।

ਭਾਵੇਂ ਚੜ੍ਹੀ ਜਵਾਨੀ ਇਸ ਕੁੜੀ ਨੂੰ ਇਕ ਥੀਂ ਵੱਧ ਲੜਕਿਆਂ ਨੇ ਵਿਆਹ ਲਈ ਕਹਿਆ ਸੀ, ਪਰ ਉਸ ਵਿਆਹ ਕਰਨ ਥੀਂ ਇਨਕਾਰ ਕਰ ਦਿੱਤਾ ਸੀ। ਉਸ ਨੂੰ ਇਹ ਭਾਨ ਹੋਇਆ ਕਿ ਇਨ੍ਹਾਂ ਮਜੂਰ ਲੋਕਾਂ ਵਿੱਚੋਂ ਕਿਸੀ ਇਕ ਦੀ ਘਰ ਵਾਲੀ ਬਣ ਜਾਣ ਨਾਲ, ਤੇ ਉਹਨੂੰ ਚਾਹੁਣ ਵਾਲੇ ਓਹੋ ਹੀ ਠੁਲ੍ਹੇ ਸਾਧਾਰਨ ਕਿਸਾਨ ਲੋਕੀ ਹੀ ਸਨ, ਉਸ ਨੂੰ ਕੋਈ ਸੁਖ ਨਹੀਂ ਪ੍ਰਾਪਤ ਹੋ ਸਕੇਗਾ, ਹੁਣ ਜਦ ਕਿ ਉਹ ਇਕ ਵੱਡੇ ਸ਼ਰੀਫ ਘਰਾਨੇ ਵਿੱਚ ਉਪਰਲੇ ਦਰਜੇ ਦੇ ਸੁੱਖਾਂ ਤੇ ਲਾਡਾਂ ਵਿੱਚ ਪਲੀ ਸੀ ਤੇ ਉਸੀ ਕਿਸਮ ਦੇ ਅਕਲਾਂ ਵਾਲੇ ਸੁਖ ਦੀ ਆਦੀ ਹੋ ਚੁਕੀ ਸੀ। ਓਹਨੂੰ ਦੁੱਖ ਤੇ ਮਿਹਨਤ ਮੁਸ਼ੱਕਤ ਦੇ ਜੀਵਨ ਦਾ ਕੋਈ ਸੁਖ ਸਵਾਦ ਨਹੀਂ ਸੀ ਦਿੱਸ ਆਉਂਦਾ।

ਇਓਂ ਉੱਸੇ ਘਰ ਵਿੱਚ ਉਸੀ ਤਰਾਂ ਰਹਿੰਦੀ ਦੀ ਉਮਰ ੧੬ ਸਾਲ ਦੀ ਆਣ ਹੋਈ। ਜਦ ਇਹ ਸੋਲਾਂ ਸਾਲਾਂ ਦੇ ਭਰ ਜੋਬਨ ਵਿੱਚ ਸੀ, ਤਦ ਉਨ੍ਹਾਂ ਦਿਨਾਂ ਵਿੱਚ ਇਨ੍ਹਾਂ ਮਿੱਸਾਂ ਦਾ ਭਤਰੀਆ ਇਕ ਅਮੀਰ ਨੌਜਵਾਨ ਸ਼ਾਹਜ਼ਾਦਾ ਯੂਨੀਵਰਸਟੀ ਵਿੱਚ ਪੜ੍ਹਣ ਵਾਲਾ ਮੁੰਡਾ ਆਪਣੀਆਂ ਫੁਫੀਆਂ ਪਾਸ ਛੁੱਟੀਆਂ ਦੇ ਦਿਨ ਗੁਜ਼ਾਰਨ ਨੂੰ ਆਇਆ। ਤੇ **ਕਾਤੂਸ਼ਾ** ਆਪਣੇ ਰੂਹ ਨੂੰ ਵੀ ਨਹੀਂ ਸੀ ਦੱਸਣਾ ਚਾਹੁੰਦੀ ਪਰ ਅੰਦਰੋ ਅੰਦਰ ਹੀ ਉਹ ਇਸ ਨੌਜਵਾਨ ਨੂੰ ਵੇਖਦੇ ਸਾਰ ਹੀ ਉਹਦੇ ਪਿਆਰ ਵਿੱਚ ਡੁੱਬ ਗਈ ਸੀ।

ਇਸ ਥੀਂ ਦੋ ਸਾਲ ਪਿੱਛੇ ਇਹੋ ਉਨ੍ਹਾਂ ਦਾ ਭਤਰੀਆ ਆਪਣੀਆਂ ਫੁੱਫੀਆਂ ਪਾਸ ਆਪਣੀ **ਰੈਜਮਿੰਟ** ਵਿੱਚ ਨਾਂ ਲਵਾਣ ਨੂੰ ਜਾਣ ਥੀਂ ਪਹਿਲਾਂ ਚਾਰ ਰੋਜ ਆਕੇ ਰਹਿਆ ਸੀ ਤੇ

ਉੱਥੋਂ ਜਾਣ ਥੀਂ ਇਕ ਰਾਤ ਪਹਿਲਾਂ ਉਸ ਨੇ **ਕਾਤੂਸ਼ਾ** ਨੂੰ ਭਰਮਾ ਲਇਆ ਸੀ ਤੇ ਉਹਨੂੰ ਆਪਣੀ ਕੀਤੀ ਬਦਮਾਸ਼ੀ ਬਦਲੇ ਇਕ ਸੌ ਰੂਬਲ ਦਾ ਨੋਟ ਦੇ ਕੇ ਟੁਰ ਗਇਆ ਸੀ। ਉਸ ਥੀਂ ਪੰਜ ਮਹੀਨੇ ਮਗਰੋਂ **ਕਾਤੂਸ਼ਾ** ਨੂੰ ਪਤਾ ਲੱਗਾ ਕਿ ਉਹ ਗਰਭ-ਵਤੀ ਹੈ। ਜਦ ਉਹਨੂੰ ਇਹ ਗੱਲ ਪਤਾ ਲੱਗੀ ਤਦ ਓਹਨੂੰ ਕੁਛ ਵੀ ਚੰਗਾ ਨਹੀਂ ਸੀ ਲੱਗਦਾ। ਉਹਦਾ ਬੱਸ ਇੱਕੋ ਖਿਆਲ ਸੀ ਕਿ ਇਸ ਸ਼ਰਮਸਾਰੀ ਥੀਂ ਕਿਸ ਤਰਾਂ ਬਚੇ ਨਾ ਸਿਰਫ ਉਹ ਆਪਣੇ ਘਰ ਦੇ ਕੰਮ ਕਾਜ ਤੇ ਉਨ੍ਹਾਂ ਮਿੱਸਾਂ ਦੀ ਸੇਵਾ ਆਦਿ ਕਰਨ ਵਿੱਚ ਢਿੱਲੀ ਹੋ ਗਈ ਸੀ, ਬਲਕਿ ਮਿਜਾਜ਼ ਦੀ ਚਿੜ-ਚਿੜੀ ਹੋ ਗਈ ਸੀ। ਇਕ ਵੇਰੀ ਉਨ੍ਹਾਂ ਨੂੰ ਖਹੁਰੀ ਬੋਲੀ ਤੇ ਉਨ੍ਹਾਂ ਨਾਲ ਲੜ ਵੀ ਪਈ। ਆਖ਼ਰ ਉਸ ਆਖਿਆ ਕਿ ਮੈਨੂੰ ਛੁੱਟੀ ਦੇਵੋ ਮੈਂ ਹੁਣ ਨੌਕਰੀ ਨਹੀਂ ਕਰਨੀ। ਭਾਵੇਂ ਇਸ ਬੇਅਦਬੀ ਕਰਨ ਦਾ ਪਿੱਛੋਂ ਉਹਨੂੰ ਮੰਦਾ ਵੀ ਲੱਗਾ ਪਰ ਆਖ਼ਰ ਉਸ ਉਨ੍ਹਾਂ ਦੀ ਨੌਕਰੀ ਛੱਡ ਹੀ ਦਿੱਤੀ। ਉਹ ਮਿੱਸਾਂ ਆਪਣੀ ਥਾਂ ਉਸ ਥੀਂ ਔਖੀਆਂ ਹੀ ਸਨ, ਉਨ੍ਹਾਂ ਛੁੱਟੀ ਵੀ ਦੇ ਦਿੱਤੀ।

ਇਸ ਥੀਂ ਮਗਰੋਂ ਉਸ ਨੇ ਇਕ ਪੋਲੀਸ ਅਫਸਰ ਦੇ ਘਰ ਨੌਕਰਾਨੀ ਦਾ ਕੰਮ ਚੁਕਿਆ, ਪਰ ਓਥੇ ਵੀ ਤਿੰਨ ਮਹੀਨੇ ਲਈ ਹੀ ਰਹਿ ਸਕੀ। ਉਹ ਪੋਲੀਸ ਅਫਸਰ ਭਾਵੇਂ ਸੀ ਤਾਂ ਪੰਜਾਹ ਸਾਲਾਂ ਦਾ ਬੁੱਢਾ, ਪਰ **ਕਾਤੂਸ਼ਾ** ਨੂੰ ਛੇੜਦਾ ਸੀ ਤੇ ਤੰਗ ਕਰਦਾ ਸੀ। ਇਕ ਵੇਰੀ ਉਹ ਇਸ ਦੇ ਮਗਰ ਪਇਆ ਤੇ ਛੇੜਨ ਲੱਗਾ **ਕਾਤੂਸ਼ਾ** ਉਸ ਵਕਤ ਖਾਸ ਦਲੇਰੀ ਦੀ ਤਬੀਅਤ ਵਿੱਚ ਸੀ। ਉਹਦੇ ਛੇੜਨ ਉੱਪਰ ਇਹ ਤੈਸ਼ ਵਿੱਚ ਆਈ ਤੇ ਉਹਨੂੰ ਬੜੀਆਂ ਗਾਲ੍ਹਾਂ ਕੱਢੀਆਂ। "ਬੇਵਕੂਫ" "ਮਰਦੂਦ"

''ਬੁੱਢਾ ਸ਼ੈਤਾਨ''—ਨਾਲੇ ਦੋਹਾਂ ਹੱਥਾਂ ਨਾਲ ਇੰਨੇ ਜ਼ੋਰ ਨਾਲ ਧੱਕਾ ਦਿੱਤਾ ਕਿ ਉਹ ਬੁਰੀ ਤਰਾਂ ਡਿੱਗਣ ਥੀਂ ਮਸੇਂ ਹੀ ਬਚਿਆ—ਇਸ ਗੁਸਤਾਖੀ ਲਈ ਉਹ ਉਸ ਘਰੋਂ ਕੱਢੀ ਗਈ। ਹੁਣ ਹੋਰ ਕੋਈ ਨੌਕਰੀ ਕਰਨੀ ਬੇਫਾਇਦਾ ਸੀ, ਉੱਦੋਂ ਬੱਚਾ ਜਣਨ ਦਾ ਵਕਤ ਨੇੜੇ ਆ ਪਹੁਤਾ ਸੀ । ਇਸ ਕਰਕੇ ਉਹ ਇਕ ਨਾਜਾਇਜ਼ ਸ਼ਰਾਬ ਦੀ ਖੁਰਦਾ ਫਿਰੋਸ਼ ਤੀਮੀ ਦੇ ਘਰ, ਜਿਹੜੀ ਦਾਈ ਦਾ ਕੰਮ ਵੀ ਕਰਦੀ ਸੀ, ਚਲੀ ਗਈ। ਬੱਚਾ ਬਿਨਾ ਤਕਲੀਫ ਦੇ ਪੈਦਾ ਹੋਇਆ, ਪਰ ਉਸ ਦਾਈ ਦਾ ਏਹੋ ਜੇਹਾ ਇਕ ਹੋਰ ਵੀ ਮਰੀਜ਼ ਸ਼ਹਿਰ ਵਿੱਚ ਸੀ। ਜਿਦ੍ਹੇ ਬੱਚੇ ਨੂੰ ਬੁਖਾਰ ਸੀ ਤੇ ਉਸ ਥੀਂ ਜ਼ਹਿਰੀਲੀ ਛੋ ਉਸ ਦਾਈ ਨੇ **ਕਾਤੂਸ਼ਾ** ਨੂੰ ਵੀ ਲਾ ਦਿੱਤੀ, ਤੇ **ਕਾਤੂਸ਼ਾ** ਥੀਂ ਉਸ ਬੱਚੇ ਨੂੰ ਵੀ ਲੱਗ ਗਈ। ਨਤੀਜਾ ਇਹ ਹੋਇਆ ਕਿ ਉਹਦਾ ਮਾਸੂਮ ਬੱਚਾ ਬੱਚਿਆਂ ਦੇ ਹਸਪਤਾਲ ਘਲਣਾ ਪਿਆ; ਤੇ ਉਸ ਬੁੱਢੀ ਜਨਾਨੀ ਨੇ ਕੁਛ ਚਿਰ ਮਗਰੋਂ ਆ ਕੇ ਦੱਸ ਦਿੱਤਾ ਕਿ ਉਹ ਬੱਚਾ ਹਸਪਤਾਲ ਜਾਂਦਿਆਂ ਹੀ ਮਰ ਗਇਆ ਸੀ। **ਕਾਤੂਸ਼ਾ** ਪਾਸ ਜਦ ਉਹ ਉਸ ਚੋਰੀ ਦੀ ਸ਼ਰਾਬ ਵੇਚੂ ਤੀਮੀ ਦੇ ਘਰ ਗਈ ਸੀ, ੧੨੭ ਰੂਬਲ ਸਨ। ੨੭ ਤਾਂ ਉਸ ਆਪ ਕਮਾਏ ਸਨ ਤੇ ੧੦੦) ਉਹਦੇ ਨਾਲ ਉਸ ਧ੍ਰੋਹ ਕਮਾਣ ਵਾਲੇ ਨੇ ਉਹਨੂੰ ਦਿੱਤੇ ਸਨ। ਜਦ ਉਹਦੇ ਘਰੋਂ ਨ੍ਹਾ ਧੋ ਕੇ ਉਹ ਬਾਹਰ ਨਿਕਲੀ, **ਕਾਤੂਸ਼ਾ** ਪਾਸ ਸਿਰਫ ਛੇ ਰੂਬਲ ਸਨ; ਉਹਨੂੰ ਰੁਪੈ ਰੱਖਣ ਦੀ ਜਾਚ ਹੀ ਨਹੀਂ ਸੀ। ਉਹ ਤਾਂ ਯਾ ਆਪਣੇ ਉੱਪਰ ਖਰਚ ਕਰ ਦਿੰਦੀ ਸੀ ਯਾ ਜੋ ਉਸ ਪਾਸੋਂ ਮੰਗੇ ਉਸਨੂੰ ਦੇ ਦਿੰਦੀ ਸੀ। ਉਸ ਦਾਈ ਨੇ ਦੋ ਮਹੀਨੇ ਦੇ ਘਰ ਰੱਖਣ ਤੇ ਦਾਈਆਂ ਵਾਲੀ ਸੇਵਾ ਕਰਨ ਲਈ ੪੦) ਰੂਬਲ ਫੀਸ ਲੀਤੀ, ੨੫) ਬੱਚੇ ਦੇ ਇਲਾਜ ਲਈ

ਬੱਚਿਆਂ ਦੇ ਹਸਪਤਾਲ ਵਾਲਿਆਂ ਲਏ ਤੇ ੪੦) ਰੂਬਲ ਉਸ ਦਾਈ ਨੇ ਇਕ ਗਊ ਖਰੀਦਣ ਲਈ **ਕਾਤੂਸ਼ਾ** ਪਾਸੋਂ ਕਰਜ਼ਾ ਲੀਤੇ, ਤੇ ੨੦) ਰੂਬਲ ਕੱਪੜੇ ਤੇ ਹੋਰ ਲੋੜਵੰਦੀ ਚੀਜ਼ਾਂ ਆਦਿ ਦੀ ਖਰੀਦ ਵਿੱਚ ਲੱਗ ਗਏ। ਜਦ ਹੁਣ ਬਾਹਰ ਆਕੇ ਪੱਲੇ ਕੁਛ ਨ ਰਹਿਆ ਤਦ **ਕਾਤੂਸ਼ਾ** ਨੂੰ ਮੁੜ ਕਿਸੀ ਨੌਕਰੀ ਦੀ ਤਲਾਸ਼ ਕਰਨੀ ਪਈ ਤੇ ਇਕ ਜੰਗਲ ਦੇ ਦਰੋਗੇ ਦੇ ਘਰ ਨੌਕਰੀ ਲੱਭੀ। ਇਹ ਦਰੋਗਾ ਸੀ ਤਾਂ ਵਿਆਹਿਆ ਹੋਇਆ, ਪਰ ਪਹਿਲੇ ਦਿਨ ਥੀਂ ਹੀ ਉਸ ਨੇ **ਕਾਤੂਸ਼ਾ** ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ। **ਕਾਤੂਸ਼ਾ** ਉਹਨੂੰ ਦਿਲੋਂ ਘ੍ਰਿਣਾ ਕਰਦੀ ਸੀ ਤੇ ਉਸ ਥੀਂ ਪਰੇ ਪਰੇ ਰਹਿਣ ਦੀ ਕੋਸ਼ਿਸ਼ ਕਰਦੀ ਸੀ। ਪਰ ਉਹ ਉਸਦਾ ਅੰਨ ਦਾਤਾ ਸੀ ਤੇ **ਕਾਤੂਸ਼ਾ** ਨਿਰੀ ਨੌਕਰਾਨੀ ਸੀ, ਉਹ ਉਹਨੂੰ ਜਿਸ ਪਾਸੇ ਉਹ ਚਹੇ ਬੁਲਾ ਲੈਂਦਾ ਸੀ। ਨਾਲੇ ਉਹ ਬੜਾ ਹੀ ਸਿਆਣਾ ਤੇ ਚਾਲਾਕ ਆਦਮੀ ਸੀ, ਉਹਨੂੰ ਫਸਾਣ ਦੇ ਸਾਰੇ ਢੰਗ ਆਉਂਦੇ ਸਨ। ਆਖਰ ਉਸ ਨੇ ਮੌਕਾ ਪਾਕੇ **ਕਾਤੂਸ਼ਾ** ਨੂੰ ਕਾਬੂ ਕਰਕੇ ਖਰਾਬ ਕਰ ਹੀ ਦਿੱਤਾ। ਉਹਦੀ ਵਹੁਟੀ ਨੂੰ ਇਸ ਗੱਲ ਦੀ ਖਬਰ ਲੱਗ ਗਈ ਤੇ ਇਕ ਦਿਨ ਆਪਣੇ ਖਾਵੰਦ ਤੇ **ਕਾਤੂਸ਼ਾ** ਨੂੰ ਇਕ ਕੱਲੇ ਕਮਰੇ ਵਿੱਚ ਇਕੱਠਾ ਬੈਠਿਆਂ ਪਕੜ ਕੇ ਉਸ ਨੇ **ਕਾਤੂਸ਼ਾ** ਨੂੰ ਖੂਬ ਕੁੱਟਿਆ। **ਕਾਤੂਸ਼ਾ** ਵੀ ਅੱਗੋਂ ਮੁਕਾਬਲੇ ਤੇ ਖਲੋ ਗਈ, ਦੋਹਾਂ ਦੀ ਖੂਬ ਲੜਾਈ ਹੋਈ ਤੇ **ਕਾਤੂਸ਼ਾ** ਨੂੰ ਬਿਨਾਂ

ਤਨਖ਼ਾਹ ਦਿੱਤੇ ਦੇ ਘਰੋਂ ਬਾਹਰ ਕੱਢ ਦਿੱਤਾ ਗਇਆ।

ਇਸ ਥੀਂ ਪਿੱਛੇ ਉਹ ਆਪਣੀ ਭੂਆ ਪਾਸ ਰਹਿਣ ਨੂੰ ਸ਼ਹਿਰ ਟੁਰ ਗਈ, ਓਹਦਾ ਫੁੱਫੜ ਜਿਲਦਗਰ ਸੀ। ਕਦੀ ਚੰਗੇ ਪੈਸੇ ਵਾਲਾ ਹੋ ਚੁੱਕਾ ਸੀ, ਪਰ ਉਹਦੇ ਗਾਹਕ ਕੁਛ ਪਤਲੇ ਪੈ ਗਏ। ਉਹ ਸ਼ਰਾਬ ਪੀਣ ਲੱਗ ਪਇਆ, ਤੇ ਜੋ ਕੁਝ ਉਹਨੂੰ ਲਭਦਾ ਉਹ ਕਲਾਲ ਖਾਨੇ ਬਹਿ ਚੱਟ ਕਰ ਜਾਂਦਾ ਸੀ। ਭੂਆ ਨੇ ਕੱਪੜੇ ਧੋਣ ਦਾ ਕੰਮ ਚੁੱਕਿਆ ਹੋਇਆ ਸੀ, ਤੇ ਇਸ ਤਰ੍ਹਾਂ ਉਹ ਮਿਹਨਤ ਮਜੂਰੀ ਕਰਕੇ ਉਹ ਆਪਣੇ ਬਾਲ ਬੱਚੇ ਦਾ ਨਿਰਬਾਹ ਟੋਰਦੀ ਸੀ। ਉਹ ਨਾਲੇ ਆਪਣੇ ਨਸ਼ਈ ਖਾਵੰਦ ਨੂੰ ਵੀ ਪਾਲਦੀ ਸੀ। ਭੂਆ ਨੇ ਕਾਤੂਸ਼ਾ ਨੂੰ ਆਪਣੇ ਪਾਸ ਕੱਪੜੇ ਧੋਣ ਤੇ ਰੱਖ ਲਇਆ, ਪਰ **ਕਾਤੂਸ਼ਾ** ਇਹ ਵੇਖ ਕੇ ਕਿ ਉਸ ਦੀ ਭੂਆ ਕਿਸ ਬਿਪਤਾ ਤੇ ਦੁੱਖ ਵਿੱਚ ਰੁਪਈਏ ਕਮਾਂਦੀ ਸੀ ਤੇ ਕਿਸ ਭੈੜੀ ਹਾਲਤ ਵਿੱਚ ਰਹਿੰਦੀ ਸੀ, ਓਥੋਂ ਟੁਰ ਗਈ। ਨੌਕਰੀ ਲਈ ਨੌਕਰ ਰੱਖਣ ਵਾਲੇ ਏਜੰਟਾਂ ਦੇ ਦਫਤਰ ਵਿੱਚ ਅਰਜ਼ੀ ਜਾ ਦਿੱਤੀ, ਤੇ ਉਨ੍ਹਾਂ ਦਫਤਰ ਵਾਲਿਆਂ ਉਸ ਲਈ ਇਕ ਥਾਂ ਲੱਭ ਦਿੱਤੀ। ਇਹ ਨੌਕਰੀ ਇਕ ਸਵਾਣੀ ਦੀ ਸੀ ਜਿਹੜੀ ਆਪਣੇ ਦੋਹਾਂ ਪੁਤਰਾਂ ਨੂੰ **ਪਬਲਿਕ ਸਕੂਲ** ਵਿੱਚ ਪੜ੍ਹਾਣ ਦੀ ਖਾਤਰ ਸ਼ਹਿਰ ਆ ਰਹੀ ਸੀ। ਹਾਲੇਂ ਇਸ ਨੌਕਰੀ ਦੇ ਸੱਤ ਦਿਨ ਵੀ ਨਹੀਂ ਸਨ ਲੰਘੇ, ਕਿ ਉਸ ਸਵਾਣੀ ਦੇ ਦੋਹਾਂ ਮੁੰਡਿਆਂ ਵਿੱਚੋਂ ਵੱਡੇ ਮੁੰਡੇ ਨੇ ਜਿਹਦੀਆਂ ਮੁੱਛਾਂ ਮਸਾਂ ਫੁੱਟੀਆਂ ਹੀ ਸਨ, ਪੜ੍ਹਨਾ ਪੜ੍ਹਾਣਾ ਉੱਕਾ ਛੱਡ ਦਿੱਤਾ ਤੇ ਲੱਗਾ **ਕਾਤੂਸ਼ਾ** ਨੂੰ ਛੇੜਨ ਤੇ ਤੰਗ ਕਰਨ, ਜਿਧਰ **ਕਾਤੂਸ਼ਾ** ਜਾਵੇ ਮਗਰ ਹੀ ਮਗਰ ਮੁੰਡਾ। ਮਾਂ ਨੇ ਸਾਰਾ ਕਸੂਰ **ਕਾਤੂਸ਼ਾ** ਦੇ

ਮੱਥੇ ਲਾਇਆ ਤੇ ਉਸ ਨੂੰ ਨੌਕਰੀਓਂ ਬਰਖ਼ਾਸਤ ਕਰ ਦਿੱਤਾ ।

ਕੁਝ ਚਿਰ ਹੋਰ ਨੌਕਰੀ ਢੂੰਡਦਿਆਂ ਢੂੰਡਦਿਆਂ ਲੰਘ ਗਇਆ, ਪਰ ਨੌਕਰੀ ਮੁੜ ਕੋਈ ਨਾ ਮਿਲੀ।ਆਖਰ ਕਾਤੂਸ਼ਾ ਓਸੇ ਨੌਕਰ ਰਖਾਣ ਵਾਲੇ ਏਜੰਟਾਂ ਦੇ ਦਫਤਰ ਗਈ, ਓਥੇ ਇਕ ਮੁਟਿਆਰ ਜਿਦੀਆਂ ਨੰਗੀਆਂ ਤੇ ਮੋਟੀਆਂ ਬਾਹਾਂ ਵਿੱਚ ਕੜੇ ਸਨ ਤੇ ਹੱਥਾਂ ਦੀਆਂ ਬਹੁਤ ਸਾਰੀਆਂ ਉਂਗਲਾਂ ਵਿੱਚ ਛਾਪਾਂ ਸਨ, ਕਾਤੂਸ਼ਾ ਨੂੰ ਮਿਲੀ। ਇਹ ਸੁਣ ਕੇ ਕਿ ਕਾਤੂਸ਼ਾ ਨੌਕਰੀ ਦੀ ਤਲਾਸ਼ ਵਿੱਚ ਹੈ, ਉਸ ਮੁਟਿਆਰ ਨੇ ਉਹਨੂੰ ਆਪਣੇ ਘਰ ਦਾ ਪਤਾ ਦੱਸਿਆ, ਤੇ ਕਹਿਆ ਕਿ ਉਹ ਉਹਦੇ ਘਰ ਜੇ ਆ ਜਾਵੇ ਤਾਂ ਉਹ ਉਹਨੂੰ ਕੰਮ ਲਾ ਦੇਵੇਗੀ । ਕਾਤੂਸ਼ਾ ਉੱਥੇ ਹੀ ਅੱਪੜੀ, ਉਹ ਤੀਮੀ ਉਹਨੂੰ ਬੜੀ ਹੀ ਮਿਹਰਬਾਨੀ ਨਾਲ ਮਿਲੀ ਤੇ ਕੇਕ ਖਾਣ ਲਈ ਤੇ ਅੰਗੂਰ ਦੀ ਸ਼ਰਾਬ ਪੀਣ ਲਈ ਅੱਗੇ ਰੱਖੀ, ਤੇ ਉਥੇ ਹੀ ਉਸ ਮੁਟਿਆਰ ਨੇ ਇਕ ਖਤ ਲਿਖਿਆ । ਤੇ ਆਪਣੇ ਨੌਕਰ ਨੂੰ ਦਿੱਤਾ ਕਿ ਫਲਾਣੇ ਨੂੰ ਦੇ ਆ । ਸ਼ਾਮ ਪੈਣ ਤੇ ਇਕ ਬੜਾ ਲੰਮਾ ਆਦਮੀ, ਲੰਮੇ ਸਫੇਦ ਵਾਲ ਸਿਰ ਦੇ ਸਨ ਤੇ ਲੰਮੀ ਉਹਦੀ ਦਾਹੜੀ ਸੀ, ਉੱਸੇ ਕਮਰੇ ਵਿੱਚ ਆ ਵੜਿਆ, ਤੇ ਇਕ ਨ ਕੀਤੀ ਦੋ ਨ ਕੀਤੀ ਤੇ ਕਾਤੂਸ਼ਾ ਪਾਸ ਝਟਾ ਪਟ ਆਣ ਕੇ ਬਹਿ ਨਹੀ ਗਇਆ । ਅੱਖਾਂ ਉਹਦੀਆਂ ਕਿਸੀ ਸ਼ਰਾਰਤ ਦੇ ਇਰਾਦੇ ਨਾਲ ਚਮਕ-ਦੀਆਂ ਸਨ ਤੇ ਹੱਸ ਹੱਸ ਕੇ ਉਹ ਕਾਤੂਸ਼ਾ ਵਲ ਤੱਕਦਾ ਸੀ, ਇਓਂ ਉਸ ਕੋਲ ਬਹਿ ਕੇ ਉਹ ਉਸ ਨਾਲ ਮਖੌਲ ਤੇ ਛੇੜਖਾਨੀ

ਕਰਨ ਲੱਗ ਪਇਆ ।

ਇਹ ਵੇਖ ਕੇ ਓਹ ਮੁਟਿਆਰ ਓਸ ਮਰਦ ਨੂੰ ਉਠਾ ਕੇ ਦੂਜੇ ਕਮਰੇ ਵਿੱਚ ਲੈ ਗਈ ਤੇ **ਕਾਤੂਸ਼ਾ** ਨੇ ਸੁਣ ਲਇਆ ਜਦ ਓਸਨੇ ਓਹਨੂੰ ਜਾਕੇ ਕਹਿਆ "ਨਵੀਂ ਆਈ ਗਰਾਮੀਨ ਹੈ ।" ਫਿਰ ਉਸ ਮੁਟਿਆਰ ਨੇ **ਕਾਤੂਸ਼ਾ** ਨੂੰ ਬੁਲਾਇਆ ਤੇ ਆਖਣ ਲੱਗੀ "ਇਹ ਮਰਦ ਬੜਾ ਭਾਰੀ ਮੁਸੱਨਫ ਹੈ ਤੇ ਬੜਾ ਅਮੀਰ ਆਦਮੀ ਹੈ ਤੇ ਜੇ ਤੈਨੂੰ ਕੁੜੀਏ ਪਸੰਦ ਕਰ ਲਵੇਗਾ ਤਾਂ ਬਸ ਜੋ ਤੂੰ ਮੰਗੇਂ ਹਾਜ਼ਰ ਭਰੇਗਾ ।" **ਕਾਤੂਸ਼ਾ** ਉਸ ਮਰਦ ਦੇ ਪਸੰਦ ਆ ਗਈ, ਓਸਨੇ ਓਹਨੂੰ ੨੫) ਰੂਬਲ ਦਿੱਤੇ ਤੇ ਕਹਿਆ ਕਿ ਮੈਂ ਅਕਸਰ ਤੇਰੇ ਪਾਸ ਆਇਆ ਕਰਸਾਂ । ੨੫) ਰੂਬਲ ਵੀ ਬੜੇ ਹੀ ਛੇਤੀ ਪਿਘਲੇ । ਕੁਝ ਤਾਂ ਉਹ ਆਪਣੀ ਭੂਆ ਦਾ ਜੋ ਰਹਿਣ ਬਹਿਣ ਦਾ ਦੇਣਾ ਸੀ ਦੇ ਆਈ, ਤੇ ਕੁਝ ਕੰਘੀ, ਪੱਟੀ, ਫੀਤਾ, ਟੋਪੀ ਆਦਿ ਖਰੀਦਣ ਵਿੱਚ ਲਗ ਗਏ । ਕੁਝ ਦਿਨਾਂ ਪਿੱਛੋਂ ਓਸ ਮੁਸੱਨਫ ਨੇ **ਕਾਤੂਸ਼ਾ** ਨੂੰ ਸਦ ਭੇਜਿਆ ਤੇ ਓਹ ਓਸ ਪਾਸ ਚਲੀ ਗਈ । ਓਸ ਮਰਦ ਨੇ ਮੁੜ ਓਹਨੂੰ ੨੫) ਰੂਬਲ ਦਿੱਤੇ ਤੇ ਇਕ ਵੱਖਰਾ ਮਕਾਨ ਖਾਸ ਓਹਦੇ ਰਹਿਣ ਲਈ ਲੈ ਦੇਣ ਲਈ ਕਹਿਆ । ਫਿਰ ਲੈ ਦਿੱਤਾ, ਤੇ **ਕਾਤੂਸ਼ਾ** ਇਸ ਨਵੇਂ ਵੱਖਰੇ ਮਕਾਨ ਵਿੱਚ ਰਹਿਣ ਲੱਗੀ ।

ਇਸ ਮਕਾਨ ਦੇ ਗਵਾਂਢ, ਬੂਹੇ ਨਾਲ ਬੂਹਾ, ਚੰਨੇ ਨਾਲ ਚੰਨਾ, ਇਕ ਬੜਾ ਹੀ ਖ਼ੁਸ਼ ਰਹਿਣਾ ਗਭਰੂ ਦੁਕਾਨਦਾਰ ਰਹਿੰਦਾ ਸੀ, ਤੇ **ਕਾਤੂਸ਼ਾ** ਇਸ ਉੱਪਰ ਮੋਹਤ ਹੋ ਗਈ । ਇਸ ਗੱਲ

ਦੀ ਖ਼ਬਰ ਓਸ ਆਪੇ ਓਸ ਮੁਸੱਨਫ ਨੂੰ ਜਾ ਦੱਸੀ ਤੇ ਓਸ ਪਾਸੋਂ ਆਪਣਾ ਪੱਲਾ ਛੁੜਾ ਕੇ ਇਕ ਨਿਕੇ ਜੇਹੇ ਆਪ ਲਏ ਮਕਾਨ ਵਿੱਚ ਜਾਕੇ ਰਹਿਣ ਲੱਗ ਪਈ। ਉਸ ਦੁਕਾਨਦਾਰ ਨੇ **ਕਾਤੂਸ਼ਾ** ਨਾਲ ਕੌਲ ਇਕਰਾਰ ਕੀਤਾ ਸੀ ਕਿ ਓਸ ਨਾਲ ਸ਼ਾਦੀ ਕਰ ਲਵੇਗਾ ਪਰ ਓਹ ਆਪਣੇ ਕੰਮੀਂ ਕਾਜੀਂ **ਨਿਜ਼ਨੀ** ਨੂੰ ਗਇਆ ਮੁੜ ਨ ਬਹੁੜਿਆ। ਤੇ **ਕਾਤੂਸ਼ਾ** ਨੂੰ ਉੱਕਾ ਕੋਈ ਸੋ ਨ ਦੇ ਗਇਆ। ਸਿੱਧੀ ਗੱਲ ਇਹ ਸੀ ਕਿ ਓਹ **ਕਾਤੂਸ਼ਾ** ਨੂੰ ਛੱਡ ਕੇ ਟੁਰ ਹੀ ਗਇਆ। **ਕਾਤੂਸ਼ਾ** ਮੁੜ ਕੱਲੀ ਹੋ ਗਈ। **ਕਾਤੂਸ਼ਾ** ਦੀ ਦਿਲੀ ਮਰਜੀ ਸੀ ਕਿ ਓਹ ਓਸੇ ਮਕਾਨ ਵਿੱਚ ਕੱਲੀ ਹੀ ਟਿਕੀ ਰਵ੍ਹੇ, ਪਰ **ਪੋਲੀਸ** ਨੇ ਓਹਨੂੰ ਨੋਟਿਸ ਦਿੱਤਾ ਕਿ ਜੇ ਓਹ ਕਲੀ ਤੀਮੀ ਇਸ ਤਰ੍ਹਾਂ ਰਹਿਣ ਦਾ ਵਿਚਾਰ ਕਰ ਰਹੀ ਹੋਵੇ ਤਦ ਓਹਨੂੰ ਇਕ ਪੀਲਾ ਪਾਸ (ਕੰਜਰੀਆਂ ਵਾਲਾ ਲੈਸੰਸ) ਲੈਣਾ ਪੈਸੀ, ਤੇ ਡਾਕਟਰੀ ਮੁਲਾਹਿਜ਼ਾ ਵੀ ਕਰਵਾਨਾ ਪੈਸੀ। ਬਿਨਾ ਪੀਲੇ ਪਾਸ ਦੇ ਓਹ ਉਸ ਹਾਲਤ ਵਿੱਚ ਓਸੇ ਤਰ੍ਹਾਂ ਨਹੀਂ ਰਹਿ ਸੱਕੇਗੀ। ਬਿਚਾਰੀ ਮੁੜ ਆਪਣੀ ਭੂਆ ਪਾਸ ਗਈ ਪਰ ਓਹਦੀ ਲਟਕ ਮਟਕ ਤੇ ਪੁਸ਼ਾਕ ਦੇਖ ਕੇ ਓਹਦੀ ਟੋਪੀ, ਓਹਦਾ ਗੁਲਬੰਦ ਆਦਿ ਇੰਨਾਂ ਬਾਂਕਾ ਦੇਖ ਕੇ ਓਹਦੀ ਭੂਆ ਨੇ ਓਹਨੂੰ ਆਪਣੇ ਕੱਪੜੇ ਧੋਣ ਵਾਲੇ ਕਾਰਖਾਨੇ ਵਿੱਚ ਕੋਈ ਥਾਂ ਨਾ ਦਿੱਤੀ, ਤੇ ਓਸ ਨੇ ਓਹਨੂੰ ਆਖਿਆ ਕਿ "ਤੂੰ ਹੁਣ ਮੇਰੀ ਭੁੜੀ ਮਜੂਰੀ ਦੀ ਗਰੀਬ ਅਵੱਸਥਾ ਥੀਂ ਉਚੇਰੀ ਜਾ

ਪਹੁੰਚੀ ਹੈਂ ।'' ਤੇ ਨਾ ਹੀ **ਕਾਤੂਸ਼ਾ** ਕਦੀ ਧੋਬਣ ਬਣਨ ਦੀ ਚਿਤਵਨੀ ਕਰ ਹੀ ਸੱਕਦੀ ਸੀ, ਓਹ ਤਾਂ ਆਪਣੀ ਭੂਆ ਦੀਆਂ ਪਤਲੀਆਂ, ਪੀਲੀਆਂ, ਮੋਈਆਂ ਮਾਰੀਆਂ ਧੋਬਣਾਂ ਵੇਖ ਵੇਖ ਬੜਾ ਹੀ ਤਰਸ ਖਾਂਦੀ ਸੀ । ਉਨ੍ਹਾਂ ਵਿੱਚੋਂ ਕਈਆਂ ਨੂੰ ਤਪਦਿੱਕ ਦੀ ਬੀਮਾਰੀ ਵੀ ਹੋਈ ਹੋਈ ਸੀ । ਬਿਚਾਰੀਆਂ ਆਪਣੀਆਂ ਸੁੱਕੀਆਂ ਸੜੀਆਂ ਬਾਹਾਂ ਨਾਲ ਓਸ ਬੜੇ ਹੀ ਤੱਤੇ ਕਮਰੇ ਵਿੱਚ ਖੜੀਆਂ ਕੱਪੜਿਆਂ ਨੂੰ ਇਸਤਰੀ ਕਰ ਰਹੀਆਂ ਹੁੰਦੀਆਂ ਸਨ ਤੇ ਉਨ੍ਹਾਂ ਨੂੰ ਕਮਰੇ ਵਿੱਚ ਸਾਬਨ ਦੀ ਬਦਬੂ ਨਾਲ ਭਰੀ ਭਾਪ ਤੇ ਹਵਾ ਦੋਵੇਂ ਇਕੱਠੀਆਂ ਲੱਗਦੀਆਂ ਸਨ । ਇਹ ਵੇਖ ਵੇਖ **ਕਾਤੂਸ਼ਾ** ਨੂੰ ਨਾਲੇ ਤਰਸ ਆਉਂਦਾ ਸੀ ਤੇ ਨਾਲੇ ਓਹ ਸਹਮ ਖਾ ਜਾਂਦੀ ਸੀ, ਤੇ ਉਸਨੂੰ ਡਰ ਲੱਗਦਾ ਸੀ ਕਿ ਓਹਨੂੰ ਵੀ ਇਹ ਕਠਨ ਮਜ਼ੂਰੀ ਰੋਟੀ ਕਮਾਣ ਲਈ ਕਰਨੀ ਪਵੇਗੀ । ਸੋ ਇਸ ਕਰਕੇ ਧੋਬਣ ਬਣਨ ਦਾ ਤਾਂ ਓਹਦਾ ਉੱਕਾ ਖ਼ਿਆਲ ਹੀ ਨਹੀਂ ਸੀ । ਬਸ ਠੀਕ ਇਸ ਵਕਤ ਜਦ **ਕਾਤੂਸ਼ਾ** ਬੜੀ ਗਰੀਬੀ ਦੀ ਹਾਲਤ ਵਿੱਚ ਸੀ, ਤੇ ਸਾਹਮਣੇ ਓਹਦਾ ਰਖਿਕ ਨਜ਼ਰੀ ਨਹੀਂ ਸੀ ਪਿਆ ਆਉਂਦਾ, ਤਦ ਇਕ ਫੱਫੇਕੁੱਟਣ ਨੇ ਓਸ ਉੱਪਰ ਆਪਣਾ ਜਾਲ ਆਣ ਪਾਇਆ ।

**ਕਾਤੂਸ਼ਾ** ਕੁਛ ਚਿਰ ਤੋਂ ਤਮਾਕੂ ਤਾਂ ਪੀਣ ਲੱਗ ਹੀ ਪਈ ਸੀ, ਪਰ ਜਦ ਥੀਂ ਉਸ ਨੌਜਵਾਨ ਦੁਕਾਨਦਾਰ ਨੇ ਇਕਰਾਰ ਕਰਕੇ ਓਹਨੂੰ ਧੋਖਾ ਦਿਤਾ, ਤੇ ਇਕੱਲਾ ਛੱਡਕੇ ਕਿਧਰੇ ਟੁਰ ਗਇਆ ਸੀ, ਤਦ ਥੀਂ ਓਹ ਸ਼ਰਾਬ ਪੀਣ ਲੱਗ ਪਈ ਸੀ । ਸ਼ਰਾਬ ਦਾ ਰੰਗ ਯਾ ਸਵਾਦ ਓਹਨੂੰ ਇੰਨਾ ਚੰਗਾ

ਨਹੀਂ ਸੀ ਲੱਗਦਾ ਜਿੰਨੀ ਇਹ ਗੱਲ ਕਿ ਸ਼ਰਾਬ ਪੀ ਕੇ ਓਹ ਆਪਣਾ ਦੁਖ ਭੁਲ ਜਾਣ ਦਾ ਸਮਾ ਲੱਭਣਾ ਚਾਹੁੰਦੀ ਸੀ, ਤੇ ਇਹ ਕਿ ਸ਼ਰਾਬ ਪੀ ਕੇ ਓਹ ਕੁਛ ਖੁਲ੍ਹ ਜੇਹੀ ਜਾਂਦੀ ਸੀ ਤੇ ਆਪਣੇ ਆਪ ਵਿਚ ਮਸਤ ਹੁੰਦੀ ਸੀ ਤੇ ਸਮਝਦੀ ਸੀ ਕਿ ਮੈਂ ਵੀ ਕੋਈ ਕੀਮਤੀ ਚੀਜ਼ ਹਾਂ। ਤੇ ਜਦ ਓਸ ਸ਼ਰਾਬ ਨਹੀਂ ਸੀ ਪੀਤੀ ਹੁੰਦੀ ਤਾਂ ਓਹ ਇਹ ਹੁਲਾਰਾ ਨਹੀਂ ਸੀ ਖਾ ਸਕਦੀ। ਕੁਝ ਨਿਮੋਝੂਣ, ਉਦਾਸ ਤੇ ਸ਼ਰਮਸਾਰ ਹਾਲਤ ਵਿਚ ਮੋਈ ਮਾਰੀ ਜੇਹੀ ਹੁੰਦੀ ਸੀ, ਓਹ ਫੱਫੇਕੁੱਟਣ **ਕਾਤੂਸ਼ਾ** ਨੂੰ ਖਾਣ ਦੀਆਂ ਚੀਜ਼ਾਂ ਲਿਆ ਕੇ ਦੇਂਦੀ ਰਹਿੰਦੀ ਸੀ ਤੇ **ਕਾਤੂਸ਼ਾ** ਆਪਣੀ ਭੂਆ ਨਾਲ ਵੰਡ ਕੇ ਖਾਂਦੀ ਸੀ। ਨਾਲੇ ਓਹ ਓਹਨੂੰ ਸ਼ਰਾਬ ਲਿਆ ਕੇ ਦਿੰਦੀ ਸੀ ਤੇ ਜਦ **ਕਾਤੂਸ਼ਾ** ਥੋੜੀ ਪੀ ਲੈਂਦੀ ਸੀ ਤਦ ਓਹ ਫੱਫੇਕੁੱਟਣ ਓਹਨੂੰ ਪੱਟੀ ਪੜ੍ਹਾਂਦੀ ਸੀ ਕਿ ਸ਼ਹਿਰ ਦੇ ਇਕ ਸਬ ਥੀਂ ਵੱਡੀ ਸ਼ਾਨਦਾਰ ਥਾਂ ਤੇ ਓਹ ਓਹਨੂੰ ਚੰਗੀ ਨੌਕਰੀ ਲੈ ਦੇਵੇਗੀ, ਤੇ ਨਾਲੇ ਦੱਸਦੀ ਸੀ ਕਿ ਓਸ ਨੌਕਰੀ ਵਿਚ ਕਿੰਨੇ ਫਾਇਦੇ ਤੇ ਸੁਖ ਹੁੰਦੇ ਨੇ। ਹੁਣ **ਕਾਤੂਸ਼ਾ** ਦੇ ਸਾਹਮਣੇ ਦੋ ਚੀਜ਼ਾਂ ਸਨ, ਯਾ ਤਾਂ ਮੁੜ ਕਿਸੀ ਘਰ ਦੀ ਜਾ ਕੇ ਨੌਕਰਾਨੀ ਬਣੇ ਤੇ ਮੁੜ ਓਹੋ ਹੀ ਬਦਸਲੂਕੀਆਂ, ਗਾਲਾਂ, ਮਾਰਾਂ, ਤੇ ਮਰਦਾਂ ਦੀਆਂ ਨਿਤ ਨਵੀਆਂ ਯਾਰੀਆਂ ਤੇ ਛੇੜ ਖਾਨੀਆਂ ਦੀਆਂ ਤੰਗੀਆਂ ਸਹੇ ਤੇ ਕਦੀ ਕਦੀ ਉਨ੍ਹਾਂ ਦੇ ਕਾਬੂ ਆ ਕੇ ਛੁਪੇ ਲੁਕੇ ਆਪਣਾ ਸ਼ਰੀਰ ਵੀ ਉਨ੍ਹਾਂ ਅਗੇ ਧਰੇ, ਯਾ ਓਹ ਸਿੱਧੀ ਐਸੀ ਥਾਂ ਤੇ ਹੀ ਚਲੀ ਜਾਵੇ ਜਿਥੇ ਉਸੀ ਖਰਾਬੀ ਦੀ ਇਕ ਉੱਘੀ ਸੁਖੱਲੀ ਨੌਕਰੀ

ਚੁਣ ਲਵੇ, ਜਿਸ ਨੂੰ ਮੁਲਕ ਦਾ ਕਾਨੂੰਨ ਵੀ ਮੰਨਦਾ ਹੈ ਤੇ ਖੁਲ੍ਹਾ ਰੁਪਈਏ ਪੈਦਾ ਕਰਨ ਵਾਲਾ ਬਾਕਾਇਦਾ ਸ਼ਰੀਰ ਵੇਚਣ ਦਾ ਕੰਮ ਹੀ ਚੁੱਕ ਲਵੇ। **ਕਾਤੂਸ਼ਾ** ਨੇ ਇਹ ਦੂਜੀ ਗੱਲ ਆਖਰ ਤਹਿਕੀਕ ਕੀਤੀ ਤੇ ਨਾਲੇ ਉਸ ਕਹਿਆ ਕਿ ਇਉਂ ਵੇਸ਼ਿਆ ਹੋ ਜਾਣ ਨਾਲ ਓਹ ਕਿਸੀ ਨ ਕਿਸੀ ਤਰਾਂ, ਤੇ ਕਿਸੀ ਨ ਕਿਸੀ ਸ਼ਕਲ ਵਿਚ ਆਪਣੇ ਧੋਖਾ ਦੇਣ ਵਾਲਿਆਂ ਕੋਲੋਂ ਵੀ ਕੋਈ ਨ ਕੋਈ ਬਦਲਾ ਲੈ ਹੀ ਲਵੇਗੀ। ਨ ਸਿਰਫ਼ ਇਕ ਦੁਕਾਨਦਾਰ ਜਿਹੜਾ ਓਹਨੂੰ ਆਖਰ ਛਡ ਕੇ ਟੁਰ ਗਇਆ ਸੀ ਪਰ ਹੋਰਨਾਂ ਸਾਰਿਆਂ ਤੋਂ ਵੀ ਓਹ ਕਿਸੀ ਨ ਕਿਸੀ ਸ਼ਕਲ ਵਿਚ ਆਪਣਾ ਬਦਲਾ ਕੱਢ ਸਕੇਗੀ। ਓਹਨੂੰ ਇਉਂ ਭਾਸਿਆ ਪਰ ਓਹ ਬਿਚਾਰੀ ਇਸ ਤਰ੍ਹਾਂ ਕੀ ਬਦਲਾ ਲੈ ਸਕਦੀ ਸੀ। ਗਲ ਜਿਹੜੀ ਓਹਨੂੰ ਬੜੀ ਪਸੰਦ ਆਈ ਸੀ ਤੇ ਜਿਸ ਖਾਸ ਕਰ ਓਹਦੇ ਮਨ ਨੂੰ ਲਲਚਾਯਾ ਸੀ, ਉਹ ਇਹ ਸੀ, ਕਿ ਫੱਫੇਕੁਟਣ ਨੇ ਓਹਨੂੰ ਦਸਿਆ ਸੀ ਕਿ ਓਹ ਆਪਣੇ ਮਨ ਭਾਣੇ ਕੱਪੜੇ ਖਰੀਦ ਸਕਿਆ ਕਰੇਗੀ, ਮਖਮਲ, ਰੇਸ਼ਮ ਸਟੀਨ, ਨੰਗੇ ਗਲ ਵਾਲੀਆਂ ਪੋਸ਼ਾਕਾਂ ਆਦਿ। ਹਾਂ ਜੋ ਓਹਦਾ ਜੀ ਕਰੇਗਾ ਓਹ ਖਾ ਸਕੇਗੀ, ਪਹਿਨ ਸਕੇਗੀ !! ਤੇ ਓਹਦੇ ਸਾਹਮਣੇ ਆਪਣੇ ਧਿਆਨ ਵਿਚ ਆਪਣੀ ਹੀ ਓਹ ਤਸਵੀਰ ਆਣ ਖੜੋਂਦੀ ਸੀ, ਕਾਲੀ ਮਖਮਲ ਦੀ ਕਿਨਾਰੀ ਵਾਲੀ ਚਮਕਦੀ ਬਸੰਤੀ ਰੇਸ਼ਮ ਦੀ ਛੋਟੀਆਂ ਬਾਹਾਂ ਵਾਲੀ, ਨੰਗੇ ਗਲੇ ਵਾਲੀ ਪੋਸ਼ਾਕ ਪਾਈ ਓਹ ਆਪ ਖੜੀ ਹੈ, ਤੇ ਇਸ ਆਪਣੀ ਦਿਸਦੀ ਤਸਵੀਰ ਨੇ ਓਹਨੂੰ ਕਾਬੂ ਕਰ ਲਇਆ ਸੀ, ਜਾ ਕੇ ਓਸ ਪੀਲਾ ਪਾਸ ਪੋਰਟ ਲੈ ਲਇਆ, ਤੇ ਉਸੀ

ਰਾਤੀਂ ਓਸ ਫੱਫੇਕੁਟਣ ਨੇ ਓਹਨੂੰ **ਕੈਰੋਲੀਨ ਐਲਬਰ-ਟੋਵਨਾ ਕਿਤਾਈਵਾ** ਦੇ ਬਦਮਾਸ਼ੀ ਦੇ ਰੰਗ ਮਹਿਲ ਵਿਚ ਪਹੁੰਚਾ ਦਿੱਤਾ।

ਓਸ ਦਿਨ ਥੀਂ **ਕਾਤੂਸ਼ਾ ਮਸਲੋਵਾ** ਲਈ ਓਹ ਘੋਰ ਪਾਪ ਤੇ ਨਰਕ ਕੁੰਭੀ ਦਾ ਜੀਵਨ ਸ਼ੁਰੂ ਹੋ ਗਇਆ ਜਿਹੜਾ ਜੀਵਨ ਰੱਬ ਤੇ ਮਨੁੱਖਾਂ ਦੇ ਦਿੱਵਜ ਕਾਨੂੰਨਾਂ ਦੇ ਬਰਖ਼ਲਾਫ਼ ਗੁਨਾਹ ਕਰਦਾ ਹੈ, ਓਹ ਨਰਕ ਜੀਵਨ ਜੋ ਇਸ ਜੇਹੀਆਂ ਹਜ਼ਾਰਾਂ ਜਨਾਨੀਆਂ ਦੇ ਪੱਲੇ ਪੈ ਜਾਂਦਾ ਹੈ। ਗਵਰਨਮਿੰਟ ਨ ਸਿਰਫ਼ ਇਜਾਜ਼ਤ ਦਿੰਦੀ ਹੈ ਬਲਕਿ ਕਹਿਆ ਜਾਂਦਾ ਹੈ ਕਿ ਰਈਅਤ ਤੇ ਮਖ਼ਲੂਕ ਦੇ ਸੁਖ ਲਈ ਇਹ ਨਰਕ ਕੁੰਡ ਤੇ ਇਨ੍ਹਾਂ ਬਦਕਿਸਮਤਾਂ ਦਾ ਇਹ ਘੋਰ ਪਾਪ ਜੀਵਨ ਜੀਣਾ ਜ਼ਰੂਰੀ ਹੈ, ਕਿਹੜਾ ਜੀਵਨ ? ਜਿਹੜਾ ਦਸ ਵਿਚੋਂ ਨੌਂ ਜਵਾਨ ਲੜਕੀਆਂ ਨੂੰ ਆਖ਼ਰ ਹੌਲਨਾਕ ਬੀਮਾ-ਰੀਆਂ ਦਾ ਸ਼ਿਕਾਰ ਬਣਾ ਦਿੰਦਾ ਹੈ ਤੇ ਜਵਾਨੀ ਵਿਚ ਹੀ ਵਿਚਾਰੀਆਂ ਬੁਢੇਪੇ ਦੀਆਂ ਕਮਜ਼ੋਰੀਆਂ ਤੇ ਤ੍ਰੋਟਾਂ ਵਿਚ ਗੁੰਮ ਜਾਂਦੀਆਂ ਹਨ ਤੇ ਆਖ਼ਰ ਓਨਾਂ ਨੂੰ ਛੇਤੀ ਹੀ ਮੌਤ ਆ ਕੇ ਭੁੰਜੇ ਲਿਟਾ ਦੇਂਦੀ ਹੈ।

ਰਾਤਾਂ ਸਾਰੀਆਂ ਨਾਚ, ਸ਼ਰਾਬ, ਵਿਸ਼ੇ ਵਿਕਾਰ ਵਿਚ ਲੰਘ ਜਾਂਦੀਆਂ ਹਨ, ਤੇ ਦੋਪਹਿਰ ਥੀਂ ਵੀ ਪਿੱਛੇ ਤਕ ਭਾਰੀ ਥਕਾਵਟ ਭਰੀ ਨੀਂਦਰ ਵਿਚ ਸੌਣਾ ਪੈਂਦਾ ਹੈ ਤੇ ਦਿਨ ਦੇ ਤ੍ਰੈ ਯਾ ਚਾਰ ਵਜੇ ਇਕ ਗੰਦੇ ਬਿਸਤਰੇ ਥੀਂ ਇਕ ਹੰਗਾਵਾਂ ਨੂੰ ਤ੍ਰੋੜਦੀ ਜਾਗ ਜਾਗਣੀ ਪੈਂਦੀ ਹੈ, ਥੱਕੇ, ਟੁੱਟੇ ਉਠਣਾ ਪੈਂਦਾ ਹੈ, ਅੰਗ ਅੰਗ ਟੁੱਟ ਰਹਿਆ ਹੁੰਦਾ ਹੈ, ਠੰਡਾ ਪਾਣੀ, ਕਾਫੀ ਪੀਣਾ, ਤੇ ਬੇਅਰਥ

ਰਾਤ ਦੇ ਸੌਣ ਵਾਲਿਆਂ ਕਪੜਿਆਂ ਵਿਚ ਹੀ ਕਮਰਿਆਂ ਵਿਚ ਅਗੇ ਪਿਛੇ ਟਹਿਲਣਾ, ਤਨੇ ਪਰਦਿਆਂ ਦੇ ਵਿਚ ਦੇ ਹੀ ਬਾਰੀਆਂ ਵਿਚੋਂ ਬੇਅਰਥ ਬਾਹਰ ਨੂੰ ਝਾਤੀਆਂ ਲੈਣੀਆਂ, ਇਕ ਦੂਜੇ ਨਾਲ ਨਿਕੰਮੇ ਝਗੜੇ ਝੇੜੇ ਲੜਾਈਆਂ, ਖੋਹ ਪਤੋਹੀਆਂ, ਫਿਰ ਉੱਠ ਓਸ ਜੁੱਸੇ ਨੂੰ ਧੋਣਾ, ਪੂੰਝਣਾ, ਇਤਰ ਫੁਲੇਲ ਲਾਉਣਾ, ਸਿਰ ਦੇ ਵਾਲਾਂ ਨੂੰ ਕੰਘੀ ਪੱਟੀ ਕਰਕੇ ਸੰਵਾਰਨਾਂ, ਸੋਹਣੀਆਂ ਪੋਸ਼ਾਕਾਂ ਪਾ ਪਾ ਵੇਖਣੀਆਂ ਤੇ ਓਸ ਘਰ ਦੀ ਰਖਣ ਵਾਲੀ ਨਾਲ ਕਪੜਿਆਂ ਬਾਬਤ ਜੰਗ ਤੇ ਗੁੱਸੇ, ਸ਼ੀਸ਼ਿਆਂ ਵਿਚ ਆਪਣੇ ਕਪੜੇ ਗਹਿਣੇ, ਰੂਪ ਰੰਗ ਨੂੰ ਵੇਖਣਾ, ਅੱਖਾਂ ਦੇ ਪਲਕਾਂ ਤੇ ਭਰਵਟਿਆਂ ਨੂੰ ਕੁਝ ਲਾਣਾ, ਚਿਹਰੇ ਉੱਪਰ ਸਵਾਹ ਖੇਹ ਮਲਣੀ, ਬੜੇ ਮਿਠੇ ਤੇ ਸਕੀਲ ਖਾਣੇ ਖਾਣੇ, ਤੇ ਫਿਰ ਬੜੇ ਸ਼ੋਖ ਰੰਗ ਦੇ ਰੇਸ਼ਮ ਇਉਂ ਪਹਿਨਣੇ ਜਿਨ੍ਹਾਂ ਵਿਚ ਦੀ ਅੱਧਾ ਸਰੀਰ ਨੰਗਾ ਦਿੱਸੇ ਤੇ ਅੱਧਾ ਕੱਜਿਆ ਦਿਸੇ, ਤੇ ਇਉਂ ਬਣ ਤਣ ਕੇ ਬੜੇ ਬੜੇ ਝਾੜ ਫਾਨੂਸਾਂ ਨਾਲ ਸਜੇ ਤੇ ਰੋਸ਼ਨ ਕਮਰਿਆਂ ਵਿਚ ਆਣ ਆਣ ਬਹਿਣਾ ਤੇ ਫਿਰ ਓਨ੍ਹਾਂ ਨੂੰ ਵੇਖਣ ਵਾਲੇ ਗਾਹਕਾਂ ਦਾ ਆਵਣਾ, ਤੇ ਫਿਰ ਰਾਗ, ਰੰਗ, ਨਾਚ, ਆਖਰ ਸ਼ਰੀਰ ਦਾ ਵੇਚਣਾ, ਤੇ ਜੋ ਵੀ ਕੋਈ, ਬੁਢੇ, ਜਵਾਨ, ਅਧਖੜ ਅਞਾਣੇ ਮੁੰਡਿਆਂ ਨਾਲ ਤੇ ਕਬਰ ਵਿਚ ਲਟਕਾਏ ਪੈਰਾਂ ਵਾਲੇ ਪੀਰ ਸਾਲਾਂ ਨਾਲ ਜੋ ਆਵੇ ਭੋਗ ਕਰਨਾ। ਕੰਵਾਰੇ, ਵਿਆਹੇ, ਸੌਦਾਗਰ, ਬਾਬੂ ਲੋਕ. ਆਰ-ਮਿਨੀਆ ਦੇ ਬਦੇਸ਼ੀ ਲੋਕ, ਯਹੂਦੀ, ਤਰ੍ਹਾਂ ਤਰ੍ਹਾਂ ਦੇ ਲੋਕਾਂ ਗਰੀਬਾਂ, ਅਮੀਰਾਂ, ਰੋਗੀਆਂ, ਚੰਗਿਆਂ ਭਲਿਆਂ, ਸ਼ਰਾਬੀਆਂ ਕਬਾਬੀਆਂ ਨਾਲ ਤੇ ਸ਼ਰਾਬ ਨ ਪੀਣ ਵਾਲਿਆਂ ਨਾਲ ਨਰਮ, ਸਖਤ, ਫੌਜੀ ਸਿਪਾਹੀਆਂ, ਸਿਵਲ ਦੇ ਸ਼ਹਿਰੀ ਲੋਕਾਂ ਨਾਲ, ਸਕੂਲ ਪੜ੍ਹਨ ਵਾਲੇ ਮੁੰਡਿਆਂ ਨਾਲ, ਸਭ ਨਾਲ, ਸਭ ਜਾਤਾਂ

ਕੁਜਾਤਾਂ ਨਾਲ, ਸਭ ਉਮਰਾਂ ਚਾਲ ਚਲਨਾਂ ਨਾਲ ਓਹੋ ਖੇਹ ਛਾਣਨੀ ਤੇ ਮਖੌਲ ਤੇ ਠੱਠੇ ਤੇ ਉੱਚੀਆਂ ਬੇਹੂਦਾ ਗੰਦੀਆਂ ਬੋਲੀਆਂ ਪਾਣੀਆਂ, ਸ਼ਰਾਬੀਆਂ ਦੀਆਂ ਬੇਤੁਕੀਆਂ ਬੇਥਵ੍ਹੀਆਂ ਗਾਲੀ ਗਲੋਚ, ਤਮਾਕੂ ਤੇ ਸ਼ਰਾਬ, ਮੁੜ ਸ਼ਰਾਬ ਤੇ ਤਮਾਕੂ, ਸ਼ਾਮਾਂ ਥੀਂ ਸਵੇਰ ਤਕ ਇਹੋ ਕਾਰ, ਇਹੋ ਗੰਦ ਮੰਦ, ਸਵੇਰ ਤਕ ਵਿਚਾਰੀਆਂ ਬਦ ਕਿਸਮਤਾਂ ਨੂੰ ਕੋਈ ਵਿਹਲ ਨਾਂ, ਤੇ ਫਿਰ ਚੂਰ ਹੋਈਆਂ ਦੀ ਓਹੋ, ਭਾਰੀ ਸ਼ਰਾਬੀ ਨੀਂਦਰ, ਹਰ ਰੋਜ਼ ਮੁੜ ਓਹੋ, ਤੇ ਹਰ ਦਿਨ, ਹਰ ਹਫ਼ਤੇ ਓਹੋ ਕਾਰ, ਸਵਾਹ ਛਾਣਨੀਂ ਤੇ ਹਫਤੇ ਪਿਛੇ ਇਨ੍ਹਾਂ ਸਾਰੀਆਂ ਨੇ ਜਾਣਾ ਥਾਣੇ। ਇਹ ਜਾਣਾ ਗਵਰਨਮਿੰਟ ਵਲੋਂ ਬਧਾ ਹੋਇਆ ਹੈ, ਜਿਥੇ ਡਾਕਟਰਾਂ ਨੇ ਇਨ੍ਹਾਂ ਬਦਕਿਸਮਤ ਤੀਵੀਆਂ ਦਾ ਆਣ ਕੇ ਮੁਲਾਹਿਜ਼ਾ ਕਰਨਾ ਹੈ ਇਹ ਵੇਖਣ ਨੂੰ ਕਿ ਕੋਈ ਬੀਮਾਰ ਨ ਹੋ ਗਈ ਹੋਵੇ। ਇਹ ਡਾਕਟਰ ਗਵਰਨਮਿੰਟ ਦੇ ਨੌਕਰ ਜ਼ਰੂਰ ਹੁੰਦੇ ਹਨ ਤੇ ਕਦੀ ਤਾਂ ਸੰਜੀਦਾ ਤਰਾਂ ਦੇਖਦੇ ਹਨ, ਕਦੀ ਮਖੌਲ ਨਾਲ ਛੇੜ ਖਾਨੀਆਂ ਕਰਦੇ ਹਨ ਤੇ ਇਹ ਡਾਕਟਰ ਲੋਕ ਇਨ੍ਹਾਂ ਔਰਤਾਂ ਦੇ ਸ਼ਰਮ ਹਯਾ ਨੂੰ ਸਭ ਦੇ ਸਾਹਮਣੇ ਖੜੇ ਕਰ ਬਰਬਾਦ ਕਰਦੇ ਹਨ– ਓਹ ਸ਼ਰਮ ਹਯਾ ਜਿਹੜਾ ਪਸ਼ੂਆਂ ਨੂੰ ਵੀ ਰੱਬ ਨੇ ਬਖਸ਼ਿਆ ਹੋਇਆ ਹੈ ਤੇ ਚੰਗੇ ਮੰਦੇ ਹਰ ਕਿਸੀ ਦਾ ਆਪਣਾ ਆਪਣਾ ਹੁੰਦਾ ਹੈ। ਇਹ ਲੋਕੀ ਇਨ੍ਹਾਂ ਨੂੰ ਇਉਂ ਬੇਇਜ਼ਤ ਕਰਕੇ ਗਵਰਨਮਿੰਟ ਵਲੋਂ ਇਜਾਜ਼ਤ ਦੇਂਦੇ ਹਨ ਕਿ ਓਹ ਜਾਣ ਤੇ ਮੁੜ ਕੇ ਓਹੋ ਪਾਪ ਜਿਹੜੇ ਓਹ ਤੇ ਉਨ੍ਹਾਂ ਦੇ ਗਾਹਕ ਇਕ ਹਫਤਾ ਪਿਛੇ ਕਰਦੇ ਰਹੇ ਹਨ ਅੱਗੇ ਨੂੰ ਇਕ ਹਫਤਾ ਹੋਰ ਕਰਦੇ ਜਾਣ। ਬਸ ਇਉਂ ਓਹੋ ਹੀ ਪਾਪ ਚੱਕਰ ਚਲੀ ਚਲਦਾ ਹੈ, ਦੂਸਰਾ ਹਫਤਾ ਮੁੜ ਓਸੀ ਰੰਗ ਦਾ ਬੀਤਦਾ ਹੈ। ਹੁਨਾਲ ਸਿਆਲ ਓਹੋ ਹੀ ਮਿਹਨਤ ਮਜ਼ੂਰੀ ਵਾਲੇ

ਦਿਨ, ਛੁਟੀ ਵਾਲੇ ਦਿਨ ਇਕੋ ਹੀ ਜੇਹਾ।

ਇਸ ਤਰਾਂ **ਕਾਤੂਸ਼ਾ** ਨੇ ਆਪਣੀ ਜਵਾਨੀ ਦੇ ਸੱਤ ਸਾਲ ਇਥੇ ਕੱਟੇ, ਇਨ੍ਹਾਂ ਸਾਲਾਂ ਵਿਚ ਇਕ ਦੋ ਘਰ ਬਦਲੇ, ਹਸਪਤਾਲ ਵੀ ਪਹੁੰਚੀ। ਇਉਂ ਕੰਜਰਾਂ ਦੇ ਘਰ ਵਿਚ ਇਸ ਭਿਆਨਕ ਜੀਵਨ ਦੇ ਸਤਵੇਂ ਸਾਲ ਜਦ ਓਹ ੨੮ ਬਰਸ ਦੀ ਹੋਈ ਸੀ ਤਦ ਇਕ ਐਸਾ ਵਾਕਿਆ ਹੋਇਆ ਜਿਸ ਲਈ ਉਹ ਜੇਲ੍ਹ ਦੀ ਹਵਾਲਾਤ ਵਿਚ ਦਿੱਤੀ ਹੋਈ ਸੀ ਤੇ ਓਸ ਉੱਪਰ ਮੁਕੱਦਮਾਂ ਬਣਿਆ ਹੋਇਆ ਸੀ, ਤੇ ਓਸ ਅੱਜ ਦੋਸੀ ਬਣੀ ਅਦਾਲਤ ਕਰਾਣ ਨੂੰ ਸਿਪਾਹੀਆਂ ਨਾਲ ਕਚਹਿਰੀ ਨੂੰ ਜਾ ਰਹੀ ਸੀ। ਓਹਨੂੰ ਅੱਜ ਹਵਾਲਾਤ ਵਿੱਚ ਡੱਕਿਆਂ ਤਿੰਨ ਮਹੀਨੇ ਹੋਣ ਲੱਗੇ ਸਨ ਤੇ ਤਿੰਨ ਮਹੀਨੇ ਬਾਦ ਅੱਜ ਓਹਦੀ ਪੇਸ਼ੀ ਸੀ। ਦੇਖ ਲਵੋ ਤਿੰਨ ਮਹੀਨੇ ਓਸ ਜੇਲ੍ਹ ਵਿਚ ਓਸ ਬਦਬੂਦਾਰ ਸੜੀ ਹਵਾ ਵਿੱਚ, ਖੂਨੀਆਂ, ਚੋਰਾਂ, ਰਾਹਜ਼ਨਾ ਨਾਲ ਉਹ ਕੈਦ ਵਿੱਚ ਰੱਖੀ ਗਈ ਸੀ।

## ਕਾਂਡ ੩

ਇੱਧਰ ਤਾਂ **ਮਸਲੋਵਾ** ਦੋ ਸਿਪਾਹੀਆਂ ਦੀ ਗਾਰਦ ਦੇ ਪਹਿਰੇ ਵਿੱਚ ਕਚਹਿਰੀ ਪਹੁੰਚ ਚੁਕੀ ਸੀ। ਜ਼ਾਲਮ ਓਹਨੂੰ ਕਾਫ਼ੀ ਦੁਰਾਡੇ ਪੰਧ ਪੈਦਲ ਟੁਰਾ ਕੇ ਲੈ ਗਏ ਸਨ, ਚਲਣ ਦੀ ਵਾਦੀ ਨਾ ਹੋਣ ਕਰਕੇ **ਮਸਲੋਵਾ** ਬਹੁਤ ਥੱਕ ਗਈ ਸੀ। ਉਧਰ ਸ਼ਾਹਜ਼ਾਦਾ **ਦਮਿਤ੍ਰੀ ਆਈਵਿਨਇਚ ਨਿਖਲੀ ਊਧਵ** ਜਿਸ ਓਹਨੂੰ ਖਰਾਬ ਤੇ ਬਰਬਾਦ ਕੀਤਾ ਸੀ, ਹਾਲੇ ਤਕ ਆਪਣੇ ਉੱਚੇ ਗੱਦੇ ਵਾਲੇ ਬਿਸਤਰੇ ਤੇ ਪਲਸੇਟੇ ਮਾਰ ਰਹਿਆ ਸੀ, ਗਦੇਲਿਆਂ ਉੱਪਰ ਇਕ ਫੰਗਾਂ ਨਾਲ ਭਰੀ ਨਰਮ ਤੁਲਾਈ ਸੀ, ਇਕ ਨਿਹਾਇਤ ਨਫੀਸ, ਸਾਫ, ਭਲੀ ਪ੍ਰਕਾਰ ਇਸਤ੍ਰੀ ਕੀਤੀ ਹੋਈ ਚਿੱਟੀ ਰਾਤ ਦੇ ਸੌਣ ਵਾਲੀ ਕਮੀਜ਼ ਉਹਦੇ ਗਲੇ ਸੀ ਤੇ **ਸਿਗਰਟ** ਪੀ ਰਹਿਆ ਸੀ ਤੇ ਨਾਲੇ ਸੋਚ ਰਹਿਆ ਸੀ ਕਿ ਅੱਜ ਦਿਹਾੜੀ ਓਸ ਕੀ ਕੀ ਕੰਮ ਕਰਨੇ ਹਨ। ਓਹਦੇ ਮਨ ਵਿਚ ਕਲ ਜੋ ਜੋ ਕੰਮ ਕੀਤੇ ਸਨ ਓਹਨਾਂ ਦਾ ਵੇਰਵਾ ਵੀ ਆਪ ਮੁਹਾਰੇ ਗੇੜੇ ਲਾ ਰਹਿਆ ਸੀ।

ਕਲ ਸ਼ਾਮਾਂ ਦੀਆਂ ਗੱਲਾਂ ਯਾਦ ਆਈਆਂ, ਕਿਸ ਤਰਾਂ **ਕੋਰਚਾਗਿਨਾ** ਨਾਲ ਸ਼ਾਮ ਗੁਜ਼ਾਰੀ ਸੀ। **ਕੋਰਚਾਗਿਨ** ਇਕ ਧਨੀ ਰਈਸੀ ਟੱਬਰ ਸੀ ਤੇ ਹਰ ਇਕ ਨੂੰ ਸ਼ਹਿਰ ਵਿੱਚ ਇਹ ਉਡੀਕ ਹੋ ਰਹੀ ਸੀ ਕਿ ਸ਼ਾਹਜ਼ਾਦਾ ਓਹਨਾਂ ਦੀ ਲੜਕੀ

ਨਾਲ ਸ਼ਾਦੀ ਕਰੇਗਾ। ਇਹ ਕੁਝ ਸੋਚ ਕੇ ਇਸ ਠੰਡਾ ਸਾਹ ਲਇਆ ਆਪਣੀ ਸਿਗਰਟ ਦਾ ਰਹਿੰਦਾ ਹਿੱਸਾ ਸੁੱਟ ਪਾਇਆ ਤੇ ਚਾਂਦੀ ਦੀ ਡੱਬੀ ਹੱਥ ਵਿਚ ਲੈ ਕੇ ਦਿਲ ਕੀਤਾ ਇਕ ਹੋਰ ਕੱਢ ਕੇ ਪੀਵੇ, ਪਰ ਫਿਰ ਇਰਾਦਾ ਬਦਲ ਦਿੱਤਾ ਤੇ ਆਪਣੀਆਂ ਲੰਮੀਆਂ ਗੋਰੀਆਂ ਜੰਘਾਂ ਬਿਸਤਰੇ ਥੀਂ ਬਾਹਰ ਕੱਢ, ਪਲੰਘ ਦੇ ਹੇਠਾਂ ਲਮਕਾ ਕੇ ਸਲੀਪਰਾਂ ਵਿਚ ਪੈਰ ਰੱਖੇ ਤੇ ਭਾਰੇ ਆਲਸੀ ਜੇਹੇ ਕਦਮਾਂ ਨਾਲ ਛੇਤੀ ਛੇਤੀ ਆਪਣੇ ਕਪੜੇ ਪਾਣ ਵਾਲੇ ਕਮਰੇ ਵੱਲ ਚਲਾ ਗਇਆ। ਇਸ ਕਮਰੇ ਵਿੱਚ ਇਕ ਮੇਜ ਤੇ **ਔਡੀਕੋਲੋਨ** ਤੇ ਮੁੱਛਾਂ ਨੂੰ ਤਾਅ ਦੇਣ ਦੀਆਂ ਫਿਕਸੋ ਆਦਿ ਖੁਸ਼ਬੂਆਂ ਅਤੇ ਤੇਲਾਂ ਦਾ ਝੁਰਮਟ ਪਇਆ ਸੀ। ਓਥੇ ਜਾਂਦੇ ਓਸ ਪਹਿਲਾਂ ਤਾਂ ਆਪਣੇ ਦੰਦ ਅੱਛੀ ਤਰਾਂ ਸਾਫ ਕੀਤੇ। ਇਹਦੇ ਕਈ ਇਕ ਦੰਦ ਭਾਵੇਂ ਓਹ ਦੰਦਾਂ ਦਾ ਮੰਜਨ ਬਰਾਬਰ ਇਸਤੇਮਾਲ ਕਰਦਾ ਸੀ ਭਰਾਏ ਹੋਏ ਸਨ। ਮੰਜਨ ਕਰਕੇ ਫਿਰ ਓਸ ਖੁਸ਼ਬੂਦਾਰ ਅਰਕ ਨਾਲ ਆਪਣੇ ਮੂੰਹ ਨੂੰ ਅੰਦਰੋਂ ਚੰਗੀ ਤਰਾਂ ਗਰਾਰੇ ਕਰਕੇ ਧੋਤਾ, ਓਹਦੇ ਮਗਰੋਂ ਫਿਰ ਖੁਸ਼ਬੂਦਾਰ ਸਾਬਣ ਨਾਲ ਆਪਣੇ ਹੱਥ ਧੋਤੇ, ਤੇ ਮੁੜ ਆਪਣੇ ਲੰਮੇ ਨੌਹਾ ਨੂੰ ਬੜੀ ਗਹੁ ਨਾਲ ਓਸ ਚੰਗੀ ਤਰਾਂ ਸਾਫ ਕੀਤਾ। ਮੁੜ ਸੰਗਮਰਮਰ ਦੀ ਚਿਲਮਚੀ ਵਿੱਚ ਪਏ ਪਾਣੀ ਨਾਲ ਆਪਣੀ ਮੋਟੀ ਗਰਦਨ ਨੂੰ ਮਲ ਮਲ ਕੇ ਤੇ ਆਪਣੇ ਚਿਹਰੇ ਨੂੰ ਭਲੀ ਪ੍ਰਕਾਰ ਧੋਤਾ। ਫਿਰ ਤੀਸਰੇ ਕਮਰੇ ਵਿੱਚ ਗਇਆ ਜਿੱਥੇ **ਸ਼ਾਵਰ ਬਾਥ** ਤਿਆਰ ਸੀ, ਓਥੇ ਖੂਬ ਨਹਾਤਾ। ਇਉਂ ਉਸ ਆਪਣਾ ਚਰਬੀਲਾ ਚਿੱਟਾ, ਤਕੜਾ ਜੁੱਸਾ ਤਰੋਤਾਜ਼ਾ ਕਰਕੇ ਇਕ ਖਹੁਰੇ ਤੌਲੀਏ ਨਾਲ ਖੂਬ ਰਗੜਿਆ, ਤੇ ਤਲੇ ਦੇ ਕੱਪੜੇ ਤੇ ਬੂਟ ਪਾਣੇ ਸ਼ੁਰੂ ਕੀਤੇ। ਫਿਰ ਸ਼ੀਸ਼ੇ ਅੱਗੇ ਬਹਿ

ਕੇ ਆਪਣੀ ਕਾਲੀ ਦਾਹੜੀ ਨੂੰ ਬੁਰਸ਼ ਕੀਤਾ, ਸੰਵਾਰਿਆ ਤੇ ਆਪਣੇ ਕੁੰਡਲ ਵਾਲੇ ਵਾਲਾਂ ਨੂੰ ਕੰਘੀ ਪੱਟੀ ਕੀਤੀ। ਇਹਦੇ ਸਿਰ ਦੇ ਵਾਲ ਮੱਥੇ ਉਪਰ ਦੀ ਕੁਛ ਕੁਛ ਗੰਜ ਜੇਹੇ ਦਿੱਸਣ ਲਗ ਪਏ ਸਨ।

ਇਨ੍ਹਾਂ ਅਸ਼ਨਾਨ ਤੇ ਕੰਘੀ ਪੱਟੀ ਤੇ ਕੱਪੜੇ ਪਾਣ ਦੇ ਕਮਰਿਆਂ ਵਿੱਚ ਜੋ ਕੁਝ ਸਾਮਾਨ ਪਇਆ ਹੋਇਆ ਸੀ, ਓਹ ਬੜਾ ਵਧੀਆ ਤੇ ਕੀਮਤੀ ਤੇ ਬਹੁਤ ਚਿਰ ਤੱਗਣ ਵਾਲਾ ਸਮਾਨ ਸੀ। ਉਹਦੇ ਤੌਲੀਏ, ਕੱਪੜੇ, ਬੂਟ ਨਕਟਾਈਆਂ, ਪਿੰਨ, ਸਟੱਡ, ਸਭ ਚੰਗੇ ਥੀਂ ਚੰਗੇ ਸਨ, ਵਧੀਆ ਕਿਸਮ ਦੇ ਸਨ, ਪਰ ਸ਼ੋਖ ਨਹੀਂ ਸਨ। ਸਾਦੇ ਹੰਡਨਸਾਰ ਤੇ ਬਹੁਮੁੱਲੇ ਕੋਈ ਦੱਸ ਕਿਸਮਾਂ ਦੀਆਂ ਟਾਈਆਂ ਤੇ ਗਲੂਬੰਦਾਂ ਵਿੱਚੋਂ ਇਕ ਜਿਸ ਤੇ ਓਹਦਾ ਹੱਥ ਪਇਆ ਓਸ ਚਕ ਲਈ। ਕੋਈ ਸਮਾ ਉਸ ਉਪਰ ਹੋ ਗੁਜ਼ਰਿਆ ਸੀ ਕਿ ਓਹਦਾ ਮਨ ਇਨ੍ਹਾਂ ਦੇ ਚੁਣਨ ਤੇ ਪਰਖਣ ਆਦਿ ਵਿੱਚ ਰਹਿੰਦਾ ਸੀ, ਪਰ ਹੁਣ ਇਨ੍ਹਾਂ ਗੱਲਾਂ ਦੇ ਵਲ ਓਹ ਉੱਕਾ ਧਿਆਨ ਨਹੀਂ ਸੀ ਦੇਂਦਾ।

**ਨਿਖਲੀਊਧਵ** ਨੇ ਕੁਰਸੀ ਉੱਪਰ ਠੀਕ ਤਿਆਰ ਪਇਆ ਬੁਰਸ਼ ਆਦਿ ਨਾਲ ਸਾਫ ਕੀਤਾ ਸੂਟ ਕੱਸ ਲਇਆ। ਇਉਂ ਨ੍ਹਾ ਧੋ ਕੇ ਸਾਫ ਸੁਥਰਾ ਹੋ ਕੇ ਖੁਸ਼ਬੂਆਂ, ਅਤਰਾਂ, ਫੁਲੇਲਾਂ, ਨਾਲ ਮਹਿਕਿਆ ਹੋਇਆ ਪਰ ਅੰਦਰਲਾ ਓਹਦਾ ਤਾਂ ਵੀ ਤਸੱਲੀ ਬਖਸ਼ ਤਾਜ਼ਾ ਨ ਹੋਇਆ ਹੋਇਆ, **ਨਿਖਲੀਊਧਵ** ਖਾਣੇ ਵਾਲੇ ਕਮਰੇ ਵਿੱਚ ਪਹੁੰਚਿਆ। ਇਹ ਕਮਰਾ ਅੱਧਾ ਗੋਲ ਸੀ, ਤੇ ਇਹਦਾ ਫਰਸ਼ ਕਲ ਹੀ ਨੌਕਰਾਂ ਪਾਲਸ਼ ਕਰਕੇ ਚਮਕਾਇਆ ਸੀ। ਇਸ ਵਿੱਚ ਰੱਖਿਆ ਇਕ ਬੜਾ ਦਰਸ਼ਨੀ ਮੇਜ਼ ਸੀ, ਜ੍ਹਿਦੇ ਪੈਰ ਸ਼ੇਰ ਦੇ ਪੰਜਿਆਂ ਦੀ

ਸ਼ਕਲ ਵਿੱਚ ਉਕਰੇ ਹੋਏ ਸਨ ਤੇ ਨਾਲ ਉਸੀ ਰੰਗ ਦਾ ਮਿਲਵਾਂ ਬਰਤਨ ਰੱਖਣ ਦਾ ਬੋਰਡ ਸੀ। ਮੇਜ਼ ਉੱਪਰ ਇਕ ਬੜੀ ਨਫੀਸ ਚੰਗੀ ਮਾਇਆ ਲੱਗੀ ਚੱਦਰ ਖ਼ੂਬ ਤਣ ਕੇ ਵਿਛਾਈ ਹੋਈ ਸੀ। ਇਸ ਚੱਦਰ ਉੱਪਰ ਰਈਸੀ ਖਾਨਦਾਨ ਦਾ **ਮੋਨੋਗ੍ਰਾਮ** ਕੱਢਿਆ ਹੋਇਆ ਸੀ। ਇਉਂ ਸਾਦੇ ਸਜੇ ਮੇਜ਼ ਉੱਪਰ ਇਕ ਚਾਂਦੀ ਦਾ ਕਾਫੀ ਪਾਟ, ਇਕ ਖੰਡ ਦਾ ਬਰਤਨ, ਇਕ ਗਰਮ ਮਲਾਈ ਦਾ ਜਗ, ਇਕ ਡਬਲ ਰੋਟੀ ਦੀ ਟੋਕਰੀ ਜਿਸ ਵਿੱਚ ਤਾਜ਼ਾ ਬਣੇ ਟੋਸਟ ਰਖੇ ਸਨ, ਰਸਕ ਤੇ ਬਿਸਕੁਟ ਖ਼ੂਬ ਕਰੀਨੇ ਨਾਲ ਸਜਾਏ ਧਰੇ ਹੋਏ ਸਨ, ਨਾਲ ਹੀ ਰੋਜ਼ਾਂਨਾ ਅਖਬਾਰ ਤੇ ਇਕ ਮਾਹਵਾਰੀ ਰੀਵੀਊ ਤੇ ਕਛ ਖਤ ਪੱਤਰ ਰਖੇ ਹੋਏ ਸਨ।

**ਨਿਖਲੀਊਧਵ** ਅਪਣੇ ਖਤਾਂ ਨੂੰ ਪੋਹਲਣ ਲੱਗਾ ਹੀ ਸੀ ਕਿ ਇਕ ਮੋਟੀ ਅਧਖੜ ਉਮਰ ਦੀ ਜਨਾਨੀ ਜਿਸ ਸੋਗਦਾ ਲਿਬਾਸ ਪਾਇਆ ਹੋਇਆ ਸੀ, ਤੇ ਜਿਹਦੀਆਂ ਪੱਟੀਆਂ ਉੱਪਰ ਇਕ ਕਾਢਵੇਂ ਫੀਤੇ ਵਾਲੀ ਟੋਪੀ ਸੀ, ਕਮਰੇ ਵਿੱਚ ਆਣ ਵੜੀ। ਇਹ **ਅਗਰੈਫੇਨਾ ਪੈਤਰੋਵਨਾ**। ਇਕ ਪੁਰਾਨੀ ਨੌਕਰਾਨੀ **ਨਿਖਲੀਊਧਵ** ਦੀ ਮਾਂ ਦੀ ਸੀ। ਓਹਦੀ ਮਾਲਕਾ ਸਵਾਣੀ ਇਸੇ ਹੀ ਘਰ ਵਿੱਚ ਹੁਣੇ ਹਾਂ ਪੂਰੀ ਹੋਈ ਸੀ ਤੇ ਇਹ ਹੁਣ ਓਦੇ ਪੁਤਰ ਦਾ ਘਰ ਸੰਭਾਲਣ ਵਾਲੀ ਨੌਕਰਾਨੀ ਦਾ ਕੰਮ ਭੁਗਤਾ ਰਹੀ ਸੀ। **ਅਗਰੈਫੇਨਾਂ ਪੈਤਰੋਵਨਾ** ਆਪਣੀ ਮਰ ਗਈ ਸਵਾਣੀ ਨਾਲ ਦੱਸ ਸਾਲ ਕਈ ਬਦੇਸ਼ਾਂ ਤੇ ਮੁਲਕਾਂ, ਟਾਪੂਆਂ ਦੇ ਸੈਰ

ਕਰਦੀ ਫਿਰੀ ਸੀ ਤੇ ਇਸ ਤਬੀਅਤ ਕਰਕੇ ਉਹਦਾ ਚਿੰਨ ਚਿਹਰਾ ਤੇ ਬਹਿਣ ਉੱਠਣ ਰਈਸੀ ਸਵਾਣੀਆਂ ਵਾਲਾ ਸੀ, ਨਿਰੀ ਮਾਮੂਲੀ ਨੌਕਰਾਨੀ ਨਹੀਂ ਸੀ ਲਗਦੀ । **ਨਿਖਲੀਊਧਵ** ਨੂੰ ਇਸ ਆਪਣੇ ਹੱਥਾਂ ਵਿਚ ਖਿਡਾਇਆ ਤੇ ਪਾਲਿਆ ਸੀ ਤੇ ਇਹਨੂੰ **ਦਿਮਤ੍ਰੀ ਈਵਾਨਿਚ ਨਿਖਲੀਊਧਵ** ਨੂੰ ਤਦ ਥੀਂ ਜਾਣਦੀ ਸੀ ਜਦ ਘਰ ਵਾਲੇ ਇਸ ਨਿੱਕੇ ਜੇਹੇ ਮੁੰਡੇ ਨੂੰ **ਮਿਤਿੰਕਾ** ਕਰਕੇ ਸੱਦਦੇ ਹੁੰਦੇ ਸਨ ।

"ਗੁਡ ਮਾਰਨਿੰਗ **ਦਮਿਤ੍ਰੀ ਈਵਾਨਿਚ ਜੀ !**"

"ਗੁਡ ਮਾਰਨਿੰਗ **ਐਗਰੈਫੇਨਾ ਪੈਤਰੋਵਨਾ** ! ਕੀ ਗੱਲ ਹੈ ?" **ਨਿਖਲੀਊਧਵ** ਨੇ ਪੁੱਛਿਆ ।

"ਸ਼ਾਹਜ਼ਾਦੀ ਵੱਲੋਂ ਇਕ ਖਤ ਹੈ, ਮਾਂ ਵੱਲੋਂ ਹੋਵੇ ਚਾਹੇ ਧੀ ਵੱਲੋਂ ਉਨ੍ਹਾਂ ਦੀ ਨੌਕਰਾਣੀ ਕਿੰਨੇ ਚਿਰਾਂ ਥੀਂ ਇਹ ਲਿਆ ਕੇ ਦੂਜੇ ਮੇਰੇ ਕਮਰੇ ਵਿਚ ਬੈਠੀ ਉਡੀਕ ਰਹੀ ਹੈ," **ਅਗਰੈਫੇਨਾ ਪੈਤਰੋਵਨਾ** ਨੇ ਕਹਿਆ ਤੇ ਇਸ ਤਰਜ਼ ਨਾਲ ਮੁਸਕਰਾਈ ਜਿਵੇਂ ਓਹਨੂੰ ਕਿਸੀ ਸੋਹਣੀ ਹੋਣ ਵਾਲੀ ਗੱਲ ਦਾ ਭੇਤਲੱ ਭਾ ਹੈ, ਤੇ ਓਹ ਖਤ ਓਹਦੇ ਹੱਥ ਵਿਚ ਦਿੱਤਾ ।

"ਬਹੁਤ ਅੱਛਾ, ਇਕ ਸੈਕੰਡ !" **ਨਿਖਲੀਊਧਵ** ਨੇ ਖਤ ਲੈਕੇ ਕਹਿਆ ਪਰ ਉਹਦੇ ਮੁਸਕਰਾਨ ਉੱਪਰ ਉਸ ਮੱਥੇ ਤੇ ਘੂਰ ਪਾਈ ।

ਐਗਰਾਫੈਨਾ ਪੈਤਰੋਵਨਾ ਦੇ ਮੁਸਕਰਾਨ ਦਾ ਮਤਲਬ ਇਹ ਸੀ ਕਿ ਓਹਨੂੰ ਇਸ ਗਲ ਦਾ ਉਡੀਕਵਾਂ ਚਾ ਸੀ ਕਿ ਇਹ ਖਤ ਸ਼ਾਹਜ਼ਾਦੀ ਕੋਰਚਾਗਿਨਾ ਵੱਲੋਂ ਸੀ ਜਿਸ ਨਾਲ ਓਹਦਾ ਵਿਆਹ ਹੋਣਾ ਸੀ, ਤੇ ਨਿਖਲੀਊਧਵ ਨੇ ਵੀ ਘੂਰ ਇਸੇ ਲਈ ਪਾਈ ਸੀ ।

"ਤੇ ਫਿਰ ਮੈਂ ਓਹਨੂੰ ਕੀ ਆਖਾਂ ? ਉਡੀਕੇ !" ਇਹ ਕਹਿ ਕੇ ਐਗਰੈਫੇਨਾ ਪੈਤਰੋਵਨਾ ਕਮਰਿਓਂ ਬਾਹਰ ਖਿਸਕੰਤ ਹੋਈ ਤੇ ਜਾਂਦੀ ਜਾਂਦੀ ਇਕ ਬੁਰਸ਼ ਜਿਹੜਾ ਆਪਣੀ ਠੀਕ ਥਾਂ ਤੇ ਨਹੀਂ ਸੀ ਚੁਕ ਕੇ ਠੀਕ ਥਾਂ ਤੇ ਰਖ ਗਈ।

ਨਿਖਲੀਊਧਵ ਨੇ ਹਿਤ ਨਾਲ ਮਹਿਕਿਆ ਹੋਇਆ ਖਤ ਖੋਲ੍ਹਿਆ ਤੇ ਪੜ੍ਹਨ ਲਗ ਪਇਆ ।

ਖਤ ਇਕ ਬੜੇ ਮੋਟੇ ਸਲੇਟੀ ਰੰਗ ਤੇ ਖੁਰਦਰੇ ਕਿਨਾਰੇ ਵਾਲੇ ਕਾਗਜ਼ ਤੇ ਲਿਖਿਆ ਹੋਇਆ ਸੀ । ਲਿਖਤ ਅੰਗਰੇਜ਼ੀ ਜਾਪਦੀ ਸੀ, ਤੇ ਇਓਂ ਸੀ:-"ਅੱਜ ਆਪ ਦੀ ਯਾਦਦਾਸ਼ਤ ਬਣਨ ਦਾ ਕੰਮ ਆਪਣੇ ਉੱਪਰ ਚੱਕ ਕੇ ਮੈਂ ਇਸ ਗਲ ਦੀ ਖੁੱਲ੍ਹ ਲੈਂਦੀ ਹਾਂ ਕਿ ਆਪ ਨੂੰ ਯਾਦ ਕਰਾਵਾਂ ਕਿ ਅੱਜ ੨੮ ਤਾਰੀਖ ਅਪ੍ਰੈਲ ਦੀ ਨੂੰ ਆਪ ਨੇ ਜੂਰੀ ਦਾ ਮੈਂਬਰ ਬਣ ਕੇ ਕਾਨੂੰਨ ਦੀ ਅਦਾਲਤ ਵਿੱਚ ਜਾਣਾ ਹੈ, ਤੇ ਇਸ ਕਰਕੇ ਆਪ ਮੇਰੇ ਤੇ ਕੋਲੋਸੋਵ ਨਾਲ ਤਸਵੀਰਾਂ ਵਾਲੇ ਅਜਾਇਬ ਘਰ ਨਹੀਂ ਜਾ ਸੱਕੋਗੇ, ਜਿਵੇਂ ਆਪ ਆਪਣੀ ਸਾਧਾਰਨ ਬੇਪਰਵਾਹ ਖੁਸ਼ੀ ਦੀ ਆਦਤ ਵਿਚ ਕਹਿ ਗਏ

ਸਾਓ ਕਿ ਆਪ ਸਾਡੇ ਨਾਲ ਚੱਲੋਗੇ। ਤੇ ਜਾਂ ਵੀ ਸਕਦੇ ਹੋ ਜੇ ਆਪ ਦੀ ਇਹ ਮਰਜ਼ੀ ਹੋਵੇ ਕਿ ਕਚਿਹਰੀ ਵਿਚ ਆਪਣੀ ਗੈਰ ਹਾਜ਼ਰੀ ਦੇ ਬਦਲੇ ੩੦੦) ਰੂਬਲ ਹਰਜਾਨਾ ਭਰ ਦਿਓ। ਪਰ ਇਹ ਰਕਮ ਇਕ ਘੋੜੇ ਦੀ ਪੂਰੀ ਕੀਮਤ ਦੀ ਰਕਮ ਹੈ ਜਿਹੜਾ ਆਪਣੇ ਲਈ ਖਰੀਦਨ ਦੀ ਖਾਤਰ ਆਪ ਨੇ ਹੋਰ ਪਾਸਿਓਂ ਸੰਕੋਚ ਸਾਧਿਆ ਹੋਇਆ ਹੈ। ਇਹ ਗੱਲ ਰਾਤੀਂ ਹੀ ਚੇਤੇ ਆ ਗਈ ਸੀ ਪਰ ਆਪ ਚਲੇ ਗਏ ਸਾਓ ਸੋ ਹੁਣ ਆਪ ਨੇ ਭੁਲਣਾ ਨਹੀਂ।**ਸ਼ਾਹਜ਼ਾਦੀ ਐਮ. ਕੋਰਚਾਗੀਨਾ।**"

ਖਤ ਦੇ ਦੂਜੇ ਪਾਸੇ ਇਕ ਲਿਖਣ ਬਾਦ ਚੇਤੇ ਆਇਆ ਖਿਆਲ **ਪੀ—ਐਸ** ਕਰਕੇ ਲਿਖਿਆ ਹੋਇਆ ਸੀ:—

"ਮਾਂ ਜੀ ਕਹਿੰਦੇ ਹਨ ਕਿ ਆਪ ਨੂੰ ਲਿਖ ਦੇਵਾਂ ਕਿ ਆਪ ਦੀ ਥਾਂ ਖਾਣੇ ਉੱਪਰ ਰੱਖੀ ਹੋਵੇਗੀ ਤੇ ਆਪ ਜਦ ਵੀ ਵਿਹਲੇ ਹੋਵੋ ਆ ਜਾਵੋ ਭਾਵੇਂ ਆਪ ਨੂੰ ਕਿੰਨੀ ਹੀ ਦੇਰ ਕਿਉਂ ਨ ਹੋ ਜਾਵੇ।"

ਪੜ੍ਹ ਕੇ **ਨਿਖਲੀਊਧਵ** ਨੇ ਰਤਾਕੁ ਦੰਦ ਜੇਹੇ ਕੱਢੇ। ਇਹ ਖਤ ਓਹਨਾਂ ਚਾਲਾਕੀ ਦੀਆਂ ਚਾਲਾਂ ਵਿੱਚੋਂ ਇਕ ਸੀ, ਜਿਸ ਨਾਲ ਓਹ **ਨਿਖਲੀਊਧਵ** ਨੂੰ ਆਪਣੇ ਨਾਲ ਵਿਆਹ ਕਰਨ ਦੀ ਫਾਹੀ ਵਿਚ ਫਸਾਣਾ ਚਾਹੁੰਦੀ ਸੀ। ਸ਼ਾਹਜ਼ਾਦੀ **ਕੋਰਚਾਗੀਨਾ** ਅੱਜ ਦੋ ਮਹੀਨਿਆਂ ਥੀਂ ਓਹਦੇ ਅੱਗੇ ਪਿੱਛੇ ਬੇਮਲੂਮ ਧਾਗਿਆਂ ਦੀਆਂ ਫਾਹੀਆਂ ਤੇ ਜਾਲ ਤਣ ਰਹੀ ਸੀ। ਪਰ ਜਿਹੜੇ ਮਰਦ ਆਪਣੀ ਅਹਲ ਜਵਾਨੀ

ਤੇ ਓਹਦੇ ਬੁੰਬ ਦਿੰਦੇ ਸ਼ੌਕ ਲੰਘਾ ਚੁਕੇ ਹੋਣ ਓਹ ਕੁਦਰਤੀ ਤੌਰ ਤੇ ਇਹੋ ਜੇਹੀਆਂ ਗੱਲਾਂ ਵਿਚ ਅੱਜ ਕਲ ਕਰਦੇ ਰਹਿੰਦੇ ਹਨ ਜਦ ਤਕ ਓਹ ਆਪ ਕਿਸੇ ਅੰਨ੍ਹੇ ਜੇਹੇ ਪਿਆਰ ਵਿਚ ਆਪਣੀ ਮਰਜ਼ੀ ਨਾਲ ਡਿੱਗ ਨ ਪਏ ਹੋਣ। ਇਸ ਫਿਤਰਤੀ ਗੱਲ ਦੇ ਇਲਾਵਾ, **ਨਿਖਲੀਊਧਵ** ਆਪ ਕਈ ਇਕ ਹੋਰ ਤਕੜੇ ਸਬੱਬਾਂ ਕਰਕੇ ਝਟਾ ਪੱਟ ਸ਼ਾਦੀ ਕਰਨ ਦੀ ਤਜਵੀਜ਼ ਸ਼ਾਹਜ਼ਾਦੀ ਅੱਗੇ ਰੱਖ ਹੀ ਨਹੀਂ ਸਕਦਾ, ਤੇ ਇਹ ਸਬੱਬ ਨਿਰਾ ਇਹੋ ਨਹੀਂ ਸੀ ਕਿ ਅੱਜ ਥੀਂ ਦੱਸ ਸਾਲ ਪਹਿਲਾਂ ਓਸ **ਮਸਲੋਵਾ** ਵਿਚਾਰੀ ਦਾ ਧਰਮ ਛੀਨ ਕੀਤਾ ਸੀ ਤੇ ਓਹਨੂੰ ਵਰਤ ਕੇ ਸੁੱਟ ਪਾਇਆ ਸੀ । ਓਹ ਗੱਲ ਤਾਂ ਓਹਨੂੰ ਹੋਈ ਬੀਤੀ ਕਦੀ ਦੀ ਭੁੱਲ ਚੁੱਕੀ ਸੀ। ਨਹੀਂ ਹੋਰ ਵੀ ਗੱਲ ਅੱਜ ਕਲ ਓਹਦੇ ਪਲੇ ਪਈ ਹੋਈ ਸੀ । ਇਨ੍ਹਾਂ ਦਿਨਾਂ ਵਿਚ ਵੀ ਓਹਦਾ ਗੁਪਤ ਯਾਰਾਨਾ ਇਕ ਵਪਾਰੀ ਤੀਮੀ ਨਾਲ ਲੱਗਾ ਹੋਇਆ ਸੀ, ਤੇ ਓਹ ਆਪਣੇ ਮਨ ਵਿੱਚ ਓਸ ਨਾਲੋਂ ਤੋੜ ਚੁੱਕਾ ਸੀ, ਪਰ ਉਸ ਤੀਮੀ ਵੱਲੋਂ ਬਰਾਬਰ ਜਾਰੀ ਸੀ। ਉਸ ਨੇ ਓਹਨੂੰ ਹਾਲੇਂ ਨਹੀਂ ਸੀ ਛੱਡਿਆ।

**ਨਿਖਲੀਊਧਵ** ਜਨਾਨੀਆਂ ਨਾਲ ਵਰਤਣ ਵਿਚ ਕੁਝ ਥੋੜਾ ਸ਼ਰਮਾਕਲ ਸੀ ਤੇ ਇਸ ਸ਼ਰਮਾਕਲਪੁਣੇ ਹੀ ਨੇ ਤਾਂ ਉਸ ਵਿਆਹੀ ਤੀਵੀਂ ਦੇ ਮਨ ਵਿਚ ਇਸ ਨਾਲ ਅੰਦਰ ਖਾਨੇ ਯਾਰੀ ਗੰਢਣ ਦੀ ਚਾਹ ਪੈਦਾ ਕਰ ਦਿੱਤੀ ਸੀ। ਤੇ ਜਦ ਉਹ ਇਕ ਵੇਰੀ **ਇਲੈਕਸ਼ਨਾਂ** ਲਈ ਇਕ ਜ਼ਿਲੇ ਵਿਚ ਗਇਆ ਸੀ, ਤਾਂ ਹੀ ਉਸ ਜ਼ਿਲੇ ਦੇ ਹਾਕਮ ਦੀ

ਬੇਅਸੂਲੀ ਵਹੁਟੀ ਉਸ ਉੱਪਰ ਮੋਹਿਤ ਹੋ ਗਈ ਸੀ, ਉਸ ਨੇ ਚਾਹਿਆ ਸੀ ਕਿ ਇਹਨੂੰ ਆਪਣੇ ਕਾਬੂ ਕਰੇ। ਇਸ ਤੀਮੀ ਨੇ ਹੌਲੇਂ ਹੌਲੇਂ ਇਸ ਉੱਪਰ ਆਪਣੀ ਨਿੱਘੀ ਗੂਹੜੀ ਵਾਕਫ਼ੀਅਤ ਦਾ ਜਾਲ ਸੱਟਣਾਂ ਸ਼ੁਰੂ ਕੀਤਾ, ਤੇ ਜਿਆਦਾ ਹੀ ਜਿਆਦਾ ਉਹ ਇਸ ਉੱਪਰ ਕਾਬੂ ਪਾਂਦੀ ਤੁਰੀ ਗਈ, ਭਾਵੇਂ ਇਹਦਾ ਆਪਣਾ ਦਿਲ ਉਸ ਵੱਲੋਂ ਦਿਨ ਬਦਿਨ ਚੜ੍ਹਦਾ ਚਲਾ ਜਾਂਦਾ ਸੀ। ਪਰ ਉਸ ਤੀਮੀ ਨੇ ਇਹਨੂੰ ਪੂਰਾ ਆਪਣੇ ਉੱਪਰ ਪਾ ਲਿਆ ਸੀ। ਨਿਖਲੀਊਧਵ ਇਸ ਮਨੋ ਲਾਲਚ ਵਿਚ ਫਸ ਕੇ ਜ਼ਰੂਰ ਪੱਛੋਤਾਂਦਾ ਸੀ, ਪਰ ਉਸ ਵਿਚ ਇੰਨੀ ਦਲੇਰੀ ਨਹੀਂ ਸੀ ਆਉਂਦੀ ਕਿ ਉਹ ਉਸ ਤੀਮੀ ਨਾਲ ਆਪਣਾ ਨਾਜਾਇਜ਼ ਤਅੱਲਕ ਬਿਨਾ ਓਸ ਤੀਮੀ ਦੀ ਸਲਾਹ ਦੇ ਆਪ ਹੀ ਤੋੜ ਸਕੇ। ਇਉਂ ਸੀ ਅਸਲ ਅੰਦਰਲੀ ਗੱਲ ਜਿਸ ਕਰਕੇ ਭਾਵੇਂ ਉਹਦੀ ਆਪਣੀ ਮਰਜੀ ਕੋਰਚਾਗਿਨਾ ਨਾਲ ਸ਼ਾਦੀ ਕਰਨ ਦੀ ਹੁੰਦੀ ਵੀ, ਤਾਂ ਵੀ ਉਹ ਖੁੱਲ੍ਹਾ ਇਹ ਤਜਵੀਜ਼ ਨਹੀਂ ਸੀ ਕਰ ਸਕਦਾ।

ਮੇਜ਼ ਉੱਪਰ ਪਏ ਖਤਾਂ ਵਿੱਚੋਂ ਇਕ ਖਤ ਇਸ ਤੀਮੀ ਦੇ ਖਾਵੰਦ ਦਾ ਸੀ। ਉਹਦਾ ਦਸਖਤ ਪਹਿਚਾਨ ਕੇ ਤੇ ਉਹਦੇ ਡਾਕਖਾਨੇ ਦੀ ਮੋਹਰ ਪੜ੍ਹ ਕੇ ਨਿਖਲੀਊਧਵ ਦਾ ਚਿਹਰਾ ਸ਼ਰਮ ਨਾਲ ਲਾਲ ਹੋ ਗਇਆ, ਪਰ ਉਹਦਾ ਸੁਭਾ ਸੀ ਕਿ ਜਦ ਕੋਈ ਖਤਰਾ ਸਾਹਮਣੇ ਆ ਹੀ ਜਾਵੇ ਤਦ ਉਹ ਹੇਠ ਨਹੀਂ ਸੀ ਲਗਦਾ, ਉਹਦਾ ਸਾਹਮਣਾ ਕਰਨ ਨੂੰ ਤਤਪਰ ਹੋ ਜਾਂਦਾ ਸੀ। ਇਸ ਕਰਕੇ ਹੁਣ ਇਸ ਸ਼ਰਮਸਾਗੀ ਨਾਲ ਵੀ ਅੰਦਰੋਂ ਮੁਕਾਬਲਾ ਕਰਨ ਲਈ ਤਿਆਰ ਹੋ

ਗਇਆ ਸੀ ।

ਪਰ ਉਹਦਾ ਇਹ ਜੋਸ਼ ਫੌਰਨ ਉਤਰ ਵੀ ਗਇਆ, ਜਿਸ ਦੀ ਤੀਮੀ ਨਾਲ ਓਹਦਾ ਇਸ ਤਰਾਂ ਦਾ ਲੁਕਵਾਂ ਯਾਰਾਨਾ ਸੀ, ਉਹ ਉਹਦੇ ਆਪਣੇ ਜ਼ਿਲੇ ਦਾ ਅਫਸਰ ਸੀ। ਉਹਦੀ ਸਬ ਥੀਂ ਵੱਡੀ ਜਾਗੀਰ ਇਸ ਜ਼ਿਲੇ ਵਿਚ ਸੀ, ਤੇ ਉਸ ਨੇ **ਨਿਖਲੀਊਧਵ** ਨੂੰ ਬਸ ਇੰਨਾ ਹੀ ਲਿਖਿਆ ਸੀ ਕਿ ਮਈ ਦੇ ਆਖਰੀ ਹਫਤੇ ਜ਼ਿਲੇ ਵਿਚ ਇਕ ਜਲਸਾ ਹੈ ਜਿਸ ਲਈ ਓਹ ਜ਼ਰੂਰ ਓਥੇ ਜਾਵੇ, ਤੇ ਹਰ ਤਰਾਂ ਦੇ ਸਲਾਹ ਮਸ਼ਵਰੇ ਦੀ ਮੱਦਦ ਦੇਵੇ। ਉਸ ਜਲਸੇ ਵਿਚ ਕਈ ਇਕ ਜ਼ਰੂਰੀ ਪਬਲਿਕ ਮਾਮਲਿਆਂ, ਸੜਕਾਂ, ਸਕੂਲਾਂ ਬਾਬਤ ਬਹਿਸਾਂ ਹੋਣੀਆਂ ਹਨ। ਨਾਲੇ ਇਹ ਇਸ਼ਾਰਾ ਕੀਤਾ ਹੋਇਆ ਸੀ ਕਿ ਇਸ ਜਲਸੇ ਵਿਚ ਬਰਖਲਾਫ ਪਾਰਟੀ ਦੇ ਲੋਕਾਂ ਦਾ ਚੰਗਾ ਇਕੱਠ ਹੋਵੇਗਾ ਤੇ ਉਨ੍ਹਾਂ ਨਾਲ ਤਕੜਾ ਮੁਕਾਬਲਾ ਕਰਨਾ ਪਵੇਗਾ।

ਇਹ ਜ਼ਿਲੇ ਦਾ ਸਾਹਿਬ, ਮੁਲਕੀ ਖਿਆਲਾਂ ਦੀ ਵੰਡ ਅਨੁਸਾਰ "**ਲਿਬਰਲ**" ਸੀ, ਤੇ ਇਹ ਆਪਣੇ ਹਮ-ਖਿਆਲਾਂ ਨਾਲ ਮਿਲ ਕੇ "**ਕਨਜ਼ਰਵੇਟਿਵ**" ਪਾਰਟੀ, ਜਿਹੜੀ ਮੁਲਕ ਦੀ ਚਾਲ ਨੂੰ ਪਿਛਾਹਾਂ ਸੁੱਟਣਾ ਚਾਹੰਦੀ ਸੀ, ਤੇ **ਸਕੰਦਰ ਤੀਸਰੇ** ਦੇ ਆਸਰੇ ਵਿੱਚ ਜ਼ੋਰ ਪਕੜ ਰਹੀ ਸੀ, ਦੇ ਵਿਰੁੱਧ ਸਦਾ ਜੱਦੋਜਹਿਦ ਕਰਦਾ ਰਹਿੰਦਾ ਸੀ। ਉਹ ਇਨ੍ਹਾਂ **ਪੋਲਿਟੀਕਲ** ਗੱਲਾਂ ਵਿੱਚ ਇੰਨਾ ਫਸਿਆ ਹੋਇਆ ਸੀ ਕਿ

ਉਹਨੂੰ ਆਪਣੇ ਘਰ ਦੀ ਬਦਕਿਸਮਤੀ ਦੀ ਕੁਛ ਖਬਰ ਹੀ ਨਹੀਂ ਸੀ।

**ਨਿਖਲੀਊਧਵ** ਨੂੰ ਖਤ ਪੜ੍ਹ ਕੇ ਸਾਰੀਆਂ ਉਹ ਹੌਲ ਭਰੀਆਂ ਘੜੀਆਂ ਯਾਦ ਆਈਆਂ ਜਿਹੜੀਆਂ ਇਸ ਆਦਮੀ ਦੇ ਤਅਲੱਕ ਵਿੱਚ ਉਸ ਉੱਪਰ ਆਣ ਵਾਪਰੀਆਂ ਸਨ। ਉਹਨੂੰ ਯਾਦ ਆਇਆ ਕਿ ਇਕ ਦਿਨ ਉਹਨੂੰ ਡਰ ਲੱਗਾ ਸੀ ਕਿ ਅਹੁ ! ਉਸ ਤੀਮੀ ਦਾ ਖਾਵੰਦ ਆ ਗਇਆ, ਤੇ ਮੈਂ ਪਾਪ ਕਰਦਾ ਫੜਿਆ ਗਇਆ ਹਾਂ ਤੇ ਉਸਨੇ ਆਣ ਕੇ ਮੈਨੂੰ ਵੰਗਾਰਿਆ, ਉਸ ਮੈਨੂੰ ਡਰਾਣ ਲਈ ਹਵਾ ਵਿੱਚ ਬੰਦੂਕ ਚਲਾਈ, ਤੇ ਉਹ ਦਿਹਾੜਾ ਵੀ ਯਾਦ ਆਇਆ ਜਦ ਉਹ ਤੀਮੀ ਉਸ ਨਾਲ ਲੜ ਪਈ ਸੀ, ਤੇ ਰੁੱਸ ਕੇ ਬਾਗ ਦੇ ਖੂਹ ਵਿੱਚ ਛਾਲ ਮਾਰਨ ਨੱਸ ਗਈ ਸੀ, ਤੇ ਇਹ ਉਹਦੇ ਪਿੱਛੇ ਪਿੱਛੇ ਉਹਨੂੰ ਢੂੰਡਣ ਗਿਆ ਸੀ। ਇਹੋ ਜੇਹੀਆਂ ਕਈ ਗੱਲਾਂ ਸਭ ਯਾਦ ਆਈਆਂ।

"ਹਾਂ, ਮੈਂ ਹੁਣ ਨਹੀਂ ਜਾ ਸੱਕਦਾ, ਨਾ ਹੀ ਕੁਛ ਫੈਸਲਾ ਕਰ ਸੱਕਦਾ ਹਾਂ, ਜਦ ਤਕ ਉਹ ਤੀਮੀ ਮੈਨੂੰ ਨਾ ਲਿਖੇ" **ਨਿਖਲੀਊਧਵ** ਇਓਂ ਸੋਚੀਂ ਪੈ ਗਇਆ। ਇਕ ਹਫਤਾ ਹੀ ਹਾਲੇਂ ਹੋਇਆ ਸੀ ਕਿ **ਨਿਖਲੀਊਧਵ** ਨੇ ਉਸ ਤੀਮੀ ਵਲ ਇਕ ਨਬੇੜ ਕਰ ਦੇਣ ਵਾਲਾ ਖਤ ਪਾਇਆ ਸੀ। ਜਿਸ ਵਿੱਚ ਇਸ ਨੇ ਉਸ ਅੱਗੇ ਮੰਨ ਲਇਆ ਸੀ, ਕਿ ਮੈਂ ਗਿਰਿਆ, ਗਲਤੀ ਕੀਤੀ, ਝਖ ਮਾਰੀ, ਪਰ ਹੁਣ ਮੈਂ ਇਸ ਰਿਸ਼ਤੇ ਨੂੰ ਤੋੜਨਾ ਚਾਹੁੰਦਾ ਹਾਂ। ਤੇ ਇਸ ਦੋਸਤੀ ਦੇ ਤੋੜਨ ਵਿੱਚ ਉਹਦਾ ਆਪਣਾ ਹੀ ਭਲਾ ਹੈ, ਜਿਵੇਂ ਇਹ ਗੱਲ ਇਸ ਨੇ ਉਹਦੇ ਭਲੇ

ਲਈ ਹੀ ਨਿਰੋਲ ਕੀਤੀ ਸੀ। ਇਸ ਖਤ ਦਾ ਹਾਲੇਂ ਕੋਈ ਜਵਾਬ ਨਹੀਂ ਸੀ ਆਇਆ। ਉਹਦੀ ਇਹ ਚੁੱਪ ਭਾਵੇਂ ਚੰਗੀ ਨਿਸ਼ਾਨੀ ਮਤੇ ਹੋਵੇ, ਕਿਉਂਕਿ ਜੇ ਉਹ ਤੋੜਨਾ ਨਾ ਚਾਹੁੰਦੀ ਤਦ ਯਾ ਤਾਂ ਛੇਤੀ ਉੱਤਰ ਦਿੰਦੀ ਯਾ ਜਿਸ ਤਰਾਂ ਉਹ ਇਹੋ ਜੇਹੇ ਖਤਾਂ ਤੇ ਇਸ ਥੀਂ ਪਹਿਲਾਂ ਕਰਦੀ ਹੁੰਦੀ ਸੀ, ਆਪ ਹੀ ਇਸ ਪਾਸ ਆ ਜਾਂਦੀ। ਨਿਖਲੀਊਧਵ ਨੂੰ ਨਾਲੇ ਇਹ ਵੀ ਪਤਾ ਲਗ ਗਇਆ ਸੀ, ਕਿ ਇਕ ਹੋਰ ਗਭਰੂ ਅਫਸਰ ਉਹਦੀ ਖੁਸ਼ਾਮਦ ਦਰਾਮਦ ਵਿੱਚ ਖੂਬ ਜੁੱਟਿਆ ਪਇਆ ਹੈ ਭਾਵੇਂ ਉਹਨੂੰ ਖਾਰ ਵੀ ਆਉਂਦੀ ਸੀ ਤੇ ਦਿਲ ਦੁਖਦਾ ਸੀ, ਤਾਂ ਵੀ ਉਸ ਨੂੰ ਕੁਛ ਢਾਰਸ ਹੁੰਦੀ ਸੀ ਕਿ ਸ਼ਾਯਦ ਇਸ ਨਵੀਂ ਦੋਸਤੀ ਕਰਕੇ ਉਹਨੂੰ ਇਸ ਛੁਪੇ ਕਪਟ ਥੀਂ ਛੁਟਕਾਰਾ ਮਿਲ ਜਾਏ। ਅੰਦਰ ਅੰਦਰ ਇਸ ਕੁੜੀ ਦੀ ਖੋਹ ਜੇਹੀ ਉਹਨੂੰ ਲੱਗੀ ਰਹਿੰਦੀ ਸੀ।

ਦੂਸਰਾ ਖਤ ਉਹਦੇ ਆਪਣੀ ਰਿਆਸਤ ਦੇ ਮੁਨਸ਼ੀ ਦਾ ਸੀ। ਮੁਨਸ਼ੀ ਨੇ ਲਿਖਿਆ ਸੀ ਕਿ ਉਹਦਾ ਜਾ ਕੇ ਆਪਣੀ ਰਿਆਸਤ ਨੂੰ ਵੇਖਣਾ ਬੜਾ ਜਰੂਰੀ ਹੈ ਤੇ ਕਬਜ਼ਾ ਵੀ ਲੈਣਾ ਚਾਹੀਏ, ਤੇ ਨਾਲੇ ਆ ਕੇ ਦੱਸੇ ਕਿ ਇਸ ਥੀਂ ਅੱਗੋਂ ਰਿਆਸਤ ਦੀ ਜਿਮੀਂਦਾਰੀ ਦਾ ਕੀ ਬੰਦੋਬਸਤ ਕਰਨਾ ਹੈ। ਰਾਹਕਾਂ ਨੂੰ ਦੇਣੀ ਹੈ ਯਾ ਮੁਨਸ਼ੀ ਨੇ ਆਪਣੇ ਬਲਦ ਰੱਖ ਕੇ ਖੁਦ ਕਾਸ਼ਤ ਵਿੱਚ ਲਿਆਉਣੀ ਹੈ। ਉਹਦੀ ਇਹ ਦੂਜੀ ਤਜਵੀਜ਼ ਸੀ, ਉਸ ਨੇ ਇਹੋ ਤਜਵੀਜ਼ ਪਹਿਲਾਂ ਮਾਂ ਨੂੰ ਲਿਖ ਘੱਲੀ ਸੀ, ਤੇ ਹੁਣ ਪੁਤ੍ਰ ਨੂੰ ਵੀ ਕਿ ਜਿਹੜੀ ਜਮੀਨ ਰਾਹਕਾਂ ਨੂੰ ਦਿੱਤੀ ਹੋਈ ਹੈ, ਉਹ ਆਪਣੇ ਹਲਾਂ ਹੇਠ ਲਿਆਉਣੀ ਚਾਹੀਦੀ ਹੈ।

ਮੁਨਸ਼ੀ ਨੇ ਲਿਖਿਆ ਕਿ ਇਉਂ ਕਰਨ ਨਾਲ ਜਮੀਨ ਵਿੱਚੋਂ ਬਹੁਤ ਜ਼ਿਆਦਾ ਨਫਾ ਹੋ ਸੱਕਦਾ ਹੈ, ਤੇ ਨਾਲੇ ਉਸ ਮਾਫੀਆਂ ਮੰਗੀਆਂ ਹੋਈਆਂ ਸਨ ਕਿ ਹਾਲੇ ਤਕ ਉਹ ਉਹਨੂੰ ੩੦੦੦) ਰੂਬਲ ਜਿਹੜੇ ਪਹਿਲੀ ਤਾਰੀਖ ਨੂੰ ਦਾਖਲ ਕਰਨੇ ਸਨ, ਨਹੀਂ ਭੇਜ ਸੱਕਿਆ। ਇਹ ਰਕਮ ਅਗਲੀ ਡਾਕੇ ਘੱਲੇਗਾ। ਸਬੱਬ ਇਸ ਦੇਰੀ ਦਾ ਇਹੋ ਸੀ ਕਿ ਰਾਹਕਾਂ ਪਾਸੋਂ ਵਸੂਲੀਆਂ ਠੀਕ ਨਹੀਂ ਸਨ ਹੋ ਰਹੀਆਂ, ਤੇ ਕਈ ਵੇਰੀ ਉਸ ਦੀ ਸਰਕਾਰੇ ਖਬਰ ਦੇਣੀ ਪਈ ਹੈ। **ਨਿਖਲੀਉਧਵ** ਨੂੰ ਇਹ ਖਤ ਕੁਛ ਤਾਂ ਚੰਗਾ ਲੱਗਾ ਤੇ ਕੁਛ ਬੁਰਾ। ਚੰਗਾ ਤਾਂ ਇਉਂ ਲੱਗਾ ਕਿ **ਨਿਖਲੀਊਧਵ** ਦੇ ਮਨ ਵਿਚ ਖੁਸ਼ੀ ਜੇਹੀ ਆਈ ਕਿ ਉਹ ਇੰਨੀ ਵੱਡੀ ਰਿਆਸਤ ਦਾ ਮਾਲਕ ਹੈ, ਤੇ ਬੁਰਾ ਇਉਂ ਲੱਗਾ ਕਿ ਉਹਦੇ ਅੰਦਰਲੇ ਨਿਹਚਿਆਂ ਨੂੰ ਕੁਛ ਸੱਟ ਜੇਹੀ ਵੱਜੀ। ਇਨ੍ਹਾਂ ਗੱਲਾਂ ਵਿੱਚ ਉਹਦੇ ਖਿਆਲ **ਹਰਬਰਟ ਸਪੈਨਸਰ** ਦੇ ਖਿਆਲ ਸਨ, ਇਕ ਤਰਾਂ ਦਾ ਉਹਦਾ ਚੇਲਾ ਸੀ, ਤੇ ਉਹਦੇ ਗੁਰੂ ਦੀ ਕਿਤਾਬ **ਸੋਸ਼ਲ ਸਟੈਟਿਸਟਿਕਸ** ਵਿੱਚ ਲਿਖਿਆ ਹੋਇਆ ਹੈ ਕਿ ਇਨਸਾਨੀ ਇਨਸਾਫ ਇਹ ਗੱਲ ਕਦੀ ਗਵਾਰਾ ਨਹੀਂ ਕਰ ਸੱਕਦਾ ਕਿ ਕਿਸੀ ਵੀ ਬੰਦੇ ਪਾਸ ਕੋਈ ਆਪਣੀ ਨਿਜੀ ਜਾਇਦਾਦ ਹੋਵੇ। ਖਾਸ ਕਰ ਜਮੀਨ ਨੂੰ ਆਪਣੀ ਨਿਜੀ ਮਾਲਕੀ ਵਿੱਚ ਰੱਖਣਾ ਤਾਂ ਉੱਥੇ ਖਾਸ ਤਰਾਂ ਵਰਜਿਆ ਹੋਇਆ ਹੈ, ਤੇ ਇਸ ਵਿਸ਼ੇ ਉੱਪਰ **ਨਿਖਲੀਊਧਵ** ਨੇ ਜੋਸ਼ ਵਿੱਚ ਆ ਕੇ ਨਿਰੀਆਂ ਗੱਲਾਂ ਤਕ ਹੀ ਨਹੀਂ ਸੀ ਬੱਸ

ਕੀਤੀ ਹੋਈ। ਇਨ੍ਹਾਂ ਖਿਆਲਾਂ ਤੇ ਨਿਹਚਿਆਂ ਉੱਪਰ ਕਿਸੀ ਹੱਦ ਤਕ ਓਸ ਅਮਲ ਵੀ ਕੀਤਾ ਸੀ। ਇਹੋ ਖਿਆਲ ਕਰਕੇ ਕਿ ਭੋਂ ਆਪਣੀ ਜਾਇਦਾਦ ਮਲਕੀਅਤ ਨਹੀਂ ਬਣਾਉਣਾ, ਉਸ ਨੇ ਆਪਣੇ ਪਿਤਾ ਥੀਂ ਉਹਦੇ ਹਿੱਸੇ ਵਿਰਸੇ ਵਿੱਚ ਆਈ ੫੦੦ ਕਿੱਲੇ ਭੋਂ ਰਾਹਕਾਂ ਨੂੰ ਉੱਕਾ ਦੇ ਹੀ ਦਿੱਤੀ ਸੀ। ਹੁਣ ਜਦ ਮਾਂ ਦੇ ਮਰਨ ਤੇ ਮਾਂ ਵੱਲੋਂ ਹੋਰ ਵਧੇਰੀਆਂ ਰਿਆਸਤਾਂ ਉਹਨੂੰ ਢੇਹੀਆਂ ਤੇ ਉਹ ਇਕ ਵੱਡਾ ਜ਼ਿਮੀਂਦਾਰ, ਭੋਂ ਦਾ ਮਾਲਕ, ਬਣ ਗਇਆ ਤਦ ਦੋ ਗੱਲਾਂ ਵਿੱਚੋਂ ਇਕ ਦੀ ਉਸ ਨੇ ਚੋਣ ਕਰਨੀ ਸੀ, ਯਾ ਤਾਂ ਪਿਓ ਵੱਲੋਂ ਆਈ ਭੋਂ ਵਾਂਗੂੰ ਸਾਰੀ ਰਾਹਕਾਂ ਨੂੰ ਉੱਕਾ ਹੀ ਦੇ ਦੇਵੇ ਯਾ ਇਹ ਪ੍ਰਕਾਸ਼ਤ ਕਰੇ ਕਿ ਉਹਦੇ ਪਹਿਲੇ ਖਿਆਲ ਬਦਲ ਗਏ ਹਨ, ਤੇ ਨਾਲੇ ਉਹਦੇ ਇਹ ਪਹਿਲੇ ਖਿਆਲ ਗਲਤ ਤੇ ਝੂਠੇ ਸਨ।

ਪਹਿਲੀ ਚੋਣ ਤਾਂ ਹੁਣ ਉਹ ਨਹੀਂ ਸੀ ਕਰ ਸੱਕਦਾ, ਕਿਉਂਕਿ ਸਿਵਾਏ ਇਨ੍ਹਾਂ ਵਿਰਸੇ ਵਿੱਚ ਆਈਆਂ ਜਮੀਨਾਂ ਤੇ ਜਾਇਦਾਦਾਂ ਦੇ (ਗਵਰਨਮਿੰਟ ਦੀ ਨੌਕਰੀ ਕਰਨ ਦੀ ਹਾਲੇ ਤਕ ਉਸ ਪਰਵਾਹ ਨਹੀਂ ਸੀ ਕੀਤੀ) ਉਹਦੇ ਆਪਣੇ ਗੁਜ਼ਾਰੇ, ਨਹੀਂ ਆਪਣੇ ਗੁਲਛੱਰਿਆਂ ਲਈ ਕਹਿਣਾ ਚਾਹੀਦਾ ਹੈ, ਉਸ ਪਾਸ ਹੋਰ ਕੋਈ ਤੜਾ ਪੂੰਜੀ ਨਹੀਂ ਸੀ ਤੇ ਆਦਤਾਂ ਰਹਿਣ ਬਹਿਣ ਦੀਆਂ ਹੁਣ ਰਈਸੀ ਤੇ ਅਮੀਰਾਨਾ ਹੋ ਚੁੱਕੀਆਂ ਸਨ। ਇਨ੍ਹਾਂ ਨੂੰ ਤਿਆਗ ਕੇ ਤੇ ਗਰੀਬੀ ਧਾਰ ਕੇ ਜੀਣ ਦਾ ਖਿਆਲ ਵੀ ਉਹਨੂੰ ਚੰਗਾ ਨਹੀਂ ਸੀ ਲੱਗਦਾ। ਨਾਲੇ ਉਹਦੇ ਦਿਲ ਵਿੱਚ ਯੂਨੀਵਰਸਟੀ ਦੇ ਦਿਨਾਂ ਦੀਆਂ ਉਮਾਹੂ ਜਵਾਨ ਉਮੰਗਾਂ ਵੀ ਨਹੀਂ ਸਨ ਰਹੀਆਂ। ਉਹਦੇ ਉਹ ਮਜ਼ਬੂਤ ਨਿਹਚੇ, ਜਵਾਨੀ ਦੇ ਉਹ ਕੜੇ ਅਟਲ ਇਰਾਦੇ, ਤੇ ਉੱਠਦੇ ਉਭਰਦੇ ਜੀਵਨ

ਦੀਆਂ ਉਹ ਵੱਡੇ ਵੱਡੇ ਚੰਗੇ ਪਰਉਪਕਾਰੀ ਕੰਮ ਕਰਨ ਦੀਆਂ ਖਾਹਿਸ਼ਾਂ, ਤਾਂਘਾਂ,—ਹਾਂ ਕਿ ਕੁਛ ਇਸ ਸੁੱਤੀ ਜੇਹੀ ਦੁਨੀਆਂ ਵਿੱਚ ਗੈਰ ਮਾਮੂਲੀ ਕੰਮ ਕਰਦੇ ਦਿੱਸੀਏ ਆਦਿ—ਸਭ ਹੁਣ ਸ਼ਿੱਥਲ ਤੇ ਮੱਧਮ ਹੋ ਚੁੱਕੇ ਸਨ। ਤੇ ਦੂਜੀ ਚੋਣ, ਕਿ ਉਹ ਸਾਰੇ ਖਿਆਲ ਕੂੜੇ ਤੇ ਗਲਤ ਦੱਸੇ, ਜਦ ਕਿ **ਹਰਬਰਟ ਸਪੈਨਸਰ** ਦੇ **ਸੋਸ਼ਲ ਸਟੈਟਿਸਟਿਕਸ** ਵਿੱਚ ਸਾਫ ਤੇ ਨਿਰਉੱਤਰ ਕਰ ਦੇਣ ਵਾਲੇ ਸਬੂਤ ਦੇ ਦੇ ਕੇ ਸਿੱਧ ਕੀਤਾ ਹੋਇਆ ਹੈ, ਕਿ ਨਿਜ ਦੀ ਕਿਸੀ ਕਿਸਮ ਦੀ ਜਾਇਦਾਦ ਦੀ ਮਲਕੀਅਤ ਦਾ ਰੱਖਣਾ ਇਨਸਾਨੀ ਇਨਸਾਫ ਥੀਂ ਦੂਰ ਹੈ, ਤੇ ਮੁੜ ਜਿਨ੍ਹਾਂ ਖਿਆਲਾਂ ਦਾ ਪ੍ਰਤੀਪਾਦਿਕ ਇਕ ਹੋਰ **ਹੈਨਰੀ ਜਾਰਜ** ਨਿਕਲ ਆਇਆ ਹੈ, ਤੇ ਜਿਸ **ਹਰਬਰਟ ਸਪੈਨਸਰ** ਦੀ ਬੜੀ ਸ਼ਾਨਦਾਰ ਤੇ ਚਮਕਦੀ ਪ੍ਰੋੜਤਾ ਕੀਤੀ ਹੈ, ਸੰਭਵ ਨਹੀਂ ਸੀ। ਉਨ੍ਹਾਂ ਸਾਰਿਆਂ ਖਿਆਲਾਂ ਨੂੰ ਕੂੜਾ ਯਾ ਗਲਤ ਕਹਿਣਾ ਯਾ ਦੱਸਣਾ, ਉਸ ਲਈ ਨਾਮੁਮਕਿਨ ਸੀ, ਤੇ ਇਹ ਕਾਰਨ ਸੀ ਕਿ ਮੁਨਸ਼ੀ ਦੇ ਖਤ ਦਾ ਇੱਕ ਹਿੱਸਾ ਉਹਨੂੰ ਬੜਾ ਭੈੜਾ ਲੱਗਾ।

## ਕਾਂਡ ੪

**ਨਿਖਲੀਊਧਵ** ਨੇ ਕਾਫੀ ਖਤਮ ਕੀਤੀ, ਆਪਣੇ ਦਫਤ੍ਰ ਵਿਚ ਗਇਆ ਤੇ ਕਚਹਿਰੀ ਦੇ ਸਮਨਾਂ ਨੂੰ ਤੱਕਿਆ ਕਿ ਕਿਸ ਵਕਤ ਉੱਥੇ ਅਪੜਨਾ ਹੈ, ਨਾਲੇ ਉਸ ਸ਼ਾਹਜ਼ਾਦੀ ਦੇ ਖਤ ਦਾ ਜਵਾਬ ਲਿਖਣਾ ਸਾ ਸੂ। ਤੇ ਉੱਥੇ ਜਾਣ ਲਈ ਜਦ ਉਹ ਆਪਣੀ ਤਸਵੀਰਾਂ ਬ਼ਨਾਣ ਦੀ ਸਟੂਡੀਓ ਵਿਚ ਦੀ ਲੰਘਿਆ, ਉੱਥੇ ਪਈਆਂ ਕੁਛ ਇਕ ਉਹਦੀਆਂ ਆਪਣੀਆਂ ਬਣੀਆਂ ਮਸ਼ਕ ਜੇਹੀ ਵਾਲੀਆਂ ਤਸਵੀਰਾਂ ਦੀਵਾਰ ਉੱਪਰ ਲਟਕ ਰਹੀਆਂ ਸਨ ਤੇ ਇਕ ਅੱਧੀ ਖਿੱਚੀ ਤਸਵੀਰ ਵੀ ਪਈ ਹੋਈ ਸੀ। ਇਨ੍ਹਾਂ ਨੂੰ ਵੇਖ ਕੇ ਉਹਨੂੰ **ਆਰਟ** ਵਿਚ ਵਧਣ ਦੀ ਆਪਣੇ ਵਿਚ ਕਿਸੀ ਖਾਸ ਲਿਆਕਤ ਦਾ ਨਾ ਹੋਣਾ ਪ੍ਰਤੀਤ ਹੋਇਆ ਤੇ ਆਪਣੀ ਨਲੈਕੀ ਦੀ ਸਮਝ ਆ ਕੇ ਕੁਛ ਨਿੰਮੋ-ਝੂਣਾ ਜੇਹਾ ਹੋਇਆ। ਇਹ ਆਪਣੀ **ਆਰਟ** ਵਿਚ ਵਧਣ ਦੀ ਲਿਆਕਤ ਨਾ ਹੋਣ ਦੀ ਪ੍ਰਤੀਤੀ ਇਨ੍ਹਾਂ ਦਿਨਾਂ ਵਿਚ ਕਈ ਵੇਰੀ ਉਸ ਉੱਪਰ ਆਈ ਸੀ ਤੇ ਉਹਨੂੰ ਸਤਾਂਦੀ ਸੀ, ਪਰ ਉਹ ਕਹਿ ਦਿੰਦਾ ਸੀ ਕਿ ਉਹਦਾ ਮਨ ਰਸਿਕ ਮੰਡਲਾਂ ਦਾ ਬਹੁਤ ਉੱਚਾ ਉਡਾਰੂ ਹੋ ਜਾਣ ਕਰਕੇ ਤਸਵੀਰਾਂ ਖਿੱਚਣ ਵਿਚ ਨਹੀਂ ਸੀ ਜੰਮਦਾ। ਪਰ ਤਾਂ ਵੀ **ਆਰਟ** ਵਿਚ ਨਿਪੁੰਨ ਨਾ ਹੋਣ ਦੀ ਬੇਚੈਨੀ ਉਹਨੂੰ ਜ਼ਰੂਰ ਦਿੱਕ ਕਰਦੀ ਸੀ। ਇਸ ਥੀਂ ਸੱਤ ਸਾਲ ਪਹਿਲੇ ਉਸ ਫੌਜ ਦੀ ਨੌਕਰੀ ਇਸ ਕਰ ਕੇ ਛੱਡ ਦਿਤੀ ਸੀ ਕਿ ਉਸ ਨੂੰ ਇਹ ਵਹਿਮ

68509 68509 PATIALA LIBRARY 68509

ਆਣ ਸਵਾਰ ਹੋਇਆ ਸੀ, ਕਿ ਉਹ ਆਰਟ ਵਿਚ ਬੜੀ ਨਿਪੁੰਨਤਾ ਹਾਸਲ ਕਰ ਸਕੇਗਾ । ਤੇ ਇਹ ਕਿ ਤਸਵੀਰ ਬਨਾਉਣ ਦਾ ਉਸ ਵਿਚ ਖਾਸ ਖੁਦਾਦਾਦ ਮਾਦਾ ਹੈ, ਤੇ ਇਸ ਆਰਟ ਦੀ ਉੱਚੀ ਖੂਬੀ ਥੀਂ ਆਪਣੇ ਜੀਵਨ ਨੂੰ ਵੇਖ ਵੇਖ ਉਹ ਹੋਰ ਸਭ ਅਮਲੀ ਕੰਮਾਂ ਕਾਜਾਂ ਨੂੰ ਨੀਵੇਂ ਦਰਜੇ ਦੇ ਕਮੀਨ ਕੰਮ ਸਮਝਦਾ ਸੀ । ਹੁਣ ਇਨ੍ਹਾਂ ਦਿਨਾਂ ਵਿਚ ਉਹਨੂੰ ਪਤਾ ਲਗ ਗਇਆ ਸੀ ਕਿ ਉਹਦਾ ਇਹ ਆਪਣੀ ਬਾਬਤ ਖਿਆਲ ਗਲਤ ਸੀ, ਤੇ ਇਸ ਤਰਾਂ ਦੇ ਉੱਚੇ ਵਿਚਾਰਾਂ ਦਾ ਆਸਰਾ ਲੈਣ ਦਾ ਉਹਦਾ ਕੋਈ ਹੱਕ ਨਹੀਂ ਸੀ। ਇਸ ਲਈ ਹਰ ਇਕ ਐਸੀ ਚੀਜ ਜਿਹੜੀ ਉਹਦੇ ਅੱਗੇ ਆਰਟ ਨੂੰ ਲਿਆਂਦੀ ਯਾ ਆਰਟ ਦੀਆਂ ਕਿਰਤਾਂ ਨੂੰ ਯਾਦ ਦਿਵਾਂਦੀ ਸੀ, ਉਹਨੂੰ ਤੰਗ ਕਰਦੀ ਸੀ । ਸਟੂਡੀਓ ਅਤੇ ਆਪਣੀ ਰੰਗਸ਼ਾਲਾ ਦੇ ਕੀਮਤੀ ਸਾਮਾਨ ਆਦਿਕ ਵੇਖ ਕੇ ਉਹਦਾ ਦਿਲ ਉਦਾਸ ਅਤੇ ਭਾਰਾ ਹੋ ਜਾਂਦਾ ਸੀ, ਤੇ ਜਦ ਉਹ ਦਫਤਰ ਵਲ ਗਇਆ ਸੀ, ਉਥੋਂ ਅੱਜ ਲੰਘਣ ਕਰਕੇ ਉਹ ਇਸੀ ਕਰਕੇ ਖੁਸ਼ ਨਹੀਂ ਸੀ। ਉਹਦਾ ਦਫ਼ਤਰ ਇਕ ਵੱਡਾ, ਉੱਚਾ ਖੁੱਲ੍ਹਾ ਕਮਰਾ ਸੀ। ਉਸ ਵਿੱਚ ਸਭ ਸਾਮਾਨ ਡਾਢੇ ਕਰੀਨੇ ਸਿਰ ਲਗਾਇਆ ਹੋਇਆ ਸੀ, ਤੇ ਹਰ ਤਰਾਂ ਦੇ ਆਰਾਮ, ਸੁਹਜ ਤੇ ਦਿੱਖ ਲਈ ਸੋਹਣੇ ਜੋੜ ਜੋੜੇ ਹੋਏ ਪਏ ਸਨ । ਆਪਣੇ ਵੱਡੇ ਲਿਖਣ ਦੇ ਮੇਜ਼ ਦੇ ਇਕ ਖਾਨੇ ਵਿਚੋਂ ਜਿਸ ਉਪਰ "ਹੁਣੇ ਛੇਤੀ" ਦਾ ਟਿਕਟ ਲੱਗਾ ਹੋਇਆ ਸੀ, ਨਿਖਲੀਊਧਵ ਨੇ ਸਮਨ ਕੱਢਿਆ ਤੇ ਵੇਖਿਆ ਕਿ ਉਸ ਮੁਤਾਬਕ ਉਹਨੂੰ ਠੀਕ ੧੧ ਵਜੇ ਕਚਹਿਰੀ ਪਹੁੰਚਣਾ ਸੀ। ਨਿਖਲੀਊਧਵ ਫਿਰ ਸ਼ਾਹ-

ਜ਼ਾਦੀ ਦੇ ਖਤ ਦਾ ਉੱਤਰ ਲਿਖਣ ਬਹਿ ਗਇਆ। ਰੋਟੀ ਦੇ ਸੱਦੇ ਦਾ ਧੰਨਵਾਦ ਕੀਤਾ, ਤੇ ਲਿਖਿਆ ਕਿ ਉਹ ਰਾਤੀਂ ਖਾਣੇ ਉੱਪਰ ਪਹੁੰਚੇਗਾ। ਇਹ ਖਤ ਇਸ ਤਰਾਂ ਲਿਖ ਕੇ ਉਸ ਫਾੜ ਦਿੱਤਾ, ਉਹਦੀ ਇਬਾਰਤ ਕੁਛ ਬਹੁਤ ਜ਼ਿਆਦਾ ਅਪ-ਣੱਤ ਵਾਲੀ ਲੱਗੀ। ਇਕ ਹੋਰ ਲਿਖਿਆ ਪਰ ਉਹ ਕੁਛ ਕਾਫੀ ਨਿੱਘਾ ਨਾ ਲਗਿਆ। ਡਰਿਆ ਕਿ ਜੇ ਇੰਨਾ ਕੋਰਾ ਖਤ ਲਿਖਿਆ ਤਦ ਉਹ ਖਫਾ ਹੋਣਗੇ, ਉਹ ਵੀ ਫਾੜ ਸੁੱਟਿਆ। ਮੁੜ ਬਿਜਲੀ ਦਾ ਬਟਨ ਦਬਾਇਆ ਤੇ ਇਕ ਬੁਢੇਰਾ ਜੇਹਾ ਬੜੀ ਰੁਖੀ ਰੁਖੀ ਸ਼ਕਲ ਵਾਲਾ ਆਦਮੀ ਹਾਜ਼ਰ ਹੋਇਆ। ਉਹਦੀ ਚੁੱਲ੍ਹਾ ਦਾਹੜੀ ਸੀ। ਉਪਰਲਾ ਹੋਠ ਤੇ ਠੋਡੀ ਸਾਫ ਮੁੰਨੀ ਹੋਈ ਸੀ ਤੇ ਆਪਣੀ ਪੋਸ਼ਾਕ ਉਪਰ ਭੂਰੇ ਜੇਹੇ ਰੰਗ ਦਾ ਠੰਢਾ ਐਪਰਨ ਪਾਇਆ ਹੋਇਆ ਸੀ ਸੂ।

"ਮਿਹਰਬਾਨੀ ਕਰਕੇ ਇਕ ਕਰਾਏ ਦੀ ਗੱਡੀ ਜਲਦੀ ਮੰਗਾਓ।"

"ਬਹੁਤ ਅੱਛਾ ਹਜ਼ੂਰ।"

"ਤੇ ਜਿਹੜਾ ਕੋਈ **ਕੋਰਚਾਗਿਨਾਂ** ਵੱਲੋਂ ਆਇਆ ਹੋਇਆ ਉਡੀਕ ਕਰ ਰਹਿਆ ਹੈ, ਉਹਨੂੰ ਕਹਿ ਦੇਣਾ ਕਿ ਮੈਂ ਉਨ੍ਹਾਂ ਦੇ ਬੁਲਾਵੇ ਦਾ ਧੰਨਵਾਦੀ ਹਾਂ ਤੇ ਮੈਂ ਹਾਜ਼ਰ ਹੋਣ ਦੀ ਕੋਸ਼ਿਸ਼ ਕਰਸਾਂ।"

"ਬਹੁਤ ਅੱਛਾ ਹਜ਼ੂਰ।"

"ਕੁਛ ਬਹੁਤ ਸੋਹਣਾ ਤਾਂ ਨਹੀਂ ਲੱਗਦਾ ਕਿ ਖਤ ਦੇ ਜਵਾਬ ਵਿਚ ਮੈਂ ਇਓਂ ਜਬਾਨੀ ਸੁਨੇਹਾ ਹੀ ਭੇਜਿਆ ਹੈ, ਪਰ ਕੋਈ ਗੱਲ ਨਹੀਂ ਅੱਜ ਰਾਤੀਂ ਹੀ ਉਹਨੂੰ ਮੈਂ ਮਿਲ ਜੁ ਪਵਾਂਗਾ", ਇਓਂ ਸੋਚਦਾ **ਨਿਖਲੀਊਧਵ** ਆਪਣਾ

ਓਵਰਕੋਟ ਲੈਣ ਚਲਾ ਗਇਆ।

ਜਦ ਇਓਂ ਉਹ ਘਰੋਂ ਬਾਹਰ ਨਿਕਲਿਆ, ਉਹਨੂੰ ਪਤਾ ਸੀ ਕਿ ਉਸ ਲਈ ਅੱਗੇ ਇਕ ਰਬਰ ਟੈਰ ਵਾਲੀ ਬੱਘੀ ਉਹਦੀ ਉਡੀਕ ਵਿਚ ਖੜੀ ਹੋਣੀ ਹੈ। ਸੋ ਬੂਹੇ ਬਾਹਰ ਬੱਘੀ ਖੜੀ ਸੀ, ਕੋਚਵਾਨ ਆਪਣਾ ਸਿਰ ਜਰਾਕੂ ਇਸ ਵਲ ਮੋੜ ਕੇ ਕਹਿਣ ਲਗਾ, "ਜਨਾਬ ਕਲ ਜਦ ਤੁਸੀ ਮਸੇਂ ਸ਼ਾਹਜ਼ਾਦਾ ਕੋਰ-ਚਾਗਿਨ ਦੇ ਨਿਕਲੇ ਹੀ ਹੋਵੋਗਾ ਕਿ ਮੈਂ ਪਹੁੰਚ ਗਇਆ ਸਾਂ। ਪਰ ਉਨ੍ਹਾਂ ਦੇ ਸ੍ਵਿਸ ਦਰਬਾਨ ਨੇ ਮੈਨੂੰ ਕਹਿਆ, "ਉਹ ਚਲੇ ਗਏ ਹਨ।" ਬੱਘੀ ਵਾਲੇ ਨੂੰ ਪਤਾ ਸੀ ਕਿ ਨਿਖਲੀ-ਊਧਵ ਕੋਰਚਾਗਿਨਾਂ ਦੇ ਜਾਂਦਾ ਹੁੰਦਾ ਹੈ ਤੇ ਉਸ ਵੇਲੇ ਉਹ ਇਤਫਾਕੀਆ ਹੀ ਇਸ ਥਾਂ ਉਪਰ ਆ ਗਇਆ ਹੋਇਆ ਸੀ, ਮਤੇ ਕਿਤੇ ਜਾਣਾ ਹੋਵੇ ਤੇ ਸਵੇਰ ਸਾਰ ਮੇਰਾ ਭਾੜਾ ਹੀ ਬਣ ਜਾਂਦਾ ਹੋਵੇ।

"ਕੋਚਵਾਨਾਂ ਨੂੰ ਵੀ ਕੋਰਚਾਗਿਨਾਂ ਦੇ ਟੱਬਰ ਨਾਲ ਮੇਰੇ ਕੀ ਤਅੱਲਕ ਹਨ ਪਤਾ ਹੈ" ਨਿਖਲੀਉਧਵਨੇ ਖਿਆਲ ਕੀਤਾ, ਤੇ ਮੁੜ ਉਹੋ ਸਵਾਲ ਕਿ ਕੀ ਉਹ ਸ਼ਾਹਜ਼ਾਦੀ ਕੋਰਚਾਗਿਨਾਂ ਨਾਲ ਵਿਆਹ ਕਰਨ ਦੀ ਤਜਵੀਜ਼ ਕਰੇ ਕਿ ਨ ਕਰੇ, ਉਹਦੇ ਮੱਥੇ ਵਿਚ ਵੜ ਬੈਠਾ, ਪਰ ਨਾ ਤਾਂ ਉਹ ਨਾਂਹ ਵਲ ਹੀ ਫੈਸਲਾ ਕਰ ਸਕਦਾ ਸੀ ਤੇ ਨਾਂਹ ਹਾਂ ਵਲ। ਇਸੀ ਤਰਾਂ ਦੇ ਹੋਰ ਕਈ ਸਵਾਲ ਆਏ ਪਰ ਉਨ੍ਹਾਂ ਦਾ ਉਹ ਕੋਈ ਵੀ ਫੈਸਲਾ ਨਹੀਂ ਸੀ ਕਰ ਸੱਕਦਾ। ਖਿਆਲ ਬਸ ਨਿਰੇ

ਆਉਂਦੇ ਤੇ ਲੰਘਦੇ ਜਾਂਦੇ ਸਨ।

ਵਿਆਹ ਕਰਨ ਦੇ ਹੱਕ ਵਿਚ ਤਾਂ ਇਹ ਗੱਲ ਸੀ ਕਿ ਜੀਵਨ ਇਖਲਾਕੀ ਨੁਕਤੇ ਥੀਂ ਸਾਫ ਤੇ ਸਿੱਧਾ ਹੋ ਜਾਊ, ਤੇ ਖਾਸ ਕਰ ਇਹ ਕਿ ਉਹ ਘਰ ਵਾਲਾ ਹੋ ਸਕੇਗਾ। ਬਚਿਆਂ ਦੇ ਹੋ ਜਾਣ ਨਾਲ ਉਹਦੇ ਜੀਵਨ ਦਾ ਕੋਈ ਰਾਹ ਨਿਕਲ ਆਵੇਗਾ ਤੇ ਕੋਈ ਨਕ ਆਬਰੋ ਚੱਲਣ ਵਿਚ ਆਣ ਭਰੇਗਾ, ਕਿਸੇ ਆਹਰੇ ਲੱਗੇਗਾ। ਘੱਟੋ ਘੱਟੀ **ਨਿਖਲੀਊਧਵ** ਜੇਹੇ ਲਈ ਵਿਆਹ ਕਰਕੇ ਇਹੋ ਜੇਹੀ ਕੋਈ ਆਸ ਧਰਾਸ ਬੱਝਦੀ ਸੀ। ਆਮ ਤੌਰ ਤੇ ਵਿਆਹ ਦੇ ਬਰਖ਼ਲਾਫ ਇਹ ਡਰ ਸੀ ਜਿਹੜਾ ਡਰ ਕਿ ਜਵਾਨੀ ਵਿਚ ਪਹੁੰਚ ਕੇ ਅਧਖੜ ਜੇਹੇ ਕੰਵਾਰਿਆਂ ਨੂੰ ਹੁੰਦਾ ਹੈ, ਕਿ ਆਪਣੀ ਆਜ਼ਾਦੀ ਖੁੱਸ ਜਾਊਗੀ ਤੇ ਪਤਾ ਨਹੀਂ ਕਿ ਔਰਤ ਦੀ ਜ਼ਾਤ ਵਿਆਹ ਕਰਨ ਉੱਪਰ ਕਿਸ ਤਰਾਂ ਦੀ ਤੇ ਕੇਹੋ ਜੇਹੀ ਹੋ ਨਿਬੜੇ। ਔਰਤ ਥੀਂ ਇਹੋ ਜੇਹੇ ਲੋਕਾਂ ਨੂੰ ਇਕ ਅਚੇਤ ਜੇਹਾ ਭੈ ਲੱਗਦਾ ਹੈ।

ਪਰ ਇਸ ਖਾਸ ਮਾਮਲੇ ਵਿਚ **ਮਿੱਸੀ** (ਉਹਦਾ ਨਾਮ ਸੀ **ਮੇਰੀ** ਪਰ ਜਿਸ ਤਰਾਂ ਇਹੋ ਜਿਹੇ ਲੋਕਾਂ ਵਿਚ ਆਮ ਆਦਤ ਹੁੰਦੀ ਹੈ, ਕੁੜੀਆਂ ਮੁੰਡਿਆਂ ਨੂੰ ਪਿਆਰ ਦੇ ਨਿੱਕੇ ਨਾਂ ਦਿਤੇ ਹੁੰਦੇ ਹਨ, **ਮਿੱਸੀ** ਉਹਦਾ ਨਿੱਕਾ ਨਾਂ ਯਾ "ਅੱਲ" ਸੀ) ਨੂੰ ਵਿਆਹੁਣ ਦੇ ਹੱਕ ਵਿੱਚ ਇਹ ਸੋਚ ਜਰੂਰ ਸੀ, ਕਿ ਉਹ ਬੜੇ ਚੰਗੇ ਘਰਾਣੇ ਦੀ ਨੇਕਬਖ਼ਤ ਕੁੜੀ ਹੈ, ਤੇ ਉਸ ਵਿਚ ਤੇ ਆਮ ਤੀਮੀਆਂ ਵਿਚ ਬੜਾ ਭਾਰੀ ਅੰਤਰਾ ਹੈ, **ਮਿੱਸੀ** ਦੀ ਹਰ ਇਕ ਚੀਜਬੋਲਣ, ਚੱਲਣ, ਹੱਸਣ ਦਾ ਤਰੀਕਾ, ਆਮ ਲੋਕਾਂ

ਕੋਲੋਂ ਵਖਰਾ ਸੀ (ਕਿਸੀ ਖਾਸ ਗੁਣ ਕਰਕੇ ਇਹ ਗੱਲ ਨਹੀਂ ਸੀ, ਇਕ ਰਈਸੀ ਘਰ ਦੇ ਅਦਬ ਲਿਹਾਜ ਵਿਚ ਪਲਿਆਂ ਹੀ ਉਸ ਵਿਚ ਇਹ ਗੁਣ ਆਪ ਮੁਹਾਰੇ ਸਨ )। ਇਸ ਉਹਦੀ ਸਿਫਤ ਨੂੰ ਨਾਂ ਦੇਣ ਲਈ ਉਸ ਪਾਸ ਕੋਈ ਖਾਸ ਲਫਜ਼ ਨਹੀਂ ਸਨ, ਨਿਰਾ ਬਸ ਇਹ ਕਿ ਉਹ ਚੰਗੀ ਖਾਨ-ਦਾਨੀ ਹੈ। ਹੋਰ ਗੱਲਾਂ ਛੱਡ ਕੇ **ਨਿਖਲੀਊਧਵ** ਲਈ ਤਾਂ ਇਹ ਗੱਲ ਉਹਦੇ ਚੰਗਾ ਹੋਣ ਦਾ, ਤੇ ਨਾ ਸਿਰਫ ਚੰਗੀ ਸਮਝ ਬਲਕਿ ਸਹੀ ਨਤੀਜੇ ਪਰ ਪਹੁੰਚਣ ਦੀ ਅੱਕਲ ਦਾ, ਪਕਾ ਸਬੂਤ ਸੀ ਕਿ ਉਸ ਨੇ ਉਹਦਾ ਵੱਡਾ ਮੁਲ ਪਾਇਆ ਤੇ ਇਹ ਪਛਾਣਨ ਆਪੇ ਹੀ ਕੀਤੀ ਹੈ ਤੇ ਜਿਸ ਕਰਕੇ ਉਹਨੂੰ ਚੰਗੀ ਤਰਾਂ ਸਮਝ ਚੁੱਕੀ ਹੈ। ਅਕਲ ਵਾਲੀ ਹੈ ਹੀ ਤਾਂ ਹੀ ਤਾਂ ਉਸ ਇਸ **ਨਿਖਲੀਊਧਵ** ਦੀ ਕੀਮਤ ਹੋਰਨਾਂ ਸਾਰਿਆਂ ਮਰਦਾਂ ਥੀਂ ਵੱਧ ਪਾਈ ਹੈ ! ਤੇ ਖਾਸ **ਮਿੱਸੀ** ਹੀ ਨਾਲ ਵਿਆਹ ਕਰਨ ਦੇ ਵਿਰੁਧ ਇਹ ਸੋਚਿਆ ਕਿ ਮੁਮਕਿਨ ਹੈ ਕੋਈ ਹੋਰ ਕੁੜੀ ਇਸ ਥੀਂ ਵੀ ਵੱਧ ਗੁਣਾਂ ਵਾਲੀ ਤੇ ਇਸ ਥੀਂ ਵੀ ਸੋਹਣੀ ਮਿਲ ਜਾਵੇ। ਉਹਦੀ ਉਮਰ ਉਸ ਵੇਲੇ ਕੋਈ ੨੭ ਸਾਲ ਦੀ ਸੀ ਤੇ ਅਗਲਬ ਹੈ ਕਿ ਉਸ ਕੁੜੀ ਦਾ **ਨਿਖਲੀਊਧਵ** ਕੋਈ ਪਹਿਲਾ ਹੀ ਪਿਆਰਾ ਤਾਂ ਨਹੀਂ ਹੋਣਾ। ਇਹ ਆਖਰੀ ਖਿਆਲ **ਨਿਖਲੀਊਧਵ** ਨੂੰ ਬੜਾ ਹੀ ਦੁਖ ਦਿੰਦਾ ਸੀ, ਹਾਇ ਉਸ ਥੀਂ ਪਹਿਲਾਂ ਹੋਰ ਵੀ ਕੋਈ ਉਹਦਾ ਪਿਆਰ ਲੈਣ ਵਾਲਾ ਹੋ ਚੁਕਾ ਹੋਊ। ਉਹਦਾ ਆਪਣਾ ਗਰੂਰ ਨਿਰੀ ਸੋਚ ਵਿੱਚ ਵੀ ਇਹ ਖਿਆਲ

ਬਰਦਾਸ਼ਤ ਨਹੀਂ ਸੀ ਕਰ ਸੱਕਦਾ। ਮੁੜ ਆਪਣੇ ਹੀ ਖਿਆਲ ਵਿਚ **ਨਿਖਲੀਊਧਵ** ਇਹ ਸੋਚ ਕੇ ਕਿ ਇਹੋ ਜੇਹੀ ਕੋਈ ਗੱਲ ਨਹੀਂ ਹੋਈ ਹੋਣੀ, ਉਸ ਨਾਲ ਆਪੇ ਹੀ ਰਾਜ਼ੀ ਹੋ ਜਾਂਦਾ ਸੀ। ਠੀਕ ਹੈ, ਉਸ ਕੁੜੀ ਨੂੰ ਕੀ ਪਤਾ ਸੀ ਕਿ ਇੰਨੇ ਸਾਲਾਂ ਬਾਦ ਓਹ **ਨਿਖਲੀਊਧਵ** ਨੂੰ ਮਿਲੇਗੀ ਤੇ ਬੱਸ ਇਸ ਇਨਤਜ਼ਾਰ ਵਿੱਚ ਹੀ ਇਸ ਥੀਂ ਪਹਿਲਾਂ ਕਿਸੀ ਹੋਰ ਲੜਕੇ ਨਾਲ ਪਿਆਰ ਨ ਪਾਵੇ ਆਰ, ਪਰ ਫਿਰ ਵੀ ਇਹੋ ਜੇਹਾ ਨਿਰਾ ਖਿਆਲ ਮਾਤ੍ਰ ਵੀ ਚਿੱਤ ਵਿੱਚ ਲਿਆ ਕੇ ਕਿ ਸਵਾਏ ਉਹਦੇ ਕਿਸੀ ਹੋਰ ਨੂੰ ਵੀ ਪਿਆਰ ਸਕਦੀ ਸੀ ਯਾ ਹੈ, ਓਹ ਉਸ ਨਾਲ ਖਫਾ ਹੋ ਜਾਂਦਾ ਸੀ, ਇਸ ਤਰਾਂ ਉਹਦੇ ਚਿੱਤ ਵਿੱਚ ਉਸ ਨਾਲ ਵਿਆਹ ਕਰਨ ਦੇ ਹੱਕ ਵਿਚ ਤੇ ਬਰਖਲਾਫ਼ ਇੱਕੋ ਜੇਹੀਆਂ ਦਲੀਲਾਂ ਖਿਚੜੀ ਰਿੰਨ੍ਹਦੀਆਂ ਸਨ। ਕੁਛ ਹੋਵੇ ਸਾਡੇ **ਨਿਖਲੀਊਧਵ** ਲਈ ਉਨ੍ਹਾਂ ਦਲੀਲਾਂ ਦਾ ਵਜ਼ਨ ਦੋਹੀਂ ਪਾਸੀਂ ਇਕ ਬਰਾਬਰ ਸੀ, ਤੇ ਉਹ ਆਪਣੇ ਆਪ ਤੇ ਦਿਲ ਹੀ ਦਿਲ ਵਿਚ ਹੱਸਦਾ ਸੀ, ਤੇ ਕਹਿੰਦਾ ਸੀ ਕਿ ਮੈਂ ਕਹਾਣੀ ਦਾ ਓਹ ਖੋਤਾ ਹਾਂ ਜਿਹੜਾ ਫੈਸਲਾ ਨਹੀਂ ਸੀ ਕਰ ਸੱਕਦਾ ਕਿ ਘਾਹ ਦੇ ਕਿਹੜੇ ਢੇਰ ਵੱਲ ਜਾ ਕੇ ਮੂੰਹ ਮਾਰੇ।

"ਪਰ ਕਿਸੀ ਹਾਲਤ ਵਿੱਚ ਜਦ ਤਕ **ਮੇਰੀ ਵੈਸੀ-ਲੈਵਨਾ** (ਉਹ ਜ਼ਿਲੇ ਦੇ ਸਾਹਿਬ ਦੀ ਮੇਮ) ਦਾ ਜਵਾਬ ਨਾ ਆ ਲਵੇ ਤੇ ਉਸ ਨਾਲ ਮੈਂ ਟੁੱਟੀ ਨ ਕਰ ਲਵਾਂ, ਮੈਂ ਇਨ੍ਹਾਂ ਮਾਮਲਿਆਂ ਵਿੱਚ ਕੁਛ ਕਰ ਹੀ ਨਹੀਂ ਸੱਕਦਾ," **ਨਿਖਲੀਊਧਵ** ਇਓਂ ਆਪਣੇ ਆਪ ਨੂੰ ਕਹਿਣ ਲੱਗ

ਪਇਆ। ਤੇ ਇਹ ਨਿਹਰਾ ਕਿ ਇਸ ਅੜਬੌਂਗ ਕਾਰਨ ਕਰਕੇ ਓਹ ਵਿਆਹ ਕਰਨ ਦੇ ਸਵਾਲ ਦਾ ਛੇਤੀ ਫੈਸਲਾ ਨਹੀਂ ਸੀ ਕਰ ਸੱਕਦਾ, ਉਹਨੂੰ ਕੁਛ ਸੁਖੀ ਹੀ ਕਰਦਾ ਸੀ।

''ਚਲੋ ਜੀ ! ਇਹ ਗੱਲਾਂ ਫਿਰ ਸੋਚਾਂਗੇ'', ਉਸ ਆਪਣੇ ਆਪ ਨੂੰ ਕਹਿਆ ਤੇ ਇੰਨੇ ਵਿੱਚ ਬੱਘੀ ਕਚਹਿਰੀ ਦੇ ਬੂਹੇ ਅੱਗੇ ਜਾ ਪਹੁੰਚੀ, ਤੇ ਟਾਰ ਕੀਤੇ ਨਰਮ ਫਰਸ਼ ਉੱਤੇ ਤਿਲਕਦੀ ਬਿਨਾਂ ਪਹੀਆਂ ਦੇ ਕਰੀਚਣ ਦੀ ਆਵਾਜ਼ ਕੀਤੇ ਦੇ ਜਾ ਖੜੀ ਹੋਈ।

''ਹੁਣ ਚਲੋ ਆਪਣੀ ਅੰਦਰਲੀ ਜ਼ਮੀਰ ਦੀ ਆਵਾਜ ਅਨੁਸਾਰ ਰੱਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣਾ ਸ਼ਹਿਰੀ ਫਰਜ਼ ਤਾਂ ਪੂਰਾ ਕਰਾਂ, ਜਿਹੜਾ ਮੈਂ ਸਦਾ ਸ਼ੌਕ ਨਾਲ ਪੂਰਾ ਕਰਦਾ ਹੁੰਦਾ ਹਾਂ। ਤੇ ਠੀਕ ਧਰਮ ਸਮਝ ਕੇ ਜੋ ਠੀਕ ਕੀਤਾ ਜਾਂਦਾ ਹੈ ਉਹ ਠੀਕ ਹੁੰਦਾ ਹੈ। ਤੇ ਨਾਲੇ ਇਹੋ ਜਿਹੇ ਮੁਕੱਦਮੇਂ ਸਦਾ ਦਿਲਚਸਪ ਹੁੰਦੇ ਹਨ'', ਇਉਂ ਸੋਚਦਾ ਦਰਵਾਜ਼ੇ ਵਿੱਚ ਖੜੇ ਅਰਦਲੀ ਦੇ ਮੋਢੇ ਨਾਲ ਖਹਿੰਦਾ ਅਦਾਲਤ ਦੇ ਅੰਦਰ ਚਲਾ ਗਇਆ।

# ਕਾਂਡ ੫

ਕਚਹਿਰੀ ਦੇ **ਕੌਰੀਡੋਰ** ਹਿਲ ਚਲ ਨਾਲ ਭਰ ਰਹੇ ਸਨ। ਬਾਬੂ ਸ਼ਾਬੂ ਅਰਦਲੀ, ਪਿਆਦੇ ਸਾਹੋਸਾਹ ਹੋਏ ਅੱਗੇ ਪਿੱਛੇ ਦੌੜਦੇ ਦਿੜਕਦੇ ਫਰਸ਼ਾਂ ਉੱਪਰ ਆਪਣੇ ਪੈਰਾਂ ਨੂੰ ਰਲਾ ਮਲਾ ਰਹੇ ਸਨ। ਕਈ ਕਿਸਮ ਦੇ ਕਾਗਜ਼ ਤੇ ਸੁਨੇਹੇ ਅੱਗੇ ਪਿੱਛੇ ਲਿਆ ਆ ਜਾ ਰਹੇ ਸਨ। ਵਕੀਲ, ਸਰਕਾਰੀ ਇਨਸਾਫੀ ਅਫਸਰ, ਤੇ ਕਚਹਿਰੀ ਦੇ ਸਿਪਾਹੀ ਸਾਇਲਾਂ ਨੂੰ ਅਵਾਜ਼ਾਂ ਮਾਰਨ ਵਾਲੇ ਇਧਰ ਉਧਰ ਲੰਘ ਰਹੇ ਸਨ। ਮੁਦੱਈ ਮੁਦਾਇਲੇ, ਇਸਤਗ਼ਾਸਾ ਕਰਨ ਵਾਲੇ ਤੇ ਮੁਜਰਿਮ ਜਿਹੜੇ ਹਾਲੇ ਹਵਾਲਾਤ ਵਿੱਚ ਨਹੀਂ ਸਨ ਤੁੰਨੇ ਗਏ, ਯਾ ਤਾਂ ਦੀਵਾਰਾਂ ਦੇ ਲਾਗੇ ਗ਼ਮਗੀਨ ਹੋਏ ਅੱਗੇ ਪਿੱਛੇ ਫਿਰ ਰਹੇ ਸਨ, ਯਾ ਉਡੀਕ ਵਿੱਚ ਬੈਠੇ ਸਨ। ਇਕ ਪਿਆਦੇ ਨੂੰ **ਨਿਖਲੀਊਧਵ** ਪੁੱਛਦਾ ਹੈ "**ਕਾਨੂੰਨ ਦੀ ਅਦਾਲਤ** ਕਿੱਧਰ ਹੈ?"

"ਕਿਹੜੀ ਜਨਾਬ? ਫੌਜਦਾਰੀ ਕਿ ਦੀਵਾਨੀ?"

"ਮੈਂ ਜੂਰੀ ਉੱਪਰ ਹਾਂ।"

"ਆਪ ਦਾ ਮਤਲਬ ਫੌਜਦਾਰੀ ਕਚਹਿਰੀ ਦਾ ਹੈ, ਇਧਰ ਸੱਜੇ ਜਾਓ ਤਾਂ ਫਿਰ ਖੱਬੇ ਮੁੜ ਜਾਣਾ, ਇੱਥੋਂ ਦੂਸਰਾ ਦਰਵਾਜ਼ਾ।"

**ਨਿਖਲੀਊਧਵ** ਉਸੀ ਦੱਸੀ ਸੇਧੇ ਚਲਾ ਗਇਆ।

ਉਸ ਦੱਸੇ ਦਰਵਾਜ਼ੇ ਉੱਪਰ ਦੋ ਆਦਮੀ ਉਡੀਕ ਵਿੱਚ ਅੱਗੇ ਹੀ ਖੜੇ ਸਨ, ਇਕ ਤਾਂ ਲੰਮਾਂ ਉੱਚਾ ਮੋਟਾ ਸੌਦਾਗਰ ਬੰਦਾ ਸੀ, ਨਰਮ ਦਿਲ ਦਾ ਆਦਮੀ ਸੀ, ਪਰ ਇਹ ਸਹੀ ਹੁੰਦਾ ਸੀ ਕਿ ਚੰਗਾ ਚੋਖਾ ਕੁਝ ਖਾ ਕੇ ਆਇਆ ਹੈ ਤੇ ਪੀਤੀ ਹੋਈ ਵੀ ਸੂ ਤੇ ਚੰਗੇ ਖੁਸ਼ਖੁਸਾਂ ਰੌਂ ਵਿੱਚ ਸੀ, ਤੇ ਦੂਜਾ ਇਕ ਯਹੂਦੀ ਨਸਲ ਦਾ ਕੋਈ ਦੁਕਾਨਦਾਰ ਸੀ। ਜਦ **ਨਿਖਲੀਊਧਵ** ਅੱਪੜਿਆ ਤਦ ਓਹ ਦੋਵੇਂ ਉੱਨ ਦੇ ਬਾਜ਼ਾਰ ਤੇ ਭਾ ਉੱਪਰ ਗੱਲਾਂ ਕਰ ਰਹੇ ਸਨ। **ਨਿਖਲੀਊਧਵ** ਨੇ ਉਨ੍ਹਾਂ ਥੀਂ ਪੁੱਛਿਆ ਕਿ ਕੀ ਉਹੋ ਜੂਰੀ ਵਾਲਾ ਕਮਰਾ ਸੀ।

"ਜੀ ਮੇਰੇ ਪਿਆਰੇ ਸਾਹਿਬ ਜੀ! ਇਹੋ ਹੈ। ਆਪ ਸਾਡੇ ਵਿਚੋਂ ਹੀ ਹੋ? ਆਪ ਵੀ ਜੂਰੀ ਉੱਪਰ ਹੋ?" ਸੌਦਾਗਰ ਨੇ ਪੁੱਛਿਆ, ਨਾਲੇ ਇਕ ਖੁਸ਼ ਮਿਜ਼ਾਜ ਵਾਲਾ ਅਖ ਮਟੱਕਾ ਕੀਤਾ। ਜਦ **ਨਿਖਲੀਊਧਵ** ਨੇ ਓਹਦੇ ਸਵਾਲਾਂ ਦਾ ਜਵਾਬ ਹਾਂ ਵਿੱਚ ਦਿੱਤਾ ਤਦ ਓਹ ਸੌਦਾਗਰ ਬੋਲੀ ਹੀ ਗਇਆ, "ਆਹ! ਠੀਕ, ਤਦ ਅਸੀਂ ਸਾਰੇ ਅਕੱਠੇ ਬਹਿ ਕੇ ਕੰਮ ਕਰਾਂਗੇ—ਮੇਰਾ ਨਾਮ, ਜਨਾਬ, **ਬਕਲਾਸ਼ੋਵ** ਹੈ। ਮੈਂ ਦੂਸਰੀ ਗਿਲਡ ਦਾ ਸੌਦਾਗਰ ਹਾਂ," ਤੇ ਇਹ ਕਹਿ ਕੇ ਆਪਣਾ ਚੌੜਾ ਨਰਮ ਤੇ ਦਬ ਜਾਣ ਵਾਲਾ ਹੱਥ ਮਿਲਾਣ ਨੂੰ ਅੱਗੇ ਕੀਤਾ ਤੇ ਕਹਿਆ, "ਬੰਦੇ ਨੇ ਤਾਂ ਕੰਮ ਹੀ ਕਰਨਾ ਹੈ। ਮੈਨੂੰ ਕਿਸ ਨਾਲ ਹੱਥ ਮਿਲਾਉਣ ਦਾ ਫ਼ਖ਼ਰ ਹਾਸਲ ਹੋ ਰਹਿਆ ਹੈ।"

**ਨਿਖਲੀਊਧਵ** ਨੇ ਆਪਣਾ ਨਾਂ ਦੱਸਿਆ ਤੇ ਅੱਗੇ

ਜੂਰੀ ਦੇ ਕਮਰੇ ਵਲ ਚਲਾ ਗਇਆ।

ਵੱਖਰੀ ਵੱਖਰੀ ਕਿਸਮ ਦੇ ਦਸ ਆਦਮੀ ਅੱਗੇ ਹੀ ਓਸ ਕਮਰੇ ਵਿੱਚ ਸਨ। ਓਹ ਵੀ ਹੁਣੇ ਹੀ ਪਹੁੰਚੇ ਸਨ। ਕੋਈ ਤਾਂ ਬੈਠੇ ਹੋਏ ਸਨ, ਕੋਈ ਉੱਪਰ ਤਲੇ ਟਹਿਲ ਰਹੇ ਸਨ। ਇਕ ਦੂਜੇ ਨੂੰ ਵੇਂਹਦੇ ਸਨ, ਆਪਸ ਵਿੱਚ ਵਾਕਫੀਅਤਾਂ ਤਾਂ ਕੱਢਦੇ ਤੇ ਪਾਉਂਦੇ ਸਨ। ਇਕ ਤਾਂ ਕੋਈ ਪਿਨਸ਼ਨ ਯਾਫਤਾ ਕਰਨੈਲ ਆਪਣੀ ਫੌਜੀ ਬਰਦੀ ਵਿਚ ਸੀ। ਕਈਆਂ ਨੇ ਕੋਟ ਪਾਏ ਹੋਏ ਸਨ, ਹੋਰ ਕਈ ਸਵੇਰ ਦੇ ਪਾਣ ਵਾਲੇ ਛੋਟੇ ਕੋਟਾਂ ਵਿੱਚ ਸਨ। ਇਕ ਨੇ ਜਟਕਾ ਜੇਹਾ ਲਿਬਾਸ ਪਾਇਆ ਹੋਇਆ ਸੀ ਤੇ ਸਭ ਦੇ ਚਿਹਰੇ ਇਸ ਤਸੱਲੀ ਜੇਹੀ ਦੇ ਰੰਗ ਵਿੱਚ ਰੋਸ਼ਨ ਸਨ ਕਿ ਅੱਜ ਓਹ ਮਿਲ ਕੇ ਕੋਈ ਮੁਲਕ ਤੇ ਮਖਲੂਕ ਦਾ ਪਬਲਿਕ ਕੰਮ ਕਰਨਗੇ। ਕੋਈ ਐਸੇ ਸਨ ਜੋ ਆਪਣਾ ਕੰਮ ਕਾਜ ਛੱਡ ਕੇ ਆਏ ਸਨ ਤੇ ਓਹ ਇਸ ਗੱਲ ਦੀ ਸ਼ਿਕਾਇਤ ਕਰ ਰਹੇ ਸਨ ਕਿ ਉਨ੍ਹਾਂ ਦੇ ਕੰਮ ਦਾ ਬੜਾ ਹਰਜ ਹੋਵੇਗਾ, ਤੇ ਬਾਹਲੇ ਇਹੋ ਜੇਹੇ ਸਨ ਜੋ ਆਪਣੇ ਕੰਮ ਦੇ ਨੁਕਸਾਨ ਦੇ ਹਨੋਰੇ ਵਿੱਚ ਸਨ।

ਜੂਰੀ ਉੱਪਰ ਬਹਿਣ ਵਾਲੇ ਰਈਸੀ ਬੰਦੇ ਆਪਸ ਵਿੱਚ ਮੌਸਮ ਦੇ ਠੰਡੇ ਤੱਤੇ ਹੋਣ ਦੀ ਪੁੱਛ ਗਿਛ ਕਰ ਰਹੇ ਸਨ। ਬਸੰਤ ਐਤਕੀ ਛੇਤੀ ਆ ਗਈ ਹੈ, ਤੇ ਬਿਉ-ਪਾਰਾਂ ਦੇ ਹਾਲ ਕੀ ਹੋਣਗੇ ਆਦਿ—ਬਾਹਜੇ ਤਾਂ ਇਕ ਦੂਜੇ ਨਾਲ ਕਿਸੀ ਦੇ ਪਛਾਣ ਕਰਾਨ ਉੱਪਰ ਮਿਲ ਚੁੱਕੇ ਸਨ, ਤੇ ਬਾਹਜੇ ਆਪੇ ਵਿੱਚ ਹੀ ਫੁਹ ਮਾਰ ਰਹੇ ਸਨ ਤੇ ਬੁਝ ਰਹੇ ਸਨ ਕਿ ਫਲਾਣਾ ਕੌਣ ਹੈ ਤੇ ਫਲਾਣਾ ਕੌਣ ਹੋਊ। ਜਿਹੜੇ **ਨਿਖਲੀਊਧਵ** ਨੂੰ ਨਹੀਂ ਜਾਣਦੇ ਸਨ, ਉਨ੍ਹਾਂ ਇਕ ਦੂਜੇ

ਨਾਲ ਭੇਟ ਕਰਾਣ ਦੀ ਛੇਤੀ ਕੀਤੀ, ਕਿਉਂਕਿ **ਨਿਖਲੀ-ਊਧਵ** ਨਾਲ ਹੱਥ ਮਿਲਾਉਣਾ ਓਹ ਆਪਣੀ ਇਜ਼ਤ ਸਮਝਦੇ ਸਨ। **ਨਿਖਲੀਊਧਵ** ਵੀ ਓਥੇ ਇਹ ਸਮਝ ਕੇ ਇਹ ਬਹੁਤ ਸਾਰਿਆਂ ਪਾਸੋਂ ਵੱਡਾ ਹੈ ਹੱਥ ਮਿਲਾਉਂਦਾ ਤੇ ਮਿਲਦਾ ਸੀ। ਜਦ ਕਦੀ ਓਹ ਅਣਜਾਤੇ ਅਣਪਛਾਤੇ ਲੋਕਾਂ ਵਿਚ ਜਾਂਦਾ ਸੀ ਓਹ ਆਪਣੇ ਆਪ ਨੂੰ ਵੱਡਾ ਰਈਸ ਹੀ ਸਮਝਦਾ ਸੀ, ਪਰ ਜੇ ਕਦੀ ਕੋਈ ਓਸ ਪਾਸੋਂ ਪੁੱਛੇ ਕਿ ਭਾਈ ਤੂੰ ਹੋਰਨਾਂ ਪਾਸੋਂ ਕਿਸ ਗੱਲ ਵਿੱਚ ਵੱਡਾ ਹੈਂ ਤਦ ਓਹ ਕੋਈ ਉੱਤਰ ਦੇ ਨਹੀਂ ਸੱਕਦਾ ਸੀ। ਖਾਸ ਕਰ ਜੇਹੋ ਜੇਹੀ ਅੰਦਰ ਦੀ ਆਪਣੀ ਜ਼ਿੰਦਗੀ ਓਹ ਉਨ੍ਹਾਂ ਦਿਨਾਂ ਵਿੱਚ ਜੀ ਰਹਿਆ ਸੀ ਓਹ ਤਾਂ ਕੋਈ ਇਸ ਤਰਾਂ ਦੇ ਖਾਸ ਕਿਸੀ ਵੱਡਿਅਤ ਵਾਲੀ ਨਹੀਂ ਸੀ, ਤੇ ਇੰਨਾਂ ਤਾਂ ਉਹ ਆਪ ਵੀ ਚੰਗੀ ਤਰਾਂ ਜਾਣਦਾ ਸੀ ਕਿ ਇਨ੍ਹਾਂ ਗੱਲਾਂ—ਕਿ ਓਹ ਅੰਗਰੇਜ਼ੀ, ਫਰਾਂਸੀਸੀ ਬੋਲੀਆਂ ਚੰਗੇ ਲਹਿਜੇ ਨਾਲ ਬੋਲ ਸੱਕਦਾ ਹੈ ਯਾ ਇਹ ਕਿ ਉਸਨੇ ਵਧੀਆ ਕੱਪੜੇ, ਟਾਈਆਂ, ਸਟੱਡ ਆਦਿ ਪਾਏ ਹੋਏ ਹਨ ਤੇ ਇਹ ਕਿ ਇਹ ਚੀਜ਼ਾਂ ਵੱਡੀਆਂ ਤੇ ਅਮੀਰ ਦੁਕਾਨਾਂ ਥੀਂ ਖਰੀਦ ਕੀਤੀਆਂ ਹੋਈਆਂ ਹਨ, ਆਦਿ ਦਾ, ਓਹਦੇ ਹੋਰਨਾਂ ਥੀਂ ਵੱਡਾ ਤੇ ਉੱਚਾ ਹੋਣ ਦੀ ਓਹਦੀ ਕਿਸੀ ਵੀ ਦਲੀਲ ਨਾਲ ਕੋਈ ਸੰਬੰਧ ਨਹੀਂ ਸੀ ਹੋ ਸਕਦਾ। ਪਰ ਤਦ ਵੀ ਓਹ ਇਸ **ਵੱਡਿਅਤ** ਦੀ ਪ੍ਰਤੀਤੀ ਦਾ ਨ ਸਿਰਫ਼ ਖਾਹਿਸ਼ਮੰਦ ਸੀ ਪਰ ਹਮੇਸ਼ਾਂ ਓਹ ਆਪਣੇ ਆਪ ਨੂੰ ਓਸ ਅਦਬ ਦਾ ਜਿਹੜਾ ਕਿ ਲੋਕੀ ਓਹਦਾ ਕਰਦੇ ਸਨ, ਦਾਹਵੇਦਾਰ ਸਮਝਦਾ ਸੀ ਤੇ ਓਸ ਅਦਬ ਨੂੰ ਆਪਣੇ ਆਪ ਨੂੰ ਵੱਡਾ ਸਮਝ ਕੇ ਲੈਂਦਾ ਸੀ, ਇੱਥੇ ਤਕ ਕਿ ਜਿਹੜਾ ਓਹਨੂੰ

ਇਹ ਅਦਬ ਇੱਜ਼ਤ ਨ ਦੇਵੇ ਓਸ ਨਾਲ ਰੰਜਸ਼ ਕਰਦਾ ਸੀ ।

ਜੂਰੀ ਦੇ ਕਮਰੇ ਵਿੱਚ ਜੋ ਕੋਈ ਵੀ ਬੇ ਅਦਬ ਤਰ੍ਹਾਂ ਵਰਤੋਂ ਕਰੇ, ਓਹਨੂੰ ਸਖਤ ਚੋਟ ਵੱਜਦੀ ਸੀ । ਇਤਫਾਕ ਨਾਲ ਜੂਰੀ ਵਿੱਚ ਇਕ ਆਦਮੀ ਸੀ ਜਿਹੜਾ ਓਹਦੀ ਭੈਣ ਦੇ ਬੱਚਿਆਂ ਦਾ ਪਹਿਲਾ ਉਸਤਾਦ ਸੀ, **ਪੀਟਰ ਜਿਰਾਸੀਮੋਵਿਚ । ਨਿਖਲੀਊਧਵ** ਨੂੰ ਇਸ ਉਸਤਾਦ ਦਾ ਸਿਰਨਾਵਾਂ ਆਉਂਦਾ ਹੀ ਨਹੀਂ ਸੀ ਤੇ ਓਹ ਮਾਨ ਕਰਦਾ ਹੁੰਦਾ ਸੀ ਕਿ ਓਹ ਇੰਨਾ ਉਚੇਰਾ ਬੰਦਾ ਹੈ ਕਿ ਇਹੋ ਜੇਹੇ ਨੀਵੇਂ, ਇਸ ਪੁਰਾਣੇ ਆਪਣੀ ਭੈਣ ਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਦਾ ਨਾਮ ਹੀ ਓਹਨੂੰ ਚੇਤੇ ਨਹੀਂ ਸੀ । ਇਹ ਆਦਮੀ ਹੁਣ ਪਬਲਿਕ ਸਕੂਲ ਦਾ ਮਾਸਟਰ ਸੀ । **ਨਿਖਲੀਊਧਵ** ਓਹਦੀ ਇਕ ਮਿਕ ਹੋ ਕੇ ਬਹਿਣ ਤੇ ਆਪੇ ਨੂੰ ਕੁਛ ਸਮਝ ਕੇ ਓਹਦੇ ਆਪ ਮੁਹਾਰੇ ਹੱਸਣ ਦੀਆਂ ਆਦਤਾਂ ਨੂੰ ਤੇ ਬੇਤਕੱਲਫੀ ਦੀਆਂ ਗੱਲਾਂ ਕਰਨ ਦੀ ਖੋ ਨੂੰ ਬਰਦਾਸ਼ਤ ਨਹੀਂ ਸੀ ਕਰ ਸੱਕਦਾ । ਮੁਕਦੀ ਗੱਲ **ਨਿਖਲੀਊਧਵ** ਆਪਣੇ **ਰਈਸੀ** ਮਦ ਵਿੱਚ ਕਿਸੀ ਤਰ੍ਹਾਂ ਦਾ ਗੰਵਾਰਪਨ ਬਰਦਾਸ਼ਤ ਨਹੀਂ ਸੀ ਕਰ ਸੱਕਦਾ ।

"ਆਹਾ ! ਆਹਾ ! ਤੂੰ ਵੀ ਕੁੜੱਕੀ ਵਿੱਚ ਆ ਫਾਥਿਓਂ," ਇਹ ਲਫਜ਼ ਸਨ ਜਿਨ੍ਹਾਂ ਨਾਲ ਮਾਸਟਰ ਨੇ ਖਿੜ ਖਿੜਾ ਕੇ ਹੱਸ ਕੇ **ਨਿਖਲੀਊਧਵ** ਨਾਲ ਗੱਲ ਕਰਨੀ ਸ਼ੁਰੂ ਕੀਤੀ, "ਹੁਣ ਹਜ਼ੂਰ ਫਾਥੇ ਹੋਏ ਇਸ ਫਾਹੀ ਵਿਚੋਂ ਆਪਣੀ ਕਮਰ ਖਿਸਕਾ ਨਹੀਂ ਸੱਕਦੇ ।"

**ਨਿਖਲੀਊਧਵ** ਨੇ ਇਸ ਬੇਤੱਕਲਫੀ ਦੀ ਗੱਲ ਦਾ ਕੁਝ ਖਫ਼ਗੀ ਤੇ ਕੁਝ ਸਖ਼ਤੀ ਨਾਲ ਜਵਾਬ ਦਿੱਤਾ, "ਮੈਂ ਫਾਹੀ ਵਿੱਚੋਂ ਨਿਕਲਣ ਦੀ ਕਦੀ ਕੋਸ਼ਸ਼ ਹੀ ਨਹੀਂ ਕੀਤੀ।"

"ਠੀਕ ਇਹੋ ਹੀ ਤਾਂ ਮੁਲਕ ਦੀ ਸੇਵਾ ਕਰਨ ਦਾ ਭਾਵ ਹੈ ਜਿਹਨੂੰ ਮੈਂ ਭਾਵ ਕਹਿਨਾ ਹਾਂ, ਪਰ ਜਰਾ ਉਡੀਕੋ, ਜਦ ਤਕ ਆਪ ਨੂੰ ਭੁੱਖ ਲੱਗ ਆਉਂਦੀ ਹੈ ਤੇ ਇੱਥੇ ਹੀ ਬੈਠੇ ਬੈਠੇ ਨੀਂਦਰ ਆ ਜਾਂਦੀ ਹੈ, ਤਦ ਤੁਸੀਂ ਹੋਰ ਹੀ ਰਾਗ ਛੱਡੋਗੇ।"

"ਇਹ ਪਾਦਰੀ ਦਾ ਬੱਚਾ ਮੈਨੂੰ ਫਿਰ ਵੀ "ਤੂੰ" "ਤੂੰ" "ਤੁਮ" "ਤੁਮ" ਕਰਕੇ ਸੱਦੇਗਾ", ਇਉਂ ਸੋਚ ਕੇ **ਨਿਖਲੀ-ਊਧਵ** ਆਪਣੇ ਚਿਹਰੇ ਤੇ ਗੁੱਸੇ ਜੇਹੀ ਦੀ ਭਾਹ ਮਾਰਦਾ ਅੱਗੇ ਚਲਾ ਗਇਆ। ਇਉਂ ਜਾਪਦਾ ਸੀ ਕਿ ਓਹ ਇੰਨਾ ਭੈੜਾ ਪਇਆ ਹੈ ਜਿਵੇਂ ਓਹਦੇ ਸਾਰੇ ਰਿਸ਼ਤੇਦਾਰਾਂ ਦੇ ਮਰ ਜਾਣ ਦੀ ਖ਼ਬਰ ਆਈ ਹੈ।

ਅੱਗੇ ਜਾ ਕੇ ਕੀ ਵੇਖਦਾ ਹੈ ਕਿ ਇਕ ਆਦਮੀਆਂ ਦਾ ਹਜੂਮ ਖੜਾ ਸੀ, ਤੇ ਇਹ ਹਜੂਮ ਬੜੀ ਗੁਹ ਨਾਲ, ਇਕ ਸਾਫ਼ ਮੂੰਨੇ ਮੂੰਨੇ, ਲੰਮੇ ਤੇ ਰੋਹਬ ਵਾਲੇ ਨੌਜਵਾਨ ਆਦਮੀ ਦੇ ਅੱਗੇ ਪਿੱਛੇ ਖੜੇ ਓਹਦੀ ਜੋਸ਼ੀਲੀ ਗੱਲ ਬਾਤ ਨੂੰ ਸੁਣ ਰਹਿਆ ਸੀ। ਉਹ ਦੀਵਾਨੀ ਅਦਾਲਤ ਵਿੱਚ ਇਕ ਚਲਦੇ ਮੁਕੱਦਮੇ ਦੀ ਬਾਬਤ ਬੜੀ ਸਿਫਤ ਨਾਲ ਹਾਲ ਸੁਣਾ ਰਹਿਆ ਸੀ। ਜੱਜ ਦਾ ਨਾ, ਵਕੀਲਾਂ ਦੇ ਨਾਂ, ਸਾਰੇ ਵਾਕਿਆਤ ਇਉਂ ਦੱਸ ਰਹਿਆ ਸੀ ਜਿਵੇਂ ਮੁਕੱਦਮਾ ਓਹਦਾ ਆਪਣਾ ਸੀ। ਓਹ ਕਹਿ ਰਹਿਆ ਸੀ ਕਿ ਫਲਾਣੇ ਵਕੀਲ ਦੀ ਲਿਆਕਤ ਬਸ ਕਮਾਲ ਹੈ, ਓਸ ਵਕੀਲ ਨੇ ਅਸਲ ਮਾਮਲੇ ਨੂੰ ਇਹੋ ਜਿਹਾ ਚੱਕਰ ਦਿੱਤਾ ਕਿ ਲੈਣੇ ਦੇ

ਦੇਣੇ ਪੈ ਗਏ। ਓਸ ਬੁੱਢੀ ਜਨਾਨੀ ਨੂੰ, ਜਿਹੜੀ ਇਹ ਸਮਝਦੀ ਸੀ ਕਿ ਸਚ ਓਸ ਵਲ ਹੈ ਤੇ ਓਹਨੂੰ ਬਹੁਤ ਕੁਛ ਮਿਲੇਗਾ, ਅੱਜ ਹੁਣ ਬਹੁਤ ਕੁਝ ਉਲਟਾ ਦੇਣਾ ਪੈ ਜਾਵੇਗਾ।

"ਇਹ ਵਕੀਲ ਬਸ ਇਕ ਅਫਾਤ ਹੈ, **ਜੀਨਅਸ** ਹੈ," ਓਸ ਕਹਿਆ। ਸੁਣਨ ਵਾਲੇ ਆਦਮੀਆਂ ਦੇ ਹਜੂਮ ਨੇ ਬੜੇ ਅਦਬ ਤੇ ਧਿਆਨ ਨਾਲ ਸੁਣਿਆ, ਤੇ ਕਈਆਂ ਨੇ ਕੁਝ ਅੱਗੋਂ ਕਹਿਣਾ ਵੀ ਚਾਹਿਆ ਪਰ ਓਸ ਕਿਸੀ ਹੋਰ ਨੂੰ ਬੋਲਣ ਹੀ ਨਾ ਦਿੱਤਾ, ਜਿਵੇਂ ਸਾਰੇ ਹਾਲ ਦਾ ਬਸ ਸਿਰਫ ਓਹਨੂੰ ਹੀ ਪਤਾ ਸੀ ਤੇ ਹੋਰ ਕਿਸੀ ਨੂੰ ਨਹੀਂ ਹੋ ਸਕਦਾ ਸੀ।

ਭਾਵੇਂ **ਨਿਖਲੀਊਧਵ** ਦੇਰ ਕਰਕੇ ਆਇਆ ਸੀ ਤਾਂ ਵੀ ਬੜਾ ਚਿਰ ਉਸ ਨੂੰ ਓਥੇ ਉਡੀਕਣਾ ਪਇਆ। ਅਦਾਲਤ ਦੇ ਮੈਂਬਰਾਂ ਵਿੱਚੋਂ ਇਕ ਹਾਲੇ ਵੀ ਨਹੀਂ ਪਹੁਤਾ ਸੀ, ਤੇ ਹੋਰ ਸਾਰੇ ਓਹਦੀ ਉਡੀਕ ਵਿੱਚ ਸਨ।

## ਕਾਂਡ ੬

ਅਦਾਲਤ ਦਾ ਪ੍ਰਧਾਨ ਤਾਂ ਸਵੇਲੇ ਹੀ ਆ ਚੁੱਕਾ ਸੀ, ਇਕ ਚਿੱਟੀ ਲੰਮੀ ਦਾਹੜੀ ਵਾਲਾ ਲੰਮਾ ਮੋਟਾ ਆਦਮੀ। ਭਾਵੇਂ ਓਹ ਟੱਬਰ ਵਾਲਾ ਸੀ ਪਰ ਓਹਦੀ ਓਹ ਗੱਲ ਸੀ, ਚਿੱਟੀ ਦਾਹੜੀ ਤੇ ਆਟਾ ਖਰਾਬ। ਓਹਦਾ ਵਿਕਾਰ ਦਾ ਜੀਵਨ ਸੀ ਤੇ ਓਹਦੀ ਵਹੁਟੀ ਓਸ ਥੀਂ ਵਧ ਖਰਾਬ ਸੀ। ਦੋਵੇਂ ਇਕ ਦੂਜੇ ਦੇ ਰਾਹ ਵਿੱਚ ਰੋਕ ਨਹੀਂ ਸਨ। ਓਹ ਆਪਣੀ ਮਨਮਾਣੀ ਮੌਜ ਕਰਦਾ ਸੀ ਤੇ ਓਹ ਆਪਣੀ। ਅੱਜ ਸਵੇਰੇ ਹੀ ਓਹਨੂੰ ਇਕ ਸਵਿਸ ਕੁੜੀ ਦਾ ਪਿਆਰ ਨਾਮਾ ਆਇਆ ਸੀ। ਇਹ ਕੁੜੀ ਕਦੀ ਓਹਦੇ ਘਰ ਰਹਿ ਚੁਕੀ ਸੀ, ਓਹਦੀ ਗਵਰਨੈਸ ਸੀ ਤੇ ਹੁਣ ਦਖਣੀ ਰੂਸ ਥੀਂ ਸੈਂਟ ਪੀਟਰਜ਼ਬਰਗ ਵਲ ਜਾ ਰਹੀ ਸੀ। ਉਸ ਲਿਖਿਆ ਸੀ ਕਿ ਓਹ ਇਟਾਲੀਆ ਹੋਟਿਲ ਵਿੱਚ ਸ਼ਾਮਾਂ ਦੇ ੫ ਤੇ ੬ ਬਜੇ ਦੇ ਦਰਮਿਆਨ ਓਹਦੀ ਉਡੀਕ ਕਰੇਗੀ। ਇਸ ਕਰਕੇ ਉਹ ਚਾਹੁੰਦਾ ਸੀ ਕਿ ਅਦਾਲਤ ਜਲਦੀ ਲੱਗੇ ਤੇ ਛੇਤੀ ਮੁੱਕੇ ਤੇ ਓਹਨੂੰ ੬ ਬਜੇ ਥੀਂ ਪਹਿਲਾਂ ਵਕਤ ਮਿਲ ਜਾਏ ਕਿ ਓਹ ਓਸ ਜਵਾਨ ਮੈਂਹਦੀ ਰੰਗ ਵਾਲੇ ਵਾਲਾਂ ਵਾਲੀ ਕਲਾਰਾ ਵੈਸੀਲੈਵਨਾ ਨੂੰ ਜਾ ਕੇ ਮਿਲ ਸਕੇ। ਓਸ ਨਾਲ ਪ੍ਰੇਮ ਦੀ ਛੇੜ ਛਾੜ ਤਾਂ ਆਪਣੇ ਗਰਾਂ ਦੇ ਪਾਸੇ ਵਲ ਜਾ ਜਾ ਪਿਛਲੀ ਗਰਮੀਆਂ ਦੀ ਰੁੱਤ ਥੀਂ ਹੀ ਓਸ ਸ਼ੁਰੂ ਕਰ

ਰੱਖੀ ਹੋਈ ਸੀ। ਓਹ ਆਪਣੇ ਪ੍ਰਾਈਵੇਟ ਕਮਰੇ ਵਿੱਚ ਅੰਦਰ ਗਇਆ ਤੇ ਓਥੇ ਜਾਕੇ ਅਲਮਾਰੀ ਵਿੱਚੋਂ ਆਪਣੇ ਡੰਬਲ ਕੱਢ ਕੇ ਲੱਗਾ ਵਰਜ਼ਸ਼ ਕਰਨ। ਵੀਹ ਵੇਰੀ ਉਤਾਂਹ ਹੇਠਾਹਾਂ ਆਪਣੀਆਂ ਬਾਹਾਂ ਕੀਤੀਆਂ। ਫਿਰ ਡੰਬਲਾਂ ਨੂੰ ਦੋਹਾਂ ਹੱਥਾਂ ਨਾਲ ਫੜ ਕੇ ਜੁੜਵੀਂ ਤਰ੍ਹਾਂ ਸਿਰ ਦੇ ਉੱਪਰ ਦੀ ਕਰਕੇ ਆਪਣੇ ਗੋਡੇ ਤਿੰਨ ਵੇਰੀ ਰਤਾ ਕੁ ਝੁਕਾਏ। ਆਖਣ ਲੱਗਾ :–

"ਬਸ ਵਰਜ਼ਸ਼ ਤੇ ਠੰਡੇ ਪਾਣੀ ਦਾ ਅਸ਼ਨਾਨ ਇਨ੍ਹਾਂ ਦੋਹਾਂ ਜੇਹੀ ਹੋਰ ਕੋਈ ਗੱਲ ਨਹੀਂ", ਤੇ ਇਹ ਕਹਿ ਕੇ ਆਪਣੇ ਸੱਜੇ ਡੋਹਲੇ ਨੂੰ ਖੱਬੇ ਹੱਥ ਨਾਲ ਜੋਖਣ ਲਗ ਗਇਆ ਤੇ ਓਸੇ ਖੱਬੇ ਹੱਥ ਦੀ ਤੀਸਰੀ ਉਂਗਲ ਵਿੱਚ ਓਸ ਸੋਨੇ ਦੀ ਛਾਪ ਪਾਈ ਹੋਈ ਸੀ। ਹਾਲੇਂ ਓਸ ਕੋਈ ਵਰਜ਼ਸ਼ ਕਰਨੀ ਸੀ (ਓਹ ਹਮੇਸ਼ਾਂ ਲੰਮੀ ਬੈਠਕ ਤੋਂ ਪਹਿਲਾਂ ਵਰਜ਼ਸ਼ ਕਰ ਲੈਂਦਾ ਹੁੰਦਾ ਸੀ) ਕਿ ਦਰਵਾਜ਼ੇ ਉੱਪਰ ਕਿਸੀ ਹੱਥ ਦਿੱਤਾ, ਪ੍ਰਧਾਨ ਨੇ ਛੇਤੀ ਨਾਲ ਡੰਬਲਾਂ ਨੂੰ ਪਰੇ ਰੱਖਿਆ ਤੇ ਬੂਹਾ ਖੋਹਲਿਆ। ਕਹਿਣ ਲੱਗਾ "ਮੈਨੂੰ ਅਫਸੋਸ ਹੈ ਕਿ ਮੈਂ ਤੁਸਾਂ ਨੂੰ ਇੰਨੀ ਉਡੀਕ ਕਰਾਈ।" ਇੱਥੇ ਅਦਾਲਤ ਦੇ ਮੈਂਬਰਾਂ ਵਿੱਚੋਂ ਇਕ ਉੱਚੇ ਮੋਢਿਆਂ ਵਾਲਾ, ਬੇਚੈਨ ਜੇਹਾ ਸੜਿਆ ਹੋਇਆ ਆਦਮੀ ਸੋਨੇ ਦੀਆਂ ਫਰੇਮ ਵਾਲੀਆਂ ਐਨਕਾਂ ਪਾਈ ਅੰਦਰ ਆਇਆ :–

"ਮੈਥੀਊ ਨੀਕੀਟਿਚ ਮੁੜ ਹਾਲੇਂ ਤਕ ਨਹੀਂ ਬਹੁੜਿਆ", ਓਸ ਇਕ ਸੜੇ ਸਫਰਾਵੀ ਜੇਹੇ ਲਹਜੇ ਵਿੱਚ ਕਹਿਆ।

"ਹੈਂ! ਹਾਲੇ ਤੱਕ ਨਹੀਂ ਆਇਆ," ਪ੍ਰਧਾਨ ਬੋਲਿਆ ਤੇ ਨਾਲੇ ਆਪਣੀ ਵਰਦੀ ਪਾਈ ਗਇਆ–"ਓਹ ਹਮੇਸ਼ਾਂ ਦੇਰੀ

ਨਾਲ ਆਉਂਦਾ ਹੈ।''

"ਮੈਂ ਸਮਝ ਨਹੀਂ ਸੱਕਦਾ ਕਿ ਓਹਨੂੰ ਆਪਣੇ ਆਪ ਤੇ ਸ਼ਰਮ ਵੀ ਨਹੀਂ ਆਉਂਦੀ'', ਮੈਂਬਰ ਨੇ ਗੁੱਸੇ ਨਾਲ ਕਹਿਆ–ਬਹਿ ਗਇਆ, ਤੇ ਡੱਬੀ ਵਿਚੋਂ ਸਿਗਰਟ ਕੱਢੀ।

ਇਹ ਮੈਂਬਰ ਬੜਾ ਹੀ ਨੁਕਤਾਚੀਨ ਬੰਦਾ ਸੀ ਤੇ ਮਾਮਲਿਆਂ ਦੀ ਸਹੀ ਸਹੀ ਜਾਚ ਕਰਦਾ ਸੀ। ਇਹ ਅੱਜ ਸਵੇਰੇ ਆਪਣੀ ਵਹੁਟੀ ਨਾਲ ਲੜ ਕੇ ਆਇਆ ਸੀ ਤੇ ਓਸ ਨਾਲ ਬੜੀ ਬੁਰੀ ਤਰਾਂ ਲੜਿਆ ਸੀ। ਵਹੁਟੀ ਨੇ ਆਪਣਾ ਬੱਧਾ ਖਰਚ ਮਹੀਨੇ ਖਤਮ ਹੋਣ ਥੀਂ ਪਹਿਲਾਂ ਹੀ ਖਰਚ ਕਰ ਛੱਡਿਆ ਸੀ ਤੇ ਓਸਨੇ ਇਸ ਨੁਕਤਾਚੀਨ ਪਾਸੋਂ ਕੁਛ ਹੋਰ ਰੁਪਈਏ ਖਰਚ ਲਈ ਮੰਗੇ ਸਨ। ਪਰ ਇਸ ਨੇ ਵਹੁਟੀ ਦੀ ਇਹ ਗੱਲ ਨਹੀਂ ਸੀ ਮੰਨੀ ਤੇ ਦੇਹ ਜੰਗ ਤੇ ਤੂੰ ਤੂੰ ਤੇ ਮੈਂ ਮੈਂ ਹੋਈ ਸੀ। ਠੇਹੀਂ ਠਰਕ ਤੇਰਾ ਮੁੱਕਾ ਮੇਰੀ ਲੱਤ, ਤੇ ਵਹੁਟੀ ਨੇ ਕਹਿਆ ਜੇ ਉਹ ਇਹੋ ਜੇਹੀ ਕਰਤੂਤ ਕਰੇਗਾ ਤਦ ਰਾਤੀਂ ਰੋਟੀ ਦੀ ਆਸ ਲਾਹ ਸੁੱਟੇ। ਘਰ ਆਇਆ ਤਾਂ ਉਸ ਲਈ ਕੋਈ ਰੋਟੀ ਰਾਟੀ ਨਹੀਂ ਹੋਊ। ਇੱਥੇ ਤਕ ਝਗੜਾ ਪਹੁੰਚ ਜਾਣ ਤੇ ਓਹ ਟੁਰ ਆਇਆ ਸੀ ਕਿ ਮਤੇ ਗੱਲ ਵਧ ਜਾਏ ਤੇ ਓਹ ਆਪਣਾ ਦਿੱਤਾ ਡਰਾਵਾ ਮਤੇ ਪੂਰਾ ਹੀ ਨ ਕਰ ਦੱਸੇ, ਕਿਉਂਕਿ ਉਹ ਐਸੀ ਡਾਢੀ ਜਨਾਨੀ ਸੀ ਕਿ ਜੋ ਚਾਹੇ ਕਰ ਦਿੰਦੀ ਸੀ।

"ਬੱਸ ਆਹ ਕੁਛ ਮਿਲਦਾ ਜੇ ਇਖਲਾਕ ਅਨੁਸਾਰ ਜ਼ਿੰਦਗੀ ਗੁਜ਼ਾਰਨ ਨਾਲ,'' ਓਸ ਤਕੜੇ, ਚਮਕਦੇ, ਖ਼ੁਸ਼ਖ਼ੁਸ਼ਾਂ, ਨਰਮ ਦਿਲ ਵਾਲੇ ਪ੍ਰਧਾਨ ਵਲ ਵੇਖ ਕੇ ਓਸ ਆਪਣੇ ਮਨ ਵਿੱਚ ਖਿਆਲਿਆ। ਤੇ ਇਹ ਬੁੱਢਾ ਬਾਹਾਂ ਖਿਲਾਰ ਕੇ ਪ੍ਰਧਾਨ ਹੀ ਬਣਿਆ ਬੈਠਾ ਸੀ ਤੇ ਆਪਣੇ ਨਰਮ ਨਰਮ ਕੋਮਲ ਚਿੱਟੇ ਹੱਥਾਂ

ਨਾਲ ਆਪਣੀ ਵਰਦੀ ਦੇ ਉੱਤੇ ਕੱਢੇ ਕਾਲਰ ਉਤੋਂ ਦੀ ਆਪਣੀ ਚਿੱਟੀ ਦਾਹੜੀ ਨੂੰ ਸੰਵਾਰ ਫਬਾ ਰਹਿਆ ਸੀ। "ਤੇ ਵੇਖੋ ਇਹ ਕੇਹਾ ਖ਼ੁਸ਼ਖ਼ੁਸ਼ਾਂ ਜੇ, ਨ ਇਹਨੂੰ ਲੱਥੇ ਦੀ ਨ ਚੜ੍ਹੇ ਦੀ, ਹਰ ਤਰਾਂ ਚੈਨ ਵਿੱਚ ਹੈ ਤੇ ਮੈਂ ਹਾਂ ਬਸ ਇਨ੍ਹਾਂ ਘਰ ਦੇ ਦੁੱਖਾਂ ਕਲੇਸ਼ਾਂ ਜੋਗਾ।"

ਸਕੱਤਰ ਹੁਣ ਕੋਈ ਕਾਗਜ਼ ਜੇਹੇ ਲੈਕੇ ਆਇਆ।

"ਮੈਂ ਆਪਦਾ ਧੰਨਵਾਦੀ ਹਾਂ", ਪ੍ਰਧਾਨ ਬੋਲਿਆ ਤੇ ਆਪਣੀ ਸਿਗਰਟ ਸੁਲਕਾਈ, "ਅਸਾਂ ਕਿਹੜਾ ਮੁਕੱਦਮਾ ਅੱਜ ਸੁਣਨਾ ਹੈ?"

"ਓਹ ਜ਼ਹਿਰ ਦਿੱਤੇ ਜਾਣ ਵਾਲਾ, ਮੇਰੀ ਜਾਚੇ ਓਹੋ ਹੀ ਹੈ", ਸਕੱਤਰ ਨੇ ਵੀ ਪਲਾਤਾ ਜੇਹਾ ਜਵਾਬ ਦਿੱਤਾ।

"ਠੀਕ–ਬਹੁਤ ਚੰਗਾ, ਓਹੋ ਜ਼ਹਿਰ ਦਿੱਤੇ ਜਾਣ ਦਾ ਮੁਕੱਦਮਾ ਹੀ ਸਹੀ", ਦਿਲ ਵਿੱਚ ਸੋਚਦਾ ਸੀ ਜੇ ਇਹ ਹੋਇਆ ਤਾਂ ਓਹ ੪ ਵਜੇ ਤੱਕ ਵਿਹਲਾ ਹੋ ਜਾਊ, "**ਮੈਥੀਊ-ਨੀਕੀਟਿਚ**, ਕੀ ਉਹ ਆ ਗਇਆ ਹੈ?" ਓਸ ਪੁੱਛਿਆ।

"ਹਾਲੇ ਨਹੀਂ।"

"ਤੇ **ਬਰੈਵੇ**।"

"ਓਹ ਆ ਗਿਆ ਹੈ", ਸਕੱਤਰ ਨੇ ਜਵਾਬ ਦਿੱਤਾ।

**ਬਰੈਵੇ** ਸਰਕਾਰੀ ਵਕੀਲ ਸੀ ਜਿਸ ਨੇ ਇਸ ਮੁਕੱਦਮੇਂ ਨੂੰ ਚਲਾਣਾ ਸੀ। ਬਾਹਰ ਛਤੇ ਬ੍ਰਾਮਦੇ, **ਕੌਰੀਡੋਰ**, ਵਿੱਚ

ਸਕੱਤ੍ਰ ਬਰੈਵੇ ਨੂੰ ਮਿਲਿਆ ਸੀ। ਉਹ ਆਪਣੇ ਮੋਢੇ ਉਤਾਹਾਂ ਨੂੰ ਕੁੰਜੇ ਹੋਏ ਆ ਰਹਿਆ ਸੀ, ਇਕ ਕੱਛ ਵਿੱਚ ਬਸਤਾ ਜੇਹਾ ਦਬਾਇਆ ਹੋਇਆ, ਤੇ ਦੂਸਰੀ ਬਾਹਾਂ ਉਤਾਹਾਂ ਨੂੰ ਉਲਾਰੀ ਹੋਈ ਤੇ ਓਹਦੀ ਤਲੀ ਸਾਹਮਣੇ ਕਰ ਕਰ ਦਰਸਾਂਦਾ ਹੋਇਆ ਆਕੜ ਤੇ ਸ਼ਾਨ ਵਿੱਚ ਵਗੀ ਆ ਰਿਹਾ ਸੀ। ਤੇਜ ਤੇਜ ਕਦਮ ਪੁਟਦਾ ਸੀ ਤੇ ਜੁੱਤੀ ਦੇ ਨਰਮ ਚਮੜੇ ਦੀ ਚੀਂ ਚੀਂ, ਲਿਚਕ ਜੇਹੀ ਕੱਢਦਾ ਤੁਰਦਾ ਸੀ।

ਸਕੱਤਰ ਨੇ ਕਹਿਆ, "ਮਾਈਕੇਲ ਪੇਤਰੋਵਿਚ ਪੁਛਦਾ ਹੈ ਕਿ ਕੀ ਆਪ ਤਿਆਰ ਹੋ?"

"ਬਿਨ ਪੁੱਛੇ-ਮੈਂ ਤਿਆਰ ਹਾਂ-ਭਾਵੇਂ ਸਿੱਧਾ ਹੀ ਬੁਲਾ ਲਵੇ," ਸਰਕਾਰੀ ਵਕੀਲ ਬੋਲਿਆ, "ਕਿਹੜਾ ਮੁਕੱਦਮਾਂ ਪਹਿਲਾਂ ਲਇਆ ਜਾਵੇਗਾ?"

"ਓਹੋ ਜ਼ਹਿਰ ਵਾਲਾ।"

"ਹਾਂ-ਓਹੋ ਠੀਕ ਹੋਵੇਗਾ", ਸਰਕਾਰੀ ਵਕੀਲ ਨੇ ਕਹਿ ਦਿੱਤਾ ਭਾਵੇਂ ਓਹ ਜਾਣਦਾ ਸੀ ਕਿ ਓਸਨੇ ਓਹਦੀ ਠੀਕ ਤਿਆਰੀ ਨਹੀਂ ਸੀ ਕੀਤੀ ਹੋਈ। ਰਾਤ ਤਾਂ ਓਸ ਇਕ ਹੋਟਲ ਵਿੱਚ ਗੁਜਾਰੀ ਸੀ। ਇਕ ਦੋਸਤ ਨੇ ਜਾਣਾ ਸੀ ਤੇ ਓਹਦੀ ਵਿਦਾ ਕਰਨ ਦੀ ਪਾਰਟੀ ਵਿੱਚ ਸਾਰੀ ਰਾਤ ਤਾਸ਼ ਉੱਡੀ ਸੀ। ਸਵੇਰ ਦੇ ਪੰਜ ਬਜੇ ਤੱਕ ਜੂਆ ਤੇ ਸ਼ਰਾਬ ਹੀ ਚਲਦੀ ਰਹੀ ਸੀ। ਓਸਨੂੰ ਵਕਤ ਹੀ ਕੋਈ ਨਹੀਂ ਸੀ ਮਿਲਿਆ ਕਿ ਓਹ ਮੁਕੱਦਮਾਂ ਤਿਆਰ ਕਰਦਾ। ਪਰ ਜਦ ਓਸ ਕਹਿਆ ਸੀ ਠੀਕ ਹੈ, ਓਹਦਾ ਮਤਲਬ ਸੀ ਕਿ ਕਿਵੇਂ ਨਾ ਕਿਵੇਂ ਕੰਮ ਚਲ ਜਾਊ

ਤੇ ਛੇਤੀ ਕਰਕੇ ਹਥ ਪੈਰ ਮਾਰ ਕੇ ਹਫੜਾ ਦਫੜੀ ਪਾ ਕੇ ਮੁਕਾ ਦੇਵੇਗਾ। ਸਕੱਤ੍ਰ ਨੂੰ ਇਸ ਸਾਰੀ ਗੱਲ ਦਾ ਪਤਾ ਸੀ ਤੇ ਓਸ ਜਾਣ ਕੇ ਪ੍ਰਧਾਨ ਨੂੰ ਕਹਿਆ ਸੀ ਕਿ ਪਹਿਲਾਂ ਜ਼ਹਿਰ ਵਾਲਾ ਮੁਕੱਦਮਾਂ ਸੁਣਿਆ ਜਾਵੇ। ਸਕੱਤਰ ਮੁਲਕੀ ਮਾਮਲਿਆਂ ਵਿੱਚ **ਲਿਬਰਲ** ਸੀ, ਨਹੀਂ ਸਗੋਂ ਕੁਛ ਵਧ ਕਹੋ **ਰੈਡੀਕਲ** ਸੀ ਤੇ **ਬਰੈਵੇ ਕਨਜ਼ਰਵੈਟਿਵ** ਸੀ ਖਾਸ ਕਰ ਪੁਰਾਣੇ ਜ਼ਮਾਨੇ ਦੇ ਸਨਾਤਨ ਮਜ਼੍ਹਬ ਦੇ ਰਸਮੋ ਰਵਾਜ ਦਾ ਭਗਤ ਸੀ। ਸਕੱਤਰ ਓਹਨੂੰ ਘ੍ਰਿਣਾ ਕਰਦਾ ਸੀ, ਤੇ ਨਾਲੇ ਓਹਦੀ ਸਰਕਾਰ ਵਿੱਚ ਬਣੀ ਪਦਵੀ ਤੇ ਇਜ਼ਤ ਤੇ ਅੰਦਰੋਂ ਈਰਖਾ ਰਖਦਾ ਸੀ।

"ਜੀ–ਪਰ ਓਸ **ਸਕੋਪਟਸੀ** ਬਾਬਤ ਕਿਸ ਤਰ੍ਹਾਂ ਕਰਨਾ ਜੇ ?" ਸਕੱਤਰ ਨੇ ਪੁੱਛਿਆ।

"ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਬਿਨਾਂ ਗਵਾਹਾਂ ਓਹ ਮੁਕੱਦਮਾ ਮੈਂ ਨਹੀਂ ਕਰ ਸੱਕਦਾ ਤੇ ਮੈਂ ਅਦਾਲਤ ਨੂੰ ਵੀ ਇਹ ਗੱਲ ਕਹਿ ਦਿਆਂਗਾ।"

"ਆਹ ਰੱਬਾ–ਇਹ ਕੀ ਗੱਲ ਹੋਈ।"

"ਬੱਸ ਮੈਂ ਨਹੀਂ ਕਰ ਸੱਕਦਾ", **ਬਰੈਵੇ** ਨੇ ਬੜੇ ਜ਼ੋਰ ਨਾਲ ਹੱਥ ਉਲਾਰ ਕੇ ਕਹਿਆ ਤੇ ਆਪਣੇ **ਪ੍ਰਾਈਵੇਟ** ਕਮਰੇ ਵੱਲ ਦੌੜ ਗਇਆ।

ਇਹ ਸਰਕਾਰੀ ਵਕੀਲ **ਸਕੋਪਟਸੀ** ਦੇ ਮੁਕੱਦਮੇਂ ਨੂੰ ਖਾਹਮਖਾਹ ਇਕ ਗ਼ੈਰਜ਼ਰੂਰੀ ਗਵਾਹੀ ਦੀ ਗੈਰ ਹਾਜ਼ਰੀ ਦੇ ਬਹਾਨੇ ਮੁਲਤਵੀ ਕਰ ਰਹਿਆ ਸੀ। ਅਸਲ ਸਬੱਬ ਇਹ ਸੀ

ਕਿ ਓਹ ਨਹੀਂ ਸੀ ਚਾਹੁੰਦਾ ਕਿ ਓਹ ਮੁਕੱਦਮਾਂ ਇਕ ਪੜ੍ਹੀ ਲਿਖੀ ਜੂਰੀ ਦੇ ਸਾਹਮਣੇ ਪੇਸ਼ ਹੋਵੇ, ਮੁਮਕਿਨ ਹੈ ਕਿ ਇੱਥੇ ਮੁਲਜ਼ਿਮ ਬਰੀ ਹੋ ਜਾਣ। ਸੋ ਪ੍ਰਧਾਨ ਤੇ ਓਸਨੇ ਆਪੇ ਵਿੱਚ ਗੋਂਦ ਗੁੰਦ ਲਈ ਸੀ, ਕਿ ਓਹ ਮੁਕੱਦਮਾਂ ਬਾਹਰ ਕਿਸੀ ਸੂਬੇ ਦੇ ਸ਼ਹਿਰ ਵਿੱਚ ਜਾ ਕੇ ਕੀਤਾ ਜਾਏ, ਜਿੱਥੇ ਜੱਟ ਜਿਮੀਂਦਾਰ ਬਾਹਲੇ ਹੋਣ ਤੇ ਓਥੇ ਓਨ੍ਹਾਂ ਦੇ ਸਾਹਮਣੇ ਪੇਸ਼ ਕਰਨ ਨਾਲ ਮੁਲਜ਼ਮਾਂ ਨੂੰ ਸਜ਼ਾ ਹੋ ਜਾਣ ਦਾ ਜ਼ਿਆਦਾ ਮੌਕਾ ਮਿਲ ਸਕੇ।

**ਕੌਰੀਡੋਰ** ਵਿੱਚ ਸ਼ੋਰ ਤੇ ਭੀੜ ਭੜੱਕੇ ਦਾ ਰੌਲਾ ਕੁਛ ਵਧਿਆ। ਦੀਵਾਨੀ ਦੀ ਕਚਹਿਰੀ ਦੇ ਓਸ ਬੂਹੇ ਅੱਗੇ ਲੋਕੀ ਜਾ ਇਕੱਠੇ ਹੋਏ, ਜਿੱਥੇ ਓਹ ਮੁਕੱਦਮਾਂ ਹੋ ਰਿਹਾ ਸੀ ਜਿਸ ਬਾਬਤ ਓਸ ਸਾਫ ਚੱਟ ਮੁੰਨੇ ਬੰਦੇ ਨੇ ਗੱਲਾਂ ਕੀਤੀਆਂ ਸਨ। ਅਦਾਲਤ ਨੇ ਕੁਛ ਥੋੜੇ ਚਿਰ ਲਈ ਛੁੱਟੀ ਕੀਤੀ ਸੀ, ਤੇ ਅਦਾਲਤ ਦੇ ਕਮਰੇ ਵਿਚੋਂ ਓਹ ਬੁੱਢੀ ਜਨਾਨੀ ਬਾਹਰ ਆਈ ਸੀ ਜਿਹਦੀ ਜਾਇਦਾਦ ਓਸ ਫ਼ਿਤਨੇ ਜੇਹੇ ਵਕੀਲ ਨੇ ਕਿਸੀ ਕਾਨੂਨੀ ਨੁਕਤੇ ਦੀ ਚਾਲਾਕ ਕਾਢ ਨਾਲ ਓਸ ਪਾਸੋਂ ਖੋਹ ਕੇ ਆਪਣੇ ਮੁਵੱਕਲ ਨੂੰ ਦਿਵਾ ਦਿੱਤੀ ਸੀ। ਕੁਲ ਕਚਹਿਰੀ ਵਿਚ ਓਹਦੀ ਓਸ ਚਾਲਾਕ ਕਾਨੂਨੀ ਕਾਢ ਦੇ ਨੁਕਤੇ ਦੀ ਚਰਚਾ ਹੋ ਰਹੀ ਸੀ, ਓਹਦਾ ਮੁਵੱਕਲ ਵੀ ਭਾਵੇਂ ਬੜਾ ਕਾਨੂਨ ਜਾਣਦਾ ਸੀ, ਤਾਂ ਵੀ ਓਸਦਾ ਹੱਕ ਓਸ ਵਿਚਾਰੀ ਬੁੱਢੀ ਦੀ ਜਾਇਦਾਦ ਉੱਪਰ ਤਾਂ ਨਹੀਂ ਸੀ। ਬੁੱਢੀ ਦੀ ਜਾਇਦਾਦ ਠੀਕ ਓਹਦੀ ਸੀ। ਇਸ ਅੰਦਰਲੀ ਗੱਲ ਦੇ ਠੀਕ ਸੱਚ ਹੋਣ ਦਾ ਜੱਜਾਂ ਨੂੰ ਵੀ ਪੂਰਾ ਪਤਾ ਸੀ, ਤੇ ਇਸ ਫਿਤਨੇ ਦੇ ਮੁਵੱਕਲ ਨੂੰ ਵੀ ਚੰਗੀ ਤਰਾਂ ਪਤਾ ਸੀ ਕਿ ਓਹਦਾ ਕਿਸੀ ਕਿਸਮ ਦਾ ਕੋਈ ਹੱਕ ਓਸ ਜਾਇਦਾਦ ਪਰ ਨਹੀਂ ਸੀ, ਪਰ ਹੁਣ ਓਸ ਫਿਤਨੇ ਦੀ

ਕਾਨੂਨੀ ਕਾਢ ਕਰਕੇ ਓਸ ਬੁੱਢੀ ਮਾਈ ਦੀ ਸਾਰੀ ਜਾਇਦਾਦ ਚਾਹੇ ਚੀਂ ਕਰੇ ਚਾਹੇ ਪੀਂ ਕਰੇ, ਓਸ ਬੰਦੇ ਨੂੰ ਮਿਲ ਜਾਣੀ ਠਹਿਰੀ ਜਿਹੜਾ ਕਾਨੂਨ ਦੀਆਂ ਹੁੱਜਤਾਂ ਦਾ ਵਾਕਫਕਾਰ ਸੀ ।

ਬੁੱਢੀ ਜਨਾਨੀ ਚੰਗੀ ਮੋਟੀ ਸੀ ਤੇ ਉਸਨੇ ਅੱਛੇ ਲੀੜੇ ਪਾਏ ਹੋਏ ਸਨ । ਓਹਦੀ ਟੋਪੀ ਉੱਪਰ ਵੱਡੇ ਵੱਡੇ ਫੁੱਲ ਲੱਗੇ ਹੋਏ ਸਨ । ਜਦ ਓਹ ਅਦਾਲਤ ਦੇ ਬੂਹੇ ਥੀਂ ਬਾਹਰ ਨਿਕਲੀ ਤਦ ਆਪਣੀਆਂ ਦੋਵੇਂ ਮੋਟੀਆਂ ਬਾਹਾਂ ਫੈਲਾ ਕੇ ਆਪਣੇ ਵਕੀਲ ਨੂੰ ਪੁੱਛਦੀ ਹੈ, 'ਭਾਈ ! ਇਹ ਕੀ ਗੱਲ ਬਣੀ ਹੈ ? ਕੀ ਲੋਹੜਾ ਵਰਤ ਗਇਆ ! ਓਹ ਕਿਹੜਾ ਖਿਆਲ ਨਵਾਂ ਆ ਨਿਕਲਿਆ ?''

ਓਹਦਾ ਵਕੀਲ ਓਹਦੀ ਟੋਪੀ ਦੇ ਫੁੱਲਾਂ ਵੱਲ ਜਰੂਰ ਦੇਖ ਰਹਿਆ ਸੀ, ਪਰ ਓਹਦਾ ਧਿਆਨ ਕਿਧਰੇ ਹੋਧਰੇ ਸੀ, ਓਹ ਉਸ ਵੇਲੇ ਓਹਦੀ ਗੱਲ ਸੁਣਨ ਵਿੱਚ ਨਹੀਂ ਸੀ ।

ਬੁੱਢੀ ਜਨਾਨੀ ਦੇ ਮਗਰੋਂ ਓਹ ਫਿਤਨਾ ਵਕੀਲ ਦੀਵਾਨੀ ਅਦਾਲਤ ਵਿੱਚੋਂ ਬਾਹਰ ਆਇਆ । ਓਹਦੀ ਨੀਵੀਂ ਕਾਟ ਵਾਲੀ ਵਾਸਕਟ ਵਿਚ ਦੀ ਓਹਦੀ ਖੂਬ ਚੰਗੀ ਤਰਾਂ ਮਾਯਾ ਲੱਗੀ ਤੇ ਇਸਤ੍ਰੀ ਕੀਤੀ ਆਕੜੀ ਕਮੀਜ਼ ਦਾ ਸਾਹਮਣਾ ਚਮਕ ਦਮਕ ਕਰਦਾ ਸੀ, ਇਹ ਸੀ ਫਿਤਨਾ ਜਿਹਦੀ ਸਭ ਕੋਈ ਤਾਰੀਫ਼ ਕਰ ਰਹਿਆ ਸੀ ਜਿਸ ਨੇ ਆਪਣੇ ਕਾਨੂਨ ਦੀਆਂ ਹੁੱਜਤਾਂ ਦੇ ਜਾਣੂ ਮੁਵੱਕਲ ਪਾਸੋਂ ੧੦੦੦੦) ਰੂਬਲ ਫੀਸ ਲੈ ਕੇ ਓਸ ਬੁੱਢੀ ਦਾ ਜੋ ਕੁਛ ਮਾਲ ਮਤਾ ਜਾਇਦਾਦ ਸੀ ਤੇ ਠੀਕ ਹੱਕ ਓਹਦਾ ਸੀ, ਆਪਣੇ ਮੁਵੱਕਲ ਨੂੰ ਪੂਰੀ ਦਵਾ ਦਿੱਤੀ । ਤਕਰੀਬਨ ਇਕ ਲੱਖ ਰੂਬਲ ਇਉਂ ਦਿਵਾ ਦਿੱਤਾ । ਆਪਣੀ ਇਸ ਫਤਹ ਦੀ ਬੜੀ

ਖੁਸ਼ੀ ਵਿਚ "ਹਮ ਚੁ ਮਾ ਵੀਗਰੇ ਨੇਸਤ", ਵਾਂਗੂੰ ਤ੍ਰਿੱਖਾ ਟੁਰਦਾ ਸੀ। ਓਹਦਾ ਚਿਹਰਾ ਇਕ ਅੰਦਰ ਆਈ ਜ਼ਹਨੀ ਖੁਸ਼ੀ ਵਿਚ ਚਮਕ ਰਹਿਆ ਸੀ, ਤੇ ਸਭ ਅੱਖਾਂ ਨੂੰ ਆਪਣੇ ਵਲ ਲੱਗੀਆਂ ਤੇ ਉਹਨੂੰ ਤਾਂਘਦੀਆਂ ਦੇਖ ਕੇ ਓਹਦਾ ਸਾਰਾ ਤੌਰ ਤੇ ਤਰਜ਼ ਇਹ ਦਸ ਰਹਿਆ ਸੀ–"ਕੋਈ ਖਾਸ ਸ਼ਾਬਾਸ਼ ਦੇਣ ਦੀ ਜਰੂਰਤ ਨਹੀਂ।"

## ਕਾਂਡ ੭.

ਆਖਰ **ਮੈਬੀਉ ਨਿਕੀਟਿਚ** ਹੋਰੀ ਵੀ ਅੱਪੜ ਹੀ ਪਏ, ਤੇ ਜੂਰੀ ਨੂੰ ਅੰਦਰ ਲਿਆਉਣ ਵਾਲਾ ਜਿਹਨੂੰ **ਅਸ਼ਰ** ਕਹਿੰਦੇ ਹਨ, ਜੂਰੀ ਦੇ ਕਮਰੇ ਵਿਚ ਆਇਆ। ਇਹ **ਅਸ਼ਰ** ਇਕ ਪਤਲਾ ਜੇਹਾ ਆਦਮੀ ਸੀ, ਗਰਦਨ ਲੰਮੀ ਤੇ ਟੋਰ ਉਹਦੀ ਕੁਛ ਇਕ ਪਾਸੇ ਵਲ ਝੁਕੀ ਹੋਈ ਜੇਹੀ ਸੀ। ਉਹਦਾ ਤਲਵਾਂ ਹੋਠ ਇਕ ਪਾਸੇ ਕੁਛ ਬਾਹਰ ਵਧ ਕੇ ਨਿਕਲਿਆ ਹੋਇਆ ਸੀ। ਈਮਾਨਦਾਰ, ਸੁੱਚਾ ਆਦਮੀ ਸੀ, ਯੂਨੀਵਰਸਟੀ ਤਕ ਪੜ੍ਹਿਆ ਹੋਇਆ ਸੀ। ਪਰ ਵਿਚਾਰਾ ਕਿਸੀ ਵੀ ਚੰਗੀ ਨੌਕਰੀ ਤੇ ਆਪਣੀ ਥਾਂ ਉੱਪਰ ਟਿਕ ਨਹੀਂ ਸੀ ਸੱਕਿਆ, ਕਿਉਂਕਿ ਉਹਨੂੰ ਸ਼ਰਾਬ ਪੀਣ ਦਾ ਚਸਕਾ ਲੱਗਾ ਹੋਇਆ ਸੀ। ਤੇ ਕਈ ਵੇਰੀ ਝੜੀ ਲਾ ਬੇਹੋਸ਼ ਹੋਇਆ ਰਹਿੰਦਾ ਸੀ। ਤਿੰਨ ਕੁ ਮਹੀਨੇ ਮਸਾਂ ਹੋਏ ਸਨ ਕਿ ਇਕ ਕਾਊਂਟੈਸ ਨੇ ਜਿਹੜੀ ਇਹਦੀ ਵਹੁਟੀ ਤੇ ਤਰਸ ਕਰਦੀ ਸੀ ਇਹਨੂੰ ਆਪਣੀ ਖਾਸ ਸਿਫਾਰਸ਼ ਨਾਲ ਆਖਰ ਇਹ ਥਾਂ ਲੈ ਦਿੱਤੀ ਸੀ। ਇਹ ਇਸ ਗੱਲ ਤੇ ਬੜਾ ਖੁਸ਼ ਸੀ ਕਿ ਇੰਨਾਂ ਚਿਰ ਲੰਘ ਗਇਆ ਹੈ, ਤੇ ਹਾਲੇਂ ਤਕ ਇਸ ਇਹ ਥਾਂ ਨਹੀਂ ਵੰਞਾਈ।

"ਸ੍ਰੀ ਮਾਨ ਜੀ ! ਕੀ ਹਰ ਇਕ ਆਪ ਵਿੱਚੋਂ ਤਿਆਰ ਹੈ ?" ਇਸ ਨੇ ਜਾ ਕੇ ਐਲਾਨ ਜੇਹਾ ਕੀਤਾ ਤੇ ਆਪਣੇ

ਪਿਨਸਨੇਜ਼ ਆਪਣੇ ਨੱਕ ਤੇ ਮੁੜ ਚੰਗੀ ਤਰਾਂ ਟਿਕਾ ਕੇ ਰੱਖੀ ਤੇ ਚਾਰ ਚੁਫੇਰੇ ਨਿਗਾਹ ਮਾਰੀ।

"ਸਬ ਕੋਈ ! ਮੇਰੇ ਖਿਆਲ ਵਿਚ" ਉਸ ਖੁਸ਼ ਮਿਜਾਜ਼ ਸੌਦਾਗਰ ਨੇ ਉੱਤਰ ਦਿੱਤਾ–

"ਚੰਗਾ ਜੀ ! ਅਸੀ ਹੁਣੇ ਜਾਚ ਲੈਂਦੇ ਹਾਂ," ਤੇ ਆਪਣੀ ਜੇਬ ਵਿੱਚੋਂ ਉਸ ਨਾਵਾਂ ਦੀ ਫਹਿਰਿਸਤ ਕੱਢੀ ਤੇ ਹਾਜਰੀ ਜੇਹੀ ਲੈਣ ਲੱਗ ਗਇਆ, ਤੇ ਹਰ ਇਕ ਆਦਮੀ ਵਲ ਕਦੀ ਆਪਣੇ ਪਿਨਸਨੇਜ਼ ਵਿਚ ਦੀ, ਕਦੀ ਉਨ੍ਹਾਂ ਦੇ ਉੱਪਰੋਂ ਦੀ ਤੱਕਦਾ ਜਾਂਦਾ ਸੀ।

"ਸਰਕਾਰੀ ਕੌਂਸਲਰ–ਆਈ. ਐਮ, ਨਿਕੀ-ਫੋਰੋਵ।"

"ਮੈਂ ਹਾਂ," ਇਕ ਪੁਰ ਰੁਹਬ ਆਦਮੀ ਨੇ ਉੱਤਰ ਦਿੱਤਾ, ਇਹਨੂੰ ਕਾਨੂੰਨੀ ਅਦਾਲਤਾਂ ਦਾ ਤਰਜ਼ ਤਰੀਕਾ ਤੇ ਕਾਰਵਾਈ ਦੇ ਰਸਮ ਰਵਾਜ ਚੰਗੀ ਤਰਾਂ ਪਤਾ ਸਨ।

"ਆਈਵਨ ਸੈਮੀਨਿਚ ਈਵਾਨੋਵ–ਪਿਨਸ਼ਨ ਯਾਫਤਾ ਕਰਨੈਲ"।

"ਆਹ ਇੱਥੇ," ਇਕ ਪਤਲੇ ਦੁਬਲੇ ਆਦਮੀ ਨੇ ਜਿਸ ਫੌਜੀ ਵਰਦੀ ਪਾਈ ਹੋਈ ਸੀ ਜਵਾਬ ਦਿੱਤਾ।

"ਦੂਸਰੀ ਗਿਲਡ ਦਾ ਸੌਦਾਗਰ ਪੀਟਰ ਬਕਲਾ-ਸ਼ੋਵ।"

"ਅਸੀ ਹਾਂ ਆਹ ਬੱਸ ਤਿਆਰ," ਉਸ ਮਖ਼ੌਲੀ ਤਬੀਅਤ

ਵਾਲੇ ਸੌਦਾਗਰ ਨੇ ਚੰਗੀ ਖੁੱਲ੍ਹੀ ਮੁਸਕੜੀ ਭਰ ਕੇ ਉੱਤਰ ਦਿੱਤਾ ।

"ਗਾਰਡਾਂ ਦਾ ਲਫਟੈਂਟ–ਸ਼ਾਹਜ਼ਾਦਾ ਦਮਿਤਰੀ ਨਿਖਲੀਊਧਵ ।"

"ਮੈਂ ਆਹ ਹਾਂ," ਨਿਖਲੀਊਧਵ ਬੋਲਿਆ ।

ਆਪਣੇ ਪਿਨਸਨੇਜ਼ ਦੇ ਕਿਨਾਰੇ ਥੀਂ ਉੱਤੋਂ ਦੀ ਨਿਖਲੀਊਧਵ ਵਲ ਵੇਖਕੇ, ਅਸ਼ਰ ਨੇ ਬੜੇ ਅਦਬ ਤੇ ਖੁਸ਼ ਅਸਲੂਬੀ ਨਾਲ ਸਿਰ ਝੁਕਾਇਆ, ਜਿੰਵੇਂ ਇਉਂ ਕਰਨ ਨਾਲ ਉਹ ਚਾਹੁੰਦਾ ਸੀ ਕਿ ਹੋਰਨਾਂ ਦੇ ਮੁਕਾਬਲੇ ਤੇ ਉਸ ਵਲ ਕੁਛ ਅਦਬ ਅਦਾਬ ਦਾ ਫ਼ਰਕ ਕਰਕੇ ਦੱਸੇ ।

"ਕਪਤਾਨ ਓਰੀ ਦਮੀਤ੍ਰਿਚ ਦਾਨਚਿਨਕੋ; ਗਰੈਗਰੀ ਐਫੀਮਿਚ ਕੂਲੇਸ਼ੋਵ ਸੌਦਾਗਰ–ਆਦਿ–ਆਦਿ–"

ਸਵਾਏ ਦੋਹਾਂ ਦੇ ਸਾਰੇ ਹਾਜ਼ਰ ਸਨ ।

ਅਸ਼ਰ ਨੇ ਆਪਣੀ ਬਾਂਹ ਬੜੀ ਹੀ ਪਿਆਰੀ ਜੇਹੀ ਉਲਾਰ ਨਾਲ ਉਤਾਹਾਂ ਕਰਕੇ ਬੂਹੇ ਵਲ ਇਸ਼ਾਰਾ ਕੀਤਾ ਤੇ ਕਿਹਾ, "ਸ਼ਰੀਫ ਜ਼ਾਦਿਓ ! ਹੁਣ ਚਲੋ ਤੁਸੀ ਅਦਾਲਤ ਨੂੰ ਸੋਭਾਇਮਾਨ ਕਰੋ ।" ਸਬ ਦਰਵਾਜੇ ਵਲ ਹਿੱਲੇ, ਤੇ ਇਕ ਦੂਜੇ

ਨੂੰ ਪਹਿਲਾਂ ਲੰਘ ਜਾਣ ਦੇ ਅਦਬ ਵਿੱਚ ਕੋਈ ਠਹਿਰ ਜਾਂਦੇ ਸਨ, ਕੋਈ ਟੁਰ ਪੈਂਦੇ ਸਨ।

ਅਦਾਲਤ ਦਾ ਕਮਰਾ ਬੜਾ ਵੱਡਾ ਤੇ ਲੰਮਾ ਸੀ, ਉਸ ਦੇ ਇਕ ਸਿਰੇ ਵਲ ਤਿੱਨ ਕਦਮਾਂ ਵਾਲੀਆਂ ਪਉੜੀਆਂ ਸਨ ਜਿਹੜੀਆਂ ਡੈਸ ਉੱਪਰ ਲੈ ਜਾਂਦੀਆਂ ਸਨ। ਇਸ ਉਚੇਰੇ ਕੀਤੇ ਡੈਸ ਉੱਪਰ ਮੇਜ਼ ਧਰਿਆ ਹੋਇਆ ਸੀ। ਮੇਜ਼ ਉੱਪਰ ਇਕ ਸਬਜ਼ ਰੰਗ ਦਾ ਮੇਜ਼ ਪੋਸ਼ ਵਿਛਿਆ ਹੋਇਆ ਸੀ, ਜਿਹਦਾ ਸੰਜਾਫ ਹੋਰ ਗੂਹੜੇ ਸਬਜ਼ ਰੰਗ ਦਾ ਲੱਗਿਆ ਚੰਗਾ ਲੱਗ ਰਹਿਆ ਸੀ। ਮੇਜ਼ ਦੇ ਨਾਲ ਤਿੰਨ ਬਾਹਾਂ ਵਾਲੀਆਂ ਐਕ ਦੀ ਲੱਕੜੀ ਦੀਆਂ ਕੁਰਸੀਆਂ ਡੱਠੀਆਂ ਸਨ, ਇਨ੍ਹਾਂ ਕੁਰਸੀਆਂ ਦੀਆਂ ਪਿੱਠਾਂ ਬੜੀਆਂ ਉੱਚੀਆਂ ਸਨ, ਤੇ ਚੰਗਾ ਉੱਕਰਿਆ ਹੋਇਆ ਕੰਮ ਉਨ੍ਹਾਂ ਪਰ ਕੀਤਾ ਹੋਇਆ ਸੀ। ਤੇ ਪਿੱਛੇ ਦੀਵਾਰ ਉੱਪਰ ਸ਼ਾਹਨਸ਼ਾਹ ਜ਼ਾਰ ਰੂਸ ਦੀ ਅੱਧੇ ਕੂ ਕਾਮਤ ਦੀ ਵੱਡੀ ਤਸਵੀਰ ਲਟਕ ਰਹੀ ਸੀ। ਇਸ ਤਸਵੀਰ ਦੇ ਰੰਗ ਬੜੇ ਭੜਕਦੇ ਰੰਗ ਸਨ, ਤੇ ਜ਼ਾਰ ਨੇ ਆਪਣੀ ਸ਼ਾਹੀ ਵਰਦੀ ਪਾਈ ਹੋਈ ਸੀ। ਜ਼ਾਰ ਦੀ ਛਬੀ ਇਉਂ ਸੀ, ਇਕ ਕਦਮ ਅੱਗੇ ਕੁਝ ਵਧਿਆ ਹੋਇਆ ਹੈ, ਤੇ ਹੱਥ ਆਪਣੀ ਤਲਵਾਰ ਤੇ ਰੱਖਿਆ ਤਿਆਰ ਬਰ ਤਿਆਰ ਖੜਾ ਹੈ। ਤੇ ਕਮਰੇ ਦੀ ਸੱਜੀ ਨੁੱਕਰ ਵਿੱਚ ਈਸਾ ਮਸੀਹ ਦੀ ਤਸਵੀਰ ਸੀ। ਆਪਣਾ ਕੰਡਿਆਂ ਦਾ ਤਾਜ ਪਾਈ ਖੜਾ ਹੈ, ਤੇ ਉਸੇ ਪਾਸੇ ਸਰਕਾਰੀ ਵਕੀਲ ਦਾ ਡੈਸਕ ਟਿਕਾਇਆ ਹੋਇਆ ਸੀ। ਖੱਬੇ ਪਾਸੇ ਸਾਹਮਣੇ ਸਕੱਤਰ ਦਾ ਮੇਜ਼ ਸੀ, ਤੇ ਉਸ ਥੀਂ ਕੁਝ ਹੋਰ ਪਰੇ, ਪਬਲਿਕ ਵਾਲੇ ਪਾਸੇ ਇਕ ਐਕ ਦੀ ਲੱਕੜੀ ਦਾ ਜੰਗਲਾ ਸੀ। ਤੇ ਓਸ ਦੇ ਪਰੇ ਪਿੱਛੇ ਮੁਲਜ਼ਮਾਂ ਤੇ ਕੈਦੀਆਂ ਦੇ ਬਹਿਣ ਦਾ ਬੈਂਚ ਸੀ, ਜਿਹੜਾ

ਉਸ ਵੇਲੇ ਤਕ ਹਾਲੇਂ ਖਾਲੀ ਸੀ। ਇਸ ਸਬ ਸਾਮਾਨ ਦੇ ਨਾਲ ਡੈਸ ਦੇ ਸੱਜੇ ਪਾਸੇ ਉੱਚੀਆਂ ਪਿੱਠਾਂ ਵਾਲੀਆਂ ਜੂਰੀ ਲਈ ਕੁਰਸੀਆਂ ਵਿਛੀਆਂ ਪਈਆਂ ਸਨ, ਤੇ ਓਸ ਥੀਂ ਹਿਠਾਹਾਂ ਤਲੇ ਵਕੀਲਾਂ ਲਈ ਮੇਜ਼ ਧਰੇ ਸਨ । ਇਹ ਸਬ ਕੁਛ ਅਦਾਲਤ ਦੇ ਸਾਹਮਣੇ ਪਾਸੇ ਸੀ, ਤੇ ਅਦਾਲਤ ਦੀ ਪਿਛੋਕੜ ਨੂੰ ਇਕ ਜੰਗਲਾ ਇਨ੍ਹਾਂ ਥੀਂ ਅੱਡ ਕਰ ਰਿਹਾ ਸੀ।

ਪਛੋਕੜ ਵਾਲੇ ਪਾਸੇ ਗੈਲਰੀ ਦੀਆਂ ਸੀਟਾਂ ਵਾਂਗ, ਇਕ ਕਿਤਾਰ ਥੀਂ, ਉੱਪਰ ਹੋਰ ਕਿਤਾਰ ਤੇ ਉਸ ਥੀਂ ਉੱਚੀ ਹੋਰ ਕਿਤਾਰ ਕੁਰਸੀਆਂ ਦੀ ਲੱਗੀ ਪਈ ਸੀ। ਤੇ ਉਨ੍ਹਾਂ ਉੱਪਰ ਅੱਗੇ ਦੀਆਂ ਸੀਟਾਂ ਤੇ ਚਾਰ ਮਜ਼ੂਰਨਾਂ ਬੈਠੀਆਂ ਹੋਈਆਂ ਸਨ। ਇਹ ਤੀਮੀਆਂ ਯਾ ਤਾਂ ਇਨ੍ਹਾਂ ਦੀਆਂ ਨੌਕਰਾਨੀਆਂ ਸਨ, ਯਾ ਕਾਰਖਾਨਿਆਂ ਵਿੱਚ ਕੰਮ ਕਰਨ ਵਾਲੀਆਂ ਜਨਾਨੀਆਂ ਹੋਣ ਗੀਆਂ। ਉਨ੍ਹਾਂ ਪਾਸ ਹੀ ਦੋ ਦੋ ਮਜ਼ੂਰ ਮਰਦ ਵੀ ਬੈਠੇ ਸਨ, ਤੇ ਇਹ ਸਾਰੇ ਅਦਾਲਤ ਦੀ ਆਨ ਬਾਨ ਤੇ ਸ਼ਾਨ ਸ਼ੌਕਤ ਵੇਖ ਕੇ ਕੁਛ ਸਹਿਮੇ ਕੁਛ ਦੱਬੇ ਜੇਹੇ ਬੈਠੇ ਸਨ। ਤੇ ਆਪਣੇ ਆਪ ਵਿੱਚ ਸਵਾਏ ਗੋਸ਼ਿਆਂ ਦੇ ਉੱਚੀ ਗੱਲ ਕਰਨ ਦੀ ਵੀ ਦਲੇਰੀ ਨਹੀਂ ਸਨ ਕਰ ਸਕਦੇ।

ਜਦ ਜੂਰੀ ਅਦਾਲਤ ਦੇ ਕਮਰੇ ਵਿੱਚ ਆ ਬੈਠੀ, ਤਦ ਉਸ ਵੇਲੇ ਹੀ ਪਿੱਛੋਂ **ਅਸ਼ਰ** ਆਪਣੇ ਇਕ ਪਾਸੇ ਝੁਕੀ ਹੋਈ ਟੋਰ ਨਾਲ ਆਇਆ, ਤੇ ਸਾਹਮਣੇ ਪਾਸੇ ਕਦਮ ਚੱਕ ਕੇ ਉੱਚੀ ਆਵਾਜ਼ ਵਿੱਚ ਇਤਲਾਹ ਕਰਨ ਲੱਗਾ, ਜਿਵੇਂ ਓਥੇ ਬੈਠੇ ਲੋਕਾਂ ਨੂੰ ਡਰਾਉਣ ਲੱਗਾ ਹੈ—"**ਅਦਾਲਤ ਆ ਰਹੀ ਹੈ।**"

ਸਬ ਕੋਈ ਉੱਠ ਖੜਾ ਹੋਇਆ, ਤੇ ਠੀਕ ਉਸ ਵੇਲੇ ਅਦਾਲਤ ਦੇ ਮਿੰਬਰਾਂ ਨੇ ਡੈਸ ਦੇ ਪਲੇਟਫਾਰਮ ਉੱਪਰ ਐਨ ਠੀਕ ਆਣ ਕਦਮ ਰੱਖੇ । ਸਬ ਥੀਂ ਮੋਹਰੇ ਪ੍ਰਧਾਨ—ਉਹਦੀ ਬੀਬੀ ਦਾਹੜੀ ਤੇ ਤੁਲੇ ਪੱਠੇ। ਉਸਦੇ ਪਿੱਛੇ ਸਾਡਾ ਉਹ ਉਦਾਸ ਅਦਾਲਤੀ ਜਿਹੜਾ ਵਹੁਟੀ ਨਾਲ ਸਵੇਰੇ ਲੜ ਕੇ ਆਇਆ ਸੀ। ਤੇ ਹੁਣ ਅਦਾਲਤ ਵਿੱਚ ਵੜਨ ਵੇਲੇ ਓਹ ਹੋਰ ਵੀ ਨਿੰਮੋਝੂਣ ਜੇਹਾ ਸੀ, ਕਿਉਂਕਿ ਇਤਨੇ ਚਿਰ ਵਿੱਚ ਓਹਦਾ ਸਾਲਾ ਉਹਨੂੰ ਆਣ ਕੇ ਮਿਲ ਗਇਆ ਸੀ, ਤੇ ਉਹਨੂੰ ਦੱਸ ਗਇਆ ਸੀ, ਕਿ ਮੈਂ ਆਪਣੀ ਭੈਣ ਨੂੰ ਘਰ ਮਿਲਣ ਗਇਆ, ਤਾਂ ਓਹ ਬੜੀ ਹੀ ਰੰਜਸ਼ ਵਿੱਚ ਖਫਾ ਬੈਠੀ ਸੀ, ਤੇ ਇਹ ਪੱਕ ਸੀ ਕਿ ਅੱਜ ਘਰ ਕੁਛ ਰਿੰਨ੍ਹਣਾ ਪੱਕਣਾ ਨਹੀਂ ਹੋਊਗਾ । "ਸੋ ਅੱਜ ਸਾਨੂੰ ਮੇਹਰਿਆਂ ਦੀ ਦੁਕਾਨ ਦਾ ਮੂੰਹ ਵੇਖਣਾ ਪਊ" ਸਾਲੇ ਨੇ ਹੱਸ ਕੇ ਇਕ ਹੋਰ ਬੋਲ ਕੱਸ ਦਿੱਤਾ । "ਙਿਹ ਕੋਈ ਹੱਸਣ ਦੀ ਗੱਲ ਹੈ," ਇਸ ਰੁੱਖੇ ਉਦਾਸ ਮਿੰਬਰ ਨੇ ਸਾਲੇ ਨੂੰ ਕਹਿਆ ਸੀ, ਤੇ ਇਹ ਕਹਿ ਕੇ ਉਸਦੀ ਹੋਰ ਵੀ ਖਾਨਿਓਂ ਗਈ ਸੀ।

ਸਬ ਥੀਂ ਪਿੱਛੇ ਕੋਰਟ ਦਾ ਤੀਸਰਾ ਮਿੰਬਰ ਓਹੋ **ਮੈਥੀਊ ਨਿਕੀਵਿਚ** ਜਿਹੜਾ ਸਦਾ ਦੇਰ ਨਾਲ ਆਉਂਦਾ ਸੀ, ਆ ਵੜਿਆ। ਇਹ ਵੀ ਦਾਹੜੀ ਵਾਲਾ ਬੰਦਾ ਸੀ। ਇਹਦੀਆਂ ਅੱਖਾਂ ਗੋਲ ਤੇ ਨਰਮ ਤੇ ਦਯਾਵਾਨ ਸਨ। ਇਹਨੂੰ ਬਦ ਹਜ਼ਮੀ ਦੀ ਬੀਮਾਰੀ ਸੀ ਤੇ ਅੱਜ ਸਵੇਰੇ ਹੀ ਨਇਆ ਇਲਾਜ ਸ਼ੁਰੂ ਕਰਵਾਇਆ ਸੀ, ਤੇ ਇਸ ਕਰਕੇ ਆਪ ਮਾਮੂਲ ਕੋਲੋਂ ਜਿਆਦਾ ਪੱਛੜ ਕੇ ਪਹੁਤਾ ਸੀ । ਜਦ ਓਹ **ਡੈਸ** ਦੇ

ਪਲੇਟਫਾਰਮ ਉੱਪਰ ਚੜ੍ਹ ਰਹਿਆ ਸੀ, ਉਹ ਇਕ ਅਜੀਬ ਜੇਹੀ ਸੋਚ ਵਿੱਚ ਸੀ । ਉਹਦੀ ਆਦਤ ਸੀ, ਕਿ ਆਪਣੇ ਆਪ ਉੱਤੇ ਕੀਤੇ ਸਵਾਲਾਂ ਦਾ ਜਵਾਬ ਅਜੀਬ ਵਹਿਮੀ ਤ੍ਰੀਕਿਆਂ ਨਾਲ ਔਂਸੀਆਂ ਤੇ ਮਿਥਨਾਂ ਨਾਲ ਦਿੰਦਾ ਹੁੰਦਾ ਸੀ । ਉਸ ਹੁਣੇ ਹੀ ਆਪਣੇ ਮਨ ਵਿੱਚ ਇਕ ਗੱਲ ਮਿਥੀ ਸੀ ਕਿ ਕੀ ਅੱਜ ਸਵੇਰੇ ਦਾ ਇਲਾਜ ਓਹਨੂੰ ਠੀਕ ਬੈਠੂ ਕਿ ਨਹੀਂ, ਤੇ ਉਸ ਜਵਾਬ ਲਈ ਇਹ ਗੱਲ ਮਿਥੀ ਸੀ ਕਿ ਜੇ ਦਰਵਾਜੇ ਥੀਂ ਲੈ ਕੇ ਉਹਦੀ ਕੁਰਸੀ ਤਕ ਓਹਦੇ ਕਦਮ ਇਤਨੀ ਗਿਣਤੀ ਦੇ ਹੋਏ ਜਿਹੜੇ ਤਿੰਨ ਦੇ ਹਿੰਦਸੇ ਨਾਲ ਬਰਾਬਰ ਤਕਸੀਮ ਹੋ ਸੱਕਣ, ਤਾਂ ਠੀਕ ਬੈਠੂ, ਤੇ ਜੇ ਤਿੰਨ ਨਾਲ ਤਕਸੀਮ ਕੀਤਿਆਂ ਇਕ ਦਾ ਹਿੰਦਸਾ ਬਚੂ ਤਦ ਇਲਾਜ ਠੀਕ ਨਹੀਂ ਬੈਠੂਗਾ । ਓਹਦੇ ਕਦਮ ਕੁਰਸੀ ਤਕ ਪਹੁੰਚਦੇ ਕੁਲ ੨੬ ਹੋਏ ਸਨ, ਪਰ ਇਕ ਨਿੱਕਾ ਜੇਹਾ ਕਦਮ ਭਰਕੇ ਉਸਨੇ ੨੭ ਬਣਾ ਈ ਲਏ ਸਨ ।

ਪ੍ਰਧਾਨ ਤੇ ਮਿੰਬਰ ਆਪਣੀਆਂ ਸੋਨੇ ਨਾਲ ਕੱਢੇ ਕਾਲਰਾਂ ਵਾਲੀਆਂ ਬਰਦੀਆਂ ਪਾਏ ਜਦੋਂ ਆਏ ਬੜਾ ਹੀ ਰੁਹਬ ਪੈ ਗਇਆ, ਤੇ ਕਮਰੇ ਵਿੱਚ ਇਕ ਸ਼ਾਨ ਝਲਕਦੀ ਸੀ । ਤੇ ਇਨ੍ਹਾਂ ਵਰਦੀਆਂ ਦੀ ਸ਼ਾਨ ਦੇ ਤੇ ਰੁਹਬ ਦੇ ਆਪ ਵੀ ਸਾਰੇ ਮਾਨੀ ਸਨ, ਤੇ ਇਓਂ ਜਾਪਦਾ ਸੀ ਕਿ ਆਪਣੀ ਮਨੀ ਵਡਿਆਈ ਦੀ ਖੁਮਾਰੀ ਦੇ ਭਾਵ ਨਾਲ ਓਹ ਸਾਰੇ ਛੇਤੀ ਛੇਤੀ ਸਬਜ਼ ਕੱਪੜੇ ਨਾਲ ਢੱਕੇ ਮੇਜ਼ ਨਾਲ ਵਿਛੀਆਂ ਕੁਰਸੀਆਂ ਉੱਪਰ ਬੈਠਕੇ—ਮਾਨੋ ਕੁਰਸੀਆਂ ਵਿੱਚ ਹੀ ਡੁੱਬ ਗਏ । ਉਨ੍ਹਾਂ ਦੇ ਸਾਹਮਣੇ ਮੇਜ਼ ਉੱਪਰ ਇਕ ਤਿਕੋਨੀ ਢਲੀ ਧਾਤੀ ਚੀਜ ਰੱਖੀ ਸੀ, ਜਿਸ ਉੱਪਰ ਉਡਦੇ ਉਕਾਬ ਦਾ ਢਾਲਵਾਂ ਬੁੱਤ ਸੀ । ਇਹ ਇਕ ਓਹੋ

ਜੇਹੀ ਕੋਈ ਤਸ਼ਤਰੀ ਸੀ, ਜਿਸ ਦੇ ਨਾਲ ਦੀਆਂ ਵਿੱਚ ਰਿਫਰੈਸ਼ਮਿੰਟ ਰੂਮਾਂ ਵਿੱਚ ਖਾਣ ਪੀਣ ਲਈ ਮਿਠਾਈ ਦੀਆਂ ਵਨਗੀਆਂ ਧਰੀਆਂ ਹੁੰਦੀਆਂ ਹਨ। ਦਵਾਤ ਸੀ, ਕਲਮਾਂ ਸਨ, ਸਾਫ ਸੁਥਰੇ ਕਾਗਜ਼, ਤੇ ਕਈ ਕਿਸਮ ਦੀਆਂ ਹੁਣੇ ਘੜੀਆਂ ਪਿਨਸਲਾਂ ਪਈਆਂ ਸਨ।

ਸਰਕਾਰੀ ਵਕੀਲ ਜੱਜਾਂ ਨਾਲ ਹੀ ਕਮਰੇ ਵਿੱਚ ਦਾਖਲ ਹੋਇਆ ਸੀ। ਓਹੋ ਆਪਣਾ ਬਸਤਾ ਇਕ ਕੱਛ ਵਿੱਚ ਲਈ ਤੇ ਦੂਜੀ ਬਾਂਹ ਉਸੀ ਤਰ੍ਹਾਂ ਉਲਾਰਦਾ ਲਟਕਾਉਂਦਾ ਮਚਕਾਊ ਜੇਹਾ ਬਾਰੀ ਲਾਗੇ ਆਪਣੀ ਥਾਂ ਤੇ ਜਾ ਬੈਠਾ, ਤੇ ਆਪਣੀਆਂ ਮਿਸਲਾਂ ਪੜ੍ਹਨ ਦੇ ਆਹਰ ਵਿੱਚ ਲੱਗ ਪਇਆ। ਇੰਝ ਦੱਸਣ ਲੱਗਾ ਕਿ ਜਿਵੇਂ ਉਸ ਪਾਸ ਇਕ ਸੈਕੰਡ ਵੀ ਵਿਅਰਥ ਗਵਾਣ ਨੂੰ ਨਹੀਂ ਸੀ, ਸ਼ਾਯਦ ਓਹ ਆਸ ਕਰਦਾ ਸੀ ਕਿ ਜਦ ਤਕ ਅਦਾਲਤ ਦਾ ਸਾਰਾ ਸਾਮਾਨ ਤੇ ਕਾਰਵਾਈ ਆਦਿ ਦਾ ਜਮਘਟ ਤਿਆਰ ਹੁੰਦਾ ਹੈ ਉਹ ਮੁਕੱਦਮੇਂ ਦੇ ਆਹਮ ਨੁਕਤੇ ਸਮਝ ਲਵੇਗਾ ਤੇ ਤਦ ਤਕ ਤਕਰੀਰ ਲਈ ਤਿਆਰ ਹੋ ਸੱਕੇਗਾ।ਓਹ ਹੁਣੇ ਹੀ ਸਰਕਾਰੀ ਵਕੀਲ ਬਣਿਆ ਸੀ, ਮਸੇਂ ਚਾਰ ਕੁ ਮੁਕੱਦਮੇ ਕੀਤੇ ਸਨ ਸੂ, ਤੇ ਉਹ ਕਿਸੀ ਬੜੇ ਉੱਚੇ ਹੁੱਦੇ ਤੇ ਅੱਪੜਨ ਦੀਆਂ ਦਲੀਲਾਂ ਓਲੇਲਾਂ ਕਰਦਾ ਸੀ। ਤੇ ਆਪਣੇ ਇਲਮ ਤੇ ਲਿਆਕਤ ਦੀ ਇਕ ਧਾਕ ਪਾਉਣਾ ਚਾਹੁੰਦਾ ਸੀ। ਇਸ ਕਰਕੇ ਉਹਦੀ ਹਮੇਸ਼ਾ ਇਹ ਕੋਸ਼ਿਸ਼ ਹੁੰਦੀ ਸੀ, ਕਿ ਮੁਜਰਿਮ ਸਜ਼ਾ ਜਰੂਰ ਹੀ ਪਾ ਜਾਣ। ਜ਼ਹਿਰ ਦਿੱਤੇ ਜਾਣ ਵਾਲੇ ਮੁਕੱਦਮੇ ਦੀਆਂ ਮੋਟੀਆਂ ਮੋਟੀਆਂ ਗੱਲਾਂ ਉਹਨੂੰ ਯਾਦ ਸਨ, ਤੇ ਉਸ ਨੇ ਆਪਣੀ ਤਕਰੀਰ ਦਾ ਨਕਸ਼ਾ ਮਨ ਵਿੱਚ ਬਣਾ ਲਇਆ ਸੀ। ਪਰ ਤਦ ਵੀ

ਓਸਨੂੰ ਕੁਛ ਇਕ ਹੋਰ ਵਾਕਿਆਤ ਤੇ ਵਿਚਲੀਆਂ ਗੱਲਾਂ ਦੇ ਦੇਖਣ ਦੀ ਲੋੜ ਸੀ, ਤੇ ਇਹ ਉਹ ਛੇਤੀ ਛੇਤੀ ਮਿਸਲ ਵਿੱਚੋਂ ਲੱਭ ਕੇ ਨੋਟ ਕਰ ਰਹਿਆ ਸੀ।

**ਡੈਸ ਦੇ ਪਲੇਟਫਾਰਮ** ਦੇ ਸਾਹਮਣੇ ਪਾਸੇ ਸਕੱਤਰ ਬੈਠਾ ਹੋਇਆ ਸੀ, ਤੇ ਆਪਣੇ ਲੋੜਵੰਦੇ ਸਭ ਕਾਗਜ਼ ਇਕੱਠੇ ਕਰਕੇ ਉਸ ਨੂੰ ਸਮਝੋ ਰਤਾ ਕੂ ਵਿਹਲ ਮਿਲੀਸੀ। ਉਸ ਵਿਹਲੇ ਸਮੇਂ ਦੀ ਵਿੱਥ ਵਿੱਚ ਇਕ ਅਖਬਾਰ ਦਾ ਆਰਟੀਕਲ ਪੜ੍ਹ ਰਹਿਆ ਸੀ, ਜਿਹੜਾ ਸਰਕਾਰੀ **ਸੈਨਸਰ** ਨੇ ਛਾਪਣਾ ਮਨਾ ਕਰ ਦਿੱਤਾ ਹੋਇਆ ਸੀ। ਪਰ ਓਹੋ ਹੀ ਆਰਟੀਕਲ ਇਸ ਨੇ ਛਪਿਆ ਹੋਇਆ ਕਿਧਰੋਂ ਨ ਕਿਧਰੋਂ ਆਪਣੇ ਪੜ੍ਹਨ ਲਈ ਲੱਭ ਲਿਆਂਦਾ ਹੋਇਆ ਸੀ, ਤੇ ਓਹਨੂੰ ਪਹਿਲਾਂ ਵੀ ਪੜ੍ਹ ਚੁੱਕਾ ਸੀ, ਪਰ ਇਸ ਵੇਲੇ ਓਹ ਇਸ ਫਿਕਰ ਵਿਚ ਸੀ ਕਿ ਕਿਸੀ ਵੇਲੇ ਇਸ ਆਰਟੀਕਲ ਬਾਬਤ ਉਸ ਦਾਹੜੀ ਵਾਲੇ ਅਦਾਲਤ ਦੇ ਮਿੰਬਰ ਨਾਲ ਗੱਲ ਬਾਤ ਕਰੇ, ਓਹਨੂੰ ਪਤਾ ਸੀ ਕਿ ਉਹ ਇਸ ਨਾਲ ਇਨ੍ਹਾਂ ਗੱਲਾਂ ਵਿਚ ਸਹਿਮਤ ਹੈ। ਪਰ ਗੱਲਾਂ ਕਰਨ ਥੀਂ ਪਹਿਲਾਂ ਉਹ ਇਸ ਲੇਖ ਨੂੰ ਇਕ ਵੇਰੀ ਮੁੜ ਆਪ ਪੜ੍ਹਨਾ ਚਾਹੁੰਦਾ ਸੀ।

## ਕਾਂਡ ੯

ਪ੍ਰਧਾਨ ਨੇ ਅੱਗੇ ਧਰੇ ਕਾਗਜ ਪਰਤਾ ਪਰਤੂ ਕੇ ਤੱਕੇ, ਤੇ **ਅਸ਼ਰ ਤੇ ਸਕੱਤਰ** ਦੋਹਾਂ ਉੱਪਰ ਕੁਛ ਪ੍ਰਸ਼ਨ ਕੀਤੇ, ਤੇ ਜਦ ਉਨ੍ਹਾਂ ਦੋਹਾਂ ਨੇ ਆਪਣੇ ਜਵਾਬ ਹਾਂ ਵਿਚ ਦਿਤੇ ਤਦ ਉਸ ਨੇ ਹੁਕਮ ਦਿੱਤਾ ਕਿ ਮੁਲਜ਼ਿਮਾਂ ਨੂੰ ਅੰਦਰ ਲਿਆਂਦਾ ਜਾਏ ।

ਜੰਗਲੇ ਦੇ ਪਿੱਛੇ ਦਰਵਾਜ਼ਾ ਚੁਪਾਟ ਖੁੱਲ੍ਹਿਆ ਤੇ ਓਸੀ ਛਿਨ ਨੰਗੀਆਂ ਤਲਵਾਰਾਂ ਸੂਤੀਆਂ ਹੋਈਆਂ ਤੇ ਸਿਰਾਂ ਉੱਪਰ ਟੋਪੀਆਂ ਵਾਲੇ ਦੋ ਸਿਪਾਹੀ ਅੰਦਰ ਆਏ ਤੇ ਉਨ੍ਹਾਂ ਦੇ ਮਗਰ ਕੈਦੀ ਅੰਦਰ ਵੜੇ, ਇਕ ਲਾਲ ਵਾਲਾਂ ਵਾਲਾ ਮਾਤਾ ਦਾ ਦਾਗਿਆ ਮਰਦ ਤੇ ਦੋ ਤੀਮੀਆਂ ਸਨ । ਮਰਦ ਨੇ ਜੇਲ੍ਹ ਖਾਨੇ ਦਾ ਲੰਮਾਂ ਕੋਟ ਪਾਇਆ ਹੋਇਆ ਸੀ ਜਿਹੜਾ ਓਸ ਲਈ ਨ ਸਿਰਫ ਬਹੁਤ ਹੀ ਲੰਮਾ ਸੀ ਬਲਕਿ ਬੇਥਵਾ ਖੁੱਲ੍ਹਾ ਵੀ ਸੀ । ਓਸ ਕੈਦੀ ਨੇ ਆਪਣੇ ਦੋਵੇਂ ਅੰਗੂਠੇ ਬਾਹਰ ਕੱਢ ਕੇ ਤੇ ਆਪਣੀਆਂ ਦੋਹਾਂ ਬਾਹਾਂ ਨੂੰ ਆਪਣਿਆਂ ਪਾਸਿਆਂ ਨਾਲ ਘੁੱਟ ਕੇ ਤੇ ਦਬਾ ਕੇ ਆਪਣੇ ਹੱਥਾਂ ਦੇ ਅੱਗੇ ਖਿਸਕ ਜਾਣ ਥੀਂ ਰੋਕ ਰਖਿਆ ਹੋਇਆ ਸੀ । ਓਸ ਨ ਤਾਂ ਜੱਜਾਂ ਵਲ ਤੱਕਿਆ, ਨ ਅੱਗੇ ਪਿੱਛੇ ਕਿਧਰੇ ਹੋਰ ਦੇ ਤੱਕਿਆ । ਆਪਣੀ ਸੇਧ ਵਿਚ ਪਏ ਬੈਂਚ ਵਲ ਹੀ ਤੱਕਦਾ ਰਹਿਆ ਤੇ ਅਗੇ ਵਧ ਕੇ ਬੈਂਚ ਦੇ ਪਰਲੇ ਐਨ ਸਿਰੇ ਦੀ ਥਾਂ ਤੇ ਜਾ ਕੇ ਬਹਿ ਗਇਆ, ਤੇ ਇਉਂ ਸੁਕੜ ਕੇ ਬੈਠਾ ਕਿ ਹੋਰਨਾਂ ਲਈ ਥਾਂ ਕਾਫੀ ਛੱਡ ਦਿਤੀ । ਫਿਰ ਅੱਖਾਂ ਗੱਡ ਕੇ ਪ੍ਰਧਾਨ ਵਲ

ਵਿਹਣ ਲਗ ਪਇਆ । ਤੇ ਆਪਣੀਆਂ ਖਾਖਾਂ ਦੇ ਪੱਠੇ ਇਸ ਤਰਾਂ ਹਿਲਾਣ ਲਗ ਪਇਆ ਜਿਵੇਂ ਕਿਸੇ ਨਾਲ ਗੋਸ਼ੇ ਕਰ ਰਿਹਾ ਹੁੰਦਾ ਹੋਵੇ । ਤੀਵੀਂ ਜਿਹੜੀ ਓਹਦੇ ਮਗਰੋਂ ਆਈ ਓਹ ਵੀ ਉਸੀ ਤਰਾਂ ਦੇ ਕੈਦੀਆਂ ਦੇ ਕੋਟ ਵਿਚ ਸੀ ਤੇ ਓਸ ਆਪਣੇ ਸਿਰ ਉੱਤੇ ਰੁਮਾਲ ਬੱਧਾ ਹੋਇਆ ਸੀ, ਕੁਛ ਵਡੇਰੀ ਉਮਰ ਦੀ ਜਨਾਨੀ ਸੀ, ਓਹਦਾ ਚਿਹਰਾ ਪੀਲਾ ਸੀ ਤੇ ਬਹੁਤ ਉਤਰਿਆ ਹੋਇਆ ਸੀ । ਓਹਦੇ ਭਰਵੱਟੇ ਤੇ ਪਲਕਾਂ ਦੇ ਵਾਲ ਸਨ ਹੀ ਨਹੀਂ । ਅੱਖਾਂ ਲਾਲ ਸਨ, ਓਹ ਪੂਰੇ ਤੌਰ ਤੇ ਸ਼ਾਂਤੀ ਵਿਚ ਸੀ । ਲੰਘਦਿਆਂ ਓਹਦਾ ਕੋਟ ਕਿਸੀ ਚੀਜ਼ ਨਾਲ ਅੜ ਗਇਆ ਸੀ, ਤੇ ਸਹਜੇ ਹੀ ਓਸਨੂੰ ਓਥੋਂ ਛੁੜਾ ਕੇ ਓਹ ਵੀ ਬੈਂਚ ਤੇ ਬਹਿ ਗਈ ।

ਤੀਸਰਾ ਕੈਦੀ **ਮਸਲੋਵਾ** ਸੀ ।

ਜਿਵੇਂ ਹੀ ਓਹ ਅਦਾਲਤ ਦੇ ਕਮਰੇ ਵਿਚ ਆਣ ਹੀ ਵੜੀ ਸੀ, ਸਭ ਦੀਆਂ ਅੱਖਾਂ ਓਸ ਵੱਲ ਮੁੜ ਪਈਆਂ ਤੇ ਓਹਦੇ ਸੋਹਣੇ ਗੋਰੇ ਚਿਹਰੇ ਵਿਚ ਬਸ ਗੱਡੀਆਂ ਹੀ ਗਈਆਂ ਤੇ ਵੇਖ ਕੀ ਰਹੇ ਹਨ ! ਓਹ ਓਹਦੀਆਂ ਸ਼ੋਖ ਬਲਦੀਆਂ ਕਾਲੀਆਂ ਅੱਖਾਂ ਤੇ ਓਹ ਜੇਲ੍ਹ ਖਾਨੇ ਦੇ ਭੈੜੇ ਕੋਟ ਵਿਚ ਦੀ ਵੀ ਉਛਲ ਰਹੀ ਛਾਤੀ, ਓਹਦਾ ਭਰਿਆ ਜੋਬਨ । ਹੋਰ ਤੇ ਹੋਰ ਓਹ ਸਿਪਾਹੀ ਵੀ, ਜਿਸ ਪਾਸੋਂ ਲੰਘ ਕੇ ਓਹ ਬੈਂਚ ਉਪਰ ਬਹਿਣ ਆਈ ਸੀ, ਟੱਕ ਬੰਨ ਕੇ ਓਸ ਵਲ ਤੱਕਣ ਲੱਗ ਗਇਆ, ਮਾਨੋਂ ਬੁੱਤ ਹੋ ਗਿਆ ਹੈ, ਤੇ ਵੇਂਹਦਾ ਹੀ ਰਹਿਆ ਜਦ ਤਕ ਓਹ ਬਹਿ ਨਹੀਂ ਸੀ ਗਈ, ਤੇ ਫਿਰ ਇਉਂ ਜਿਵੇਂ ਓਸਨੂੰ ਝਟਾ ਪੱਟ ਹੋਸ਼ ਆਈ ਕਿ ਓਸ ਇਹ ਮਾੜੀ ਗੱਲ ਕੀਤੀ ਹੈ ਛੇਤੀ ਦੇ ਕੇ ਆਪਣੀਆਂ ਅੱਖਾਂ ਮੋੜ ਕੇ ਤੇ ਆਪਣੇ ਆਪ ਨੂੰ ਜਰਾ

ਹਿਲੂਣ ਕੇ ਓਹ ਆਪਣੇ ਸਾਹਮਣੇ ਦੀ ਖਿੜਕੀ ਵਲ ਤੱਕਣ ਲਗ ਗਇਆ।

ਜਦ ਤਕ ਸਾਰੇ ਕੈਦੀ ਥਾਂ ਥਾਂ ਤੇ ਬਹਿ ਨਹੀਂ ਸਨ ਗਏ, ਪ੍ਰਧਾਨ ਠਹਿਰਿਆ ਰਹਿਆ। ਹੁਣ ਜਦ ਮਸਲੋਵਾ ਵੀ ਬਹਿ ਗਈ ਤਦ ਓਹ ਸਕੱਤਰ ਨੂੰ ਮੁਖਾਤਿਬ ਕਰਕੇ ਬੋਲਿਆ ਤੇ ਸਾਧਾਰਨ ਅਦਾਲਤ ਦੀ ਕਾਰਵਾਈ ਆਰੰਭ ਹੋਈ। ਜੂਰੀ ਦੇ ਮੈਂਬਰਾਂ ਦੀ ਮੁੜ ਗਿਣਤੀ ਹੋਈ। ਜਿਹੜੇ ਨਹੀਂ ਸਨ ਆਏ ਓਨ੍ਹਾਂ ਉੱਪਰ ਰੀਮਾਰਕ ਦਿੱਤੇ ਗਏ ਕਿ ਓਨ੍ਹਾਂ ਪਾਸੋਂ ਕਿੰਨਾ ਕਿੰਨਾ ਹਰਜਾਨਾ ਆਦਿ ਵਸੂਲ ਕਰਨਾ ਹੈ। ਤੇ ਜਿਨ੍ਹਾਂ ਆਪਣੀ ਗੈਰ ਹਾਜ਼ਰੀ ਦੀ ਮਜਬੂਰੀ ਦਸ ਕੇ ਅਰਜ਼ੀਆਂ ਘੱਲੀਆਂ ਹੋਈਆਂ ਸਨ ਕਿ ਓਹ ਕਿਸ ਕਿਸ ਕਾਰਨ ਕਰਕੇ ਹਾਜ਼ਰ ਨਹੀਂ ਹੋ ਸਕੇ ਸਨ ਉਨ੍ਹਾਂ ਦੀਆਂ ਅਰਜ਼ੀਆਂ ਨੂੰ ਮਨਜ਼ੂਰ ਯਾ ਨਾ ਮਨਜ਼ੂਰ ਕੀਤਾ ਗਇਆ, ਤੇ ਆਖ਼ਰ ਜੂਰੀ ਦੇ ਮੈਂਬਰਾਂ ਦੇ ਘਟ ਵਧ ਜਾਣ ਦੀ ਹਾਲਤ ਵਿਚ ਕੋਈ ਐਸੇ ਵਾਧੂ ਮੈਂਬਰ ਤਜਵੀਜ਼ ਕਰ ਰੱਖਣੇ, ਜਿਹੜੇ ਵੇਲੇ ਸਿਰ ਉਨ੍ਹਾਂ ਦੀ ਥਾਂ ਕੰਮ ਦੇ ਸੱਕਣ।

ਕੁਛ ਇਕ ਕਾਗਤਾਂ ਦੇ ਟੁਕੜੇ ਠੱਪ ਠਪਾ ਕੇ ਉੱਥੇ ਪਏ ਗਲਾਸ ਦੇ ਫੂਲਦਾਨਾਂ ਵਿੱਚੋਂ ਇਕ ਵਿਚ ਟੰਗ ਕੇ ਸਾਂਭ ਦਿੱਤੇ। ਪ੍ਰਧਾਨ ਸਾਹਿਬ ਨੇ ਆਪਣੀ ਕਮੀਜ਼ ਦੀਆਂ ਸੋਨੇ ਦੇ ਬਟਨਾਂ ਵਾਲੀਆਂ ਕਫਾਂ ਉੱਪਰ ਵਲ ਛੁੰਗੀਆਂ ਤੇ ਆਪਣੀਆਂ ਵਾਲਾਂ ਭਰੀਆਂ ਦੋਵੇਂ ਮਲੂਕ ਬੀਣੀਆਂ ਨੰਗੀਆਂ ਕੀਤੀਆਂ, ਤੇ ਜਿਵੇਂ ਇਕ ਖੇਲ ਕਰਨ ਵਾਲਾ ਜਾਦੂਗਰ ਆਪਣੇ ਹੱਥ ਉੱਚੇ ਕਰ ਤਾਸ਼ ਦੇ ਪੱਤੇ ਰਲਾਂਦਾ ਤੇ ਕੱਢਦਾ ਹੈ, ਉਸੀ ਤਰਾਂ ਪ੍ਰਧਾਨ ਨੇ ਪਰਚੀਆਂ ਜੇਹੀਆਂ ਪਾਈਆਂ, ਵਤ

ਖੋਹਲ ਖੋਹਲ ਕੱਢੀਆਂ ਤੇ ਮੁੜ ਆਪਣੀਆਂ ਕਫਾਂ ਤਲੇ ਕਰਕੇ ਪਾਦਰੀ ਨੂੰ ਕਹਿਆ ਕਿ ਹਾਂ ਹੁਣ ਜੂਰੀ ਦੇ ਮੈਂਬਰਾਂ ਨੂੰ ਸੌਹਾਂ ਸੁਗੰਧਾਂ ਦੇਵੇ।

ਪਾਦਰੀ ਸਾਹਿਬ ਹੋਰੀ ਆਏ, ਜੀ ਆਇਆਂ ਨੂੰ। ਬੁੱਢਾ ਠੇਰਾ ਪਾਦਰੀ, ਫੁੱਲਿਆ ਸੁੱਜਿਆ ਚਿਹਰਾ, ਰੰਗ ਪੀਲਾ ਭੂਕ, ਭੂਰੇ ਰੰਗ ਦਾ ਲੰਮਾ ਚੋਲਾ, ਸੋਨੇ ਦੀ ਸਲੀਬ ਲਟਕਾਈ ਹੋਈ, ਤੇ ਕੋਈ ਇਕ ਤਮਗ਼ਾ ਵੀ ਸਜਾਇਆ ਹੋਇਆ, ਆਪਣੇ ਲੰਮੇ ਚੋਲੇ ਵਿਚ ਦੀ ਮੁਸ਼ਕਲ ਨਾਲ ਆਪਣੀਆਂ ਜੰਘਾਂ ਨੂੰ ਟੋਰਦਾ ਓਸ ਨਿੱਕੀ ਜੇਹੀ ਈਸਾ ਦੀ ਪ੍ਰਤਿਮਾ, ਜਿਹੜੀ ਇਕ ਪਾਸੇ ਅਦਾਲਤਾਂ ਵਿਚ ਨਿੱਕੇ ਮੰਦਰ ਜੇਹੇ ਰੂਪ ਵਿਚ ਸਥਾਪਨ ਕੀਤੀ ਹੁੰਦੀ ਹੈ, ਵਲ ਗਇਆ। ਜੂਰੀ ਦੇ ਸਾਰੇ ਮੈਂਬਰ ਉੱਠੇ ਤੇ ਓਹ ਵੀ ਉਸ ਪ੍ਰਤਿਮਾ ਪਾਸ ਜਾ ਇਕੱਠੇ ਹੋਏ।

"ਮਿਹਰਬਾਨੀ ਕਰਕੇ ਨੇੜੇ ਆਓ", ਪਾਦਰੀ ਨੇ ਅਵਾਜ਼ ਦਿੱਤੀ ਤੇ ਸੋਨੇ ਦੀ ਸਲੀਬ ਨੂੰ ਆਪਣੇ ਸੁੱਜੇ ਜੇਹੇ ਹੱਥ ਨਾਲ ਖਿੱਚ ਕੇ ਆਪਣੀ ਛਾਤੀ ਤੇ ਧਰਿਆ, ਤੇ ਉਡੀਕਣ ਲੱਗਾ ਕਿ ਸਾਰੇ ਆ ਲਵਣ।

ਇਹ ਪਾਦਰੀ ਕੋਈ ੪੬ ਸਾਲ ਥੀਂ ਲਗਾਤਾਰ ਬਸ ਇਹੋ ਕੰਮ ਕਰਦਾ ਚਲਾ ਆਇਆ ਸੀ ਤੇ ਹੁਣ ਓਹ ਇਸ ਆਉਣ ਵਾਲੀ ਖੁਸ਼ੀ ਦੀ ਉਡੀਕ ਵਿਚ ਸੀ ਕਿ ਹੋਰ ਤਿੰਨ ਸਾਲਾਂ ਨੂੰ ਓਹ ਵੀ ਆਪਣੀ **ਜੂਬਲੀ** ਮਨਾਵੇਗਾ ਜਿਵੇਂ ਥੋੜਾ ਚਿਰ ਹੀ ਹੋਇਆ ਸੀ ਓਹਦੇ ਲਾਟ ਪਾਦਰੀ ਨੇ ਆਪਣੀ ਮਨਾਈ ਸੀ। ਜਦ ਦੀ ਇਹ ਫੌਜਦਾਰੀ ਕਚਹਿਰੀ ਖੁਲ੍ਹੀ ਸੀ ਤਦ ਦਾ

ਹੀ ਓਹ ਇੱਥੇ ਕੰਮ ਕਰਦਾ ਸੀ ਤੇ ਓਹਨੂੰ ਇਸ ਗੱਲ ਦਾ ਮਾਨ ਸੀ ਕਿ ਓਸਨੇ ਇਸ ਤਰਾਂ ਹਜਾਰਾਂ ਹੀ ਲੋਕਾਂ ਨੂੰ ਇਉਂ ਸੁਗੰਧ ਦਿੱਤੀ ਹੈ ਤੇ ਇੰਨੀ ਬ੍ਰਿਧ ਅਵਸਥਾ ਨੂੰ ਪਹੁੰਚ ਕੇ ਵੀ ਓਹ ਆਪਣੇ **ਗਿਰਜੇਈ** ਧਰਮ ਤੇ ਆਪਣੇ ਮੁਲਕ ਦੀ ਸੇਵਾ ਨਿਬਾਹ ਰਹਿਆ ਹੈ ਤੇ ਨਾਲੇ ਆਪਣੇ ਟੱਬਰ ਦੀ ਪਾਲਣਾ ਕਰ ਰਹਿਆ ਹੈ, ਤੇ ਉਹਨੂੰ ਨਾਲ ਲਗਦੇ ਇਹ ਵੀ ਆਸ ਸੀ ਕਿ ਇਸੀ ਕੰਮ ਦੀ ਬਰਕਤ ਨਾਲ ਓਨ੍ਹਾਂ ਲਈ ਕੁਛ ਪੂੰਜੀ ਵੀ ਵਿਰਸੇ ਵਿਚ ਛਡ ਜਾਏਗਾ । ਇਸ ਪਾਸ ਸੂਦ ਤੇ ਚੜ੍ਹੀ ਨਕਦੀ ਬੈਂਕਾਂ ਵਿਚ ੩੦੦੦੦) ਰੂਬਲ ਸਨ ਤੇ ਓਹਦੇ ਚਿਤ ਵਿਚ ਕਦੀ ਇਹ ਗਲ ਉੱਕੀ ਨਹੀਂ ਆਈ ਸੀ ਕਿ ਇਸ ਤਰਾਂ ਲੋਕਾਂ ਨੂੰ ਸੌਂਹਾਂ ਦੇਣਾ, ਜਿਨ੍ਹਾਂ ਲਈ ਈਸਾ ਦੀ ਅੰਜੀਲ ਵਿਚ ਸਖਤ ਮਨਾਹੀ ਹੈ, ਇਕ ਬੜਾ ਹੀ ਮਾੜਾ ਰੋਟੀ ਕਮਾਣ ਦਾ ਤ੍ਰੀਕਾ ਹੈ। ਇਸ ਗੱਲ ਦੀ ਓਹਨੂੰ ਕਦੀ ਕਾਈ ਪੀੜ ਹੀ ਨਹੀਂ ਸੀ ਹੋਈ, ਸਗੋਂ ਓਹਨੂੰ ਇਹ ਘਰੋਗੀ ਜੇਹਾ ਕੰਮ ਚੰਗਾ ਲਗਦਾ ਸੀ ਤੇ ਇਸ ਕਰਕੇ ਕਈ ਇਕ ਸ਼ਰੀਫਾਂ ਤੇ ਰਈਸਾਂ ਨਾਲ ਮੁਲਾਕਾਤਾਂ ਵਾਕਫ਼ੀਅਤਾਂ ਹੋ ਜਾਂਦੀਆਂ ਸਨ, ਤੇ ਅੱਜ ਜਿਹੜੀ ਵਾਕਫੀਅਤ ਓਹਦੀ ਓਸ ਫ਼ਿਤਨੇ ਵਕੀਲ ਨਾਲ ਹੋਈ ਸੀ ਓਹ ਓਹਨੂੰ ਬਿਨਾਂ ਅੰਦਰ ਗੁਦਗਦੀ ਦੇਣ ਦੇ ਤਾਂ ਨਹੀਂ ਸੀ ਹੋਈ। ਓਸ ਲਈ ਉਸਦੇ ਅੰਦਰ ਇਕ ਬੜੇ ਅਦਬ ਦੇ ਭਾਵ ਆਏ ਸਨ ਕਿ ਕਿੰਨਾ ਲਾਇਕ ਹੈ ਜਿਸ ੧੦੦੦੦) ਰੂਬਲ ਇਕ ਮੁਕੱ-ਦਮੇਂ ਵਿਚ ਖੱਟਿਆ ਤੇ ਉਸ ਬੁਢੀ ਜਨਾਨੀ, ਜਿਹਦੀ ਟੋਪੀ ਵਿਚ ਵਡੇ ਵਡੇ ਫੁਲ ਲਗੇ ਸਨ, ਦੇ ਬਰਖ਼ਲਾਫ ਮੁਕੱਦਮਾਂ ਜਿਤਿਆ ਸੀ, ਬੱਲੇ ਓ ਪਾਦਰੀਆ !

ਜਦ ਓਹ ਸਾਰੇ ਪਲੈਟਫਾਰਮ ਦੀਆਂ ਪਉੜੀਆਂ ਚੜ੍ਹਕੇ ਉੱਪਰ ਆ ਗਏ, ਪਾਦਰੀ ਨੇ ਆਪਣਾ ਗੰਜਾ ਚਿੱਟਾ ਸਿਰ ਓਸ ਕਾਲੇ ਰੇਸ਼ਮੀ ਚੋਗ਼ੇ ਦੀ ਥਿੰਧੀ ਥਿੰਧਾਰ ਮੋਰੀ ਜੇਹੀ ਵਿਚੋਂ ਬਾਹਰ ਕੱਢਿਆ ਤੇ ਆਪਣੇ ਪਤਲੇ ਪਏ ਵਾਲਾਂ ਨੂੰ ਮੁੜ ਇਕ ਵੇਰੀ ਹੱਥ ਫੇਰ ਕੇ ਸਵਾਰ ਕੇ ਉਹ ਜੂਰੀ ਵਲ ਮੁਖਾਤਿਬ ਹੋਇਆ, "ਹੁਣ ਆਪਣੇ ਸੱਜੇ ਹੱਥ ਇਉਂ ਮੇਰੇ ਵਾਂਗ ਖੜੇ ਕਰੋ, ਤੇ ਆਪਣੀਆਂ ਉਂਗਲਾਂ ਇਉਂ ਮੇਰੇ ਵਾਂਗ ਕੱਠੀਆਂ ਕਰੋ"–ਇਹ ਆਪਣੀ ਕੰਬ ਰਹੀ ਆਵਾਜ਼ ਵਿਚ ਕਹਿ ਕੇ ਓਸ ਆਪਣਾ ਮੋਟਾ ਭੜੋਲਾ ਹੋਇਆ ਝੁਰਲੀਆਂ ਪਈਆਂ ਹੱਥ ਉੱਚਾ ਕੀਤਾ ਤੇ ਆਪਣਾ ਅੰਗੂਠਾ ਤੇ ਦੋ ਪਹਿਲੀਆਂ ਉਂਗਲਾਂ ਇਉਂ ਜੋੜੀਆਂ ਜਿਵੇਂ ਕੋਈ ਚੁਟਕੀ ਭਰਨ ਲੱਗਦਾ ਹੈ। "ਹਾਂ ਹੁਣ ਮੇਰੇ ਮਗਰ ਮਗਰ ਇਹ ਲਫਜ਼ ਦੁਹਰਾਈ ਜਾਵੋ"- "ਮੈਂ ਸਰਬ ਸ਼ਕਤੀਮਾਨ ਰੱਬ ਦੀ ਸੌਂਹ ਖਾ ਕੇ ਤੇ ਆਪਣੇ ਮਾਲਕ ਦੀ ਪਾਕ ਅੰਜੀਲ ਦੀ ਸੌਂਹ ਖਾ ਕੇ ਤੇ ਇਸ ਸਲੀਬ ਦੀ ਸੌਂਹ ਖਾ ਕੇ ਇਕਰਾਰ ਕਰਦਾ ਹਾਂ ਕਿ ਇਸ ਕੰਮ ਵਿਚ", ਓਹ ਕਹਿੰਦਾ ਇਉਂ ਸੀ ਕਿ ਹਰ ਇਕ ਲਫਜ਼ ਕਹਿਣ ਦੇ ਬਾਹਦ ਕੁਛ ਠਹਿਰ ਜਾਂਦਾ ਸੀ, (ਨਾਲੇ ਕਵਾਇਦ ਠੀਕ ਕਰਵਾਣ ਲਈ ਕਿਸੀ ਕਿਸੀ ਨੂੰ ਕਹੀ ਜਾਂਦਾ ਸੀ)–'ਭਾਈ, ਆਪਣੀ ਬਾਂਹ ਤਲੇ ਨ ਕਰ, ਇਉਂ ਸਿਧੀ ਉੱਚੀ ਰਖ", ਤੇ ਓਸ ਨੇ ਲੱਗਦੇ ਹੀ ਇਕ ਨੌਜਵਾਨ ਆਦਮੀ ਨੂੰ ਜਿਸ ਨੇ ਬਾਂਹ ਤਲੇ ਕਰ ਛੱਡੀ ਸੀ ਝਾੜਿਆ ਵੀ–"ਕਿ ਇਸ ਕੰਮ ਵਿਚ ਜਿਹੜਾ......"।

ਓਸ ਪੁਰ ਰੋਹਬ ਦਾਹੜੀ ਵਾਲੇ ਆਦਮੀ, ਕਰਨੈਲ ਤੇ ਸੌਦਾਗਰ ਤੇ ਕੇਈ ਹੋਰਾਂ ਨੇ ਆਪਣੀਆਂ ਬਾਹਾਂ ਤੇ

ਉਂਗਲਾਂ ਠੀਕ ਉਸੀ ਤਰਾਂ ਰੱਖੀ ਰਖੀਆਂ ਜਿਵੇਂ ਪਾਦਰੀ ਨੇ ਕਹਿਆ ਸੀ, ਜਿਵੇਂ ਓਹ ਇਸ ਕਵਾਇਦ ਕਰਨ ਦੇ ਸ਼ਾਇਕ ਹੀ ਸਨ, ਪਰ ਹੋਰਨਾਂ ਨੇ ਇਹ ਕਵਾਇਦ ਬੇਪਰ-ਵਾਹੀ ਤੇ ਬਿਨਾਂ ਰਜ਼ਾਮੰਦੀ ਦੇ ਕੀਤੀ। ਕਈਆਂ ਨੇ ਤਾਂ ਓਹ ਲਫਜ਼ ਬੜੀ ਉੱਚੀ ਗੁਸਤਾਖ਼ੀ ਜੇਹੀ ਦੀ ਸੁਰ ਨਾਲ ਉਚਾਰੇ। ਬਾਜ਼ਿਆਂ ਨੇ ਤਾਂ ਮੁਕਾਬਲਾ ਜੇਹਾ ਕਰਨ ਦੀ ਤਬੀਅਤ ਨਾਲ ਬੋਲੇ ਜਿਵੇਂ ਓਨ੍ਹਾਂ ਦੇ ਮਨ ਵਿਚ ਇਹ ਗੱਲ ਆਈ ਸੀ ਕਿ ਆਹ ਲੌ ਜੇ ਤੁਸਾਂ ਇਹ ਬੋਲ ਬੁਲਾਣੇ ਹੀ ਹਨ ਤਦ ਅਸੀਂ ਬੋਲ ਦਿੰਦੇ ਹਾਂ। ਹੋਰਨਾਂ ਨੇ ਬੜੀ ਹੀ ਨੀਵੀਂ ਆਵਾਜ਼ ਤਕਰੀਬਨ ਗੋਸ਼ੇ ਵਾਂਗ ਦੁਹਰਾਏ ਤੇ ਫਿਰ ਜਿਵੇਂ ਡਰ ਗਏ, ਪਾਦਰੀ ਦੇ ਲਫਜ਼ਾਂ ਨੂੰ ਛੇਤੀ ਛੇਤੀ ਫੜਨ ਦੀ ਕੀਤੀ, ਬਾਜ਼ਿਆਂ ਤਾਂ ਆਪਣੀਆਂ ਚੁਟਕੀਆਂ ਘੁੱਟ ਕੇ ਰਖੀਆਂ ਜਿਵੇਂ ਕੋਈ ਨ ਦਿੱਸਦੀ ਚੀਜ ਓਨ੍ਹਾਂ ਉਂਗਲਾਂ ਵਿਚ ਓਵੇਂ ਫੜੀ ਹੋਈ ਹੈ ਤੇ ਢਿੱਲਾ ਕਰਨ ਨਾਲ ਓਹ ਤਲੇ ਢਹਿ ਪਵੇਗੀ। ਦੂਜੇ ਹੋਰ ਕਦੀ ਖੋਲ੍ਹਦੇ ਤੇ ਕਦੀ ਚੁਟਕੀ ਮਾਰ ਲੈਂਦੇ ਸਨ। ਇਕ ਪਾਦਰੀ ਦੇ ਸਵਾਏ ਸਾਰਿਆਂ ਨੂੰ ਇਹ ਕਵਾਇਦ ਕਰਨ ਵਿਚ ਅਲਖਤ ਜੇਹੀ ਆਈ ਸੀ ਪਰ ਪਾਦਰੀ ਆਪਣੇ ਮਨ ਵਿਚ ਨਿਸਚਿੰਤ ਸੀ ਕਿ ਓਹ ਇਕ ਬੜਾ ਹੀ ਜ਼ਰੂਰੀ ਤੇ ਲੋੜਵੰਦਾ ਕੰਮ ਕਰ ਰਹਿਆ ਹੈ।

ਸੌਂਹ ਖਵਾਣ ਦੀ ਰਸਮ ਪੂਰੀ ਹੋ ਜਾਨ ਮਗਰੋਂ ਪ੍ਰਧਾਨ ਨੇ **ਜੂਰੀ** ਨੂੰ ਕਹਿਆ ਕਿ ਹੁਣ ਓਹ ਕੋਈ ਆਪਣਾ **ਫੋਰ-ਮੈਨ** ਚੁਣ ਲੈਣ। ਜੂਰੀ ਓਹ ਹੁਕਮ ਲੈਕੇ ਅਦਾਲਤ ਥੀਂ ਬਾਹਰ ਆਪਣੇ ਬਹਸ ਕਰਨ ਵਾਲੇ ਕਮਰੇ ਵਿਚ ਤੁਰ ਗਈ।

ਓਥੇ ਜਾਕੇ ਸਾਰਿਆਂ ਨੇ ਆਪਣੀਆਂ ਸਿਗਰਟਾਂ ਦੀਆਂ ਡੱਬੀਆਂ ਖੋਲ੍ਹੀਆਂ, ਸਿਗਰਟ ਕੱਢੇ ਤੇ ਪੀਣ ਲੱਗ ਪਏ। ਇਕ ਨੇ ਓਸ ਪੁਰ ਰੋਹਬ ਆਦਮੀ ਨੂੰ **ਫੋਰਮੈਨ** ਚੁਣਨ ਦੀ ਤਜਵੀਜ਼ ਕੀਤੀ ਤੇ ਹੋਰਨਾਂ ਸਾਰਿਆਂ ਹਾਂ ਜੀ ਹਾਂ ਜੀ ਕਰ ਦਿਤੀ ਅਤੇ ਓਹਨੂੰ ਇਸ ਪਦਵੀ ਤੇ ਥਾਪ ਦਿੱਤਾ। ਆਪਣੀਆਂ ਸਿਗਰਟਾਂ ਸਭ ਨੇ ਬੁਝਾਈਆਂ ਤੇ ਸੁਟ ਪਾਈਆਂ। ਮੁੜ ਸਾਰੇ ਅਦਾਲਤ ਦੇ ਕਮਰੇ ਵਿਚ ਚਲੇ ਗਏ, ਓਸ ਪੁਰ ਰੋਹਬ ਆਦਮੀ ਨੇ ਪ੍ਰਧਾਨ ਨੂੰ ਇਤਲਾਹ ਦਿਤੀ, ਕਿ ਓਹ **ਫੋਰਮੈਨ** ਚੁਣਿਆ ਗਇਆ ਹੈ, ਤੇ ਸਾਰੇ ਫਿਰ ਓਨ੍ਹਾਂ ਬੜੀਆਂ ਉਚੀਆਂ ਪਿਠਾਂ ਵਾਲੀਆਂ ਕੁਰਸੀਆਂ ਤੇ ਸਜ ਗਏ।

ਕਾਰਵਾਈ ਦੀ ਹਰ ਗੱਲ ਬੇਰੋਕ ਟੋਕ ਤੁਰੀ ਜਾਂਦੀ ਸੀ, ਤੇ ਹਰ ਇਕ ਕੀਤੇ ਕੰਮ ਤੇ ਚੁੱਕੇ ਕਦਮ ਵਿਚ ਪ੍ਰਭਾਵ ਵਾਲੀ ਸੰਜੀਦਗੀ ਸੀ ਤੇ ਹਰ ਇਕ ਗਲ ਦਾ ਇਹ ਠੀਕ ਠੀਕ ਸਹੀ ਹੋਣਾ, ਨਫੀਸ ਤਰਤੀਬ, ਤੇ ਅਦਾਲਤ ਦੇ ਕਮਰੇ ਦੀ ਪੂਰੀ ਸੰਜੀਦਗੀ ਸਭ ਨੂੰ ਜਿਹੜੇ ੨ ਇਸ ਕੰਮ ਵਿਚ ਹਿੱਸਾ ਲੈ ਰਹੇ ਸਨ ਚੰਗੀ ਲਗ ਰਹੀ ਸੀ, ਤੇ ਇਸ ਕਰਕੇ ਵੀ ਓਨ੍ਹਾਂ ਦੇ ਅੰਦਰ ਦੇ ਓਸ ਨਿਹਚੇ ਨੂੰ ਤਾਕਤ ਮਿਲ ਰਹੀ ਸੀ ਕਿ ਓਹ ਦਰ ਹਕੀਕਤ ਕੋਈ ਬੜਾ ਹੀ ਜ਼ਰੂਰੀ ਤੇ ਸੰਜੀਦਾ ਖਲਕੇ ਖੁਦਾ ਦਾ ਕੰਮ ਸਿਰੇ ਚਾਹੜ ਰਹੇ ਹਨ। **ਨਿਖਲੀਊਧਵ** ਵੀ ਇਸੇ ਨਿਸਚੇ ਵਿਚ ਓਥੇ ਬੈਠਾ ਸੀ।

ਜਿਵੇਂ ਜੂਰੀ ਵਾਲੇ ਆਪਣੇ ਆਪਣੇ ਥਾਂ ਤੇ ਬੈਠੇ, ਪ੍ਰਧਾਨ ਹੋਰੀ ਉਠੇ, ਅਰ ਉਨ੍ਹਾਂ ਨੇ ਇਕ ਸਪੀਚ ਦਿਤੀ ਕਿ ਮਿੰਬਰਾਂ ਦੇ ਕੀ ਹੱਕ ਹਨ, ਕੀ ਫਰਜ਼ ਹਨ ਤੇ ਕੀ ਕੀ ਜ਼ਿੰਮੇਵਾਰੀਆਂ

ਹਨ। ਨਾਲੇ ਬੋਲੀ ਜਾਂਦਾ ਸੀ ਤੇ ਨਾਲੇ ਆਪਣੇ ਜਿਸਮ ਨੂੰ ਲਚਕਾ ਪਚਕਾ ਕੇ ਕੁਛ ਬਤਾਵੇ ਜੇਹੇ ਕਰੀ ਜਾਂਦਾ ਸੀ। ਕਦੀ ਓਹ ਆਪਣੀ ਸੱਜੀ ਬਾਂਹ ਕਦੀ ਖੱਬੀ ਬਾਂਹ ਉਪਰ ਢਾਸਣਾ ਲਾ ਲੈਂਦਾ ਸੀ। ਕਦੀ ਕੁਰਸੀ ਦੀ ਪਿੱਠ ਉੱਪਰ ਪਿਛੇ ਢੋਹ ਲਾ ਲੈਂਦਾ ਸੀ, ਕਦੀ ਕੁਰਸੀ ਦੀਆਂ ਬਾਹਾਂ ਉੱਪਰ ਝੁਕ ਜਾਂਦਾ ਸੀ, ਕਦੀ ਕਾਗਤਾਂ ਨੂੰ ਸਿੱਧਾ ਕਰਨ ਲਗ ਜਾਂਦਾ ਸੀ, ਕਦੀ ਪਿਨਸਲ ਨੂੰ ਹੱਥ ਵਿਚ ਘੁੰਮਾਂਦਾ, ਤੇ ਕਦੀ ਕਾਗਤ ਕੱਟਣ ਵਾਲੀ ਛੁਰੀ ਚਕ ਓਸ ਨਾਲ ਖੇਡਣ ਜੇਹਾ ਲੱਗ ਜਾਂਦਾ ਸੀ।

ਓਸ ਨੇ ਕਿਹਾ ਕਿ ਮਿੰਬਰ ਜੋ ਪ੍ਰਸ਼ਨ ਮੁਲਜ਼ਮਾਂ ਤੇ ਕਰਨਾ ਚਾਹਣ ਪ੍ਰਧਾਨ ਦੇ ਰਾਹੀਂ ਕਰ ਸਕਦੇ ਹਨ, ਕਾਗਜ਼ ਤੇ ਪਿਨਸਲਾਂ ਸਰਕਾਰੀ ਵਰਤ ਸਕਦੇ ਹਨ, ਤੇ ਸ਼ਹਾਦਤ ਵਿਚ ਜੋ ਜੋ ਚੀਜ਼ ਆਣ ਕੇ ਪੇਸ਼ ਹੋਵੇ ਓਹ ਵੇਖ ਸੱਕਦੇ ਹਨ, ਤੇ ਓਨ੍ਹਾਂ ਦਾ ਫਰਜ਼ ਹੈ ਕਿ ਓਹ ਠੀਕ ਠੀਕ ਇਨਸਾਫ ਕਰਨ, ਕਿਸੀ ਤਰਾਂ ਦੇ ਅਸਰ ਹੇਠ ਇਨਸਾਫ ਥੀਂ ਪਰੇ ਨ ਜਾਣ, ਤੇ ਓਨ੍ਹਾਂ ਦੀ ਜ਼ਿੰਮੇਂਵਾਰੀ ਇਹ ਹੈ ਕਿ ਅਦਾਲਤ ਦੇ ਕਮਰੇ ਥੀਂ ਕਿਸੀ ਬਹਸ ਦਾ ਹਿੱਸਾ, ਯਾ ਕੋਈ ਹੋਰ ਭੇਤ ਵਾਲੀ ਗਲ ਓਹ ਕਿਸੀ ਨੂੰ ਜਾ ਕੇ ਨ ਦੱਸਣ ਤੇ ਜੇ ਦੱਸੀ ਤੇ ਸਜ਼ਾ ਦੇ ਓਹ ਭਾਗੀ ਬਣਨਗੇ। ਸਭ ਨੇ ਬੜੇ ਅਦਬ ਭਰੇ ਧਿਆਨ ਨਾਲ ਓਹ ਗੱਲਾਂ ਸੁਣੀਆਂ, ਤੇ ਓਹ ਸੌਦਾਗਰ ਜਿਦੇ ਨੇੜੇ ਦੇ ਆਲੇ ਦੁਆਲੇ ਓਹਦੇ ਮੂੰਹ ਵਿਚ ਦੀ ਆਂਦੀ ਬ੍ਰਾਂਡੀ ਦੀ ਬੂ ਫੈਲ ਰਹੀ ਸੀ, ਬੜੀ ਮੁਸ਼ਕਲ ਨਾਲ ਆਪਣੀ ਹਿਡਕੀ ਨੂੰ ਰੋਕਦਾ ਸੀ ਤੇ ਹਰ ਇਕ ਪ੍ਰਧਾਨ ਦੇ ਫਿਕਰੇ ਉੱਪਰ ਸਿਰ ਹਿਲਾਂਦਾ ਸੀ ਜਿਵੇਂ ਓਹ ਕਹਿ ਰਹਿਆ ਸੀ, ਜੀ ਠੀਕ, ਜੀ ਠੀਕ।

## ਕਾਂਡ ੯

ਜਦ ਪ੍ਰਧਾਨ ਆਪਣੀ ਗੱਲ ਖਤਮ ਕਰ ਚੁਕਾ ਤਦ ਓਹ ਮੁਲਜ਼ਿਮਾਂ ਵਲ ਮੁਖਾਤਿਬ ਹੋਇਆ, "ਸਾਈਮਨ ਕਾਰਤਿਨਕਿਨ, ਖੜਾ ਹੋ।"

ਸਾਈਮਨ ਕੁਦ ਕੇ ਉੱਠਿਆ, ਓਹਦੇ ਹੋਠ ਬੜੀ ਤੇਜੀ ਨਾਲ ਹਿਲ ਰਹੇ ਸਨ।

"ਤੇਰਾ ਨਾਂ ?"

"ਸਾਈਮਨ ਪੈਤਰੋਵ ਕਾਰਤਿਨਕਿਨ", ਓਸ ਜਲਦੀ ਨਾਲ ਕਹਿਆ ਪਰ ਆਵਾਜ ਚਿਰੀ ਹੋਈ ਸੀ, ਤੇ ਸਾਫ ਦਿੱਸ ਰਹਿਆ ਸੀ, ਕਿ ਓਸ ਜਵਾਬ ਘਾੜਵਾਂ ਦਿੱਤਾ ਹੈ।

"ਕੀ ਜਾਤ ?"

"ਕਿਸਾਨ।"

"ਕਿਹੜਾ ਸੂਬਾ, ਜ਼ਿਲਾ ਤੇਰਾ ? ਕਿਹੜਾ ਗਿਰਜਈ ਜ਼ਿਲਾ ਅਰਥਾਤ ਕਿਹੜੇ ਪਾਦਰੀ ਦਾ ਇਲਾਕਾ ਤੇਰਾ ?"

"ਤੂਲਾ ਸੂਬਾ, ਕਰਾਪੀਵੈਨਸਕੀ ਜ਼ਿਲਾ, ਕੁਪ-ਆਨਸਕੀ ਪੈਰਿਸ਼ (ਪਾਦਰੀ ਦਾ ਇਲਾਕਾ), ਗਰਾਂ ਬੋਰਕੀ।"

"ਤੇਰੀ ਉਮਰ ?"

"੩੩ ਸਾਲ, ਮੈਂ ਜੰਮਿਆਂ ਸਾਂ ਇਕ ਹਜ਼ਾਰ ਅੱਠ—"।

"ਕੀ ਮਜ਼ਬ ?"

"ਰੂਸੀ ਮਜ਼ਬ ਸਨਾਤਨੀ।"

"ਵਿਆਹਿਆ ਕਿ ਨਹੀਂ ?"

"ਜਨਾਬ, ਨਹੀਂ।"

"ਕੀ ਕੰਮ ਕਰਦਾ ਹੈਂ ?"

"ਹੋਟਿਲ **ਮੌਰੀਟੇਨੀਆ** ਵਿਚ ਨੌਕਰੀ।"

"ਕਦੀ ਪਹਿਲਾਂ ਵੀ ਤੇਰੇ ਉੱਪਰ ਮੁਕੱਦਮਾਂ ਬਣਿਆ ?"

"ਨਹੀਂ ਜੀ, ਇਸ ਥੀਂ ਪਹਿਲਾਂ ਮੇਰੇ ਉੱਪਰ ਕਦੀ ਕੋਈ ਮੁਕੱਦਮਾਂ ਨਹੀਂ ਸੀ ਬਣਿਆ ਇਸ ਥੀਂ ਪਹਿਲਾਂ ਅਸੀ ਰਹਿੰਦੇ..........."

"ਅੱਛਾ ਤੇਰੇ ਉੱਪਰ ਪਹਿਲਾਂ ਕਦੀ ਮੁਕੱਦਮਾਂ ਨਹੀਂ ਬਣਿਆ ?"

"ਰੱਬ ਨਹੀਂ ਕੀਤਾ ਜੀ, ਕਦੀ ਨਹੀਂ।"

"ਫਰਦ ਜੁਰਮ ਦੀ ਕਾਪੀ ਤੈਨੂੰ ਮਿਲੀ ਹੈ ?"

"ਮੇਰੇ ਪਾਸ ਹੈ।"

"ਬਹਿ ਜਾ।"

**ਯੋਫੇਮੀਆ ਈਵਾਨੋਵਨਾ ਬੋਚਕੋਵਾ** ਪ੍ਰਧਾਨ ਨੇ ਦੂਜੇ ਮੁਲਜ਼ਿਮ ਵਲ ਮੁਖਾਤਿਬ ਹੋ ਕੇ ਕਹਿਆ।

ਪਰ ਸਾਈਮਨ ਬੋਚਕੋਵਾ ਦੇ ਮੂਹਰੇ ਖੜੋਤਾ ਹੀ ਰਹਿਆ ।

"ਕਾਰਤਿਨਕਿਨ–ਬਹਿ ਜਾ ।"

ਪਰ ਕਾਰਤਿਨਕਿਨ ਤਦ ਹੀ ਜਾ ਕੇ ਬੈਠਾ ਜਦ ਅਸ਼ਰ ਸਾਹਿਬ ਆਪਣਾ ਸਿਰ ਇਕ ਪਾਸੇ ਸੁੱਟਿਆ ਹੋਇਆ ਤੇ ਅੱਖਾਂ ਭੈ ਦੇਣ ਲਈ ਚਪਾਟ ਖੋਲ੍ਹੀਆਂ ਹੋਈਆਂ ਦੌੜਦਾ ਓਸ ਵਲ ਆਇਆ ਤੇ ਓਹਨੂੰ ਗੋਸ਼ੇ ਵਿਚ ਐਸੀ ਤਰਾਂ ਕਹਿਆ ਜਿਵੇਂ ਹੁਣੇ ਕੋਈ ਖੂਨ ਹੋਣ ਲੱਗਾ ਹੈ–"ਬਹਿ ਜਾਹ, ਓਏ ਬਹਿ ਜਾਹ ।" ਤਦ ਉਹ ਓਵੇਂ ਹੀ ਛੇਤੀ ਬਹਿ ਗਿਆ ਜਿਵੇਂ ਛੇਤੀ ਕੁੱਦ ਕੇ ਝਟ ਪਟ ਉੱਠਿਆ ਸੀ । ਆਪਣਾ ਵੱਡਾ ਕੋਟ ਆਪਣੇ ਅੱਗੇ ਪਿੱਛੇ ਭੰਨ ਕੇ ਬਹਿ ਗਿਆ ਤੇ ਚੁਪ ਚਾਪ ਆਪਣੇ ਹੋਠ ਹਿਲਾਣ ਲੱਗ ਪਇਆ ।

'ਤੇਰਾ ਨਾਂ", ਪ੍ਰਧਾਨ ਨੇ ਕੈਦੀ ਨੂੰ ਪੁਛਿਆ, ਪਰ ਅੱਖ ਉਠਾ ਕੇ ਕੈਦੀ ਵਲ ਨਾਹ ਤੱਕਿਆ । ਆਪਣੇ ਅੱਗੇ ਧਰੇ ਕਾਗਤਾਂ ਵੱਲ ਹੀ ਵੇਂਹਦਾ ਰਿਹਾ । ਪ੍ਰਧਾਨ ਆਪਣੇ ਕੰਮ ਵਿਚ ਇੰਨਾਂ ਨਿਪੁੰਨ ਸੀ ਕਿ ਇੱਕੋ ਵਕਤ ਦੋ ਦੋ ਕੰਮ ਕਰ ਲੈਂਦਾ ਸੀ ਤਾਕਿ ਕੰਮ ਜਲਦੀ ਨਿਪਟਾ ਸਕੇ ।

ਬੋਚਕੋਵਾ ੪੩ ਸਾਲ ਦੀ ਉਮਰ ਦੀ ਸੀ ਤੇ ਰਹਿਣ ਵਾਲ ਕੋਲੋਮਨਾ ਸ਼ਹਿਰ ਦੀ ਸੀ । ਉਹ ਵੀ ਹੋਟਲ ਮੌਰੀਟੇਨੀਆ ਨੌਕਰ ਸੀ ।

"ਮੈਂ ਇਸ ਥੀਂ ਪਹਿਲਾਂ ਕਦੀ ਨਹੀਂ ਸਾਂ ਫੜੀ ਗਈ

ਮੇਰੇ ਪਾਸ ਫਰਦ ਜੁਰਮ ਦੀ ਕਾਪੀ ਹੈ'', ਓਹ ਸਾਰੇ ਜਵਾਬ ਬੜੀ ਦਲੇਰੀ ਨਾਲ ਦਿੰਦੀ ਗਈ ਤੇ ਇਉਂ ਬੋਲਦੀ ਸੀ ਜਿਵੇਂ ਹਰ ਜਵਾਬ ਨਾਲ ਓਸ ਇਹ ਵੀ ਕਹਿਣਾ ਹੈ :–

''ਠੀਕ ਠੀਕ, **ਯੋਫੇਮੀਆ ਬੋਚਕੋਵਾ** ! ਤੈਨੂੰ ਆਪਣੇ ਉੱਪਰ ਲੱਗੇ ਜੁਰਮ ਦਾ ਪਤਾ ਹੈ. ਤੈਨੂੰ ਏਸ ਗੱਲ ਦੀ ਕਾਈ ਪ੍ਰਵਾਹ ਨਹੀਂ ਜੇ ਹੋਰਨਾਂ ਨੂੰ ਤੇਰੇ ਜੁਰਮ ਦੀ ਖਬਰ ਹੋ ਜਾਵੇ ਤੇ ਤੂੰ ਕੋਈ ਹੋਰ ਫਜ਼ੂਲ ਗੱਲ ਨਹੀਂ ਬਰਦਾਸ਼ਤ ਕਰੇਂਗੀ।''

ਓਹ ਜਦ ਸਾਰੇ ਜਵਾਬ ਦੇ ਚੁਕੀ ਤਾਂ ਬਿਨਾਂ ਕਿਸੀ ਥੀਂ ਅਖਵਾਏ ਦੇ ਹੀ ਆਪਣੀ ਥਾਂ ਤੇ ਬਹਿ ਗਈ।

''ਤੇਰਾ ਨਾਂ ?'' ਓਸ ਜਨਾਨੀਆਂ ਨੂੰ ਪਿਆਰ ਕਰਨ ਵਾਲੇ ਪ੍ਰਧਾਨ ਨੇ ਤੀਸਰੇ ਕੈਦੀ ਵਲ ਖਾਸ ਨਰਮੀ ਦੀ ਨਿਗਾਹ ਨਾਲ ਵੇਖ ਕੇ ਪੁੱਛਿਆ ।

''ਤੈਨੂੰ ਖੜਾ ਹੋਣਾ ਪਵੇਗਾ,'' ਪ੍ਰਧਾਨ ਨੇ ਮੁੜ ਬੜੀ ਨਰਮੀ ਨਾਲ ਬੜੇ ਹੌਲੇ ਜੇਹਾ ਕਹਿਆ, ਇਹ ਵੇਖ ਕੇ ਕਿ **ਮਸਲੋਵਾ** ਖੜੀ ਨਹੀਂ ਸੀ ਹੋਈ ।

**ਮਸਲੋਵਾ** ਆਪਣੀ ਛਾਤੀ ਪੂਰੀ ਤਣ ਕੇ ਖੜੀ ਹੋ ਗਈ, ਤੇ ਪ੍ਰਧਾਨ ਵਲ ਵੇਖਣ ਲੱਗ ਗਈ। ਓਹਦੀਆਂ ਹਸੂ ਹਸੂ ਕਰਦੀਆਂ ਅੱਖਾਂ ਵਿਚ ਇਕ ਖਾਸ ਤਰ੍ਹਾਂ ਦੀ ਬੇਪਰਵਾਹੀ ਦਾ ਰੰਗ ਸੀ, ਜੋ ਹੋਵੇ ਸੋ ਹੋਵੇ ਓਹ ਹਰ ਗੱਲ ਲਈ ਤਿਆਰ ਸੀ।

''ਤੇਰਾ ਨਾਂ ਕੀ ਹੈ ?''

"ਲੂਣੋਵ", ਛੇਤੀ ਦੇਕੇ ਉਸ ਕਹਿਆ।

ਨਿਖਲੀਊਧਵ ਨੇ ਆਪਣੇ ਪਿਨਸਨੇਜ਼ ਪਾ ਲਏ ਸਨ ਤੇ ਬੜੀ ਗਹੁ ਨਾਲ ਸਭ ਕੈਦੀਆਂ ਨੂੰ ਵੇਖੀ ਜਾਂਦਾ ਸੀ ਤੇ ਜਿਸ ਤਰਾਂ ਓਹ ਸਵਾਲਾਂ ਦੇ ਜਵਾਬ ਦਿੰਦੇ ਜ਼ਾਂਦੇ ਸਨ ਓਹ ਸੁਣੀ ਜਾਂਦਾ ਸੀ।

"ਨਹੀਂ ਇਹ ਹੋਣਾ ਨਾਮੁਮਕਨ ਹੈ", ਓਸ ਵਿਚਾਰਿਆ ਤੇ ਆਪਣੀਆਂ ਅੱਖਾਂ ਮਸਲੋਵਾ ਵਿਚ ਗੱਡੀ ਰੱਖੀਆਂ। ਤੇ ਕੈਦੀ ਦਾ ਜਵਾਬ ਸੁਣਕੇ ਓਸ ਆਪਣੇ ਆਪ ਨੂੰ ਕਹਿਆ, "ਲੂਬੋਵ ! ਇਹ ਕਿਂਵ ਹੋ ਸਕਦਾ ਹੈ ?"

ਪ੍ਰਧਾਨ ਆਪਣੇ ਸਵਾਲਾਂ ਨੂੰ ਅਗਾਂਹਾ ਤੋਰਨ ਹੀ ਲੱਗਾ ਸੀ ਕਿ ਐਨਕਾਂ ਵਾਲੇ ਮਿੰਬਰ ਨੇ ਓਹਨੂੰ ਰੋਕਿਆ ਤੇ ਓਹਦੇ ਕੰਨ ਵਚ ਗੁਸੇ ਨਾਲ ਕੁਛ ਗੋਸ਼ਾ ਕੀਤਾ। ਪ੍ਰਧਾਨ ਨੇ ਸਿਰ ਹਿਲਾ- ਇਅ ਕੈਦੀ ਵਲ ਮੁਖਾਤਬ ਹੋਇਆ।

"ਇਹ ਕਿਸ ਤਰਾਂ ਹੋਇਆ?" ਓਸ ਕਹਿਆ "ਕਿ ਇਥੇ ਸਾਡੇ ਪਾਸ ਤੇਰਾ ਨਾਂ ਲੂਬੋਵ ਨਹੀਂ ਲਿਖਿਆ ਹੋਇਆ।"

ਕੈਦੀ ਚੁਪ ਰਹਿਆ।

"ਮੈਂ ਤੇਰਾ ਅਸਲੀ ਨਾਂ ਪੁੱਛਦਾ ਹਾਂ।"

"ਓਏ ਨੀ ! ਤੇਰਾ ਬਿਪਤਸਮੇਂ ਦਾ ਕੀ ਨਾਂ ਹੈ ?" ਓਸ ਗੁਸੀਲ ਐਨਕਾਂ ਵਾਲੇ ਮਿੰਬਰ ਨੇ ਪੁਛਿਆ।

"ਪਹਿਲਾਂ ਮੈਨੂੰ **ਕਾਤੇਰੀਨਾ** ਕਰਕੇ ਸੱਦਦੇ ਸਨ।"

"ਨਹੀਂ—ਇਹ ਗੱਲ ਕਦਾਚਿਤ ਨਹੀਂ ਹੋ ਸਕਦੀ," **ਨਿਖਲੀਊਧਵ** ਨੇ ਆਪਣੇ ਮਨ ਵਿਚ ਕਹਿਆ। ਪਰ ਤਦ ਵੀ ਓਹਨੂੰ ਨਿਸਚਾ ਹੋ ਚੁਕਾ ਸੀ ਕਿ ਇਹ ਉਹੋ ਕੁੜੀ ਹੈ—ਅੱਧੀ ਨੌਕਰ ਤੇ ਅੱਧੀ ਧੀ, ਜਿਸਨੂੰ ਓਸ ਨੇ ਇਕ ਵੇਰੀ ਪਿਆਰ ਕੀਤਾ ਸੀ, ਠੀਕ ਸੁਚਾ ਤੇ ਸੱਚਾ ਪਿਆਰ ਕੀਤਾ ਸੀ, ਤੇ ਇਕ ਬੇਹੋਸ਼ ਜੇਹੀ ਕਾਮਾਤੁਰ ਪਾਗਲ ਹੋਈ ਹੋਈ ਆਪਣੇ ਮਨ ਦੀ ਹਾਲਤ ਦੀ ਘੜੀ ਵਿਚ ਓਸ ਨੇ ਜਿਸ ਨੂੰ ਭਰਮਾਇਆ ਸੀ, ਖਰਾਬ ਕੀਤਾ ਸੀ, ਤੇ ਫਿਰ ਛੱਡ ਦਿਤਾ ਸੀ ਤੇ ਮੁੜ ਕਦੀ ਵੀ ਓਹਨੂੰ ਯਾਦ ਤਕ ਨਹੀਂ ਕੀਤਾ ਸੀ, ਇਸ ਲਈ ਕਿ ਓਸ ਗੱਲ ਨੂੰ ਯਾਦ ਰੱਖਣਾ ਓਹਦੀ ਸਾਰੀ ਉਮਰ ਦੇ ਦੁਖ ਦਾ ਕਾਰਨ ਹੁੰਦਾ, ਤੇ ਓਸ ਗੱਲ ਦੀ ਯਾਦ ਹਮੇਸ਼ਾਂ ਓਹਨੂੰ ਸੱਚਾ ਇਲਜ਼ਾਮ ਲਾਉਂਦੀ ਰਹਿੰਦੀ, ਤੇ ਓਹ ਯਾਦ ਓਹਨੂੰ ਆਪਣੇ ਆਪ ਨੂੰ ਸਾਬਤ ਕਰ ਕਰ ਦਸਦੀ ਕਿ ਓਸ ਜਿਸ ਨੂੰ ਆਪਣੇ ਚਾਲ ਚਲਨ ਦੀ ਸਫਾਈ ਤੇ ਸਚਾਈ ਦਾ ਇੰਨਾ ਮਾਨ ਸੀ, ਇਸ ਕੁੜੀ ਨੂੰ ਕਿਸ ਦਿਲ ਹਿਲਾ ਦੇਣ ਵਾਲੇ ਤੇ ਸਖਤ ਬਦਨਮੂਸ਼ੀ ਦੇ ਤ੍ਰੀਕੇ ਨਾਲ ਖਰਾਬ ਕੀਤਾ ਸੀ ਤੇ ਵਿਚਾਰੀ ਦੀ ਸਾਰੀ ਉਮਰ ਨੂੰ ਦਾਗੀ ਕਰ ਦਿੱਤਾ ਸੀ।

'ਠੀਕ ਇਹ ਓਹੋ ਹੀ ਹੈ', ਹੁਣ ਓਸ ਸਾਫ ਓਹਦੇ ਚਿਹਰੇ ਵਿੱਚ ਓਹ ਅਜੀਬ ਤੇ ਅਕਥਨੀਯ ਜੇਹਾ ਆਪੇ ਦਾ ਖਾਸ ਰੰਗ ਤੇ ਸਿੰਞਾਣ ਜਿਹੜੀ ਇਕ ਬੰਦੇ ਨੂੰ ਦੂਜੇ ਥੀਂ ਵਖ ਪ੍ਰਤੱਖ ਕਰ ਦੱਸਦੀ ਹੈ, ਜਾਚ ਲਈ ਸੀ, ਕੁਛ ਖਾਸ ਓਹਦੇ ਆਪਣੇ ਆਪੇ ਦੀ ਜ਼ਾਤ ਦਾ ਰੰਗ ਢੰਗ ਖਾਸ ਓਹਦਾ ਆਪਣਾ, ਜਿਹੜਾ ਹੋਰ

ਕਿਸੀ ਦਾ ਕਦੀ ਹੋ ਨਹੀਂ ਸੀ ਸੱਕਦਾ, ਇਹ ਓਹਦਾ ਮਿੱਠਾ ਤੇ ਖਾਸ ਪ੍ਰਭਾਵ ਆਪਣਾ ਹਾਲੇਂ ਵੀ ਓਥੇ ਸੀ, ਭਾਵੇਂ ਚਿਹਰਾ ਕੁਝ ਫੁਲਿਆ ਸੀ ਤੇ ਓਸ ਉੱਪਰ ਰੋਗ ਰਹਤ ਨ ਹੋਣ ਦਾ ਪੀਲਾ ਪਣ ਛਾਇਆ ਹੋਇਆ ਸੀ। ਉਹ ਓਹਦਾ ਆਪਣਾ ਜ਼ਾਤੀ ਪ੍ਰਭਾਵ ਓਹਦੇ ਹੋਠਾਂ ਵਿੱਚ ਓਹੋ ਜੇਹਾ ਸੀ, ਓਹਦੀਆਂ ਅੱਖਾਂ ਵਿੱਚ ਪੈਂਦੇ ਓਸ ਰਤਾਕੂ ਭੈਂਗ ਵਿੱਚ ਸੀ, ਖਾਸ ਕਰ ਓਹਦੀ ਅਯਾਨ-ਪੁਣੇ ਦੀ ਓਸ ਮੁਸਕਰਾਹਟ ਵਿੱਚ ਤੇ ਓਹਦੇ ਚਿਹਰੇ ਤੇ ਓਹਦੀ ਸ਼ਕਲ ਉੱਪਰ ਸਦਾ ਤਿਆਰ ਬਰ ਤਿਆਰ ਹੋਣ ਦੇ ਰੰਗ ਵਿੱਚ ਦਿੱਸ ਰਹਿਆ ਸੀ।

"ਤੈਨੂੰ ਇਉਂ ਪਹਿਲੇ ਹੀ ਦੱਸ ਦੇਣਾ ਚਾਹੀਦਾ ਸੀ," ਪ੍ਰਧਾਨ ਨੇ ਮੁੜ ਨਰਮ ਸੁਰ ਵਿੱਚ ਸਮਝਾਇਆ।

"ਤੇ ਤੇਰੇ ਪਿਉ ਦਾ ਨਾਂ ?"

"ਮੈਨੂੰ ਆਪਣੇ ਪਿਉ ਦਾ ਪਤਾ ਨਹੀਂ।"

"ਕੀ ਤੇਰਾ ਨਾਮ ਤੇਰੇ ਬਿਪਤਿਸਮੇਂ ਦੇ ਪਿਉ ਵਾਲਾ ਨਾਮ ਨਹੀਂ ਸੀ ਦਿੱਤਾ ਗਇਆ ?"

"ਹਾਂ ਮਿਖਜ਼ਾਲੋਵਨਾ !"

"ਪਰ ਕੀ ਕਸੂਰ ਇਸ ਕੀਤਾ ਹੋਣਾ ਹੈ ਤੇ ਕਿਹੜਾ ਜੁਰਮ ਇਸ ਉੱਪਰ ਲੱਗਾ ਹੋਣਾ ਹੈ ?" ਨਿਖਲੀਊਧਵ ਨੇ ਆਪਣੇ ਮਨ ਹੀ ਮਨ ਵਿੱਚ ਸੋਚਿਆ, ਪਰ ਹੁਣ ਖੁੱਲ੍ਹੀ ਤਰਾਂ ਸਾਹ ਨਹੀਂ ਸੀ ਲੈ ਸੱਕਦਾ।

"ਤੇਰਾ ਟਬਰ ਵਾਲਾ ਨਾਂ, ਤੇਰਾ ਸਰਨਾਵਾਂ ਕੀ ਹੈ—ਮੈਂ ਇਹ ਪੁਛਦਾ ਹਾਂ", ਪ੍ਰਧਾਨ ਇਓਂ ਤੁਰੀ ਗਇਆ।

"ਮੈਨੂੰ ਸਾਰੇ ਮੇਰੀ ਮਾਂ ਦੇ ਸਰਨਾਂਵੇ ਨਾਲ ਬੁਲਾਉਂਦੇ ਸਨ, ਮਸਲੋਵਾ।"

"ਜ਼ਾਤ ?"

"ਮਿਸ਼ਾਂਕਾ", (ਸ਼ਹਿਰ ਵਿਚ ਆ ਗਏ ਮਜ਼ੂਰੀ ਕਰਨ ਵਾਲੇ ਕਿਸਾਨ ਲੋਕੀ)।

"ਮਜ਼੍ਹਬ ? ਸਨਾਤਨ ?"

"ਸਨਾਤਨ।"

"ਪੇਸ਼ਾ—ਤੇਰਾ ਪੇਸ਼ਾ ਕੀ ਹੈ" ?

ਮਸਲੋਵਾ ਚੁਪ ਹੋ ਗਈ।

"ਤੇਰਾ ਰੋਜ਼ਗਾਰ ਕੀ ਹੈ ?"

"ਮੈਂ ਇਕ ਥਾਂ ਨੌਕਰ ਸਾਂ।"

"ਕਿਹੋ ਜੇਹੀ ਥਾਂ ?" ਐਨਕ ਵਾਲੇ ਨੇ ਪੁਛਿਆ।

"ਆਪ ਜਾਣਦੇ ਹੀ ਹੋ," ਓਸ ਅੱਗੋਂ ਹੱਸ ਕੇ ਕਹਿਆ। ਫਿਰ ਸਾਰੇ ਕਮਰੇ ਦਵਾਲੇ ਇਕ ਨਜ਼ਰ ਵੇਖ ਕੇ ਮੁੜ ਪ੍ਰਧਾਨ ਵਲ ਤੱਕਣ ਲੱਗ ਗਈ।

ਇਸ ਵੇਲੇ ਓਹਦੇ ਚਿਹਰੇ ਦੀ ਦਿਖ ਵਿੱਚ ਕੋਈ ਐਸਾ ਗੈਰ ਮਾਮੂਲੀ ਅਸਰ ਸੀ, ਓਹਦੇ ਕਹੇ ਲਫ਼ਜ਼ਾਂ ਦੇ ਅਰਥਾਂ ਵਿੱਚ ਕੁਛ ਐਸਾ ਤਰਸ ਜੋਗ ਤੇ ਦਿਲ ਹਲਾ ਦੇਣ ਵਾਲਾ ਦਰਦ ਸੀ, ਓਹਦੀ ਮੁਸਕਰਾਹਟ ਵਿੱਚ ਤੇ ਓਹਦੀ ਓਸ ਨਿਗਾਹ ਵਿੱਚ

ਜਿਹੜੀ ਓਸ ਕਮਰੇ ਦੇ ਚੁਫੇਰੇ ਪਾਈ ਸੀ, ਕੁਛ ਐਸਾ ਪ੍ਰਭਾਵ ਸੀ ਕਿ ਪ੍ਰਧਾਨ ਨੂੰ ਸ਼ਰਮ ਆ ਗਈ ਤੇ ਇਕ ਛਿਨ ਲਈ ਕੁਲ ਅਦਾਲਤ ਬਿਲਕੁਲ ਚੁਪ ਚਾਂ ਹੋ ਗਈ। ਇਕ ਸੁਨਸੁਨੀ ਛਾ ਗਈ ਤੇ ਇਹ ਚੁਪ ਤਾਂ ਤੁਟੀ ਜਦ ਕੋਈ ਬੈਠੀ ਪਬਲਿਕ ਵਿਚੋਂ ਹਸਿਆ, ਤੇ ਕਿਸੀ ਕਹਿਆ, "ਸ਼ੀ, ਸ਼ੀ!" ਤਦ ਪ੍ਰਧਾਨ ਨੇ ਉੱਪਰ ਤਕਿਆ ਤੇ ਅਗਲੀ ਕਾਰਵਾਈ ਕਰਨ ਲੱਗ ਪਇਆ :–

"ਕੀ ਤੂੰ ਪਹਿਲਾਂ ਵੀ ਕਦੀ ਅਦਾਲਤੇ ਚੜ੍ਹੀ ਸੈਂ ?"

"ਕਦੀ ਨਹੀਂ," **ਮਸਲੋਵਾ** ਨੇ ਆਹਿਸਤਾ ਜੇਹਾ ਜਵਾਬ ਦਿੱਤਾ ਤੇ ਠੰਡਾ ਸਾਹ ਭਰਿਆ।

"ਫ਼ਰਦ ਜੁਰਮ ਦੀ ਕਾਪੀ ਮਿਲ ਗਈ ਹੈ ?"

"ਮੇਰੇ ਪਾਸ ਹੈ", ਉਸ ਉੱਤਰ ਦਿੱਤਾ।

"ਬਹਿ ਜਾ।"

ਕੈਦੀ ਜਿਵੇਂ ਕੋਈ ਸ਼ਰੀਫ ਸਵਾਣੀ ਆਪਣਾ ਲਮਕਣ ਚੁਕਦੀ ਹੈ, ਆਪਣੇ ਘਘਰੇ ਨੂੰ ਚੁਕਣ ਲਈ ਜਰਾ ਕੂ ਪਿਛੇ ਮੁੜੀ ਤੇ ਘਘਰਾ ਹੱਥ ਵਿੱਚ ਸਾਂਭ ਕੇ ਬਹਿ ਗਈ। ਆਪਣੇ ਨਿਕੇ ਨਿਕੇ ਹੱਥ ਓਸ ਕੋਟ ਵਿੱਚ ਢੁਕ ਲਏ, ਉਹਦੀਆਂ ਅੱਖਾਂ ਹਾਲ਼ੇ ਵੀ ਪ੍ਰਧਾਨ ਵਲ ਟਕ ਬੰਨ੍ਹ ਤਕ ਰਹੀਆਂ ਸਨ।

ਗਵਾਹ ਸੱਦੇ ਜਾ ਚਕੇ ਸਨ, ਬਾਹਜ਼ੇ ਵਾਪਸ ਵੀ ਕਰ ਦਿਤੇ ਗਏ ਸਨ। ਉਹ ਡਾਕਟਰ ਜਿਸ ਨੇ ਡਾਕਟਰੀ ਇਲਮ ਵਿੱਚ ਨਿਪੁੰਨ ਹੋਣ ਕਰ ਕੇ ਆਪਣੀ ਸ਼ਹਾਦਤ ਦੇਣੀ ਸੀ ਚੁਣਿਆ ਜਾ

ਚੁੱਕਾ ਸੀ, ਤੇ ਓਸ ਵਕਤ ਅਦਾਲਤ ਵਿੱਚ ਬੁਲਾਇਆ ਜਾ ਚੁੱਕਾ ਸੀ।

ਫਿਰ ਸਕੱਤਰ ਸਾਹਿਬ ਉੱਠੇ ਤੇ ਲਗੇ ਫਰਦ ਜੁਰਮ ਪੜ੍ਹ ਕੇ ਸੁਣਾਉਣ। ਓਹ ਪੜ੍ਹਦਾ ਤਾਂ ਬੜਾ ਸਪਸ਼ਟ ਸੀ, ਪਰ ਵਿਚਾਰੇ ਦਾ 'ਰ' ਤੇ 'ਲ' ਦਾ ਉਚਾਰਨ ਇਕੋ ਜੇਹਾ ਸੀ, ਤੇ ਓਹ ਇਉਂ ਤੇਜ਼ ਪੜ੍ਹੀ ਗਇਆ ਕਿ ਇਕ ਲਫਜ਼ ਦੂਜੇ ਨਾਲ ਬਣੀ ਚਲੀ ਜਾਂਦਾ ਸੀ ਜਿਵੇਂ ਜਬਾਨੀ ਯਾਦ ਕਰਕੇ ਕੋਈ ਪੜ੍ਹੀ ਜਾ ਰਿਹਾ ਹੁੰਦਾ ਹੈ, ਤੇ ਉਹਦੇ ਸੁਣਨ ਵਿੱਚ ਕਿਸੀ ਨੂੰ ਕੋਈ ਸਵਾਦ ਨਹੀਂ ਸੀ ਆ ਰਹਿਆ। ਇਕ ਕਾਰਵਾਈ ਕਰਨੀ ਸੀ ਜਿਹੜੀ ਪੂਰੀ ਕੀਤੀ ਜਾ ਰਹੀ ਸੀ, ਤੇ ਸੁਣਨ ਵਾਲੇ ਆਪਣੀ ਥਕਾਵਟ ਤੇ ਅਲਖਤ ਨੂੰ ਕੋਈ ਕਿਸ ਤਰਾਂ ਕੋਈ ਕਿਸ ਤਰਾਂ ਦੂਰ ਕਰਨ ਦੀ ਕਰ ਰਹੇ ਸਨ। ਜੱਜ ਲੋਕੀ ਕਦੀ ਆਪਣੇ ਉੱਪਰਲੇ ਜਿਸਮ ਦਾ ਭਾਰ ਇਕ ਬਾਂਹ ਤੇ, ਤੇ ਕਦੀ ਦੂਜੀ ਤੇ ਸੁੱਟਦੇ ਸਨ ਤੇ ਨਚੱਲੇ ਨਹੀਂ ਸਨ ਬਹਿ ਸੱਕਦੇ। ਕਦੀ ਮੇਜ਼ ਉੱਪਰ ਢਾਸਣਾ ਲਾਉਂਦੇ ਸਨ ਕਦੀ ਢੋਹ ਕੁਰਸੀ ਦੀ ਪਿਠ ਉੱਪਰ, ਕਦੀ ਅੱਖਾਂ ਖੋਲ੍ਹਦੇ ਸਨ, ਤੇ ਕਦੀ ਮੀਟਦੇ ਸਨ। ਕਦੀ ਝੁਕ ਝੁਕ ਇਕ ਦੂਜੇ ਦੇ ਕੰਨਾਂ ਵਿੱਚ ਗੋਸ਼ੇ ਕਰਦੇ ਸਨ। ਸਿਪਾਹੀ-ਆਂ ਵਿੱਚੋਂ ਇਕ ਨੇ ਕਈ ਵਾਰੀ ਆਪਣੀ ਆਈ ਉਬਾਸੀ ਰੋਕੀ।

ਕੈਦੀ **ਕਾਰਤਿਨਕਿਨ** ਆਪਣੀਆਂ ਖਾਖਾਂ ਦੱਬੋ ਦਬ ਹਿਲਾਈ ਜਾ ਰਿਹਾ ਸੀ। ਇਹ ਹਿਲਾਣਾ ਉਹਦਾ ਲਗਾਤਾਰ ਸੀ ਕਦੀ ਨਹੀਂ ਸੀ ਮੱਠਾ ਹੁੰਦਾ।

**ਬੋਚਕੋਵਾ** ਚੁੱਪ ਚਾਪ ਬੈਠੀ ਹੋਈ ਸੀ ਤੇ ਕਦੀ ਕਦੀ ਰੁਮਾਲ ਦੇ ਅੰਦਰ ਹੱਥ ਖੜਕੇ ਸਿਰ ਨੂੰ ਖੁਰਕਦੀ ਸੀ।

**ਮਸਲੋਵਾ** ਅਹਿਲ ਬੈਠੀ ਸੀ ਤੇ ਫਰਦ ਜੁਰਮ ਪੜ੍ਹਨ ਵਾਲੇ ਵਲ ਨੀਝ ਲਾਕੇ ਤਕ ਰਹੀ ਸੀ, ਕਦੀ ਕਦੀ ਉਹਨੂੰ ਜੋਸ਼ ਦਾ ਬੁਲਾ ਉੱਠਦਾ ਸੀ ਤੇ ਉਹਦਾ ਮੂੰਹ ਲਾਲ ਹੋ ਜਾਂਦਾ ਸੀ। ਤੇ ਉੱਠ ਕੇ ਜਵਾਬ ਦੇਣ ਨੂੰ ਹੀ ਝਪਟੇ ਮਾਰਦੀ ਸੀ, ਪਰ ਫਿਰ ਠੰਡਾ ਸਾਹ ਭਰ ਕੇ ਚੁੱਪ ਰਹਿ ਜਾਂਦੀ ਸੀ। ਤੇ ਆਪਣੇ ਹੱਥਾਂ ਦੇ ਪਾਸੇ ਬਦਲ ਕੇ ਅੱਗੇ ਪਿੱਛੇ ਵਿਹੰਦੀ ਸੀਤੇ ਮੁੜ ਉਸ ਪੜ੍ਹਨ ਵਾਲੇ ਵਲ ਤੱਕਣ ਲੱਗ ਜਾਂਦੀ ਸੀ।

**ਨਿਖਲੀਊਧਵ** ਆਪਣੀ ਉੱਚੀ ਪਿੱਠ ਵਾਲੀ ਕੁਰਸੀ ਉੱਪਰ ਸਭ ਥੀਂ ਅੱਗੇ ਦੀ ਕਿਤਾਰ ਵਿੱਚ ਬੈਠਾ ਹੋਇਆ ਸੀ, ਤੇ ਉਸ ਨੇ ਆਪਣੇ **ਪਿਨਸਨੇਜ਼** ਨਹੀਂ ਸਨ ਉਤਾਰੇ। **ਮਸਲੋਵਾ** ਵਲ ਤੱਕ ਰਹਿਆ ਸੀ ਪਰ ਉਹਦੇ ਅੰਦਰ ਡਾਢ੍ਹੇ ਘੇਰ ਪੈ ਰਹੇ ਸਨ ਤੇ ਉਹਦੇ ਅੰਦਰ ਇਕ ਤੀਖਣ ਤੇ ਪੇਚ ਦਰ ਪੇਚ ਕਸ਼ਮਕਸ਼ ਹੋ ਰਹੀ ਸੀ।

## ਕਾਂਡ ੧੦

ਫਰਦ ਜੁਰਮ ਇਉਂ ਸੀ :—

"੧੭ ਜਨਵਰੀ ੧੮੯੮—ਹੋਟਲ ਮੌਰੀਟੇਨੀਆ ਦੇ ਮਾਲਕ ਨੇ ਪੋਲੀਸ ਵਿੱਚ ਇਤਲਾਹ ਦਿੱਤੀ ਕਿ ਉਹਦੇ ਹੋਟਲ ਵਿੱਚ ਥੇਰਾਪੋਂਟ ਸਮੈਲਕੋਵ ਇਕ ਦੂਸਰੀ ਗਿਲਡ ਦਾ ਸੌਦਾਗਰ ਜਿਹੜਾ ਸਾਏਬੇਰੀਆ ਥੀਂ ਆਇਆ ਸੀ ਅਚਣਚੇਤ ਮਰ ਗਇਆ ਹੈ।

"ਮੁਕਾਮੀ ਚੌਥੇ ਜ਼ਿਲੇ ਦੇ ਪੋਲੀਸ ਦੇ ਡਾਕਟਰ ਨੇ ਸਾਰਟੀਫੀਕੇਟ ਦਿੱਤਾ 'ਉਹਦੀ ਮੌਤ ਦਿਲ ਦੇ ਫਟ ਜਾਣ ਕਰਕੇ ਹੋਈ ਹੈ। ਇਹਦਾ ਕਾਰਨ ਅਤਿ ਦੀ ਸ਼ਰਾਬਨੋਸ਼ੀ ਸੀ।' ਉਸ ਸਮੈਲਕੋਵ ਦੀ ਮੌਤ ਦੇ ਚੌਥੇ ਦਿਨ ਪਿੱਛੇ ਉਹਦਾ ਹਮ ਸ਼ਹਿਰੀ ਤੇ ਸਾਥੀ ਸਾਈਬੇਰੀਆ ਦਾ ਸੌਦਾਗਰ ਤਿਮੋਖਿਨ ਪੀਟਰਜ਼ਬਰਗ ਥੀਂ ਜਦ ਵਾਪਸ ਆਇਆ ਤੇ ਆਪਣੇ ਸੰਗੀ ਦੀ ਮੌਤ ਦੀ ਖਬਰ ਸੁਣੀ ਤੇ ਨਾਲੇ ਸਾਰੇ ਅੱਗੇ ਪਿੱਛੇ ਮੌਕੇ ਦੇ ਵਾਕਿਆਤ ਤੇ ਹਾਲ ਸੁਣੇ, ਤਦ ਓਸ ਆਪਣਾ ਸ਼ਕ ਪ੍ਰਗਟ ਕੀਤਾ ਕਿ ਸਮੈਲਕੋਵ ਆਪਣੀ ਮੌਤ ਨਹੀਂ ਮੋਇਆ, ਉਹ ਮਾਰਿਆ ਗਇਆ ਹੈ, ਤੇ ਤਲੇ ਦੱਸੇ ਬੰਦਿਆਂ ਨੇ ਉਹਨੂੰ ਜਹਿਰ ਦੇਕੇ ਮਾਰਿਆ ਹੈ। ਇਨ੍ਹਾ ਬੰਦਿਆਂ ਨੇ ਉਹਦਾ ਮਾਲ-ਮਤਾਹ ਤੇ ਨਕਦੀ ਪਹਿਲਾਂ ਹੀ ਚੋਰੀ ਕਰ ਲੀਤੇ ਸਨ।

**ਸਮੈਲਕੋਵ** ਪਾਸ ਇਕ ਹੀਰੇ ਦੀ ਮੁੰਦਰੀ ਤੇ ਕੁਝ ਰੁਪਏ ਸਨ ਜਿਹੜੇ ਉਹਦੇ ਮਾਲ ਦੀ ਫਹਿਰਿਸਤ ਬਣਾਉਣ ਦੇ ਸਮੇਂ ਉਸ ਨੂੰ ਨਹੀਂ ਲੱਭੇ। ਇਸ ਸ਼ਕ ਉੱਪਰ ਫਿਰ ਮੁੜ ਤਹਿਕੀਕਾਤ ਹੋਈ ਤੇ ਤਲੇ ਦਿੱਤੇ ਵਾਕਿਆਤ ਬਾਹਰ ਕੱਢੇ ਗਏ :—

"੧. ਕਿ **ਸਮੈਲਰੋਵ** ਪਾਸ ੩੯੦੦) ਰੂਬਲ ਸਨ, ਜਿਹੜੇ ਓਹ ਬੈਂਕ ਵਿੱਚੋਂ ਕਢਾ ਕੇ ਲਿਆਇਆ ਸੀ, ਤੇ ਇਹ ਗੱਲ **ਹੋਟਲ ਮੌਰੀਟੇਨੀਆ** ਦੇ ਮਾਲਕ ਨੂੰ ਠੀਕ ਪਤਾ ਸੀ। ਤੇ ਨਾਲੇ ਸੌਦਾਗਰ **ਸਟਾਰੀਕੋਵ** ਦੇ ਮੁਨੀਮ ਨੂੰ ਪਤਾ ਸੀ। ਇਸ ਮੁਨੀਮ ਨਾਲ **ਸਮੈਲਕੋਵ** ਨੇ ਇਸ ਸ਼ਹਿਰ ਆਣ ਕੇ ਕਈ ਇਕ ਵਿਹਾਰ ਕੀਤੇ ਸਨ । ਪਰ ਉਸ ਟਰੰਕ ਵਿੱਚ ਜਿਹੜਾ ਓਹਦੀ ਮੌਤ ਦੇ ਪਿੱਛੋਂ ਮੋਹਰਾਂ ਲਾ ਕੇ ਕਾਬੂ ਕੀਤਾ ਗਇਆ ਸੀ, ਕੁਲ ੩੧੨ ਰੂਬਲ ਤੇ ੧੬ **ਕੋਪੈਕਸ** (ਪੈਸੈ) ਸਨ।

"੨. ਕਿ ਇਸ ਉੱਪਰ ਜ਼ਿਕਰ ਕੀਤੇ ਗਏ **ਸਮੈਲਕੋਵ** ਨੇ ਆਪਣੀ ਮੌਤ ਥੀਂ ਪਹਿਲਾਂ ਦੀ ਸਾਰੀ ਰਾਤ ਤੇ ਸਾਰਾ ਦਿਨ ਵੇਸ਼ੀਆ **ਲੁਬਕਾ** ਨਾਮੀ ਨਾਲ ਗੁਜ਼ਾਰਿਆ, ਤੇ ਉਹ **ਵੇਸ਼ੀਆ** ਓਹਦੇ ਹੋਟਲ ਦੇ ਕਮਰੇ ਵਿੱਚ ਦੋ ਦਫਾ ਆਈ ਵੀ ਸੀ।

"੩. ਕਿ ਇਕ ਹੀਰੇ ਦੀ ਮੁੰਦਰੀ ਜਿਹੜੀ ਓਸੇ

ਸਮੈਲਕੋਵ ਦੀ ਸੀ, ਇਸ ਵੇਸ਼ੀਆ ਨੇ ਆਪਣੀ ਮਾਲਕਾ ਕੋਲ ਵੇਚੀ ਸੀ।

"੪. ਕਿ (ਹੋਟਲ ਦੇ) ਕਮਰਿਆਂ ਵਿੱਚ ਕੰਮ ਕਰਨ ਵਾਲੀ ਨੌਕਰਾਨੀ ਯੇਫੈਮੀਆ ਏਚਕੋਵਾ ਨੇ ਸਮੈਲਕੋਵ ਦੇ ਮਰਨ ਦੇ ਦੂਜੇ ਦਿਨ ਹੀ ਆਪਣੇ ਬੈਂਕ ਦੇ ਚਲਿਤ ਹਿਸਾਬ ਵਿੱਚ ੧੮੦ ਰੂਬਲ ਜਮਾਂ ਕਰਾਏ ਸਨ।

"੫. ਕਿ ਕੰਜਰੀ ਲੁਬਕਾ ਦੇ ਬਿਆਨ ਦੇ ਅਨੁਸਾਰ ਹੋਟਲ ਦੇ ਨੌਕਰ ਸਾਈਮਨ ਕਾਰਤਿਨਕਨ ਨੇ ਉਸ ਨੂੰ ਕੋਈ ਪੁੜੀ ਲਿਆ ਦਿੱਤੀ ਸੀ, ਤੇ ਨਾਲੇ ਇਹ ਸਲਾਹ ਦਿੱਤੀ ਸੀ ਕਿ ਉਹ ਪੁੜੀ ਸੌਦਾਗਰ ਨੂੰ ਓਹਦੀ ਬਰਾਂਡੀ ਦੇ ਗਲਾਸ ਵਿੱਚ ਘੋਲ ਕੇ ਪਿਲਾ ਦਿੱਤੀ ਜਾਵੇ। ਇਹ ਗੱਲ ਲੁਬਕਾ ਨੇ ਮੰਨ ਲਈ ਸੀ ਤੇ ਇਓਂ ਉਸ ਇਹ ਪੁੜੀ ਸ਼ਰਾਬ ਵਿੱਚ ਘੋਲਕੇ ਓਸ ਸੌਦਾਗਰ ਨੂੰ ਪਿਲਾਈ।

"ਤੇ ਜਦ ਉਸ ਉੱਪਰ ਜਿਰ੍ਹਾ ਹੋਈ, ਤਦ ਉਸ ਮੁਜਰਮ ਵੇਸ਼ੀਆ ਨੇ ਜਿਹਦਾ ਨਿੱਕਾ ਨਾਂ ਲੁਬਕਾ ਹੈ, ਬਿਆਨ ਕੀਤਾ ਕਿ ਜਦ ਸੌਦਾਗਰ ਸਮੈਲਕੋਵ ਹਾਲੇਂ ਓਹਦੀ ਮਾਲਕਾ ਦੇ ਘਰ ਹੀ ਸੀ ਜਿੱਥੇ ਜਿਵੇਂ ਓਹ ਦੱਸਦੀ ਹੈ, ਓਹ 'ਕੰਮ' ਕਰਦੀ ਸੀ, ਅਤੇ ਇਸ ਕੰਜਰੀ ਨੂੰ ਉਹਦੇ ਹੋਟਲ ਵਿੱਚ ਲਏ ਕਮਰੇ ਤੱਕ ਜਾਣ ਨੂੰ ਕਹਿਆ ਸੀ ਕਿ ਉੱਥੇ ਜਾਕੇ ਉਹਦੇ ਟਰੰਕ ਵਿੱਚੋਂ ਕੁਝ ਰੁਪੈ ਓਸ ਲਈ ਕੱਢ ਕੇ ਲਿਆਵੇ, ਤੇ ਉਹਦੀ ਇਹ ਗੱਲ ਮੰਨ

ਕੇ ਓਹ ਉੱਥੇ ਗਈ ਤੇ ਸੌਦਾਗਰ ਦੀ ਆਪ ਦਿੱਤੀ ਚਾਬੀ ਨਾਲ ਟਰੰਕ ਦਾ ਜੰਦਰਾ ਖੋਲ੍ਹ ਕੇ ੪੦) ਰੂਬਲ ਕੱਢ ਕੇ ਲਿਆਈ । ਸੌਦਾਗਰ ਨੇ ਓਹਨੂੰ ਬੱਸ ਇੰਨੇ ਹੀ ਰੂਬਲ ਲਿਆਉਣ ਨੂੰ ਆਖਿਆ ਸੀ, ਤੇ ਉਹਦਾ ਬਿਆਨ ਹੈ ਕਿ ਉਸ ਨੇ ਹੋਰ ਕੁਝ ਵਾਧੂ ਨਹੀਂ ਸੀ ਕੱਢਿਆ। ਤੇ **ਬੋਚਕੋਵਾ** ਤੇ **ਕਾਰਤਿਨ-ਕਿਨ** ਦੋਹਾਂ ਹੋਟਲ ਦੇ ਨੌਕਰਾਂ ਦੀ ਮੌਜੂਦਗੀ ਵਿੱਚ ਉਸ ਜੰਦਰਾ ਖੋਲ੍ਹਿਆ ਸੀ ਤੇ ਜੰਦਰਾ ਮਾਰਿਆ ਸੀ। ਤੇ ਉਹ ਦੋਵੇਂ ਕਹਿ ਸਕਦੇ ਹਨ ਕਿ ਉਸ ਨੇ ਸਵਾਏ ੪੦) ਰੂਬਲ ਦੇ ਓਥੋਂ ਹੋਰ ਕੁਛ ਨਹੀਂ ਸੀ ਕੱਢਿਆ।

"ਫਿਰ ਹੋਰ ਸ਼ਹਾਦਤ ਉਹਦੀ ਇਹ ਹੋਈ ਕਿ ਜਦ ਦੂਜੀ ਦਫਾ ਓਹ ਆਪਣੇ ਕੰਜਰ-ਘਰ ਪਹੁੰਚੀ, ਤਦ **ਕਾਰਤਿਨਕਿਨ** ਦੇ ਕਹਿਣ ਉੱਪਰ ਓਸ ਸੌਦਾਗਰ ਨੂੰ ਪੁੜੀ ਖਵਾਈ । ਪਰ ਉਸਨੇ ਇਹ ਸਮਝ ਕੇ ਖਵਾਈ ਸੀ ਕਿ ਇਹ ਪੁੜੀ ਨੀਂਦਰ ਲਿਆਉਣ ਵਾਲੀ ਅਫੀਮ ਜੇਹੀ ਹੋਵੇਗੀ ਤੇ ਇਹ ਪੀ ਕੇ ਸੌਦਾਗਰ ਨੂੰ ਨੀਂਦਰ ਆ ਜਾਵੇਗੀ ਤੇ ਜਦ ਇਓਂ ਉਹ ਸੈਂ ਜਾਸੀ ਤਦ ਉਸ ਨੂੰ ਕੁਛ ਵਕਤ ਮਿਲਸੀ ਕਿ ਉਸ ਸੌਦਾਗਰ ਥੀਂ ਆਪਣਾ ਥੋੜੀ ਦੇਰ ਲਈ ਪਿੱਛਾ ਛੁੜਾ ਸੱਕੇ।

"ਓਹ ਬਿਆਨ ਕਰਦੀ ਹੈ ਕਿ ਉਸ ਕੋਈ ਰੁਪਏ ਨਹੀਂ ਲਏ, ਪਰ ਜਦ **ਸਮੈਲਕੋਵ** ਨੇ ਉਹਨੂੰ ਇਕ ਵੇਰੀ ਆਪਣੇ ਹੱਥ ਨਾਲ ਮਾਰਿਆ ਸੀ ਤੇ ਉਸ ਚੀਕ ਚਹਾੜਾ ਪਾ ਦਿੱਤਾ ਸੀ, ਤੇ ਡਰਾਵਾ ਵੀ ਦਿੱਤਾ ਸੀ ਕਿ ਉਹ ਉਸ ਪਾਸੋਂ ਚਲੀ ਜਾਵੇਗੀ, ਓਸ ਵੇਲੇ ਸੌਦਾਗਰ ਨੇ ਓਹਨੂੰ ਖ਼ੁਸ਼ ਕਰਨ ਲਈ ਆਪਣੀ ਹੀਰੇ

ਦੀ ਮੁੰਦਰੀ ਇਨਾਮ ਵਿੱਤੀ ਸੀ ।

"ਯੇਫੈਮੀਆ ਏਚਕੋਵਾ ਨੇ ਜਿਰ੍ਹਾ ਵਿੱਚ ਦੱਸਿਆ, ਕਿ ਓਹਨੂੰ ਗੁੰਮ ਗਏ ਰੁਪਏ ਦੀ ਕੁਛ ਖਬਰ ਨਹੀਂ ਕਿਉਂਕਿ ਓਹ ਸਮੇਲਕੋਵ ਦੇ ਕਮਰੇ ਵਲ ਕਦੀ ਗਈ ਹੀ ਨਹੀਂ ਸੀ । ਤੇ ਲੁਬਕਾ ਆਪੇ ਹੀ ਉਨ੍ਹਾਂ ਕੰਮਾਂ ਵਿੱਚ ਕੱਲੀ ਲੱਗੀ ਰਹੀ ਸੀ, ਤੇ ਜੇ ਕੁਛ ਚੋਰੀ ਗਇਆ ਹੈ ਤਦ ਲੁਬਕਾ ਨੇ ਹੀ, ਜਦ ਉਹ ਸੌਦਾਗਰ ਪਾਸੋਂ ਚਾਬੀ ਲੈ ਕੇ ਆਈ ਸੀ ਤੇ ਰੁਪਏ ਲੈ ਗਈ ਸੀ, ਸਬ ਕੁਛ ਕੀਤਾ ਹੋਣਾ ਹੈ ।"

ਜਦ ਬੋਚਕੋਵਾ ਦਾ ਇਹ ਕਹਿਣਾ ਪੜ੍ਹਿਆ ਜਾ ਰਹਿਆ ਸੀ, ਤਦ ਮਸਲੋਵਾ ਨੂੰ ਬੁੱਲਾ ਚੜ੍ਹਿਆ, ਤੇ ਓਹ ਤ੍ਰਬਕੀ ਤੇ ਉਸ ਕੁਛ ਕਹਿਣ ਨੂੰ ਮੂੰਹ ਖੋਹਲਿਆ ਤੇ ਏਚਕੋਵਾ ਵਲ ਤੱਕਿਆ ।

"ਜਦ," ਸਕੱਤਰ ਹੋਰੀ ਅੱਗੇ ਚਲੇ "ਬੋਚਕੋਵਾ ਨੂੰ ਓਹਦੇ ਬੈਂਕ ਦੀ ਰਸੀਦ ੧੮੦੦) ਰੂਬਲ ਵਾਲੀ ਦਿਖਾਈ ਗਈ ਤੇ ਪੁੱਛਿਆ ਗਇਆ, ਕਿ ਇੰਨਾਂ ਸਾਰਾ ਰੁਪਿਆ ਓਹ ਕਿੱਥੋਂ ਲਿਆਈ ਸੀ, ਤਦ ਉਸ ਜਵਾਬ ਦਿੱਤਾ ਸੀ ਕਿ ਇਹ ਓਹਦੀ ਆਪਣੀ ਪਿੱਛਲੇ ੧੮ ਸਾਲ ਦੀ ਕਮਾਈ ਹੈ ਤੇ ਇਸ ਵਿੱਚ ਸਾਈਮਨ ਕਾਰਤਿਨਕਿਨ ਦੀ ਵੀ ਕਮਾਈ ਸ਼ਾਮਲ ਹੈ ਕਿਉਂਕਿ ਉਹ ਹੁਣ ਉਹਨੂੰ ਵਿਆਹੁਣ ਵਾਲੀ ਹੀ ਸੀ ।

"ਮੁਜਰਿਮ **ਸਾਈਮਨ ਕਾਰਤਿਨਕਿਨ** ਦਾ ਜਦ ਪਹਿਲੇ ਬਿਆਨ ਹੋਇਆ ਸੀ ਤਦ ਉਸ ਇਕਬਾਲ ਕਰ ਲਇਆ ਸੀ ਕਿ **ਮਸਲੋਵਾ** ਦੇ ਚੁੱਕਣ ਚਕਾਣ ਉੱਪਰ ਜਦ ਓਹ ਚਾਬੀ ਲੈ ਕੇ ਹੋਟਲ ਵਿੱਚ ਆਈ ਸੀ, ਇਸ ਰੁਪਏ ਜਰੂਰ ਚੁਰਾਏ ਸਨ ਤੇ ਅੱਧੋ ਅੱਧ **ਮਸਲੋਵਾ** ਤੇ ਇਹਨੇ ਆਪੇ ਵਿੱਚ ਵੰਡ ਲਏ ਸਨ। ਨਾਲੇ ਓਸ ਇਸ ਗੱਲ ਦਾ ਵੀ ਇਕਬਾਲ ਕੀਤਾ ਸੀ ਕਿ ਉਸਨੇ **ਮਸਲੋਵਾ** ਨੂੰ ਉਹ ਪੁੜੀ ਲਿਆ ਦਿੱਤੀ ਸੀ ਜਿਸ ਦੇ ਪੀਣ ਨਾਲ **ਸਮੈਲਕੋਵ** ਸੌਂ ਜਾਏ। ਪਰ ਜਦ ਦੂਜੀ ਵੇਰ ਓਹਦੇ ਬਿਆਨ ਹੋਏ ਤਦ ਇਨ੍ਹਾਂ ਗੱਲਾਂ ਥੀਂ ਉਹ ਮੁਕੱਰ ਗਇਆ ਕਿ ਨ ਰੁਪਏ ਓਸ ਚੁਰਾਏ, ਨ **ਮਸਲੋਵਾ** ਨੂੰ ਪੁੜੀ ਉਸ ਲਿਆ ਦਿਤੀ, ਤੇ ਸਾਰਾ ਇਲਜ਼ਾਮ ਉਸ **ਮਸਲੋਵਾ** ਦੇ ਮਥੇ ਹੀ ਮੜ੍ਹ ਦਿਤਾ। ਬੈਂਕ ਵਿਚ ਰੁਪਏ ਜਮ੍ਹਾਂ ਕਰਨ ਬਾਬਤ ਉਸ ਓਹੋ ਬਿਆਨ ਦਿਤਾ ਜੋ **ਬੋਚਕੋਵਾ** ਨੇ ਦਿਤਾ ਸੀ, ਕਿ ਇਹ ਰੁਪਏ, ਉਨ੍ਹਾਂ ਦੋਹਾਂ ਦੀ ਕਮਾਈ, ਤੇ **ਹੋਟਲ** ਵਿਚ ਆਏ ਗਏ ਮਹਿਮਾਨਾਂ ਦੀਆਂ ਉਨ੍ਹਾਂ ਨੂੰ ਦਿਤੀਆਂ ਬਖਸ਼ੀਸ਼ਾਂ, ਕੁਲ ੧੯ ਸਾਲ ਦੀ ਜਰਾ ਜਰਾ ਜਮ੍ਹਾਂ ਕੀਤੀ ਕਮਾਈ ਦੇ ਸਨ। ਤੇ ਉਨ੍ਹਾਂ ਦੋਹਾਂ ਇਕੱਠਿਆਂ ਨੇ ਜਮ੍ਹਾਂ ਕਰਾਏ ਸਨ।

"ਵਾਕਿਆਤ ਦੇ ਹੋਰ ਵਧੇਰੀ ਢੂੰਡ ਲਈ ਜਰੂਰੀ ਹੋਇਆ

ਕਿ ਸਮੈਲਕੋਵ ਦੀ ਲਾਸ਼ ਦਾ ਕਬਰ ਵਿਚੋਂ ਕੱਢ ਕੇ ਮੁੜ ਡਾਕਟਰੀ ਇਮਤਿਹਾਨ ਕਰਾਇਆ ਜਾਵੇ। ਹੁਕਮ ਹੋਇਆ, ਕਿ ਮੁਰਦਾ ਕੱਢਿਆ ਜਾਵੇ ਤੇ ਓਹਦੇ ਪੇਟ ਤੇ ਆਂਦਰਾਂ ਦਾ ਦਾ ਪੂਰਾ ਪੂਰਾ ਇਮਤਿਹਾਨ ਕੀਤਾ ਜਾਵੇ। ਡਾਕਟਰੀ ਇਮ-ਤਿਹਾਨ ਨੇ ਇਹ ਨਤੀਜਾ ਕੱਢਿਆ ਕਿ ਸਮੈਲਕੋਵ ਨੂੰ ਜ਼ਹਿਰ ਦਿਤਾ ਗਿਆ ਸੀ ਤੇ ਓਹਦੀ ਮੌਤ ਜ਼ਹਿਰ ਦੇਣ ਕਰਕੇ ਹੋਈ ਹੈ।"

ਇਸ ਥੀਂ ਪਿੱਛੇ ਮੁਜਿਰਮਾਂ ਦੇ ਬਿਆਨ ਤੇ ਉਨ੍ਹਾਂ ਉਤੇ ਕੀਤੇ ਸਵਾਲਾਂਦੇ ਜਵਾਬ ਤੇ ਉਨ੍ਹਾਂ ਦੇ ਬਿਆਨ ਕਲਮਬੰਦ ਕੀਤੇ ਪੜ੍ਹੇ ਗਏ।

ਫਰਦ ਜੁਰਮ ਅਗੇ ਇਓਂ ਮੁੱਕਿਆ:—

"ਕਿ ਦੂਸਰੀ ਗਿਲਡ ਦਾ ਸੌਦਾਗਰ ਸਮੈਲਕੋਵ ਬਦ-ਮਾਸ਼ੀ ਤੇ ਸ਼ਰਾਬ ਦਾ ਬੜਾ ਹੀ ਆਦੀ ਸੀ। ਉਹ ਲੁਬਕਾ ਨਾਮੀ ਕੰਜਰੀ ਦਾ ਕੀਤਾਈਵਾ ਦੇ ਕੰਜਰ-ਘਰ ਵਿਚ ਵਾਕਫ਼ ਬਣਿਆ ਸੀ, ਤੇ ਓਹਦੇ ਨਾਲ ਓਹਦਾ ਮਨ ਗੀਝ ਗਇਆ ਸੀ। ਤੇ ਓਥੇ ਹੀ ਉਸ ਨਾਲ ਉਹਦੀ ਗੋਂਦ ਗੁੰਦੀ ਗਈ ਸੀ। ੧੭ ਜਨਵਰੀ ੧੮੮੮ ਨੂੰ ਉਸ ਨੇ ਇਸ ਲੁਬਕਾ ਨੂੰ ਆਪਣੇ ਬਕਸ ਦੀ ਕੁੰਜੀ ਦਿੱਤੀ ਤੇ ਆਖਿਆ ਕਿ ਓਹਦੇ ਹੋਟਲ ਦੇ ਕਮਰੇ ਵਿਚ ਜਾ ਕੇ ਤੇ ਜੰਦਰਾ ਖੋਲ੍ਹ ਕੇ ਉਸ ਲਈ ੪੦ ਰੂਬਲ ਕੱਢ ਲਿਆਵੇ, ਜਿਨ੍ਹਾਂ ਦੀ ਓਹਨੂੰ ਉਸ ਵੇਲੇ ਸ਼ਰਾਬ ਮਾਸ ਲਈ ਲੋੜ ਪਈ ਸੀ।

"ਜਦ **ਮਸਲੋਵਾ** ਹੋਟਲ ਪਹੁੰਚੀ, ਓਥੇ **ਬੋਚਕੋਵਾ** ਤੇ **ਕਾਰਤਿਨਕਿਨ** ਤ੍ਰਿਹਾਂ ਨੇ ਮਿਲ ਕੇ ਮਤਾ ਪਕਾਇਆ ਕਿ ਓਹਦੇ ਰੁਪਏ ਗ਼ਬਨ ਕਰੀਏ। ਇਨ੍ਹਾਂ ਨੇ ਉਹਦਾ ਰੁਪਿਆ ਤੇ ਹੋਰ ਕੀਮਤੀ ਚੀਜ਼ਾਂ ਚੁਰਾ ਲਈਆਂ ਤੇ ਆਪੇ ਵਿੱਚ ਵੰਡ ਲਈਆਂ, ਇਹ ਜੁਰਮ ਇਨ੍ਹਾਂ ਨੇ ਜਰੂਰ ਕੀਤਾ।"

ਇਥੇ **ਮਸਲੋਵਾ** ਮੁੜ ਗੁੱਸੇ ਨਾਲ ਤ੍ਰੱਬਕੀ ਤੇ ਕੁਛ ਕਹਿਣ ਨੂੰ ਉੱਠੀ ਵੀ। ਮੂੰਹ ਓਹਦਾ ਰਤਾ ਲਾਲ ਹੋ ਗਇਆ।

"**ਮਸਲੋਵਾ** ਨੂੰ ਹੀਰੇ ਦੀ ਮੁੰਦਰੀ ਉਹਦਾ ਹਿੱਸਾ ਮਿਲਿਆ," ਸਕੱਤਰ ਸਾਹਿਬ ਵਗੀ ਗਏ, "ਤੇ ਗ਼ਾਲਬਨ ਕੁਛ ਨਕਦੀ ਵੀ ਮਿਲੀ ਜਿਹੜੀ ਯਾ ਤਾਂ ਉਸ ਖਰਚ ਕਰ ਲਈ ਹੋਊ ਯਾ ਓਸ ਪ੍ਰਾਸੋਂ ਗੁੰਮ ਹੋ ਗਈ ਹੋਊ, ਕਿਊਂਕਿ ਓਸ ਰਾਤ ਓਹ ਵੀ ਤਾਂ ਨਸ਼ਈ ਸੀ। ਆਪਣੇ ਜੁਰਮ ਨੂੰ ਛਪਾਉਣ ਲਈ ਇਨ੍ਹਾਂ ਸਾਜ਼ਸ਼ੀਆਂ ਨੇ ਗੰਢ ਪਾਈ ਕਿ ਓਹਨੂੰ ਕਿਸੀ ਨ ਕਿਸੀ ਤਰਾਂ ਕੰਜਰ-ਘਰ ਥੀਂ ਵਾਪਸ ਹੋਟਲ ਵਿਚ ਲੈ ਆਂਦਾ ਜਾਏ ਤੇ ਓਥੇ ਲਿਆ ਕੇ ਓਹਨੂੰ ਸੰਖੀਆ ਦਿਤਾ ਜਾਏ। ਸੰਖੀਆ **ਕਾਰਤਿਨ-ਕਿਨ** ਪਾਸ ਅੱਗੇ ਹੀ ਸੀ। ਇਸ ਗੋਂਦ ਨੂੰ ਸਿਰੇ ਚਾਹੜਨ ਲਈ **ਮਸਲੋਵਾ** ਮੁੜ ਓਸ ਕੰਜਰ-ਘਰ ਵਾਪਸ ਗਈ ਤੇ **ਸਮੈਲਕੋਵ** ਨੂੰ ਪ੍ਰੇਰ ਕੇ **ਹੋਟਲ ਮੌਰ਼ੀਟੇਨੀਆ** ਵਿਚ ਆਪਣੇ ਨਾਲ ਵਾਪਸ ਲਿਆਈ। ਜਦ **ਸਮੈਲਕੋਵ** ਹੋਟਲ

ਪਹੁਤਾ **ਮਸਲੋਵਾ** ਨੇ **ਕਾਰਤਿਨਕਿਨ** ਪਾਸੋਂ ਓਹ ਪੁੜੀ ਲਈ, ਬਰਾਂਡੀ ਦੇ ਗਲਾਸ ਵਿਚ ਘੋਲੀ ਤੇ ਉਹਨੂੰ ਪਿਲਾ ਦਿੱਤੀ। ਜਿਸ ਕਰਕੇ **ਸਮੈਲਕੋਵ** ਪਾਰ ਬੋਲਿਆ।

'ਉੱਪਰ ਲਿਖੇ ਵਾਕਿਆਤ ਕਹਿ ਕੇ ਇਹ ਕਿਸਾਨ **ਬੋਰਕੀ** ਦੇ ਰਹਿਣ ਵਾਲਾ, **ਸਾਈਮਨ ਕਾਰਤਿਨਕਿਨ** ਉਮਰ ੩੩ ਸਾਲ ਤੇ ਇਹ ਸ਼ਹਿਰੀ ਗਰਾਮੀਨ **ਯੋਫੈਮੀਆ ਬੋਚਕੋਵਾ** ਉਮਰ ੪੩ ਸਾਲ, ਤੇ ਇਹ ਸ਼ਹਿਰੀ ਗਰਾਮੀਨ (ਮਿਸ਼ਾਂਕਾ) **ਕਾਤੇਰੀਨਾ ਮਸਲੋਵਾ** ਉਮਰ ੨੯ ਸਾਲ, ਇਸ ਜੁਰਮ ਦੇ ਮੁਰਤਕਿਬ ਹਨ ਕਿ ਇਨ੍ਹਾਂ ਨੇ ੧੭ ਜਨਵਰੀ ੧੯੯੯ ਨੂੰ ਉਪਰ ਦਸੇ ਸੌਦਾਗਰ **ਸਮੈਲਕੋਵ** ਦੀ ਨਕਦੀ ਕੋਈ ੨੬੦੦ ਰੂਬਲ ਮਿਲਕੇ ਚੁਰਾਏ, ਤੇ ਫਿਰ ਉੱਪਰ ਦਸੇ ਸੌਦਾਗਰ **ਸਮੈਲਕੋਵ** ਨੂੰ ਸ਼ਰਾਬ ਵਿੱਚ ਜ਼ਹਿਰ ਘੋਲ ਕੇ ਪਿਆਇਆ। ਜਿਸ ਪਿਆਲਣ ਵਿੱਚ ਇਨ੍ਹਾਂ ਦਾ ਇਰਾਦਾ ਸੀ ਕਿ ਓਹਨੂੰ ਜਾਨੋਂ ਮਾਰ ਦਿਤਾ ਜਾਵੇ ਤਾ ਕਿ ਜਿਹੜਾ ਜੁਰਮ ਇਨ੍ਹਾਂ ਕੀਤਾ ਸੀ, ਓਹਦਾ ਸਿਰ ਪੈਰ ਨ ਪਤਾ ਲੱਗ ਸਕੇ ਤੇ ਇਸ ਕਾਰਨ ਹੀ ਇਨ੍ਹਾਂ ਤਿੰਨਾਂ ਨੇ ਓਹਨੂੰ ਮਾਰ ਮੁਕਾਇਆ ਹੈ।

"ਇਹ ਜੁਰਮ ਤਾਜ਼ੀਰਾਤ ਰੂਸ ਦੇ ਦਫਾ ੧੪੫੫ ਦਾ ਹੈ, ਤੇ ਇਸ ਵਾਸਤੇ ਉਸੇ ਦਫ਼ਾ ਤਾਜ਼ੀਰਾਤ ਰੂਸ ਮੁਤਾਬਕ ਤੇ ਦਫਾ ਫਲਾਣਾ ਫਲਾਣਾ ਜ਼ਾਬਤਾ ਫੌਜਦਾਰੀ ਦੇ ਕਿਸਾਨ

ਸਾਈਮਨ ਕਾਰਤਿਨਕਿਨ, ਤੇ ਮਿਸ਼ਾਂਕਾ ਯੋਫੇ-ਮੀਆ ਬੋਚਕੋਵਾ ਤੇ ਮਿਸ਼ਾਂਕਾ ਕਾਤੇਰੀਨਾ ਮਸਲੋਵਾ ਜੋ ਇਸ ਵਕਤ ਇਥੇ ਮੌਜੂਦ ਹਨ ਉਨ੍ਹਾਂ ਤੇ ਇਹ ਮੁਕੱਦਮਾ ਚਲਾਇਆ ਜਾਵੇ ਤੇ ਇੱਥੇ ਜ਼ਿਲੇ ਦੀ ਅਦਾਲਤ ਵਿਚ ਜੂਰੀ ਫੈਸਲਾ ਕਰੇ।''

ਇਓਂ ਸਕੱਤਰ ਸਾਹਿਬ ਨੇ ਫਰਦ ਜੁਰਮ ਪੜ੍ਹਕੇ ਸੁਣਾ ਦਿੱਤਾ ਤੇ ਆਖਰ ਖਤਮ ਵੀ ਕਰ ਹੀ ਦਿੱਤਾ, ਤੇ ਆਪਣੇ ਕਾਗਜ਼ ਲਪੇਟ ਲਪਾਟ ਕੇ, ਠੱਪ ਕੇ ਬਹਿ ਗਇਆ। ਆਪਣੇ ਹੱਥ ਨਾਲ ਆਪਣੀਆਂ ਪੱਟੀਆਂ ਨੂੰ ਸੰਵਾਰਨ ਲੱਗ ਪਇਆ। ਸਭ ਕਿਸੀ ਨੇ ਇਸ ਛੁਟਕਾਰੇ ਦਾ ਸ਼ੁਕਰ ਕੀਤਾ, ਠੰਢਾ ਸਾਹ ਲਇਆ, ਕਿ ਹੁਣ ਅਸਲੀ ਇਨਸਾਫ਼ ਦੀ ਤਹਿਕੀਕਾਤ ਸ਼ੁਰੂ ਹੋਵੇਗੀ,ਤੇ ਸਭ ਵਾਕਿਆਤ ਤੇ ਸਚਾਈਆਂ ਠੀਕ ਠੀਕ ਆਣ ਖੁਲ੍ਹਣਗੀਆਂ। ਮੁਜਰਿਮਾਂ ਨਾਲ ਪੂਰਾ ਇਨਸਾਫ ਤੇ ਚੰਗੀ ਅਦਾਲਤ ਹੋਵੇਗੀ। ਸਿਰਫ ਨਿਖਲੀਊਧਵ ਇਨ੍ਹਾਂ ਉਮੇਦਾਂ ਵਾਲਾ ਨਹੀਂ ਸੀ ਤੇ ਨਾਂਹ ਓਹ ਉਨ੍ਹਾਂ ਦੇ ਖਿਆਲਾਂ ਨਾਲ ਸਹਿਮਤ ਸੀ। ਓਹ ਤਾਂ ਇਸ ਭਿਆਨਕ ਖੌਫ਼ ਜੇਹੇ ਵਿਚ ਗ਼ਲਤਾਨ ਸੀ, ਕਿ ਹਾਇ ਇਸ ਮਸਲੋਵਾ ਨੇ ਕੀ ਕੀਤਾ ਹੋਣਾ ਹੈ ? ਓਹ ਮਸਲੋਵਾ ਜਿਹਨੂੰ ਓਹ ਦਸ ਸਾਲ ਹੋਏ ਹੰਨ ਮਿਲਿਆ ਸੀ, ਤੇ ਤਾਂ ਜੇਹੜੀ ਇਕ ਅਯਾਣੀ, ਮਾਸੂਮ ਦਿਬਯ ਤੇ ਦਿਲ ਖਿੱਚਵੀਂ ਬਾਲਕਾ ਸੀ।

## ਕਾਂਡ ੧੧

ਜਦ ਫਰਦ ਜੁਰਮ ਇਉਂ ਪੜ੍ਹਿਆ ਜਾ ਚੁੱਕਾ, ਪ੍ਰਧਾਨ ਨੇ ਮਿੰਬਰਾਂ ਨਾਲ ਕੁਛ ਮਸ਼ਵਰਾ ਕਰਕੇ ਆਪਣਾ ਮੂੰਹ **ਕਾਰਤਿਨਕਿਨ** ਵਲ ਮੋੜਿਆ। ਓਹਦੇ ਮੂੰਹ ਤੇ ਐਸੀ ਇਕ ਦਿੱਖ ਸੀ ਜਿਸ ਥੀਂ ਇਹ ਸਾਫ ਪਤਾ ਪਇਆ ਲੱਗਦਾ ਸੀ ਕਿ ਹਾਂ ਭਾਈ ਹੁਣ ਤਾਂ ਅਸੀ ਸਭ ਗੱਲ, ਸੱਚ ਸੱਚ, ਤੇ ਕੂੜ ਕੂੜ, ਨਿੱਕੀ ਨਿੱਕੀ ਤਫਸੀਲ ਤਕ ਤੇ ਨਿਰੋਲ ਸੱਚ ਤਕ ਅੱਪੜ ਕੇ ਛੱਡਾਂ ਗੇ।

"ਕਿਸਾਨ-**ਸਾਈਮਨ ਕਾਰਤਿਨਕਿਨ**", ਪ੍ਰਧਾਨ ਨੇ ਖੱਬੇ ਪਾਏ ਝੁਕ ਕੇ ਆਵਾਜ਼ ਦਿੱਤੀ।

**ਸਾਈਮਨ ਕਾਰਤਿਨਕਿਨ** ਉੱਠ ਖੜਾ ਹੋਇਆ, ਆਪਣੀਆਂ ਦੋਵੇਂ ਬਾਹਾਂ ਪਾਸਿਆਂ ਨਾਲ ਸਿੱਧੀਆਂ ਲਮਕਾ ਦਿੱਤੀਆਂ ਤੇ ਸਾਰਾ ਅੱਗੇ ਵਲ ਝੁਕ ਕੇ, ਬਿਨਾ ਬੋਲੇ, ਆਪਣੀਆਂ ਖਾਖਾਂ ਆਪਣੇ ਮਾਮੂਲ ਵਾਂਗ ਦੱਬ ਕੇ ਹਿਲਾਈ ਗਇਆ।

"ਤੇਰੇ ਉੱਪਰ ਇਹ ਦੋਸ ਲੱਗਾ ਹੈ ਕਿ ੧੭ ਜਨਵਰੀ ੧੯੯੯ ਨੂੰ ਤੈਂ **ਯੋਫੈਮੀਆ ਬੋਚਕੋਵਾ** ਤੇ **ਕਾਤੇਰੀਨਾ ਮਸਲੋਵਾ** ਨਾਲ ਮਿਲ ਕੇ ਸੌਦਾਗਰ **ਸਮੈਲਕੋਵ** ਦੇ ਬਕਸ ਵਿਚੋਂ ਓਹਦਾ ਰੁਪਇਆ ਚੁਰਾਇਆ ਤੇ ਫਿਰ ਸੰਖੀਆ ਲਿਆ

` ਤੈਨੇ **ਮਸਲੋਵਾ** ਨੂੰ ਦਿੱਤਾ, ਤੇ ਇਹ ਇਸ ਗਰਜ਼ ਨਾਲ ਕੀਤਾ ਕਿ ਉਹ **ਮਸਲੋਵਾ** ਬ੍ਰਾਂਡੀ ਦੇ ਗਲਾਸ ਵਿੱਚ ਘੋਲ ਕੇ ਉਸ ਸੌਦਾਗਰ ਨੂੰ ਪਿਆ ਦੇਵੇ ਤੇ ਇਓਂ ਤੈਨੇ ਉਸ **ਸਮੇਲਕੋਵ** ਨੂੰ ਮਾਰਿਆ। ਕੀ ਤੂੰ ਜੁਰਮ ਦਾ ਇਕਬਾਲੀ ਹੈਂ ?'' ਪ੍ਰਧਾਨ ਨੇ ਪੁੱਛਿਆ ਤੇ ਹੁਣ ਆਪਣੇ ਸੱਜੇ ਪਾਸੇ ਵਲ ਉੜਿਆ।

''ਨਹੀਂ, ਹਰਗਿਜ਼ ਨਹੀਂ, ਕਿਉਂਕਿ ਸਾਡਾ ਤਾਂ ਕੰਮ ਮਹਿਮਾਨਾਂ ਦੀ ਖਾਤਰ ਤਵਾਜ਼ੋ ਕਰਨ ਦਾ ਹੋਇਆ ਜੀ।''

''ਤੂੰ ਇਹ ਗੱਲਾਂ ਮੁੜ ਕਰੀਂ–ਪਹਿਲਾਂ ਦੱਸ ਇਹ ਕਿ ਕੀ ਤੂੰ ਆਪਣਾ ਦੋਸ ਪ੍ਰਵਾਨ ਕਰਦਾ ਹੈਂ ?''

''ਨਹੀਂ ਜਨਾਬ ! ਮੈਂ ਸਿਰਫ.........।''

''ਹੋਰ ਗੱਲਾਂ ਤੂੰ ਸਾਨੂੰ ਮੁੜ ਦੱਸੀਂ, ਕੀ ਤੂੰ ਦੋਸ ਆਪਣਾ ਪ੍ਰਵਾਨ ਕਰਨਾ ਹੈਂ ?'' ਪ੍ਰਧਾਨ ਨੇ ਆਹਿਸਤਾ ਜੇਹਾ ਪਰ ਪਕਿਆਈ ਨਾਲ ਫਿਰ ਪੁੱਛਿਆ।

ਮੈਂ ਇਹੋ ਜੇਹੀ ਗੱਲ ਕਰ ਨਹੀਂ ਸੱਕਦਾ ਕਿਉਂਕਿ......''

**ਅਸ਼ਰ** ਮੁੜ **ਸਾਈਮਨ ਕਾਰਤਿਨਕਿਨ** ਕੋਲ ਦੌੜਦਾ ਆਇਆ ਤੇ ਉਹਨੂੰ ਇਸ ਬੇਹੂਦਾ ਗੁਫਤਗੂ ਕਰਨ ਥੀਂ ਗੋਸ਼ੇ ਜੇਹੇ ਵਿੱਚ ਹੋੜਿਆ, ਤੇ ਓਸੇ ਹੀ ਤਰਜ਼ ਨਾਲ ਜਿੰਵੇਂ ਓਹਨੂੰ ਉਹ ਡਰ ਪਾਉਣਾ ਚਾਹੁੰਦਾ ਸੀ ਕਿ ਇੱਥੇ ਇਓਂ ਕਰਨ ਨਾਲ ਮਤੇ ਕੋਈ ਉਸ ਲਈ ਹੋਰ ਉਪਦਰਵ ਨ ਖੜਾ ਹੋ ਜਾਂਦਾ ਹੋਵੇ। ਪ੍ਰਧਾਨ ਨੇ ਆਪਣਾ ਹੱਥ ਜਿਸ ਵਿੱਚ ਉਸ ਨੇ ਕਾਗਜ਼ ਪਕੜੇ ਹੋਏ ਸਨ, ਤੇ ਆਪਣੀ ਆਰਕ ਹੋਰ ਤਰਾਂ ਬਦਲਾ ਕੇ ਇਕ **ਮੈਜਿਸਟਰੇਟੀ** ਆਕੜ ਵਿੱਚ ਕਹਿਆ, ''ਚਲੋ

ਇਹ ਖਤਮ'', ਤੇ ਯੇਫੈਮੀਆ ਬੋਚਕੋਵਾ ਵਲ ਮੁਖਾਤਿਬ ਹੋਇਆ।

"ਯੇਫੈਮੀਆਂ ਬੋਚਕੋਵਾ ਤੇਰੇ ਪਰ ਇਹ ਦੋਸ ਲੱਗਾ ਹੈ ਕਿ ਤੈਨੇ ੧੭ ਜਨਵਰੀ ੧੮੮੮ ਨੂੰ ਹੋਟਲ ਮੌਰੀਟੇਨੀ-ਆ ਵਿੱਚ ਸਾਈਮਨ ਕਾਰਤਿਨਕਿਨ ਤੇ ਕਾਤੇਰੀਨਾ ਮਸਲੋਵਾ ਨਾਲ ਮਿਲ ਕੇ ਸੌਦਾਗਰ ਸਮੈਲਕੋਵ ਦੇ ਬਕਸ ਵਿੱਚੋਂ ਇਕ ਹੀਰੇ ਦੀ ਮੁੰਦਰੀ ਤੇ ਰੁਪਏ ਚੁਰਾਏ ਹਨ ਤੇ ਉਹ ਚੋਰੀ ਦਾ ਮਾਲ ਤੁਸਾਂ ਆਪੇ ਵਿੱਚ ਵੰਡ ਲਇਆ ਤੇ ਮੁੜ ਸੌਦਾਗਰ ਸਮੈਲਕੋਵ ਨੂੰ ਜਹਿਰ ਦੇ ਕੇ ਮਾਰ ਦਿੱਤਾ—ਕੀ ਤੂੰ ਆਪਣਾ ਦੋਸ ਪ੍ਰਵਾਨ ਕਰਦੀ ਹੈਂ ?''

''ਮੈਂ ਕਿਸੀ ਦੋਸ ਦੀ ਦੋਸੀ ਨਹੀਂ,'' ਬੜੀ ਦਲੇਰੀ ਤੇ ਤਕੜਾਈ ਨਾਲ ਉਸ ਜਵਾਬ ਦਿੱਤਾ, ''ਮੈਂ ਉਸ ਕਮਰੇ ਦੇ ਨੇੜੇ ਵੀ ਕਦੀ ਨਹੀਂ ਸਾਂ ਗਈ ਤੇ ਜਿਸ ਵੇਲੇ ਤੱਤੜੀ ਅੰਦਰ ਗਈ ਸੀ, ਸਭ ਕੁਛ ਇਸ ਨੇ ਹੀ ਕੀਤਾ ਜੇ ?''

''ਇਹ ਗੱਲਾਂ ਤੂੰ ਮੁੜ ਪਈ ਕਰੀਂ,'' ਪ੍ਰਧਾਨ ਨੇ ਮੁੜ ਆਹਿਸਤਾ ਜੇਹਾ ਜ਼ਬਰਦਸਤੀ ਨਾਲ ਕਿਹਾ, ''ਸੋ ਕੀ ਤੂੰ ਆਪਣੇ ਜੁਰਮ ਨਹੀਂ ਪ੍ਰਵਾਨ ਕਰਦੀ ?''

''ਨ ਮੈਂ ਰੁਪਏ ਲਏ, ਨ ਮੈਂ ਕਮਰੇ ਵਲ ਗਈ, ਨ ਮੈਂ ਉਹਨੂੰ ਸ਼ਰਾਬ ਪਿਲਾਈ। ਜੇ ਮੈਂ ਅੰਦਰ ਜਾਂਦੀ ਤਦ ਮੈਂ ਜਰੂਰ ਇਸ ਤੱਤੀ ਨੂੰ ਲੱਤਾਂ ਮਾਰ ਕੇ ਬਾਹਰ ਕੱਢ ਦਿੰਦੀ।''

''ਸੋ ਤੂੰ ਜੁਰਮ ਥੀਂ ਇਨਕਾਰੀ ਹੈਂ ?''

"ਕਦੀ ਨਹੀਂ।"

"ਬਹੁਤ ਅੱਛਾ।"

"ਕਾਤੇਰੀਨਾ ਮਸਲੋਵਾ", ਪ੍ਰਧਾਨ ਨੇ ਮੁੜ ਤੀਸਰੇ ਕੈਦੀ ਵਲ ਮੂੰਹ ਕਰਕੇ ਓਹੋ ਸਵਾਲ ਸ਼ੁਰੂ ਕੀਤਾ, "ਤੇਰੇ ਉੱਪਰ ਇਹ ਦੋਸ ਲੱਗਾ ਹੈ ਕਿ ਤੈਨੇ ਕੰਜਰ-ਘਰ ਬੀਂ ਸੌਦਾਗਰ ਸਮੈਲਕੋਵ ਦੇ ਬਕਸ ਦੀ ਕੁੰਜੀ ਲਿਆ ਕੇ ਉਸ ਵਿੱਚੋਂ ਕੁਛ ਰੁਪਏ ਤੇ ਇਕ ਹੀਰੇ ਦੀ ਮੁੰਦਰੀ ਚੋਰੀ ਕੀਤੀ।" ਇਹ ਸਬ ਕੁਛ ਉਹ ਇਓਂ ਕਹੀ ਜਾਂਦੀ ਸੀ ਜਿੰਵੇਂ ਕਿਸੀ ਨੇ ਕੋਈ ਸਬਕ ਬਰਜ਼ਬਾਨ ਯਾਦ ਕੀਤਾ ਹੁੰਦਾ ਹੈ ਤੇ ਹੁਣ ਆਪਣੇ ਖੱਬੇ ਵਲ ਜਰਾ ਕੁਛ ਝੁਕ ਰਿਹਾ ਸੀ ਕਿਉਂਕਿ ਉਹਦੇ ਖੱਬੇ ਬੈਠਾ ਇਕ ਮਿੰਬਰ ਓਹਦੇ ਕੰਨ ਵਿੱਚ ਕਹਿ ਰਿਹਾ ਸੀ ਕਿ ਗੁੰਮ ਗਈਆਂ ਚੀਜ਼ਾਂ ਵਿੱਚੋਂ ਇਕ ਮਰਤਬਾਨ ਜਿਹਦਾ ਜ਼ਿਕਰ ਫਰਦ ਵਿੱਚ ਆਉਂਦਾ ਹੈ, ਨਹੀਂ ਮਿਲ ਰਹਿਆ—"ਉਹਦੇ ਬਕਸ ਵਿੱਚੋਂ ਕੁਛ ਰੁਪਏ ਤੇ ਹੀਰੇ ਦੀ ਮੁੰਦਰੀ ਚੁਰਾਈ," ਉਸ ਨੇ ਮੁੜ ਆਪਣੇ ਲਫ਼ਜ਼ ਦੁਹਰਾਏ, "ਤੇ ਵੰਡੀਆਂ ਪਾਈਆਂ। ਫਿਰ ਤੂੰ ਸਮੈਲਕੋਵ ਨਾਲ ਹੋਟਲ ਮੌਰੀਟੇਨੀਆ ਨੂੰ ਆਈ, ਤੇ ਉਹਨੂੰ ਉੱਥੇ ਲਿਆਂਦਾ, ਤੂੰ ਉਹਨੂੰ ਸ਼ਰਾਬ ਵਿੱਚ ਘੋਲ ਕੇ ਜ਼ਹਿਰ ਦਿੱਤਾ ਤੇ ਇਓਂ ਉਹਨੂੰ ਮਾਰ ਮੁਕਾਇਆ, ਕੀ ਤੂੰ ਆਪਣੇ ਜੁਰਮ ਨੂੰ ਮੰਨਦੀ ਹੈਂ?"

"ਮੈਂ ਕਿਸੀ ਗੱਲ, ਜੜ੍ਹੇ ਜੁਰਮ ਦੀ ਜਿੰਮੇਵਾਰ ਨਹੀਂ", ਉਸ ਤ੍ਰਿੱਖਾ ਬੋਲਣਾ ਸ਼ੁਰੂ ਕੀਤਾ। "ਮੈਂ ਜਿਵੇਂ ਅੱਗੇ ਕਹਿ ਚੁੱਕੀ ਹਾਂ ਮੈਂ ਮੁੜ ਕਹਿੰਦੀ ਹਾਂ, ਮੈਂ ਕੁਛ ਨਹੀਂ ਲਇਆ, ਮੈਂ ਕੁਛ ਵੀ

ਨਹੀਂ ਲਇਆ । ਤੇ ਮੁੰਦਰੀ ਓਸਨੇ ਆਪ ਮੈਨੂੰ ਦਿੱਤੀ ਸੀ ।''

''ਸੋ ਤੂੰ ਨਹੀਂ ਮੰਨਦੀ ਕਿ ਤੇਨੇ ੨੬੦੦ ਰੂਬਲ ਚੁਰਾਏ ?'' ਪ੍ਰਧਾਨ ਨੇ ਪੁੱਛਿਆ ।

''ਮੈਂ ਕਹਿ ਚੁੱਕੀ ਹਾਂ ਕਿ ਸਵਾਏ ੪੦ ਰੂਬਲ ਦੇ ਮੈਂ ਕੁਛ ਨਹੀਂ ਚੁੱਕਿਆ ।''

''ਅੱਛਾ ! ਕੀ ਤੂੰ ਇਹ ਜੁਰਮ ਮੰਨਦੀ ਹੈਂ ਕਿ ਤੈਨੇ ਸ਼ਰਾਬ ਵਿੱਚ **ਸਮੈਲਕੋਵ** ਨੂੰ ਇਕ ਪੁੜੀ ਘੋਲ ਕੇ ਪਿਲਾਈ ?''

''ਹਾਂ–ਇਹ ਮੈਂ ਕੀਤਾ, ਪਰ ਮੈਂ ਇਸ ਨਿਹਚੇ ਵਿੱਚ ਕੀਤਾ ਜਿਂਵੇਂ ਇਨ੍ਹਾਂ ਮੈਨੂੰ ਦੱਸਿਆ ਸੀ ਕਿ ਇਹ ਪੁੜੀ ਨੀਂਦਰ ਲਿਆਉਣ ਵਾਲੀ ਹੈ ਤੇ ਮੈਂ ਤਹਿਕੀਕ ਸਮਝਿਆ ਸੀ ਕਿ ਇਹਦੇ ਪਿਲਾ ਦੇਣ ਨਾਲ ਓਹਨੂੰ ਕੋਈ ਜ਼ਰੱਰ ਨਹੀਂ ਪਹੁੰਚਣ ਲੱਗਾ । ਮੈਂ ਕਦੀ ਨਹੀਂ ਸੀ ਖਿਆਲ ਕੀਤਾ, ਤੇ ਕਦੀ ਨਹੀਂ ਸੀ ਚਾਹਿਆ...............ਰੱਬ ਮੇਰਾ ਗਵਾਹ ਹੈ, ਮੈਂ ਕਦੀ ਓਹਨੂੰ ਮਾਰਨ ਦਾ ਇਰਾਦਾ ਨਹੀਂ ਸੀ ਕੀਤਾ, ਨ ਇਹ ਮੇਰੀ ਨੀਤ ਹੈ ਸੀ,'' ਉਸ ਕਹਿਆ ।

''ਸੋ ਤੂੰ ਇਹ ਨਹੀਂ ਮੰਨਦੀ ਕਿ ਤੂੰ ਰੁਪਏ ਚੁਰਾਏ ਯਾ ਉਹਦੀ ਹੀਰੇ ਦੀ ਅੰਗੂਠੀ ਚੋਰੀ ਕੀਤੀ, ਪਰ ਤੂੰ ਮੰਨਦੀ ਹੈਂ ਕਿ ਤੇਨੇ ਓਹਨੂੰ ਪੁੜੀ ਖਵਾਈ ?'' ਪ੍ਰਧਾਨ ਨੇ ਕਹਿਆ ।

''ਹਾਂ ਹਾਂ ! ਇਹ ਮੈਂ ਮੰਨਦੀ ਹਾਂ ਪਰ ਮੈਂ ਜਾਤਾ ਸੀ ਕਿ ਇਹ ਪੁੜੀ ਸਵਾਲਣ ਵਾਲੀ ਦਵਾਈ ਹੈ। ਮੈਂ ਉਹਨੂੰ ਇਹ

ਪੁੜੀ ਸਿਰਫ ਇਸ ਮਤਲਬ ਲਈ ਖਵਾਈ ਸੀ ਕਿ ਓਹ ਸੈਂ ਜਾਵੇ, ਮੇਰਾ ਕਦੀ ਕੋਈ ਹੋਰ ਭੈੜਾ ਇਰਾਦਾ ਨਹੀਂ ਸੀ, ਤੇ ਨ ਇਸ ਥੀਂ ਵਧ ਮੈਂ ਓਹਦੇ ਕੋਈ ਬੁਰਾ ਚਿਤਵਿਆ ਸੀ।''

''ਚੰਗਾ--ਬਹੁਤ ਅੱਛਾ,'' ਪ੍ਰਧਾਨ ਨੇ ਕਿਹਾ। ਸਾਫ ਪਤਾ ਪਇਆ ਲੱਗਦਾ ਸੀ ਕਿ ਪ੍ਰਧਾਨ ਆਪਣੇ ਸਵਾਲ ਕਰਨ ਤੇ ਉਨ੍ਹਾਂ ਦੇ ਮਿਲੇ ਜਵਾਬਾਂ ਨੂੰ ਬੜੀ ਗੱਲ ਸਮਝ ਰਹਿਆ ਸੀ। ''ਹੁਣ ਤੂੰ ਮੈਨੂੰ ਸਾਰੀ ਗੱਲ ਦੱਸ ਕਿ ਕੀ ਵਰਤਿਆ,'' ਦੋਹਾਂ ਹੱਥਾਂ ਨੂੰ ਮੇਜ਼ ਉੱਪਰ ਜੋੜ ਕੇ ਤੇ ਕੁਰਸੀ ਦੀ ਉੱਚੀ ਪਿੱਠ ਤੇ ਢੋਹ ਲਾ ਕੇ ਆਰਾਮ ਵਿੱਚ ਬਹਿ ਕੇ ਪ੍ਰਧਾਨ ਨੇ ਮੁੜ ਪੁੱਛਿਆ।

''ਪਰ ਤੂੰ ਸਾਰਾ ਵਿਰਤਾਂਤ ਦੱਸ, ਇਕ ਖੁੱਲ੍ਹਾ ਤੇ ਪੂਰਾ ਇਕਬਾਲ ਜੇ ਤੂੰ ਕਰੇਂਗੀ ਤਦ ਤੇਰੇ ਹੀ ਫਾਇਦੇ ਦੀ ਗੱਲ ਹੋਵੇਗੀ।''

**ਮਸਲੋਵਾ** ਚੁੱਪ, ਪ੍ਰਧਾਨ ਵਲ ਬਿਟ ਬਿਟ ਤਕਦੀ ਰਹੀ।

''ਸਾਨੂੰ ਦੱਸ ਕੀ ਵਰਤਿਆ।''

''ਇਸ ਤਰਾਂ ਇਹ ਕਾਰਾ ਹੋਇਆ,'' **ਮਸਲੋਵਾ** ਨੇ ਮੁੜ ਅਚਣਚੇਤ ਤੇ ਛੇਤੀ ਛੇਤੀ ਬੋਲਣਾ ਸ਼ੁਰੂ ਕੀਤਾ। ''ਮੈਂ ਹੋਟਲ ਵਿੱਚ ਆਈ ਤੇ ਮੈਨੂੰ ਉਹਦੇ ਕਮਰੇ ਵਿੱਚ ਭੇਜਿਆ ਗਇਆ। ਉਹ ਅੱਗੇ ਹੀ ਸ਼ਰਾਬ ਪੀ ਕੇ ਗੁਟ ਤੇ ਬਦਮਸਤ ਹੋਇਆ ਹੋਇਆ ਸੀ।'' ਜਦ ਉਸ ਨੇ ''ਓਹ'' ਲਫ਼ਜ਼ ਕਹਿਆ ਤਦ ਉਹਦੀਆਂ ਚਪਾਟ ਖੁੱਲ੍ਹੀਆਂ ਅੱਖਾਂ ਵਿੱਚ ਇਕ ਡਰਾਉਣਾ ਰੰਗ ਛਾ ਗਇਆ।

"ਮੈਂ ਉਸ ਥੀਂ ਛੁਟਕਾਰਾ ਚਾਹੁੰਦੀ ਸਾਂ, ਓਹ ਮੈਨੂੰ ਛੱਡਦਾ ਹੀ ਨਹੀਂ ਸੀ," ਓਹ ਫਿਰ ਚੁੱਪ ਹੋ ਗਈ ਜਿਵੇਂ ਗਲ ਦਾ ਧਾਗਾ ਉਸ ਪਾਸੋਂ ਗੁੰਮ ਹੋ ਗਇਆ ਹੈ ਤੇ ਹੋਰ ਕੋਈ ਗੱਲ ਚੇਤੇ ਆ ਗਈ ਹੈ।

"ਅੱਛਾ! ਫਿਰ ਕੀ?"

"ਅੱਛਾ! ਕੀ ਫਿਰ? ਮੈਂ ਕੁਝ ਚਿਰ ਰਹੀ ਫੱਧੀ ਤੇ ਮੁੜ ਘਰ ਚਲੀ ਗਈ।"

ਇੱਥੇ ਸਰਕਾਰੀ ਵਕੀਲ ਪੂਰਾ ਨ ਉੱਠ ਕੇ ਆਪਣੀ ਕੁਰਸੀ ਉੱਪਰ ਹੀ ਰਤਾਕੁ ਉੱਚਾ ਹੋ ਕੇ ਤੇ ਆਪਣਾ ਭਾਰਾ ਬੇਥਵੀ ਤਰਾਂ ਆਪਣੀ ਆਰਕ ਉੱਪਰ ਪਾ ਕੇ ਇਉਂ ਦਿੱਸ ਆਇਆ, ਜਿਵੇਂ ਉਹ ਕੁਛ ਪੁੱਛਣਾ ਚਾਹੁੰਦਾ ਹੈ।

"ਆਪ ਕੁਛ ਪੁੱਛੋਗੇ?" ਪ੍ਰਧਾਨ ਨੇ ਓਹਨੂੰ ਪੁੱਛਿਆ, ਤੇ ਜਦ ਉਸ "ਹਾਂ" ਦਾ ਸਿਰ ਹਲਾਇਆ ਤਦ ਪ੍ਰਧਾਨ ਨੇ ਆਪਣੇ ਹੱਥ ਨਾਲ ਹੀ ਇਸ਼ਾਰਾ ਕੀਤਾ "ਪੁੱਛੋ"।

"ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੈਦੀ ਇਸ ਥੀਂ ਪਹਿਲਾਂ **ਸਾਈਮਨ ਕਾਰਤਿਨਕਿਨ** ਦਾ ਵਾਕਫ ਸੀ?" ਸਰਕਾਰੀ ਵਕੀਲ ਬਿਨਾ **ਮਸਲੋਵਾ** ਵਲ ਵੇਖਣ ਦੇ ਬੋਲਿਆ, ਤੇ ਸਵਾਲ ਪੁੱਛ ਕੇ ਉਸ ਆਪਣੇ ਹੋਠ ਘੁੱਟ ਲਏ ਤੇ ਮੱਥੇ ਤੇ ਵੱਟ ਪਾਇਆ। ਪ੍ਰਧਾਨ ਨੇ ਸਵਾਲ ਦੁਹਰਾਇਆ। **ਮਸਲੋਵਾ** ਨੇ ਸਰਕਾਰੀ ਵਕੀਲ ਵਲ ਤ੍ਰੈਹੀ ਤ੍ਰੈਹੀ ਡਰੀ ਨਿਗਾਹ ਨਾਲ ਨੀਝ ਬੰਨ੍ਹ ਕੇ ਵੇਖਿਆ।

"ਸਾਈਮਨ ਨਾਲ? ਹਾਂ," ਉਸ ਕਹਿਆ।

"ਮੈਂ ਇਹ ਪੁੱਛਣਾ ਚਾਹਾਂਗਾ ਕਿ ਕੈਦੀ ਦੀ **ਕਾਰਤਿਨ - ਕਿਨ** ਨਾਲ ਵਾਕਫੀਅਤ ਕਿਸ ਗੱਲ ਵਿੱਚ ਸੀ ? ਕੀ ਇਹ ਅਕਸਰ ਮਿਲਦੇ ਸਨ ?"

"ਕਿਸ ਗੱਲ ਵਿੱਚ ਸੀ ? ਓਹ ਮਹਿਮਾਨਾਂ ਲਈ ਮੈਨੂੰ ਬੁਲਾ ਲਿਆਇਆ ਕਰਦਾ ਸੀ। ਇਹ ਉਸ ਦੀ ਜ਼ਾਤ ਨਾਲ ਕਿਸੀ ਤਰਾਂ ਦੀ ਵਾਕਫੀਅਤ ਹੋਣ ਦੀ ਸ਼ਕਲ ਦੀ ਗੱਲ ਬਿਲਕੁਲ ਨਹੀਂ ਸੀ," **ਮਸਲੋਵਾ** ਨੇ ਉੱਤਰ ਦਿੱਤਾ ਤੇ ਕੁਛ ਫਿਕਰ ਜੇਹੇ ਵਿੱਚ ਕਦੀ ਸਰਕਾਰੀ ਵਕੀਲ ਵਲ ਤਕਦੀ ਸੀ ਕਦੀ ਪ੍ਰਧਾਨ ਵਲ, ਤੇ ਮੁੜ ਉਸ ਵਲ ਤੇ ਮੁੜ ਇਸ ਵਲ।

"ਮੈਂ ਪੁੱਛਣਾ ਚਾਹਾਂਗਾ ਕਿ **ਕਾਰਤਿਨਕਿਨ** ਮਹਿਮਾਨਾਂ ਲਈ ਸਿਰਫ ਇਹਨੂੰ ਹੀ ਕਿਉਂ ਸੱਦ ਲਿਆਉਂਦਾ ਸੀ, ਹੋਰ ਬਾਕੀ ਦੀਆਂ ਕੰਜਰੀਆਂ ਵਿਚੋਂ ਕਿਸੀ ਨੂੰ ਕਿਉਂ ਨਹੀਂ ਸੀ ਲੈ ਆਉਂਦਾ ?" ਸਰਕਾਰੀ ਵਕੀਲ ਨੇ ਆਪਣੀਆਂ ਅੱਖੀਆਂ ਅੱਧੀਆਂ ਜੇਹੀਆਂ ਮੀਚ ਕੇ ਤੇ ਇਕ ਚਾਲਾਕ ਸ਼ੈਤਾਨੀ ਮੁਸਕੜੀ ਭਰ ਕੇ ਪੁਛਿਆ।

"ਮੈਨੂੰ ਨਹੀਂ ਪਤਾ, ਮੈਨੂੰ ਕਿਸ ਤਰਾਂ ਇਸ ਗੱਲ ਦਾ ਪਤਾ ਹੋ ਸੱਕਦਾ ਹੈ ?" **ਮਸਲੋਵਾ** ਉੱਤਰ ਦਿੱਤਾ, ਪਰ ਅੱਗੇ ਪਿੱਛੇ ਇਕ ਡਰੀ ਹੋਈ ਘਿਰੀ ਹਿਰਨੀ ਵਾਂਗੂ ਚੋਫੇਰੇ ਤੱਕਦੀ ਸੀ ਤੇ **ਨਿਖਲੀਉਧਵ** ਵਲ ਆਪਣੀ ਨਜ਼ਰ ਟਿਕਾ ਕੇ ਕਹਿੰਦੀ ਹੈ, "ਉਹ ਉਹਨੂੰ ਬੁਲਾ ਲਿਆਉਂਦਾ ਸੀ ਜਿਹਨੂੰ ਓਹਦੀ ਮਰਜੀ ਹੁੰਦੀ ਸੀ।"

ਨਿਖਲੀਊਧਵ ਸੋਚੀਂ ਪੈ ਗਇਆ ਕਿ ਕੀ ਸੱਚੀਂ ਓਸ ਮੈਨੂੰ ਪਛਾਣ ਲਿਆ ਹੈ ਤੇ ਓਹਦੇ ਚਿਹਰੇ ਉੱਪਰ ਸ਼ਰਮਿੰਦਗੀ ਨਾਲ ਲਹੂ ਚੜ੍ਹ ਆਇਆ, ਪਰ ਮਸਲੋਵਾ ਨੇ ਆਪਣੀ ਨਿਗਾਹ ਮੁੜ ਉਸ ਥੀਂ ਵੀ ਫੇਰ ਲਈ, ਉਹ ਤਾਂ ਉਸ ਵਲ ਦੂਜਿਆਂ ਵਾਂਗ ਹੀ ਦੇਖ ਰਹੀ ਸੀ। ਹੋਰਨਾਂ ਥੀਂ ਵਧ ਓਹਨੂੰ ਕੀ ਸਿੰਞਾਣਨਾ ਸੀ ਤੇ ਉਸ ਮੁੜ ਆਪਣੀਆਂ ਅੱਖਾਂ ਸਰਕਾਰੀ ਵਕੀਲ ਵਲ ਮੋੜੀਆਂ।

"ਸੋ ਕੈਦੀ ਇਨਕਾਰੀ ਹੈ ਕਿ ਇਸ ਥੀਂ ਪਹਿਲਾਂ ਕੋਈ ਕਾਰਤਿਨਕਿਨ ਨਾਲ ਵਾਕਫ਼ੀਅਤ ਨਹੀਂ ਸੀ, ਬੱਸ ਜੀ ਮੈਂ ਹੋਰ ਕੁਛ ਨਹੀਂ ਪੁੱਛਣਾ।"

ਤੇ ਸਰਕਾਰੀ ਵਕੀਲ ਨੇ ਆਪਣੀ ਆਰਕ ਡੈਸਕ ਥੀਂ ਚੁੱਕ ਲਈ ਤੇ ਆਪਣੇ ਕਾਗਜ਼ਾਂ ਉੱਪਰ ਕੁਛ ਲਿਖਣ ਲੱਗ ਗਇਆ। ਪਰ ਦਰ ਅਸਲ ਉਹ ਲਿਖਦਾ ਵਿਖਦਾ ਕੁਛ ਨਹੀਂ ਸੀ, ਨਿਰਾ ਕੂੜਾ ਦਖਾਵਾ ਜੇਹਾ ਕਰਦਾ ਸੀ, ਆਪਣੀ ਕਲਮ ਨਾਲ ਆਪਣੇ ਨੋਟਾਂ ਦੇ ਲਫਜ਼ਾਂ ਦੀਆਂ ਮੁੜ ਮੁੜ ਲਕੀਰਾਂ ਵਾਹੁੰਦਾ ਸੀ। ਤੇ ਓਹ ਤਾਂ ਇੰਵ ਮਹਜ਼ ਦੂਜੇ ਵਕੀਲਾਂ ਦੀ ਨਕਲ ਜੇਹੀ ਕਰਦਾ ਸੀ। ਉਸ ਵੇਖਿਆ ਹੋਇਆ ਸੀ, ਕਿ ਮੁਖਤਾਰ ਵਕੀਲ ਵਗੈਰਾ ਕੋਈ ਚਾਲਾਕ ਜੇਹਾ ਸਵਾਲ ਕਰਕੇ ਕੋਈ ਨ ਕੋਈ ਗੱਲ ਜਰੂਰ ਲਿਖਣ ਲੱਗ ਜਾਂਦੇ ਹਨ ਤਾਂ ਕਿ ਉਹ ਆਪਣੇ ਮੁਕਾਬਲੇ ਤੇ ਖੜੇ ਵਕੀਲ ਨਾਲ ਮੁੜ ਕੋਈ ਬਹਿਸ ਵਹਿਸ ਦੀ ਝਪਟ ਕਰ ਸੱਕਣ।

ਪ੍ਰਧਾਨ ਨੇ ਦੋਸੀ ਨੂੰ ਤੁਰਤ ਹੀ ਫਿਰ ਕੋਈ ਸਵਾਲ ਨਹੀਂ ਸੀ ਕੀਤਾ ਕਿਉਂਕਿ ਉਹ ਐਨਕਾਂ ਵਾਲੇ ਮੈਂਬਰ ਨੂੰ ਪੁਛ

ਰਹਿਆ ਸੀ ਕਿ ਆਯਾ ਓਹਦੀ ਓਸ ਨਾਲ ਸਮਤੀ ਹੈ ਕਿ ਓਹ ਸਾਰੇ ਸਵਾਲ (ਜਿਹੜੇ ਪਹਿਲਾਂ ਹੀ ਬਣ ਚੁਕੇ ਸਨ ਤੇ ਲਿਖੇ ਪਏ ਸਨ) ਪੁਛੇ ਜਾਣ ?

"ਹਾਂ ਭਾਈ ! ਫਿਰ ਕੀ ਹੋਇਆ" ਮੁੜ ਚਲਿਆ ਪ੍ਰਧਾਨ ।

"ਮੈਂ ਘਰ ਚਲੀ ਗਈ ਸਾਂ" **ਮਸਲੋਵਾ** ਨੇ ਜ਼ਰਾ ਜ਼ਿਆਦਾ ਦੇਰੀ ਨਾਲ ਪਰ ਸਿਰਫ ਪ੍ਰਧਾਨ ਵਲ ਵੇਖ ਕੇ ਕਹਿਆ–"ਰੁਪਏ ਆਪਣੀ ਮਾਲਕਾ ਨੂੰ ਦੇ ਦਿੱਤੇ ਸਨ ਤੇ ਮੈਂ ਸੈਂ ਗਈ । ਮੈਂ ਰਤਾ ਕੂ ਹੀ ਸੁੱਤੀ ਹੋਸਾਂ ਕਿ ਸਾਡੀ ਇਕ ਲੜਕੀ **ਬਰਥਾ** ਨੇ ਮੁੜ ਮੈਨੂੰ ਆਣ ਉਠਾਇਆ, "ਜਾ ! ਤੇਰਾ ਸੌਦਾਗਰ ਮੁੜ ਆ ਗਇਆ ਈ !" ਮੈਂ ਉੱਕਾ ਉੱਠਣਾ ਤੇ ਜਾਣਾ ਨਹੀਂ ਸਾਂ ਚਾਹੁੰਦੀ, ਪਰ **ਮੈਡਮ** ਨੇ ਮੁੜ ਹੁਕਮ ਦਿੱਤਾ ਤੇ ਮੈਨੂੰ ਜਾਣਾ ਹੀ ਪਇਆ ।" ਇਹ ਲਫਜ਼ ਕਹਿੰਦੀ ਓਹ ਫਿਰ ਸਹਿਮੀ ਤੇ ਡਰੀ "ਓਸਨੇ ਸਾਡੀਆਂ ਕੁੜੀਆਂ ਨੂੰ ਖਿਲ਼ਾਣਾ ਪਿਲਾਣਾ ਤੇ ਰੀਝਾਣਾ ਸ਼ੁਰੂ ਕੀਤਾ ਤੇ ਹੋਰ ਸ਼ਰਾਬ ਮੰਗਵਾਣਾ ਚਾਹੁੰਦਾ ਸੀ ਪਰ ਰੁਪਏ ਜੇਬ ਵਿੱਚ ਮੁਕ ਗਏ ਸਨ ਸੂ, ਤੇ **ਮੈਡਮ** ਓਹਨੂੰ ਉਧਾਰ ਸ਼ਰਾਬ ਮਾਸ ਹੋਰ ਨਹੀਂ ਸੀ ਦੇਂਦੀ, ਓਸ ਉੱਪਰ ਇਹਤਬਾਰ ਨਹੀਂ ਸੀ ਕਰਦੀ ਤੇ ਇਸ ਕਰਕੇ ਓਸ ਮੈਨੂੰ **ਹੋਟਲ** ਵਿੱਚ ਆਪਣੇ ਰਹਿਣ ਵਾਲੇ ਕਮਰੇ ਨੂੰ ਘੱਲਿਆ ਤੇ ਨਾਲੇ ਦਸਿਆ ਕਿ ਓਹਦਾ ਰੁਪਿਆ ਕਿੱਥੇ ਪਇਆ ਹੋਇਆ ਹੈ ਤੇ ਕਿਵੇਂ ਓਸ ਵਿਚੋਂ ਕੱਢ ਕੇ ਓਹਨੇ ਲਿਆ ਕੇ ਦੇਵਣੇ ਹਨ, ਇਸ ਤਰਾਂ ਮੈਂ ਗਈ ਸਾਂ ।"

ਪ੍ਰਧਾਨ ਆਪਣੇ ਖੱਬੇ ਬੈਠੇ ਮੈਂਬਰਾਂ ਨਾਲ

ਗੋਸ਼ੇ ਕਰ ਰਿਹਾ ਸੀ ਪਰ ਇਹ ਦੱਸਣ ਲਈ ਕਿ ਓਹਦਾ ਬਿਆਨ ਠੀਕ ਸੁਣ ਰਿਹਾ ਹੈ, ਓਹਦੇ ਆਖਰੀ ਕਹੇ ਲਫਜ਼ ਦੁਹਰਾ ਦਿੱਤੇ। "ਸੋ ਤੂੰ ਗਈ, ਅੱਛਾ ਓਸ ਥੀਂ ਪਿੱਛੇ ਕੀ ਹੋਇਆ ?"

"ਮੈਂ ਗਈ ਤੇ ਮੈਂ ਜਾ ਕੇ ਜੋ ਓਸ ਕਿਹਾ ਸੀ ਕੀਤਾ। ਫਿਰ ਓਹਦੇ ਕਮਰੇ ਵਿੱਚ ਗਈ, ਤੇ ਮੈਂ ਕੱਲੀ ਨਹੀਂ ਸਾਂ ਗਈ, ਮੈਂ **ਸਾਈਮਿਨ ਕਾਰਤਿਨਕਿਨ** ਤੇ ਦੂਜੀ ਨੂੰ ਨਾਲ ਜਾਣ ਲਈ ਬੁਲਾ ਲਿਆ ਸੀ," ਇਹ ਕਹਿ ਕੇ **ਬੋਚਕੋਵਾ** ਵੱਲ ਹੱਥ ਕਰਕੇ ਇਸ਼ਾਰਾ ਕੀਤਾ।

"ਇਹ ਨਿਪਟ ਕੂੜ ਹੈ, ਮੈਂ ਕਦੀ ਨਹੀਂ ਗਈ," **ਬੋਚਕੋਵਾ** ਨੇ ਕਹਿਣਾ ਸ਼ੁਰੂ ਕੀਤਾ ਪਰ ਫਿਰ ਚੁਪ ਹੋ ਗਈ।

"ਇਨ੍ਹਾਂ ਦੋਹਾਂ ਦੀ ਹਾਜ਼ਰੀ ਵਿੱਚ ਮੈਂ ੪ ਨੋਟ ਕੱਢੇ, **ਮਸਲੋਵਾ** ਮੱਥੇ ਵੱਟ ਪਾ ਕੇ ਬੋਲੀ ਗਈ, ਤੇ **ਬੋਚਕੋਵਾ** ਵਲ ਓਸ ਤੱਕਿਆ ਹੀ ਨਾਂਹ।

"ਹਾਂ–ਪਰ ਕੈਦੀ ਨੇ ਵੇਖਿਆ ਸੀ," ਮੁੜ ਸਰਕਾਰੀ ਵਕੀਲ ਪੁੱਛਦਾ ਹੈ, "ਕਿ ਓਥੇ ਕਿੰਨਾ ਰੁਪਿਆ ਸੀ ਜਿੱਥੋਂ ਇਸ ੪੦ ਰੂਬਲ ਕੱਢੇ ਸਨ ?"

ਜਦ ਸਰਕਾਰੀ ਵਕੀਲ ਨੇ ਓਸ ਉੱਪਰ ਸਵਾਲ ਕੀਤਾ, **ਮਸਲੋਵਾ** ਕੰਬ ਗਈ ਸੀ, ਉਹ ਨਹੀਂ ਸੀ ਸਮਝ ਸਕਦੀ ਕਿ ਓਹਦੇ ਪੁੱਛਣ ਤੇ ਓਹ ਕਿਉਂ ਇੰਨੀ ਘਾਬਰਦੀ ਸੀ ਪਰ ਓਸਨੂੰ ਆਪਣੇ ਅੰਦਰੋਂ ਪਤਾ ਲਗਦਾ ਸੀ ਕਿ ਓਹ

ਸ਼ਖਸ ਕਿਸੀ ਤਰਾਂ ਦਾ ਵੀ ਭਲਾ ਓਸ ਲਈ ਨਹੀਂ ਚਿਤਵ ਰਿਹਾ ।

"ਮੈਂ ਗਿਣੇ ਨਹੀਂ ਸਨ, ਪਰ ਕੋਈ ਸੌ ਸੌ ਦੇ ਰੂਬਲ ਦੇ ਨੋਟ ਪਏਹੋ ਏ ਸਨ, ਬਸ ਇਹ ਸੀ ।"

"ਅੱਛਾ ! ਫਿਰ ਤੂੰ ਰੁਪਏ ਲੈ ਆਂਦੇ," ਕਚਿਹਰੀ ਦੀ ਘੜੀ ਵਲ ਤਕ ਕੇ ਪ੍ਰਧਾਨ ਬੋਲਿਆ ।

"ਜੀ—ਮੈਂ ਲੈ ਆਈ ।"

"ਅੱਛਾ ਤੇ ਫਿਰ ?"

"ਫਿਰ ਓਹ ਮੈਨੂੰ ਆਪਣੇ ਨਾਲ ਹੀ ਵਾਪਸ ਹੋਟਲ ਨੂੰ ਲੈ ਆਇਆ," **ਮਸਲੋਵਾ** ਨੇ ਕਿਹਾ !

"ਅੱਛਾ ਫਿਰ ਤੂੰ ਓਹ ਪੁੜੀ ਕਿਸ ਤਰਾਂ ਦਿੱਤੀ ? ਓਹਦੀ ਸ਼ਰਾਬ ਵਿਚ ?"

"ਕਿਸ ਤਰਾਂ ਦਿਤੀ ? ਮੈਂ ਗਲਾਸ ਵਿਚ ਸੁੱਟੀ ਤੇ ਓਹਨੂੰ ਦੇ ਦਿੱਤੀ ।"

"ਤੂੰ ਓਹ ਓਹਨੂੰ ਕਿਉਂ ਦਿੱਤੀ ?"

**ਮਸਲੋਵਾ** ਨੇ ਇਕ ਦਮ ਜਵਾਬ ਨ ਦਿੱਤਾ, ਪਰ ਬੜੀ ਲੰਮੀ ਤੇ ਭਾਰੀ ਠੰਡੀ ਆਹ ਭਰੀ, "ਓਹ ਮੈਨੂੰ ਛੱਡਦਾ ਹੀ ਨਹੀਂ ਸੀ," ਓਸ ਇਕ ਮਿੰਟ ਦੀ ਚੁਪ ਮਗਰੋਂ ਇਹ ਕਿਹਾ "ਤੇ ਮੈਂ ਬੜੀ ਹੀ ਥੱਕ ਕੇ ਚੂਰ ਹੋ ਗਈ ਸਾਂ ਤੇ ਮੈਂ **ਸਾਈਮਨ** ਨੂੰ ਕਿਹਾ, 'ਹਾਇ ! ਕਿਸ ਤਰਾਂ ਇਹ ਜਨੌਰ

ਮੈਨੂੰ ਛੱਡੇ ? ਮੈਂ ਬੜੀ ਥੱਕ ਗਈ ਹਾਂ, ਤੇ ਓਸ ਕਿਹਾ, 'ਅਸੀ ਵੀ ਇਸ ਪਾਸੋਂ ਦਿੱਕ ਆ ਗਏ ਹਾਂ, ਅਸੀ ਵੀ ਸੋਚ ਰਹੇ ਹਾਂ ਕਿ ਇਹਨੂੰ ਕੋਈ ਨੀਂਦਰ ਲਿਆਉਣ ਵਾਲੀ ਦਵਾਈ ਪਿਲਾ ਦੇਈਏ, ਤਾਂ ਇਹ ਘੂਕ ਸੋਂ ਜਾਵੇ, ਤੇ ਤੂੰ ਚਲੀ ਜਾਈਂ।' ਤਾਂ ਹੀ ਮੈਂ ਕਿਹਾ, 'ਚੰਗਾ' ਮੈਂ ਸੋਚਿਆ ਕਿ ਇਹ ਦਵਾਈ ਕਿਸੀ ਕਿਸਮ ਦਾ ਓਹਨੂੰ ਜਰੱਰ ਨਹੀਂ ਪਹੁੰਚਾਏਗੀ। ਤੇ ਓਸ ਮੈਨੂੰ ਪੁੜੀ ਆਣ ਦਿੱਤੀ, ਮੈਂ ਅੰਦਰ ਗਈ। ਓਹ ਕਮਰੇ ਦੇ ਵਿਚਕਾਰ ਸਕਰੀਨ ਦੇ ਪਿੱਛੇ ਜਿਸ ਨੇ ਕਮਰੇ ਦੇ ਦੋ ਹਿੱਸੇ ਕੀਤੇ ਹੋਏ ਸਨ, ਪਇਆ ਹੋਇਆ ਸੀ। ਓਸ ਹੋਰ ਬ੍ਰਾਂਡੀ ਮੰਗੀ, ਮੈਂ ਮੇਜ਼ ਥੀਂ ਬ੍ਰਾਂਡੀ ਦੀ ਬੋਤਲ ਚੁੱਕੀ, ਦੋਹਾਂ ਗਲਾਸਾਂ ਵਿਚ ਪਾਈ, ਇਕ ਗਲਾਸ ਓਸ ਲਈ ਤੇ ਦੂਜਾ ਆਪਣੇ ਲਈ। ਓਹ ਪੁੜੀ ਮੈਂ ਓਹਦੇ ਗਲਾਸ ਵਿਚ ਉਲਟ ਦਿੱਤੀ ਤੇ ਗਲਾਸ ਓਹਨੂੰ ਫੜਾ ਦਿਤਾ। ਜੇ ਮੈਂ ਜਾਣਦੀ ਕਿ ਓਹ ਜ਼ਹਿਰ ਹੈ ਮੈਂ ਓਹਨੂੰ ਕਿਸ ਤਰਾਂ ਦੇ ਸਕਦੀ ਸਾਂ ?"

"ਅੱਛਾ ਫਿਰ ਮੁੰਦਰੀ ਤੇਰੇ ਕਬਜੇ ਵਿਚ ਕਿਸ ਤਰਾਂ ਆਈ ?" ਪ੍ਰਧਾਨ ਨੇ ਪੁਛਿਆ।

"ਓਸ ਆਪ ਮੈਨੂੰ ਦਿੱਤੀ ਹੈ।"

"ਓਸ ਕਦ ਤੈਨੂੰ ਦਿੱਤੀ ?"

"ਜਦ ਓਹ ਮੁੜ ਆਪਣੇ ਰਹਿਣ ਵਾਲੇ ਹੋਟਲ ਦੇ ਕਮਰੇ ਵਿਚ ਆ ਗਿਆ ਸੀ, ਮੈਂ ਜਾਣਾ ਚਾਹੁੰਦੀ ਸਾਂ, ਓਸ ਮੇਰੇ ਸਿਰ ਉੱਪਰ ਇਕ ਮੁੱਕਾ ਮਾਰਿਆ, ਤੇ ਮੇਰੀ ਕੰਘੀ

ਤੋੜ ਦਿੱਤੀ। ਮੈਂ ਖਫ਼ਾ ਹੋ ਗਈ ਤੇ ਕਹਿਆ ਮੈਂ ਹੁਣ ਚਲੀ ਜਾਵਾਂਗੀ। ਓਸ ਵੇਲੇ ਓਸ ਮੁੰਦਰੀ ਆਪਣੀ ਉਂਗਲ ਥੀਂ ਉਤਾਰ ਕੇ ਮੈਨੂੰ ਦਿੱਤੀ ਕਿ ਮੈਂ ਨ ਜਾਵਾਂ," ਓਸ ਕਹਿਆ।

ਇੱਥੇ ਸਰਕਾਰੀ ਵਕੀਲ ਆਪਣੀ ਕੁਰਸੀ ਤੇ ਮੁੜ ਜਰਾ ਉੱਚਾ ਹੋਇਆ ਤੇ ਓਸ ਇਕ ਭੋਲੇ ਭਾਵ ਦਾ ਦਿਖਾਵਾ ਜੇਹਾ ਕਰਕੇ ਕੁਛ ਇਕ ਸਵਾਲ ਪੁਛਣ ਦੀ ਇਜਾਜ਼ਤ ਮੰਗੀ। ਜਦ ਆਗਿਆ ਮਿਲ ਗਈ ਤਦ ਆਪਣਾ ਸਿਰ ਆਪਣੇ ਕੱਢੇ ਤਿਲੇ ਵਾਲੇ ਕਾਲਰ ਉੱਪਰ ਜਰਾ ਝੁਕਾ ਕੇ ਨਖਰੇ ਨਾਲ ਲੱਗਾ ਪੁੱਛਣ :-

"ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੈਦੀ ਓਸ ਸੌਦਾਗਰ **ਸਮੈਲਕੋਵ** ਦੇ ਕਮਰੇ ਵਿੱਚ ਕਿੰਨਾ ਚਿਰ ਰਹੀ।"

**ਮਸਲੋਵਾ** ਫਿਰ ਡਰ ਗਈ ਦਿੱਸੀ, ਫਿਰ ਓਸ ਘਬਰਾ ਕੇ ਪ੍ਰਧਾਨ ਵਲ ਹੀ ਤਕਿਆ ਤੇ ਛੇਤੀ ਛੇਤੀ ਬੋਲੀ :-

"ਮੈਨੂੰ ਯਾਦ ਨਹੀਂ ਕਿੰਨਾ ਚਿਰ।"

"ਠੀਕ-ਪਰ ਕੀ ਕੈਦੀ ਨੂੰ ਯਾਦ ਆਉਂਦਾ ਹੈ ਕਿ ਜਦ ਓਹ **ਸਮੈਲਕੋਵ** ਥੀਂ ਬਾਹਰ ਨਿਕਲੀ ਸੀ ਓਹ ਓਸ ਮਕਾਨ ਦੇ ਕਿਸੀ ਹੋਰ ਕਮਰੇ ਵਲ ਗਈ ਸੀ ?"

**ਮਸਲੋਵਾ** ਕੁਛ ਚਿਰ ਸੋਚਦੀ ਰਹੀ "ਹਾਂ-ਮੈਂ ਇਕ ਓਹਦੇ ਨਾਲ ਦੇ ਖਾਲੀ ਕਮਰੇ ਵਿਚ ਗਈ ਸਾਂ।"

"ਠੀਕ–ਪਰ ਤੂੰ ਕਿਉਂ ਉਥੇ ਗਈ ਸੇਂ ?" ਸਰਕਾਰੀ ਵਕੀਲ ਆਪਣਾ ਵਤੀਰਾ ਭੁਲ ਕੇ ਓਹਨੂੰ ਸਿੱਧਾ ਪੁੱਛਣ ਲੱਗ ਪਇਆ ।

"ਕੁਝ ਥੋੜਾ ਜੇਹਾ ਸਾਹ ਲੈਣ ਨੂੰ ਤੇ ਉਡੀਕਣ ਨੂੰ ਕਿ ਗੱਡੀ ਆ ਲਵੇ ਜਿਹੜੀ ਮੈਨੂੰ ਘਰ ਪੁਹਚਾਵੇਗੀ ।"

"ਤੇ ਕੀ **ਕਾਰਤਿਨਕਿਨ** ਓਸ ਕਮਰੇ ਵਿਚ ਕੈਦੀ ਨਾਲ ਸੀ ਕਿ ਨਹੀਂ ?"

"ਓਹ ਅੰਦਰ ਆ ਗਇਆ ਸੀ ।"

"ਕਿਉਂ ਓਹ ਅੰਦਰ ਆਇਆ ਸੀ ।"

"ਸੌਦਾਗਰ ਦੀ ਕੁਛ ਕਦਰੇ ਬ੍ਰਾਂਡੀ ਬਾਕੀ ਸੀ ਤੇ ਅਸਾਂ ਦੋਹਾਂ ਮੁਕਾਈ ।"

"ਅਹੋ ਹੋ ! ਕੱਠੀ ਮੁਕਾਈ ਬਹੁਤ ਅੱਛਾ ! ਤੇ ਕੀ ਕੈਦੀ ਨੇ **ਕਾਰਤਿਨਕਿਨ** ਨਾਲ ਗੱਲ ਬਾਤ ਵੀ ਕੀਤੀ ਤੇ ਜੇ ਕੀਤੀ ਤਦ ਕਿਸ ਬਾਬਤ ।"

**ਮਸਲੋਵਾ** ਨੇ ਇਕ ਦਮ ਮੱਥੇ ਤੇ ਵੱਟ ਪਾਇਆ, ਮੂੰਹ ਸੁਰਖ ਹੋ ਗਇਆ ਤੇ ਛੇਤੀ ਨਾਲ ਬੋਲੀ :–

"ਕਿਸ ਬਾਬਤ ? ਮੈਂ ਕਿਸੀ ਬਾਬਤ ਕੋਈ ਗੱਲ ਓਸ ਨਾਲ ਨਹੀਂ ਕੀਤੀ, ਤੇ ਬਸ ਇਹੋ ਕੁਛ ਹੈ ਸਭ ਕੁਝ ਜਿਹੜਾ ਮੈਨੂੰ ਪਤਾ ਹੈ ਤੁਸੀ ਮੇਰੇ ਨਾਲ ਜੋ ਚਾਹੋ ਕਰੋ। ਮੈਂ ਦੋਸੀ ਨਹੀਂ ਤੇ ਬਸ ਇਹੋ ਹੈ ਜੋ ਹੈ ਸਭ !"

"ਮੈਂ ਹੋਰ ਕੁਛ ਨਹੀਂ ਪੁੱਛਣਾ ਜਨਾਬ," ਸਰਕਾਰੀ ਵਕੀਲ ਨੇ ਕਹਿਆ ਤੇ ਆਪਣੇ ਮੋਢੇ ਉਤਾਂਹ ਨੂੰ ਖਿੱਚ ਕੇ ਹਿਲਾਏ, ਮੁੜ ਓਹ ਆਪਣੀ ਆਖਰੀ ਤਕਰੀਰ ਦੇ ਲਿਖੇ ਨੋਟਾਂ ਵਿਚ ਕੁਛ ਲਿਖਣ ਡਹਿ ਪਿਆ ਕਿ ਕੈਦੀ ਦੀ ਆਪਣੀ ਜ਼ਬਾਨੀ ਸ਼ਹਾਦਤ ਹੈ ਕਿ ਓਹ ਕਾਰਤਿਨਕਿਨ ਨਾਲ ਇਕ ਖਾਲੀ ਕਮਰੇ ਵਿਚ ਗਈ ਸੀ।

ਥੋੜੇ ਚਿਰ ਲਈ ਚੁਪ ਵਰਤੀ।

"ਤੂੰ ਹੋਰ ਕੁਛ ਨਹੀਂ ਕਹਿਣਾ?"

"ਮੈਂ ਸਭ ਕੁਛ ਕਹਿ ਬੈਠੀ ਹਾਂ", ਓਸ ਨੇ ਸਾਹ ਭਰ ਕੇ ਕਹਿਆ ਤੇ ਬਹਿ ਗਈ।

ਫਿਰ ਪ੍ਰਧਾਨ ਨੇ ਕੁਛ ਲਿਖਿਆ ਤੇ ਖੱਬੇ ਬੈਠੇ ਮੈਂਬਰ ਨਾਲ ਕਾਨਾ ਫੂਸੀ ਕੀਤੀ, ਤੇ ਐਲਾਨ ਕੀਤਾ ਕਿ ਕਚਹਿਰੀ ੧੦ ਮਿੰਟ ਲਈ ਬਰਖਾਸਤ ਤੇ ਇਹ ਕਹਿ ਕੇ ਜਲਦੀ ਨਾਲ ਉੱਠ ਕੇ ਅਦਾਲਤ ਦੇ ਕਮਰੇ ਥੀਂ ਬਾਹਰ ਤੁਰ ਗਇਆ। ਓਸ ਲੰਮੀ ਦਾਹੜੀ ਵਾਲੇ ਲੰਮੇ ਨਰਮੀ ਭਰੀਆਂ ਅੱਖਾਂ ਵਾਲੇ ਮੈਂਬਰ ਨੇ ਗੋਸ਼ੇ ਵਿਚ ਪ੍ਰਧਾਨ ਨੂੰ ਇਹ ਕਹਿਆ ਸੀ ਕਿ ਓਹਦੇ ਪੇਟ ਵਿਚ ਦਰਦ ਹੋ ਰਹੀ ਹੈ ਤੇ ਓਹ ਕੁਛ ਵਕਫਾ ਚਾਹੁੰਦਾ ਹੈ ਕਿ ਜਾ ਕੇ ਪੇਟ ਮਲੇ ਤੇ ਇਕ ਕਤਰਾ ਪੀਵੇ—ਬਸ ਇਸ ਕਰਕੇ ਕਚਹਿਰੀ ਦੀ ਕਾਰਵਾਈ ਵਿਚ ਵਕਫਾ ਪਾਇਆ ਗਿਆ ਸੀ।

ਜਦ ਜੱਜ ਉੱਠ ਪਏ ਤਦ ਨਾਲ ਹੀ ਵਕੀਲ, ਜੂਰੀ ਤੇ ਗਵਾਹ ਉੱਠ ਪਏ, ਤੇ ਓਨ੍ਹਾਂ ਸਾਰਿਆਂ ਨੂੰ ਇਹ ਗੱਲ ਚੰਗੀ ਲੱਗੀ ਕਿ ਚਲੋ ਕੁਛ ਕੰਮ ਨਿਬੜਿਆ ਹੈ ਤੇ ਮਨ ਦੀ

ਇਸ ਚੰਗੀ ਹਾਲਤ ਵਿਚ ਅਗੇ ਪਿੱਛੇ ਉੱਠ ਕੇ ਟਹਿਲਣ ਲੱਗ ਪਏ।

ਨਿਖਲੀਊਧਵ ਜੂਰੀ ਦੇ ਕਮਰੇ ਵਿਚ ਜਾ ਕੇ ਇਕ ਬਾਰੀ ਲਾਗੇ ਬਹਿ ਗਇਆ।

## ਕਾਂਡ ੧੨

"ਹਾਂ–ਠੀਕ ਇਹੋ **ਕਾਤੂਸ਼ਾ** ਸੀ।"

**ਕਾਤੂਸ਼ਾ** ਤੇ **ਨਿਖਲੀਊਧਵ** ਦੇ ਆਪੇ ਵਿੱਚ ਕਦੀ ਹੋਏ ਤਅੱਲਕ ਇਉਂ ਸੀਗੇ :–

ਜਦ **ਨਿਖਲੀਊਧਵ ਕਾਤੂਸ਼ਾ** ਨੂੰ ਪਹਿਲੇ ਪਹਿਲ ਮਿਲਿਆ ਸੀ ਤਦ ਓਹ ਯੂਨੀਵਰਸਟੀ ਦੇ ਤੀਸਰੇ ਸਾਲ ਦਾ ਪੜ੍ਹਾਕੂ ਮੁੰਡਾ ਸੀ। ਓਸ ਵੇਲੇ ਓਹ ਆਪਣੀਆਂ ਗਰਮੀਆਂ ਦੀਆਂ ਛੁਟੀਆਂ ਵਿੱਚ ਜਿਹੜੀਆਂ ਆਪਣੀਆਂ ਫੁੱਫੀਆਂ ਪਾਸ ਗੁਜ਼ਾਰਨ ਆਇਆ ਸੀ, **ਭੌਂ** ਦੇ **ਮਾਲੀਏ** ਦੇ ਮਜ਼ਮੂਨ ਉੱਪਰ ਆਪਣਾ **ਖੁੱਲ੍ਹਾ ਲੇਖ** (ਐਸੇ) ਤਿਆਰ ਕਰ ਰਹਿਆ ਸੀ। ਓਸ ਸਾਲ ਥੀਂ ਪਹਿਲਾਂ ਓਹ ਆਪਣੀਆਂ ਗਰਮੀ ਦੀਆਂ ਛੁੱਟੀਆਂ ਆਪਣੀ ਮਾਂ ਤੇ ਭੈਣ ਪਾਸ ਗੁਜ਼ਾਰਨ ਜਾਇਆ ਕਰਦਾ ਸੀ ਤੇ **ਮਾਸਕੋ** ਪਾਸ ਆਪਣੀ ਮਾਂ ਦੀ ਵੱਡੀ ਰਿਆਸਤ ਵਿੱਚ ਓਨ੍ਹਾਂ ਨਾਲ ਜਾਕੇ ਰਹਿੰਦਾ ਸੀ। ਹੁਣ ਇਸ ਸਾਲ ਜਦ ਇੱਥੇ ਆਇਆ ਓਹਦੀ ਭੈਣ ਵਿਆਹੀ ਗਈ ਸੀ, ਤੇ ਓਹਦੀ ਮਾਂ ਬਾਹਰ ਬਦੇਸ਼ ਕਿਸੀ ਥਾਂ ਚਸ਼ਮੇ ਉੱਪਰ ਆਪਣੀ ਸਿਹਤ ਦੀ ਖਾਤਰ ਗਈ ਹੋਈ ਸੀ। ਐਤਕੀ ਛੁੱਟੀਆਂ ਵਿੱਚ ਓਸ ਆਪਣੇ ਲੇਖ ਦਾ ਕੰਮ ਜ਼ਰੂਰ ਖਤਮ ਕਰਨਾ ਸੀ, ਇਸ ਕਰਕੇ ਓਸ ਨੇ ਇਹ ਇਰਾਦਾ ਕੀਤਾ ਕਿ ਐਦਕੀ ਸਮਾਂ ਜਾਕੇ ਆਪਣੀਆਂ

ਫੁੱਫੀਆਂ ਪਾਸ ਹੀ ਕੱਟੇ, ਕਿਉਂਕਿ ਓਹ ਜਾਣਦਾ ਸੀ ਕਿ ਉਨ੍ਹਾਂ ਦੀ ਏਕਾਂਤ ਰਿਆਸਤ ਵਿੱਚ ਬੜੀ ਸ਼ਾਂਤੀ ਹੈ ਤੇ ਓਹ ਆਪਣਾ ਕੰਮ ਬਿਨਾ ਕਿਸੀ ਵਿਖੇਪਤਾ ਦੇ ਸਿਰੇ ਚਾਹੜ ਸੱਕੇਗਾ। ਓਧਰ ਫੁੱਫੀਆਂ ਦਾ ਆਪਣੇ ਭਤਰੀਏ ਨਾਲ ਬੜਾ ਹੀ ਪਿਆਰ ਸੀ, ਤੇ ਓਹ ਦੋਵੇਂ ਓਹਦੀ ਬੜੀ ਹੀ ਲਾਡ ਮੁਰਾਦ ਕਰਦੀਆਂ ਸਨ, ਤੇ ਮੁੰਡੇ ਨੂੰ ਵੀ ਓਨ੍ਹਾਂ ਦੀ ਪੁਰਾਣੇ ਤਰੀਕੇ ਦੀ ਸਾਦਾ ਜ਼ਿੰਦਗੀ ਚੰਗੀ ਲੱਗਦੀ ਸੀ।

ਆਪਣੀਆਂ ਫੁੱਫੀਆਂ ਦੇ ਘਰ ਓਸ ਹੁਨਾਲੇ, **ਨਿਖਲੀਊਧਵ** ਆਪਣੀ ਚੜ੍ਹਦੀ ਜਵਾਨੀ ਵਿੱਚ ਆਪਣੀ ਜ਼ਿੰਦਗੀ ਦੇ ਉਸ ਹਿੱਸੇ ਵਿੱਚ ਲੰਘ ਰਹਿਆ ਸੀ ਜਿਸ ਵਿੱਚ ਇਕ ਨੌਜਵਾਨ ਗਭਰੂ ਜਿਹਨੂੰ ਬਾਹਰੋਂ ਹੋਰ ਕੋਈ ਰਾਹ ਪਾਉਣ ਵਾਲਾ ਨਹੀਂ ਮਿਲਦਾ ਤੇ ਇਸ ਕਰਕੇ ਓਹ ਆਪਣੇ ਆਪ ਹੀ ਜ਼ਿੰਦਗੀ ਦੇ ਅੰਦਰਲੇ ਸੁਹਣਪ ਦੇ ਅਰਥ ਨੂੰ ਪਹਿਲੀ ਵੇਰੀ ਅਨੁਭਵ ਕਰਦਾ ਹੈ ਤੇ ਓਹਨੂੰ ਇਸ ਵੱਡੀ ਯਾਤਰਾ ਵਿੱਚ ਰੱਬ ਦੀ ਬਖਸ਼ੀ ਇਕ ਉੱਚੀ ਤੇ ਡੂੰਘੀ ਉਮੰਗ ਹੁੰਦੀ ਹੈ ਕਿ ਕੋਈ ਉੱਚਾ ਕੰਮ ਕਰੇ, ਤੇ ਨਾਲੇ ਓਹ ਆਪਣੇ ਡਹੁਲਿਆਂ ਵਿੱਚ ਜੋਰ ਦਾ ਉਭਾਰ ਵੇਖ ਵੇਖ ਵੇਗਾਂ ਵਿੱਚ ਆਉਂਦਾ ਹੈ ਕਿ ਕੀ ਉਸ ਦੇ ਆਪਣੇ ਆਪ ਲਈ ਤੇ ਕੀ ਦੁਨੀਆਂ ਲਈ ਜ਼ਿੰਦਗੀ ਇਕ ਮੌਕਾ ਹੈ ਕਿ ਬੇਅੰਤ ਤਕ ਤਰੱਕੀ ਕਰ ਕੇ ਅੱਪੜ ਸਕੇ, ਕੋਈ ਸੀਮਾ, ਤੇ ਰੁਕਾਵਟ ਨਹੀਂ ਵੇਖਦਾ। ਲੱਕ ਬੰਨ੍ਹ ਕੇ ਲੱਗ ਪੈਂਦਾ ਹੈ ਤੇ ਓਸ ਚਿਤਵੇ ਕਮਾਲ ਤਕ ਪਹੁੰਚਣ ਦੀ ਓਹਨੂੰ ਨਿਰੀ ਆਸ ਨਹੀਂ ਹੁੰਦੀ ਸਗੋਂ ਅਹਿਲ ਤੇ ਪੱਕਾ ਵਿਸ਼ਵਾਸ ਹੁੰਦਾ ਹੈ ਕਿ ਆਪਣੇ ਚਿਤ ਦਵਾਰਾ ਦੂਰ ਅਨੁਭਵ ਕੀਤੀ **ਕਮਾਲੀਅਤ** ਨੂੰ ਜਰੂਰ

ਬਰ ਜਰੂਰ ਪਹੁੰਚ ਕੇ ਰਹੇਗਾ । ਓਸ ਨੇ ਇਸ ਥੀਂ ਪਹਿਲਾਂ ਹੀ **ਹਰਬਰਟ ਸਪੈਨਸਰ** ਦੀ ਪੋਥੀ **ਸੋਸ਼ਲ ਸਟੈਟਿਸ-ਟਿਕਸ** ਨਾਮੀ ਚੰਗੀ ਤਰਾਂ ਪੜ੍ਹ ਲਈ ਹੋਈ ਸੀ । **ਹਰਬਰਟ ਸਪੈਨਸਰ** ਦੇ ਓਹ ਖਿਆਲ ਜੋ ਉਸ ਭੋਂ ਦੀ ਮਲਕੀਅਤ ਬਨਾਉਣ ਉੱਪਰ ਲਿਖੇ ਸਨ, ਉਹਨੂੰ ਬੜੇ ਹੀ ਚੰਗੇ ਲੱਗੇ ਸਨ। ਖਾਸ ਕਰ ਜਦ ਕਿ ਉਸ ਆਪਣੀਆਂ ਵਡੀਆਂਰਿਆਸਤਾਂ ਦਾ ਮਾਲਕ ਬਣਨਾ ਸੀ । ਉਹਦਾ ਪਿਉ ਤਾਂ ਇੰਨਾ ਅਮੀਰ ਨਹੀਂ ਸੀ ਪਰ ਉਹਦੀ ਮਾਂ ਆਪਣੇ ਦਾਜ ਵਿੱਚ ੧੦,੦੦੦ ਕਿੱਲੇ ਜਮੀਨ ਲੈ ਆਈ ਸੀ ਤੇ ਇਸ ਮੁੰਡੇ ਨੂੰ ਇਸ ਵੇਲੇ ਤਕ ਪੂਰਾ ਪਤਾ ਲੱਗ ਚੁਕਾ ਸੀ ਕਿ ਭੋਂ ਦੀ ਨਿੱਜੀ ਮਾਲਕੀ ਕਿੰਨੀ ਬੇਇਨਸਾਫੀ ਤੇ ਬੇਰਹਮੀ ਦਾ ਕਰਮ ਹੈ, ਤੇ ਇਹ ਗਭਰੂ ਉਨ੍ਹਾਂ ਹੋਨਹਾਰ ਨੌਜਵਾਨਾਂ ਵਿੱਚੋਂ ਇਕ ਸੀ, ਜਿਹੜੇ ਆਦਰਸ਼ ਦੀ ਖਾਤਰ ਤੇ ਆਪਣੀ ਨਿੱਕੀ ਅੰਦਰਲੀ ਜ਼ਮੀਰੀ ਆਵਾਜ਼ ਦੀ ਖਾਤਰ ਜੋ ਕੁਛ ਵੀ ਕੁਰਬਾਨੀ ਓਨ੍ਹਾਂ ਨੂੰ ਕਰਨੀ ਪਵੇ ਬੜੀ ਖੁਸ਼ੀ ਨਾਲ ਕਰ ਗੁਜਰਦੇ ਹਨ, ਤੇ ਇਉਂ ਓਨ੍ਹਾਂ ਨੂੰ ਕੁਰਬਾਨੀ ਕਰਕੇ ਸਭ ਥੀਂ ਉੱਚੀ ਤਰਾਂ ਦੀ ਰੂਹਾਨੀ ਖੁਸ਼ੀ ਅੰਦਰ ਅੰਦਰ ਹੀ ਹੁੰਦੀ ਹੈ । ਤੇ ਇਸ ਉੱਚੀ ਤਬੀਅਤ ਵਾਲੇ **ਨਿਖਲੀਊਧਵ** ਨੇ ਫੈਸਲਾ ਕਰ ਲਿਆ ਸੀ ਕਿ ਓਹ ਕੋਈ ਵੀ ਭੋਂ ਦੀ ਮਾਲਕੀ ਦੇ ਹੱਕ ਆਪਣੇ ਲਈ ਕਦੀ ਨਹੀਂ ਰੱਖਣ ਲੱਗਾ। ਤੇ ਓਹ ਜਮੀਨ ਜੋ ਪਿਉ ਵਲੋਂ ਓਹਨੂੰ ਮਿਲੇਗੀ ਓਹ ਰਾਹਕਾਂ ਨੂੰ ਹੀ ਦੇ ਛੱਡੇਗਾ, ਤੇ ਇਉਂ ਓਹ ਜਮੀਨ ਦੇ ਮਾਲੀਏ ਦੇ ਵਿਸ਼ੇ ਉੱਪਰ ਆਪਣਾ ਲੇਖ ਲਿਖ ਰਹਿਆ ਸੀ ।

ਆਪਣੀਆਂ ਫੁੱਫੀਆਂ ਦੇ ਚੱਕ ਵਿੱਚ ਓਸ ਨੇ ਆਪਣੇ

ਵਕਤ ਦੀ ਵੰਡ ਇਉਂ ਕੀਤੀ ਹੋਈ ਸੀ। ਵੱਡੇ ਤੜਕੇ ਜਾਗਦਾ ਸੀ, ਕਦੀ ਤਿੰਨ ਵਜੇ ਸਵੇਰੇ ਵੀ। ਤੇ ਸਵੇਰੇ ਸਾਰ ਕੁਹਰ ਵਿੱਚ ਦੀ ਜਾਂਦਾ ਪਹਾੜੀ ਦੇ ਹੇਠਾਂ ਵਗਦੀ ਨਦੀ ਵਿਚ ਜਮ ਕੇ ਇਸ਼ਨਾਨ ਕਰਦਾ ਸੀ, ਤੇ ਫੁੱਲਾਂ ਤੇ ਘਾਹਾਂ ਉੱਪਰ ਤ੍ਰੇਲ ਪਈ ਹੀ ਹਾਲੇ ਹੁੰਦੀ ਸੀ ਕਿ ਉਹ ਆਪਣੇ ਘਰ ਮੁੜ ਕੇ ਆ ਵੀ ਜਾਂਦਾ ਸੀ। ਬਾਹਜੇ ਬਾਹਜੇ ਦਿਨ ਤਾਂ ਓਹ ਆਪਣੀ ਕਾਫ਼ੀ ਪੀਕੇ ਉਹ ਮਸ਼ਵਰਾ ਦੇਣ ਵਾਲੀਆਂ ਕਿਤਾਬਾਂ ਨੂੰ ਤੇ ਕਾਗਜ਼ ਲੈ ਕੇ ਬਹਿ ਜਾਂਦਾ ਸੀ ਤੇ ਆਪਣੇ ਲੇਖ ਲਈ ਕੰਮ ਕਰਨ ਲੱਗ ਪੈਂਦਾ ਸੀ। ਪਰ ਅਕਸਰ ਕਾਫ਼ੀ ਪੀ ਕੇ ਲਿਖਣ ਪੜ੍ਹਨ ਦੀ ਥਾਂ ਉਹ ਘਰੋਂ ਬਾਹਰ ਵਗ ਜਾਂਦਾ ਸੀ ਤੇ ਵਾਹਣਾਂ, ਬੇਲਿਆਂ ਤੇ ਜੰਗਲਾਂ ਵਿੱਚ ਫਿਰਦਾ ਰਹਿੰਦਾ ਸੀ। ਰੋਟੀ ਖਾਣ ਥੀਂ ਪਹਿਲਾਂ ਬਾਗ ਵਿੱਚ ਕਿਧਰੇ ਲੇਟ ਜਾਂਦਾ ਸੀ ਤੇ ਇਕ ਠਮਕਾ ਵੀ ਲੈ ਲੈਂਦਾ ਸੀ। ਰੋਟੀ ਖਾਣ ਵੇਲੇ ਓਹ ਆਪਣੀ ਚੜ੍ਹੀ ਉੱਡਦੀ ਤੇ ਖੁਸ਼ ਤਬੀਅਤ ਕਰਕੇ ਸਭ ਨੂੰ ਬੜਾ ਹਸਾਉਂਦਾ ਤੇ ਖੁਸ਼ ਕਰਦਾ ਸੀ ਫਿਰ ਘੋੜੇ ਦੀ ਸਵਾਰੀ ਕਰਨ ਟੁਰ ਜਾਂਦਾ ਸੀ, ਯਾ ਦਰਯਾ ਉੱਪਰ ਕਿਸ਼ਤੀ ਚਲਾਣ ਚਲਾ ਜਾਂਦਾ ਸੀ। ਸ਼ਾਮ ਵੇਲੇ ਬੈਠ ਕੇ ਪੜ੍ਹਦਾ ਯਾ ਆਪਣੀਆਂ ਫੁੱਫੀਆਂ ਨਾਲ **ਪੇਸ਼ੰਸ** ਦੀ ਖੇਡ ਤਾਸ਼ ਖੇਡਦਾ ਸੀ।

ਕਈ ਰਾਤਾਂ, ਖਾਸ ਕਰ ਚਾਨਣੀਆਂ ਰਾਤਾਂ ਓਹ ਨਹੀਂ ਸੀ ਸੌਂ ਸੱਕਦਾ। ਓਹਦਾ ਦਿਲ ਜੁ ਜੀਵਨ ਦੇ ਰਸ ਤੇ ਭਗਤੀ ਨਾਲ ਭਰਿਆ ਪਇਆ ਸੀ। ਸੈਣ ਦੀ ਥਾਂ ਕਈ ਰਾਤਾਂ ਬਾਗ ਵਿੱਚ ਟਹਿਲਦਿਆਂ, ਆਪਣੇ ਖਿਆਲਾਂ ਤੇ ਸੁਫਨਿਆਂ ਵਿੱਚ ਦੀ ਤਾਰੀਆਂ ਲੈਂਦਿਆਂ ਸੂਰਜ ਚਾਹੜ ਦਿੰਦਾ ਸੀ।

ਤੇ ਇਉਂ ਓਸਨੇ ਖ਼ੁਸ਼ਬਖੁਸ਼ ਤੇ ਅਮਨ ਚੈਨ ਵਿੱਚ

ਆਪਣੀਆਂ ਫੁੱਫੀਆਂ ਪਾਸ ਨਿਵਾਸ ਦਾ ਪਹਿਲਾ ਮਹੀਨਾ ਗੁਜ਼ਾਰਿਆ ਤੇ ਉਹਨੂੰ ਉਨ੍ਹਾਂ ਦੀ ਅੱਧੀ ਨੌਕਰ, ਅੱਧੀ ਧਰਮ ਧੀ, ਕਾਲੀਆਂ ਸੋਹਣੀਆਂ ਅੱਖਾਂ ਵਾਲੀ ਦਾ ਕੁਛ ਪਤਾ ਹੀ ਨ ਲੱਗਾ। ਤੇ ਨਾਲੇ, ਹੁਣ ਭਾਵੇਂ ਉੱਨੀਂ ਸਾਲ ਦਾ ਸੀ, **ਨਿਖਲੀਊਧਵ** ਆਪਣੀ ਮਾਂ ਦੇ ਫੰਘਾਂ ਤਲੇ ਰਹਿਆ ਸੀ ਤੇ ਬਿਲਕੁਲ ਪਾਕ ਤੇ ਬੇਦੋਸ ਬੱਚਾ ਸੀ। ਤੇ ਜੇ ਕਦੀ ਓਹਨੂੰ ਤੀਮੀਂ ਦਾ ਇਹੋ ਜੇਹਾ ਧਿਆਨ ਆਉਂਦਾ ਸੀ ਤਦ ਸਿਰਫ ਓਹਨੂੰ ਵਿਆਹ ਕਰਕੇ ਆਪਣੀ ਵਹੁਟੀ ਬਣਾਉਣ ਤਕ ਦਾ ਖਿਆਲ ਆਉਂਦਾ ਸੀ, ਤੇ ਹੋਰ ਓਸ ਥੀਂ ਛੁਟ, ਬਾਕੀ ਕੁਲ ਤੀਮੀਆਂ, ਓਹਦੇ ਆਪਣੇ ਉੱਤਮ ਤੇ ਉੱਚੇ ਖਿਆਲਾਂ ਅਨੁਸਾਰ ਓਸ ਲਈ ਜਨਾਨੀਆਂ ਨਹੀਂ ਸਨ ਬਸ ਇਨਸਾਨ ਸਨ।

ਉਂਝ ਗਰਮੀਆਂ ਵਿੱਚ ਹੀ ਓਹਦੀਆਂ ਫੁੱਫੀਆਂ ਦਾ ਇਕ ਪੜੋਸੀ ਤੇ ਓਹਦਾ ਟੱਬਰ, ਦੋ ਜਵਾਨ ਧੀਆਂ ਤੇ ਇਕ ਸਕੂਲ ਜਾਣ ਵਾਲਾ ਮੁੰਡਾ, ਆਪਣੇ ਇਕ **ਆਰਟਿਸਟ** ਮਿੱਤਰ ਸਮੇਤ (ਜਿਹੜਾ ਸੀ ਤਾਂ ਭਾਵੇਂ ਕਿਸਾਨਾਂ ਗੰਵਾਰਾਂ ਵਿੱਚੋਂ, ਪਰ ਸੀ **ਆਰਟਿਸਟ** ਤੇ ਓਸ ਟੱਬਰ ਪਾਸ ਆ ਕੇ ਠਹਿਰਾ ਹੋਇਆ ਸੀ) ਈਸਾ ਦੇ ਅਸਮਾਨੀ ਚੜ੍ਹਨ ਵਾਲਾ ਦਿਨ ਇਨ੍ਹਾਂ ਨਾਲ ਗੁਜ਼ਾਰਨ ਲਈ ਆਣ ਮਹਿਮਾਨ ਹੋਇਆ। ਚਾਹ ਪੀ ਕੇ ਸਾਰੇ ਘਰ ਦੇ ਸਾਹਮਣੇ ਘਾਹ ਵਾਲੇ ਮੈਦਾਨ ਉੱਪਰ ਖੇਡਣ ਨੂੰ ਗਏ। ਇਸ ਮੈਦਾਨ ਉੱਪਰ ਘਾਹ ਵੱਢਣ ਵਾਲੀ ਮਸ਼ੀਨ ਖੂਬ ਫਿਰ ਚੁਕੀ ਸੀ, ਇਕ ਦੂਜੇ ਨੂੰ ਛੋਹਣ ਤੇ ਫੜਨ ਦੀ ਖੇਡ ਓਹ ਖੇਡਣ ਲੱਗ ਪਏ। **ਕਾਤੂਸ਼ਾ** ਵੀ ਉਨ੍ਹਾਂ ਨਾਲ

ਆਣ ਖੇਡ ਵਿੱਚ ਸ਼ਾਮਲ ਹੋਈ। ਨਸਦਿਆਂ, ਹਫਦਿਆਂ, ਕਈ ਵੇਰ ਸਾਥੀ ਬਦਲਦਿਆਂ, ਵਾਰੀ ਵਟਾਂਦਿਆਂ ਨਿਖਲੀ-ਊਧਵ ਨੇ ਕਾਤੂਸ਼ਾ ਨੂੰ ਛੋਹ ਲਿਆ ਸੀ, ਤੇ ਇਕ ਵਾਰੀ ਓਹ ਓਹਦੀ ਖੇਡ ਵਿੱਚ ਸਾਥਨ ਵੀ ਆਣ ਹੋਈ ਸੀ। ਓਸ ਵੇਲੇ ਤਕ ਕਾਤੂਸ਼ਾ ਦੀਆਂ ਅੱਖਾਂ ਤੇ ਨਿਗਾਹਾਂ ਓਹਨੂੰ ਚੰਗੀਆਂ ਲਗਦੀਆਂ ਸਨ, ਪਰ ਇਸ ਥੀਂ ਵਧ ਕਿਸੀ ਹੋਰ ਨਜੀਕੀ ਤਅੱਲਕ ਦਾ ਖਿਆਲ ਮਾਤਰ ਤਕ ਓਹਨੂੰ ਨਹੀਂ ਸੀ ਫੁਰਿਆ।

"ਇਨ੍ਹਾਂ ਦੋਹਾਂ ਨੂੰ ਫੜਨਾ ਨਾਮੁਮਕਿਨ ਹੈ, ਜਦ ਤਕ ਇਹ ਆਪ ਠੇਡਾ ਖਾ ਕੇ ਆਪ ਹੀ ਆਪੇ ਨੂੰ ਨ ਫੜਾਓਣ," ਇਓਂ ਓਹ ਖੁਸ਼ ਮਿਜ਼ਾਜ ਨੌਜਵਾਨ ਆਰਟਿਸਟ ਬੋਲਿਆ ਜਿਹੜਾ ਆਪਣੀਆਂ ਛੋਟੀਆਂ ਪਰ ਪੀਡੀਆਂ ਟੰਗਾਂ ਨਾਲ ਬੜਾ ਹੀ ਤੇਜ਼ ਦੌੜ ਸੱਕਦਾ ਸੀ।

"ਤੂੰ! ਤੇ ਸਾਨੂੰ ਫੜ ਨ ਸਕੇਂ!" ਕਾਤੂਸ਼ਾ ਨੇ ਕਹਿਆ।

"ਇਕ, ਦੋ, ਤਿੰਨ," ਤੇ ਆਰਟਿਸਟ ਨੇ ਤਾੜੀ ਵਜਾਈ।

ਕਾਤੂਸ਼ਾ ਨੇ ਆਪਣਾ ਹਾਸਾ ਮਸੇਂ ਹਾਲ ਰੋਕਿਆ, ਆਰਟਿਸਟ ਦੇ ਕੰਡ ਪਿੱਛੇ ਖੜੀ ਨੇ ਨਿਖਲੀਊਧਵ ਨਾਲ ਆਪਣੀ ਥਾਂ ਵਟਾ ਲਈ ਤੇ ਓਹਦੇ ਵੱਡੇ ਚੌੜੇ ਹੱਥ ਨੂੰ ਆਪਣੇ ਨਿੱਕੇ ਤੇ ਖੌਹਰੇ ਹੱਥ ਨਾਲ ਇਕ ਦਬ ਜੇਹੀ ਦੇ ਕੇ ਖੱਬੇ ਵਲ ਨੱਸ ਤੁਰੀ। ਓਹਦਾ ਮਾਯਾ ਨਾਲ ਅਕੜਿਆ

ਪੇਟੀਕੋਟ ਖੜ ਖੜ ਕਰਦਾ ਸੀ। **ਆਰਟਿਸਟ** ਦੇ ਛੋਹ ਜਾਣ ਥੀਂ ਬਚਣ ਲਈ **ਨਿਖਲੀਊਧਵ** ਸੱਜੇ ਪਾਸੇ ਨਸ ਪਇਆ, ਪਰ ਜਦ ਓਸ ਮੁੜ ਕੇ ਵੇਖਿਆ ਤਦ ਓਹ **ਆਰਟਿਸਟ ਕਾਤੂਸ਼ਾ** ਵਲ ਭੱਜੀ ਜਾ ਰਹਿਆ ਸੀ। **ਕਾਤੂਸ਼ਾ** ਓਸ ਥੀਂ ਕਾਫ਼ੀ ਅੱਗੇ ਸੀ। ਓਹਦੀਆਂ ਪੀਡੀਆਂ ਤੇ ਲੰਮੀਆਂ ਲੱਤਾਂ ਖੂਬ ਹਿਲਦੀਆਂ ਸਨ। ਉਨ੍ਹਾਂ ਦੇ ਅੱਗੇ ਫੁੱਲਾਂ ਦੀ ਇਕ ਝਾੜੀ ਸੀ ਤੇ **ਕਾਤੂਸ਼ਾ** ਨੇ ਆਪਣੇ ਸਿਰ ਨਾਲ **ਨਿਖਲੀਊਧਵ** ਨੂੰ ਇਸ਼ਾਰਾ ਕੀਤਾ ਕਿ ਓਹ ਓਸ ਝਾੜੀ ਦੇ ਪਿੱਛੇ ਆਣ ਕੇ ਮਿਲੇ ਕਿਉਂਕਿ ਇਕ ਵੇਰੀ ਜੇ ਓਹ ਆਣ ਮਿਲਣ ਤੇ ਮੁੜ ਇਕ ਦੂਜੇ ਦਾ ਹੱਥ ਫੜ ਲੈਣ ਤਦ ਓਨ੍ਹਾਂ ਨੂੰ **ਆਰਟਿਸਟ** ਦੇ ਆਣ ਕੇ ਛੋਹ ਜਾਣ ਦਾ ਮੁੜ ਕੋਈ ਡਰ ਨਹੀਂ ਸੀ ਤੇ ਜੇ ਇਓਂ ਓਹ ਮਿਲ ਪੈਣ ਤਦ ਓਹ ਖੇਡ ਜਿੱਤ ਜਾਂਦੇ ਸਨ। **ਨਿਖਲੀਊਧਵ** ਨੇ ਓਸ **ਛਪਣ ਲੁਕਣ** ਦੀ ਖੇਡ ਦੇ ਕਾਇਦੇ ਦਾ ਇਹ ਇਸ਼ਾਰਾ ਸਮਝ ਲਇਆ, ਝਾੜੀ ਵਲ ਦੌੜ ਪਇਆ। ਰਸਤੇ ਵਿੱਚ ਇਕ ਟੋਆ ਸੀ, ਜਿਹਦਾ ਓਹਨੂੰ ਪਤਾ ਨਹੀਂ ਸੀ। ਟੋਏ ਦੇ ਅੱਗੇ ਪਿੱਛੇ ਬਿੱਛੂ ਬੂਟੀ ਉੱਗੀ ਹੋਈ ਸੀ। **ਨਿਖਲੀਊਧਵ** ਠੇਡਾ ਖਾ ਕੇ ਘੜੱਮ ਉਸ ਟੋਏ ਵਿੱਚ ਢੱਠਾ। ਉਹਦੇ ਹੱਥਾਂ ਪੈਰਾਂ ਨੂੰ ਬਿੱਛੂ ਬੂਟੀ, ਜਿਹੜੀ ਤ੍ਰੇਲ ਨਾਲ ਭਰੀ ਸੀ, ਲੜ ਗਈ, ਪਰ ਸ਼ੇਰ ਉਹ ਉੱਠ ਖਲੋਤਾ ਤੇ ਆਪਣੇ ਡਿੱਗਣ ਉੱਪਰ ਹੱਸਿਆ।

ਓਧਰੋਂ **ਕਾਤੂਸ਼ਾ** ਓਸ ਵੱਲ ਨੱਸਦੀ ਆ ਰਹੀ ਸੀ, ਓਹਦੀਆਂ ਕਾਲਚਿਆਂ ਵਾਂਗ ਕਾਲੀਆਂ ਸੋਹਣੀਆਂ ਅੱਖਾਂ ਸਨ। ਓਹਦੇ ਮੂੰਹ ਥੀਂ ਅਕਹਿ ਜੇਹਾ ਪ੍ਰਕਾਸ਼ ਫੁਟ ਫੁਟ ਕੇ ਨਿਕਲ ਰਹਿਆ ਸੀ, ਅਜਬ ਸੁਹੱਪਣ ਓਸ ਉੱਪਰ ਆਇਆ ਹੋਇਆ ਸੀ, ਡੁਲ੍ਹ ਡੁਲ੍ਹ ਪੈ ਰਹਿਆ ਸੀ, ਤੇ ਦੋਹਾਂ ਇਉਂ ਆਖਰ ਇਕ ਦੂਜੇ ਦੇ ਹੱਥ ਫੜ ਲਏ।

"ਬਿਛੂ ਬੂਟੀ ਲੜੀ ਹੋਣੀ ਹੈ?" **ਕਾਤੂਸ਼ਾ** ਨੇ **ਨਿਖਲੀਊਧਵ** ਨੂੰ ਕਹਿਆ ਤੇ ਆਪਣੇ ਦੂਜੇ ਖੁਲ੍ਹੇ ਹੱਥ ਨਾਲ ਕੇਸਾਂ ਨੂੰ ਠੀਕ ਕੀਤਾ। ਸਾਹੋ ਸਾਹ ਹੋਈ ਹੋਈ ਸੀ, ਤੇ ਬੜੀ ਹੀ ਦਿਲ ਖਿਚਵੀਂ ਤੇ ਮੰਦ ਮੰਦ ਹਸੀ ਨਾਲ ਓਸ ਵੱਲ ਵੇਖਣ ਲੱਗ ਗਈ।

"ਮੈਨੂੰ ਨਹੀਂ ਸੀ ਪਤਾ ਕਿ ਇਥੇ ਕੋਈ ਟੋਆ ਹੈ", ਓਸ ਉਤਰ ਦਿੱਤਾ ਤੇ ਓਹਦਾ ਹੱਥ ਆਪਣੇ ਹੱਥ ਵਿੱਚ ਰਖੀ ਰਖਿਆ। **ਕਾਤੂਸ਼ਾ** ਓਹਦੇ ਨਾਲ ਨਾਲ ਲਗਦੀ ਗਈ ਤੇ ਓਹ ਆਪ ਵੀ ਓਹਨੂੰ ਪਤਾ ਹੀ ਨ ਲੱਗਿਆ ਤੇ ਓਸ ਵਲ ਆਪ ਮੁਹਾਰਾ ਝੁਕ ਗਇਆ, ਓਹ ਵੀ ਨਾ ਹਟੀ, ਓਸਨੇ ਓਹਦਾ ਹੱਥ ਪਿਆਰ ਨਾਲ ਨਿਪਤਿਆ ਤੇ ਓਹਦੇ ਹੋਠਾਂ ਤੇ ਇਕ ਪਿਆਰ ਦਿੱਤਾ।

"ਹਾਏ! ਊਈ, ਤੂੰ ਆਖਰ ਓਹੋ ਕੁਝ ਕਰ ਹੀ ਲਇਆ ਨਾ", ਤੇ ਆਪਣਾ ਹੱਥ ਝਟਕਾ ਦੇ ਕੇ ਛੁੜਾ ਕੇ ਓਸ ਥੀਂ ਪਰੇ ਨੱਸ ਗਈ।

ਤੇ ਚਿਟੇ **ਲਾਈਲੈਕ** ਦੀਆਂ ਦੋ ਟਹਿਣੀਆਂ ਤੋੜ ਕੇ ਜਿਹਨਾਂ ਨਾਲੋਂ ਫੁਲ ਅੱਗੋਂ ਹੀ ਢਹਿ ਰਹੇ ਸਨ, ਇਨ੍ਹਾਂ ਫੁਲਛਟੀਆਂ ਨਾਲ ਆਪਣੇ ਭਖਦੇ ਚਿਹਰੇ ਨੂੰ ਪੱਖਾ ਕਰਨ ਲੱਗ ਗਈ ; ਤੇ ਪਿੱਛੇ ਮੁੜਕੇ ਇਕ ਵੇਰੀ ਓਸ ਵਲ ਨਿਗਾਹ ਦਾ ਤੀਰ ਮਾਰਿਆ ਤੇ ਆਪਣੀਆਂ ਬਾਹਾਂ ਨੂੰ ਅੱਗੇ ਵਲ ਉਛਾਲਦੀ, ਦੌੜਦੀ, ਹੋਰ ਖੇਡਣ ਵਾਲਿਆਂ ਨਾਲ ਜਾ ਮਿਲੀ।

ਇਸ ਦਿਨ ਥੀਂ ਬਾਹਦ, **ਕਾਤੂਸ਼ਾ** ਤੇ **ਨਿਖਲੀ-ਊਧਵ** ਦੇ ਆਪਸ ਵਿੱਚ ਓਹ ਅਜੀਬ ਤੇ ਸਵਾਦਲੇ ਰਿਸ਼ਤੇ ਪੈ ਗਏ ਜਿਹੜੇ ਇਕ ਪਾਕ ਨੌਜਵਾਨ ਲੜਕੀ ਤੇ ਪਾਕ ਲੜਕੇ ਵਿੱਚ, ਜੋ ਦੋਵੇਂ ਇਕ ਦੂਜੇ ਨੂੰ ਪਿਆਰ ਕਰਨ ਲੱਗ ਜਾਂਦੇ ਹਨ, ਪੈਣੇ ਜ਼ਰੂਰੀ ਹੁੰਦੇ ਹਨ।

ਜਦ ਕਦੀ **ਕਾਤੂਸ਼ਾ** ਓਹਦੇ ਕਮਰੇ ਵਿੱਚ ਆਉਂਦੀ ਸੀ ਯਾ ਦੂਰੋਂ ਹੀ ਓਹਨੂੰ ਓਹਦੇ ਚਿੱਟੇ ਝੱਗੇ ਦਾ ਕਿਨਾਰਾ ਦਿਸ ਪੈਂਦਾ ਸੀ, **ਨਿਖਲੀਊਧਵ** ਦੇ ਅੰਦਰ ਇਕ ਚੰਨ ਜੇਹਾ ਚੜ ਪੈਂਦਾ ਸੀ। ਓਹਦੀਆਂ ਅੱਖਾਂ ਵਿੱਚ ਅਜੀਬ ਤੇ ਰਮਨੀਕ ਖੁਸ਼ੀ ਆਉਂਦੀ ਸੀ। ਜਿਸ ਤਰਾਂ ਸਵੇਰ ਵੇਲੇ ਸੂਰਜ ਦੀ ਚਮਕ ਨਾਲ ਹਰ ਇਕ ਚੀਜ਼ ਸੋਹਣੀ ਲਗਣ ਲਗ ਪੈਂਦੀ ਹੈ, ਦਿਲ ਨੂੰ ਖੁਸ਼ੀ ਕਰਦੀ ਹੈ, ਲੁਭਾਂਦੀ ਹੈ ਓਸੀ ਤਰਾਂ **ਕਾਤੂਸ਼ਾ** ਨੂੰ ਵੇਖ ਕੇ ਓਹਦਾ ਸਾਰਾ ਅੰਦਰ ਰੋਮ ਰੋਮ ਖੁਸ਼ੀ ਨਾਲ ਭਰ ਜਾਂਦਾ ਸੀ। ਓਧਰ **ਕਾਤੂਸ਼ਾ** ਦਾ ਭੀ ਇਹੋ ਹਾਲ ਹੁੰਦਾ ਸੀ।

ਇਹ ਨਹੀਂ ਕਿ **ਕਾਤੂਸ਼ਾ** ਨੂੰ ਵੇਖ ਕੇ ਹੀ **ਨਿਖਲੀਊਧਵ** ਦੀ ਇਹ ਹਾਲਤ ਹੁੰਦੀ ਸੀ। ਨਿਰਾ ਇਹ ਚਿਤਵਨਾ ਹੀ ਕਿ "**ਕਾਤੂਸ਼ਾ ਹੈ**" ਕਿਧਰੇ ਹੈ, ਤੇ **ਕਾਤੂਸ਼ਾ** ਲਈ ਇਹ ਕਿ "**ਨਿਖਲੀਊਧਵ** ਹੈ" ਕਿਧਰੇ ਹੈ, ਓਹੋ ਅਸਰ ਦੋਹਾਂ ਲਈ ਪੈਦਾ ਕਰ ਦਿੰਦਾ ਸੀ।

ਕਿਸੀ ਹੇਰੀ ਫੇਰੀ ਦੀ ਹਾਲਤ ਵਿੱਚ, ਜੇ ਓਹਦੀ ਮਾਂ ਥੀਂ ਕੋਈ ਤਬੀਅਤ ਨੂੰ ਖਰਾਬ ਕਰਨ ਵਾਲਾ ਖਤ ਆਇਆ ਹੋਵੇ, ਯਾ ਆਪਣੇ ਲੇਖ ਦਾ ਕੋਈ ਹਿੱਸਾ ਤਸੱਲੀਬਖਸ਼ ਤਰਾਂ ਲਿਖ ਨ ਸਕਿਆ ਹੋਵੇ, ਯਾ ਕਿਸੀ ਵੇਲੇ ਓਹ ਅਕਾਰਨ ਹੀ ਦਿਲਗੀਰੀ ਵਿਚ ਜਾ ਪਇਆ ਹੋਵੇ, ਜਿਸ ਲਈ ਓਹ ਕੁਝ ਕਹਿ ਨਹੀਂ ਸੱਕਦਾ ਕਿ ਕਿਉਂ ਆਈ ਹੈ, ਕਿਉਂਕਿ ਇਹੋ ਜੇਹੀਆਂ ਦਿਲਗੀਰੀਆਂ ਨੌਜਵਾਨਾਂ ਨੂੰ ਅਚਨਚੇਤ ਆ ਹੀ ਵੱਜਦੀਆਂ ਹਨ—ਕੁਛ ਹੋਵੇ, **ਕਾਤੂਸ਼ਾ** ਨੂੰ ਯਾਦ ਕਰਨਾ ਹੀ ਕਾਫੀ ਸੀ। ਸਭ ਉਦਾਸੀਆਂ ਦੂਰ ਹੋ ਜਾਂਦੀਆਂ ਸਨ, ਸਭ ਗ਼ਮਗੀਨੀਆਂ ਕਾਫੂਰ ਹੋ ਜਾਂਦੀਆਂ ਸਨ ਤੇ ਯਕੀਨ ਸੀ ਕਿ ਹੁਣੇ ਓਹਨੂੰ ਮਿਲਾਂਗੇ ਤੇ ਸਭ ਗ਼ਮ ਗ਼ਲਤ ਹੋ ਜਾਣਗੇ।

**ਕਾਤੂਸ਼ਾ** ਨੂੰ ਘਰ ਦਾ ਕੰਮ ਕਾਜ ਬਹੁਤ ਰਹਿੰਦਾ ਹੁੰਦਾ ਸੀ, ਪਰ ਫਿਰ ਵੀ ਓਹ ਆਪਣੇ ਪੜ੍ਹਨ ਦਾ ਵਕਤ ਕੱਢ ਲੈਂਦੀ ਸੀ ਤੇ **ਨਿਖਲੀਊਧਵ** ਨੇ ਓਹਨੂੰ **ਦੋਸਤੋ-ਯਵਸਕੀ** ਤੇ **ਤੁਰਗੇਨੇਵ** ਦੀਆਂ ਕਿਤਾਬਾਂ ਦਿਤੀਆਂ

ਸਨ (ਜਿਹੜੀਆਂ ਓਸ ਆਪ ਹੁਣੇ ਖਤਮ ਕੀਤੀਆਂ ਸਨ) **ਕਾਤੂਸ਼ਾ** ਨੂੰ **ਤੁਰਗੇਨੇਵ** ਦੀ ਪੋਥੀ "ਇਕ ਸ਼ਾਂਤ ਨੁਕਰ" ਨਾਮੀ ਬੜੀ ਚੰਗੀ ਲੱਗੀ ਸੀ। ਉਹ ਆਪੇ ਵਿੱਚ ਕੁਛ ਮਿੰਟ ਅੱਗੋਂ ਪਿੱਛੋਂ ਖੋਹ ਪਤੋਹ ਕੇ ਗੱਲਾਂ ਕਰ ਲੈਂਦੇ ਸਨ, ਕਦੀ ਲਾਂਘੇ ਵਿਚ ਦੀ, ਕਦੀ ਬ੍ਰਾਮਦੇ ਵਿੱਚ, ਕਦੀ ਅਹਾਤੇ ਵਿਚ, ਤੇ ਕਦੀ ਆਪਣੀ ਫੁਫੀ ਦੀ ਬੁੱਢੀ ਨੌਕਰਾਨੀ **ਮੈਤਰੀਨਾ ਪਾਵਲੋਵਨਾ** ਦੇ ਕਮਰੇ ਵਿੱਚ ਜਿਸ ਨਾਲ **ਨਿਖਲੀਊਧਵ** ਕਦੀ ਕਦੀ ਚਾਹ ਦੀ ਪਿਆਲੀ ਪੀਣ ਚਲਾ ਜਾਂਦਾ ਸੀ ਤੇ ਓਸ ਕਮਰੇ ਵਿੱਚ **ਕਾਤੂਸ਼ਾ** ਵੀ ਆ ਕੇ ਸੀਣ ਤਰੁੱਪਣ ਦਾ ਕੰਮ ਕਰਦੀ ਹੁੰਦੀ ਸੀ।

ਇਸ **ਮੈਤਰੀਨਾ ਪਾਵਲੋਵਨਾ** ਦੇ ਕਮਰੇ ਵਿੱਚ, ਤੇ ਓਹਦੀ ਮੌਜੂਦਗੀ ਵਿੱਚ ਓਨ੍ਹਾਂ ਦੇ ਆਪੇ ਵਿੱਚ ਦੀਆਂ ਗੱਲਾਂ ਬੜੀਆਂ ਸਵਾਦਲੀਆਂ ਹੁੰਦੀਆਂ ਸਨ। ਜਦ ਓਹ ਇਕੱਲੇ ਹੁੰਦੇ ਸਨ ਤਦ ਆਪਸ ਵਿੱਚ ਇੰਨੇ ਨਹੀਂ ਸਨ ਖੁਲਦੇ ਹੁੰਦੇ। ਤਦ ਓਹਨਾਂ ਦੀਆਂ ਅੱਖਾਂ, ਮੂੰਹ ਨਾਲ ਕਹੇ ਲਫਜ਼ਾਂ ਤੇ ਉਨ੍ਹਾਂ ਦੇ ਅਰਥਾਂ ਥੀਂ ਵਧ ਡੂੰਘੀਆਂ ਗੱਲਾਂ ਕਰਦੀਆਂ ਸਨ। ਓਨਾਂ ਦੇ ਹੋਠ ਕੰਬਦੇ ਸਨ ਤੇ ਇਕ ਦੂਜੇ ਨੂੰ ਪਿਆਰ ਦੇਣ ਲਈ ਉਠ ਆਉਂਦੇ ਸਨ ਤੇ ਓਨਾਂ ਦੋਹਾਂ ਨੂੰ ਮਿੱਸੀ ਦੇ ਆ ਜਾਣ ਦਾ ਡਰ ਲੱਗ ਜਾਂਦਾ ਸੀ ਤੇ ਛੇਤੀ ਦੇ ਕੇ ਇਕ ਦੂਜੇ ਨੂੰ ਛੱਡ ਕੇ ਨਿਖੜ ਜਾਂਦੇ ਸਨ।

ਆਪਣੀਆਂ ਫੁਫੀਆਂ ਪਾਸ ਆਉਣ ਦੇ ਇਸ ਪਹਿਲੇ ਮੌਕੇ ਉੱਤੇ ਬਾਕੀ ਦਾ ਸਾਰਾ ਵਕਤ ਉਨ੍ਹਾਂ

ਦੋਹਾਂ ਦੇ ਆਪੋ ਵਿੱਚ ਦੇ ਤਅੱਲਕ ਕੁਛ ਇਹੋ ਜੇਹੇ ਰਹੇ। ਫੂਫੀਆਂ ਨੇ ਵੀ ਤਾੜ ਲਇਆ ਸੀ। ਉਨ੍ਹਾਂ ਨੇ **ਨਿਖਲੀ-ਊਧਵ** ਦੀ ਮਾਂ ਸ਼ਾਹਜ਼ਾਦੀ **ਹੈਲੇਨਾ ਈਵਾਨੋਵਨਾ** ਨੂੰ ਲਿਖ ਦਿੱਤਾ ਸੀ, ਕਿਉਂਕਿ ਇਸ ਗੱਲ ਥੀਂ ਓਹ ਕੁਛ ਇੰਨੀਆਂ ਡਰ ਜੇ ਹੀਆਂ ਗਈਆਂ ਸਨ। ਓਹਦੀ ਫੂਫੀ **ਮੇਰੀ ਈਵਾਨੋਵਨਾ** ਨੂੰ ਤਾਂ ਇਹ ਡਰ ਪੈ ਗਇਆ ਸੀ ਕਿ **ਦਮਿਤ੍ਰੀ** ਕਿਧਰੇ **ਕਾਤੂਸ਼ਾ** ਨਾਲ ਨਾਜਾਇਜ਼ ਤਅੱਲਕ ਨ ਕਰ ਬਹੇ। ਪਰ ਓਹਦਾ ਡਰ ਬੇਬੁਨਿਆਦ ਸੀ ਕਿਉਂਕਿ **ਨਿਖਲੀਊਧਵ** ਨੂੰ ਆਪ ਵੀ ਹਾਲੇਂ ਇਹ ਗਲ ਪਤਾ ਨਹੀਂ ਸੀ ਲੱਗੀ ਕਿ ਉਹ **ਕਾਤੂਸ਼ਾ** ਨੂੰ ਪਿਆਰ ਕਰਦਾ ਹੈ। ਓਹ ਜਾਣਦਾ ਸੀ ਕਿ ਓਹਨੂੰ ਪਾਕ ਪਿਆਰ ਨਾਲ ਪਿਆਰ ਕਰ ਰਹਿਆ ਹੈ, ਤੇ ਇਸ ਓਹਦੇ ਅਨੁਭਵ ਵਿੱਚ ਹੀ ਓਹਦਾ ਤੇ ਓਸ ਕੁੜੀ ਦਾ ਬਚਾ ਸੀ। ਨ ਸਿਰਫ ਓਸਨੂੰ ਓਹਦੇ ਸ਼ਰੀਰ ਨੂੰ ਆਪਣਾ ਬਣਾਉਣ ਦੀ ਕੋਈ ਚਾਹ ਨਹੀਂ ਉਪਜਦੀ ਸੀ ਬਲਕਿ, ਜਦ ਕਦੀ ਓਹ ਐਸਾ ਸੋਚਦਾ ਵੀ ਸੀ, ਤਦ ਓਹਨੂੰ ਇਸ ਗਲ ਥੀਂ ਖੌਫ ਆਉਂਦਾ ਸੀ। ਓਹਦੀ ਦੂਜੀ ਜ਼ਿਆਦਾ ਚੰਗੀ ਤਬੀਅਤ ਵਾਲੀ ਫੁਫੀ **ਸੋਫੀਆ ਈਵਾਨੋਵਨਾ** ਨੂੰ ਇਹ ਡਰ ਸੀ ਕਿ ਓਹਦਾ ਭੱਤਰੀਆ ਜਿਸ ਤਰਾਂ ਸਭ ਗੱਲਾਂ ਨੂੰ ਪੂਰੀ ਤਰਾਂ ਸਿਰੇ ਚਾਹੜਨ ਵਾਲਾ ਤੇ ਚੰਗੇ ਵੱਡੇ ਦਿਲ ਵਾਲਾ ਮੁੰਡਾ ਹੈ ਕਿਧਰੇ ਇਸ ਕੁੜੀ ਦੇ ਪਿਆਰ ਵਿੱਚ ਨ ਪੈ ਜਾਵੇ, ਤੇ ਜੇ ਪੈ ਗਇਆ ਤਦ ਓਸੇ

ਨਾਲ ਵਿਆਹ ਕਰਕੇ ਹੀ ਰਹੇਗਾ। ਇਹੋ ਜੇਹਾ ਓਹਦਾ ਖਾਸਾ ਜੇ ਹੋਇਆ, ਓਸ ਮੁੜ ਜਾਤ ਪਾਤ ਅੱਗਾ ਪਿੱਛਾ ਸੋਚਣ ਦੀ ਨਹੀਂ ਕਰਨੀ, ਤੇ **ਸੋਫੀਆ** ਦੇ ਇਹੋ ਜੇਹੇ ਡਰ ਕੁਛ ਸੱਚੇ ਸਨ।

ਜੇ ਓਸ ਵੇਲੇ **ਨਿਖਲੀਊਧਵ** ਨੂੰ ਸਮਝ ਆ ਜਾਂਦੀ ਕਿ ਓਹ **ਕਾਤੂਸ਼ਾ** ਨੂੰ ਪਿਆਰ ਕਰ ਰਹਿਆ ਹੈ, ਤੇ ਖਾਸ ਕਰ ਓਸ ਹਾਲਤ ਵਿੱਚ ਜੇ ਓਹਨੂੰ ਕਹਿਆ ਜਾਂਦਾ ਕਿ ਓਸ ਹੈਸੀਅਤ ਦੀ ਲੜਕੀ ਨਾਲ ਓਹਨੂੰ ਵਿਆਹ ਕਰਨਾ ਯੋਗ ਨਹੀਂ ਹੈ ਤਦ ਇਹ ਗੱਲ ਆਪ ਮੁਹਾਰੀ ਹੋ ਜਾਂਦੀ ਕਿ ਉਹ ਜ਼ਿਦ ਕਰ ਬਹਿੰਦਾ ਕਿ ਹੈਸੀਅਤ ਆਦਿ ਕੋਈ ਦਲੀਲ ਇਸ ਗੱਲ ਨੂੰ ਰੋਕ ਦੇਨ ਲਈ ਨਹੀਂ ਹੋ ਸਕਦੀ, ਕਿ ਇਕ ਲੜਕੀ ਜਿਹਨੂੰ ਓਹ ਪਿਆਰ ਕਰਨ ਲੱਗ ਪਇਆ ਹੈ, ਚਾਹੇ ਊਚ, ਚਾਹੇ ਨੀਚ, ਕਿਉਂ ਕੋਈ ਹੋਰ ਸੋਚ, ਓਹਦੇ ਤੇ ਇਹਦੇ ਦਰਮਿਆਨ ਆਕੇ, ਓਹਦੇ ਵਿਆਹ ਕਰਨ ਦੇ ਵਿੱਚ ਰੋਕ ਕਦਾਚਿਤ ਪਾ ਸਕੇ। ਪਰ ਓਹਦੀਆਂ ਫੁਫੀਆਂ ਨੇ ਆਪਣੇ ਡਰ ਓਹਨੂੰ ਦੱਸੇ ਹੀ ਨਹੀਂ ਸਨ, ਤੇ ਜਦ ਓਹ ਉੱਥੋਂ ਟੁਰ ਵੀ ਗਇਆ ਤਾਂ ਵੀ ਓਹਨੂੰ ਆਪ ਨੂੰ ਪਤਾ ਨਹੀਂ ਸੀ ਲੱਗਾ, ਕਿ ਉਹ **ਕਾਤੂਸ਼ਾ** ਨੂੰ ਇਸ ਕਿਸਮ ਦਾ ਪਿਆਰ ਕਰਦਾ ਸੀ। ਉਹ ਆਪਣੇ ਦਿਲ ਵਿੱਚ ਪੂਰਾ ਯਕੀਨ ਕਰੀ ਬੈਠਾ ਸੀ ਕਿ **ਕਾਤੂਸ਼ਾ** ਨੂੰ ਦੇਖ ਕੇ ਯਾਦ ਕਰਕੇ ਜੋ ਖੁਸ਼ੀ ਓਹਨੂੰ ਹੁੰਦੀ ਸੀ, ਓਹ ਇਕ ਦੋਹਾਂ ਮਿਲ ਬੈਠਣ ਤੇ ਕੱਠੇ ਖੇਡਣ ਵਾਲਿਆਂ ਬੱਚਿਆਂ ਵਿੱਚ ਇਕ ਸਾਥਪੁਣੇ ਦੀ ਖੁਸ਼ੀ ਸਹਿਜ ਸੁਭਾ

ਹੋਇਆ ਹੀ ਕਰਦੀ ਹੈ। ਤਦ ਵੀ ਜਦ ਓਹ ਉੱਥੋਂ ਟੁਰਨ ਲੱਗਾ ਸੀ ਤੇ ਕਾਤੂਸ਼ਾ ਓਹਦੀ ਫੁਫੀਆਂ ਨਾਲ ਪੋਰਚ ਵਿੱਚ ਖੜੀ ਸੀ ਤੇ ਓਸ ਵੱਲ ਆਪਣੀ ਅਥਰੂਆਂ ਨਾਲ ਡਲ ਡਲ ਕਰਦੀਆਂ, ਕਾਲੀਆਂ ਤੇ ਰਤਾ ਕੂ ਭੈਂਗ ਮਾਰਦੀਆਂ ਅੱਖੀਆਂ ਨਾਲ ਤਕ ਰਹੀ ਸੀ। ਉਸ ਨੇ ਓਸ ਵੇਲੇ ਪ੍ਰਤੀਤ ਕੀਤਾ ਸੀ, ਕਿ ਇਥੇ ਉਹ ਕੋਈ ਇਕ ਬੜੀ ਅਮੋਲਕ ਚੀਜ਼ ਪਿਛੇ ਛੱਡ ਚਲਿਆ ਹੈ ਜਿਹੜੀ ਮੁੜ ਨਹੀਂ ਹੱਥ ਆਉਣੀ ਤੇ ਇਹ ਸੋਚ ਕੇ ਉਹ ਉਦਾਸ ਹੋ ਗਇਆ ਸੀ।

"ਗੁਡਬਾਈ–ਕਾਤੂਸ਼ਾ," ਓਸ ਨੇ ਬੱਘੀ ਚੜ੍ਹਣ ਲੱਗਿਆਂ, ਸੋਫੀਆ ਈਵਾਨੋਵਨਾ ਦੀ ਟੋਪੀ ਵਿੱਚ ਦੀ ਝਾਤ ਪਾ ਕੇ ਕਹਿਆ, "ਸਭ ਤਰਾਂ ਦੇ ਹਾਸੇ ਖੇਡੇ ਲਈ ਮੈਂ ਤੇਰਾ ਬੜਾ ਧੰਨਜਵਾਦੀ ਹਾਂ।"

"ਗੁਡਬਾਈ–ਦਮਿਤ੍ਰੀ ਈਵਾਨਿਚ," ਕਾਤੂਸ਼ਾ ਨੇ ਆਪਣੀ ਮਿੱਠੀ ਮਹੀਨ ਅਵਾਜ਼ ਨਾਲ ਕਹਿਆ ਤੇ ਆਪਣੇ ਅਥਰੂ ਜਿਹੜੇ ਅੱਖਾਂ ਵਿੱਚ ਡਲ ਡਲ ਕਰ ਰਹੇ ਸਨ ਢਹਿਣ ਨ ਦਿੱਤੇ ਤੇ ਨੱਸ ਕੇ ਹਾਲ ਕਮਰੇ ਵਲ ਦੌੜ ਗਈ ਜਿੱਥੇ ਓਹ ਏਕਾਂਤ ਵਿੱਚ ਰੋ ਸਕਦੀ ਸੀ।

# ਕਾਂਡ ੧੩.

ਓਸ ਥੀਂ ਪਿੱਛੇ ਦੋ ਸਾਲ ਥੀਂ ਜ਼ਿਆਦਾ ਅਰਸੇ ਲਈ **ਨਿਖਲੀਊਧਵ** ਮੁੜ **ਕਾਤੂਸ਼ਾ** ਨੂੰ ਨਹੀਂ ਸੀ ਮਿਲਿਆ। ਜਦ ਫਿਰ ਓਹਨੂੰ ਮਿਲਿਆ ਤਦ ਓਹ ਫੌਜ ਵਿਚ **ਸ਼ਾਹੀ ਕਮਿਸ਼ਨ** ਪਾ ਚੁਕਾ ਸੀ ਤੇ ਆਪਣੀ ਰਜਮਿੰਟ ਵਿੱਚ ਨੌਕਰੀ ਉੱਪਰ ਹਾਜ਼ਰ ਹੋਣ ਲਈ ਜਾ ਰਹਿਆ ਸੀ। ਓਥੇ ਜਾਂਦਿਆਂ ਰਾਹ ਵਿੱਚ ਕੁਛ ਦਿਨ ਆਪਣੀਆਂ ਫੁਫੀਆਂ ਪਾਸ ਰਹਿਣ ਤੇ ਓਨ੍ਹਾਂ ਨੂੰ ਮਿਲਣ ਆ ਗਇਆ ਸੀ। ਪਰ ਹੁਣ ਓਹ ਨਹੀਂ ਸੀ ਜਿਹੜਾ ਤ੍ਰੈ ਸਾਲ ਪਹਿਲਾਂ ਸੀ, ਓਹ ਵਿਦਿਆਰਥੀ ਜਿਹੜਾ ਆਪਣੀਆਂ ਹੁਨਾਲ ਦੀਆਂ ਛੁਟੀਆਂ ਗੁਜ਼ਾਰਨ ਆਇਆ ਸੀ। ਓਸ ਵੇਲੇ ਤਾਂ ਓਹ ਇਕ ਪਾਕ, ਸੁੱਚਾ, ਉੱਚਾ, ਖੁਦੀ ਥੀਂ ਅਣਜਾਣ ਲੜਕਾ ਸੀ ਜਿਹਦਾ ਦਿਲ ਕਿਸੀ ਚੰਗੇ ਧਰਮ ਦੇ ਕੰਮ ਲਈ ਕੁਰਬਾਨੀ ਕਰਨ ਨੂੰ ਲੋਚਦਾ ਸੀ। ਤੇ ਹੁਣ ਓਹ ਇਕ ਗਿਰਿਆ ਹੋਇਆ, ਪਰ ਮਾਂਝਿਆ ਹੋਇਆ, ਅਹੰਕਾਰੀ, ਖੁਦਗਰਜ਼ ਆਦਮੀ ਸੀ ਜਿਹਨੂੰ ਆਪਣੀ ਖੁਸ਼ੀ ਦੀ ਖ਼ਾਤਰ ਭੋਗ ਬਿਲਾਸ ਥੀਂ ਛੁਟ ਹੋਰ ਕਿਸੀ ਗੱਲ ਦੀ ਪ੍ਰਵਾਹ ਨਹੀਂ ਰਹੀ ਹੋਈ ਸੀ। ਤਦੋਂ ਤਾਂ ਓਹਨੂੰ ਰੱਬ ਦੀ ਦੁਨੀਆਂ ਇਕ ਅਚੰਭਾ ਜੇਹਾ ਇਕ ਲੁਕਵਾਂ ਭੇਤ ਜੇਹਾ ਦਿੱਸਦੀ ਸੀ ਜਿਹਦੀ ਸਮਝ ਲਈ ਓਹ ਆਪਣਾ ਤ੍ਰਾਣ ਲਾਉਂਦਾ ਸੀ, ਤੇ ਹੁਣ ਉਹਨੂੰ ਜ਼ਿੰਦਗੀ ਦੀ ਹਰ ਇਕ ਗੱਲ ਸਾਫ ਤੇ ਸਿੱਧੀ ਦਿੱਸ ਰਹੀ ਸੀ। ਜੇਹੀ ਕੇਹੀ ਇੰਦ੍ਰੀਆਂ ਦੀ ਉਕਸਾਵਟ ਦੀ

ਜ਼ਿੰਦਗੀ ਉਹ ਰਹ ਰਹਿਆ ਸੀ, ਉਸੀ ਤਰਾਂ ਦੀ ਜ਼ਿੰਦਗੀ ਦੀਆਂ ਹੱਦਾਂ ਤੇ ਲਕੀਰਾਂ ਉਹਦੀ ਇਸ ਸਮਝ ਦੀਆਂ ਵੀ ਹੱਦਾਂ ਤੇ ਲਕੀਰਾਂ ਬਣ ਰਹੀਆਂ ਸਨ। ਤੇ ਇਉਂ ਹਰ ਇਕ ਚੀਜ਼ ਲਕੀਰਾਂ ਵਿੱਚ ਬੜੀ ਸਾਫ ਤੇ ਸਿੱਧੀ ਦਿੱਸ ਰਹੀ ਸੀ। ਤਦੋਂ ਤਾਂ ਉਹਦੇ ਰੂਹ ਨੂੰ ਇਸ ਗੱਲ ਦੀ ਲੋੜ ਪਰਤੀਤ ਹੁੰਦੀ ਸੀ ਕਿ ਰਬ ਦੀ ਅਚੰਭਾ ਕੁਦਰਤ ਦੇ ਦਿਲ ਨਾਲ ਆਪਣਾ ਦਿਲ ਜੋੜ ਕੇ ਰੂਹ ਦੀ ਜ਼ਿੰਦਗੀ ਦੀ ਧੜਕ ਨੂੰ ਸੁਣੇ ਤੇ ਉਹੋ ਜੇਹੇ ਲੋਕਾਂ ਨਾਲ ਜਿਹੜੇ ਜੀਵਨ ਦੇ ਭੇਤ ਦੀ ਤਲਾਸ਼ ਵਿੱਚ ਰਹਿੰਦੇ ਹਨ, ਓਨ੍ਹਾਂ ਨਾਲ ਸਤਸੰਗਤ ਕਰੇ, ਫਿਲਾਸਫਰਾਂ ਤੇ ਕਵੀਆਂ ਨਾਲ, ਤੇ ਹੁਣ ਓਹਨੂੰ ਸਿਰਫ ਇਹੋ ਕੰਮ ਦੀ ਗੱਲ ਲਭਦੀ ਸੀ ਕਿ ਓਹ ਸਿਲਸਿਲੇ ਜੀਵਨ ਦੇ ਜੋ ਆਦਮੀ ਨੇ ਬਣਾ ਲਏ ਹਨ, ਤੇ ਓਹ ਮਨੁਖੀ ਪਰੰਪਰਾ ਜੋ ਚਲੀ ਆ ਰਹੀ ਹੈ ਓਸ ਨੂੰ ਸਥਾਨੀ ਸਮਝੇ ਤੇ ਓਨ੍ਹਾਂ ਆਦਮੀ ਦੇ ਬਣਾਏ ਸੰਪ੍ਰਦਾਵਾਂ ਨੂੰ ਤੇ ਗੌਰਮਿੰਟੀ ਮਹਿਕਮਿਆਂ ਨੂੰ ਪੱਕਾ ਰੱਖਣ ਵਿੱਚ ਆਪਣੀ ਜ਼ਿੰਦਗੀ ਵੀ ਲਾਵੇ ਤੇ ਆਪਣੇ ਜੇਹਿਆਂ ਨਾਲ ਸੰਗੀਪੁਣਾ ਵਧਾਵੇ ਤੇ ਓਨ੍ਹਾਂ ਸੰਗੀਆਂ ਦਾ ਸਾਥ ਦੇਵੇ ਤੇ ਓਨ੍ਹਾਂ ਨਾਲ ਰਹੇ। ਤਦੋਂ ਤਾਂ ਓਸ ਲਈ ਇਸਤ੍ਰੀ ਦੀ ਜਾਤ ਇਕ ਦਿਲ ਖਿਚਵੇਂ ਰੱਬੀ ਭੇਤ ਦਾ ਪ੍ਰਤੱਖ ਰੂਪ ਸੀ। ਓਹਦਾ ਦਿਲ ਇਸਤ੍ਰੀ ਜਾਤੀ ਵਲ ਓਹਦੀ ਅਗੰਮਤਾ ਤੇ ਰੱਬੀ ਪਵਿਤ੍ਰਤਾ ਤੇ ਸਮਝ ਵਿੱਚ ਨ ਆਣ ਵਾਲੀ ਕਿਸੇ ਗੁਹਜ ਗੱਲ ਲਈ ਖਿਚੀਂਦਾ ਸੀ, ਤੇ ਹੁਣ ਆਪਣੇ ਟੱਬਰ ਦੀਆਂ ਤੀਮੀਆਂ ਤੇ ਓਹਦੇ ਮਿੱਤਰਾਂ ਦੀਆਂ ਵਹੁਟੀਆਂ ਆਦਿ ਥੀਂ ਛੁਟ, ਸਭ ਜਨਾਨੀਆਂ ਓਸ ਲਈ ਸਿਰਫ ਇਕ ਮਤਲਬ ਲਈ ਸਨ। ਬਸ ਓਸ ਲਈ ਤੀਮੀਆਂ ਇਕ ਭੋਗ ਬਿਲਾਸ ਦੀ ਖੁਸ਼ੀ ਲੈਣ ਦੀਆਂ ਚੀਜ਼ਾਂ ਸਨ ਜਿਹੜੀ ਖੁਸ਼ੀ

ਹੁਣ ਓਹ ਚੱਖ ਚੁਕਿਆ ਸੀ। ਤਦੋਂ ਤਾਂ ਓਹਨੂੰ ਰੁਪਏ ਦੀ ਬਾਹਲੀ ਲੋੜ ਕਾਈ ਨਹੀਂ ਸੀ। ਓਹਦੀਆਂ ਲੋੜਾਂ ਲਈ ਜਿੰਨਾਂ ਵਿਰਸਾ ਓਹਨੂੰ ਮਾਂ ਪਾਸੋਂ ਮਿਲਣਾ ਸੀ ਉਹਦਾ ਤੀਸਰਾ ਹਿੱਸਾ ਵੀ ਕਾਫੀ ਥੀਂ ਵਧ ਸੀ ਤੇ ਇਸ ਲਈ ਇਹ ਓਸ ਪਾਸੋਂ ਸੰਭਵ ਸੀ ਕਿ ਉਹ ਆਪਣੇ ਬਾਪੂ ਵਾਲੇ ੫੦੦ ਕਿੱਲੇ ਭੋਂ ਕਿਸਾਨਾਂ ਨੂੰ ਦੇ ਦੇਵੇ। ਪਰ ਹੁਣ ਓਹਦੀ ਮਾਂ ਦੀ ਰਿਆਸਤ ਵਿੱਚੋਂ ੧੫੦੦ ਰੂਬਲ ਮਾਹਵਾਰੀ ਵਿਚ ਗੁਜ਼ਾਰਾ ਵੀ ਨਹੀਂ ਸੀ ਹੁੰਦਾ ਤੇ ਕਈ ਵੇਰੀ ਮਾਂ ਨਾਲ ਇਸ ਮਾਮਲੇ ਉੱਪਰ ਕੌੜੇ ਬਚਨ ਆਪੇ ਵਿੱਚ ਹੋ ਚੁਕੇ ਸਨ।

ਤਦੋਂ ਤਾਂ ਓਹ ਆਪਣੇ **ਆਤਮ ਦੇਵ,** ਰੱਬੀ ਜੋਤ, ਅੰਦਰਲੇ ਰੂਹ ਨੂੰ "ਮੈਂ" ਕਰਕੇ ਸਮਝਦਾ ਸੀ; ਹੁਣ ਆਪਣੇ ਤੰਦਰੁਸਤ, ਤਕੜੇ, ਝੋਟੇ, ਮੋਟੇ, **ਹੈਵਾਨ** ਸ਼ੈਤਾਨ ਨੂੰ "ਮੈਂ" ਸਮਝਣ ਲੱਗ ਗਇਆ ਸੀ।

ਤੇ ਇਹ ਖੌਫ਼ਨਾਕ ਤਬਦੀਲੀ ਤਾਂ ਆ ਗਈ ਸੀ ਕਿ ਓਸ ਆਪ ਆਜ਼ਾਦ ਵਿਚਾਰ ਕਰਨੀ ਛੱਡ ਦਿੱਤੀ ਸੀ, ਤੇ ਦੂਜਿਆਂ ਦੇ ਵਿਚਾਰਾਂ ਨੂੰ ਆਪਣੀ ਮੰਨਣ ਲੱਗ ਗਇਆ ਸੀ। ਤੇ ਇਸ ਹਿਠਾਹਾਂ ਦੇ ਪਾਸੇ ਓਹ ਤਾਂ ਰੁੜ੍ਹ ਪਇਆ ਕਿ ਆਪਣੇ ਆਪ ਦੀ ਅੰਦਰਲੀ ਅਵਾਜ਼ ਤੇ ਵਖਰੇ ਇਕੱਲੇ ਵਿਚਾਰ ਉੱਪਰ ਜੀਣਾ ਔਖਾ ਹੈ ਕਿਉਂਕਿ ਇੰਞ ਕਰਨ ਕਰਕੇ ਹਰ ਇਕ ਆਏ ਯਾ ਉਠੇ ਸਵਾਲ ਦਾ ਜਵਾਬ ਆਪਣੀ ਅੰਦਰਲੀ ਜੋਤ ਥੀਂ, ਰੂਹ ਥੀਂ ਲੈਣਾ ਜਰੂਰੀ ਹੁੰਦਾ ਹੈ, ਤੇ ਆਖਰੀ ਫੈਸਲਾ ਆਪਣੇ ਅੰਦਰ ਬੈਠੇ ਹੈਵਾਨ ਯਾ ਸ਼ੈਤਾਨ ਦੇ ਪੱਖ ਦਾ ਨਹੀਂ ਕਰਨਾ ਪੈਂਦਾ। ਸਦਾ ਆਤਮਦੇਵ ਤੇ ਰੂਹ ਦੇ ਪਾਸੇ ਦੀ ਧਾਰਨਾ ਤੋਲਨੀ ਜਰੂਰੀ ਹੁੰਦੀ

ਹੈ, ਕਿਉਂਕਿ ਹੈਵਾਨ ਤਾਂ ਸਦਾ ਖ਼ੁਦਗ਼ਰਜ਼ੀ ਵਲ ਆਪਣੀਆਂ ਹੀ ਖਾਹਿਸ਼ਾਂ, ਤ੍ਰਿਸ਼ਨਾਂ ਦੇ ਪਿੱਛੇ ਵਗੀ ਜਾਣ ਦੀ ਕਰਦਾ ਹੈ, ਤੇ ਹੋਰਨਾਂ ਵਿਚਾਰਾਂ ਤੇ ਟੁਰ ਪੈਣ ਲਈ ਆਪ ਕੁਛ ਵੀ ਕਰਨਾ ਨਹੀਂ ਪੈਂਦਾ, ਓਨ੍ਹਾਂ ਦਾ ਫੈਸਲਾ ਕੀਤਾ ਕਰਾਇਆ ਹੈ, ਕਿ ਰੂਹ ਅਤੇ ਰੱਬ ਦੇ ਬਰਖਿਲਾਫ਼ ਤੇ ਹੈਵਾਨ ਦੇ ਪਾਸੇ ਦੀ ਗੱਲ ਸਦਾ ਕਰਨੀ ਹੈ। ਤੇ ਨਿਰੀ ਇੰਨੀ ਗੱਲ ਹੀ ਨਹੀਂ ਸੀ, ਜੇ ਓਹ ਆਪਣੇ ਆਪ ਵਿੱਚ, ਰਬ ਵਿੱਚ, ਜੀਣ ਦੀ ਕਰਦਾ ਤਦ ਓਹਨੂੰ ਆਸੇ ਪਾਸੇ ਦੇ ਬੋਲੀਆਂ ਮਾਰ ਮਾਰ ਪੀਪੂੰ ਕਰ ਦਿੰਦੇ ਸਨ, ਤੇ ਕੇਈ ਤਰਾਂ ਦੀਆਂ ਦੁਖਾਂ ਤੇ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਜੇ ਓਨ੍ਹਾਂ ਦੀ ਰਾਏ ਤੇ ਪੂਰਨਿਆਂ ਉੱਪਰ ਟੁਰ ਪਏ ਤਦ ਸਭ ਪਾਸੇ ਇੱਜ਼ਤਾਂ ਹੀ ਇੱਜ਼ਤਾਂ ਸਨ। ਇਉਂ ਜਦ ਕਦੀ **ਨਿਖਲੀਊਧਵ** ਜੀਵਨ ਦੇ ਅਗੰਮ ਭੇਤਾਂ ਉੱਪਰ ਬੋਲੇ ਯਾ ਸੋਚੇ ਸਾਰੇ ਆਸ ਪਾਸ ਦੇ ਓਹਨੂੰ ਬੇਹੂਦਾ ਤੇ ਫ਼ਜ਼ੂਲ ਗੱਲਾਂ ਕਰਨ ਵਾਲਾ ਸਮਝਦੇ ਸਨ, ਮਖੌਲ ਕਰਦੇ ਸਨ, ਕਹਿੰਦੇ ਸਨ ਕੀ ਵਾਹਿਯਾਤ ਬਕਵਾਸ ਲਾਇਆ ਹੋਇਆ ਸੂ, ਇੰਨਾਂ ਕਿ ਉਹਦੀ ਮਾਂ ਵੀ ਤੇ ਫ਼ੁੱਫੀਆਂ ਵੀ ਇਸੀ ਤਰਾਂ ਦੀ ਕ੍ਰਿਪਾ ਦਾ ਡਾਹਢਾ ਤੁਨਕਾ ਮਾਰਦੀਆਂ ਸਨ, ਕਹਿੰਦੀਆਂ ਸਨ, **"ਸਾਡਾ ਪਿਆਰਾ ਫਿਲਾਸਫਰ"**—ਪਰ ਜਦ ਓਹ ਨਾਵਲ ਪੜ੍ਹੇ ਨਾਵਾਜਬ ਕਹਾਣੀਆਂ ਸੁਣਾਵੇ, ਫਰਾਂਸੀਸੀ ਨਾਟਕਾਂ ਦੇ ਭੈੜੇ ਭੈੜੇ ਗੰਦੇ ਸੀਨ ਤਕਣ ਜਾਵੇ, ਤੇ ਓਨ੍ਹਾਂ ਦੇ ਭੰਡਾਂ ਵਰਗੇ ਗੰਦੇ ਮਖੌਲ ਠੱਠੇ ਦੀਆਂ ਗੱਲਾਂ ਆਣ ਕੇ ਘਰ ਸੁਣਾਵੇ ਅਤੇ ਦੁਹਰਾਵੇ ਤਦ ਹਰ ਕੋਈ ਓਹਦੀ ਮਹਿਮਾਂ ਕਰਦਾ ਸੀ ਤੇ ਓਹਨੂੰ ਹੱਲਾ ਸ਼ੇਰੀ ਦਿੰਦਾ ਸੀ। ਜਦ ਕਦੀ ਓਹ ਇਹ ਸੋਚੇ ਕਿ

ਓਹਨੂੰ ਆਪਣੀਆਂ ਜ਼ਰੂਰਤਾਂ ਘਟਾ ਦੇਣੀਆਂ ਚਾਹੀਦੀਆਂ ਹਨ, ਬੱਸ ਇਕ ਪੁਰਾਨਾ ਓਵਰ ਕੋਟ ਪਹਿਨਣਾ ਹੀ ਕਾਫੀ ਹੈ ਤੇ ਸ਼ਰਾਬ ਨਹੀਂ ਪੀਣੀ ਚਾਹੀਦੀ, ਹਰ ਕੋਈ ਕਹਿੰਦਾ ਸੀ ਕਿ ਕੀ ਅਣੋਖੀਆਂ ਗੱਲਾਂ ਕਰ ਕਰ ਆਪਣੇ ਆਪ ਦੀ ਵਡਿਆਈ ਦੱਸਣ ਦੀ ਕਰਦਾ ਹੈ। ਪਰ ਜਦ ਓਹ ਸ਼ਿਕਾਰ ਉੱਪਰ ਬੜਾ ਖਰਚ ਕਰ ਦੇਵੇ ਯਾ ਆਪਣੇ ਲਈ ਆਪਣੀ ਪੜ੍ਹਨ ਲਿਖਣ ਦੀ ਥਾਂ ਨੂੰ ਵੱਡੇ ਤੇ ਖਾਸ ਭੋਗੀ ਪੈਮਾਨੇ ਤੋਂ ਬਣਾਵੇ ਤੇ ਕੀਮਤੀ ਫਰਨੀਚਿਰ ਓਸ ਲਈ ਖਰੀਦੇ, ਤਦ ਹਰ ਕੋਈ ਓਹਦੀ ਰਸਿਕ ਤਬੀਅਤ ਦੇ ਅੰਦਾਜ਼ ਦੀ ਚੋਟੀ ਦੀ ਤਾਰੀਫ ਕਰਦਾ ਸੀ, ਤੇ ਬੜੇ ਬੜੇ ਬਹੁਮੁਲੇ ਉਸੀ ਤਰਾਂ ਦੇ ਤੁਹਫੇ ਓਹਨੂੰ ਲਿਆ ਲਿਆ ਦਿੰਦੇ ਸਨ ਤਾ ਕਿ ਓਹਦੀ ਇਹ ਮਨ-ਕਰੀੜਾ ਹੋਰ ਵਧੇ। ਤੇ ਜਦ ਓਹ ਹਰ ਤਰਾਂ ਪਵਿਤ੍ਰ ਰਹਿਣ ਦੀ ਕਰਦਾ ਸੀ ਤੇ ਓਹਦਾ ਇਰਾਦਾ ਹੁੰਦਾ ਸੀ ਕਿ ਵਿਆਹ ਕਰਨ ਤਕ ਪਵਿਤ੍ਰ ਰਹੇ, ਓਹਦੇ ਦੋਸਤ ਡਰ ਪ੍ਰਗਟ ਕਰਦੇ ਸਨ ਇਸ ਤਰਾਂ ਬ੍ਰਹਮਚਰਜ ਰੱਖਣ ਕਰਕੇ ਓਹਦੀ ਸਿਹਤ ਖਰਾਬ ਹੋ ਜਾਏਗੀ, ਤੇ ਹੁਣ ਜਦ ਓਸ ਇਹ ਵਤੀਰਾ ਛੱਡ ਦਿੱਤਾ ਸੀ ਤਦ ਓਹਦੀ ਮਾਂ ਵੀ ਰੋਸ ਨਹੀਂ ਸੀ ਕਰਦੀ, ਹੱਬੋਂ ਕੁਛ ਖੁਸ਼ੀ ਹੀ ਪ੍ਰਗਟ ਕਰਦੀ ਸੀ ਕਿ ਉਹਦਾ ਮੁੰਡਾ ਵੀ "ਅਸਲੀ ਮਰਦ" ਹੋ ਗਇਆ ਹੈ ਤੇ ਖਾਸ ਓਸ ਵੇਲੇ ਜਦ ਉਹਨੂੰ ਪਤਾ ਲੱਗਾ ਸੀ ਕਿ ਓਹਦੇ ਪੁੱਤਰ ਨੇ ਆਪਣੇ ਮਿੱਤਰ ਪਾਸੋਂ ਇਕ ਫਰਾਂਸੀਸੀ ਤੀਮੀਂ ਕੱਢ ਲਈ ਹੈ। (ਤੇ ਓਹਦੀ ਪਿਛਲੀ **ਕਾਤੂਸ਼ਾ** ਨਾਲ ਹੋਈ ਲਗਣ ਬਾਬਤ ਓਹਦੀ ਫੁਫੀ ਸ਼ਾਹਜ਼ਾਦੀ ਕੁਛ ਖੌਫ਼ ਹੀ ਖਾ ਰਹੀ ਸੀ ਕਿ ਉਹ ਮਤੇ ਇਸ ਨੀਚ ਜ਼ਾਤ ਨਾਲ ਆਖ਼ਰ ਵਿਆਹ ਕਰਨ ਹੀ ਨਾ ਆ ਗਇਆ ਹੋਵੇ)। ਉਸੀ ਤਰਾਂ ਜਦ **ਨਿਖਲੀਊਧਵ** ਬਾਲ਼ਗ ਹੋ

ਗਇਆ ਤੇ ਓਸ ਇਹ ਸਮਝਿਆ ਕਿ ਭੋਂ ਦੀ ਨਿੱਜੀ ਮਲਕੀਅਤ ਰੱਖਣੀ ਗ਼ਲਤੀ ਹੈ ਤੇ ਉੱਕਾ ਪਾਪ ਹੈ ਤੇ ਜਦ ਇਸ ਖਿਆਲ ਅਨੁਸਾਰ ਓਸ ਨੇ ਥੋੜੀ ਜੇਹੀ ਜਮੀਨ ਜਿਹੜੀ ਪਿਉ ਵੱਲੋਂ ਵਿਰਸੇ ਵਿੱਚ ਆਈ ਸੀ ਰਾਹਕਾਂ ਨੂੰ ਦੇ ਦਿੱਤੀ ਸੀ, ਉਹਦਾ ਇਹ ਕੰਮ ਉਹਦੀ ਮਾਂ ਤੇ ਹੋਰ ਟੱਬਰ ਨੇ ਬੜਾ ਬੁਰਾ ਮੰਨਿਆ ਸੀ। ਤੇ ਇਸ ਕਰਕੇ ਉਹਦੇ ਸਾਰੇ ਰਿਸ਼ਤੇਦਾਰ ਉਸ ਨਾਲ ਠੱਠੇ ਮਖੌਲ ਕਰਦੇ ਸੀ ਤੇ ਉਹਨੂੰ ਲਗਾਤਾਰ ਇਹ ਖਿਆਲ ਸੁਟ ਜਾਂਦੇ ਸਨ ਕਿ ਜਮੀਨ ਇਉਂ ਦੇ ਦੇਣ ਨਾਲ ਉਹ ਉਨ੍ਹਾਂ ਦੀ ਹਾਲਤ ਕੀ ਸੰਵਾਰ ਸਕਿਆ ਹੈ। ਉਹ ਰਾਹਕ ਜਮੀਨ ਲੈ ਕੇ ਅੱਗੇ ਨਾਲੋਂ ਕੋਈ ਵਧ ਅਮੀਰ ਤਾਂ ਨਹੀਂ ਹੋ ਗਏ, ਹੱਥੋਂ ਉਹਦੇ ਉਲਟ ਅਗੇ ਪਾਸੋਂ ਵੀ ਗਰੀਬ ਹੋ ਗਏ ਹਨ। ਉਸ ਦੌਲਤ ਨਾਲ ਜਿਹੜੀ ਇਉਂ ਉਹਨਾਂ ਦੇ ਹੱਥ ਲੱਗੀ ਉਨ੍ਹਾਂ ਤਿੰਨ ਕਲਾਲ ਖਾਨੇ ਬਣਵਾਏ ਹਨ ਤੇ ਆਪਣੀ ਹੱਥੀਂ ਕੰਮ ਕਾਜ ਕਰਨਾ ਛੱਡ ਬੈਠੇ ਹਨ। ਪਰ ਜਦ ਹੁਣ **ਨਿਖਲੀਊਧਵ ਗਾਰਡਾਂ** ਦੀ ਰਜਮਿੰਟ ਵਿੱਚ ਭਰਤੀ ਹੋ ਗਇਆ ਤੇ ਲੱਗਾ ਆਪਣਾ ਰੁਪਿਆ ਜੂਏ ਤੇ ਸ਼ਰਾਬ ਵਿੱਚ ਖਰਚ ਕਰਨ ਤੇ ਲੱਗਾ ਆਪਣੀ ਰਈਸੀ ਮੰਡਲੀ ਵਿੱਚ ਗੁਲਛੱਰੇ ਉਡਾਣ ਤੇ ਉਹਦੀ ਮਾਂ **ਹੈਲੇਨਾ ਈਵਾਨੋਵਨਾ** ਨੂੰ ਆਪਣੀ ਪੂੰਜੀ ਵਿੱਚੋਂ ਵੀ ਰੁਪਏ ਕਢਾਣੇ ਪਏ ਤਦ ਉਹਨੂੰ ਕੁਛ ਦੁਖ, ਦਰਦ ਤੇ ਰੋਸ ਨ ਹੋਇਆ। ਉਹ ਇਹ ਸੋਚਦੀ ਸੀ ਕਿ ਇਹ ਕਰਤੂਤਾਂ ਉਹਦੇ ਪੁਤ੍ਰ ਲਈ ਕੁਦਰਤੀ ਫਿਤਰਤੀ ਗੱਲਾਂ ਹਨ, ਮਾੜਾ ਨਹੀਂ ਕੁਛ ਚੰਗਾ ਹੀ ਹੈ ਕਿ ਉਹ ਜਵਾਨੀ ਵੇਲੇ ਚੰਗੀ ਸੁਸਾਇਟੀ ਵਿੱਚ ਆਪਣੀਆਂ ਮੌਜਾਂ ਮਾਣ ਲਵੇ। ਪਹਿਲਾਂ ਪਹਿਲ

**ਨਿਖਲੀਊਧਵ** ਨੇ ਆਪਣਾ ਯਤਨ ਤੇ ਜੰਗ ਜਾਰੀ ਰੱਖਿਆ, ਸਭ ਕੁਛ, ਜਦ ਤਕ ਉਸ ਨੂੰ ਆਪਣੇ ਆਪ ਦੀਆਂ ਰੂਹਾਨੀ ਗੱਲਾਂ ਉੱਪਰ ਸਿਦਕ ਰਹਿਆ। ਪਰ ਜੋ ਉਹ ਠੀਕ ਸਮਝਦਾ ਸੀ ਲਾਗੇ ਦੇ ਲੋਕ ਗਲਤ ਦਸਦੇ ਸਨ, ਤੇ ਜਿਹੜੀਆਂ ਗੱਲਾਂ ਨੂੰ ਉਹ ਬੁਰਾ ਸਮਝਦਾ ਸੀ ਉਹਨਾਂ ਨੂੰ ਉਹ ਸਭ ਲੋਕ ਚੰਗਾ ਦੱਸਦੇ ਸਨ, ਤੇ ਇਉਂ ਦਿਨ ਰਾਤ ਦੇ ਮਤ ਭੇਦ ਨੇ ਜਿਹੜਾ ਉਹਦੇ ਰੂਹ ਤੇ ਆਲੇ ਦੁਆਲੇ ਦੀ ਸੁਸਾਇਟੀ ਦੇ ਖਿਆਲਾਂ ਵਿੱਚ ਸੀ, ਉਸ ਲਈ ਆਹਿਸਤਾ ਆਹਿਸਤਾ ਆਪਣੇ ਰੂਹ ਦੀ ਜਦੋ ਜਿਹਦ ਨੂੰ ਮੁਸ਼ਕਲ ਕਰ ਦਿੱਤਾ ਤੇ ਉਹ ਸ਼ਿਥਲ ਹੁੰਦੀ ਚਲੀ ਗਈ। ਆਖਰ **ਨਿਖਲੀਊਧਵ** ਨੇ ਹਾਰ ਮੰਨੀ, ਮਤਲਬ ਕੀ ਉਸ ਆਪਣੇ ਅੰਦਰ ਦੀ ਸੇਧ ਛੱਡ ਦਿੱਤੀ, ਮੂੰਹ ਰੱਬ ਵੱਲੋਂ ਮੋੜ ਲਇਆ ਤੇ ਲੋਕਾਂ ਦੇ ਪਿੱਛੇ ਪਿੱਛੇ ਟੁਰਨ ਲੱਗ ਪਇਆ। ਪਹਿਲਾਂ ਪਹਿਲ ਇਉਂ ਆਪਣੇ ਸੁਚੇ ਆਪੇ ਨੂੰ ਛੱਡ ਟੁਰਨਾ ਨਾਗਵਾਰ ਜ਼ਰੂਰ ਲੱਗਾ, ਪਰ ਜਿਉਂ ਜਿਉਂ ਵਕਤ ਦੀ ਵਿੱਥ ਪੈਂਦੀ ਗਈ ਸਭ ਮਿਸਦਾ ਗਇਆ। ਉਸ ਵੇਲੇ ਹੀ ਉਸ ਤਮਾਕੂ ਤੇ ਸ਼ਰਾਬ ਪੀਣ ਦੀਆਂ ਆਦਤਾਂ ਪਾ ਲਈਆਂ ਸਨ, ਤੇ ਜਲਦੀ ਹੀ ਇਨ੍ਹਾਂ ਆਦਤਾਂ ਕਰਕੇ ਪਿਛਲੀਆਂ ਗੱਲਾਂ ਦੀ ਨਾਗਵਾਰ ਯਾਦ, ਖ਼ੁਸ਼ਗਵਾਰ ਭੁਲ ਵਿੱਚ ਬਦਲ ਗਈ ਤੇ ਹੁਣ ਬਸ ਇਹੋ ਕੁਛ ਚੰਗਾ ਲੱਗਣ ਲੱਗ ਪਇਆ।

**ਨਿਖਲੀਊਧਵ** ਦੀ ਤਬੀਅਤ ਬੜੀ ਹੀ ਜੋਸ਼ੀਲੇ ਵਲਵਲਿਆਂ ਵਾਲੀ ਸੀ ਤੇ ਉਹਨੂੰ ਕਾਮ ਦੇ ਗੇੜੇ ਤਕੜੇ ਵੱਜਦੇ ਸਨ। ਉਸਨੇ ਜ਼ਿੰਦਗੀ ਦੇ ਨਵੇਂ ਰਾਹਾਂ ਵਿੱਚ ਬਿਨਾਂ ਸੰਕੋਚ ਦੇ ਸਭ ਕੁਝ ਕਰਨਾ ਸ਼ੁਰੂ ਕਰ ਦਿੱਤਾ, ਤੇਂ ਇਹਦਾ ਇਉਂ

ਕਰਨਾ ਆਲੇ ਦੁਆਲੇ ਦੇ ਲਕੀ ਠੀਕ ਸਮਝਦੇ ਸਨ। ਓਸ ਆਪਣੇ ਅੰਦਰ ਦੀ ਆਵਾਜ਼ ਨੂੰ ਖ਼ੂਬ ਘੁਟ ਦਿੱਤਾ ਜਿਹੜੀ ਉਹਨੂੰ ਕਿਸੀ ਹੋਰ ਵੱਖਰੇ ਰਾਹ ਤੇ ਟੋਰਨਾ ਚਾਹੁੰਦੀ ਸੀ। ਇਹ ਆਦਤਾਂ ਤਦ ਥੀਂ ਸ਼ੁਰੂ ਹੋ ਗਈਆਂ ਸਨ ਜਦ ਥੀਂ ਉਹ **ਸੈਂਟ ਪੀਟਰਜ਼ਬਰਗ** ਪਹੁਤਾ ਤੇ ਜਦ ਉਹ ਫੌਜ ਵਿੱਚ ਭਰਤੀ ਹੋਇਆ ਤਦ ਇਹੋ ਉਹਦੀਆਂ ਸਭ ਆਦਤਾਂ ਪੂਰੇ ਜੋਬਨ ਵਿੱਚ ਸਨ।

ਫੌਜੀ ਜ਼ਿੰਦਗੀ ਆਮ ਤੌਰ ਤੇ ਆਦਮੀ ਦੇ ਬੱਚੇ ਨੂੰ ਰਸਾਤਲ ਵੱਲ ਲੈ ਜਾਂਦੀ ਹੈ। ਉਹਦਾ ਰੂਹ ਕਮੀਨਾ ਹੋ ਜਾਂਦਾ ਹੈ। ਗੱਲ ਕੀ ਹੁੰਦੀ ਹੈ ਕਿ ਉੱਥੇ ਉਨ੍ਹਾਂ ਨੂੰ ਉੱਕਾ ਹੀ ਨਿਕੰਮਾ ਰਹਿਣ ਦੀ ਜ਼ਿੰਦਗੀ ਦੀਆਂ ਹਾਲਤਾਂ ਮਿਲਦੀਆਂ ਹਨ। ਉੱਥੇ ਉਨ੍ਹਾਂ ਲਈ ਫ਼ਾਇਦੇਮੰਦ ਯਾ ਅਕਲ ਵਧਾਉਣ ਦੇ ਕੰਮਾਂ ਦਾ ਉੱਕਾ ਅਭਾਵ ਹੁੰਦਾ ਹੈ ਤੇ ਉਹ ਜ਼ਿੰਦਗੀ ਉਨ੍ਹਾਂ ਨੂੰ ਇਨਸਾਨੀ ਦਰਦਾਂ ਤੇ ਫਰਜ਼ਾਂ ਦੇ ਕਿਸੀ ਤਰਾਂ ਨਿਬਾਹੁਣ ਥੀਂ ਉੱਕਾ ਛੁਟਕਾਰਾ ਦਿਵਾ ਦਿੰਦੀ ਹੈ। ਇਨਸਾਨੀਅਤ ਥੀਂ ਦੂਰ ਹੋ ਜਾਂਦੇ ਹਨ। ਇਨਸਾਨੀਅਤ ਦੇ ਧਰਮਾਂ ਦੀ ਥਾਂ ਇਕ ਬਨਾਵਟੀ ਨਵੀਂ ਘੜੀ ਘੜਾਈ ਅਕਲ ਸਿਖਾਈ ਜਾਂਦੀ ਹੈ ਤੇ ਉਸੇ ਨਿੱਕੇ ਦਾਇਰੇ ਵਿੱਚ ਉਨ੍ਹਾਂ ਨੂੰ ਰਿਝਾਈ ਲਗਾਈ ਰੱਖਦੇ ਹਨ। ਰਜਮਿੰਟ ਦੀ ਅਬਰੂ, ਵਰਦੀ ਦਾ ਖਿਆਲ, ਵਰਦੀ ਦੀ ਲਾਜ ਤੇ ਝੰਡੇ ਦੀ ਲਾਜ ਆਦਿ। ਇਕ ਪਾਸੇ ਤਾਂ ਉਨ੍ਹਾਂ ਨੂੰ ਕੁਲ ਮੁਲਖੀਏ ਉੱਪਰ ਖੁਦਮੁਖ਼ਤਾਰ ਇਖਤਿਆਰ ਦਿੱਤਾ ਜਾਂਦਾ ਹੈ ਪਰ ਨਾਲ ਲੱਗਦੇ ਹੀ ਦੂਜੇ ਪਾਸੇ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਐਸੀਆਂ ਔਕੜਾਂ ਤੇ ਉਲਝਣਾਂ ਵਿੱਚ ਪਾ ਦਿੱਤਾ ਜਾਂਦਾ ਹੈ ਜਿੱਥੇ ਉਨ੍ਹਾਂ ਨੂੰ

ਆਪਣੇ ਥੀਂ ਵੱਡੇ ਅਫਸਰਾਂ ਦੀ ਸਦੀਵੀ ਵਫ਼ਾਦਾਰੀ ਤੇ ਅੰਦਰ ਥੀਂ ਤਾਬੇਦਾਰੀ ਕਰਨੀ ਪੈਂਦੀ ਹੈ।

ਪਰ ਜਦ ਇਸ ਆਮ ਇਨਸਾਨੀ ਫਿਤਰਿਤ ਦੀ ਗਿਰਾਵਟ ਨਾਲ, ਜਿਹੜੀ ਫੌਜੀ ਨੌਕਰੀ ਦੇ ਉਹਦੇ ਨਾਲ ਲੱਗਦੀਆਂ ਨਕਲੀ ਇੱਜ਼ਤਾਂ ਤੇ ਅਬਰੂਆਂ–ਤਮਗ਼ੇ ਵਰਦੀਆਂ ਝੰਡਿਆਂ ਆਦਿ ਦੀਆਂ ਇੱਜ਼ਤਾਂ--ਥੀਂ ਹੁੰਦੀ ਹੈ, ਨਾਲੇ ਫੌਜੀ ਜੀਵਨ ਨੂੰ ਦਿੱਤੀ ਹੋਈ ਖੁਦਮੁਖ਼ਤਾਰੀ ਥੀਂ ਹੁੰਦੀ ਹੈ–ਜੋ ਚਾਹੁਣ ਕਰਨ, ਲੋਕਾਂ ਨੂੰ ਮਾਰਨ, ਕੁੱਟਣ, ਸਤਾਣ ਆਦਿ, ਦੂਜੀ ਗਿਰਾਵਟ ਵੀ ਆਣ ਮਿਲਦੀ ਹੈ, ਜਿਹੜੀ ਰਈਸੀ ਠਾਠ ਤੇ ਅਮੀਰੀ ਆਪਣੇ ਪਿੱਛੇ ਪਿੱਛੇ ਲਿਆਉਂਦੀ ਹੈ, ਤੇ ਸ਼ਹਿਨਸ਼ਾਹੀ ਟੱਬਰ ਨਾਲ ਨਜ਼ੀਕੀ ਵਾਕਫ਼ੀਅਤ ਤੇ ਬੇ ਤਕੱਲਫ਼ੀ ਪੈਦਾ ਕਰ ਦਿੰਦੀ ਹੈ (ਜਿਸ ਤਰ੍ਹਾਂ ਗਾਰਡਾਂ ਦੀ ਚੁਣੀ ਰਜਮਿੰਟ ਵਿਚ ਬੜੇ ਬੜੇ ਰਈਸੀ ਘਰਾਣਿਆਂ ਦੇ ਅਮੀਰ ਪੁਤਰ ਹੁੰਦੇ ਹਨ) ਤੇ ਇਉਂ ਦੁਵੱਲੀਓਂ ਦੂਣੀ ਗਿਰਾਵਟ ਹੋ ਕੇ ਆਖ਼ਰ ਕਮੀਨਾਪਨ ਤੇ ਖ਼ੁਦ.ਗਰਜ਼ੀ ਦਾ ਇਕ ਪਾਗਲਪਨ ਹੋ ਨਿਬੜਦੀ ਹੈ। ਤੇ ਇਹ ਖ਼ੁਦ.ਗਰਜ਼ੀ ਦਾ ਪਾਗਲਪਨ **ਨਿਖਲੀਊਧਵ** ਦੇ ਸਿਰ ਤੇ ਤਦ ਦਾ ਸਵਾਰ ਸੀ ਜਦ ਦਾ ਉਹ ਫੌਜ ਵਿੱਚ ਭਰਤੀ ਹੋਇਆ ਸੀ, ਤੇ ਆਪਣੇ ਨਾਲ ਵਾਲੇ ਸਾਥੀਆਂ ਨਾਲ ਉਨ੍ਹਾਂ ਵਾਂਗੂ ਰਹਿਣ ਬਹਿਣ ਲੱਗ ਪਇਆ ਸੀ। ਦਿਨ ਗੁਜ਼ਾਰਨ ਲਈ ਉਹਨੂੰ ਉੱਕਾ ਕੋਈ ਕੰਮ ਨਹੀਂ ਸੀ। ਬਸ ਵਧੀਆ, ਚੰਗੀਆਂ ਸੀਤੀਆਂ ਵਰਦੀਆਂ ਨੂੰ ਜਿਨ੍ਹਾਂ ਨੂੰ ਦੂਜੇ ਬੰਦੇ ਨੌਕਰ ਇਸਤ੍ਰੀ ਕਰ, ਬੁਰਸ਼ ਕਰ, ਬਟਨ ਚਮਕਾ ਕੇ ਅੱਗੇ ਧਰ ਦਿੰਦੇ ਸਨ, ਪਾਣਾ ਲਟਕਾਣਾ। ਤੇ ਇਕ ਸੋਹਣੇ ਘੋੜੇ ਉੱਪਰ ਚੜ੍ਹ ਜਾਣਾ ਪ੍ਰੇਟ ਨੂੰ, ਘੋੜਾ ਵੀ ਉਹ ਜਿਹਦੀ ਟਹਿਲ ਦੂਜੇ ਲੋਕਾਂ ਨੇ ਉਸ ਲਈ ਕਰ ਦੇਣੀ।

ਘੋੜਿਆਂ ਨੂੰ ਸਿਖਾਣ ਵਾਲੇ ਵੀ ਹੋਰ, ਖਿਲਾਣ ਪਿਲਾਣ ਵਾਲੇ ਵੀ ਹੋਰ। ਤੇ ਓਥੇ ਪ੍ਰੂਟ ਤੇ ਆਪਣੇ ਜੇਹੇ ਨਕੰਮੇ ਅਮੀਰ ਜ਼ਾਦਿਆਂ ਨਾਲ ਕੰਮ ਕੀ ਕਰਨਾ, ਬੱਸ ਜਾਂ ਨੰਗੀ ਤਲਵਾਰ ਨੂੰ ਕੱਢ ਘੁਮਾਣਾ ਚਮਕਾਣਾ, ਯਾ ਬੰਦੂਕਾਂ ਦੀ ਵਾੜ ਦਾਗ ਦੇਣੀ, ਤੇ ਦੱਸਣਾ ਕਿ ਬੰਦੂਕਾਂ ਇਉਂ ਚਲਾਈ ਦੀਆਂ ਹਨ। ਸਵਾਏ ਇਸ ਨਿਕੰਮੇ ਕੰਮ ਦੇ ਓਹਦਾ ਹੋਰ ਕੋਈ ਕੰਮ ਨਹੀਂ ਸੀ, ਪਰ ਫਿਰ ਵੀ ਉੱਚੇ ਤਬਕੇ ਦੇ ਅਫਸਰ, ਵੱਡੀ ਅਮੀਰ ਰਈਸੀ ਸੋਸੈਟੀ ਦੇ ਰੁਕਨ, ਕੀ ਜਵਾਨ, ਕੀ ਬੁੱਢੇ, ਸ਼ਾਹਨਸ਼ਾਹ ਜ਼ਾਰ ਤੇ ਓਹਦੇ ਦਿਵਾਲੇ ਦੇ ਨਜ਼ੀਕੀ ਝੋਲੀ ਚੁੱਕ, ਨ ਸਿਰਫ ਓਹਦੇ ਇਹੋ ਜੇਹੇ ਕੰਮਾਂ ਨੂੰ ਮਨਜ਼ੂਰ ਨਜ਼ਰ ਕਰਦੇ ਸਨ, ਬਲਕਿ ਉਹਦੀ ਬੜੀ ਸ਼ਲਾਘਾ ਕਰਦੇ ਸਨ। ਉਹਨੂੰ ਫੁਲਾਂਦੇ ਸਨ, ਉਹਦਾ ਸ਼ੁਕਰੀਆ ਕਰਦੇ ਸਨ ਤੇ ਕਹਿੰਦੇ ਸਨ, ਵਾਹ ਭਾਈ ਵਾਹ!

ਤੇ ਇਸ ਥੀਂ ਵਧ ਹੋਰ ਕੋਈ ਨੇਕੀ ਦਾ ਕੰਮ ਓਥੇ ਉਸ ਸੁਸੈਟੀ ਵਿੱਚ ਗਿਣਨ ਜੋਗ ਸੀ ਤਦ ਸੀ ਚੰਗਾ ਚੋਖਾ ਖਾਣਾ, ਖਾਸ ਕਰ ਸ਼ਰਾਬ ਪੀਣਾ, ਅਫਸਰਾਂ ਦੀਆਂ ਕਲੱਬਾਂ, ਰੈਸਟਰਾਂਟਾਂ ਵਿੱਚ ਜਾਕੇ ਦੌਲਤ ਨੂੰ ਵਿਅਰਥ ਬਰਬਾਦ ਕਰਨਾ—ਉਹ ਦੌਲਤ ਜਿਹੜੀ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਲੱਗਦਾ, ਕਿਹੜੇ ਅਣਡਿੱਠੇ ਪਾਸੋਂ ਛਣ ਛਣ ਆ ਡਿੱਗਦੀ ਹੈ। ਫਿਰ ਥੀਏਟਰਾਂ, ਨਾਚਾਂ, ਜ਼ਨਾਨੀਆਂ ਦਾ ਚਸਕਾ, ਭੋਗ ਬਿਲਾਸ ਆਦਿ, ਤੇ ਮੁੜ ਤਲਵਾਰਾਂ ਉਲਾਰਦੇ ਲੋਕਾਂ ਨੂੰ ਕੁੱਟਦੇ ਘੋੜਿਆਂ ਤੇ ਧੂਤਿਆਂ ਵਾਂਗ ਚੜ੍ਹੀ ਫਿਰਨਾ, ਤੇ ਮੁੜ ਓਹੋ ਹੀ ਚੱਕਰ, ਦੌਲਤ ਨੂੰ ਅਜ਼ਾਂਈ ਵੰਞਾਉਣ ਦਾ ਭੁਸ—ਸ਼ਰਾਬ, ਤਾਸ਼ ਤੇ ਔਰਤਾਂ !!

ਇਸ ਤਰ੍ਹਾਂ ਤਾਂ ਜੀਵਨ ਫੌਜੀ ਆਦਮੀਆਂ ਨੂੰ ਉਨ੍ਹਾਂ ਦੇ

ਫੌਜੀ ਕੰਮ ਥੀਂ ਵੀ ਜ਼ਿਆਦਾ ਰਸਾਤਲ ਨੂੰ ਡੇਗਦਾ ਹੈ, ਕਿਉਂਕਿ ਜੇ ਫੌਜੀਆਂ ਸਵਾ ਹੋਰ ਕੋਈ ਆਦਮੀ ਇਸ ਤਰਾਂ ਦਾ ਪਾਪੀ ਜੀਵਨ ਬਤੀਤ ਕਰੇ ਤਦ ਓਹ ਆਪਣੇ ਦਿਲ ਦੀਆਂ ਤੈਹਾਂ ਵਿਚ ਆਪਣੇ ਆਪ ਸ਼ਰਮਿੰਦਗੀ ਨਾਲ ਪਇਆ ਮਰੇ । ਪਰ ਫੌਜੀ ਅਫ਼ਸਰ ਇਹੋ ਜੇਹੇ ਭੈੜੇ ਜੀਵਨ ਦਾ ਉਲਟਾ ਮਾਣ ਕਰਦਾ ਹੈ, ਖਾਸ ਕਰ ਉਸ ਵੇਲੇ ਜਦ ਕੋਈ ਜੰਗ ਅਰੰਭਿਆ ਹੋਵੇ, ਤੇ **ਨਿਖਲੀਊਧਵ** ਬੱਸ ਉਸ ਸਮੇਂ ਫੌਜ ਵਿੱਚ ਗਇਆ ਸੀ ਜਦ ਥੋੜੇ ਚਿਰ ਪਹਿਲੇ ਹੀ ਰੂਸ ਨੇ ਤੁਰਕਾਂ ਨਾਲ ਜੰਗ ਛੇੜ ਦਿੱਤਾ ਹੋਇਆ ਸੀ ।

"ਅਸੀਂ ਜੰਗ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰਨ ਨੂੰ ਤਿਆਰ ਹਾਂ ਤੇ ਇਸ ਕਰਕੇ ਇਕ ਬੇਫ਼ਿਕਰਾ ਧੂਤਿਆਂ ਦਾ ਜੀਵਨ ਸਾਡੇ ਲਈ ਰਵਾ ਹੈ, ਨ ਸਿਰਫ਼ ਰਵਾ ਹੈ ਬਲਕਿ ਸਾਡੇ ਮਨ ਪਰਚਾਵੇ ਲਈ ਜ਼ਰੂਰੀ ਹੈ—ਤੇ ਤਾਂ ਹੀ ਅਸੀਂ ਇੰਞ ਰਹਿੰਦੇ ਹਾਂ ।"

ਉਮਰ ਦੇ ਇਸ ਹਿੱਸੇ ਵਿੱਚ **ਨਿਖਲੀਊਧਵ** ਦੇ ਖਿਆਲ ਇਹੋ ਜੇਹੇ ਸਨ ਤੇ ਉਹ ਹਮੇਸ਼ਾ ਹੁਣ ਇਸ ਗੱਲ ਨੂੰ ਬੜਾ ਚੰਗਾ ਸਮਝਦਾ ਸੀ ਕਿ ਆਖ਼ਰ ਓਹ ਉਨ੍ਹਾਂ ਪੁਰਾਣੀਆਂ ਧਾਰਮਕ ਤੇ ਇਖ਼ਲਾਕੀ ਰੋਕਾਂ ਰੁਕਾਵਟਾਂ ਥੀਂ ਸਦਾ ਲਈ ਆਜ਼ਾਦੀ ਪਾ ਚੁਕਾ ਹੈ ਤੇ ਹੁਣ ਜਿਸ ਹਾਲਤ ਵਿੱਚ ਉਹ ਰਹਿੰਦਾ ਤੇ ਜੀਂਦਾ ਸੀ, ਉਹ ਖ਼ੁਦਗਰਜ਼ੀ ਦੇ ਪਾਗਲਪਨ ਦੇ ਇਕ ਅਸਾਧਯ ਰੋਗ ਦੀ ਅਵਸਥਾ ਸੀ ।

# ਕਾਂਡ ੧੪

ਜਿਸ ਪਾਸਿਓਂ ਸਫ਼ਰ ਕਰਕੇ ਉਸ ਨੇ ਆਪਣੀ ਰਜਮਿੰਟ ਨੂੰ ਜਾ ਕੇ ਮਿਲਣਾ ਸੀ, ਉਸ ਰਾਹ ਵਿੱਚ ਉਹਦੀਆਂ ਫੁਫੀਆਂ ਦੀ ਰਿਆਸਤ ਆਉਂਦੀ ਸੀ, ਇਸ ਕਰਕੇ ਨਿਖਲੀਊਧਵ ਆਪਣੀਆਂ ਫੁਫੀਆਂ ਨੂੰ ਮਿਲਣ ਚਲਾ ਗਇਆ ਸੀ। ਰਜਮਿੰਟ ਅੱਗੇ ਹੀ ਮੈਦਾਨ ਜੰਗ ਵਿਚ ਤੁਰ ਗਈ ਸੀ, ਤੇ ਨਾਲੇ ਉਹਦੀਆਂ ਫੁਫੀਆਂ ਨੇ ਬੜੇ ਪਿਆਰ ਨਾਲ ਉਹਨੂੰ ਸਦ ਵੀ ਘੱਲਿਆ ਸੀ ਤੇ ਖਾਸ ਵਜਾ ਇਹ ਵੀ ਸੀ ਕਿ ਉਹ ਮੁੜ ਕਾਤੂਸ਼ਾ ਨੂੰ ਵੇਖਣਾ ਚਾਹੁੰਦਾ ਸੀ। ਡੂੰਘੇ ਮਨ ਵਿੱਚ ਉਸਨੇ ਅੱਗੇ ਵੀ ਮਾੜੇ ਸੰਕਲਪ ਚਿਤਵ ਰਣੇ ਹੋਣੇ ਹਨ, ਜਿਹੜੇ ਸੰਕਲਪ ਹੁਣ ਉਹਦਾ ਬੇ-ਲਗਾਮ ਅੰਦਰ ਦਾ ਹੈਵਾਨ ਉਹਨੂੰ ਸੁਝਾ ਦਿੰਦਾ ਹੁੰਦਾ ਸੀ। ਪਰ ਉਸਦੇ ਉਪਰਲੇ ਮਨ ਨੂੰ ਇਹੋ ਜੇਹੀ ਸ਼ਰਾਰਤ ਦੀ ਖਬਰ ਨਹੀਂ ਸੀ। ਉਤਲੇ ਮਨ ਵਿੱਚ ਤਾਂ ਨਿਰੋਲ ਇਹ ਸੀ ਕਿ ਚਲੋ ਫਿਰ ਉਹ ਥਾਂ ਵੇਖੀਏ ਜਿੱਥੇ ਉਹਨੇ ਇਕ ਵੇਰੀ ਇੰਨੇ ਓੜਕ ਦੀ ਖ਼ੁਸ਼ੀ ਦੇ ਦਿਨ ਕੱਟੇ ਸਨ, ਤੇ ਮੁੜ ਆਪਣੀਆਂ ਫੁਫੀਆਂ ਨੂੰ ਮਿਲੀਏ ਜਿਹੜੀਆਂ ਸਨ ਤਾਂ ਕੁਛ ਪੁਰਾਣੇ ਨਮੂਨੇ ਦੀਆਂ ਪਰ ਸਨ ਪਿਆਰੀਆਂ, ਨਰਮ ਦਿਲ ਵਾਲੀਆਂ ਬੁਢੀਆਂ ਤੇ ਆਖ਼ਰ ਉਹਦੀਆਂ ਫੁਫੀਆਂ ਹੀ ਸਨ ਨਾਂ, ਜਿਹੜੀਆਂ ਹਮੇਸ਼ਾ ਬਿਨਾਂ ਇਹਦੇ ਨੋਟਿਸ ਕਰਨ ਦੇ ਇਕ ਲਾਡ ਮੁਰਾਦ ਦਾ ਮੰਡਲ ਉਹਦੇ ਦਵਾਲੇ ਬੰਨ੍ਹ ਦਿੰਦੀਆਂ ਸਨ ਤੇ ਨਾਲੇ

ਕਾਤੂਸ਼ਾ ਨੂੰ ਮੁੜ ਇਕ ਵੇਰੀ ਮਿਲਣ ਨੂੰ ਜਿਹਦੀ ਯਾਦ ਸਦਾ ਉਸ ਲਈ ਖ਼ੁਸ਼ਗਵਾਰ ਸੀ ।

ਮਾਰਚ ਦੇ ਆਖ਼ਰ, ਈਸਟਰ ਦੇ ਦਿਨਾਂ ਵਿੱਚ, ਗੁਡ ਫਰਾਈਡੇ ਵਾਲੇ ਦਿਨ, ਜਦ ਕੋਰਾ ਪੈਣ ਲੱਗ ਪਇਆ ਸੀ, ਉਹ ਉੱਥੇ ਪਹੁੰਚਾ । ਮੀਂਹ ਮੋਹਲੇ ਧਾਰ ਵੱਸ ਰਹਿਆ ਸੀ, ਘਰ ਆਉਂਦਿਆਂ ਉਹ ਖੂਬ ਗੜੁੱਚ ਹੋਇਆ । ਉਹਦਾ ਕੋਈ ਕੱਪੜਾ ਸੁੱਕਾ ਨ ਰਹਿਆ ਤੇ ਉਹਨੂੰ ਬੜੀ ਠੰਡ ਲਗ ਰਹੀ ਸੀ, ਪਰ ਤਾਂ ਵੀ ਬੜਾ ਖੁਸ਼ਖੁਸ਼ਾ ਤੇ ਤਕੜਾ । "ਕੀ ਉਹ ਕੁੜੀ ਹਾਲੇਂ ਤੱਕ ਇਨ੍ਹਾਂ ਪਾਸ ਹੀ ਹੋਵੇਗੀ?"—ਸੋਚਦਾ ਆਇਆ ਸੀ, ਜਿਵੇਂ ਉਹ ਬਰਫ-ਬੱਘੀ ਨੂੰ ਚਲਾਉਂਦਾ ਉਸ ਆਪਣੇ ਪੁਰਾਣੇ ਫੈਸ਼ਨ ਦੇ ਬਣੇ ਵਿਹੜੇ ਵਿੱਚ ਪਹੁਤਾ ਜਿਹਦੇ ਚਾਰੇ ਪਾਸੇ ਇਕ ਨੀਵੀਂ ਜੇਹੀ ਇਕ ਇੱਟੀ ਕੰਧ ਉਸਾਰੀ ਹੋਈ ਸੀ, ਤੇ ਜਿਸ ਵੱਲੇ ਅਹਾਤੇ ਦੇ ਅੰਦਰ ਛੱਤ ਥੀਂ ਲਾਹ ਕੇ ਬਰਫ ਹੁਣੇ ਹੀ ਤਲੇ ਵਗਾਈ ਹੋਈ ਸੀ ।

ਉਹ ਆਸ ਧਾਰੀ ਆਇਆ ਸੀ ਕਿ ਜਦ ਵੀ ਬਰਫ-ਬੱਘੀ ਦੀ ਘੰਟੀ ਦੀ ਆਵਾਜ਼ ਸੁਣੇਗੀ, ਕਾਤੂਸ਼ਾ ਉਹਨੂੰ ਮਿਲਣ ਬਾਹਰ ਆ ਜਾਏਗੀ, ਪਰ ਕਾਤੂਸ਼ਾ ਨਹੀਂ ਸੀ ਆਈ । ਇਕ ਲਾਂਭੇ ਦਰਵਾਜ਼ੇ ਥੀਂ ਦੋ ਔਰਤਾਂ ਨੰਗੇ ਪੈਰ ਨਿਕਲੀਆਂ ਜਿਨ੍ਹਾਂ ਆਪਣੀਆਂ ਘੱਗਰੀਆਂ ਉੱਪਰ ਛੁੰਗੀਆਂ ਹੋਇਆਂ ਸਨ, ਤੇ ਉਨ੍ਹਾਂ ਦੇ ਹੱਥਾਂ ਵਿੱਚ ਟੀਨ ਜੇਹੇ ਫ਼ੜੇ ਸਨ । ਮਲੂਮ ਹੁੰਦਾ ਸੀ ਫਰਸ਼ ਨੂੰ ਹੁਣੇ ਹੀ ਧੋ ਪੂੰਝ ਕੇ ਨਿਕਲੀਆਂ ਹਨ । ਆਹਤੇ ਵਿੱਚ ਕਾਤੂਸ਼ਾ ਨਹੀਂ ਸੀ ਆਈ, ਤੇ ਸਾਹਮਣੇ ਅੰਦਰ ਵੜਨ ਵਾਲੇ ਬੂਹੇ ਵਿੱਚ

ਵੀ ਨਹੀਂ ਸੀ ਖੜੀ, ਸਿਰਫ **ਤਿਖੋਨ,** ਮਰਦ ਨੌਕਰ, ਆਪਣਾ **ਐਪਰਨ**ਪਾਈ, ਸਾਫ ਸੀ ਕਿ ਉਹ ਵੀ ਸਫਾਈਆਂ ਕਰਦਾ ਆਇਆ ਹੈ, ਪੋਰਚ ਵਿੱਚ ਆਇਆ। ਉਹਦੀ ਫੁਫੀ **ਸੋਫਿਆ ਈਵਾਨੋਵਨਾ** ਸਿਰਫ ਉਹਨੂੰ ਅੰਦਰ ਦੇ ਪਾਸੇ ਦੇ ਕਮਰੇ ਵਿੱਚ ਮਿਲੀ, ਉਸ ਰੇਸ਼ਮੀ ਕਪੜੇ ਪਾਇ ਹੋਇ ਸਨ ਤੇ ਟੋਪੀ ਸਿਰ ਤੇ ਸਜਾਈ ਹੋਈ ਸੀ। "ਵਾਹ ਜੀ ਵਾਹ ! ਤੂੰ ਕਿੰਨਾ ਚੰਗਾ ਹੈਂ, ਤੂੰ ਆ ਗਇਆ ਹੈਂ !" ਭੱਤਰੀਏ ਨੂੰ ਪਿਆਰ ਦੇ ਕੇ **ਸੋਫੀਆ ਈਵਾਨੋਵਾ** ਨੇ ਕਹਿਆ, "**ਮੇਰੀ** ਕੁਛ ਵਲ ਨਹੀਂ, ਉਹ ਗਿਰਜੇ ਜਾਕੇ ਆਕੇ ਥੱਕ ਗਈ ਹੈ, ਅਸੀ ਸਾਰੇ ਸਤਸੰਗ ਵਿੱਚ ਰੱਬ ਨਾਲ ਮਿਲਣ ਗਏ ਹੋਏ ਸਾਂ।"

**"ਫੁਫੀ ਸੋਫੀਆ ! ਰੱਬ ਨਾਲ ਮਿਲਨ*** ਦੀ ਮੁਬਾਰਖਾਂ!" **ਨਿਖਲੀਊਧਵ** ਨੇ ਇਹ ਕਹਿਕੇ ਫੁਫੀ ਦੇ ਹੱਥ ਉੱਪਰ ਪਿਆਰ ਦਿੱਤਾ "ਉਹ ! ਮੈਂ ਮਾਫ਼ੀ ਮੰਗਦਾ ਹਾਂ ਮੈਂ ਆਪਣੇ ਛੋ ਨਾਲ ਆਪ ਨੂੰ ਵੀ ਭਿਗੋ ਦਿੱਤਾ ਹੈ।"

"ਤੂੰ ਆਪਣੇ ਕਮਰੇ ਵਿੱਚ ਛੇਤੀ ਜਾ, ਤੂੰ ਤਾਂ ਗੜੁਚਿਆ ਹੋਇਆ ਹੈਂ, ਆਹ ! ਮਾਂ ਸਦਕੇ ! ਤੈਨੂੰ ਤਾਂ ਮੁਛਾਂ ਆਣ ਫੁਟੀਆਂ

---

*ਰੱਬ ਨਾਲ ਮਿਲਨ ਅਰਥਾਤ Communion, ਰੂਸ ਵਿੱਚ ਇਸ ਦਿਨ ਜੋ ਗਿਰਜੇ ਵਿੱਚ ਜਾ ਆਕੇ ਮਿਲਦਾ ਸੀ ਇਕ ਦੂਜੇ ਨੂੰ ਮੁਬਾਰਖਾਂ ਦਿੰਦੇ ਸਨ।

ਹਨ,..........................ਕਾਤੂਸ਼ਾ ! ਕਾਤੂਸ਼ਾ ਇਹਨੂੰ ਕਾਫ਼ੀ ਪਿਲਾ, ਜਲਦੀ-ਜਲਦੀ।''

"ਲੌ ਜੀ-ਇਕ ਮਿੰਟ ਵਿੱਚ ਲੌ,'' ਇਕ ਚੰਗੀ ਪਛਾਤੀ ਹੋਈ ਤੇ ਦਿਲ ਨੂੰ ਖੁਸ਼ ਕਰਨ ਵਾਲੀ ਆਵਾਜ਼ ਲਾਂਘੇ ਵਿੱਚ ਦੀ ਆਈ ਤੇ ਨਿਖਲੀਊਧਵ ਦਾ ਦਿਲ ਚੀਕ ਉੱਠਿਆ- "ਉਹ ਇਥੇ ਹੀ ਹੈ'' ਤੇ ਇਉਂ ਉਹਨੂੰ ਭਾਸਿਆ ਜਿਵੇਂ ਬਦਲਾਂ ਵਿੱਚੋਂ ਦੀ ਸੂਰਜ ਟਹਿਕ ਆਇਆ ਹੈ।

ਨਿਖਲੀਊਧਵ ਇਉਂ ਖੁਸ਼ ਹੋ ਆਪਣੇ ਕਮਰੇ ਵਲ ਗਇਆ ਤੇ ਉਹਦੇ ਪਿੱਛੇ ਪਿੱਛੇ ਤਿਖੋਨ। ਉਹਦਾ ਦਿਲ ਤਾਂ ਕੀਤਾ ਕਿ ਕਾਤੂਸ਼ਾ ਬਾਬਤ ਤਿਖੋਨ ਨੂੰ ਪੁਛ ਗਿੱਛ ਕਰੇ, ਉਹਦਾ ਕੀ ਹਾਲ ਹੈ ਉਹ ਕੀ ਕਰ ਰਹੀ ਹੈ ਕੀ ਉਹ ਵਿਆਹ ਨਹੀਂ ਕਰੇਗੀ। ਪਰ ਤਿਖੋਨ ਅਦਬ ਵਿੱਚ ਇਉਂ ਸਿੱਧਾ ਤੇ ਘੜਿਆ ਖੜਾ ਸੀ, ਤੇ ਉਹ ਬੰਦਾ ਕੁਛ ਕੌੜਾ ਕੜਾ ਜੇਹਾ ਸੀ ਤੇ ਜਾਪਦਾ ਸੀ ਕਿ ਪਾਨੀ ਦਾ ਜਗ ਲੈ ਕੇ ਇਸ ਜ਼ਿਦ ਵਿੱਚ ਖੜਾ ਸੀ ਕਿ ਉਹੋ ਹੀ ਉਹਦੇ ਹੱਥਾਂ ਤੇ ਪਾਨੀ ਦੀ ਸੇਵਾ ਜਰੂਰ ਕਰੇਗਾ ਕਿ ਨਿਖਲੀਊਧਵ ਦਾ ਇਰਾਦਾ ਪੂਰਾ ਬਣ ਹੀ ਨ ਸੱਕਿਆ ਕਿ ਉਸ ਪਾਸੋਂ ਕਾਤੂਸ਼ਾ ਬਾਬਤ ਕੋਈ ਪੁਛ ਗਿੱਛ ਕਰੇ; ਪਰ ਤਿਖੋਨ ਦੇ ਪੋਤਰਿਆਂ ਬਾਬਤ ਪੁੱਛਿਆ, ਬੁੱਢੇ ਘੋੜੇ ਬਾਬਤ ਜ਼ਿਦਾ ਨਿੱਕਾ ਨਾਂ "ਭਾਈ ਜੀ ਦਾ ਘੋੜਾ'' ਪਾਇਆ ਹੋਇਆ

ਸੀ, ਤੇ ਪੋਲਕਿਨ ਕੁਤੇ ਆਦਿ ਦਾ ਹਾਲ ਪੁੱਛਿਆ। ਸਵਾਏ ਪੋਲਕਿਨ ਦੇ ਸਬ ਜੀਂਦੇ ਸਨ। ਪੋਲਕਿਨ ਪਿਛਲੀਆਂ ਗਰਮੀਆਂ ਵਿੱਚ ਪਾਗਲ ਹੋ ਗਇਆ ਸੀ।

ਜਦ ਉਹ ਆਪਣੀਆਂ ਸਾਰੀਆਂ ਭਿੱਜ ਗਈਆਂ ਚੀਜ਼ਾਂ ਲਾਹ ਚੁਕਾ ਤੇ ਮੁੜ ਹੋਰ ਕਪੜੇ ਪਾਨ ਲੱਗਾ, ਤਦ ਦਰਵਾਜੇ ਤੇ ਖੱਟ ਖੱਟ ਹੋਈ, ਤੇ ਉਸਨੇ ਕਿਸੀ ਦੇ ਤੇਜ਼ ਤੇਜ਼ ਆਉਂਦੇ ਕਦਮਾਂ ਦੀ ਆਹਟ ਵੀ ਸੁਣ ਲਈ ਸੀ। ਇਸ ਚਾਲ ਦਾ ਉਹ ਜਾਣੂ ਸੀ ਇਸ ਤਰਾਂ ਸਵਾਏ ਉਹਦੇ ਨਾ ਕੋਈ ਹੋਰ ਚੱਲਦਾ ਹੈ ਨ ਇਸਤਰਾਂ ਇਹੋ ਜੇਹਾ ਕੋਈ ਹੋਰ ਦਰਵਾਜਾ ਖਟ ਖਟਾਂਦਾ ਹੈ, ਆਪਣਾ ਭਿਜਿਆ ਹੋਇਆ ਓਵਰਕੋਟ ਆਪਣੇ ਮੋਂਢੇ ਤੇ ਸੁਟ ਕੇ ਉਸ ਬੂਹਾ ਲਾਹਿਆ।

"ਅੰਦਰ ਆ ਜਾਵੋ।" ਇਹ ਉਹੋ ਸੀ ਕਾਤੂਸ਼ਾ, ਉਹੋ ਸਿਰਫ ਅੱਗੇ ਥੀਂ ਵਧ ਮਿੱਠੀ, ਉਹੋ ਉਹਦੀਆਂ ਭੋਲੀਆਂ ਭਾਲੀਆਂ ਕਾਲੀਆਂ ਅੱਖਾਂ ਉਹੋ ਮੰਦ ਮੰਦ ਭੈਂਗ। ਤੇ ਉਨ੍ਹਾਂ ਪ੍ਰਕਾਸ਼ਮਯ ਨੈਣਾਂ ਨੇ ਉੱਪਰ ਵਲ ਤੱਕਿਆ, ਤੇ ਇਕ ਪਲਕਾਰੇ ਵਿੱਚ ਉਹੋ ਪੁਰਾਨਾ ਸਾਰਾ ਵਕਤ ਚੰਗੀ ਤਰਾਂ ਯਾਦ ਆ ਗਇਆ। ਹੁਣ ਵੀ ਜਿਵੇਂ ਉਸ ਵੇਲੇ ਉਸਨੇ ਆਪਣਿਆਂ ਕਪੜਿਆਂ ਉੱਪਰ ਦੀ ਇਕ ਚਿੱਟਾ ਐਪਰਨ ਪਾਇਆ ਹੋਇਆ ਸੀ। ਉਹਦੀਆਂ ਫੁਫੀਆਂ ਪਾਸੋਂ ਉਹ ਉਸ ਲਈ ਇਕ ਖੁਸ਼ਬੂਦਾਰ ਸਾਬਨ ਦੀ ਨਵੀਂ ਟਿੱਕੀ ਲਿਆਈ ਸੀ ਜਿਹਦਾ ਉੱਪਰ ਲਪੇਟਿਆ ਕਾਗ਼ਜ਼ ਉਸ ਵੇਲੇ ਉਤਾਰਿਆ ਗਿਆ ਸੀ ਤੇ ਦੋ ਤੌਲੀਏ ਇਕ ਤਾਂ ਲੰਮਾ ਰੂਸੀ ਕੱਢਿਆ ਹੋਇਆ ਤੇ ਇਕ ਅਸ਼ਨਾਨ ਵਾਲਾ। ਉਹ ਨਵੀਂ ਅਣਵਰਤੀ ਸਾਬਨ ਦੀ ਚੱਕੀ ਤੇ ਉਸ ਉੱਪਰ ਦਬਾਈ ਮੁਹਰ,

ਨਵੇਂ ਤੌਲੀਏ ਤੇ ਲਿਆਉਣ ਵਾਲੀ ਦਾ ਆਪਣਾ ਆਪ ਸਭ ਨਵੇਂ ਨਿਕੋਰ, ਤਾਜ਼ਾ, ਅਣਛੋਹੇ, ਸੁੱਚੇ ਇਹ ਸਭ ਸੰਗਮ ਬੜਾ ਹੀ ਖੁਸ਼ੀ ਦੇਣ ਵਾਲਾ ਸੀ। ਉਹਨੂੰ ਵੇਖ ਕੇ ਉਹ ਖੁਸ਼ੀ ਹੋ ਮੁਸਕਰਾਈ, ਮੁਸਕੜੀ ਨੂੰ ਰੋਕ ਨਹੀਂ ਸਕੀ, ਉਸ ਮੁਸਕੜੀ ਨੇ ਉਹਦੇ ਹੋਠਾਂ ਨੂੰ ਮੁੜ ਇਕ ਵੇਰੀ ਜਿਵੇਂ ਕਦੀ ਪਹਿਲੇ ਪਿਆਰ ਦੇ ਰੌਂ ਵਿੱਚ ਕੰਬਾ ਦਿੱਤਾ ਤੇ ਉਹ ਹੋਠ ਪਿਆਰ ਕਰਨ ਨੂੰ ਕੁਛ ਫੁਲ ਦੀ ਸ਼ਕਲ ਵਿੱਚ ਇਕੱਠੇ ਹੋ ਖਿੜੇ ਵੀ।

"ਆਪ ਰਾਜ਼ੀ ਹੋ **ਦਮਿਤਰੀ ਈਵਾਨਿਖ** ਜੀ," **ਕਾਤੂਸ਼ਾ** ਮੁਸ਼ਕਲ ਨਾਲ ਇੰਨੇ ਲਫਜ਼ ਬੋਲ ਸੱਕੀ ਤੇ ਉਹਦਾ ਸ਼ਰਮ ਖਾਕੇ ਲਾਲ ਗੁਲਾਬਾਂ ਨਾਲ ਰੰਗਿਆ ਗਿਆ।

"ਗੁਡ ਮਾਰਨਿੰਗ, ਆਪ ਰਾਜ਼ੀ ਹੋ?" ਉਸ ਆਖਿਆ ਤੇ ਉਹਨੂੰ ਵੀ ਸ਼ਰਮ ਆਈ, "ਜੀਨੀ ਏਂ! ਰਾਜ਼ੀ ਏਂ"?

"ਜੀ–ਰੱਬ ਦਾ ਸ਼ੁਕਰ ਹੈ, ਤੇ ਇਹ ਲੌ ਆਪ ਨੂੰ ਸਦਾ ਪਸੰਦ ਗੁਲਾਬੀ ਰੰਗ ਦਾ ਸਾਬਨ, ਤੇ ਤੌਲੀਏ ਜੋ ਆਪ ਦੀਆਂ ਫੁਫੀਆਂ ਨੇ ਘੱਲੇ ਹਨ," ਉਸ ਕਹਿਆ ਤੇ ਸਾਬਨ ਦੀ ਟਿੱਕੀ ਮੇਜ਼ ਪਰ ਰੱਖ ਦਿੱਤੀ, ਤੌਲੀਏ ਇਕ ਕੁਰਸੀ ਦੀ ਪਿੱਠ ਉੱਪਰ ਲਟਕਾ ਦਿੱਤੇ।

"ਪਰ ਇੱਥੇ ਤਾਂ ਅੱਗੇ ਹੀ ਸਭ ਕੁਛ ਹੈ," **ਤਿਖੋਨ** ਬੋਲਿਆ। ਓਹ ਮਹਿਮਾਨ ਦੀ ਅਮੀਰੀ ਤੇ ਕਿਸੀ ਚੀਜ਼ ਦੀ ਓਹਨੂੰ ਨ ਲੋੜ ਹੋਣ ਦੀ ਗੱਲ ਕਰਦਾ ਸੀ, ਤੇ ਉਹਦੇ ਖੁਲ੍ਹੇ **ਸੂਟਕੇਸ** ਵਲ ਇਸ਼ਾਰਾ ਕੀਤਾ ਜਿਹੜਾ ਬੁਰਸ਼ਾਂ, ਇਤਰਾਂ, ਸ਼ੀਸ਼ੀਆਂ, ਮੁੱਛਾਂ ਨੂੰ ਲਾਣ ਵਾਲੀਆਂ **ਫਿਕਸੋਆਂ**,

ਚਾਂਦੀ ਦੇ ਢਕਣੇ ਵਾਲੀਆਂ ਕੋਈ ਇਕ ਹੋਰ ਬੋਤਲਾਂ ਤੇ ਹਰ ਤਰਾਂ ਦੇ ਨ੍ਹਾਣ ਧੋਣ ਦੇ ਸਾਮਾਨਾਂ ਨਾਲ ਤੁੰਨਿਆ ਪਇਆ ਸੀ ।

"ਮੇਹਰਬਾਨੀ ਕਰਕੇ ਇਨ੍ਹਾਂ ਚੀਜ਼ਾਂ ਦੇ ਭੇਜਣ ਲਈ ਮੇਰੀਆਂ ਫੁਫੀਆਂ ਨੂੰ ਮੇਰਾ ਧੰਨਵਾਦ ਪਹੁੰਚਾਦੇਣਾ," **ਨਿਖਲੀ-ਊਧਵ** ਨੇ **ਕਾਤੂਸ਼ਾ** ਨੂੰ ਮੁਖ਼ਾਤਿਬ ਕਰ ਕੇ ਕਹਿਆ—ਉਸ ਨਾਲ ਗੱਲ ਕਰਦਿਆਂ, ਉਸੀ ਪੁਰਾਣੀ ਤਰਾਂ ਆਪਣਾ ਦਿਲ ਉਮਾਹ ਨਾਲ ਭਰ ਕੇ ਉਹਨੂੰ ਆਪਣੇ ਰੂਹ ਦੀ ਕੋਮਲਤਾ ਮੁੜ ਦੱਸਣ ਦੀ ਕੀਤੀ, ਉਹਦੇ ਇਹ ਲਫਜ਼ ਸੁਣਕੇ ਉਹ ਜਰਾ ਮੁਸਕਰਾਈ ਤੇ ਤੁਰ ਗਈ । ਫੁਫੀਆਂ ਨੇ ਜਿਹੜੀਆਂ ਸਦਾ ਉਹਨੂੰ ਬੜਾ ਨਰਮ ਤੇ ਮਿੱਠਾ ਪਿਆਰ ਕਰਦੀਆਂ ਸਨ । ਐਦਕੀ ਅੱਗੇ ਥੀਂ ਵਧ ਸਤਕਾਰ ਤੇ ਲਾਡ ਮੁਰਾਦ ਕੀਤੀ । **ਦਮਿਤਰੀ** ਮੈਦਾਨ ਜੰਗ ਵਿੱਚ ਜਾ ਰਹਿਆ ਸੀ, ਜਿੱਥੇ ਉਨ੍ਹਾਂ ਨੂੰ ਭੈ ਲੱਗ ਰਹਿਆ ਸੀ ਕਿ ਮਤੇ ਉਹ ਜ਼ਖ਼ਮੀ ਹੋ ਜਾਏ ਯਾ ਮਾਰਿਆ ਹੀ ਜਾਏ, ਇਸ ਕਰਕੇ ਉਨ੍ਹਾਂ ਦੇ ਦਿਲ ਹੋਰ ਵੀ ਉਸ ਲਈ ਹਲੂਲ ਹੋ ਰਹੇ ਸਨ ।

**ਨਿਖਲੀਊਧਵ** ਆਇਆ ਤਾਂ ਇਸ ਇਰਾਦੇ ਨਾਲ ਸੀ ਭਿ ਉਨ੍ਹਾਂ ਪਾਸ ਮਸੇਂ ਇਕ ਦਿਨ ਤੇ ਇਕ ਰਾਤ ਰਵ੍ਹੇਗਾ, ਪਰ ਜਦ **ਕਾਤੂਸ਼ਾ** ਨੂੰ ਉਸ ਵੇਖਿਆ, ਉਹਨੇ ਫੁਫੀਆਂ ਦੇ ਇਸ ਕਹਿਣ ਨੂੰ ਕਿ **ਈਸਟਰ** ਉਨ੍ਹਾਂ ਪਾਸ ਹੀ ਰਵ੍ਹੇ, ਮਨ ਲਇਆ ਤੇ ਆਪਣੇ ਮਿਤ੍ਰ ਸਾਥੀ **ਸ਼ੋਨਬੋਖ,** ਜਿਸਨੂੰ ਉਸ **ਉਡੀਸਾ**

ਦੇ ਮਕਾਮ ਤੇ ਜਾ ਮਿਲਣਾ ਸੀ, ਨੂੰ ਤਾਰ ਦੇ ਦਿੱਤੀ ਕਿ ਉਹ ਇਸ ਨੂੰ ਇੱਥੇ ਫੁਫੀਆਂ ਦੇ ਮਕਾਨ ਤੇ ਆਣ ਕੇ ਮਿਲੇ ।

**ਕਾਤੂਸ਼ਾ** ਨੂੰ ਵੇਖਦਿਆਂ ਸਾਰ ਉਸ ਲਈ ਉਹਦੀ ਛਾਤੀ ਵਿਚ ਮੁੜ ਉਹੋ ਭਾਵ ਤੇ ਪਿਆਰ ਜਾਗੇ ਜਿਹੜੇ ਉਨ੍ਹਾਂ ਪਹਿਲੇ ਦਿਨਾਂ ਵਿਚ ਕਦੀ ਉਪਜੇ ਸਨ । ਮੁੜ ਜਿਵੇਂ ਤਦੋਂ ਉਹਦੇ ਚਿੱਟੇ **ਅਪਰੇਨ** ਨੂੰ ਬਿਨਾਂ ਅੰਦਰ ਹੀ ਅੰਦਰ ਪਿਆਰ ਵਿੱਚ ਘੁਲ ਜਾਣ ਦੇ ਨਹੀਂ ਸੀ ਦੇਖ ਸਕਦਾ, ਬਿਨਾਂ ਇਕ ਗੁਦਗੁਦਾਂਦੀ ਖ਼ੁਸ਼ੀ ਦੇ ਉਹ ਨਹੀਂ ਸੀ ਸੁਣ ਸਕਦਾ, ਕੀ ਉਹਦੇ ਕਦਮਾਂ ਦੀ ਆਹਟ, ਕੀ ਉਹਦਾ ਬੋਲ, ਉਹਦਾ ਹਾਸਾ, ਬਿਨਾਂ ਇਕ ਨਾਜ਼ਕ ਪਿਆਰ ਦੀ ਹਾਲਤ ਤੇ ਉਹਦੀਆਂ ਕਾਲੀਆਂ ਸੋਹਣੀਆਂ ਅੱਖਾਂ ਵੱਲ ਨਹੀਂ ਸੀ ਤੱਕ ਸਕਦਾ, ਖਾਸ ਕਰ ਜਦ ਉਹ ਮੁਸਕਰਾਂਦੀ ਸੀ, ਤੇ ਇਨ੍ਹਾਂ ਸਾਰੀਆਂ ਗੱਲਾਂ ਥੀਂ ਵਧ ਜਦ ਉਹ ਮਿਲਦੇ ਸਨ, ਉਹਦਾ ਸ਼ਰਮਾਂ ਨਾਲ ਗੁਲਾਬ ਗੁਲਾਬ ਹੋ ਜਾਂਦਾ ਮੂੰਹ ਇਹ ਬਿਨਾਂ ਇਕ ਘਬਰਾਹਟ ਦੇ ਨਹੀਂ ਸੀ ਤਕ ਸਕਦਾ। ਹੁਣ ਅਨੁਭਵ ਕਰਦਾ ਸੀ ਕਿ ਉਹਦੇ ਇਸ਼ਕ ਵਿਚ ਫਸਿਆ ਹੈ, ਪਰ ਅਗੇ ਵਾਂਗ ਨਹੀਂ ਜਦ ਉਸ ਲਈ ਇਹੋ ਪਿਆਰ ਤੇ ਇਸ਼ਕ ਦੀ ਖਿੱਚ ਇਕ ਰੱਬੀ ਭੇਤ ਦੀ ਸ਼ਕਲ ਵਿਚ ਪ੍ਰਤੀਤ ਹੁੰਦੀ ਸੀ, ਤੇ ਤਦੋਂ ਉਹ ਆਪਣੇ ਆਪ ਨੂੰ ਨਹੀਂ ਸੀ ਕਹਿਣ ਜੋਗਾ ਕਿ ਉਹ ਉਹਨੂੰ ਪਿਆਰਦਾ ਹੈ ਜਦ ਉਹਨੂੰ ਪ੍ਰੇਰਨਾ ਹੁੰਦੀ ਸੀ ਕਿ ਆਦਮੀ ਪਿਆਰ ਬਸ ਇਕੋ ਵੇਰੀ ਕਰ ਸਕਦਾ ਹੈ । ਹੁਣ ਤਾਂ ਉਹਨੂੰ ਗਿਆਨ ਸੀ ਕਿ ਇਹ ਖਿੱਚ **ਕਾਤੂਸ਼ਾ** ਵੱਲ ਉਹਦਾ ਪਿਆਰ ਹੈ ਤੇ ਇਹ ਜਾਣਨ ਕਰ ਕੇ ਉਹ ਹੱਥੋਂ ਖੁਸ਼ੀ ਸੀ ਤੇ ਨਾਲੇ ਹੀ ਉਹਨੂੰ ਏਵੇਂ ਮਾੜਾ ਜੇਹਾ

ਧੁੰਧਲਾ ਜੇਹਾ ਪਤਾ ਸੀ, ਭਾਵੇਂ ਉਹ ਇਸ ਪਤੇ ਨੂੰ ਆਪਣੇ ਆਪ ਥੀਂ ਲੁਕਾਣਾ ਚਾਹੁੰਦਾ ਸੀ, ਕਿ ਇਹ ਜਿਹਨੂੰ ਪਿਆਰ ਹੁਣ ਕਹਿੰਦਾ ਹੈ ਕੀ ਵਸਤੂ ਹੈ ਤੇ ਕਿੱਥੇ ਲੈ ਜਾ ਕੇ ਬੱਸ ਕਰੇਗੀ। **ਨਿਖਲੀਊਧਵ** ਵਿਚ ਹਰ ਇਕ ਆਦਮੀ ਵਾਂਗ, ਦੋ ਵੱਖਰੀਆਂ ਵੱਖਰੀਆਂ ਹਸਤੀਆਂ ਸਨ, ਇਕ ਆਤਮਿਕ ਯਾ ਰੂਹਾਨੀ ਰੱਬੀ ਹਸਤੀ ਜਿਹੜੀ ਉਹੋ ਖੁਸ਼ੀ ਆਪਣੇ ਲਈ ਟੋਲਦੀ ਹੈ ਜਿੰਦਾ ਝੁਕਾ ਹਰ ਕਿਸੀ ਨੂੰ ਉਸੀ ਤਰਾਂ ਦਾ ਆਪਣੇ ਜੇਹਾ ਰਸ ਤੇ ਅਨੰਦ ਦੇਣ ਦਾ ਹੋਂਦਾ ਹੈ। ਦੂਜੀ ਹਸਤੀ **ਹੈਵਾਨ-ਇਨਸਾਨ** ਜਿਹੜੀ ਨਿਰੋਲ ਆਪਣੀ ਖੁਸ਼ੀ ਹੀ ਨੂੰ ਟੋਲਦੀ ਹੈ, ਤੇ ਬਾਕੀ ਦੀ ਕੁਲ ਦੁਨੀਆਂ ਦੀ ਖੁਸ਼ੀ ਤੇ ਆਰਾਮ ਨੂੰ ਉਸ ਆਪਣੇ ਰਸ ਤੇ ਵਾਰ ਸੁਟਣ ਦੀ ਕਰਦੀ ਹੈ। ਇਸ ਸਮੇਂ ਆਪਣੇ ਆਪ ਦੇ ਪਿਆਰ ਦੇ ਪਾਗਲਪਨ ਵਿਚ ਇਹ ਦੂਜਾ **ਹੈਵਾਨ-ਇਨਸਾਨ** ਉਸ ਉੱਪਰ ਹੁਕਮਰਾਨ ਸੀ ਤੇ ਉਸਦੇ ਅੰਦਰ ਦੀ ਰੂਹਾਨੀ ਹਸਤੀ ਨੂੰ ਇਸ ਸੰਢੇ ਮੁਸ਼ਟੰਡੇ ਕੁਚਲ ਸੁਟਿਆ ਸੀ।

ਪਰ ਜਦ ਉਸਨੇ ਹੁਣ **ਕਾਤੂਸ਼ਾ** ਨੂੰ ਮੁੜ ਵੇਖਿਆ ਤੇ ਗੁਜਰ ਗਏ ਪਿਛਲੇ ਤਿੰਨ ਸਾਲਾਂ ਦੇ ਪਹਿਲਾਂ ਦੇ ਉੱਚੇ ਤੇ ਮਾਸੂਮ ਭਾਵ ਤੇ ਇਕ ਦੂਜੇ ਲਈ ਭਗਤੀ ਵਲਵਲੇ ਮੁੜ ਜਾਗੇ ਸਨ, ਤਦ ਥੀਂ ਉਹਦੇ ਅੰਦਰ ਦੀ ਰੂਹਾਨੀ ਰੱਬੀ ਹਸਤੀ ਨੇ ਆਪਣਾ ਸਿਰ ਫਿਰ ਉਤਾਹਾਂ ਨੂੰ ਚੱਕਿਆ ਤੇ ਆਪਣੇ ਹਕ ਭੀ ਜਮਾਣ, ਦਸਾਣ ਲਗ ਪਈ। **ਈਸਟਰ** ਦੇ ਦਿਨ ਦੇ ਆਣ ਤੱਕ ਦੋ ਪੂਰੇ ਦਿਨਾਂ ਲਈ, ਉਸ ਅੰਦਰ, ਇਕ ਅਣਮਿਣੀ ਅਣਜਾਤੀ ਪਰ ਲਗਾਤਾਰ ਕਸ਼ਮਕਸ਼ ਹੁੰਦੀ

ਹੀ ਰਹੀ ।

ਆਪਣੇ ਰੂਹ ਦੇ ਅੰਦਰ ਉਹ ਭਾਂਪ ਚੁਕਾ ਸੀ ਕਿ ਉਹਨੂੰ ਉਥੋਂ ਚਲਾ ਜਾਣਾ ਚਾਹੀਏ, ਉਹਦੇ ਉਥੇ ਰਹਿ ਜਾਣ ਦੀ ਅਸਲੀ ਵਜਾ ਕੋਈ ਨਹੀਂ ਸੀ । ਜਾਣ ਗਇਆ ਸੀ ਕਿ ਉਹਦੇ ਇਉਂ ਠਹਿਰ ਜਾਣ ਲਈ ਭਲਾਈ ਕੋਈ ਨਹੀਂ ਨਿਕਲਣੀ, ਪਰ ਫਿਰ ਵੀ ਠਹਰ ਜਾਣ ਦਾ ਖਿਆਲ ਇੰਨਾ ਚੰਗਾ ਲਗਦਾ ਸੀ, ਇੰਨਾ ਖੁਸ਼ੀ ਕਰਦਾ ਸੀ ਕਿ ਉਸ ਨੇ ਸੱਚੇ ਦਿਲ ਨਾਲ ਇਹ ਸੁਝ ਗਏ ਸਚ ਨਹੀਂ ਸਨ ਮੰਨੇ ਤੇ ਉਥੇ ਠਹਿਰ ਹੀ ਗਇਆ ਸੀ ।

**ਈਸਟਰ** ਦੀ ਪਹਿਲੀ ਸ਼ਾਮ ਨੂੰ ਗਿਰਜੇ ਥੀਂ ਛੋਟਾ ਪਾਦਰੀ ਤੇ ਵੱਡਾ ਪਾਦਰੀ ਦੋਵੇਂ ਸਤਿਸੰਗ ਲਾਣ ਉਨ੍ਹਾਂ ਦੇ ਘਰ ਪਹੁੰਚੇ। ਉਹ ਕਹਿੰਦੇ ਸਨ ਕਿ ਇਹ ਤਿੰਨ ਮੀਲ ਜੋ ਗਿਰਜੇ ਤੇ ਉਨ੍ਹਾਂ ਦੇ ਘਰ ਦੇ ਵਿਚ ਸਨ ਬੜੀ ਹੀ ਮੁਸ਼ਕਲਾਂ ਨਾਲ ਲੰਘ ਕੇ ਆਏ ਹਨ । ਇਕ **ਸਲੈਜ** ਵਿਚ ਆਏ ਤਾਂ ਸਨ ਪਰ ਕਿਧਰੇ ਕੱਚੀ ਜਮੀਨ, ਕਿਧਰੇ ਚਿਕੜ ਖੋਭਾ ਬੜੇ ਹੀ ਦਿਕ ਹੋਏ ਸਨ ।

ਆਪਣੀਆਂ ਫੁਫੀਆਂ ਨੌਕਰਾਂ ਨਾਲ, **ਨਿਖਲੀਊਧਵ** ਵੀ ਸਤਿਸੰਗ ਵਿਚ ਬੈਠਾ ਸੀ, ਤੇ **ਕਾਤੂਸ਼ਾ** ਵਲ ਤੱਕਦਾ ਰਹਿਆ। **ਕਾਤੂਸ਼ਾ** ਬੂਹੇ ਵਿਚ ਖੜੀ ਸੀ ਤੇ ਪਾਦਰੀਆ ਨੂੰ ਧੂਪ ਨੈਵੇਦਜ ਦੀਆਂ ਚੀਜ਼ਾਂ ਲਿਆ ਲਿਆ ਦਿੰਦੀ ਸੀ । ਫਿਰ ਆਪਣੀਆਂ ਫੁਫੀਆਂ ਤੇ ਪਾਦਰੀ ਦੇ ਹੱਥਾਂ ਤੇ **ਈਸਟਰ** ਦਾ ਪਿਆਰ ਦੇਕੇ ਭਾਵੇਂ ਹਾਲੇਂ ਠੀਕ ਅੱਧੀ ਰਾਤ ਨਹੀਂ ਸੀ

ਹੋਈ ਤੇ ਇਸ ਕਰਕੇ ਹਾਲੇ ਈਸਟਰ ਨਹੀਂ ਸੀ ਹੋਇਆ, ਉਹ ਇਸ ਥੀਂ ਪਹਿਲਾਂ ਹੀ ਆਪਣੇ ਸੈਣ ਦੇ ਕਮਰੇ ਵਿਚ ਵੜਨ ਹੀ ਲੱਗਾ ਸੀ ਕਿ ਉਧਰੋਂ ਮੈਤਰੀਨਾ ਪਾਵਲੋਵਨਾ ਬੁਢੀ ਨੌਕਰਾਨੀ ਦੀ ਆਵਾਜ ਆਈ ਕਿ ਉਹ ਈਸਟਰ ਦੀਆਂ ਟਿੱਕੀਆਂ ਮਲਾਈ ਤੇ ਪਨੀਰ ਦਾ ਮਿੱਠਾ ਮਧੂਪਰਕ ਆਦਿ ਲੈਕੇ ਗਿਰਜੇ ਜਾਣ ਦੀ ਤਿਆਰੀ ਕਰ ਰਹੀ ਹੈ ਕਿ ਅੱਧੀ ਰਾਤ ਦੇ ਪਾਠ ਕੀਰਤਨ ਦੇ ਮਗਰੋਂ ਇਨ੍ਹਾਂ ਨੂੰ ਪਾਕ ਪਵਿਤ੍ਰ ਕਰਕੇ ਲਿਆਵੇ ।

'ਮੈਂ ਵੀ ਜਾਸਾਂ,'' ਇਸ ਖਿਆਲ ਕੀਤਾ ।

ਗਿਰਜੇ ਨੂੰ ਸਲੈਜ ਵਿਚ ਯਾ ਪੱਈਏ ਵਾਲੀ ਗੱਡੀ ਵਿਚ ਜਾਣਾ ਨਾਮੁਮਕਿਨ ਸੀ । ਸੋ ਨਿਖਲੀਊਧਵ ਨੇ ਜੋ ਆਪਣੀਆਂ ਫੁਫੀਆਂ ਦੇ ਘਰ ਆਪਣੇ ਹੀ ਘਰ ਵਾਂਗ ਖੁਲ੍ਹਾ ਡੁਲ੍ਹਾ ਰਹਿੰਦਾ ਸੀ, ਹੁਕਮ ਦਿੱਤਾ ਕਿ ''ਭਾਈ ਜੀ ਦਾ ਘੋੜਾ'' ਉਸ ਲਈ ਜੀਨ ਪਾ ਕੇ ਲਿਆਂਦਾ ਜਾਏ, ਤੇ ਬਿਸਤਰੇ ਉੱਪਰ ਜਾ ਕੇ ਸੈਣ ਦੀ ਥਾਂ ਉਸ ਆਪਣੀ ਵਰਦੀ ਪਾ ਲਈ ਤੇ ਤੰਗ ਸਵਾਰੀ ਵਾਲੀਆਂ ਬਿਰਜਸਾਂ ਪਾ ਲਈਆਂ, ਅਤੇ ਆਪਣਾ ਵੱਡਾ ਔਵਰਕੋਟ ਵੀ ਪਾ ਲਇਆ ਤੇ ਉਸ ਬੁੱਢੇ ਪਰ ਚੰਗੇ ਪਲੇ ਭਾਰੀ ਹੋਏ ਘੋੜੇ ਪੁਰ ਚੜ੍ਹ ਬੈਠਾ । ਘੋੜਾ ਉਹਦੇ ਹੇਠ ਸਾਰਾ ਰਾਹ ਹੀ ਹਿਣਕਦਾ ਗਇਆ ਤੇ ਨਿਖਲੀਊਧਵ ਹਨੇਰੇ ਘੁੱਪ ਵਿਚ ਹੀ, ਚਿੱਕੜ, ਖੋਭੇ, ਬਰਫ ਵਿਚ ਹੀ ਗਿਰਜੇ ਪਹੁਤਾ ।

## ਕਾਂਡ ੧੫

**ਨਿਖਲੀਊਧਵ** ਲਈ ਉਮਰ ਦੀਆਂ ਗੁਜ਼ਰ ਗਈਆਂ ਸਭ ਥੀਂ ਜ਼ਿਆਦਾ ਚਮਕਾਰੇ ਵਾਲੀਆਂ ਤੇ ਸਪਸ਼ਟ ਯਾਦ ਰਹਿਣ ਵਾਲੀਆਂ ਤੇ ਸਾਫ ਮੁੜ ਦਿੱਸਣ ਵਾਲੀਆਂ ਗੱਲਾਂ ਵਿਚੋਂ ਅੱਜ ਸਵੇਰੇ ਦਾ ਗਿਰਜੇ ਜਾ ਕੇ ਸਭ ਨਾਲ ਪੂਜਾ ਵਿਚ ਸ਼ਾਮਲ ਹੋਣ ਦਾ ਅਕਹਿ ਸਵਾਦ ਸੀ। ਜਦ ਘੋੜੇ ਤੇ ਚੜ੍ਹ ਕੇ ਮੂੰਹ ਝਾਖਰੇ ਹਨੇਰੇ ਵਿਚ ਜਿਸ ਵਿਚ ਨਿਰੀ ਪਈ ਹੋਈ ਬਰਫ਼ ਦੀ ਚਿਟਿਆਈ ਦੇ ਟੁਕੜੇ ਕਿਧਰੇ ਕਿਧਰੇ ਦਿਸਦੇ ਸਨ, ਓਹ ਗਿਰਜੇ ਦੇ ਅਹਾਤੇ ਵਿਚ ਜਿਥੇ ਗਿਰਜੇ ਉੱਪਰ ਚੌ ਪਾਸੇ ਦੀਧ-ਮਾਲਾ ਹੋ ਰਹੀ ਸੀ ਪਹੁਤਾ, ਤਾਂ ਅੰਦਰ ਪੂਜਾ ਪਾਠ ਅਰੰਭ ਹੋ ਚੁਕਾ ਸੀ।

ਓਥੇ ਖੜੇ ਕਿਸਾਨ, ਇਹ ਕਹਿ ਕੇ ਕਿ **ਮੇਰੀ ਈਵਾਨੋਵਨਾ** ਦਾ ਭੱਤਰੀਆ ਆਇਆ ਹੈ, ਉਹਦਾ ਘੋੜਾ ਜਿਹੜਾ ਬਲਦੇ ਦੀਵੇ ਵੇਖ ਕੇ ਤ੍ਰਬਕ ਗਇਆ ਸੀ ਤੇ ਆਪਣੇ ਕੰਨ ਸਿਧੇ ਕਰ ਰਹਿਆ ਸੀ, ਫੜ ਕੇ ਸੁਕੀ ਥਾਂ ਵਲ ਓਹਦੇ ਉਤਰਨ ਲਈ ਲੈ ਗਏ। ਤੇ ਲੋਕੀ ਉਹਦੇ ਅੱਗੇ ਹੋ ਕੇ ਜਿਵੇਂ ਅਦਬ ਨਾਲ ਰਾਹ ਦਸ ਰਹੇ ਹਨ ਗਿਰਜੇ ਦੇ ਅੰਦਰ ਲੈ ਤੁਰੇ। ਗਿਰਜੇ ਦੇ ਅੰਦਰ ਬੜਾ ਇਕੱਠ ਸੀ। ਸੱਜੇ ਪਾਸੇ ਕਿਸਾਨ ਰਾਹਕ ਲੋਕੀ ਖੜੇ ਸਨ, ਵਡੇਰੀ ਉਮਰ ਦੇ ਆਦਮੀਆਂ ਨੇ ਜਿਹੜੇ ਆਪਣੇ ਘਰ ਦੇ ਉਣੇ ਕਪੜਿਆਂ ਵਿਚ ਸਨ, ਸਾਫ ਸੁਥਰੀਆਂ ਕਪੜੇ ਦੀਆਂ ਟਾਕੀਆਂ ਆਪਣੀਆਂ

ਪਿੰਨੀਆਂ ਉੱਪਰ ਦੀ ਲਪੇਟੀਆਂ ਹੋਈਆਂ ਸਨ। (ਰੂਸ ਵਿਚ ਜਰਾਬਾਂ ਦੀ ਥਾਂ ਕਿਸਾਨ ਲੋਕ ਇਹ ਚਿੱਟੀਆਂ ਟਾਕੀਆਂ ਪਿੰਨੀਆਂ ਨੂੰ ਬੰਨ੍ਹ ਲੈਂਦੇ ਹਨ); ਤੇ ਜਵਾਨ ਗਭਰੂਆਂ ਨੇ ਨਵੇਂ ਕਪੜੇ ਦੇ ਕੋਟ ਪਾਏ ਹੋਏ ਸਨ, ਅਰ ਸਾਰੇ ਆਪਣੇ ਲੱਕਾਂ ਦਵਾਲੇ ਸ਼ੋਖ ਰੰਗ ਦੀਆਂ ਪੇਟੀਆਂ ਕੱਸੀਆਂ, ਤੇ ਲੰਮੇ ਬੂਟ ਪਾਏ, ਖੜੇ ਸਨ।

ਖਬੇ ਪਾਸੇ ਜਵਾਨ ਜਨਾਨੀਆਂ ਤੇ ਕੁੜੀਆਂ, ਲਾਲ ਰੇਸ਼ਮੀ ਰੁਮਾਲ ਸਿਰਾਂ ਤੇ ਬੰਨ੍ਹੀ, ਕਾਲੀ ਪਲੱਸ਼ ਦੇ ਬਾਹਾਂ ਬਿਨਾਂ ਜੈਕਟ ਪਾਈ, ਲਾਲ ਸੁਰਖ਼ ਕਮੀਜ਼ਾਂ ਦੀਆਂ ਬਾਹਾਂ ਕੱਢੀ, ਸੋਹਣੀਆਂ ਰੰਗੀਨ ਸਾਵੀਆਂ, ਨੀਲੀਆਂ ਤੇ ਲਾਲ ਘੱਘਰੀਆਂ ਪਾਈ ਖੜੀਆਂ ਸਨ। ਉਨ੍ਹਾਂ ਦੇ ਪਿਛੇ ਬੁਢੀਆਂ ਜਨਾਨੀਆਂ ਘੱਟ ਸ਼ੋਖ ਕਪੜੇ ਪਾਈ ਸਜ ਰਹੀਆਂ ਸਨ। ਇਨ੍ਹਾਂ ਨੇ ਆਪਣੇ ਸਿਰਾਂ ਤੇ ਚਿੱਟੇ ਰੋਮਾਲ ਬੰਨੇ ਹੋਏ ਸਨ, ਘਰ ਦੇ ਉਣੇ ਕੋਟ ਗਲ ਸਨ, ਤੇ ਪੁਰਾਣੀ ਕਿਸਮ ਦੀਆਂ ਕਾਲੇ ਘਰ ਦੇ ਉਣੇ ਕਪੜੇ ਦੀਆਂ ਘੱਘਰੀਆਂ ਤੇੜ, ਪੈਰਾਂ ਵਿਚ ਜੁੱਤੀਆਂ। ਇਸ ਇਕੱਠ ਦੇ ਵਿੱਚ ਚੰਗੇ ਚੰਗੇ ਕਪੜੇ ਪਾਏ ਬੱਚੇ ਆ ਜਾ ਰਹੇ ਸ ਨ।

ਮਰਦਾਂ ਨੇ ਸਲੀਬ ਦੀ ਨਿਸ਼ਾਨੀ ਆਪਣੇ ਉੱਪਰ ਵਾਹਕੇ ਮੱਥਾ ਟੇਕਿਆ ਤੇ ਫਿਰ ਆਪਣੇ ਸਿਰ ਉੱਪਰ ਚੱਕੇ ਤੇ ਆਪਣੇ ਕੇਸਾਂ ਨੂੰ ਛੰਡ ਪਿੱਛੇ ਸੁਟਿਆ।

ਜਨਾਨੀਆਂ ਖਾਸ ਕਰ ਬੁਢੀਆਂ ਨੇ ਆਪਣੀਆਂ ਅੱਖਾਂ ਮੂਰਤੀ ਵਿਚ ਜਿੱਦੇ ਦਵਾਲੇ ਬੱਤੀਆਂ ਜਗ ਮਗ ਰਹੀਆਂ ਸਨ ਗਡੀਆਂ ਹੋਈਆਂ ਸਨ। ਉਹ ਸਲੀਬ ਦਾ ਨਿਸ਼ਾਨ ਆਪਣੇ ਉੱਪਰ ਕਰਦੀਆਂ ਜਾਂਦੀਆਂ ਸਨ ਤੇ ਆਪਣੀਆਂ ਜੁੜੀਆਂ

ਕਦੀ ਆਪਣੇ ਮਥਿਆਂ ਦੇ ਰੋਮਾਲਾਂ ਨੂੰ ਲਾਉਂਦੀਆਂ ਸਨ, ਕਦੀ ਮੋਢਿਆਂ ਤੇ, ਕਦੀ ਢਿੱਡਾਂ ਤੇ, ਕੁਛ ਮੂੰਹ ਵਿਚ ਪੜ੍ਹਦੀਆਂ ਜਾਂਦੀਆਂ ਸਨ ਤੇ ਮੱਥਾ ਟੇਕਦੀਆਂ ਜਾਂਦੀਆਂ ਸਨ । ਬੱਚੇ ਵੱਡਿਆਂ ਦੀ ਰੀਸੋ ਰੀਸੀ ਬੜੀ ਸੰਜੀਦਗੀ ਨਾਲ ਦੁਆ ਮੰਗਣ ਬਹਿ ਜਾਂਦੇ ਸਨ ਤੇ ਇਉਂ ਓਹ ਇਸ ਖਿਆਲ ਵਿਚ ਕਰਦੇ ਸਨ ਕਿ ਉਨ੍ਹਾਂ ਦੇ ਇਸ ਚੰਗੇ ਕੰਮ ਨੂੰ ਵਡੇ ਪਿਛੇ ਖੜੇ ਦੇਖ ਰਹੇ ਹਨ। ਓਹ ਸੋਨੇ ਦੀਆਂ ਗਿਲਟੀ ਅਲਮਾਰੀਆਂ ਜਿਨ੍ਹਾਂ ਵਿੱਚ ਮੂਰਤੀਆਂ ਸਥਾਪਤ ਕੀਤੀਆਂ ਸਜ ਰਹੀਆਂ ਸਨ ਚਮਕ ਚਮਕ ਕਰ ਰਹੀਆਂ ਸਨ , ਉਨ੍ਹਾਂ ਦੇ ਦਵਾਲੇ ਉੱਚੇ ਬੱਤੀਦਾਨਾਂ ਵਿਚ ਬਲਦੀਆਂ ਬੱਤੀਆਂ ਜਗ ਮਗ ਕਰ ਰਹੀਆਂ ਸਨ, ਬੱਤੀਦਾਨਾਂ ਉੱਪਰ ਵੀ ਸੋਹਣੀਆਂ ਸੋਨੇ ਦੀਆਂ ਵੇਲਾਂ ਸਨ ।

ਛਤ ਵਾਲਾ ਝਾੜ ਫਾਨੂਸ ਬੱਤੀਆਂ ਨਾਲ ਭਰਿਆ ਹੋਇਆ ਸੀ ਤੇ ਕੀਰਤਨ ਕਰਨ ਵਾਲੀ ਮੰਡਲੀ ਥੀਂ ਬੜੀਆਂ ਖ਼ੁਸ਼ ਭਰੀਆਂ ਧੂਨੀਆਂ ਗੂੰਜਾਰ ਕਰ ਰਹੀਆਂ ਸਨ। ਗਾਣ ਵਾਲੇ ਘਰੋਗੀ ਹੀ ਸਨ। ਕਰਖਤ ਮੋਟੇ ਸੰਘਾਂ ਦੀਆਂ ਅਤੇ ਬਾਰੀਕ ਸੁਰ ਲੜਕਿਆਂ ਦੀਆਂ ਆਵਾਜ਼ਾਂ ਮਿਲਵੀਆਂ ਆ ਰਹੀਆਂ ਸਨ।

**ਨਿਖਲੀਊਧਵ** ਇਕੱਠ ਦੇ ਅੱਗੇ ਚਲਾ ਗਇਆ। ਗਿਰਜੇ ਦੇ ਵਿਚਕਾਰੇ ਥਾਂ ਅਮੀਰ ਰਈਸ ਖੜੇ ਸਨ : –ਇਕ ਜਿਮੀਂਦਾਰ ਮਾਲਕ, ਵਹੁਟੀ ਪੁਤ ਸਮੇਤ (ਲੜਕਾ ਮਲਾਹ ਜਹਾਜ਼ਰਾਨ ਦੇ ਸੂਟ ਵਿਚ ਸੀ), ਪੋਲਿਸ ਦਾ ਅਫਸਰ, ਤਾਰ ਬਾਬੂ, ਲੰਮੇ ਲੰਮੇ ਬੂਟ ਪਾਏ ਹੋਏ ਇਕ ਸੌਦਾਗਰ, ਤ ਇਕ ਤਮਗਾ ਲਟਕਾਇਆ ਹੋਇਆ ਗਰਾਂ ਦਾ ਨੰਬਰਦਾਰ

ਤੇ ਓਸ ਜ਼ਿਮੀਂਦਾਰ ਦੀ ਵਹੁਟੀ ਦੇ ਐਨ ਪਿਛੇ ਖੜੀਆਂ ਸਨ,– **ਮੈਤਰੀਨਾ ਪਾਵਲੋਵਨਾ** ਆਪਣੀ ਲਾਈਲਕ ਰੰਗ ਦੀ ਪੋਸ਼ਾਕ ਵਿਚ, ਉੱਪਰ ਸੰਜਾਫ ਵਾਲੀ ਸ਼ਾਲ ਸੁਟੀ ਹੋਈ ਤੇ ਨਾਲ ਓਹਦੇ **ਕਾਤੂਸ਼ਾ** ਆਪਣੇ ਦੁਧ ਚਿਟੇ ਬਸਤਰ ਪਾਏ, ਓਹ ਛੁੰਗੀ ਹੋਈ ਕਮੀਜ਼, ਤੇ ਨੀਲੇ ਰੰਗ ਦਾ ਗਲ-ਦੁਪੱਟਾ ਤੇ ਕਾਲੇ ਕੇਸਾਂ ਵਿਚ ਸੁਰਖ ਫ਼ੀਤਾ।

ਸਭ ਕੁਛ ਓਥੇ ਮੇਲੇ ਦੀਆਂ ਰੰਗ ਰਲੀਆਂ ਦੇ ਸੁਹਜ ਵਿਚ ਸੀ, ਸਭ ਸਾਵਧਾਨ, ਖੁਸ਼ ਤੇ ਸੋਹਣੇ,–ਪਾਦਰੀ ਆਪਣੇ ਗੋਟੇ ਕਿਨਾਰੀ ਵਾਲੇ ਕਪੜੇ ਤੇ ਸੋਨੇ ਦੀਆਂ ਸਲੀਬਾਂ ਵਿਚ, ਕੀ ਵਡਾ ਪਾਦਰੀ, ਕੀ ਕਲਰਕ ਚਾਂਦੀ ਤੇ ਸੋਨੇ ਦੇ ਚਿਟੇ ਚੋਗਿਆਂ ਵਿਚ, ਕੀ ਘਰੋਗੀ ਰਾਗੀ ਵਧੀਆ ਫੜਕਦੇ ਲਿਬਾਸਾਂ ਵਿਚ ਜਿਨ੍ਹਾਂ ਤੇਲ ਨਾਲ ਆਪਣੀ ਕੰਘੀ ਪੱਟੀ ਸੰਵਾਰੀ ਹੋਈ ਸੀ, ਤੇ ਕੀ ਉਨ੍ਹਾਂ ਦੀ ਚਲੰਤ, ਛੁਟੀ ਦੇ ਦਿਨ ਦੀ ਖੁਸ਼ੀ ਨਾਲ ਭਰੇ ਭਜਨਾਂ ਦੀ ਘਨਘੋਰ; ਇਉਂ ਦਿਸਦਾ ਸੀ ਕਿ ਨਾਚ ਦਾ ਕੋਈ ਚਲੰਤ ਰਾਗ ਹੋ ਰਹਿਆ ਹੈ, ਤੇ ਕੀ ਲਗਾਤਾਰ ਪਾਦਰੀ ਦਾ ਲੋਕਾਂ ਨੂੰ ਅਸੀਸਾਂ ਦੇਈ ਜਾਣ ਦਾ ਤਮਾਸ਼ਾ ਤੇ ਮੁੜ ਮੁੜ ਸੰਗਤ ਦਾ ਬੋਲਣਾ,–"ਈਸਾ ਅਸਮਾਨ ਚੜ੍ਹਿਆ", "ਮਸੀਹ ਅਸਮਾਨੀ ਚੜ੍ਹਿਆ"– ਸਬ ਕੁਛ ਸੁੰਦਰ ਸੀ, ਪਰ ਹਬ ਕਿਸੇ ਥੀਂ ਸੋਹਣੀ **ਕਾਤੂਸ਼ਾ** ਲਗ ਰਹੀ ਸੀ, ਆਪਣੇ ਚਿੱਟੇ ਬਸਤਰਾਂ ਵਿਚ, ਓਸ ਨੀਲੇ ਗਲ-ਦੁਪੱਟੇ ਵਿਚ ਤੇ ਓਸ ਲਾਲ ਫੀਤੇ ਦੀ ਸੁਹਜ ਵਿੱਚ ਤੇ ਭਗਤੀ ਦੀ ਆਈ ਖੁਸ਼ੀ ਨਾਲ ਉਹਦੇ ਨੈਨ ਨੂਰਾਨੀ ਹੋ ਰਹੇ ਸਨ।

**ਨਿਖਲੀਊਧਵ** ਜਾਣਦਾ ਸੀ, ਕਿ ਬਿਨਾਂ ਓਸ ਵਲ

ਦੇਖੇ ਦੇ ਓਹ ਉਹਦਾ ਹੋਣਾ ਪ੍ਰਤੀਤ ਕਰ ਰਹੀ ਹੈ । ਇਹ ਗੱਲ ਓਹਨੂੰ ਪਤਾ ਤਦ ਲੱਗੀ ਸੀ ਜਦ ਵੇਦੀ ਨੂੰ ਜਾਣ ਲਈ ਉਹ ਉਹਦੇ ਨਾਲ ਦੀ ਖਸਰ ਕੇ ਲੰਘਿਆ ਸੀ । ਗਲ ਕਰਨ ਵਾਲੀ ਤਾਂ ਕੋਈ ਨਹੀਂ ਸੀ ਪਰ ਉਸ ਕੁਛ ਏਵੇਂ ਗਲ ਕਰਨ ਨੂੰ ਕੱਢ ਲਈ ਸੀ ਤੇ ਜਦ ਲੰਘਿਆ ਤਦ ਉਹਦੇ ਕੰਨ ਵਿੱਚ ਕਹਿ ਗਇਆ ਸੀ ਕਿ ''ਫੁਫੀ ਮੈਨੂੰ ਕਹਿਆ ਸੀ ਕਿ ਇਸ ਦੀਵਾਨ ਦੇ ਖਤਮ ਹੋਣ ਤੇ ਓਹ ਆਪਣਾ ਰੱਖਿਆ ਵਰਤ ਤੋੜੇਗੀ ।''

**ਕਾਤੂਸ਼ਾ** ਦੇ ਮੂੰਹ ਉੱਪਰ ਓਹੋ ਜਵਾਨੀ ਦਾ ਖੂਨ ਚੜ੍ਹ ਆਇਆ, ਜਿਵੇਂ ਜਦ ਕਦੀ ਓਹ ਉਹਨੂੰ ਵੇਖ ਲੈਂਦੀ ਸੀ ਹਮੇਸ਼ਾ ਇੰਵ ਹੀ ਹੁੰਦਾ ਸੀ,—ਓਹਦੀਆਂ ਉਹ ਕਾਲੀਆਂ ਅੱਖਾਂ ਹਸੂ ਹਸੂ ਕਰਦੀਆਂ, ਖੁਸ਼ੀ ਨਾਲ ਡਲ੍ਹ ਡਲ੍ਹ ਭਰੀਆਂ, ਬੜੇ ਭੋਲੇ ਪਣ ਵਿੱਚ ਉਠੀਆਂ ਤੇ **ਨਿਖਲੀਊਧਵ** ਵਿੱਚ ਗੱਡੀਆਂ ਗਈਆਂ ।

''ਇਹ ਗੱਲ ਮੈਨੂੰ ਪਤਾ ਹੈ'' ਉਸਨੇ ਮੁਸਕਰਾ ਕੇ ਕਹਿਆ ।

ਉਧਰੋਂ ਕਲਾਰਕ ਜਿੱਦੇ ਹੱਥ ਵਿੱਚ ਤਾਂਬੇ ਦਾ ਕਾਫ਼ੀਦਾਨ ਮੁਤਬਰੱਕ ਪਾਣੀ ਨਾਲ ਭਰਿਆ ਹੋਇਆ ਫੜਿਆ ਸੀ, ਉੱਥੋਂ ਹੀ ਆ ਲੰਘਿਆ ਤੇ **ਕਾਤੂਸ਼ਾ** ਦੀ ਪਰਵਾਹ ਨ ਕਰਦਾ ਹੋਇਆ ਉਸ ਨਾਲ ਖਸਰ ਕੇ ਲੰਘ ਗਇਆ । ਸਾਫ ਸੀ ਕਿ ਉਸ ਨੇ ਅਦਬ ਕਰਕੇ **ਨਿਖਲੀਊਧਵ** ਨਾਲ ਖਿਸਰਨ ਥੀਂ ਬਿਨਾਂ ਲੰਘਣਾ ਚਾਹਿਆ ਤੇ ਇਸ ਕਰਕੇ ਉਧਰ **ਕਾਤੂਸ਼ਾ** ਨਾਲ ਖਿਸਰ ਲੱਗ ਗਈ, ਤੇ **ਨਿਖਲੀਊਧਵ** ਹੈਰਾਨ ਹੋਇਆ ਕਿ

ਇਸ ਕਲਾਰਕ ਭੇੜੇ ਨੂੰ ਇੰਨੀ ਸਮਝ ਨਹੀਂ ਆਈ ਕਿ ਇਸ ਵਕਤ ਗਿਰਜੇ ਵਿੱਚ ਸਬ ਕੁਛ **ਕਾਤੂਸ਼ਾ** ਦੀ ਖਾਤਰ ਹੈ—ਨਹੀਂ ਨਹੀਂ ਨਿਰਾ ਗਿਰਜਾ ਨਹੀਂ, ਕੁਲ ਦੁਨੀਆਂ **ਕਾਤੂਸ਼ਾ** ਲਈ ਜੀ ਰਹੀ ਹੈ, ਤੇ ਹੋਰ ਕਿਸੇ ਦੀ ਯਾ ਕਿਸੀ ਗੱਲ ਦੀ ਪਰਵਾਹ ਕੀਤੀ ਜਾਵੇ ਅਥਵਾ ਨਾ ਕੀਤੀ ਜਾਵੇ ਪਰ **ਕਾਤੂਸ਼ਾ** ਦੀ ਖਾਤਰ ਹਰ ਪਾਸਿਓਂ ਮਨਜ਼ੂਰ ਹੈ। ਇਸ ਵਕਤ ਉਹ ਸਭ ਦਾ ਕੇਂਦਰ ਹੈ, ਉਸੇ ਲਈ ਉਨ੍ਹਾਂ ਸਾਹਮਣੇ ਰੱਖੀਆਂ ਮੂਰਤੀਆਂ ਦੀਆਂ ਜੋਤਾਂ ਜਗ ਮਗ ਕਰ ਰਹੀਆਂ ਹਨ, ਉਸ ਦੀ ਖਾਤਰ ਲਈ ਹੀ ਉੱਪਰ **ਝਾੜ ਫ਼ਾਨੂਸਾਂ** ਵਿੱਚ ਬੱਤੀਆਂ ਬਲ ਰਹੀਆਂ ਹਨ, ਉਸ ਦੇ ਲਈ ਹੀ ਰਾਗ ਅਲਾਪੇ ਜਾ ਰਹੇ ਹਨ ਤੇ ਉਹ ਭਜਨਾਂ ਦੀ ਗੁੰਜਾਰ ਹੋ ਰਹੀ ਹੈ। "ਰੱਬ ਦੇ ਅਸਮਾਨੀ ਚੜ੍ਹਨ ਦੇ ਦਰਸ਼ਨ ਕਰੋ, ਖੁਸ਼ ਹੋਵੋ ਲੋਕੋ, ਈਸਾ ਅਸਮਾਨੀ ਚੜ੍ਹਿਆ", ਆਦਿ—ਸਭ ਕੁਛ, ਸਭ ਜੋ ਕੁਛ ਵੀ ਦੁਨੀਆਂ ਵਿੱਚ ਚੰਗਾ ਸੀ ਬਸ ਓਸ ਲਈ ਹੈ ਤੇ ਉਹਨੂੰ ਇਹ ਜਾਪ ਰਹਿਆ ਸੀ ਕਿ **ਕਾਤੂਸ਼ਾ** ਵੀ ਇਹੋ ਪ੍ਰਤੀਤ ਕਰ ਰਹੀ ਹੈ ਕਿ ਸਭ ਕੁਛ ਉਸ ਲਈ ਹੈ। ਜਦ ਕਿ ਉਸ ਉਹਦੀ ਸਡੌਲ ਬਣੀ ਛੱਬੀ ਵਲ ਤੱਕਿਆ, ਉਹ ਉੱਪਰ ਛੁੰਗੀ ਚਿੱਟੀ ਪੋਸ਼ਾਕ ਤੇ ਉਹਦੇ ਮੂੰਹ ਦਾ ਧਿਆਨ ਮਗਨ ਅਨੰਦ ਵਿੱਚ ਜੁੜਿਆ ਰੰਗ ਵੇਖਿਆ ਤੇ ਉਸ ਦੇ ਉਸ ਚਿਹਰੇ ਦੇ ਦੇਵੀ ਰੰਗ ਥੀਂ ਉਸ ਜਾਣ ਲਇਆ ਸੀ, ਕਿ ਜੋ ਉਹਦੇ ਰੂਹ ਦੇ ਅੰਦਰ ਰਾਗ ਛਿੜ ਰਹਿਆ ਹੈ ਉਹੋ **ਕਾਤੂਸ਼ਾ** ਦੇ ਅੰਦਰ ਚਮਕ ਦੇ ਰਹਿਆ ਹੈ।

ਸਵੇਰ ਦੇ ਦੀਵਾਨ ਹੋ ਚੁਕਣ ਤੇ ਕੁਛ ਦੇਰ ਬਾਹਦ ਮੁੜ ਦੀਵਾਨ ਲਗਣ ਦੇ ਅੰਤਰੇ ਵਿੱਚ **ਨਿਖਲੀਊਧਵ** ਉੱਠ ਟੁਰਿਆ। ਲੋਕੀ ਅੱਗੇ ਪਿੱਛੇ ਹੋਏ ਕਿ ਉਹ ਲੰਘ ਜਾਵੇ ਤੇ ਸਭ ਨੇ ਉਸ ਅਗੇ ਸਿਰ ਨੀਵੇਂ ਕੀਤੇ। ਬਾਜਿਆਂ ਨੂੰ ਤਾਂ ਪਤਾ ਸੀ ਕਿ ਇਹ ਕੌਣ ਹੈ ਤੇ ਦੂਜੇ ਪੁੱਛਦੇ ਸਨ ਕਿ ਇਹ ਕੌਣ ਹੈ ?

ਉਹ ਬਾਹਰ ਜਾ ਕੇ ਪੌੜੀਆਂ ਉਪਰ ਖੜਾ ਹੋ ਗਇਆ। ਮੰਗਤਿਆਂ ਨੇ ਉਹਦੇ ਦਵਾਲੇ ਆ ਭੀੜ ਪਾਈ ਤੇ ਉਸ ਅੱਗੇ ਹੱਥ ਅੱਡੇ। ਉਹਦੇ ਬੋਹਝਿਆਂ ਵਿਚ ਜਿੰਨੇ ਪੈਸੇ ਸਨ ਉੱਨੇ ਵੰਡ ਦਿੱਤੇ ਤੇ ਆਪਣੇ ਬੁਹਝੇ ਛੰਡ ਦਿੱਤੇ ਤੇ ਪੌੜੀਆਂ ਦੇ ਹੇਠਾਂ ਲਹਿ ਗਇਆ। ਪੋਹ ਫੁਟਾਲਾ ਹੋ ਰਿਹਾ ਸੀ, ਪਰ ਸੂਰਜ ਦੀ ਟਿੱਕੀ ਹਾਲੇਂ ਉਦੇ ਨਹੀਂ ਹੋਈ ਸੀ। ਗਿਰਜੇ ਦੇ ਅਹਾਤੇ ਵਿੱਚ ਲੋਕੀ ਟੋਲੀਆਂ ਬੰਨ ਕਬਰਾਂ ਵਿੱਚ ਖੜੇ ਸਨ। **ਕਾਤੂਸ਼ਾ** ਅੰਦਰ ਹੀ ਰਹੀ ਤੇ **ਨਿਖਲੀਊਧਵ** ਉਹਦੀ ਉਡੀਕ ਕਰ ਰਹਿਆ ਸੀ ਤੇ ਹਾਲੇਂ ਵੀ ਲੋਕੀਂ ਅੰਦਰ ਬਾਹਰ ਆ ਰਹੇ ਸਨ। ਪੱਥਰ ਦੀਆਂ ਪੌੜੀਆਂ ਉੱਪਰ ਉਨ੍ਹਾਂ ਦੇ ਮੇਖਾਂ ਵਾਲੇ ਬੂਟਾਂ ਦੀ ਆਵਾਜ਼ ਹੋ ਰਹੀ ਸੀ। ਆਉਂਦੇ ਤੇ ਕਬਰਸਤਾਨ ਵਿੱਚ ਖਿੰਡਦੇ ਜਾਂਦੇ ਸਨ।

ਇਕ ਬੜਾ ਹੀ ਬੁੱਢਾ ਆਦਮੀ ਜਿਹਦਾ ਸਿਰ ਹਿਲਦਾ ਰਹਿੰਦਾ ਸੀ ਇਹਦੀਆਂ ਫੁਫੀਆਂ ਦਾ ਲਾਂਗਰੀ ਆਇਆ, ਤੇ ਉਨ੍ਹੇ **ਨਿਖਲੀਊਧਵ** ਨੂੰ ਠਹਿਰਾਇਆ ਤੇ ਇਉਂ ਖਲਵਾ ਕੇ ਉਹਨੂੰ ਈਸਟਰ ਦਾ ਪਿਆਰ ਦਿਤੋ ਸੂ! ਉਹਦੀ ਵਹੁਟੀ ਨੇ, ਬੁੱਢੀ ਵਿਚਾਰੀ ਮੂੰਹ ਤੇ ਝੁਰਲੀਆਂ ਪਈਆਂ

ਹੋਈਆਂ, ਆਪਣੇ ਰੋਮਾਲ ਵਿੱਚੋਂ ਇਕ ਬਸੰਤੀ ਰੰਗਿਆ ਅੰਡਾ ਫੜਿਆ ਤੇ **ਨਿਖਲੀਊਧਵ** ਦੇ ਪੇਸ਼ ਕੀਤਾ। ਇੰਨੇ ਨੂੰ ਇਕ ਹਸੂ ਹਸੂ ਕਰਦਾ ਗਭਰੂ ਰਾਹਕ ਮੁੰਡਾ ਆਪਣੇ ਨਵੇਂ ਕੋਟ ਤੇ ਸਾਵੀ ਪੇਟੀ ਵਿੱਚ ਉਸ ਪਾਸ ਆ ਖੜਾ ਹੋਇਆ ਤੇ ਉਸ ਨੇ ਆਪਣੀਆਂ ਹੱਸਦੀਆਂ ਅੱਖਾਂ ਨਾਲ **ਨਿਖਲੀ-ਊਧਵ** ਦੇ ਮੂੰਹ ਵਲ ਤੱਕ ਕੇ ਕਹਿਆ "ਈਸਾ ਅਸਮਾਨੀ ਚੜ੍ਹਿਆ।" ਫਿਰ ਉਹਦੇ ਲਾਗੇ ਢੁੱਕ ਕੇ ਆਪਣੀ ਖਾਸ ਪਰ ਖੁਸ਼ ਗਵਾਰ ਕਿਸਾਨੀ ਮਾਨੁਖ ਗੰਧ ਨਾਲ ਜਿਵੇਂ ਵਲੇਟ ਦਿੱਤੇ ਸੂ ਤੇ **ਨਿਖਲੀਊਧਵ** ਨੂੰ ਆਪਣੀ ਕੁੰਡਲਦਾਰ ਦਾਹੜੀ ਨਾਲ ਛੋਂਹਦਾ, ਆਪਣੇ ਗੁਲਫੇ ਜੇਹੇ, ਤਾਜ਼ਾ ਪਰ ਪੀਡੇ ਹੋਠਾਂ ਨਾਲ ਤਿੰਨ ਵੇਰੀ ਉਹਦੇ ਮੂੰਹ ਤੇ ਪਿਆਰ ਦਿੱਤਾ।

ਜਦ ਇਹ ਮੁੰਡਾ ਓਹਨੂੰ ਪਿਆਰ ਦੇ ਰਹਿਆ ਸੀ ਤੇ ਇਕ ਗੂਹੜੇ ਭੂਰੇ ਰੰਗ ਦਾ ਅੰਡਾ ਪੇਸ਼ ਕਰ ਮਾਰਿਆ ਸੀ, ਤਦ ਓਧਰੋਂ **ਮੇਤਰੀਨਾ ਪਾਵਲੋਵਨਾ** ਲਾਈਲਕ ਰੰਗ ਦੀ ਪੋਸ਼ਾਕ ਵਿਚ ਤੇ ਉਹ ਪਜਾਰੀ ਕਾਲੇ ਸਿਰ ਲਾਲ ਬੋ ਪਾਈ ਵੀ ਆ ਗਈ। **ਕਾਤੂਸ਼ਾ** ਨੇ ਓਹਦੇ ਅੱਗੇ ਆਏ ਲੋਕਾਂ ਦੇ ਸਿਰਾਂ ਦੀ ਉੱਪਰ ਥੀਂ ਓਹਨੂੰ ਤੱਕਿਆ, ਤੇ ਉਸ ਵੀ ਤਾੜ ਲਇਆ ਸੀ ਕਿ ਓਹਨੂੰ ਵੇਖ ਕੇ ਉਹਦਾ ਚਿਹਰਾ ਕਿੰਨਾ ਖਿੜ ਗਇਆ ਹੈ।

**ਕਾਤੂਸ਼ਾ ਮੇਤਰੀਨਾ ਪਾਵਲੋਵਨਾ** ਨਾਲ ਪੋਰਜ ਤਕ ਬਾਹਰ ਆਈ ਤੇ ਉਥੋਂ ਖਲੋ ਕੇ ਮੰਗਤਿਆਂ ਨੂੰ ਰੱਬ ਦੇ ਨਾਂ ਤੇ ਕੁਛ ਵੰਡ ਰਹੀ ਸੀ। ਇਕ ਮੰਗਤਾ ਜਿਹਦਾ ਨੱਕ

ਉੱਕਾ ਸੀ ਹੀ ਨਹੀਂ ਬੱਸ ਉਸ ਥਾਂ ਤੇ ਲਾਲ ਜੇਹਾ ਦਾਗ ਸੀ, **ਕਾਤੂਸ਼ਾ** ਪਾਸ ਆਇਆ। **ਕਾਤੂਸ਼ਾ** ਨੇ ਕੁਛ ਦਿੱਤਾ ਵੀ ਤੇ ਕਿਸੀ ਕਿਸਮ ਦੀ ਘ੍ਰਿਣਾ ਨ ਕਰਦੀ ਹੋਈ ਤੇ ਅੱਖਾਂ ਵਿੱਚ ਉਸੀ ਚਮਕਦੀ ਖੁਸ਼ੀ ਨਾਲ ਓਹਦੇ ਹੋਰ ਨੇੜੇ ਹੋ ਕੇ ਤਿੰਨ ਦਫਾ ਅਸੀਸ ਦਾ ਪਿਆਰ ਦਿੱਤਾ।

ਤੇ ਜਦ ਉਹ ਇਹਨੂੰ ਪਿਆਰ ਦੇ ਰਹੀ ਸੀ, ਓਹਦੀ ਅੱਖ **ਨਿਖਲੀਊਧਵ** ਵਲ ਗਈ ਤੇ ਉਸ ਦੀ ਨਿਗਾਹ ਵਿੱਚ ਇਹ ਪੁੱਛ ਸੀ, "ਕੀ ਮੈਂ ਠੀਕ ਕਰ ਰਹੀ ਹਾਂ ?" ਤੇ ਨਾਲੇ ਉਸ ਪੁੱਛ ਦਾ ਉੱਤਰ ਸੀ, "ਹਾਂ ਪਿਆਰੇ ਹਾਂ ! ਇਹ ਠੀਕ ਹੈ, ਸਭ ਕੁਛ ਠੀਕ ਹੈ। ਸਭ ਕੁਛ ਸੋਹਣਾ ਹੈ, ਮੈਂ ਪਿਆਰ ਵਿੱਚ ਹਾਂ।"

ਓਹ ਦੋਵੇਂ ਪੋਰਚ ਦੀਆਂ ਪੌੜੀਆਂ ਲਹਿ ਆਈਆਂ ਸਨ, ਤੇ ਇਹ ਅੱਗੇ ਵਧ ਉਨ੍ਹਾਂ ਪਾਸ ਜਾ ਪਹੁੰਚਾ। ਇਹਦਾ ਮਤਲਬ ਫੂੱਫੀ ਨੂੰ **ਈਸਟਰ** ਦਾ ਪਿਆਰ ਦੇਣ ਦਾ ਨਹੀਂ ਸੀ ਕੇਵਲ **ਕਾਤੂਸ਼ਾ** ਦੇ ਲਾਗੇ ਅੱਪੜਨ ਦਾ ਸੀ।

**ਮੈਤਰੀਨਾ ਪਾਵਲੋਵਨਾ** ਨੇ ਆਪਣਾ ਸਿਰ ਝੁਕਾਇਆ, ਤੇ ਮੁਸਕਰਾ ਕੇ ਬੋਲੀ "ਈਸਾ ਅਸਮਾਨਾਂ ਨੂੰ ਗਇਆ," ਤੇ ਓਹਦੀ ਬੋਲੀ ਥੀਂ ਸਾਫ ਪਤਾ ਲੱਗਦਾ ਸੀ ਕਿ ਇਸ ਗੱਲ ਦੇ ਅਰਥ ਹਨ—"ਅੱਜ ਅਸੀਂ ਸਾਰੇ ਬਰਾਬਰ ਹਾਂ।" ਆਪਣੇ ਰੁਮਾਲ ਨਾਲ ਉਸ ਆਪਣਾ ਮੂੰਹ ਪੂੰਝਿਆ ਤੇ ਆਪਣੇ ਹੋਠ ਉਸ ਵਲ ਕੀਤੇ।

"ਓਹ ਠੀਕ ਅਸਮਾਨੀ ਗਇਆ," ਨਿਖਲੀਊਧਵ ਨੇ ਓਹਨੂੰ ਪਿਆਰ ਦੇ ਕੇ ਕਹਿਆ। ਫਿਰ ਓਸ ਕਾਤੂਸ਼ਾ ਵਲ ਵੇਖਿਆ। ਓਹਦਾ ਮੂੰਹ ਸ਼ਰਮ ਨਾਲ ਗੁਲਾਬ ਹੋ ਗਇਆ, ਤੇ ਹੋਰ ਨੇੜੇ ਆਈ। "ਈਸਾ ਅਸਮਾਨੀ ਗਇਆ, ਦਮਿਤ੍ਰੀਈਵਾਨਿਚ!"

"ਓਹ ਠੀਕ ਚੜ੍ਹ ਗਇਆ," ਨਿਖਲੀਊਧਵ ਨੇ ਉੱਤਰ ਦਿੱਤਾ, ਉਨ੍ਹਾਂ ਆਪੇ ਵਿੱਚ ਦੋ ਵਾਰੀ ਪਿਆਰ ਲਿੱਤੇ ਦਿੱਤੇ। ਇਸ ਸੋਚ ਵਿੱਚ ਸਨ ਕਿ ਤੀਜੀ ਵੇਰੀ ਮੁੜ ਪਿਆਰ ਲਵੀਏ, ਦੇਵੀਏ ਕਿ ਨਾਂਹ, ਤੇ ਉਨ੍ਹਾਂ ਫੈਸਲਾ ਕੀਤਾ ਕਿ ਜ਼ਰੂਰ, ਸੋ ਤੀਸਰੀ ਵੇਰੀ ਉਨ੍ਹਾਂ ਪਿਆਰ ਲਿੱਤਾ ਦਿੱਤਾ ਤੇ ਮੁਸਕਰਾਏ।

"ਤੂੰ ਪਾਦਰੀ ਦੇ ਨਹੀਂ ਜਾਣਾ ?" ਨਿਖਲੀਊਧਵ ਨੇ ਪੁੱਛਿਆ।

"ਨਹੀਂ–ਅਸੀਂ ਇੱਥੇ ਰਤਾਕੂ ਬਹਾਂਗੇ ਦਮਿਤ੍ਰੀ-ਈਵਾਨਿਚ!" ਕਾਤੂਸ਼ਾ ਨੇ ਕੁਛ ਹਿੰਮਤ ਕਰਕੇ ਕਹਿਆ, ਜਿਵੇਂ ਓਸ ਕੋਈ ਖੁਸ਼ੀ ਦਾ ਕੰਮ ਕਰ ਲਇਆ ਹੈ, ਓਹਦੀ ਸਾਰੀ ਛਾਤੀ ਉੱਪਰ ਉੱਠੀ ਤੇ ਓਸ ਇਕ ਲੰਮਾ ਸਾਹ ਲਇਆ। ਤੇ ਓਹ ਭਗਤੀ ਭਰੀ ਨਦਰ ਨਾਲ, ਕੰਵਾਰੀ ਪਵਿਤ੍ਰਤਾ ਨਾਲ, ਪਿਆਰ ਨਾਲ, ਓਹਦੇ ਚਿਹਰੇ ਵਲ, ਆਪਣੀਆਂ ਉਨ੍ਹਾਂ ਪਿਆਰੀਆਂ ਮੰਦ ਮੰਦ ਭੈਂਗ ਮਾਰਦੀਆਂ ਅੱਖਾਂ ਨਾਲ ਵੇਖਣ ਲੱਗ ਗਈ।

ਮਰਦ ਤੀਮੀਂ ਦੇ ਆਪੇ ਵਿੱਚ ਪਏ ਪਿਆਰ ਦੀ ਕੋਈ

ਘੜੀ ਆਉਂਦੀ ਹੈ ਜਦ ਇਹ ਖਿੱਚ ਆਪਣੀ ਪੂਰੀ ਬੁਲੰਦੀ ਤੇ ਅੱਪੜੀ ਹੁੰਦੀ ਹੈ, ਹਾਂ ਓਹ ਘੜੀ ਜਦ ਓਹ ਪ੍ਰੀਤ ਬੇ ਹੋਸ਼, ਬੇ ਸੋਚ, ਬੇ ਅਕਲ ਹੁੰਦੀ ਹੈ ਤੇ ਉਸ ਵਿਚ ਕੋਈ ਸਰੀਰਕ ਬੋ ਨਹੀਂ ਹੁੰਦੀ। ਇਸ **ਈਸਟਰ** ਰਾਤ ਨੂੰ ਅੱਜ ਓਹ ਘੜੀ **ਨਿਖਲੀਊਧਵ** ਤੇ ਆਈ ਹੋਈ ਸੀ। ਹੁਣ ਜਦ ਓਹ ਇਸ ਵੇਲੇ **ਕਾਤੂਸ਼ਾ** ਦਾ ਨਿਰੋਲ ਓਹ ਧਿਆਨ ਆਪਣੇ ਅੱਗੇ ਲਿਆਉਂਦਾ ਸੀ ਉਹ ਘੜੀ ਅਮੋਲਕ ਘੜੀ ਜ਼ਿੰਦਗੀ ਦਾ ਹੋਰ ਸਭ ਕੁਛ ਢੱਕ ਦਿੰਦੀ ਸੀ। ਨਿਰੋਲ ਪਿਆਰ ਯਾਦ ਆਉਂਦਾ ਸੀ।

ਬੱਸ ਓਹਦਾ ਨਰਮ, ਚਮਕਦਾ, ਕਾਲਾ ਸਿਰ, ਓਹਦੀ ਉੱਤੇ ਛੁੰਗੀ ਛੰਗੀ ਚਿੱਟੀ ਪੋਸ਼ਾਕ, ਜਿਹੜੀ ਓਹਦੇ ਕੰਵਾਰੇ ਸੁਹਜਾਂ ਵਾਲੇ ਸਰੀਰ ਨੂੰ ਠੀਕ ਢੁਕ ਕੇ ਕੱਜ ਰਹੀ ਸੀ, ਉਹਦੀਆਂ ਹਾਲੇਂ ਪੂਰੇ ਜੋਬਨਾਂ ਵਿੱਚ ਨਾ ਖਿੜੀਆਂ ਕੰਵਾਰੀਆਂ ਛਾਤੀਆਂ, ਉਹਦੇ ਸ਼ਰਮ ਨਾਲ ਗੁਲਾਬ ਗੁਲਾਬ ਹੁੰਦੇ ਰੁਖ਼ਸਾਰ, ਨਰਮ, ਨੂਰਾਨੀ ਕਾਲੀਆਂ ਅੱਖਾਂ ਤੇ ਓਹਦਾ ਸਾਰਾ ਆਪਾ ਜਿਸ ਉੱਪਰ ਦੋ ਗੁਣ ਆਪਣੀਆਂ ਮੁਹਰਾਂ ਰੋਮ ਰੋਮ ਲਾ ਰਹੇ ਸਨ—ਪਵਿਤ੍ਰਤਾ ਤੇ ਨਿਰੋਲ ਅਸ਼ਰੀਰੀ ਰੱਬੀ ਪਿਆਰ, ਪਿਆਰ ਨ ਸਿਰਫ ਓਹਦੇ ਲਈ, ਇਸ ਪਿਆਰ ਦਾ ਤਾਂ ਉਹ ਜਾਣੂ ਸੀ, ਪਰ ਹਰ ਕਿਸੀ ਲਈ ਹਰ ਚੀਜ਼ ਲਈ ਉਹਦਾ ਦਿਵਯ ਪਿਆਰ। ਭਲਿਆਂ ਨਾਲ ਨਹੀਂ ਸਗੋਂ ਮੰਦਿਆਂ ਮਾੜਿਆਂ ਨਾਲ ਵੀ ਓਹੋ ਜੇਹਾ, ਓਹੋ ਪਿਆਰ, ਜੋ ਕੁਛ ਵੀ ਦੁਨੀਆਂ ਵਿਚ ਹੈ, ਉਸ ਨਾਲ ਪਿਆਰ, ਹਾਂ ਉਸ ਮੰਗਤੇ ਲਈ ਵੀ ਓਹੋ ਜੇਹਾ ਜਿਸਨੂੰ ਉਸ ਹੁਣੇ ਈਸਟਰ ਦੀ ਅਸੀਸ ਦੇ ਪਿਆਰ ਤਿੰਨ ਵੇਰੀ ਦਿੱਤੇ ਸਨ।

ਓਹ ਜਾਣਦਾ ਸੀ ਕਿ ਦਿਵਯ ਪਿਆਰ ਕਾਤੂਸ਼ਾ ਵਿੱਚ ਹੈ ਕਿਉਂਕਿ ਉਸੀ ਰੱਬੀ ਪਿਆਰ ਦਾ ਅਨੁਭਵ ਓਹਨੂੰ ਆਪ ਨੂੰ ਉਸ ਰਾਤੀ ਤੇ ਉਸ ਦਿਨ ਹੋਇਆ ਸੀ। ਤੇ ਉਸ ਇਹ ਵੀ ਵੇਖ ਲਇਆ ਸੀ ਕਿ ਇਸ ਰੱਬੀ ਪਿਆਰ ਦੀ ਜ਼ਾਤ ਤੇ ਧਿਆਨ ਵਿੱਚ ਓਹ ਉਸ ਨਾਲ ਇਕ ਹੋ ਰਹਿਆ ਹੈ, ਉਸ ਵਿੱਚ ਰੂਹ ਰੂਹ ਨਾਲ ਮਿਲਿਆ ਪਇਆ ਹੈ। ਉਸ ਪਿਆਰ ਵਿੱਚ ਕਾਈ ਵਿਛੋੜਾ ਕਿਸੀ ਚੀਜ਼ ਦਾ ਕਿਸੀ ਨਾਲ ਨਹੀਂ।

ਆਹ ! ਜੇ ਇਹ ਉੱਚੇ ਭਾਵ ਬੱਸ ਇੱਥੇ ਹੀ ਠਹਿਰ ਜਾਂਦੇ, ਓਸ ਰਾਤ ਵਾਲੇ ਨੁਕਤੇ ਤੇ ਠਹਿਰ ਜਾਂਦੇ !! "ਹਾਂ–ਇਹ ਸਭ ਖੌਫ਼ਨਾਕ ਕੰਮ ਉਸ ਈਸਟਰ ਦੀ ਰਾਤ ਤਕ ਤਾਂ ਹਾਲੇਂ ਨਹੀਂ ਸੀ ਹੋਇਆ," ਉਸ ਸੋਚਿਆ, ਜਦ ਉਹ ਜੂਰੀ ਦੇ ਕਮਰੇ ਦੀ ਬਾਰੀ ਅੱਗੇ ਬੈਠਾ ਸੋਚਾਂ ਵਿੱਚ ਡੁਬਿਆ ਹੋਇਆ ਸੀ।

## ਕਾਂਡ ੧੬.

ਜਦ ਗਿਰਜੇ ਥੀਂ ਮੁੜੇ, ਨਿਖਲੀਊਧਵ ਨੇ ਆਪਣੀਆਂ ਫੁੱਫੀਆਂ ਨਾਲ ਬਹਿ ਕੇ ਵਰਤ ਤੋੜਿਆ। ਇਕ ਪਿਆਲਾ ਬ੍ਰਾਂਡੀ ਤੇ ਕੁਛ ਸ਼ਰਾਬ ਲਈ, ਕਿਉਂਕਿ ਉਹਨੂੰ ਰਜਮਿੰਟ ਵਿੱਚ ਰਹਿ ਕੇ ਇਹ ਆਦਤ ਹੋ ਹੀ ਗਈ ਹੋਈ ਸੀ। ਤੇ ਜਦ ਉਹ ਆਪਣੇ ਕਮਰੇ ਵਿੱਚ ਗਇਆ ਇੰਨੀ ਗਾਹੜੀ ਨੀਂਦਰ ਆਈ ਕਿ ਕਪੜਿਆਂ ਸਮੇਤ ਹੀ ਸੌਂ ਗਿਆ। ਚਿਰ ਪਿੱਛੋਂ ਬੂਹੇ ਨੂੰ ਜਦ ਕਿਸੀ ਖੱਟ ਖਟਾਇਆ ਤਦ ਉਹ ਉੱਠਿਆ, ਉਹਨੂੰ ਪਤਾ ਸੀ ਕਿ ਏਹ ਖੱਟ ਖਟਾਣਾ ਉਹਦਾ ਹੈ, ਜਾਗਿਆ, ਅੱਖਾਂ ਮਲਦਾ ਮਲਦਾ ਆਕੜਾਂ ਭੰਨਦਾ ਭੰਨਦਾ, ਕਾਤੂਸ਼ਾ ਤੂੰ ਹੈਂ ? ਅੰਦਰ ਆ ਜਾ,'' ਉਸ ਕਹਿਆ। ਤੇ ਦਰਵਾਜ਼ਾ ਕਾਤੂਸ਼ਾ ਨੇ ਖੋਲ੍ਹਿਆ।

''ਰੋਟੀ ਤਿਆਰ ਹੈ'' ਉਸ ਕਹਿਆ। ਉਸ ਨੇ ਹਾਲੇਂ ਵੀ ਉਹੋ ਚਿੱਟੇ ਕਪੜੇ ਪਾਏ ਹੋਏ ਸਨ ਪਰ ਉਹਦੇ ਕੇਸਾਂ ਵਿੱਚ ਲਾਲ ਫੀਤਾ ਇਸ ਵਕਤ ਨਹੀਂ ਸੀ। ਨਿਖਲੀਊਧਵ ਨੇ ਉਸ ਵਲ ਮੁਸਕਰਾ ਕੇ ਵੇਖਿਆ ਜਿਵੇਂ ਉਸ ਕੋਈ ਬੜੀ ਚੰਗੀ ਖੁਸ਼ੀ ਵਾਲੀ ਖਬਰ ਆਣ ਕੇ ਦਿੱਤੀ ਹੈ।

''ਮੈਂ ਆਇਆ,'' ਉਸ ਉੱਤਰ ਦਿੱਤਾ ਤੇ ਉਠਿਆ। ਕੰਘੀ ਲੈ ਆਪਣੇ ਵਾਲ ਸੰਵਾਰਨ ਲੱਗ ਪਇਆ। ਉਹ ਇਕ ਮਿੰਟ ਲਈ ਚੁਪ ਚਾਪ ਖੜੀ ਰਹੀ, ਇਹ ਵੇਖ ਕੇ ਉਸ ਕੰਘੀ ਸੁਟ ਦਿੱਤੀ ਤੇ ਕਦਮ ਵਧਾ ਕੇ ਉਸ ਵਲ ਆਇਆ, ਪਰ ਐਨ ਠੀਕ ਉਸ ਵਕਤ ਉਹ ਜਾਣ ਨੂੰ ਮੁੜ ਪਈ ਸੀ, ਤੇ ਆਪਣੇ

ਤੇਜ਼ ਤੇਜ਼ ਤੇ ਹਲਕੇ ਹਲਕੇ ਕਦਮਾਂ ਨਾਲ ਲਾਂਘੇ ਵਿੱਚ ਵਿਛੀ ਦਰੀ ਦੇ ਕਿਨਾਰੇ ਕਿਨਾਰੇ ਚਲੀ ਗਈ।

"ਉਹੋ! ਮੈਂ ਕਿਹਾ ਬੇਵਕੂਫ ਨਿਕਲਿਆ," **ਨਿਖਲੀ-ਊਧਵ** ਸੋਚਣ ਲੱਗਾ "ਮੈਂ ਉਹਨੂੰ ਖੜਾ ਕਿਉਂ ਨ ਕੀਤਾ?" ਤੇ ਉਹਦੇ ਮਗਰ ਦੌੜਿਆ ਤੇ ਜਾ ਕੇ ਉਹਨੂੰ ਫੜ ਲਇਆ।

ਉਸ ਥੀਂ ਉਹ ਕੀ ਮੰਗਦਾ ਸੀ, ਉਹਨੂੰ ਆਪ ਨੂੰ ਵੀ ਪਤਾ ਨਹੀਂ ਸੀ ਲੱਗ ਰਹਿਆ। ਪਰ ਉਸ ਨੂੰ ਅੰਦਰ ਏਵੇਂ ਇਕ ਪ੍ਰਤੀਤ ਜੇਹੀ ਹੋਈ ਕਿ ਉਹ ਜਦ ਉਹਦੇ ਕਮਰੇ ਵਿੱਚ ਆਈ ਸੀ ਉਹਨੂੰ ਉਸ ਨਾਲ ਕੁਛ ਕਰਨਾ ਚਾਹੀਦਾ ਸੀ, ਉਹੋ ਕੁਛ ਜਿਹੜਾ ਆਮ ਲੋਕੀ ਇਹੋ ਜੇਹੇ ਮੌਕਿਆ ਮਿਲਿਆਂ ਤੇ ਕਰ ਦਿੰਦੇ ਹਨ, ਤੇ ਉਹ ਕੁਛ ਕਰਨ ਥੀਂ ਉਕ ਗਇਆ ਸੀ।

"**ਕਾਤੂਸ਼ਾ** ਠਹਿਰ!" ਉਸ ਕਹਿਆ।

"ਤੂੰ ਕੀ ਚਾਹੁੰਦਾ ਹੈ," ਖਲੋ ਕੇ ਉਸ ਪੁੱਛਿਆ। "ਕੁਛ ਨਹੀਂ....................ਸਿਰਫ...................." ਤੇ ਕੁਛ ਹਿੰਮਤ ਜੇਹੀ ਕਰਕੇ ਇਹ ਯਾਦ ਆਕੇ ਕਿ ਉਹਦੀ ਹਾਲਤ ਵਿੱਚ ਹੋਰ ਲੋਕੀ ਕੀ ਕਰਦੇ ਹਨ, ਉਸਨੇ ਆਪਣੀ ਬਾਂਹ ਉਸਦੀ ਕਮਰ ਵਿੱਚ ਪਾ ਦਿੱਤੀ।

**ਕਾਤੂਸ਼ਾ** ਚੁੱਪ ਖੜੀ ਰਹੀ ਤੇ ਉਹਦੀਆਂ ਅੱਖਾਂ ਵਿੱਚ ਡੂੰਘੀ ਨਿਗਾਹ ਨਾਲ ਵੇਖਣ ਲੱਗ ਗਈ।

"ਨਹੀਂ, ਨਹੀਂ, ਨਾਂਹ ਕਰ **ਦਮਿਤ੍ਰੀ ਈਵਾਨਿਚ**! ਛੱਡ ਤੈਨੂੰ ਇੰਵ ਨਹੀਂ ਕਰਨਾ ਚਾਹੀਏ!" ਉਸ ਕਹਿਆ

ਤੇ ਸ਼ਰਮ ਨਾਲ ਇੰਨੀ ਲਾਲ ਲਾਲ ਹੋ ਗਈ ਕਿ ਅੱਖਾਂ ਵਿੱਚ ਅੱਥਰੂ ਡਲ ਡਲ ਕਰਨ ਲੱਗ ਪਏ ਤੇ ਆਪਣੇ ਤਕੜੇ ਤੇ ਕੜੇ ਹੱਥ ਨਾਲ ਝਟਕਾ ਦੇ ਕੇ ਉਹਦੀ ਬਾਂਹ ਪਰੇ ਸੁਟੀ। ਨਿਖਲੀਊਧਵ ਨੇ ਉਹਨੂੰ ਛੱਡ ਦਿੱਤਾ ਪਰ ਝਟ ਦੇ ਝਟ ਲਈ ਉਹਦੇ ਦਿਲ ਨੂੰ ਸਿਰਫ ਪਰੇਸ਼ਾਨੀ ਹੋਈ, ਸ਼ਰਮ ਆਈ ਪਰ ਆਪਣੇ ਆਪ ਥੀਂ ਵੀ ਉਕਤਾ ਗਇਆ। ਉਹਨੂੰ ਇਸ ਵੇਲੇ ਵੀ ਆਪਣੇ ਅੰਦਰ ਦੀ ਅਗਵਾਨੀ ਮੰਨਣੀ ਚਾਹੀਦੀ ਸੀ ਤੇ ਥੋੜੇ ਚਿਰ ਵਿੱਚ ਹੀ ਉਹਨੂੰ ਪਤਾ ਲੱਗ ਜਾਣਾ ਜਰੂਰੀ ਸੀ ਕਿ ਇਹ ਮੰਦਾ ਤੇ ਸ਼ਰਮ ਉਹਨੂੰ ਅੰਦਰ ਦਿਆਂ ਚੰਗਿਆਂ ਵਲਵਲਿਆਂ ਦੀ ਮਾਨੋ ਮੰਗ ਆਈ ਸੀ ਕਿ ਸਾਨੂੰ ਘੁੱਟ ਨਾਂਹ, ਸਾਨੂੰ ਖੁੱਲਾ ਛੱਡ। ਪਰ ਉਸ ਇਹ ਸਮਝਿਆ ਕਿ ਇਹ ਉਹਦਾ ਅਭਨੱਕਪਣਾ ਹੈ ਕਿ ਉਹ ਮੌਕਾ ਸਾਂਭ ਨਹੀਂ ਸੱਕਿਆ। ਉਹਨੂੰ ਬਸ ਉਹੋ ਕੁਛ ਕਰ ਲੈਣਾ ਚਾਹੀਦਾ ਸੀ ਜੋ ਅੱਗੇ ਪਿੱਛੇ ਦੇ ਲੋਕੀ ਕਰ ਬਹਿੰਦੇ ਹਨ। ਫਿਰ ਉਹਦੇ ਮਗਰ ਦੌੜਿਆ ਉਹਨੂੰ ਫੜ ਕੇ ਉਹਦੀ ਗਰਦਨ ਤੇ ਇਕ ਚੁੰਮੀ ਦਿੱਤੀ।

ਇਸ ਚੁੰਮੀ ਤੇ ਉਸ ਲਾਈਲਕ ਦੀ ਝਾੜੀ ਪਿੱਛੇ ਦਿੱਤੀ ਅਬੋਝ ਚੁੰਮੀ ਵਿੱਚ ਬੜਾ ਫਰਕ ਸੀ ਤੇ ਉਹ ਈਸਟਰ ਦੇ ਪਿਆਰ ਜੋ ਗਿਰਜੇ ਵਿੱਚ ਉਹਨੂੰ ਦਿੱਤੇ ਸਨ, ਉਨ੍ਹਾਂ ਵਿੱਚ ਤੇ ਇਸ ਚੁੰਮੀ ਵਿੱਚ ਵੀ ਬੜਾ ਫਰਕ ਸੀ ਇਹ ਹੌਲਨਾਕ, ਖਤਰਨਾਕ ਚੁੰਮੀ ਸੀ ਤੇ ਕਾਤੂਸ਼ਾ ਨੂੰ ਵੀ ਇਹ ਗੱਲ ਸੁਝ ਚੁੱਕੀ ਸੀ।

"ਓਖ! ਤੂੰ ਕੀ ਕਰਨ ਡਿਹਾ ਹੈਂ?" ਉਹ ਚੀਕ ਉੱਠੀ ਤੇ ਐਸੇ ਦਰਦਨਾਕ ਆਵਾਜ਼ ਵਿੱਚ ਬੋਲੀ ਜਿਵੇਂ ਨਿਖਲੀ-

ਊਧਵ ਨੇ ਕੋਈ ਅਮੋਲਕ ਬਰਤਣ ਤੋੜ ਸੁਟਿਆ ਹੈ ਤੇ ਬੜੀ ਛੇਤੀ ਦੌੜ ਗਈ।

ਓਹ ਖਾਣੇ ਵਾਲੇ ਕਮਰੇ ਵਿੱਚ ਆਇਆ। ਬੜੀਆਂ ਸੋਹਣੀਆਂ ਪੋਸ਼ਾਕਾਂ ਵਿੱਚ ਓਹਦੀਆਂ ਫੂਫੀਆਂ, ਉਨ੍ਹਾਂ ਦੇ ਘਰ ਦਾ ਡਾਕਟਰ, ਤੇ ਉਨ੍ਹਾਂ ਦੇ ਗਵਾਂਢੀ ਸਭ ਅੱਗੇ ਆ ਚੁਕੇ ਸਨ। ਸਭ ਕੋਈ ਸਹਿਜ ਸਧਾਰਨ ਹਾਲਤ ਵਿੱਚ ਬੈਠੇ ਸਨ, ਪਰ ਨਿਖ-ਲੀਊਧਵ ਦੇ ਅੰਦਰ ਇਕ ਊਧਮ ਤੇ ਤੂਫਾਨ ਮਚ ਰਿਹਾ ਸੀ। ਉਹਨੂੰ ਹੋ ਰਹੀਆਂ ਗੱਲਾਂ ਵਿੱਚ ਕਿਸੀ ਵਲ ਧਿਆਨ ਨਹੀਂ ਸੀ ਤੇ ਓਹਨੂੰ ਕੁਝ ਸਮਝ ਨਹੀਂ ਸੀ ਪੈ ਰਹੀ ਉਹ ਸੁਣ ਹੀ ਨਹੀਂ ਰਿਹਾ ਸੀ। ਤੇ ਜਦ ਕੋਈ ਗੱਲ ਓਹਨੂੰ ਪੁਛੀ ਜਾਂਦੀ ਸੀ, ਓਹ ਏਵੇਂ ਪਲਾਤਾ ਜੇਹਾ ਜਵਾਬ ਦੇ ਦਿੰਦਾ ਸੀ। ਓਹਦਾ ਧਿਆਨ ਕਾਤੂਸ਼ਾ ਵਿੱਚ ਉਡਿਆ ਹੋਇਆ ਸੀ। ਓਹਨੂੰ ਆਖਰੀ ਚੁੰਮੀ ਦੀ ਜਿਹੜੀ ਹੁਣੇ ਦੇ ਕੇ ਆਇਆ ਸੀ, ਇਕ ਸੁਨਸੁਨੀ ਜੇਹੀ ਹੋ ਰਹੀ ਸੀ। ਓਹ ਇਸ ਅੰਦਰਲੀ ਭੜਕਣ ਵਿੱਚ ਹੋਰ ਕਿਸੀ ਪਾਸੇ ਰੁਜੂ ਹੀ ਨਹੀਂ ਹੋ ਸੱਕਦਾ ਸੀ। ਜਦ ਉਹ ਖਾਣੇ ਦੇ ਕਮਰੇ ਵਿੱਚ ਆਈ ਤਦ ਬਿਨਾਂ ਅੱਖਾਂ ਉੱਪਰ ਚੱਕੇ ਦੇ ਓਹਨੂੰ ਓਹਦਾ ਆਵਣਾ ਪਤਾ ਲੱਗ ਗਇਆ ਸੀ, ਤੇ ਓਸ ਆਪਣੇ ਆਪ ਨੂੰ ਮਜਬੂਰ ਕੀਤਾ ਕਿ ਉੱਪਰ ਅੱਖ ਚੱਕ ਕੇ ਓਸ ਵਲ ਨ ਤੱਕੇ।

ਰੋਟੀ ਖਾਣ ਦੇ ਬਾਹਦ ਓਹ ਤੁਰਤ ਹੀ ਆਪਣੇ ਕਮਰੇ ਵਿੱਚ ਚਲਾ ਗਇਆ, ਤੇ ਬੜੇ ਚਿਰ ਤਕ ਕਮਰੇ ਵਿੱਚ ਹੀ ਉੱਪਰ ਤਲੇ ਬੜੇ ਜੋਸ਼ ਤੇ ਤਿਲਮਿਲੀ ਦੀ ਹਾਲਤ ਵਿੱਚ ਟਹਿਲਦਾ ਰਿਹਾ।

ਜੋ ਵੀ ਨਿੱਕੀ ਮੋਟੀ ਆਵਾਜ਼ ਆਹਟ ਘਰ ਵਿਚ ਹੁੰਦੀ ਸੀ ਬੜੀ ਗੌਹ ਨਾਲ ਸੁਣਦਾ ਸੀ, ਤੇ ਉਮੈਦ ਕਰਦਾ ਸੀ, ਕਿ ਉਹਦੇ ਕਦਮਾਂ ਦੀ ਆਵਾਜ਼ ਓਹਨੂੰ ਹੁਣੇ ਆਵੇਗੀ । ਓਸ ਵੇਲੇ ਹੈਵਾਨ-ਇਨਸਾਨ ਨੇ ਨਾ ਸਿਰਫ ਆਪਣਾ ਉਸ ਵਿਚ ਬੈਠੇ ਸਿਰ ਉਪਰ ਚੁਕਿਆ ਹੋਇਆ ਸੀ ਬਲਕਿ ਓਹਦੇ ਅੰਦਰ ਦੇ ਰੂਹਾਨੀ ਬੰਦੇ ਨੂੰ ਜਿਹੜਾ ਉਹਦੇ ਪਹਿਲੇ ਆਵਣ ਵੇਲੇ ਤੇ ਅੱਜ ਸਵੇਰ ਵੇਲੇ ਵੀ ਜੀਂਦਾ ਸੀ, ਪੈਰਾਂ ਤਲੇ ਕੁਚਲ ਸੁਟਿਆ ਸੀ । ਓਹ ਖੌਫਨਾਕ ਹੈਵਾਨ ਓਸ ਵਿੱਚ ਪੂਰੀ ਤਰਾਂ ਤੇ ਸਭ ਥੀਂ ਉੱਚਾ ਹੁਕਮਰਾਨ ਸੀ ।

ਭਾਵੇਂ ਸਾਰਾ ਦਿਨ ਓਹ ਓਹਦਾ ਪਿੱਛਾ ਕਰਦਾ ਰਹਿਆ, ਪਰ ਓਸਨੂੰ ਇਕੱਲਾ ਮਿਲਣ ਦਾ ਕੋਈ ਸਮਾਂ ਓਹਨੂੰ ਨ ਮਿਲਿਆ । ਓਹ ਅਗ਼ਲਬਨ ਓਸ ਥੀਂ ਪਰੇ ਰਹਿਨਾ ਚਾਹੁੰਦੀ ਸੀ, ਪਰ ਸ਼ਾਮਾਂ ਵੇਲੇ ਓਹਨੂੰ ਨਿਖਲੀਊਧਵ ਦੇ ਨਾਲ ਵਾਲੇ ਕਮਰੇ ਵਿਚ ਜਰੂਰੀ ਜਾਣਾ ਪੈ ਗਇਆ ਸੀ । ਡਾਕਟਰ ਨੂੰ ਕਹਿਆ ਗਇਆ ਸੀ ਕਿ ਓਹ ਰਾਤ ਠਹਿਰ ਜਾਏ ਤੇ ਉਸ ਲਈ ਬਿਸਤਰਾ ਕਰਨਾ ਸੀ । ਜਦ ਇਹਨੂੰ ਆਵਾਜ਼ ਆਈ ਕਿ ਉਹ ਓਸ ਅੰਦਰ ਵੜੀ ਹੈ, ਨਿਖਲੀਊਧਵ ਵੀ ਮਗਰ ਹੀ ਵੜ ਗਇਆ, ਪੱਬਾਂ ਭਾਰ ਸਾਹ ਵੀ ਬੰਦ ਕਰ ਕੇ ਓਹ ਇਉਂ ਬਿੱਲੀ ਵਾਂਗ ਅੰਦਰ ਗਇਆ ਜਿਵੇਂ ਕੋਈ ਜੁਰਮ ਕਰਨ ਜਾਂਦਾ ਹੈ ।

ਓਸ ਵੇਲੇ ਉਹ ਸਿਰਹਾਣੇ ਨੂੰ ਨਵਾਂ ਉਛਾੜ ਚਾਹੜ ਰਹੀ ਸੀ, ਉਛਾੜ ਦੇ ਅੰਦਰ ਆਪਣੀਆਂ ਦੋਵੇਂ ਬਾਹਾਂ ਪਾ ਕੇ ਦੋਹਾਂ ਨੁਕਰਾਂ ਥੀਂ ਸਿੱਧਾ ਕਰ ਰਹੀ ਸੀ । ਇਹ ਕਰਦਿਆਂ ਹੀ

ਉਸ ਵਲ ਮੁੜੀ ਤੇ ਮੁਸਕਰਾਈ। ਅੱਗੇ ਵਾਂਗ ਕਿਸੀ ਚਾ ਤੇ ਖ਼ੁਸ਼ੀ ਵਾਲੀ ਮੁਸਕੜੀ ਨਹੀਂ ਸੀ, ਇਹ ਮੰਦ ਜੇਹੀ ਹੱਸੀ ਇਕ ਤ੍ਰੇਹੀ ਡਰੀ, ਤੇ ਤਰਸ ਜੋਗ ਅਵੱਸਥਾ ਦੀ ਦਾਰਸ਼ਿਕ ਸੀ। ਉਹ ਮੁਸਕਰਾਹਟ ਸਾਫ ਕਹਿ ਰਹੀ ਸੀ ਕਿ ਜੋ ਕੁਛ ਵੀ ਉਹ ਕਰਨ ਲਈ ਆਇਆ ਹੈ ਉਹ **ਪਾਪ** ਹੈ। **ਨਿਖਲੀਊਧਵ** ਇਕ ਮਿੰਟ ਲਈ ਖੜਾ ਰਹਿਆ। ਹਾਲੇਂ ਵੀ ਆਪਣੇ ਮਨ ਨਾਲ ਲੜ ਕੇ ਉਹਦੀ ਜਿੱਤ ਦੀ ਸੰਭਾਵਨਾ ਹੋ ਸੱਕਦੀ ਸੀ। ਉਸ ਵੇਲੇ ਭੀ ਭਾਵੇਂ ਕਿੰਨੀ ਹੀ ਧੀਮੀ ਸੁਰ ਵਿੱਚ, ਉਹਦੇ ਉਸ ਨਾਲ ਸੁੱਚੇ ਦਿਵਜ ਪਿਆਰ ਦੀ ਆਵਾਜ਼ ਉਸਦੀ ਤੇ ਉਹਦੇ ਬੇਲੋਸ ਭਾਵਾਂ ਦੀ, ਤੇ ਉਹਦੀ ਜ਼ਿੰਦਗੀ ਦੀ ਸਫਾਰਸ਼ ਕਰ ਰਹੀ ਸੀ, ਤੇ ਇਕ ਹੋਰ ਆਵਾਜ਼ ਕਹਿ ਰਹੀ ਸੀ, "ਦੇਖੀਂ ਆਪਣੇ ਮਜ਼ੇ ਦਾ ਵੇਲਾ ਖੁੰਝਾ ਨ ਦੇਵੀਂ, ਜੀ ਆਪਣੀ ਆਈ ਭੋਗ ਬਿਲਾਸ ਦੀ ਘੜੀ ਵੰਞਾ ਨ ਦੇਵੀਂ" ਤੇ ਇਸ ਦੂਜੀ ਆਵਾਜ਼ ਨੇ ਪਹਿਲੀ ਆਵਾਜ਼ ਨੂੰ ਉੱਕਾ ਘੁਟ ਕੇ ਮਾਰ ਦਿੱਤਾ, ਕਰੜਾ ਦਿਲ ਕਰਕੇ ਉਸ ਵੱਲ ਵਧਿਆ ਤੇ ਉਸ ਵੇਲੇ ਇਕ ਹੌਲਨਾਕ ਤੇ ਬੇਮੁਹਾਰਾ ਇਕ ਕਾਮ ਦਾ ਬੁੱਲ੍ਹਾ ਉਹਨੂੰ ਚੜ੍ਹ ਗਇਆ।

ਆਪਣੀ ਬਾਂਹ ਉਹਦੀ ਕਮਰ ਵਿੱਚ ਪਾ ਕੇ ਉਸਨੇ ਉਹਨੂੰ ਬਿਠਾ ਲਇਆ।

"**ਦਮਿਤ੍ਰੀ ਈਵਾਨਿਚ**! ਰੱਬ ਵਾਸਤੇ, ਮਿਹਰਬਾਨੀ ਕਰਕੇ ਮੈਨੂੰ ਜਾਣ ਦੇ", ਉਸ ਨੇ ਇਕ ਬੜੀ ਦਰਦ ਭਰੀ ਤਰਸ ਕਰਨ ਜੋਗ ਆਵਾਜ਼ ਵਿੱਚ ਕਹਿਆ "ਉਹ! **ਮੈਤਰੀਨਾ ਪਾਵਲੋਨਾ** ਆ ਰਹੀ ਊ!" ਉਹ ਚੀਕੀ ਤੇ ਆਪਣੇ

ਆਪ ਨੂੰ ਇਕ ਤਰਾਂ ਚੀਕ ਕੇ ਪਰੇ ਕਰ ਲਇਆ। ਦਰਵਾਜ਼ੇ ਵਲ ਕੋਈ ਨ ਕੋਈ ਜ਼ਰੂਰ ਆ ਵੀ ਰਹਿਆ ਸੀ।

"ਅੱਛਾ—ਤਾਂ ਮੈਂ ਫਿਰ ਤੇਰੇ ਪਾਸ ਰਾਤੀਂ ਆਵਾਂਗਾ," ਉਸ ਨੇ ਉਹਦੇ ਕੰਨ ਵਿੱਚ ਗੋਸ਼ਾ ਕੀਤਾ, "ਤੂੰ ਜ਼ਰੂਰ ਕੱਲੀ ਮਿਲੀਂ।"

"ਤੂੰ ਕੀ ਚਿਤਵ ਰਹਿਆ ਹੈਂ? ਕਦਾਚਿਤ ਇਹ ਗੱਲ ਨਹੀਂ ਹੋ ਸਕੇਗੀ, ਨਹੀਂ; ਨਹੀਂ," ਉਸ ਅੱਗੋਂ ਕਹਿਆ ਪਰ ਬੋਲ ਕੇ ਨਹੀਂ ਸਿਰਫ਼ ਆਪਣੇ ਹੋਠਾਂ ਨਾਲ; ਪਰ ਹਾਏ, ਜਿਹੜੀ ਕੰਬਣੀ ਉਹਦੇ ਸਾਰੇ ਸਰੀਰ ਨੂੰ ਲੱਗੀ ਹੋਈ ਸੀ ਉਹ ਕੁਛ ਹੋਰ ਹੀ ਕਹਿ ਰਹੀ ਸੀ।

ਠੀਕ **ਮੈਤਰੀਨਾ ਪਾਵਲੋਵਨਾ** ਹੀ ਸੀ ਜਿਹੜੀ ਬੂਹੇ ਵਲ ਆ ਰਹੀ ਸੀ, ਉਸ ਨੇ ਆਪਣੇ ਮੋਢੇ ਤੇ ਇਕ ਕੰਬਲ ਸੁਟਿਆ ਹੋਇਆ ਸੀ, ਤੇ ਖੜੀ ਖੜੀ ਨੇ **ਨਿਖਲੀ-ਊਧਵ** ਵਲ ਘੂਰ ਕੇ ਖ਼ਫ਼ਗੀ ਨਾਲ ਤੱਕਿਆ ਤੇ **ਕਾਤੂਸ਼ਾ** ਨੂੰ ਝਾੜ ਪਾਣੀ ਸ਼ੁਰੂ ਕਰ ਦਿੱਤੀ ਕਿ ਹੋਰ ਦਾ ਹੋਰ ਕੰਬਲ ਕਿਉਂ ਲੈ ਆਈ ਹੈਂ।

**ਨਿਖਲੀਊਧਵ** ਚੁਪ ਕਰਕੇ ਓਥੋਂ ਨਿਕਲ ਗਇਆ ਪਰ ਓਹਨੂੰ ਆਪਣੇ ਗਲਵਾਨ ਵਿੱਚ ਮੂੰਹ ਪਾਕੇ ਸ਼ਰਮ ਤਕ ਨ ਆਈ। ਓਹ **ਮੈਤਰੀਨਾ ਪਾਵਲੋਵਨਾ** ਦੇ ਮੁਹਾਂਦਰੇ ਥੀਂ ਹੀ ਤਾੜ ਗਇਆ ਸੀ ਕਿ ਉਹ ਓਹਨੂੰ ਦੋਸੀ ਠਹਿਰਾ ਰਹੀ ਹੈ

ਤੇ ਵਿੱਚੋਂ ਓਹ ਜਾਣਦਾ ਸੀ ਓਹ ਸੱਚੀ ਹੈ, ਨਾਲੇ ਉਹ ਆਪ ਅੰਦਰ ਮਹਿਸੂਸ ਕਰ ਰਹਿਆ ਸੀ ਕਿ ਓਹ ਪਾਪ ਕਰਨ ਤੇ ਤੁਲਿਆ ਹੋਇਆ ਹੈ। ਪਰ ਇਹ ਨਿਰਾਲੀ ਜੇਹੀ ਨਵੀਂ ਨੀਚਤਾ ਤੇ ਓਹਦੀ ਪਾਗਲ ਕਰ ਦੇਣ ਵਾਲੀ ਕਾਮਾਤੁਰਤਾ **ਕਾਤੂਸ਼ਾ** ਲਈ ਉਹਦੇ ਪਹਿਲੇ ਦੈਵੀ ਪਿਆਰ ਨੂੰ ਪਰੇ ਵਗਾਹ ਕੇ ਸੁਟ ਚੁਕੀ ਸੀ, ਤੇ ਉਸ ਪਿਆਰ ਦੀ ਥਾਂ ਇਹ ਨੀਚਤਾ ਆਪ ਪ੍ਰਧਾਨ ਬਣੀ ਬੈਠੀ ਸੀ, ਸਿਰਫ ਇਹੋ ਹੀ ਪੇਚ ਤਾਣਾ ਕਰ ਰਹੀ ਸੀ ਕਿ ਆਪਣੀ ਖ਼ਾਹਸ਼ ਪੂਰੀ ਕਰਨ ਦਾ ਮੌਕਾ ਕਿੰਞ ਮਿਲ ਸਕੇ।

ਸਾਰੀ ਸ਼ਾਮ ਉਹ ਇਉਂ ਫਿਰਦਾ ਫਿਰਿਆ ਜਿਵੇਂ ਕੋਈ ਪਾਗਲ ਹੋ ਗਇਆ ਹੁੰਦਾ ਹੈ, ਕਦੀ ਆਪਣੀ ਫੁੱਫੀ ਦੇ ਕਮਰੇ ਵਿੱਚ ਮੁੜ ਆਪਣੇ ਵਿੱਚ, ਫਿਰ **ਪੋਰਚ** ਵਿਚ ਬਾਹਰ, ਬਸ ਇੱਕੋ ਧੁਨ ਵਿੱਚ ਕਿ ਕਿਸ ਵੇਲੇ ਇਕੱਲੀ ਉਹ ਉਹਨੂੰ ਮਿਲ ਪਵੇ, ਪਰ ਓਹ ਉਹਦੇ ਲਾਗੇ ਹੀ ਨਹੀਂ ਸੀ ਆਉਂਦੀ, ਤੇ **ਮੈਤ-ਰੀਨਾ ਪਾਵਲੋਵਨਾ** ਵੀ ਤਾੜ ਗਈ ਸੀ, ਓਹ ਵੀ ਓਹਦੀ ਰਾਖੀ ਕਰਨ ਲੱਗ ਪਈ ਸੀ।

## ਕਾਂਡ ੧੭

ਤੇ ਸ਼ਾਮਾ ਲੰਘ ਗਈਆਂ, ਰਾਤ ਪੈ ਗਈ, ਡਾਕਟਰ ਆਪਣੇ ਬਿਸਤਰੇ ਤੇ ਜਾਕੇ ਸੌਂ ਰਿਹਾ। **ਨਿਖਲੀਊਧਵ** ਦੀਆਂ ਫੁਫੀਆਂ ਵੀ ਬੂਹੇ ਬੰਦ ਕਰਕੇ ਪੈ ਗਈਆਂ। ਇਹਨੂੰ ਪਤਾ ਹੋ ਗਇਆ ਕਿ **ਮੈਤਰੀਨਾ ਪਾਵਲੋਵਨਾ** ਵੀ ਉਹਨਾਂ ਨਾਲ ਉਨ੍ਹਾਂ ਦੇ ਕਮਰੇ ਵਿੱਚ ਸੀ। ਇਉਂ ਸੇਧ ਓਸ ਲਾ ਲਈ ਸੀ ਕਿ **ਕਾਤੂਸ਼ਾ** ਨੌਕਰਾਣੀ ਦੇ ਬਹਿਣ ਵਾਲੇ ਕਮਰੇ ਵਿੱਚ ਬਿਲਕੁਲ ਇਕੱਲੀ ਹੋਣੀ ਹੈ।

ਓਹ ਫਿਰ **ਪੋਰਚ** ਨੂੰ ਬਾਹਰ ਵਗ ਗਇਆ, ਹਨੇਰਾ ਘੁੱਪ ਸੀ, ਗਿੱਲਾ ਗਿੱਲਾ ਸੀ ਤੇ ਕੁਛ ਗਰਮਾਇਸ਼ ਦਾ ਪ੍ਰਭਾਵ ਸੀ, ਤੇ ਹਵਾ ਓਸ ਚਿੱਟੀ ਬਸੰਤ ਰੁਤ ਦੀ ਧੁੰਧ ਨਾਲ ਭਰੀ ਪਈ ਹੋਈ ਸੀ, ਜਿਹੜੀ ਧੁੰਧ ਚਾਹੇ ਬਰਫ ਨੂੰ ਆਣ ਆਖਰੀ ਪਿਘਲਾਵਾ ਦਿੰਦੀ ਹੈ ਯਾ ਆਖਰੀ ਬਰਫ ਦੇ ਕੜਕਣ ਕਰਕੇ ਉੱਠਦੀ ਹੈ। ਪਹਾੜੀ ਦੇ ਹੇਠ ਦਰਯਾ ਵੱਲੋਂ ਬਾਹਰਲੇ ਦਰਵਾਜੇ ਥੀਂ ਕੋਈ ੧੦੦ ਕਦਮ ਦੇ ਫਾਸਲੇ ਥੀਂ ਇਕ ਅਣੋਖੀ ਆਵਾਜ਼ ਆ ਰਹੀ ਸੀ। ਇਹ ਯਖ਼ ਦੇ ਟੁੱਟਣ ਦੀ ਆਵਾਜ਼ ਸੀ। **ਨਿਖਲੀਊਧਵ** ਪੌੜੀਆਂ ਥੀਂ ਲਹਿ ਕੇ ਹੇਠਾਂ ਗਇਆ ਤੇ ਚਿੱਕੜ ਵਾਲੀਆਂ ਥਾਵਾਂ ਵਿੱਚ ਦੀ ਕੋਰੇ ਨਾਲ ਚਮਕ ਦਮਕ ਕਰਦੀ ਬਰਫ਼ ਦੇ ਥਾਂ ਥਾਂ ਪਏ ਬਾਕੀ ਟੁਕੜਿਆਂ ਉੱਪਰ ਪੈਰ ਧਰ ਕੇ ਨੌਕਰਾਨੀ ਦੇ ਕਮਰੇ ਦੀ ਬਾਰੀ ਤਕ ਪਹੁਤਾ। ਓਹਦਾ

ਦਿਲ ਓਹਦੀ ਛਾਤੀ ਵਿੱਚ ਇੰਨੇ ਜ਼ੋਰ ਨਾਲ ਧੜਕ ਰਹਿਆ ਸੀ ਕਿ ਓਹਦੀ ਆਵਾਜ਼ ਓਸ ਨੂੰ ਆਪ ਨੂੰ ਵਜਦੀ ਸੁਣਾਈ ਦੇ ਰਹੀ ਸੀ, ਸਾਹੋ ਸਾਹ ਹੋਇਆ ਹੋਇਆ ਸੀ, ਤੇ ਲੰਮੇ ਠੰਢੇ ਸਾਹ ਭਰ ਰਹਿਆ ਸੀ। ਨੌਕਰਾਨੀ ਦੇ ਕਮਰੇ ਵਿੱਚ ਦੀਵਾ ਜਗ ਰਹਿਆ ਸੀ ਤੇ **ਕਾਤੂਸ਼ਾ** ਡੂੰਘੀਆਂ ਸੋਚਾਂ ਵਿੱਚ ਪਈ ਆਪਣੇ ਸਾਹਮਣੇ ਏਵੇਂ ਸੱਖਣੀ ਦੇਖ ਰਹੀ ਸੀ। **ਨਿਖਲੀਊਧਵ** ਬੜਾ ਚਿਰ ਚੁੱਪ ਵੱਟੀ ਬਿਨਾ ਹਿੱਲਨ ਜੁੱਲਨ ਦੇ ਖਲੋਤਾ ਰਹਿਆ ਕਿ ਉਹ ਇਹਨੂੰ, ਜਦ ਓਹ ਇਹਨੂੰ ਨਹੀਂ ਸੀ ਵੇਖ ਰਹੀ, ਦੇਖਦਾ ਰਵ੍ਹੇ ਕਿ ਇਕੱਲੀ ਬੈਠੀ ਕੀ ਕਰੇਗੀ। ਇਕ ਦੋ ਮਿੰਟਾਂ ਲਈ ਓਹ ਉਸੀ ਤਰਾ ਬੈਠੀ ਰਹੀ, ਫਿਰ ਓਸ ਆਪਣੀਆਂ ਅੱਖਾਂ ਉੱਪਰ ਵਲ ਕੀਤੀਆਂ, ਕੁਛ ਮੁਸਕਰਾਈ ਤੇ ਫਿਰ ਓਸ ਆਪਣਾ ਸਿਰ ਇੰਝ ਅਜੀਬ ਤਰਜ਼ ਨਾਲ ਹਿਲਾਇਆ ਜਿਵੇਂ ਓਹ ਆਪਣੇ ਆਪ ਨੂੰ ਕਿਸੀ ਆਏ ਖ਼ਿਆਲ ਲਈ ਕੋਸ ਰਹੀ ਹੁੰਦੀ ਹੈ। ਫਿਰ ਆਪਣਾ ਪਾਸਾ ਪਰਤਾਇਆ ਤੇ ਦੋਵੇਂ ਬਾਹਾਂ ਲੰਮੀਆਂ ਮੇਜ਼ ਤੇ ਸੁਟ ਕੇ ਮੁੜ ਉਸੀ ਤਰਾਂ ਆਪਣੇ ਸਾਹਮਣੇ ਦੇਖਣ ਲੱਗ ਪਈ। ਓਹ ਖੜੋਤਾ ਰਹਿਆ ਤੇ ਉਸ ਵਲ ਤੱਕਦਾ ਰਹਿਆ ਤੇ ਇੰਨੀ ਚੁਪ ਸੀ ਕਿ ਬਸ ਅਣਵਰਜੀਆਂ, ਆਪਮੁਹਾਰੀਆਂ ਦੋ ਆਵਾਜ਼ਾਂ ਓਹਦੀ ਕੰਨੀ ਪੈ ਰਹੀਆਂ ਸਨ, ਇਕ ਤਾਂ ਓਹਦੇ ਆਪਣੇ ਦਿਲ ਦੇ ਧਕ ਧਕ ਵੱਜਣ ਦੀ ਆਵਾਜ਼ ਤੇ ਇਕ ਨਦੀ ਦੇ ਅਨੋਖੇ ਜੇਹੇ ਸੋਹਿਲੇ। ਓਸ ਛਾਈ ਧੁੰਧ ਦੇ ਹੇਠ ਚਲਦੀ ਨਦੀ ਦੀ ਸਿਤਹ ਦੇ ਉੱਪਰ ਯਖ਼ ਤੋੜਨ ਦੀ ਲਗਾਤਾਰ ਮਜੂਰੀ ਹੋ ਰਹੀ ਸੀ, ਤੇ ਕਿਸੀ ਦੇ ਪਾਸ਼ ਪਾਸ਼ ਹੋਣ-ਗਿਰਨ, ਟੁੱਟਣ ਤੇ ਨਾਲੇ ਕਿਸੀ ਦੇ ਰੋ ਰੋ ਸਾਹ ਭਰਨ, ਡੁਸਕਣ ਦੀਆਂ ਆਵਾਜ਼ਾਂ, ਯਖ਼ ਦੀਆਂ ਪਤਲੀਆਂ

ਪਤਲੀਆਂ ਨਿੱਕੀਆਂ ਨਿੱਕੀਆਂ ਟੁਕੜੀਆਂ ਦੀ, ਸ਼ੀਸ਼ੇ ਦੀਆਂ ਟੁਕੜਿਆਂ ਵਾਂਗ, ਆਪਸ ਵਿੱਚ ਇਕ ਦੂਜੇ ਨਾਲ ਲਗ ਲਗ ਕੇ ਵੱਜਣ ਦੀ ਟਨ ਟਿਨ ਨਾਲ ਮਿਲਵੀਆਂ ਮਿਲਵੀਆਂ ਆ ਰਹੀਆਂ ਸਨ।

ਓਹ ਉਥੇ ਹੀ ਖੜਾ ਸੀ ਤੇ **ਕਾਤੂਸ਼ਾ** ਦੇ ਪੀੜਤ ਤੇ ਸੰਜੀਦਾ ਮੂੰਹ ਵਲ ਦੇਖ ਰਹਿਆ ਸੀ ਓਹਦੇ ਚਿਹਰੇ ਥੀਂ ਓਹਦੀ ਅੰਦਰਲੀ ਲੱਗੀ ਕਸ਼ਮਕੱਸ਼ ਦਾ ਪਤਾ ਪਇਆ ਲੱਗਦਾ ਸੀ। ਓਹਨੂੰ ਉਸ ਉੱਪਰ ਤਰਸ ਵੀ ਆਉਂਦਾ ਸੀ ਪਰ ਭਾਵੇਂ ਕਿੰਨਾ ਅਜੀਬ ਲਗੇ ਇਹ ਤਰਸ ਵੀ ਉਹਦੇ ਕਾਮ ਦੀ ਅੱਗ ਨੂੰ ਤੇਜ਼ ਕਰਦਾ ਸੀ। ਕਾਮ ਨੇ ਉਸ ਉੱਪਰ ਉੱਕਾ ਕਾਬੂ ਪਾ ਲਇਆ ਸੀ।

ਓਸ ਖਿੜਕੀ ਖਟਖਟਾਈ। ਇੰਞ ਹੋਇਆ ਜਿਵੇਂ ਉਹਨੂੰ ਇਕ ਬਿਜਲੀ ਦਾ ਸ਼ਾਕ ਹੋਇਆ ਹੈ। ਉਹਦਾ ਸਾਰਾ ਜਿਸਮ ਕੰਬ ਗਇਆ ਤੇ ਉਹਦੇ ਮੂੰਹ ਤੇ ਭਿਆਨਕ ਡਰ ਦੀ ਹਾਲਤ ਛਾ ਗਈ। ਫਿਰ ਓਹ ਕੁੱਦ ਕੇ ਉੱਠੀ, ਖਿੜਕੀ ਵਲ ਗਈ, ਤੇ ਆਪਣਾ ਮੂੰਹ ਉਸ ਖਿੜਕੀ ਦੇ ਸ਼ੀਸ਼ਿਆਂ ਨਾਲ ਲਾ ਦਿੱਤਾ, ਤੇ ਜਦ ਆਪਣੇ ਦੋਵੇਂ ਹੱਥ ਪਰਦਿਆਂ ਵਾਂਗ ਆਪਣੀ ਅੱਖਾਂ ਦੇ ਦੋਹਾਂ ਪਾਸਿਆਂ ਤੇ ਧਰ ਕੇ ਬਾਰੀ ਦੇ ਸ਼ੀਸ਼ਿਆਂ ਵਿੱਚੋਂ ਵੇਖਿਆ ਤਦ ਉਸਨੂੰ ਵੇਖ ਵੀ ਲਇਆ। ਤਦ ਵੀ ਓਹਦੀ ਭੈਭੀਤ ਦਸ਼ਾ ਵਿੱਚ ਕੋਈ ਫਰਕ ਨਹੀਂ ਸੀ ਪਇਆ। ਓਹਦਾ ਚਿਹਰਾ ਗ਼ੈਰ ਮਾਮੂਲੀ ਤਰਾਂ ਓਪਰਾ ਤੇ ਸੋਚਾਂ ਵਿੱਚ ਗ੍ਰਸਿਆ ਹੋਇਆ ਸੀ। **ਨਿਖਲੀਊਧਵ** ਨੇ ਇਹ ਚਿਹਰਾ ਅੱਗੇ ਕਦੀ ਨਹੀਂ ਸੀ ਵੇਖਿਆ, ਜਦ ਉਹ ਮੁਸਕਰਾਇਆ ਤਦ ਇਹ ਵੀ ਮੁਸਕਰਾਈ, ਪਰ ਓਹ ਤਾਂ ਓਹਦੇ ਸਹਿਮ ਵਿੱਚ ਹਸ ਪਈ ਸੀ। ਓਹਦੇ ਰੂਹ ਵਿੱਚ ਕੋਈ ਹੱਸੀ ਨਹੀਂ ਸੀ ਸਿਰਫ ਭੈ ਸੀ। ਓਸ ਹੱਥ ਦਾ ਇਸ਼ਾਰਾ

ਕਰਕੇ ਓਹਨੂੰ ਬਾਹਰ ਆਪਣੇ ਵਲ ਆਣ ਨੂੰ ਕਹਿਆ ਪਰ ਓਸ ਸਿਰ ਮਾਰਿਆ—ਨਹੀਂ, ਤੇ ਬਾਰੀ ਵਿੱਚ ਹੀ ਖੜੀ ਰਹੀ। ਨਿਖਲੀਊਧਵ ਨੇ ਆਪਣਾ ਮੂੰਹ ਬਾਹਰੋਂ ਸ਼ੀਸ਼ੇ ਨਾਲ ਲਾਇਆ, ਤੇ ਉਹਨੂੰ ਆਵਾਜ਼ ਮਾਰਨ ਹੀ ਲੱਗਾ ਸੀ ਕਿ ਓਸ ਵੇਲੇ ਓਹ ਬੂਹੇ ਵਲ ਮੁੜੀ। ਸਾਫ ਸੀ ਕਿ ਓਹਨੂੰ ਅੰਦਰੋਂ ਕੋਈ ਬੁਲਾਈ ਹੋਈ ਸੀ, ਨਿਖਲੀਊਧਵ ਵੀ ਬਾਰੀ ਥੀਂ ਪਰੇ ਹਟ ਗਇਆ। ਧੁੰਧ ਇੰਨੀ ਗਾਹੜੀ ਸੀ ਕਿ ਘਰ ਥੀਂ ਪੰਜ ਕਦਮਾਂ ਉੱਪਰ ਕੁਛ ਨਹੀਂ ਸੀ ਦਿਖਦਾ, ਪਰ ਦੀਵੇ ਦੀ ਰੋਸ਼ਨੀ ਓਸ ਕਾਲੇ ਅਸ਼ੱਕਲ ਹਨੇਰੇ ਦੇ ਪਏ ਬਦਲ ਵਿੱਚ ਦੀ ਲਾਲ ਤੇ ਵੱਡੇ ਆਕਾਰ ਵਾਲੀ ਹੋ ਚਮਕ ਰਹੀ ਸੀ। ਨਦੀ ਥੀਂ ਓਹੋ ਅਨੋਖੀਆਂ ਆਵਾਜ਼ਾਂ ਆ ਰਹੀਆਂ ਸਨ, ਰੋ ਰੋ ਕੇ ਜਿਵੇਂ ਕੋਈ ਡੁਸਕਦਾ ਹੋਵੇ, ਖੜ ਖੜ, ਤੇੜਾਂ ਪੈਣ ਦੇ ਕੜਾਕੇ ਤੇ ਬਰਫ ਦਿਆਂ ਟੁਕੜਿਆਂ ਦੀ ਟਿਨ ਟਿਨ। ਧੁੰਧ ਵਿੱਚ ਦੂਰ ਪਰੇ ਕਿਸੀ ਕੁੱਕੜ ਨੇ ਬਾਂਗ ਦਿੱਤੀ, ਤੇ ਇਕ ਹੋਰ ਕਿਧਰੇ ਪਰੇ ਓਹਦੇ ਜਵਾਬ ਵਿੱਚ ਬੋਲਿਆ। ਤੇ ਫਿਰ ਹੋਰ ਕਈਆਂ ਕੁੱਕੜਾਂ ਨੇ ਗਰਾਂ ਦੇ ਪਰੇ ਬਾਂਗਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਈ ਇਕ ਬਾਂਗਾਂ ਦੀ ਆਵਾਜ਼ ਰਲ ਗਈ ਜਦ ਕਿ ਸਵਾਏ ਉਸ ਨਦੀ ਦੀਆਂ ਅਨੋਖੀਆਂ ਆਵਾਜ਼ਾਂ ਦੇ ਘਣੀ ਚੁਪ ਸੀ। ਓਸ ਰਾਤੀਂ ਇਹ ਦੂਜੀ ਵਾਰ ਸੀ ਕਿ ਕੁੱਕੜਾਂ ਬਾਂਗਾਂ ਦਿੱਤੀਆਂ ਸਨ।

ਘਰ ਦੀ ਨੁੱਕਰ ਦੇ ਪਿੱਛੇ ਨਿਖਲੀਊਧਵ ਟਹਿਲ ਰਹਿਆ ਸੀ। ਇਕ ਦੋ ਵੇਰੀ ਉਹਦਾ ਪੈਰ ਚਿੱਕੜ ਵਿੱਚ ਵੀ ਪੈ ਗਇਆ ਸੀ। ਫਿਰ ਉਹ ਉਸ ਖਿੜਕੀ ਵਲ ਆਇਆ, ਦੀਵਾ ਹਾਲੇ ਵੀ ਬਲ ਰਹਿਆ ਸੀ, ਤੇ ਉਹ ਫਿਰ ਮੇਜ਼ ਉੱਪਰ ਇਉਂ

ਬੈਠੀ ਸੀ ਜਿਵੇਂ ਉਸ ਨੂੰ ਪਤਾ ਨਹੀਂ ਪਇਆ ਲੱਗਦਾ ਕਿ ਕੀ ਕਰੇ।ਉਹ ਮਸੇਂ ਖਿੜਕੀ ਤਕ ਅੱਪੜਿਆ ਹੀ ਸੀ ਕਿ ਉਸ ਉੱਪਰ ਤੱਕਿਆ। ਇਸ ਨੇ ਬਾਰੀ ਨੂੰ ਆਪਣੀ ਇਕ ਉਂਗਲੀ ਨਾਲ ਖੱਟ ਖਟਾਇਆ। ਬਿਨਾ ਇਹ ਜਾਚ ਕੀਤੇ ਦੇ ਕਿਸ ਖਿੜਕੀ ਖੱਟ ਖਟਾਈ ਹੈ ਉਹ ਓਸੇ ਵੇਲੇ ਕਮਰੇ ਵਿਚੋਂ ਬਾਹਰ ਨੂੰ ਦੌੜੀ, ਤੇ ਓਸ ਨੇ ਬਾਹਰਲੇ ਦਰਵਾਜ਼ੇ ਦੀ ਧੱਮ ਦੇ ਕੇ ਖੁਲ੍ਹਣ ਦੀ ਆਵਾਜ਼ ਸੁਣੀ। ਓਹ ਪਾਸੇ ਦੇ **ਪੋਰਚ** ਕੋਲ ਖੜਾ ਉਹਦੀ ਉਡੀਕ ਕਰ ਰਹਿਆ ਸੀ, ਜਿਉਂ ਓਹ ਆਈ ਓਸ ਨੇ ਬਿਨਾਂ ਕਿਸੇ ਗੱਲ ਬਾਤ ਕਰਨ ਦੇ ਓਹਨੂੰ ਆਪਣੀਆਂ ਬਾਹਾਂ ਵਿੱਚ ਇਕੱਠਾ ਕਰ ਲਇਆ। ਉਹ ਪਾਸੇ ਦੇ ਪੋਰਚ ਦੀ ਇਕ ਨੁੱਕਰ ਦੇ ਪਿੱਛੇ ਖੜੇ ਸਨ, ਉਸ ਥਾਂ ਥੀਂ ਸਾਰੀ ਬਰਫ ਗਲ ਚੁੱਕੀ ਸੀ, ਤੇ ਉਹਦਾ ਸਾਰਾ ਅੰਦਰ ਇਕ ਨ ਪੂਰੀ ਹੋਈ ਤੀਬਰ ਭੋਗ ਦੀ ਤੰਗ ਕਰਨ ਵਾਲੀ ਖਾਹਸ਼ ਨਾਲ ਭਰਿਆ ਪਇਆ ਸੀ। ਇੰਨੇ ਨੂੰ ਦਰਵਾਜ਼ਾ ਫਿਰ ਧੈਂ ਦੇ ਖੁੱਲ੍ਹਾ ਤੇ **ਮੈਤਰੀਨਾ ਪਾਵ-ਪਾਵਲੋਵਨਾ** ਦੀ ਆਵਾਜ਼ ਆਈ ਜਿਹੜੀ ਗੁੱਸੇ ਨਾਲ ਬੁਲਾ ਰਹੀ ਸੀ, **"ਕਾਤੂਸ਼ਾ !"**

ਓਹ ਆਪਣੇ ਆਪ ਨੂੰ ਮੁੜ ਉਹਦੀ ਜੱਫੀ ਥੀਂ ਚੀਰ ਕੇ ਨੌਕਰਾਨੀ ਦੇ ਕਮਰੇ ਵਿੱਚ ਚਲੀ ਗਈ, ਇਸ ਨੇ ਅੰਦਰ ਦੀ ਚਿਟਕਣੀ ਦੇ ਵੱਜਣ ਦੀ ਆਵਾਜ਼ ਸੁਣੀ ਤੇ ਫਿਰ ਸਭ ਤਰਫ ਚੁਪ ਹੋ ਗਈ, ਨਾਲੇ ਦੀਵੇ ਦੀ ਰੋਸ਼ਨੀ ਵੀ ਹਿੱਸ ਗਈ, ਸਿਰਫ ਧੁੰਧ ਰਹੀ ਤੇ ਨਦੀ ਦਾ ਸ਼ੋਰ ਰਹਿਆ। **ਨਿਖਲੀਊਧਵ** ਮੁੜ ਬਾਰੀ ਤੇ ਪਹੁਤਾ, ਕੋਈ ਨਦਰੀ ਨ ਆਇਆ, ਓਸ ਖੱਟ

ਖਟਾਈ ਵੀ ਪਰ ਕਿਸੀ ਅੱਗੋਂ ਉੱਤਰ ਨ ਦਿੱਤਾ।

ਮੋਹਰਲੇ ਦਰਵਾਜ਼ੇ ਥੀਂ ਮੁੜ ਓਹ ਘਰ ਦੇ ਅੰਦਰ ਚਲਾ ਗਇਆ, ਪਰ ਉਹ ਸੈਂ ਨ ਸੱਕਿਆ। ਫਿਰ ਉਠਿਆ ਤੇ ਨੰਗੇ ਪੈਰ ਲਾਂਘੇ ਨਾਲ ਨਾਲ ਉਹਦ ਕਮਰੇ ਦੇ ਬੂਹੇ ਉੱਪਰ ਪਹੁਤਾ, ਮੈਤਰੀਨਾ ਪਾਵਲੋਵਨਾ ਦੇ ਨਾਲ ਦਾ ਕਮਰਾ ਕਾਤੂਸ਼ਾ ਦਾ ਸੀ। ਓਸ ਕੰਨ ਲਾਕੇ ਸੁਣਿਆ ਕਿ ਮੈਤਰੀਨਾ ਪਾਵਲੋਵਨਾ ਘੁਰਾੜੇ ਮਾਰ ਰਹੀ ਹੈ। ਚੁਪ ਸੁੱਤੀ ਮੋਈ ਪਈ ਸੀ। ਤੇ ਇਹ ਅੱਗੇ ਲੰਘਣ ਨੂੰ ਸੀ ਹੀ ਕਿ ਓਹ ਖੰਘੀ ਤੇ ਕਾੜ ਕਾੜ ਕਰਦੀ ਮੰਜੀ ਉਪਰ ਓਸ ਪਾਸਾ ਵੀ ਪਰਤਿਆ। ਇਹ ਦਾ ਦਿਲ ਓਥੇ ਹੀ ਬਹਿ ਗਿਆ ਤੇ ਦੜ ਵੱਟ ਕੇ ਪੰਜਾਂ ਮਿੰਟਾਂ ਲਈ ਛਹਿ ਜੇਹੀ ਵਿੱਚ ਅਹਿਲ ਖਲੋ ਗਇਆ। ਜਦ ਫਿਰ ਸੁਨਸਾਨ ਹੋ ਗਈ ਤੇ ਉਹਦੇ ਘੁਰਾੜੇ ਮਾਰਨ ਦੀ ਆਵਾਜ਼ ਆਣ ਲੱਗ ਪਈ ਤੇ ਸ਼ਾਂਤੀ ਨਾਲ ਸੁਖੀ ਸੁੱਤੀ ਦਿੱਸੀ, ਓਹ ਅੱਗੇ ਵਧਿਆ ਪਰ ਇਉਂ ਪੱਬਾਂ ਭਾਰ ਗਇਆ ਕਿ ਲਕੜੀ ਤੇ ਤਖਤੇ ਓਹਦੇ ਪੈਰਾਂ ਹੇਠ ਚੀਕਣ ਨਾਂਹ, ਆਖਰ ਇਉਂ ਕਾਤੂਸ਼ਾ ਦੇ ਬੂਹੇ ਪਹੁਤਾ। ਕੋਈ, ਆਵਾਜ਼ ਨਹੀਂ ਸੀ ਆਉਂਦੀ। ਉਹ ਅਗਲਬਨ ਜਾਗਦੀ ਸੀ, ਨਹੀਂ ਤਾਂ ਉਹਦੇ ਸਵਾਸਾਂ ਦੀ ਆਵਾਜ਼ ਤਾਂ ਆਉਂਦੀ। ਏਵੇਂ ਗੋਸ਼ੇ ਜਿਹੇ ਦੀ ਦੱਬੀ ਆਵਾਜ਼ ਵਿੱਚ ਜਦ ਓਸ ਬੁਲਾਇਆ–"ਕਾਤੂਸ਼ਾ।" ਓਹ ਕੁਦ ਕੇ ਉੱਠੀ ਤੇ ਬੰਦ ਦਰਵਾਜ਼ੇ ਵਿੱਚ ਦੀ ਹੀ ਓਹਦੀਆਂ ਮਿੰਨਤਾਂ ਕਰਨ ਲੱਗ ਪਈ ਜਿਵੇਂ ਖਫ਼ਾ ਹੋ ਕੇਕਹਿ ਰਹੀ ਸੀ, ਕਿ ਰੱਬ ਦੇ ਵਾਸਤੇ ਮੁੜ ਜਾ। ਪਰੰਤੂ ਨਿਖਲੀਊਧਵ

ਦਰਵਾਜ਼ਾ ਖੋਲ੍ਹਣ ਲਈ ਉਸਦੀਆਂ ਮਿੰਨਤਾਂ ਕਰਦਾ ਰਹਿਆ।

ਓਹ ਚੁਪ ਸੀ–ਫਿਰ ਇਸ ਨੂੰ ਉਹਦੇ ਹੱਥ ਦੀ ਅਮਲਕਣੇਂ ਚਿਟਕੜੀ ਉੱਪਰ ਜਾਣ ਦੀ ਆਵਾਜ਼ ਆਈ, ਚਿਟਕੜੀ ਕੜੱਕ ਹੋਈ ਤੇ ਓਹ ਕਮਰੇ ਅੰਦਰ ਵੜ ਗਇਆ।

## ਕਾਂਡ ੧੯

ਦੂਜੇ ਸਵੇਰੇ ਓਹ ਖੁਸ਼ ਰਹਿਣਾ, ਸੋਹਣਾ ਤੇ ਸ਼ੋਖ **ਸ਼ੇਨਬੋਖ** ਉਹਦਾ ਸਾਥੀ ਇੱਥੇ ਉਹਦੀਆਂ ਫੁਫੀਆਂ ਦੇ ਘਰ, **ਨਿਖਲੀਊਧਵ** ਨੂੰ ਆਣ ਮਿਲਿਆ ਤੇ ਆਪਣੇ ਮੰਝੇ ਹੋਏ ਮਿੱਠੇ ਸੁਭਾ, ਬੇਪਰਵਾਹ ਤਬੀਅਤ ਕਰਕੇ ਤੇ **ਦਮਿਤਰੀ** ਦੀ ਦੋਸਤੀ ਦੇ ਨਿੱਘ ਵਿੱਚ ਗੋਹਲਾ ਹੋਣ ਕਰਕੇ ਉਸ ਨੇ ਸਭ ਦੇ ਦਿਲ ਮੋਹ ਲੀਤੇ। ਭਾਵੇਂ ਓਹ ਬੁੱਢੀਆਂ ਉਹਦੀ ਦਰਿਆ ਦਿਲੀ ਦੀ ਸ਼ਲਾਘਾ ਕਰ ਰਹੀਆਂ ਸਨ ਤਾਂ ਵੀ ਸਭ ਨੂੰ ਇਉਂ ਜਾਪਦਾ ਸੀ ਜਿਵੇਂ ਓਹ ਆਪਣੇ ਇਸ ਗੁਣ ਨੂੰ ਵਿਖਾਣ ਲਈ ਕੁਛ ਵਧਾ ਕੇ ਹਰਕਤਾਂ ਕਰ ਰਹਿਆ ਸੀ। ਦਰਵਾਜ਼ੇ ਤੇ ਆਏ ਅੰਨ੍ਹੇ ਮੰਗਤਿਆਂ ਨੂੰ ਓਸ ਇਕ ਰੂਬਲ ਕੱਢ ਕੇ ਸੁੱਟ ਦਿੱਤਾ, ਨੌਕਰਾਂ ਨੂੰ ੧੫ ਰੂਬਲ ਬਖਸ਼ੀਸ਼ਾਂ ਹੀ ਦੇ ਦਿੱਤੇ। **ਸੋਫੀਆ ਈਵਾ-ਨੋਵਨਾ** ਦੇ ਪਾਲਤੂ ਕੁੱਤੇ ਨੂੰ ਜਦ ਸੱਟ ਵੱਜੀ ਤੇ ਲਹੂ ਨਿਕਲਨ ਲੱਗ ਪਇਆ, ਇਸ ਆਪਣਾ ਹੱਥ ਨਾਲ ਕੱਢਿਆ ਰੋਮਾਲ (ਜਿਹਦੀ ਇਕ ਦਰਜਨ ਦਾ ਮੁੱਲ **ਸੋਫੀਆ ਈਵਾਨੋਵਨਾ** ਜਾਣਦੀ ਸੀ, ਘਟੋ ਘਟ ੧੫ ਰੂਬਲ ਸੀ) ਫਾੜ ਕੇ ਕੁੱਤੇ ਦੇ ਪੰਜੇ ਦੀ ਪੱਟੀ ਬਣਾ ਬੱਧੀ। ਇਨ੍ਹਾਂ ਪੁਰਾਣੀਆਂ ਸਵਾਣੀਆਂ ਇਸ ਕਿਸਮ ਦੇ ਲੋਕੀ ਕਦੀ ਨਹੀਂ ਸਨ ਵੇਖੇ ਤੇ ਉਨ੍ਹਾਂ ਨੂੰ ਇਹ ਖਬਰ ਨਹੀਂ ਸੀ ਕਿ **ਸ਼ੇਨਬੋਖ** ਨੇ ਦੋ ਲੱਖ ਰੂਬਲ ਕਰਜ਼ਾ ਦੇਣੇ ਹਨ ਜਿਹੜੇ ਓਹ ਕਦੀ ਆਪਣੇ ਕਰਜ਼ਖਾਹਾਂ ਨੂੰ

ਨਹੀਂ ਸੀ ਮੋੜ ਕੇ ਦੇਣ ਲੱਗਾ, ਤੇ ਇਸ ਕਰਕੇ ੨੫ ਰੂਬਲ ਏਧਰ ਸੁੱਟੇ ਯਾ ਓਧਰ ਸੁੱਟੇ ਓਸ ਲਈ ਕੋਈ ਗੱਲ ਨਹੀਂ ਸੀ ।

**ਸ਼ੋਨਬੋਖ** ਸਿਰਫ ਇਕ ਦਿਨ ਹੀ ਠਹਿਰਿਆ ਸੀ ਤੇ ਉਹਦੇ ਨਾਲ ਹੀ **ਨਿਖਲੀਊਧਵ** ਓਸੇ ਰਾਤੀਂ ਟੁਰ ਗਇਆ ਸੀ, ਇਹ ਦੋਵੇਂ ਆਪਣੀ ਰਜਮਿੰਟ ਥੀਂ ਹੋਰ ਜਿਆਦਾ ਗੈਰ ਹਾਜ਼ਰ ਨਹੀਂ ਸਨ ਰਹਿ ਸੱਕਦੇ, ਇਨ੍ਹਾਂ ਦੀ ਰਜਾ ਮੁਕ ਚੁੱਕੀ ਸੀ ।

ਆਪਣੀਆਂ ਫੁੱਫੀਆਂ ਦੇ ਨਾਲ ਰਹਿਣ ਦੇ ਇਸ ਆਖੀਰਲੇ ਦਿਹਾੜੇ ਹਾਲੇਂ ਜਦ ਕਲ ਰਾਤ ਦੀ ਬੀਤੀ ਦੀ ਯਾਦ ਤਾਜ਼ੀ ਸੀ, **ਨਿਖਲੀਊਧਵ** ਦੇ ਅੰਦਰ ਦੋ ਖਲ-ਬਲੀਆਂ ਮਚ ਰਹੀਆਂ ਸਨ : ਇਕ ਤਾਂ ਹੈਵਾਨੀ ਵਿਸ਼ੇ ਦੇ ਕਾਮਸੁਖ ਦਾ ਚੇਤਾ (ਹਾਲੇਂ ਓਹਦੀ ਤ੍ਰਿਸ਼ਨਾ ਭਰ ਕੇ ਪੂਰੀ ਨਹੀਂ ਸੀ ਹੋਈ) ਤੇ ਇਹ ਖਿਆਲ ਕਿ ਚਲੋ ਆਪਣੀ ਸੱਧਰ ਇਕ ਵਾਰੀ ਤਾਂ ਪੂਰੀ ਕਰ ਹੀ ਲਈ ਹੈ ਨਾ, ਤੇ ਦੂਜੀ ਖਲਬਲੀ ਇਸ ਕਰਕੇ ਸੀ ਕਿ ਉਹਦੇ ਅੰਦਰਲੇ ਨੇ ਅਨੁਭਵ ਕਰ ਲਇਆ ਸੀ ਕਿ ਓਸ ਇਕ ਪਾਪ ਕੀਤਾ ਹੈ ਜਿਸ ਪਾਪ ਦਾ ਇੰਨਾਂ ਊਹਦੀ ਖਾਤਰ ਨਹੀਂ ਜਿੰਨਾਂ ਆਪਣੇ ਰੂਹ ਦੀ ਖਾਤਰ ਓਸ ਕੋਈ ਨ ਕੋਈ ਉਪਰਾਲਾ ਕਰਨਾ ਹੈ ।

ਪਰ ਜਦ ਇਸ ਹੱਦ ਤਕ ਓਹਦੀ ਖੁਦਗਰਜ਼ੀ ਦਾ ਨੀਮ ਪਾਗਲਪਨ ਪਹੁੰਚ ਚੁਕਾ ਸੀ, ਓਹ ਸਵਾਇ ਆਪਣੀ ਖੁਦਗਰਜ਼ੀ ਦੀਆਂ ਗੱਲਾਂ ਦੇ ਹੋਰ ਕੁਛ ਸੋਚ ਹੀ ਨਹੀਂ ਸੀ ਸੱਕਦਾ। ਓਹਨੂੰ ਇਹ ਹੈਰਾਨੀ ਜੇਹੀ ਹੋ ਰਹੀ ਸੀ ਕਿ ਜਦ ਕਦੀ ਇਹ ਪਾਪ

ਓਹਦਾ ਪ੍ਰਗਟ ਹੋ ਆਵੇਗਾ ਤਦ ਲੋਕੀ ਕੀ ਕਹਿਣਗੇ। ਕੀ ਓਹਨੂੰ ਬਹੁਤ ਸਾਰੀ ਮਲਾਮਤ ਸ਼ਾਮਤ ਆਵੇਗੀ, ਯਾ ਕੋਈ ਉੱਕਾ ਕੁਛ ਕਹੇਗਾ ਹੀ ਨਹੀਂ ? ਦੂਜੀ ਵਲ ਓਸ ਧਿਆਨ ਹੀ ਨਹੀਂ ਸੀ ਕੀਤਾ ਕਿ **ਕਾਤੂਸ਼ਾ** ਦੇ ਅੰਦਰ ਕੀ ਵਰਤ ਰਹਿਆ ਹੋਣਾ ਹੈ ਤੇ ਓਹਦੀ ਜ਼ਿੰਦਗੀ ਦਾ ਕੀ ਹਸ਼ਰ ਹੋਵੇਗਾ।

ਓਹ ਭਾਂਪ ਗਇਆ ਸੀ ਕਿ **ਸ਼ੇਨਬੋਖ** ਨੇ ਓਸ ਕੁੜੀ ਨਾਲ ਉਹਦਾ ਨਜਾਇਜ਼ ਤਅੱਲਕ ਤਾੜ ਲਇਆ ਹੈ, ਪਰ ਇਸ ਗਲ ਦੀ ਸੋਝੀ ਨੇ ਓਹਦੀ ਮਾੜੀ **ਹਉਮੈ** ਨੂੰ ਸਗੋਂ ਕੁਛ ਪੱਠੇ ਹੀ ਪਾਏ ਸਨ।

"ਆਹਾ ! ਹੁਣ ਮੈਨੂੰ ਸਮਝ ਆਈ ਹੈ ਕਿ ਤੈਨੂੰ ਆਪਣੀਆਂ ਫੁੱਫੀਆਂ ਨੂੰ ਮਿਲਣ ਦਾ ਅਚਨਚੇਤ ਚਾ ਕਿਉਂ ਚੜ੍ਹ ਪਇਆ ਸੀ, ਤੇ ਇਕ ਹਫਤੇ ਥੀਂ ਤੂੰ ਇੱਥੇ ਕਿਉਂ ਲਟਕ ਰਹਿਆ ਹੈਂ," **ਸ਼ੇਨਬੋਖ** ਨੇ **ਕਾਤੂਸ਼ਾ** ਨੂੰ ਵੇਖਦੇ ਸਾਰ ਹੀ ਓਹਨੂੰ ਕਹਿ ਦਿੱਤਾ ਸੀ "ਹਾਂ ਭਾਈ ! ਮੈਨੂੰ ਹੁਣ ਕੋਈ ਅਚੰਭਾ ਨਹੀਂ ਹੁੰਦਾ, ਤੇਰੀ ਥਾਂ ਮੈਂ ਵੀ ਹੁੰਦਾ ਮੇਰੀ ਚੋਣ ਵੀ ਇਹੋ ਹੋਣੀ ਸੀ, ਮੇਰੀ ਚੋਣ ਵੀ ਇਹੋ ਹੁੰਦੀ।"

**ਨਿਖਲੀਊਧਵ** ਇਨ੍ਹਾਂ ਗੜੂੰਦਾਂ ਵਿੱਚ ਪਇਆ ਹੋਇਆ ਸੀ, ਕਿ ਹਾਏ ਕਿੰਨੀ ਅਫਸੋਸ ਵਾਲੀ ਗੱਲ ਹੈ ਕਿ ਓਹਨੂੰ ਓਥੋਂ ਆਪਣੀ ਕਾਮ ਤ੍ਰਿਸ਼ਨਾ ਨੂੰ ਪੂਰਾ ਪੂਰਾ ਠੰਡਾ ਕਰਨ ਬਿਨਾਂ ਹੀ ਚਲ ਪੈਣਾ ਪਇਆ ਹੈ, ਪਰ ਓਹਦੀ ਇਹ ਅਰੁਕ

ਵਦੈਗੀ ਦੂਜੇ ਪਾਸਿਓਂ ਚੰਗੀ ਵੀ ਸੀ, ਕਿਉਂਕਿ ਦਿਲੋਂ ਓਹ ਇਸ ਰਿਸ਼ਤੇ ਨੂੰ ਜੇਹੜਾ **ਕਾਤੂਸ਼ਾ** ਨਾਲ ਪੈ ਚੁੱਕਾ ਸੀ, ਇਕ ਦਮ ਖਤਮ ਕਰਨ ਦੀ ਸਲਾਹਾਂ ਵਿੱਚ ਸੀ ਕਿਉਂਕਿ ਇਸ ਰਿਸ਼ਤੇ ਨੂੰ ਨਿਬਾਹੁਣਾ ਓਸ ਲਈ ਮੁਸ਼ਕਲ ਸੀ।

ਫਿਰ ਓਸ ਸੋਚਿਆ ਕਿ ਓਹਨੂੰ ਕੁਛ ਰੁਪਏ ਦੇਣੇ ਚਾਹੀਏ ਓਸਦੇ ਆਪਣੇ ਲਈ ਵੀ ਨਹੀਂ, ਨ ਇਸ ਲਈ ਕਿ ਮਤੇ ਓਹਨੂੰ ਇਨ੍ਹਾਂ ਦੀ ਕਦੇ ਲੋੜ ਪਵੇ, ਪਰ ਸਿਰਫ ਇਸ ਲਈ ਕਿ ਇਨ੍ਹਾਂ ਕੰਮਾਂ ਵਿੱਚ ਇਹੋ ਜਿਹੇ ਰੁਪਏ ਦਿੱਤੇ ਹੀ ਜਾਂਦੇ ਹਨ, ਤੇ ਜਦ ਓਹ ਇਉਂ ਭੋਗ ਕਰਕੇ ਰੁਪਏ ਵੀ ਨ ਦੇਵੇ, ਤਦ ਉਹਦੀ ਆਪਣੀ ਸ਼ਾਨ ਦੇ ਸ਼ਾਇਆਂ ਨਹੀਂ ਹੋਵੇਗਾ।

ਓਸ ਨੇ ਓਹਦੇ ਤੇ ਆਪਣੇ ਦਰਜੇ ਵਿਚਕਾਰ ਫਰਕ ਆਦਿ ਜਾਚਦੇ ਹੋਏ ਓਹਨੂੰ ਆਪਣੇ ਵਿਚਾਰ ਅਨੁਸਾਰ ਕਾਫੀ ਵਡੇਰੀ ਰਕਮ ਦੇ ਦਿੱਤੀ। ਰੋਟੀ ਖਾਣ ਦੇ ਬਾਹਦ, ਜਿਸ ਦਿਨ ਓਸ ਟੁਰਨਾ ਸੀ, ਓਹ ਬਾਹਰ ਗਇਆ, ਤੇ ਪਾਸੇ ਦੇ ਦਰਵਾਜੇ ਉੱਪਰ ਖੜਾ ਓਹਦੀ ਉਡੀਕ ਕਰਦਾ ਰਹਿਆ। ਇਹਨੂੰ ਦੇਖ ਕੇ **ਕਾਤੂਸ਼ਾ** ਦਾ ਚਿਹਰਾ ਸ਼ਰਮ ਨਾਲ ਗੁਲਾਬੀ ਹੋ ਗਇਆ ਤੇ ਓਸ ਪਾਸੋਂ ਲੰਘ ਕੇ ਅੱਗੇ ਚਲਾ ਜਾਉਣਾ ਚਾਹੁੰਦੀ ਸੀ। ਆਪਣੀਆਂ ਅੱਖਾਂ ਦੇ ਮਟੱਕੇ ਨਾਲ ਓਹਨੂੰ ਇਹ ਜਤਾਇਆ ਕਿ ਨੌਕਰਾਨੀ ਦੇ ਕਮਰੇ ਦਾ ਬੂਹਾ ਚੁਪਾਟ ਖੁੱਲ੍ਹਾ ਹੋਇਆ ਹੈ ਤੇ ਓਹ ਮਤੇ ਤੱਕਦੀ ਹੋਵੇ, ਪਰ ਇਸਨੇ ਓਹਨੂੰ ਠਹਿਰਾ ਲਇਆ।

"ਮੈਂ ਤੈਨੂੰ ਹੁਣ ਗੁਡਬਾਈ ਕਰਨ ਆਇਆ ਹਾਂ," ਓਸ ਕਹਿਆ ਤੇ ਨਾਲੇ ਆਪਣੇ ਹੱਥ ਵਿੱਚ ਮਰੋੜਿਆ ਮਰਾੜਿਆ ਹੋਇਆ ਇਕ ਲਫਾਫਾ ਜਿਸ ਵਿੱਚ ੧੦੦ ਰੂਬਲ ਦੇ ਨੋਟ ਸਨ,

ਉਹਦੇ ਹੱਥ ਫੜਾ ਦਿੱਤਾ, "ਇਹ ਮੈਂ........................."।

ਜੋ ਕੁਛ ਉਹਦਾ ਮਤਲਬ ਸੀ ਓਹ ਸਮਝ ਗਈ, ਓਸ ਨੇ ਆਪਣਿਆਂ ਭਰਵੱਟਿਆਂ ਤੇ ਮਾੜੀ ਜੇਹੀ ਘੂਰ ਪਾਈ ਤੇ ਆਪਣਾ ਸਿਰ ਹਿਲਾ ਕੇ ਓਹਦਾ ਹੱਥ ਪਰੇ ਧਕੇਲ ਦਿੱਤਾ। "ਲੈ ਲੈ, ਇਹ ਤੈਨੂੰ ਜ਼ਰੂਰੀ ਲੈਣਾ ਪਵੇਗਾ," ਓਸ ਆਪਣਾ ਮੂੰਹ ਪਪੋਲ ਕੇ ਬੱਥੇ ਜੇਹੇ ਲਹਜੇ ਨਾਲ ਕਹਿਆ ਤੇ ਓਹਦੇ **ਐਪਰਨ** ਦੇ ਉਪਰਲੇ ਜੇਬ ਵਿੱਚ ਉਹ ਲਫਾਫਾ ਤੁੰਨ ਦਿੱਤਾ, ਤੇ ਆਪਣੇ ਕਮਰੇ ਵਲ ਦੌੜ ਗਇਆ। ਪਰ ਉਹਦੇ ਮੱਥੇ ਵੱਟ ਪਇਆ ਸੀ ਤੇ ਓਹਦੇ ਮੂੰਹ ਵਿੱਚੋਂ ਉਹਦੇ ਰੂਹ ਦੇ ਅਜ਼ਾਣ ਦੀ ਦੱਬੀ ਹਾਏ ਹਾਏ ਦੀ ਆਵਾਜ਼ ਆ ਰਹੀ ਸੀ, ਤੇ ਬਹੁਤ ਚਿਰ ਕਮਰੇ ਵਿੱਚ ਉੱਪਰ ਤਲੇ ਇਉਂ ਟਹਿਲਦਾ ਰਹਿਆ ਜਿਸ ਤਰਾਂ ਕੋਈ ਬੜੇ ਦਰਦ ਵਿੱਚ ਜਾਨ ਤੋੜ ਰਹਿਆ ਹੁੰਦਾ ਹੈ। ਜਿਸ ਵਕਤ **ਕਾਤੂਸ਼ਾ** ਵਾਲੀ ਗੱਲ ਦਾ ਚੇਤਾ ਕਰਦਾ ਸੀ ਫ਼ਰਸ਼ ਉੱਪਰ ਜ਼ੋਰ ਜ਼ੋਰ ਦੇ ਪੈਰ ਮਾਰਦਾ ਸੀ ਤੇ ਓਹਦੇ ਰੂਹ ਦੇ ਅਜ਼ਾਣ ਦੀ ਆਵਾਜ਼ ਨਿਕਲਦੀ ਸੀ, "ਪਰ ਮੈਂ ਹੋਰ ਕੀ ਕਰ ਸਕਦਾ ਸਾਂ? ਕੀ ਇਹੋ ਕੁਛ ਹੋਰ ਸਾਰਿਆਂ ਨਾਲ ਨਹੀਂ ਵਾਪਰਦੀ? **ਸ਼ੇਨਬੋਖ** ਮੈਨੂੰ ਦੱਸ ਰਹਿਆ ਸੀ ਕਿ ਓਹਦਾ ਇਹੋ ਜਿਹਾ ਤਅੱਲਕ ਓਹਦੀ ਆਪਣੀ **ਗਵਰਨੈਸ** ਨਾਲ ਹੋ ਗਇਆ ਸੀ, ਤੇ ਚਾਚੇ **ਗ੍ਰਿਸ਼ਾ** ਨਾਲ ਕੀ ਵਰਤੀ ਸੀ? ਤੇ ਮੇਰੇ ਆਪਣੇ ਬਾਪੂ ਨਾਲ! ਓਹ ਤਾਂ ਗਰਾਵਾਂ ਵਿੱਚ ਰਹਿੰਦਾ ਸੀ ਤਾਂ ਵੀ ਇਕ ਜੱਟੀ ਨਾਲ ਉਹਦਾ ਤਅੱਲਕ ਸੀ ਜਿਦੀ ਕੁੱਖੋਂ ਉਹ ਹਰਾਮੀ

ਮੁੰਡਾ ਮਿਤਿਨਕਾ ਜੰਮਿਆ ਸੀ, ਤੇ ਉਥੇ ਹੁਣ ਵੀ ਜੀਂਦਾ ਫਿਰਦਾ ਹੈ, ਤੇ ਜੇ ਹਰ ਇਕ ਆਦਮੀ ਇਉਂ ਹੀ ਫਸਿਆ ਪਇਆ ਹੈ, ਮੇਰੇ ਖਿਆਲ ਵਿੱਚ, ਇਹ ਕੰਮ ਇਕ ਤਰਾਂ ਦੀ ਫਿਤਰਤੀ ਮਜਬੂਰੀ ਹੈ ਕਿ ਜਿਸ ਥੀਂ ਕੋਈ ਵੀ ਬਚ ਨਹੀਂ ਸੱਕਦਾ।" ਇਸ ਤਰਾਂ ਆਪਣੇ ਨਾਲ ਗੱਲਾਂ ਕਰਦਿਆਂ ਮਨ ਨੂੰ ਸ਼ਾਂਤ ਕਰਨਾ ਲੋਚਦਾ ਸੀ ਪਰ ਜੋ ਕੁਛ ਹੋਇਆ ਸੀ ਓਸ ਕਰਮ ਨੂੰ ਯਾਦ ਕਰਕੇ ਓਹਦੀ ਜ਼ਮੀਰ ਨੂੰ ਜ਼ਰੂਰ ਇਕ ਲੰਬਾ ਲੱਗ ਉੱਠਦਾ ਸੀ।

ਓਹਦੇ ਆਪਣੇ ਰੂਹ ਵਿੱਚ, ਰੂਹ ਦੀਆਂ ਤੈਹਾਂ ਵਿੱਚ ਓਹ ਜਾਣਦਾ ਸੀ, ਕਿ ਓਸ ਇਕ ਵੱਡੇ ਹੀ ਨੀਚਾਂ ਕਮੀਨੀਆਂ, ਬੇਤਰਸਾਂ ਕਾਇਰਾਂ ਵਾਲਾ ਕੁਕਰਮ ਕੀਤਾ ਹੈ, ਤੇ ਇਸ ਕੁਕਰਮ ਦੇ ਕਰਨ ਕਰਕੇ ਤੇ ਇਸ ਪਾਪ ਦੇ ਅੰਦਰ ਵਸਣ ਕਰਕੇ ਨ ਸਿਰਫ ਓਹ ਕਿਸੀ ਹੋਰ ਦੇ ਇਹੋ ਜੇਹੇ ਕੀਤੇ ਕੁਕਰਮਾਂ ਨੂੰ ਮਾੜਾ ਨਹੀਂ ਕਹਿ ਸੱਕੇਗਾ ਬਲਕਿ ਕਿਸੀ ਵਲ ਆਪਣਾ ਮੂੰਹ ਸਿੱਧਾ ਕਰਕੇ ਤੱਕ ਵੀ ਨਹੀਂ ਸੱਕੇਗਾ। ਇਹ ਗੱਲ ਉਸ ਲਈ ਨਾਮੁਮਕਨ ਹੋ ਚੁਕੀ ਸੀ ਕਿ ਓਹ ਆਪਣੇ ਆਪ ਨੂੰ ਇਕ ਆਹਲਾ ਆਲੀਸ਼ਾਨ ਸ਼ਰੀਫ ਤੇ ਉੱਚੇ ਮਨ ਵਾਲਾ ਬੰਦਾ ਖਿਆਲ ਕਰ ਸੱਕੇ ਜਿਵੇਂ ਓਹ ਸਮਝਿਆ ਕਰਦਾ ਸੀ ਤੇ ਆਪਣੀ ਜ਼ਿੰਦਗੀ ਵਿੱਚ ਖੁਸ਼ੀ ਖੁਸ਼ੀ ਤੇ ਉੱਚੀ ਜੇਹੀ ਬਣਾਈ ਦਲੇਰੀ ਨਾਲ ਰਹਿਣ ਲਈ ਇਹ ਸਮਝਣਾ ਜ਼ਰੂਰੀ ਸੀ। ਇਸ ਪਈ ਗੁੰਝਲ ਦਾ ਸਿਰਫ ਇਕ ਹੀ ਹੱਲ ਸੀ, ਕਿ ਇਸ ਬਾਬਤ ਕਦੀ ਖਿਆਲ ਹੀ ਨ ਕਰੇ! ਤੇ ਇਉਂ ਕਰ ਲੈਣ ਵਿੱਚ ਓਹਨੂੰ ਕਾਮਯਾਬੀ ਹੋਈ। ਜਿਸ ਤਰਾਂ ਦੀ ਜ਼ਿੰਦਗੀ ਵਿੱਚ ਓਹ ਹੁਣ ਦਾਖਲ ਹੋ ਚੁਕਾ ਸੀ, ਕੀ ਆਲਾ ਦੁਆਲਾ ਕੀ ਓਹਦੇ

ਨਵੇਂ ਦੋਸਤ ਰਾਸਤ, ਜੰਗ ਆਦਿ ਸਭ ਨੇ ਇਸ ਘਟਨਾ ਦੇ ਭੁੱਲ ਜਾਨ ਵਿੱਚ ਮਦਦ ਕੀਤੀ । ਜਿਵੇਂ ਜਿਵੇਂ ਸਮਾਂ ਲੰਘਦਾ ਗਇਆ ਚਿਰ ਹੁੰਦਾ ਗਇਆ, ਤਿਵੇਂ ਤਿਵੇਂ ਇਸ ਘਟਨਾ ਦਾ ਖਿਆਲ ਮਿਸਦਾ ਗਿਆ । ਆਖਰ ਉਹ ਉੱਕਾ ਹੀ ਭੁੱਲ ਗਇਆ ।

ਸਿਰਫ ਇਕ ਵੇਰੀ ਜਦ ਜੰਗ ਦੇ ਮਗਰੋਂ ਓਹ ਆਪਣੀਆਂ ਫੁੱਫੀਆਂ ਨੂੰ ਮਿਲਣ ਲਈ **ਕਾਤੂਸ਼ਾ** ਦੀ ਮੁੜ ਮਿਲਣ ਦੀ ਆਸ ਵਿੱਚ ਗਇਆ ਤੇ ਸੁਣਿਆ ਸੀ ਕਿ ਉਹਦੇ ਪਿਛਲੇ ਆਉਣ ਦੇ ਬਾਹਦ **ਕਾਤੂਸ਼ਾ** ਓਥੋਂ ਟੁਰ ਗਈ ਸੀ, ਤੇ ਉਹਦੀਆਂ ਫੁੱਫੀਆਂ ਇਹ ਵੀ ਸੁਣਿਆ ਸੀ ਕਿ ਉਸ ਨੇ ਕਿਧਰੇ ਜਾ ਕੇ ਬੱਚਾ ਵੀ ਜੰਮਿਆ ਸੀ, ਫਿਰ ਓਸ ਥੀਂ ਪਿੱਛੇ ਬੁਰੇ ਰਾਹਾਂ ਵਿੱਚ ਪੈ ਗਈ ਸੀ ਆਦਿ, ਤਦ ਉਹਦੇ ਦਿਲ ਵਿੱਚ ਮੁੜ ਕੜਵਲ ਪਇਆ ਸੀ, ਉਹਨੂੰ ਦੁੱਖ ਵੀ ਹੋਇਆ ਸੀ । ਬੱਚਾ ਜਣਨ ਦੇ ਵਕਤ ਥੀਂ ਦਿਨਾਂ ਦੀ ਗਿਣਤੀ ਕਰਨ ਨਾਲ ਉਹਨੂੰ ਪਤਾ ਲੱਗਦਾ ਸੀ ਕਿ ਉਹ ਬੱਚਾ ਸ਼ਾਯਦ ਉਹਦਾ ਹੀ ਹੋਵੇ ਨ ਹੋਵੇ । ਇਹ ਗੱਲਾਂ ਕਰਦਿਆਂ ਉਹਦੀਆਂ ਫੁੱਫੀਆਂ ਕਸੂਰ **ਕਾਤੂਸ਼ਾ** ਦੇ ਹੀ ਮੱਥੇ ਮੜ੍ਹਦੀਆਂ ਸਨ, ਕਹਿੰਦੀਆਂ ਸਨ ਕਿ ਇਹ ਭੈੜੀ ਖੋ ਉਸ ਬਦਕਿਸਮਤ ਨੇ ਆਪਣੀ ਮਾਂ ਥੀਂ ਖੂਨ ਵਿੱਚ ਆਂਦੀ ਸੀ ਤੇ **ਨਿਖਲੀਊਧਵ** ਨੂੰ ਉਨ੍ਹਾਂ ਦੀ ਇਹ ਰਾਇ ਸੁਣ ਕੇ ਖੁਸ਼ੀ ਹੋਈ ਸੀ । ਪਹਿਲਾਂ ਤਾਂ ਓਸ ਖਿਆਲ ਕੀਤਾ ਕਿ ਉਹਨੂੰ ਤੇ ਉਹਦੇ ਬੱਚੇ ਨੂੰ ਇਹ ਭੁਲ ਜਾਣ ਦੀ ਕੋਸ਼ਸ਼ ਕਰੇ, ਪਰ ਠੀਕ ਇਸੀ ਸਬਬ ਕਰਕੇ, ਭਾਵੇਂ ਉਹ ਆਪਣੇ ਕੁਕਰਮ ਲਈ ਆਪ-

ਣੀਆਂ ਰੂਹ ਦੀਆਂ ਡੂੰਘਾਈਆਂ ਵਿੱਚ ਅਤੀ ਸ਼ਰਮਸਾਰ ਸੀ ਤੇ ਜਦ ਕਦੀ ਕਾਤੂਸ਼ਾ ਦਾ ਖਿਆਲ ਕਰਦਾ ਸੀ ਉਹਦਾ ਰੂਹ ਦੁਖੀ ਹੋ ਜਾਂਦਾ ਸੀ, ਉਸ ਨੇ ਉਹਨੂੰ ਟੋਲਣ ਦੀ ਜੈਸੀ ਚਾਹੀਏ ਸੀ ਕੋਸ਼ਿਸ਼ ਨ ਕੀਤੀ, ਤੇ ਇਸ ਸਾਰੀ ਗੱਲ ਦਾ ਧਿਆਨ ਕਰਨਾ ਹੀ ਛੱਡ ਦਿੱਤਾ।

ਤੇ ਅਜ ਇਸ ਕਚਹਿਰੀ ਵਿੱਚ ਬੈਠੇ ਓਸ ਅਣੋਖੀ ਜੇਹੀ ਹੋਣੀ ਦਾ ਮੁੜ ਸਾਰਾ ਚੇਤਾ ਆਇਆ, ਤੇ ਉਹੋ ਹੋਣੀ ਉਹਦੇ ਦਰਵਾਜ਼ੇ ਉੱਪਰ ਜੋਰ ਨਾਲ ਖੱਟ ਖਟਾ ਰਹੀ ਸੀ ਕਿ ਓਹ ਮੰਨੇ ਤੇ ਜਰੂਰ ਮੰਨੇ ਕਿ ਓਹਦੀ ਇਹ ਕਾਇਰਤਾ ਹੈ, ਨਿਰਦਯਤਾ ਹੈ, ਬੇਰਹਿਮੀ ਹੈ ਜਿਸ ਕਰਕੇ ਇੰਨਾਂ ਘੋਰ ਪਾਪ ਆਪਣੀ ਜ਼ਮੀਰ ਦੇ ਬਰਖਲਾਫ ਕਰਕੇ ਓਹ ਪਿਛਲੇ ਦਸ ਸਾਲ ਜੀਵਨ ਨਾਲ ਰਾਜੀ ਹੋਇਆ ਜੀਂਦਾ ਸੀ। ਪਰ ਉਹ ਇਸ ਗੱਲ ਦੇ ਮੰਨਣ ਥੀਂ ਹਾਲੇਂ ਬੜਾ ਹੀ ਪਰੇ ਖਲੋਤਾ ਸੀ ਓਹਦਾ ਡਰ ਹਾਲੇ ਤਾਂ ਨਿਰਾ ਪੂਰਾ ਇੰਨਾ ਹੀ ਸੀ ਕਿ ਹਾਏ! ਮਤੇ ਇਸ ਮੁਕੱਦਮੇਂ ਵਿੱਚ ਸਾਰਾ ਭੇਤ ਖੁੱਲ੍ਹ ਨ ਜਾਏ, ਤੇ ਓਹ ਯਾ ਓਹਦਾ ਵਕੀਲ ਸਾਰੇ ਵਾਕਿਆਤ ਖੋਲ੍ਹ ਨ ਦੇਣ ਤੇ ਓਹਨੂੰ ਸਬ ਕਿਸੀ ਦੇ ਸਾਹਮਣੇ ਸਾਰੀ ਸ਼ਰਮਿੰਦਗੀ ਉਠਾਣੀ ਹੀ ਨ ਪੈ ਜਾਵੇ।

## ਕਾਂਡ ੧੯

**ਨਿਖਲੀਊਧਵ** ਮਨ ਦੀ ਐਸੀ ਗੜ ਬੜ ਅਵਸਥਾ ਵਿੱਚ ਅਦਾਲਤ ਦੇ ਕਮਰਿਓਂ ਉੱਠ ਕੇ ਜੂਰੀ ਦੇ ਬਹਸ ਕਰਨ ਵਾਲੇ ਕਮਰੇ ਵਿੱਚ ਗਇਆ ਸੀ। ਓਹ ਬਾਰੀ ਲਾਗੇ ਬਹ ਕੇ ਜੋ ਜੋ ਗੱਪਾਂ ਚਲ ਰਹੀਆ ਸਨ ਸੁਣੀ ਜਾਂਦਾ ਸੀ ਤੇ ਆਪਣੀ ਸਿਗਰਟ ਪੀਵੀ ਜਾਂਦਾ ਸੀ।

ਉਹ ਖੁਸ਼ ਰਹਿਣਾ ਸੌਦਾਗਰ ਆਪਣੇ ਸਾਰੇ ਦਿਲ ਨਾਲ **ਸਮੈਲਕੋਵ** ਨਾਲ ਤੇ ਉਹਦੇ ਭੋਗ ਵਿਲਾਸ ਤੇ ਐਸ਼ ਕਰਨ ਦੇ ਤ੍ਰੀਕਿਆਂ ਨਾਲ ਪੂਰੀ ਹਮਦਰਦੀ ਪ੍ਰਗਟ ਕਰ ਰਹਿਆ ਸੀ।

"ਵਾਹ! ਵਾਹ! ਓਏ ਬੁਢਿਆ! ਇਹ ਮੇਰੇ ਦਿਲ ਦੀ ਗੱਲ ਈ! ਠੀਕ ਸਾਈਬੇਰੀਆ ਦੇ ਰਹਿਣ ਵਾਲੇ ਲੋਕਾਂ ਵਾਂਗ! ਉਹ ਆਪਣੇ ਮਨ ਦੀ ਮੌਜ ਪਿੱਛੇ ਮਾਲ ਧਨ ਸਭ ਕੁਝ ਕੁਰਬਾਨ ਕਰਦਾ ਸੀ, ਉਹਨੂੰ ਕਾਹਦਾ ਡਰ! ਐਸ਼ ਕਰਨ ਵਾਲਾ ਸ਼ੇਰ! ਬਸ ਇਸ ਕਿਸਮ ਦਾ ਗੁਲਛੱਰੂ ਬੰਦਾ ਮੇਰੇ ਦਿਲ ਦਾ ਬੰਦਾ ਹੈ।"

**ਫੋਰਮੈਨ** ਆਪਣਾ ਨਿਹਚਾ ਇਸ ਤਰਾਂ ਦਸ ਰਹਿਆ ਸੀ ਕਿ ਇਸ ਮੁਕੱਦਮੇਂ ਵਿੱਚ ਡਾਕਟਰੀ ਨਿਪੁਣਾਂ ਦੇ ਬਿਆਨ ਦਾ ਬੜਾ ਵਜ਼ਨ ਹੋਵੇਗਾ, **ਪੀਟਰ ਜਿਰਾਸੀਮੋਵਿਚ** ਯਹੂਦੀ ਕਲਰਕ ਨਾਲ ਕਿਸੀ ਗਲ ਬਾਬਤ ਮਖੌਲ ਕਰ ਰਹਿਆ ਸੀ ਤੇ ਉਹ ਦੋਵੇਂ ਖਿੜ ਖਿੜ ਹਸ ਪਏ ਸਨ।

**ਨਿਖਲੀਊਧਵ** ਨੂੰ ਜੋ ਵੀ ਕੋਈ ਗੱਲ ਪੁਛਦਾ ਸੀ, ਇਕ ਹਰਫੀ ਜਵਾਬ ਦਿੰਦਾ ਸੀ, ਤੇ ਓਹਨੂੰ ਕੋਈ ਨ ਛੇੜੇ ਬਸ ਇਹ ਚਾਹੁੰਦਾ ਸੀ।

ਜਦ **ਅਸ਼ਰ** ਓਸੇ ਆਪਣੇ ਇਕ ਪਾਸੇ ਝੁਕੀ ਟੋਰ ਨਾਲ ਅੰਦਰ ਆਇਆ ਤੇ ਜੂਰੀ ਨੂੰ ਅਦਾਲਤ ਦੇ ਕਮਰੇ ਵਿੱਚ ਸੱਦਿਆ, **ਨਿਖਲੀਊਧਵ** ਭੈ ਭੀਤ ਹੋ ਗਇਆ ਕਿ ਮਤੇ ਅਦਾਲਤ ਕਰਦਿਆਂ ਕਰਦਿਆਂ ਓਹ ਆਪ ਹੀ ਕਿਧਰੇ ਅਦਾਲਤਿਆ ਹੀ ਨਾ ਜਾਵੇ! ਆਪਣੀਆਂ ਰੂਹ ਦੀਆਂ ਡੂੰਘਾਈਆਂ ਵਿੱਚ ਓਹ ਪ੍ਰਤੀਤ ਕਰ ਰਹਿਆ ਸੀ ਕਿ ਓਹ ਬਦਮਾਸ਼ ਹੈ, ਤੇ ਲੋਕਾਂ ਦੇ ਮੂੰਹ ਵਲ ਸਿੱਧਾ ਤੱਕਣ ਵਿਚ ਉਹਨੂੰ ਸ਼ਰਮ ਆਉਣੀ ਚਾਹੀਦੀ ਏ। ਤਾਂ ਵੀ ਆਦਤ ਹੋ ਜਾਣ ਕਰਕੇ, ਉਹ ਆਪਣੀ ਮਾਮੂਲੀ ਮਾਨ ਭਰੀ ਟੋਰ ਨਾਲ ਪਲੇਟਫਾਰਮ ਉੱਪਰ ਆਣ ਚੜ੍ਹਿਆ, ਤੇ ਆਪਣੀ ਥਾਂ ਤੇ ਬਹਿ ਗਇਆ। ਆਪਣੀ ਇਕ ਟੰਗ ਦੂਜੀ ਉੱਪਰ ਰੱਖਕੇ, **ਪਿਨਸਨੇਜ਼** ਨੂੰ ਹੱਥਾਂ ਵਿੱਚ ਪੂੰਝਣ ਪਾਂਝਣ ਲਗ ਪਇਆ। ਕੈਦੀ ਵੀ ਬਾਹਰ ਲਿਜਾਏ ਗਏ ਸਨ, ਜਿਹੜੇ ਮੁੜ ਅੰਦਰ ਲਿਆਏ ਗਏ। ਅਦਾਲਤ ਵਿੱਚ ਕੁਛ ਇਕ ਨਵੇਂ ਬੇਸੁਰੇ ਦਿੱਸ ਰਹੇ ਸਨ, ਇਹ ਗਵਾਹ ਸਨ। ਤੇ **ਨਿਖਲੀ-ਊਧਵ** ਨੇ ਨੋਟਿਸ ਕੀਤਾ ਕਿ **ਮਸਲੋਵਾ** ਆਪਣੀਆਂ ਅੱਖਾਂ ਜੰਗਲੇ ਦੇ ਸਾਹਮਣੇ ਬੈਠੀ ਇਕ ਮੋਟੀ ਜਿਹੀ ਤੀਮੀਂ ਥੀਂ ਪਰੇ ਨਹੀਂ ਸੀ ਕਰ ਸਕਦੀ। ਇਹ ਤੀਮੀਂ ਕੌਣ ਸੀ ਜਿਸ ਬੜੀ ਦਿਖ ਵਾਲੀ ਰੇਸ਼ਮ ਤੇ ਮਖਮਲ ਦੀ ਭੜਕਦੀ ਹੋਈ

ਪੋਸ਼ਾਕ ਪਾਈ ਹੋਈ ਸੀ, ਸਿਰ ਉੱਪਰ ਬੜੀ ਉੱਚੀ ਟੋਪੀ ਸੀ ਤੇ ਇਕ ਸੋਹਣਾ ਫੀਤਾ ਉਸ ਉੱਪਰ ਬੱਧਾ ਹੋਇਆ ਸੀ, ਬਾਹਾਂ ਨੰਗੀਆਂ ਤੇ ਇਕ ਬਾਂਹ ਵਿੱਚ ਜਾਲੀ ਦਾ ਨਿੱਕਾ ਸੋਹਣਾ ਬੈਗ ਲਟਕਾਇਆ ਹੋਇਆ ਸੀ ? ਇਹ ਜਨਾਨੀ ਜਿੰਵ ਪਿੱਛੋਂ ਪਤਾ ਲੱਗਾ ਗਵਾਹਾਂ ਵਿੱਚੋਂ ਇਕ ਗਵਾਹ ਸੀ ਤੇ ਇਹ ਉਸ ਕੰਜਰ ਘਰ ਜਿੱਥੇ ਮਸਲੋਵਾ ਕੰਮ ਕਰਦੀ ਸੀ, ਦੀ ਚਲਾਣ ਵਾਲੀ ਮਾਲਕਾ ਸੀ।

ਗਵਾਹਾਂ ਦੇ ਬਿਆਨ ਹੋਣੇ ਸ਼ੁਰੂ ਹੋਏ, ਉਨ੍ਹਾਂ ਦੇ ਨਾਂ ਮਜ਼੍ਹਬ ਜਾਤ ਆਦਿ ਪੁੱਛੇ ਗਏ। ਫਿਰ, ਕੀ ਗਵਾਹਾਂ ਨੂੰ ਸੌਹਾਂ ਦਿੱਤੀਆਂ ਗਈਆਂ ਹਨ ਕਿ ਨਹੀਂ, ਦੀ ਪੁੱਛ ਗਿੱਛ ਦੇ ਮਗਰੋਂ ਮੁੜ ਉਹ ਪਾਦਰੀ ਆਪਣੀਆਂ ਟੰਗਾਂ ਉਸੇ ਚੋਗੇ ਜੇਹੇ ਵਿੱਚ ਦੀ ਮੁਸ਼ਕਲ ਨਾਲ ਹਿਲਾਉਂਦਾ ਅੰਦਰ ਆਇਆ। ਗਵਾਹਾਂ ਨੂੰ ਉਸੀ ਉਸਤਾਦੀ ਦੇ ਚੁਪ ਚਾਪ ਤ੍ਰੀਕੇ ਨਾਲ ਸੌਹਾਂ ਦਿੱਤੀਆਂ ਗਈਆਂ, ਪਾਦਰੀ ਨੇ ਆਪਣਾ ਕੰਮ ਉਸੀ ਮੋਟਮਰਦੀ ਨਾਲ ਕੀਤਾ, ਜਿਸ ਨਾਲ ਉਹ ਸਮਝਦਾ ਸੀ ਕਿ ਉਹ ਇਕ ਬੜਾ ਮੁਫੀਦ ਤੇ ਜ਼ਰੂਰੀ ਰੱਬ ਦਾ ਕੰਮ ਕਰ ਰਹਿਆ ਹੈ।

ਗਵਾਹਾਂ ਨੇ ਜਦ ਸੌਹਾਂ ਚੱਕ ਲਈਆਂ, ਕੰਜਰ ਘਰ ਦੀ ਮਾਲਕਾ ਕਿਤਈਵਾ ਦੇ ਸਿਵਾਏ ਸਭ ਬਾਹਰ ਕੱਢੇ ਗਏ। ਉਸ ਪਾਸੋਂ ਪੁੱਛਿਆ ਕਿ ਉਹ ਕੀ ਜਾਣਦੀ ਹੈ ? ਕਿਤਈਵਾ ਆਪਣੇ ਹਰ ਇਕ ਫਿਕਰੇ ਖਤਮ ਕਰਨ ਉੱਪਰ ਸਿਰ ਮਾਰਦੀ ਸੀ ਤੇ ਇਕ ਬਨਾਵਟੀ ਜੇਹੀ ਮੁਸਕੜੀ ਭਰਦੀ ਸੀ। ਉਸ ਪੂਰੇ ਪੂਰੇ ਤੇ ਸਮਝਦਾਰ ਤ੍ਰੀਕੇ ਨਾਲ ਸਾਰਾ ਹਾਲ ਦਸਿਆ। ਉਹਦੀ

ਕਥਨੀ ਵਿੱਚ ਤਕੜਾ **ਜਰਮਨ** ਲਹਜਾ ਸੀ। ਉਸ ਕਹਿਆ ਕਿ ਅੱਵਲ ਹੋਟਲ ਦਾ ਨੌਕਰ **ਸਾਈਮਨ** ਜਿਹਨੂੰ ਉਹ ਖੂਬ ਜਾਣਦੀ ਸੀ ਉਹਦੀ ਕੋਠੀ ਆਇਆ, ਤੇ ਉਸ ਆਣਕੇ ਕਿਹਾ ਕਿ **ਸਾਈਬੇਰੀਆ** ਥੀਂ ਆਏ ਤੇ ਹੋਟਲ ਵਿੱਚ ਉਤਰੇ ਮਹਿਮਾਨ ਲਈ ਇਕ ਲੜਕੀ ਦੀ ਲੋੜ ਹੈ ਤੇ ਓਸ ਨਾਲ ਖੜਨੀ ਹੈ।ਉਸਨੇ**ਲੂਬੋਵ** ਨੂੰ ਨਾਲ ਘਲ ਦਿੱਤਾ,ਕੁਛ ਦੇਰ ਪਿੱਛੋਂ **ਲੂਬੋਵ** ਸੁਦਾਗਰ ਸਮੇਤ ਕੰਜਰ ਘਰ ਵਾਪਸ ਆ ਗਈ। ਸੌਦਾਗਰ ਨੇ ਅੱਗੇ ਹੀ ਕੁਛ ਪੀਤੀ ਹੋਈ ਸੀ। ਇਹ ਕਹਿ ਕੇ ਕੁਛ ਮੁਸਕਰਾਈ। ਪਰ ਓਹ ਆਕੇ ਹੋਰ ਪੀਂਦਾ ਹੀ ਗਇਆ ਤੇ ਮੇਰੀਆਂ ਕੁੜੀਆਂ ਨੂੰ ਵੀ ਖਿਲਾਂਦਾ ਪਿਲਾਂਦਾ ਹੀ ਗਇਆ, ਤੇ ਉਨ੍ਹਾਂ ਨਾਲ ਹੱਸਦਾ ਖੇਡਦਾ ਰਹਿਆ। ਇੰਨੇ ਵਿੱਚ ਉਹਦੇ ਜੇਬ ਦੇ ਰੁਪਏ ਮੁੱਕ ਗਏ, ਤੇ ਇਸ ਕਰਕੇ ਉਸ ਨੇ **ਲੂਬੋਵ** ਨੂੰ ਆਪਣੇ ਹੋਟਲ ਦੇ ਕਮਰੇ ਜਾਕੇ ਹੋਰ ਰੁਪਏ ਲਿਆਉਣ ਨੂੰ ਘੱਲਿਆ। ਉਹਦਾ ਦਿਲ ਇਸ **ਲੂਬੋਵ** ਨਾਲ ਲੱਗ ਗਇਆ ਸੀ। ਜਦ ਇਹ ਗੱਲ ਕਹੀ ਤਦ ਓਸ **ਮਸਲੋਵਾ** ਵਲ ਵੀ ਤੱਕਿਆ।

**ਨਿਖਲੀਊਧਵ** ਨੇ ਇਉਂ ਖਿਆਲ ਕੀਤਾ ਕਿ ਉਹਦੀ ਇਹ ਗੱਲ ਕਹਿਣ ਉਪਰ **ਮਸਲੋਵਾ** ਕੁਝ ਮੁਸਕਰਾ ਪਈ ਸੀ, ਤੇ ਉਹਦੇ ਮੁਸਕਰਾਣ ਨੇ ਇਹਦਾ ਦਿਲ ਬੜਾ ਹੀ ਖਰਾਬ ਕੀਤਾ। ਉਹਦੇ ਮਨ ਵਿੱਚੋਂ ਇਕ ਅਣਬਣੀ ਸ਼ਕਲ ਦੀ ਘ੍ਰਿਣਾ ਦਾ ਭਾਵ

ਜਿਸ ਨਾਲ ਉਹਦੇ ਆਪਣੇ ਰੂਹ ਵਿੱਚ ਹੋਈ ਪੀੜਾ ਮਿਲੀ ਹੋਈ ਸੀ ਲੰਘ ਗਈ।

"ਪਰ ਮਸਲੋਵਾ ਬਾਬਤ ਤੇਰੀ ਆਪਣੀ ਕੀ ਰਾਏ ਹੈ?" ਇਕ ਸ਼ਰਮਾਕਲ ਜੇਹੇ ਤੇ ਘਾਬਰੇ ਹੋਏ ਵਕੀਲ ਨੇ ਜਿਹੜਾ ਮਸਲੋਵਾ ਦਾ ਸੀ, ਤੇ ਜਿਸ ਮੁਨਸਫੀ ਦੀ ਨੌਕਰੀ ਲਈ ਅਰਜੀ ਕੀਤੀ ਹੋਈ ਸੀ, ਕਿਤਈਵਾ ਨੂੰ ਪੁੱਛਿਆ।

"ਇਹ ਸਭ ਥੀਂ ਚੰਗੀ", ਕਿਤਈਵਾ ਨੇ ਉੱਤਰ ਦਿੱਤਾ– "ਇਹ ਜਵਾਨ ਔਰਤ ਪੜੀ ਲਿਖੀ ਤੇ ਬੜੀ ਆਹਲਾ ਹੈ, ਬੜੇ ਹੱਛੇ ਰਈਸੀ ਟੱਬਰ ਦੀ ਪਲੀ ਹੈ, ਫਰਾਂਸੀਸੀ ਜਬਾਨ ਪੜ ਲੈਂਦੀ ਹੈ, ਕਦੀ ਕਦੀ ਇਹ ਇਕ ਕਤਰਾ ਬਹੁੰ ਜ਼ਿਆਦਾ ਪੀ ਲੈਂਦੀ ਹੈ ਪਰ ਫਿਰ ਵੀ ਇਹ ਕਦੀ ਨਹੀਂ ਹੋਇਆ ਕਿ ਉਹ ਬੇਹੋਸ਼ ਹੋ ਜਾਵੇ, ਇਕ ਬੜੀ ਅਛੀ ਲੜਕੀ ਹੈ।"

ਕਾਤੂਸ਼ਾ ਨੇ ਇਸ ਤੀਮੀਂ ਵਲ ਤੱਕਿਆ ਤੇ ਝਟਾ ਪੱਟ ਫਿਰ ਆਪਣੀਆਂ ਅੱਖਾਂ ਜੂਰੀ ਵਲ ਮੋੜ ਦਿੱਤੀਆਂ ਤੇ ਨੀਝ ਲਾ ਕੇ ਨਿਖਲੀਊਧਵ ਵਲ ਵੇਖਣ ਲੱਗ ਗਈ। ਉਹਦਾ ਮੂੰਹ ਫਿਕਰ ਮੰਦ ਤੇ ਸਖਤ ਜੇਹਾ ਹੋ ਗਇਆ। ਓਹਦੀਆਂ ਫਿਕਰ ਮੰਦ ਅੱਖਾਂ ਵਿੱਚ ਦੀ ਓਹ ਮੰਦ ਮੰਦ ਭੈਂਗ ਵਜ ਰਹਿਆ ਸੀ ਤੇ ਕੁਛ ਚਿਰ ਓਹ ਅੱਖਾਂ ਨਿਖਲੀ-ਊਧਵ ਵਿੱਚ ਹੀ ਗੱਡੀਆਂ ਰਹੀਆਂ। ਨਿਖਲੀਊਧਵ

ਵੀ ਭੈ ਭੀਤ ਹੋਇਆ ਤੇ ਕਈ ਇਕ ਹੌਲਾਂ, ਜਿਹੜੇ ਓਹਦੇ ਅੰਦਰ ਘੋਲ ਕਰ ਰਹੇ ਸਨ, ਆਦਿ ਕਰਕੇ ਉਹ ਆਪਣੀਆਂ ਅੱਖਾਂ ਵੀ ਉਨ੍ਹਾਂ ਰਤਾਕੂ ਭੈਂਗ ਮਾਰਦੀਆਂ, ਹਾਂ ਉਨ੍ਹਾਂ ਸਾਫ ਚਮਕਦੇ ਚਿੱਟੇ ਆਨਿਆਂ ਵਾਲੀਆਂ, ਅੱਖਾਂ ਥੀਂ ਪਰੇ ਨਹੀਂ ਸੀ ਕਰ ਸੱਕਦਾ ।

ਇਹਨੂੰ ਮੁੜ ਉਸੀ ਡਰਾਉਣੀ ਰਾਤ ਦਾ ਚੇਤਾ ਆਇਆ । ਓਹੋ ਧੁੰਧ, ਓਹੋ ਨਦੀ ਵਿੱਚ ਗਲ ਰਹੀ ਯਖ ਦੇ ਨਿੱਕੇ ਨਿੱਕੇ ਟੁਕੜਿਆਂ ਦੀ ਆਵਾਜ਼ ਤੇ ਖਾਸ ਕਰ ਓਹ ਨਜ਼ਾਰਾ ਜਦ ਸਵੇਰ ਦਾ ਘੱਟਦਾ ਪੀਲਾ ਪਇਆ ਅਸਮਾਨਾਂ ਦਾ ਚੰਨ ਓਸੇ ਕਾਲੇ ਤੇ ਭੂਤੀਲੇ ਹਨੇਰੇ ਉੱਪਰ ਆਪਣੀ ਮਧਮ ਜੇਹੀ ਚਾਨਣੀ ਪਾ ਰਹਿਆ ਸੀ—ਆਦਿ ਸਭ ਯਾਦ ਆਏ ਅਤੇ **ਮਸਲੋਵਾ** ਦੇ ਓਹ ਦੋ ਕਾਲੇ ਨੈਨ ਓਹਨੂੰ ਉਸ ਭਿਆਨਕ ਰਾਤ ਦੇ ਹਨੇਰੇ ਤੇ ਉਸ ਵਿੱਚ ਕਿਸੀ ਭੂਤ ਖੜੇ ਦੇ ਨਜ਼ਾਰੇ ਨੂੰ ਯਾਦ ਕਰਾ ਰਹੇ ਸਨ ।

"ਮੈਨੂੰ ਸਿੰਞਾਣ ਲਇਆ ਸੂ," ਇਹ ਸਮਝ ਗਇਆ ਤੇ ਇਉਂ ਕੁਛ ਕਹਿ ਕੇ ਤ੍ਰਹਿ ਕੇ ਪਿੱਛੇ ਹਟਿਆ, ਜਿਵੇਂ ਕੋਈ ਓਹਨੂੰ ਸੱਟ ਮਾਰਨ ਲੱਗਾ ਹੈ ।

ਪਰ ਉਸ ਨੇ ਓਹਨੂੰ ਨਹੀਂ ਸੀ ਸਿੰਞਾਤਾ, ਉਸ ਤਾਂ ਸਬਰ ਜੇਹੇ ਦਾ ਇਕ ਠੰਢਾ ਸਾਹ ਭਰਿਆ ਸੀ ਤੇ ਮੁੜ ਪ੍ਰਧਾਨ ਵਲ ਵੇਖਣ ਲੱਗ ਪਈ ਸੀ । **ਨਿਖਲੀਊਧਵ** ਨੇ ਵੀ ਠੰਢਾ ਸਾਹ ਭਰਿਆ, "ਆਹ! ਇਹ ਮੁਕੱਦਮਾ ਛੇਤੀ ਮੁੱਕੇ," ਓਸ ਚਿਤਵਿਆ ।

ਓਹਨੂੰ ਬੱਸ ਓਹੋ ਜੇਹੀ ਰੂਹ-ਜਲੂਣ ਹੋਈ ਜਿਸ ਵਿੱਚ ਕਰਹਿਤ, ਘ੍ਰਿਣਾ, ਤਰਸ, ਤੇ ਕਾਹਲੋਗੀ ਮਿਲੇ ਜੁਲੇ ਸਨ,

ਜਿਹੜੀ ਇਕ ਸ਼ਿਕਾਰੀ ਨੂੰ ਫੱਟੜ ਪੰਛੀ ਦੇਖ ਕੇ ਹੁੰਦੀ ਹੁੰਦੀ ਹੈ। ਫੱਟੜ ਪੰਛੀ ਹੋਰ ਕਈ ਮਾਰੇ ਪੰਛੀਆਂ ਦੀ ਫਰਫਰਾਹਟ ਵਿੱਚ ਤੜਫ ਰਹਿਆ ਹੁੰਦਾ ਹੈ। ਆਦਮੀ ਨੂੰ ਕਰਹਿਤ ਜੇਹੀ ਆਉਂਦੀ ਹੈ, ਪਰ ਤਰਸ ਵੀ ਨਾਲ ਆਉਂਦਾ ਹੈ, ਪਰ ਇਉਂ ਦਿਲ ਵਿੱਚ ਕੁਛ ਹੁੰਦਿਆਂ ਵੀ ਓਹ ਇਸ ਕਾਹਲੀ ਵਿੱਚ ਹੁੰਦਾ ਹੈ ਕਿ ਝਟਾ ਪਟ ਓਹਦਾ ਫਾਹ ਵੱਢੇ। ਉਹਨੂੰ ਮਾਰ ਕੇ ਓਹਦੀ ਉਸ ਹਾਲਤ ਨੂੰ ਕਿਸੀ ਤਰਾਂ ਭੁਲ ਜਾਏ।

ਇਹੋ ਜੇਹੀਆ ਰਲੀਆਂ ਮਿਲੀਆਂ ਦਿਲ ਹਲੂਣੀਆਂ ਨਖਲੀਊਧਵ ਦੀ ਛਾਤੀ ਵਿੱਚ ਰਿਝ ਰਹੀਆਂ ਸਨ ਤੇ ਉਹ ਗਵਾਹਾਂ ਦੇ ਬਿਆਨ ਸੁਣੀ ਜਾ ਰਹਿਆ ਸੀ।

## ਕਾਂਡ ੨੦

ਪਰ ਓਹਦੀ ਇੱਛਾ ਦੇ ਬਰਖ਼ਲਾਫ, ਮੁਕੱਦਮਾ ਕੁਛ ਲਮਕੀਂਦਾ ਹੀ ਚਲਾ ਗਇਆ।

ਜਦ ਸਭ ਗਵਾਹਾਂ ਦੀ ਗਵਾਹੀ ਵੱਖਰੀ ਵਖਰੀ ਹੋ ਚੁਕੀ, ਡਾਕਟਰ-ਨਿਪੁਣ ਵੀ ਗਵਾਹੀ ਦੇ ਚੁੱਕਾ। ਸਰਕਾਰੀ ਵਕੀਲ ਵੀ ਅਨੇਕਾਂ ਫਜ਼ੂਲ ਫਜ਼ੂਲ ਸਵਾਲ ਪੁੱਛ ਚੁੱਕਾ, ਤੇ ਆਪਣੀ ਸ਼ਾਨ ਮਾਨ ਦਿਖਾਉਂਦੇ ਦੂਸਰੇ ਦੋਹਾਂ ਵਕੀਲਾਂ ਨੇ ਆਪਣੀ ਆਪਣੀ ਜਿਰ੍ਹਾ ਵੀ ਖਤਮ ਕਰ ਲਈ। ਤਦ ਪ੍ਰਧਾਨ ਨੇ ਜੂਰੀ ਨੂੰ ਕਹਿਆ ਕਿ ਉਹ ਮੁਕੱਦਮੇਂ ਵਿੱਚ ਆਏ ਜਰੂਰੀ ਵਾਕਿਆਤ ਤੇ ਸਚਾਈਆਂ ਨੂੰ ਆਪਣੇ ਜ਼ਿਹਨ ਵਿੱਚ ਚੰਗੀ ਤਰਾਂ ਬਿਠਾ ਲੈਣ, ਤੇ ਓਹ ਸਾਮਾਨ ਤੇ ਚੀਜ਼ਾਂ ਜਿਨ੍ਹਾਂ ਦਾ ਜ਼ਿਕਰ ਗਵਾਹੀਆਂ ਵਿੱਚ ਆਇਆ ਹੈ ਚੰਗੀ ਗੌਹ ਨਾਲ ਆਪ ਵੇਖ ਵਾਖ ਲੈਣ- ਓਹ ਹੀਰੇ ਦੀ ਮੁੰਦਰੀ ਜਿਸ ਉੱਪਰ ਹੀਰਿਆਂ ਵਿੱਚ ਬਣਿਆ ਇਕ ਗੁਲਾਬ ਦਾ ਫੁੱਲ ਕੁੰਦਨ ਕੀਤਾ ਹੋਇਆ ਹੈ, ਜਿਹੜੀ ਪਹਿਲੀ ਉਂਗਲੀ ਵਿੱਚ ਜਰੂਰ ਪਹਿਨੀ ਜਾਂਦੀ ਹੋਣੀ ਹੈ, ਤੇ ਇਕ **ਟੈਸਟ ਟਿਊਬ** ਜਿਸ ਵਿੱਚ ਜ਼ਹਿਰ ਦੀ ਵਿਖਾਰ ਤੇ ਪਰਖ ਕੀਤੀ ਗਈ ਸੀ। ਇਨ੍ਹਾਂ ਸਭ ਚੀਜ਼ਾਂ ਉੱਪਰ ਮੋਹਰਾਂ ਤੇ ਚਿਟਾਂ ਬਾ ਕਾਇਦਾ ਲੱਗੀਆਂ ਹੋਈਆਂ ਹਨ।

ਜੂਰੀ ਦੇ ਲੋਕੀ ਇਨ੍ਹਾਂ ਚੀਜ਼ਾਂ ਨੂੰ ਉੱਠ ਕੇ ਵੇਖਣ ਵਾਖਣ ਵੀ ਲੱਗ ਪਏ ਸਨ, ਜਦ ਸਰਕਾਰੀ ਵਕੀਲ ਨੇ ਉੱਠ ਕੇ ਕਹਿਆ ਕਿ ਇਨ੍ਹਾਂ ਚੀਜ਼ਾਂ ਦੇ ਮੁਲਾਹਿਜ਼ਾ ਕਰਨ ਥੀਂ ਪਹਿਲਾਂ ਇਹ ਜਰੂਰੀ ਹੈ ਕਿ ਡਾਕਟਰ ਦਾ ਜਿਸ ਲਾਸ਼ ਦੀ

ਛਾਨ ਬੀਨ ਕੀਤੀ ਹੈ, ਬਿਆਨ ਪੜ੍ਹ ਕੇ ਸੁਣਾ ਦਿੱਤਾ ਜਾਵੇ। ਪ੍ਰਧਾਨ ਜਿਹਨੂੰ ਇਸ ਕੰਮ ਦੇ ਨਿਪਟਾਣ ਦੀ ਜਲਦੀ ਪਈ ਹੋਈ ਸੀ ਕਿ ਇਹਨੂੰ ਮੁਕਾ ਕੇ ਛੇਤੀ ਉਹ ਆਪਣੀ ਸ੍ਰਿਸ ਕੁੜੀ ਪਾਸ ਪਹੁੰਚੇ, ਜਾਣਦਾ ਸੀ ਕਿ ਇਸ ਕਾਗਤ ਪੜ੍ਹਨ ਪੜ੍ਹਾਣ ਦਾ ਹੋਰ ਕੋਈ ਅਰਥ ਨਹੀਂ ਸੀ ਸਿੱਧ ਹੁੰਦਾ ਬੱਸ ਵਾਧੂ ਸਿਰ ਦਰਦੀ ਤੇ ਥਕਾਵਟ ਤੇ ਖਾਣ ਦੇ ਵਕਤ ਦਾ ਵੀ ਪੱਛੜ ਜਾਣਾ, ਬੱਸ। ਤੇ ਓਹਨੂੰ ਇਹ ਵੀ ਪਤਾ ਸੀ ਕਿ ਸਰਕਾਰੀ ਵਕੀਲ ਦਾ ਪੜ੍ਹਾਣ ਉੱਪਰ ਜ਼ਿੱਦ ਕਰਨ ਦਾ ਵੀ ਕੋਈ ਹੋਰ ਖਾਸ ਮਤਲਬ ਨਹੀਂ ਸੀ, ਬਸ ਇਹ ਕਿ ਇਓਂ ਓਹਦਾ ਕਰਵਾਣਾ ਉਹਦੇ ਹੁੱਦੇ ਦਾ ਇਕ ਹੱਕ ਸੀ ਤੇ ਇਸ ਕਰਕੇ ਹੀ ਓਸ ਇਹ ਮੰਗ ਕੀਤੀ ਵੀ ਸੀ। ਇਸ ਕਰਕੇ ਪ੍ਰਧਾਨ ਸਿਵਾਏ ਇਹਦੇ ਕਿ ਉਹ ਆਪਣੀ ਮਨਜ਼ੂਰੀ ਦੇ ਦੇਵੇ ਹੋਰ ਕੁਛ ਨਹੀਂ ਸੀ ਕਰ ਸੱਕਦਾ।

ਡਾਕਟਰ ਦੀ ਰਪੋਟ ਹੱਥ ਵਿੱਚ ਲਈ ਸਕੱਤਰ ਸਾਹਿਬ ਹੋਰੀ ਉੱਠੇ, ਤੇ ਆਪਣੀ ਜਰਾ ਕੂ ਥਥਲਾਂਦੀ ਅਵਾਜ਼ ਨਾਲ ਓਹਨੂੰ ਪੜ੍ਹਨ ਲਗ ਪਏ। ਰਾਰੇ ਤੇ ਲੱਲੇ ਦੇ ਤਲੱਫਜ਼ ਵਿੱਚ ਵਿਚਾਰਾ ਕੋਈ ਫਰਕ ਨਹੀਂ ਸੀ ਕਰ ਸੱਕਦਾ, ਲੱਲਾ ਸੀ ਲੱਲਾ।

ਲਾਸ਼ ਦੇ ਬਾਹਰਲੇ ਨਿਸ਼ਾਨਾਤ ਵੇਖਣ ਤੇ ਸਾਬਤ ਹੋਇਆ ਕਿ:—

੧. ਏਗਾਪੋਂਟ ਸਮੈਲਕੋਵ ਦਾ ਕੱਦ ਛੇ ਫੁੱਟ ਪੰਜ ਇੰਚ ਸੀ। "ਕੋਈ ਇੰਨਾ ਨੀਵਾਂ ਕੱਦ ਨਹੀਂ ਸੀ, ਬੜਾ

ਅੱਛਾ ਕੱਢ,'' ਸੌਦਾਗਰ ਨੇ **ਨਿਖਲੀਊਧਵ** ਦੇ ਕੰਨ ਵਿੱਚ ਕਹਿਆ।

੨. ਓਹਦੀ ਉਮਰ ੪੦ ਕੂ ਵਰ੍ਹਿਆਂ ਦੀ ਦਿੱਸਣ ਥੀਂ ਪਤਾ ਲੱਗਦਾ ਸੀ।

੩. ਲਾਸ਼ ਦੀ ਹਾਲਤ ਸੁੱਜੀ ਹੋਈ।

੪. ਮਾਸ ਸਾਵਾ ਹੋ ਗਇਆ ਸੀ ਤੇ ਕਈ ਥਾਵਾਂ ਤੇ ਕਾਲੇ ਧੱਬੇ ਸਨ।

੫. ਚਮੜਾ ਛਾਲੇ ਛਾਲੇ ਹੋਇਆ ਸੀ, ਛਾਲਾ ਕੋਈ ਵੱਡਾ, ਕੋਈ ਛੋਟਾ, ਕਿਧਰੋਂ ਕਿਧਰੋਂ ਚਮੜਾ ਨਾਲੋਂ ਲਹਿਣ ਲੱਗ ਪਇਆ ਸੀ, ਤੇ ਵੱਡੇ ਵੱਡੇ ਪੜਛਿਆਂ ਵਿੱਚ ਲਮਕ ਰਹਿਆ ਸੀ।

੬. ਵਾਲ **ਚੈਸਨਟ** ਰੰਗ ਦੇ ਸਨ, ਤੇ ਹੱਥ ਲਾਇਆਂ ਖੱਲੜੀ ਉੱਪਰੋਂ ਉਤਰਦੇ ਸਨ।

੭. ਅੱਖਾਂ ਦੇ ਆਨੇ ਖੋਲਾਂ ਵਿੱਚੋਂ ਬਾਹਰ ਨਿਕਲੇ ਹੋਏ ਸਨ ਤੇ ਧੀਰੀਆਂ ਮਿਸ ਗਈਆਂ ਹੋਈਆਂ ਸਨ।

੮. ਨਾਸਾਂ, ਕੰਨਾਂ, ਤੇ ਮੂੰਹ ਵਿੱਚੋਂ ਇਕ **ਸੀਰਮ** ਜੇਹੀ ਸ਼ਕਲ ਦਾ ਪਾਣੀ ਝਰ ਰਹਿਆ ਸੀ, ਮੂੰਹ ਅੱਧਾ ਖੁੱਲ੍ਹਾ ਸੀ।

੯. ਮੂੰਹ ਤੇ ਛਾਤੀ ਦੀ ਸੋਜ ਕਰਕੇ ਓਹਦੀ ਗਰਦਨ ਨਹੀਂ ਸੀ ਦਿੱਖ ਰਹੀ।

ਤੇ ਇਓਂ ਇਓਂ ਤੇ ਹੋਰ ਹੋਰ ਆਦਿ—ਚਾਰ ਸਫੇ ਪੂਰੇ ਭਰੇ ਹੋਏ ਸਨ। ਸਤਾਈ **ਪੈਰੇ** ਲਿਖੇ ਹੋਏ ਸਨ।

ਇਨ੍ਹਾਂ ਪੈਰਿਆਂ ਵਿੱਚ, ਉਸ ਬੜੇ ਅਕਾਰ ਵਾਲੀ ਮੋਟੀ, ਸੁਜੀ, ਤਰੱਕ ਰਹੀ ਲਾਸ਼ ਦੇ ਬਾਹਰਲੀ ਦੇਖ ਭਾਲ ਦੀਆਂ ਨਿੱਕੀਆਂ ਨਿੱਕੀਆਂ ਕੁਛ ਤਫਸੀਲਾਂ ਮਿਸਲੇ ਚਾਹੜੀਆਂ ਹੋਈਆਂ ਸਨ। ਓਹ ਲਾਸ਼ ਥੋੜਾ ਚਿਰ ਹੋਇਆ ਹੁਣੇ ਹੀ ਇਕ ਸੌਦਾਗਰ ਦੀ ਸੀ ਜੋ ਸ਼ਹਿਰ ਵਿੱਚ ਆਕੇ ਐਸ਼, ਭੋਗ ਕਰ ਰਹਿਆ ਸੀ।

ਓਹ ਦਿਲ ਕੱਚਾ ਕਰ ਦੇਣ ਵਾਲੀ ਖਲਬਲੀ ਜਿਹੜੀ **ਨਿਖਲੀਊਧਵ** ਨੂੰ ਅੱਗੇ ਹੀ ਹੋ ਰਹੀ ਸੀ, ਇਸ ਲਾਸ਼ ਦਾ ਹਾਲ ਸੁਣ ਕੇ ਹੋਰ ਵਧੀ। ਓਹਦੇ ਸਾਹਮਣੇ **ਕਾਤੂਸ਼ਾ** ਦੀ ਜ਼ਿੰਦਗੀ, ਓਹ ਲਾਸ਼ ਦੀਆਂ ਨਾਸਾਂ ਵਿੱਚੋਂ ਨਿਕਲ ਰਿਹਾ ਗੰਦ, ਉਹ ਉਹਦੇ ਆਨੇ ਖੋਲਾਂ ਵਿੱਚ ਬਾਹਰ ਨਿਕਲੇ ਹੋਏ, ਤੇ ਓਹਦਾ ਆਪਣਾ **ਕਾਤੂਸ਼ਾ** ਨਾਲ ਕੀਤਾ ਸਾਰਾ ਸਲੂਕ ਆਦਿ, ਓਹਨੂੰ ਸਭ ਕੁਛ ਇਹ ਉਸੀ ਸ਼ਰੇਣੀ ਦੀਆਂ ਚੀਜ਼ਾਂ ਦਿੱਸ ਰਹੀਆਂ ਸਨ। ਤੇ ਇਨ੍ਹਾਂ ਸਾਰੀਆਂ ਭੈੜੀਆਂ ਗੰਦੀਆਂ ਚੀਜ਼ਾਂ ਨਾਲ ਆਪਣਾ ਆਲਾ ਦੁਆਲਾ ਭਰਿਆ ਵੇਖ ਕੇ ਘਣੀ ਕਰਹਿਤ ਜੇਹੀ ਵਿੱਚ ਪਿਆ ਹੋਇਆ ਸੀ।

ਜਦ ਬਾਹਰਲੀ ਛਾਨ ਬੀਨ ਦੀ ਰਪੋਟ ਦਾ ਪੜ੍ਹਨਾਂ ਖਤਮ ਹੋਇਆ ਪ੍ਰਧਾਨ ਨੇ ਠੰਢਾ ਸਾਹ ਭਰਿਆ। ਆਪਣਾ ਸਿਰ ਚੁੱਕਿਆ ਕਿ ਆਖਰ ਕੰਮ ਖਤਮ ਹੋਣ ਤੇ ਹੈ। ਪਰ ਸਕੱਤਰ ਸਾਹਿਬ ਬਹਾਦਰ ਉਸ ਵੇਲੇ ਅੰਦਰ ਦੀ ਛਾਨ ਬੀਨ ਦੀ ਰਪੋਟ ਪੜ੍ਹਣ ਲੱਗ ਪਇਆ। ਪ੍ਰਧਾਨ ਨੇ ਫੇਰ ਆਪਣਾ ਸਿਰ ਆਪਣੇ ਹੱਥ ਸੁੱਟ ਦਿੱਤਾ, ਤੇ ਅੱਖਾਂ

ਮੀਟ ਲਈਆਂ। ਨਿਖਲੀਊਧਵ ਕੋਲ ਬੈਠਾ ਸੌਦਾਗਰ ਤਾਂ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖ ਹੀ ਨਹੀਂ ਸੀ ਸੱਕਦਾ, ਓਹਨੂੰ ਤਾਂ ਊਂਘਾਂ ਦੇ ਝੂਟੇ ਝੋਕੇ ਆ ਰਹੇ ਸਨ, ਤੇ ਕਦੀ ਕਦੀ ਓਹਦਾ ਸਰੀਰ ਝੋਕਿਆਂ ਵਿੱਚ ਅੱਗੇ ਤੇ ਕਦੀ ਪਿੱਛੇ ਪਇਆ ਵਜਦਾ ਸੀ। ਕੈਦੀ ਤੇ ਸਿਪਾਹੀਆਂ ਦੀ ਗਾਰਦ ਬਿਲਕੁਲ ਚੁੱਪ ਬੈਠੇ ਸੀ।

ਅੰਦਰੂਨੀ ਛਾਨ ਬੀਨ ਨੇ ਸਾਬਤ ਕੀਤਾ :–

੧. ਖੋਪਰੀ ਦੀਆਂ ਹੱਡੀਆਂ ਥੀਂ ਤੁਚਾ ਅਸਾਨੀ ਨਾਲ ਲਾਹੀ ਜਾ ਸੱਕਦੀ ਸੀ।

੨. ਖੋਪਰੀ ਦੀਆਂ ਹੱਡੀਆਂ ਮੁਤਵਸਤ ਮੋਟਾਈ ਦੀਆਂ ਸਨ, ਹਾਲਤ ਚੰਗੀ।

੩. ਮਗਜ਼ ਦੇ ਮੁਲੱਮੇ ਉੱਪਰ ਦੋ ਦੋ ਚਾਰ ਚਾਰ ਇੰਚ ਦੀਆਂ ਥਾਵਾਂ ਉੱਪਰ ਦਾਗ ਸਨ, ਇਨ੍ਹਾਂ ਦਾ ਰੰਗ ਵੱਟਿਆ ਹੋਇਆ ਸੀ। ਮੁਲੰਮਾ ਮਾੜੇ ਜੇਹੇ ਚਿੱਟੇ ਰੰਗ ਦਾ ਸੀ।

ਤੇ ਇਓਂ ੧੩ ਪੈਰੇ ਖਤਮ ਹੋਏ।

ਤੇ ਫੇਰ ਡਾਕਟਰ ਨਾਲ ਲੱਗੇ ਅਸਟੰਟ ਦੇ ਨਾਂ ਤੇ ਦਸਤਖਤ ਸਨ ਆਏ, ਤੇ ਆਖਰ ਡਾਕਟਰ ਦਾ ਨਤੀਜਾ ਇਹ ਕੱਢਿਆ ਹੋਇਆ ਸੀ ਕਿ ਮਿਹਦੇ ਦੇ ਅੰਦਰ ਦੇਖੀਆਂ ਤਬਦੀਲੀਆਂ ਥੀਂ ਤੇ ਉਸ ਥੀਂ ਘੱਟ, ਆਂਦਰਾਂ ਤੇ ਗੁਰਦਿਆਂ ਦੇ ਪੋਸਟ ਮਾਰਟਮ ਮਰਨ ਬਾਹਦ ਦੀਆਂ ਵੱਟੀਆਂ ਹਾਲਤਾਂ ਥੀਂ, ਤੇ ਉਨ੍ਹਾਂ ਸਾਰੀਆਂ ਆਸ ਪਾਸ

ਦੀਆਂ ਗਵਾਹਾਂ ਦੇ ਬਿਆਨਾਂ ਨੂੰ ਨਾਲ ਮਿਲਵਾਂ ਕਰਨ ਥੀਂ, ਇਹ ਅਗ਼ਲਬ ਹੈ ਕਿ ਸੌਦਾਗਰ ਦੀ ਮੌਤ ਸ਼ਰਾਬ ਵਿੱਚ ਜ਼ਹਿਰ ਘੋਲ ਕੇ ਦੇ ਦੇਣ ਨਾਲ ਹੋਈ ਹੋਵੇ। ਮਿਹਦੇ ਦੀ ਹਾਲਤ ਥੀਂ, ਉਸ ਵੇਲੇ ਇਹ ਫੈਸਲਾ ਕਰਨਾ ਕਿ ਕਿਹੜਾ ਜ਼ਹਿਰ ਦਿੱਤਾ ਗਇਆ, ਮੁਸ਼ਕਿਲ ਹੈ। ਪਰ ਇਹ ਜੁਰਮ ਲਾਣਾ ਠੀਕ ਹੈ ਕਿ ਜ਼ਹਿਰ ਸ਼ਰਾਬ ਵਿੱਚ ਘੋਲ ਕੇ ਦਿੱਤਾ ਗਇਆ ਹੈ, ਕਿਉਂਕਿ ਸਮੈਲਕੋਵ ਦੇ ਮਿਹਦੇ ਵਿੱਚ ਅਲਕੋਹਲ ਦੀ ਮਿਕਦਾਰ ਬਹੁਤ ਜ਼ਿਆਦਾ ਸੀ।

"ਉਹ ਤਾਂ ਬਾਹਲੀ ਪੀ ਜੂ ਲੈਂਦਾ ਸੀ, ਇਸ ਵਿੱਚ ਤਾਂ ਕੋਈ ਗਲਤੀ ਨਹੀਂ," ਓਹ ਊਂਘਾਂ ਲੈਣ ਵਾਲੇ ਸੌਦਾਗਰ ਨੇ ਜੋ ਹੁਣ ਹੀ ਠਮਕੇ ਥੀਂ ਜਾਗਿਆ ਸੀ, ਗੋਸ਼ੇ ਵਿੱਚ ਕਹਿਆ।

ਇਸ ਰਿਪੋਟ ਦੇ ਪੜ੍ਹਨ ਵਿੱਚ ਪੂਰਾ ਇਕ ਘੰਟਾ ਲੱਗ ਗਇਆ ਸੀ, ਪਰ ਸਰਕਾਰੀ ਵਕੀਲ ਦੀ ਪੂਰੀ ਤਸੱਲੀ ਹਾਲੇ ਵੀ ਨਹੀਂ ਸੀ ਹੋਈ। ਤੇ ਓਹ ਇਸ ਗੱਲ ਥੀਂ ਪਤਾ ਲੱਗਦੀ ਸੀ, ਕਿ ਜਦ ਬਾਹਰ ਦੀ ਹਾਲਤ ਦੀ ਰਪੋਟ ਪੜ੍ਹੀ ਜਾ ਚੁੱਕੀ ਸੀ ਤਾਂ ਪ੍ਰਧਾਨ ਵਿਚਾਰੇ ਨੇ ਉਸ ਵਲ ਮੁੜ ਕੇ ਕਹਿਆ ਸੀ—"ਮੇਰੀ ਜਾਚੇ ਹੁਣ ਅੰਦਰਲੀ ਹਾਲਤ ਦੀ ਰਿਪੋਟ ਪੜ੍ਹਨ ਦੀ ਕੋਈ ਲੋੜ ਨਹੀਂ", ਪਰ ਓਸ ਨੇ ਬਿਨਾਂ ਪ੍ਰਧਾਨ ਵਲ ਤੱਕੇ ਦੇ ਹੀ ਕੜੀ ਸੁਰ ਵਿੱਚ ਜਵਾਬ ਦਿੱਤਾ ਸੀ—"ਮੈਂ ਤਾਂ ਸਾਰੀ ਪੜ੍ਹੀ ਜਾਣ ਲਈ ਕਹਾਂਗਾ।"

ਓਹ ਆਪਣੀ ਥਾਂ ਤੇ ਬੈਠਾ ਬੈਠਾ ਹੀ ਜਰਾ ਉਤਾਹਾਂ

ਨੂੰ ਹੋਇਆ ਸੀ, ਤੇ ਉਸ ਨੇ ਆਪਣੇ ਕਹਿਣ ਬਹਿਣ ਦੇ ਲਹਿਜੇ ਨਾਲ ਦੱਸ ਦਿੱਤਾ ਸੀ ਕਿ ਇਸ ਰਪੋਟ ਨੂੰ ਪੜ੍ਹਾਣ ਦਾ ਓਹਦਾ ਹੱਕ ਹੈ ਤੇ ਓਹ ਆਪਣਾ ਹੱਕ ਪੂਰਾ ਮੰਗੇਗਾ, ਤੇ ਜੇ ਨਾ ਦਿੱਤਾ ਜਾਵੇਗਾ ਤਦ ਉਸ ਲਈ ਉਪਰਲੀਆਂ ਅਦਾਲਤਾਂ ਵਿੱਚ ਅਪੀਲ ਕਰਨ ਦੀ ਵਜ੍ਹਾ ਨਿਕਲ ਆਵੇਗੀ। ਅਦਾਲਤ ਦਾ ਓਹ ਲੰਮੀ ਦਾਹੜੀ ਵਾਲਾ ਮੈਂਬਰ ਜਿਹਨੂੰ ਬਦ ਹਜ਼ਮੀ ਦੀ ਸ਼ਕਾਇਤ ਸੀ, ਤੇ ਜਿਹੜਾ ਹੁਣ ਬੜੀ ਥਕਾਵਟ ਨਾਲ ਮਾਰਿਆ ਹੀ ਪਇਆ ਸੀ ਪ੍ਰਧਾਨ ਵਲ ਮੁੜਿਆ ਤੇ ਓਸ ਨੇ ਕਿਹਾ, "ਇਹ ਸਭ ਕੁਛ ਪੜ੍ਹਨ ਦੀ ਕੀ ਲੋੜ ਹੈ ? ਇਹ ਬੱਸ ਮੁਕੱਦਮੇ ਨੂੰ ਨਿਰਾ ਲਮਕਾਣਾ ਹੀ ਹੈ। ਇਹ ਨਵੇਂ ਝਾੜੂ ਸਾਫ ਬਹਾਰੀ ਨਹੀਂ ਦਿੰਦੇ, ਬਸ ਚਿਰ ਬਹੂੰ ਲਾਈ ਜਾ ਰਹੇ ਹਨ"। ਸੋਨੇ ਦੀ ਐਨਕ ਪਾਏ ਹੋਏ ਮੈਂਬਰ ਨੇ ਕਹਿਆ ਤਾਂ ਕੁਛ ਨਾਂਹ, ਪਰ ਬੜਾ ਉਦਾਸ ਜੇਹਾ ਮੂੰਹ ਬਣਾ ਕੇ ਸਾਹਮਣੇ ਦੇਖਣ ਲੱਗ ਪਇਆ। ਉਦਾਸੀ ਓਹਨੂੰ ਇਸ ਗੱਲ ਦੀ ਸੀ ਕਿ ਨ ਹੁਣ ਦੁਨੀਆਂ ਵੱਲੋਂ ਕੋਈ ਆਸ ਰਹੀ ਤੇ ਨ ਵਹੁਟੀ ਵੱਲੋਂ।

ਹੁਣ ਰਿਪੋਟ ਮੁੜ ਪੜ੍ਹਨੀ ਸ਼ੁਰੂ ਹੋਈ:—

"ਸਨ ੧੮੯੮ ਵਿੱਚ ੧੫ ਫਰਵਰੀ ਨੂੰ ਮੈਂ ਜਿਸ ਆਪਣਾ ਦਸਤਖਤ ਤਲੇ ਕੀਤਾ ਹੈ, **ਮੈਡੀਕਲ** ਮਹਿਕਮੇ ਵਲੋਂ ਹੁਕਮ ਪਾ ਕੇ ਨੰਬਰ ੬੩੮ ਡਾਕਟਰੀ ਮੁਲਾਹਿਜ਼ਾ ਕੀਤਾ", ਸਕੱਤਰ ਨੇ ਇਉਂ ਇਕ ਕਰੜੇਪਨ ਨਾਲ ਫਿਰ ਵਾਚਨਾ ਸ਼ੁਰੂ ਕੀਤਾ। ਆਪਣੀ ਸੁਰ ਵੀ ਹੁਣ ਪੰਚਮ ਦੀ

ਕਰ ਦਿੱਤੀ ਤਾਕਿ ਜਿਹੜੇ ਊਂਘਾ ਲੈ ਰਹੇ ਸਨ ਉਹ ਜਾਗ ਪੈਣ ਤੇ ਸਾਵਧਾਨ ਹੋ ਸੁਣ ਲੈਣ। ਤਕਰੀਬਨ ਸਭ ਲੋਕੀ ਉਸ ਵੇਲੇ ਊਂਘਾ ਲੈ ਰਹੇ ਸਨ।

"ਅਸਿਸਟੰਟ ਮੈਡੀਕਲ ਇਨਸਪੈਕਟਰ ਦੀ ਮੌਜੂਦਗੀ ਵਿੱਚ ਮੈਂ ਨੇ ਅੰਦਰ ਦੇ ਅੰਗਾਂ ਦਾ ਮੁਲਾਹਿਜ਼ਾ ਕੀਤਾ:-

(੧) ਸੱਜਾ ਫਿਫੜਾ ਤੇ ਦਿਲ (ਇਕ ਸ਼ੀਸ਼ੇ ਦੇ ਬਰਤਨ ਵਿੱਚ ਵਜ਼ਨ ੫ ਪੌਂਡ ਸੀ, ਪਏ ਹੋਏ ਸਨ)।

(੨) ਮਿਹਦੇ ਦੀਆਂ ਅੰਦਰਲੀਆਂ ਚੀਜ਼ਾਂ (ਇਕ ਛੇ ਪੌਂਡ ਵਜ਼ਨ ਦੇ ਬਰਤਨ ਵਿੱਚ)।

(੩) ਮਿਹਦਾ ਖਾਸ (ਛੇ ਪੌਂਡ ਦੇ ਬਰਤਨ ਵਿੱਚ)।

(੪) ਜਿਗਰ, ਲਿਫ ਤੇ ਗੁਰਦੇ (ਇਕ ਨੌ ਪੌਂਡ ਵਜ਼ਨੀ ਸ਼ੀਸ਼ੇ ਦੀ ਬੋਤਲ਼ ਵਿੱਚ)।

(੫) ਆਂਦਰਾਂ (ਇਕ ਨੌਂ ਪੌਂਡ ਚੀਨੀ ਦੇ ਬਰਤਨ ਵਿੱਚ)।

ਪ੍ਰਧਾਨ ਨੇ ਮੈਂਬਰਾਂ ਵਿੱਚੋਂ ਇਕ ਨਾਲ ਗੋਸ਼ਾ ਕੀਤਾ, ਫਿਰ ਦੂਜੇ ਵਲ ਉੜਿਆ, ਤੇ ਉਨ੍ਹਾਂ ਦੋਹਾਂ ਦੀ ਮਨਜ਼ੂਰੀ ਨਾਲ ਓਸ ਕਹਿਆ, "ਅਦਾਲਤ ਇਸ ਰਿਪੋਟ ਦਾ ਪੜ੍ਹਨਾ ਵਾਧੂ ਸਮਝਦੀ ਹੈ"। ਸਕੱਤਰ ਨੇ ਪੜ੍ਹਨਾ ਬੰਦ ਕਰ ਦਿੱਤਾ ਤੇ ਕਾਗਤ ਠੱਪ ਲਏ, ਤੇ ਸਰਕਾਰੀ ਵਕੀਲ ਆਪਣੇ ਕਾਗਜ਼ਾਂ ਉੱਪਰ ਕੁਛ ਲਿਖਣ ਲਗ ਪਇਆ।

"ਜੂਰੀ ਦੇ ਭਲੇ ਮਾਨੁਖ ਹੁਣ ਸ਼ਹਾਦਤ ਵਿਚ ਪੇਸ਼ ਕੀਤੀਆਂ ਚੀਜ਼ਾਂ ਦੇਖ ਲੈਣ," ਪ੍ਰਧਾਨ ਨੇ ਕਹਿਆ।

**ਫੋਰਮੈਨ** ਤੇ ਹੋਰ ਕਈ ਉੱਠੇ ਤੇ ਮੇਜ਼ ਕੋਲ ਗਏ। ਖਾਸ ਪਤਾ ਕਿਸੀ ਨੂੰ ਵੀ ਨਹੀਂ ਸੀ ਕਿ ਉਨ੍ਹਾਂ ਆਪਣੇ ਹੱਥਾਂ ਨਾਲ ਓਥੇ ਕੀ ਕਰਨਾ ਹੈ। ਕਦੀ ਮੁੰਦਰੀ ਨੂੰ ਤੱਕਦੇ ਸਨ, ਕਦੀ ਸੀਸ਼ੇ ਦੇ ਬਰਤਨਾਂ ਨੂੰ, ਕਦੀ **ਟੈਸਟ-ਟਯੂਬ** ਨੂੰ। ਸੌਦਾਗਰ ਨੇ ਮੁੰਦਰੀ ਆਪਣੀਆਂ ਉਂਗਲੀ ਵਿੱਚ ਪਾ ਪਾ ਕੇ ਵੀ ਤੱਕੀ, "ਓਏ! ਕੋਈ ਓਹਦੀ ਉਂਗਲ ਸੀ ਕਿ ਬਸ ਉਂਗਲਾ ਸੀ," ਓਸ ਕਹਿਆ ਤੇ ਆਪਣੀ ਥਾਂ ਤੇ ਆਕੇ ਬਹਿ ਗਇਆ। ਸਾਫ ਸੀ ਕਿ ਇਸਨੇ ਆਪਣੇ ਮਨ ਵਿੱਚ ਜੋ ਵੱਡਾ ਸਾਰਾ ਅਕਾਰ ਓਸ ਮਾਰੇ ਗਏ ਸੌਦਾਗਰ ਦਾ ਬਣਾਇਆ ਸੀ, ਓਹਦਾ ਖਿਆਲ ਕਰਨਾ ਇਸ ਦਾ ਮਨ ਪਰਚਾਵਾ ਸੀ।

## ਕਾਂਡ ੨੧.

ਸ਼ਹਾਦਤ ਵਿੱਚ ਜ਼ਿਕਰ ਆਈਆਂ ਚੀਜ਼ਾਂ ਦਾ ਮੁਲਾਹਿਜ਼ਾ ਖਤਮ ਹੋਇਆ। ਪ੍ਰਧਾਨ ਨੇ ਐਲਾਨ ਕੀਤਾ ਕਿ ਓਹ ਤਹਿਕੀਕਾਤ ਹੁਣ ਖਤਮ ਹੋ ਚੁਕੀ ਹੈ ਤੇ ਲਗਦੇ ਹੀ ਸਰਕਾਰੀ ਵਕੀਲ ਨੂੰ ਕਹਿਆ ਕਿ ਹੁਣ ਓਹ ਅੱਗੇ ਚਲੇ। ਪਰ ਆਸ ਪ੍ਰਗਟ ਕੀਤੀ ਕਿ ਓਹ ਵੀ ਚੂੰਕਿ ਹੋਰਨਾਂ ਵਾਂਗ ਮਾਸ ਦਾ ਆਦਮੀ ਹੀ ਹੈ ਤੇ ਓਹਨੂੰ ਵੀ ਜ਼ਰਾ ਸਿਗਰਟ ਪੀਣ ਅਥਵਾ ਕੁਛ ਖਾਣ ਪੀਣ ਦੀ ਲੋੜ ਮਹਿਸੂਸ ਹੋਈ ਹੀ ਹੋਵੇਗੀ, ਤੇ ਹੋਰਨਾਂ ਪਰ ਵੀ ਓਹ ਤਰਸ ਕਰੇਗਾ। ਪਰ ਸਰਕਾਰੀ ਵਕੀਲ ਨੇ ਨਾ ਆਪਣੇ ਲਈ, ਨ ਕਿਸੀ ਹੋਰ ਲਈ, ਕੋਈ ਤਰਸ ਕੀਤਾ। ਓਹਦੀ ਤਬੀਅਤ ਹੀ ਬੜੀ ਠੋਸ ਸੀ ਤੇ ਓਹਦੇ ਇਲਾਵਾ ਬਦਕਿਸਮਤੀ ਦੀ ਗੱਲ ਇਹ ਹੋਈ ਹੋਈ ਸੀ ਕਿ ਓਸਨੂੰ ਆਪਣੇ ਸਕੂਲ ਪਾਸ ਕਰਨ ਉੱਪਰ ਇਕ ਸੋਨੇ ਦਾ ਤਮਗ਼ਾ ਮਿਲਿਆ ਸੀ। ਇਹ ਤਮਗ਼ਾ ਓਹਨੂੰ ਯੂਨੀਵਰਸਟੀ ਵਿੱਚ ਪੜ੍ਹਦਿਆਂ, **ਰੋਮਨ ਲਾ** ਦੇ ਮਜ਼ਮੂਨ ਦੇ ਸੰਬੰਧ ਵਿੱਚ "ਸਰਵੀਟਯੂਡ" ਅਰਥਾਤ ਗੁਲਾਮਪੁਣੇ ਉੱਪਰ ਇਕ ਲੇਖ ਲਿਖਣ ਲਈ ਇਨਾਮ ਦਿਤਾ ਗਇਆ ਸੀ ਤੇ ਇਸ ਲਈ ਓਹ ਬੜਾ ਹੀ ਅਭਿਮਾਨੀ ਸੀ ਤੇ ਆਪਣੇ ਕਾਨੂੰਨ ਦੀ ਲਿਆਕਤ ਉੱਪਰ ਤਸੱਲੀ ਸੀ। (ਤੇ ਓਹਦੀ ਹਉਮੈ ਨੂੰ ਪੱਠੇ ਇਕ ਹੋਰ ਪਾਸਿਓਂ ਵੀ ਪੈਂਦੇ ਸਨ ਕਿ ਓਹ ਰਈਸੀ ਤੀਮੀਆਂ ਨਾਲ ਯਾਰਾਨੇ ਬੜੀ ਕਾਮਯਾਬੀ ਨਾਲ ਪਾਉਂਦਾ ਸੀ) ਤੇ ਇਨ੍ਹਾਂ

ਕਾਰਨਾਂ ਕਰਕੇ ਉਹਦਾ ਐਹਮਕਪੁਨਾ ਗ਼ੈਰ ਮਾਮੂਲੀ ਹੋ ਚੁਕਾ ਸੀ।

ਜਦ ਓਹਨੂੰ ਆਪਣੀ ਤਕਰੀਰ ਕਰਨ ਲਈ ਬੁਲਾਇਆ ਗਇਆ ਤਦ ਬੜੇ ਨਖਰੀਲੇ ਅੰਦਾਜ਼ ਨਾਲ ਬੜੀ ਹੌਲੀ ਹੌਲੀ ਉੱਠਿਆ। ਆਪਣਾ ਹੱਥ ਮੇਜ਼ ਉੱਪਰ ਰੱਖ ਕੇ ਕਮਰੇ ਦੇ ਚਾਰ ਚੁਫੇਰੇ ਨਿਗਾਹ ਮਾਰੀ। ਰਤਾਕੁ ਸਿਰ ਨੀਂਵਾ ਕਰ ਕੇ ਸਲਾਮ ਕੀਤਾ ਤੇ ਕੈਦੀਆਂ ਦੀਆਂ ਅੱਖਾਂ ਥੀਂ ਅੱਖ ਬਚਾ ਕੇ ਲਗਾ ਓਹ ਤਕਰੀਰ ਕਰਨ। ਇਹ ਤਕਰੀਰ ਜਦ ਰੀਪੋਟਾਂ ਪੜ੍ਹੀਆਂ ਜਾ ਰਹੀਆਂ ਸਨ, ਉਸ ਨੇ ਓੱਥੇ ਬੈਠੇ ਬੈਠੇ ਹੀ ਤਿਆਰ ਕੀਤੀ ਸੀ।

"ਜੂਰੀ ਦੇ ਭਲੇ ਮਾਨੁੱਖੋ! ਇਹ ਮੁਕੱਦਮਾਂ ਜੋ ਆਪ ਦੇ ਸਾਹਮਣੇ ਹੈ ਜੇ ਮੈਂ ਇਉਂ ਆਪਣੇ ਆਪ ਦਾ ਮਤਲਬ ਦਸ ਸੱਕਾਂ, ਮੈਂ ਕਹਾਂਗਾ, ਕਿ ਇਕ ਬਹੁਤ ਗ਼ੈਰ ਮਾਮੂਲੀ ਮੁਕੱਦਮਾਂ ਹੈ।"

ਓਹਦੇ ਖਿਆਲ ਅਨੁਸਾਰ ਸਰਕਾਰੀ ਵਕੀਲ ਦੀ ਤਕਰੀਰ ਲੋਕਾਂ ਲਈ ਇਕ ਖਾਸ ਤਰਾਂ ਦੀ ਜ਼ਰੂਰੀ ਤਕਰੀਰ ਸਮਝੀ ਜਾਣੀ ਚਾਹੀਦੀ ਹੈ ਜਿਵੇਂ ਮਸ਼ਹੂਰ ਵਕੀਲਾਂ ਦੀਆਂ ਦੁਨੀਆਂ ਵਿੱਚ ਮੰਨੀਆਂ ਪਰਮੰਨੀਆਂ ਤਕਰੀਰਾਂ ਹੁੰਦੀਆਂ ਹਨ, ਤੇ ਜਿਨ੍ਹਾਂ ਤਕਰੀਰਾਂ ਕਰਕੇ ਓਹ ਵੱਡੇ ਬਣਦੇ ਹਨ। ਠੀਕ ਭਾਈ ਠੀਕ, ਓਹਦੀ ਤਕਰੀਰ ਸੁਣਨ ਵਾਲੇ ਕੌਣ ਕੌਣ ਆਏ ਸਨ, ਤਿੰਨ ਜਨਾਨੀਆਂ ਬੈਠੀਆਂ ਸਨ ਇਕ ਓਹ ਸੀਨ ਪ੍ਰੋਣ ਵਾਲੀ, ਇਕ ਰਸੋਇਣ, ਤੇ ਇਕ ਸਾਈਮਨ ਦੀ ਭੈਣ ਤੇ ਇਕ ਕੋਚਵਾਨ ਗੱਡੀਵਾਨ। ਪਰ ਕੋਈ ਆਵੇ ਨਾ ਆਵੇ ਸਰਕਾਰੀ ਵਕੀਲ ਦੀ ਤਕਰੀਰ ਆਲੀਸ਼ਾਨ ਤਰਾਂ

ਦੀ ਹੋਣੀ ਚਾਹੀਏ। ਜਿਹੜੇ ਮਸ਼ਹੂਰ ਹੋ ਚੁਕੇ ਸਨ, ਉਨ੍ਹਾਂ ਪਹਿਲਿਆਂ ਆਪਣੀ ਵਕਾਲਤ ਇਉਂ ਹੀ ਸ਼ੁਰੂ ਕੀਤੀ ਸੀ। ਸਰਕਾਰੀ ਵਕੀਲ ਦੇ ਹੋਰ ਅਸੂਲਾਂ ਵਿੱਚ ਇਕ ਇਹ ਵੀ ਅਸੂਲ ਦੀ ਗੱਲ ਸੀ ਕਿ ਹਮੇਸ਼ਾਂ ਆਪਣੀ ਥਾਂ ਤੇ ਉੱਚਾ ਬੋਲਣਾ, ਤੇ ਆਪਣੇ ਅੱਗੇ ਆਏ ਸਵਾਲ ਨੂੰ ਚੋਟੀ ਥੀਂ ਫੜ ਝੰਝੋਣਨਾ, ਤੇ ਜੁਰਮ ਕਰਨ ਵਾਲਿਆਂ ਦੇ ਅੰਦਰਲੇ ਚਿਤ ਦੇ ਇਰਾਦੇ ਤੇ ਮਨਤਵਾਂ ਤੇ ਨੀਤਾਂ ਤਕ ਅਪੜਨਾ, ਤੇ ਸੋਸੈਟੀ ਦੇ ਜ਼ਖ਼ਮਾਂ, ਜ਼ਰਬਾਂ ਨੂੰ ਨੰਗਾ ਕਰ ਕਰ ਦੱਸਣਾ।

''ਜੂਰੀ ਦੇ ਭਲੇ ਮਾਨੁਖੋ! ਤੁਸੀ ਆਪਣੇ ਸਾਹਮਣੇ ਇਕ ਕਿਸੀ ਦਾ ਕੀਤਾ ਜੁਰਮ ਦੇਖ ਰਹੇ ਹੋ ਜਿਹੜਾ, ਸਾਡੀ ਸਦੀ, ਜੇ ਮੈਂ ਆਪਣੇ ਮਤਲਬ ਨੂੰ ਇਉਂ ਪ੍ਰਗਟ ਕਰ ਸਕਦਾ ਹਾਂ, ਦੇ ਆਖ਼ਰਲੇ ਗੁਜ਼ਰਦੇ ਹਿੱਸੇ ਵਿੱਚ ਆਪਣੀ ਕਿਸਮ ਦਾ ਖਾਸ ਇਕ ਗ਼ੈਰਮਾਮੂਲੀ ਜੁਰਮ ਹੈ, ਯਾ ਜੇ ਇਉਂ ਮੈਂ ਕਹਿ ਸਕਾਂ, ਇਸ ਦੀ ਨੁਹਾਰ ਇਕ ਬੜੀ ਦੁਖਦਾਈ ਘਟਨਾ ਦੀ ਹੈ। ਇਕ ਇਨਸਾਨੀ ਲੁਚਪੁਣੇ ਦੀ ਜਿੰਦੇ ਪੰਜੇ ਵਿੱਚ ਆਈ ਸਾਡੀ ਸੁਸਾਇਟੀ ਸ਼ਿਕਾਰ ਹੋ ਰਹੀ ਹੈ ਯਾ ਜੇ ਮੈਂ ਇੰਝ ਕਹਿ ਸੱਕਾਂ, ਜਿਦੀ ਬਦਚਲਣੀ ਦੀਆਂ ਸਾੜ ਦੇਣ ਵਾਲੀਆਂ ਕਿਰਨਾਂ ਨੇ ਸਾਡੀ ਸੋਸਾਇਟੀ ਨੂੰ ਭੁੰਨ ਸੁਟਣਾ ਹੈ।''

ਸਰਕਾਰੀ ਵਕੀਲ ਨੇ ਬੜੀ ਲੰਬੀ ਚੌੜੀ ਇਉਂ ਤਕਰੀਰ ਕੀਤੀ। ਜੋ ਜੋ ਨੁਕਤੇ ਓਸ ਆਪਣੇ ਦਿਮਾਗ਼ ਵਿੱਚ ਬੰਨ੍ਹੇ ਸਨ, ਉਨ੍ਹਾਂ ਵਿੱਚੋਂ ਇਕ ਵੀ ਓਹ ਨਹੀਂ ਸੀ ਭੁਲਿਆ ਤੇ ਅੜਿਆ ਕਿਧਰੇ ਨਾ। ਬਸ ਬੋਲੀ ਹੀ ਗਇਆ ਜਿਵੇਂ ਕੋਈ ਵਗਦਾ ਜਾ ਰਹਿਆ ਹੈ ਤੇ ਬਿਨਾ ਸਾਹ ਲਏ ਦੇ ਸਵਾ ਘੰਟਾ ਪੂਰਾ ਵਗੀ ਗਇਆ, ਬੱਲ੍ਹੇ ਬੱਲ੍ਹੇ ਓ ਸ਼ੇਰਾ!

ਸਿਰਫ ਇਕ ਵੇਰੀ ਓਸ ਜਰਾ ਕੂ ਦਮ ਲਇਆ ਸੀ ਜਦ ਉਸ ਨੇ ਮੂੰਹ ਵਿੱਚ ਭਰ ਗਇਆ ਥੁਕ ਅੰਦਰ ਲੰਘਾਇਆ ਸੀ। ਪਰ ਜਲਦੀ ਹੀ ਓਸ ਆਪਣਾ ਆਪ ਸੰਭਾਲ ਲਇਆ ਸੀ, ਤੇ ਜਿਹੜੀ ਕੁਛ ਰੋਕ ਪਈ ਸੀ ਓਹਦੀ ਥਾਂ ਉਸ ਆਪਣੀ ਆਵਾਜ਼ ਹੋਰ ਉੱਚੀ ਕਰਕੇ ਭਰ ਦਿੱਤੀ ਸੀ, ਤਾਕਿ ਕਿਧਰੇ ਕਿਸੀ ਹੋਰ ਨੂੰ ਉਹ ਵਿਥ ਭਾਸ ਨ ਜਾਏ। ਉਸ ਥੀਂ ਪਿੱਛੇ ਉਹ ਇਕ ਮਧਮ ਦੇ ਦੂਜੇ ਨੂੰ ਫੁਸਲਾਨ ਵਾਲੀ ਸੁਰ ਵਿੱਚ ਬੋਲਿਆ, ਕਦੀ ਕਦਮ ਇਕ ਕਦੀ ਦੂਆ ਚੱਕਦਾ ਸੀ, ਤੇ ਜੂਰੀ ਵਲ ਵੇਖ ਕੇ ਬੋਲਦਾ ਸੀ, ਕਦੀ ਚੁਪ ਹੋ ਜਾਂਦਾ ਸੀ। ਇਕ ਵਿਹਾਰ ਕਰਨ ਵਾਲੇ ਦੀ ਸੁਰ ਤਾਲ ਵਿੱਚ ਬੋਲਦਾ ਸੀ। ਸੁਣਨ ਵਾਲਿਆਂ ਥੀਂ ਪਰਤ ਕੇ ਵਕੀਲਾਂ ਵਲ ਵੇਂਹਦਾ ਸੀ, ਪਰ ਕੈਦੀਆਂ ਵਲ ਅੱਖਾਂ ਉਹ ਨਹੀਂ ਸੀ ਕਰਦਾ ਜਿਹੜੇ ਤਿੰਨੇ ਉਸ ਵਲ ਟੱਕ ਬੰਨ੍ਹ ਕੇ ਵੇਖ ਰਹੇ ਸਨ। ਉਹਦੇ ਆਪਣੀ ਤਰਜ਼ ਤੇ ਟੋਲੇ ਦੇ ਲੋਕਾਂ ਦੀ ਜੋ ਵੀ ਕੋਈ ਨਵੀਂ ਗੱਲ, ਜੋ ਵੀ ਕੋਈ ਨਵੀਂ ਧੁਨਧਨ ਸੀ,ਉਹ ਬਸ ਆਪਣੀ ਤਕਰੀਰ ਵਿੱਚ ਲਿਆ ਕੇ ਘੁਸੇੜੀ ਜਾਂਦਾ ਸੀ। ਹਰ ਇਕ ਇਸਤਰਾਂ ਦੀ ਗੱਲ, ਯਾ ਵਾਕਿਆ ਜੋ ਹੋਇਆ ਯਾ ਹੋਣ ਵਾਲਾ ਸੀ, ਅਤੇ ਜਿਨ੍ਹਾਂ ਗੱਲਾਂ ਤੇ ਵਾਕਿਆਤਾਂ ਨੂੰ ਕਾਨੂੰਨ ਦੇ **ਸਾਇੰਸ** ਦੀ ਦਾਨਾਈ ਦੇ ਅੰਤਮ ਫੈਸਲੇ ਦੀ ਗੱਲ ਜਾਣਿਆ ਜਾਂਦਾ ਸੀ, ਸਭ ਇੰਨੇ ਲਿਆ ਕੇ ਆਪਣੀ ਤਕਰੀਰ ਵਿੱਚ ਘੁਸੇੜ ਘੁਸੇੜ ਉਹਨੂੰ ਵਜ਼ਨੀ ਕਰਨ ਦਾ ਹਦ ਦਾ ਉਪਰਾਲਾਕੀਤਾ। ਕਦੀ ਖੂਨ ਵਿੱਚ ਪਿਛਲਿਆਂ ਟੱਬਰਾਂ ਦੀਆਂ ਆਈਆਂ ਆਦਤਾਂ ਦਾ ਜ਼ਿਕਰ ਤੇ ਉਸ ਕਰਕੇ ਬਦਚਲਨੀ ਕਰਨ ਦੀਆਂ ਜਮਾਂਦਰੂ ਉਕਸਾਹਟਾਂ ਦਾ ਜ਼ਿਕਰ, **ਲੋਮਬਰੋਸੋ** ਤੇ **ਤਾਰ ਦੇ** ਆਦਿ ਦੀਆਂ ਰਾਵਾਂ, ਜ਼ਿੰਦਗੀ ਦੇ ਉਪਰ ਵਲ ਚੜ੍ਹਾਓ–

ਐਵੋਲਯੂਸ਼ਨ-ਤੇ ਓਸ ਲਈ ਜੀਂਦਿਆਂ ਦਾ ਇਕ ਦੂਜੇ ਨੂੰ ਮਾਰਨਾ ਤੇ ਡਾਹਢਿਆਂ ਦਾ ਬਚ ਰਹਿਣਾ, ਲਿੱਸਿਆਂ ਦਾ ਫ਼ਨਾ ਹੋ ਜਾਣ ਆਦਿ ਦਾ ਜ਼ਿਕਰ, ਹਿਪਨੋਟਿਜ਼ਮ ਤੇ ਹਿਪਨੋ-ਟਿਜ਼ਮ ਕਰਨ ਵਾਲੇ ਦਾ ਆਪਣੇ ਮਹਮੂਲ ਉੱਪਰ ਪੂਰੀ ਮਾਨਸਿਕ ਹਕੂਮਤ ਤੇ ਇਖਤਿਆਰ ਦਾ ਜ਼ਿਕਰ, ਸ਼ਾਰਕੋ ਸਾਹਿਬ ਦੇ ਕਥਨ ਤੇ ਆਦਮੀ ਦੀ ਇਖ਼ਲਾਕੀ ਗਿਰਾਵਟ ਆਦਿ ਦਾ ਜ਼ਿਕਰ,-ਓਹਦੀ ਵਿਆਖਿਆ ਅਨੁਸਾਰ ਸੌਦਾਗਰ ਸਮੈਲਕੋਵ ਇਕ ਸੱਚੇ, ਤਕੜੇ, ਸਿਧੇ ਸਾਦੇ ਦੂਜਿਆਂ ਉਪਰ ਇਤਬਾਰ ਕਰਨ ਵਾਲੇ ਸੁਭਾ ਕਰਕੇ, ਬਦਚਲਣ ਲੋਕਾਂ ਦਾ ਸ਼ਿਕਾਰ ਬਣਿਆ।

ਸਾਈਮਨ ਕਾਰਤਿਨਕਿਨ ਗੁਲਾਮਪੁਣੇ ਨਾਲ ਮਰ ਚੁਕੇ ਇਨਸਾਨ ਦਾ ਰਹਿ ਗਇਆ ਟੁੰਡ ਜੇਹਾ ਸੀ, ਇਕ ਬੇਹੋਸ਼ ਹੋਇਆ ਜਾਹਿਲ ਬੇ ਅਸੂਲਾ ਆਦਮੀ ਜਿਹਦਾ ਈਮਾਨ ਧਰਮ ਹੀ ਕੋਈ ਨਹੀਂ ਰਹਿਆ ਹੋਇਆ ਸੀ। ਯੋਫੈਮੀਆ ਓਹਦੀ ਯਾਰ ਹੈ ਤੇ ਉਹ ਆਪ ਉਹਦੇ ਆਪਣੇ ਖ਼ੂਨ ਵਿਚ ਪਿਛਲਿਆਂ ਦੇ ਆਇ ਹੋਏ ਗੁਣ ਸੁਭਾ ਦਾ ਸ਼ਿਕਾਰ ਹੈ, ਓਸ ਵਿੱਚ ਹਰ ਤਰਾਂ ਦੀ ਗਿਰਾਵਟ ਦੇ ਨਿਸ਼ਾਨ ਮਿਲਦੇ ਹਨ। ਇਸ ਮਾਮਲੇ ਵਿਚ ਸਭ ਥੀਂ ਵੱਡੀ ਤਾਰਾਂ ਖਿੱਚਣ ਵਾਲੀ ਮਸਲੋਵਾ ਸੀ। ਇਨਸਾਨ ਦੀ ਨੀਚਤਾ ਵਲ ਗਿਰੇ ਚਲੇ ਜਾਣ ਦੀ ਵੰਨਗੀ ਇਸ ਸਦੀ ਵਿੱਚ ਹੋ ਰਹੀ ਘਟਨਾ ਦੀ ਸਭ ਥੀਂ ਹੇਠਲੇ ਦਰਜੇ ਦੀ ਗਿਰੀ ਹੋਈ ਜਨਾਨੀ ਹੈ। "ਇਹ ਔਰਤ", ਓਸ ਕਹਿਆ

"ਜਿਸ ਤਰਾਂ ਅਸਾਂ ਇਹਦੀ ਰੱਖਣ ਵਾਲੀ ਜਨਾਨੀ ਦੇ ਮੂੰਹੋਂ ਸੁਣਿਆ ਹੈ ਤਾਲੀਮ ਯਾਫ਼ਤਾ ਹੈ । ਨ ਸਿਰਫ਼ ਪੜ੍ਹ ਲਿਖ ਸਕਦੀ ਹੈ ਬਲਕਿ ਫਰਾਂਸੀਸੀ ਜ਼ਬਾਨ ਦੀ ਜਾਣੂ ਹੈ। ਇਹ ਹੈ ਯਤੀਮ ਤੇ ਮੁਮਕਿਨ ਹੈ ਕਿ ਇਹਦੇ ਮਾਪਿਆਂ ਦੇ ਕੀਤੇ ਪਾਪਾਂ ਦੀ ਲੇਸ਼ ਇਹਦੇ ਖ਼ੂਨ ਵਿੱਚ ਚਲੀ ਆ ਰਹੀ ਹੋਵੇ । ਇਹ ਬੜੇ ਸ਼ਰੀਫ ਘਰਾਣੇ ਵਿੱਚ ਪਾਲੀ ਪੋਸੀ ਗਈ ਸੀ। ਇਸ ਲਈ ਇਹ ਆਪਣੀ ਉਪਜੀਵਕਾ ਈਮਾਨਦਾਰੀ ਤ੍ਰੀਕਿਆਂ ਨਾਲ ਕਮਾ ਸੱਕਦੀ ਸੀ। ਪਰ ਆਪਣੀ ਪਾਲਣ ਵਾਲੀ ਨੂੰ ਛੱਡ ਆਈ ਤੇ ਆਪਣੀ ਵਿਸ਼ੇ ਬ੍ਰਿਤੀ ਨੂੰ ਆਪਣੀ ਵਾਗਡੋਰ ਫੜਾ ਦਿਤੀ। ਤੇ ਆਪਣੀਆਂ ਕਾਮ ਤ੍ਰਿਸ਼ਨਾ ਨੂੰ ਪੂਰਾ ਕਰਨ ਲਈ ਕੰਜਰ ਘਰ ਜਾ ਦਾਖਲ ਹੋਈ ਜਿਥੇ ਓਹ ਆਪਣੀਆਂ ਬਾਕੀ ਦੀਆਂ ਸਾਥਣਾਂ ਥੀਂ ਆਪਣੀ ਪੜ੍ਹਾਈ ਕਰਕੇ ਬਾਹਲੀ ਚੰਗੀ ਗਿਣੀ ਗਈ। ਤੇ ਓਥੇ ਖਾਸ ਕਰਕੇ ਜੂਰੀ ਦੇ ਭਲੇ ਮਾਨੁਖੋ ! ਜਿਸ ਤਰਾਂ ਤੁਸੀਂ ਉਸਦੀ ਮਾਲਕਾ ਪਾਸੋਂ ਸੁਣ ਲਇਆ ਹੈ, ਇਕ ਖਾਸ ਅੱਖਾਂ ਦੀ ਗੁਝੀ ਤਾਕਤ ਦਵਾਰਾ ਆਏ ਮਹਿਮਾਨਾਂ ਉੱਪਰ ਇਹ ਇਕ ਖਾਸ ਤਰਾਂ ਕਾਬੂ ਪਾ ਲੈਂਦੀ ਸੀ। ਇਸ ਤਾਕਤ ਦੀ ਹੁਣੇ ਹੀ ਸਾਇੰਸ ਨੇ ਖੋਜ ਸ਼ੁਰੂ ਕੀਤੀਹੈ, ਖਾਸ ਕਰ ਸ਼ਾਰਕੋ ਦੇ ਸਕੂਲਾਂ ਨੇ, ਤੇ ਜਿਹਨੂੰ ਓਹ ਅੱਖਾਂ ਨਾਲ ਦੂਸਰੇ ਉੱਪਰ ਜਾਦੂ ਪਾ ਲੈਨ ਦਾ ਅਸਰ ਕਰਕੇ ਸੱਦਦੇ ਹਨ। ਇਨ੍ਹਾਂ ਗੁੱਝੇ ਅੱਖਾਂ ਦੇ ਜਾਦੂ ਦੇ ਤਰੀਕਿਆਂ ਨਾਲ ਇਹ ਉਸ ਵਿਚਾਰੇ ਰੂਸੀ ਸੌਦਾਗਰ ਭੋਲੇ ਭਾਲੇ ਬੁੱਧੂ ਉੱਪਰ ਅਮਲ ਕਰਕੇ ਪੂਰਾ ਕਾਬੂ ਪਾ ਲੈਂਦੀ ਹੈ। ਇਸ ਅਮੀਰ ਮਹਿਮਾਨ ਉੱਪਰ ਲਕੜੀ ਫੇਰਦੀ ਹੈ, ਤੇ ਉਹ ਇਸ ਉਪਰ ਪੂਰਾ ਇਤਬਾਰ ਕਰਦਾ ਹੈ ਤੇ ਇਹ ਓਸ ਇਤਬਾਰ ਨੂੰ ਕਿਸਤਰ੍ਹਾਂ ਵਰਤਦੀ ਹੈ, ਪਹਿਲਾਂ ਉਹਦਾ

ਮਾਲ ਲੁੱਟਦੀ ਹੈ ਤੇ ਫਿਰ ਕਿਸ ਬੇਤਰਸੀ ਨਾਲ ਓਹਨੂੰ ਮਾਰ ਮੁਕਾਂਦੀ ਹੈ।''

''ਭਾਈ! ਇਹ ਤਾਂ ਕਿੰਵ ਇਕ ਗੱਲ ਉੱਪਰ ਦੂਜੀ ਚੋਟ ਚਾਹੜੀ ਜਾਂਦਾ ਹੈ'' ਪ੍ਰਧਾਨ ਨੇ ਮੁਸਕਰਾ ਕੇ ਆਪਣੇ ਲਾਗੇ ਬੈਠੇ ਫਿਕਰਮੰਦ ਮੂੰਹ ਵਾਲੇ ਮੈਂਬਰ ਨੂੰ ਉਸ ਵਲ ਝੁਕ ਕੇ ਕਹਿਆ।

''ਇਕ ਡਰਾਉਣਾ ਅਭੱਨਕ ਹੈ!'' ਓਸ ਮੈਂਬਰ ਨੇ ਜਵਾਬ ਵਿੱਚ ਕਹਿਆ। ਓਧਰ ਸਰਕਾਰੀ ਵਕੀਲ ਆਪਣੀ ਤਕਰੀਰ ਕਰੀ ਗਇਆ :–

''ਜੂਰੀ ਦੇ ਭਲੇ ਮਾਨੁੱਖੋ''! ਤੇ ਆਪਣੇ ਜਿਸਮ ਨੂੰ ਨਖਰੇ ਨਾਲ ਜਰਾ ਝੁਮਾ ਕੇ ਕਹਿਆ, ''ਇਨ੍ਹਾਂ ਬੰਦਿਆਂ ਦੀ ਕਿਸਮਤ ਦਾ ਫੈਸਲਾ ਤੁਹਾਡੇ ਹੱਥ ਹੈ। ਨ ਨਿਰੀ ਇਨ੍ਹਾਂ ਬੰਦਿਆਂ ਦੀ ਪਰ ਸਾਰੀ ਸੋਸੈਟੀ ਦੀ ਕਿਸਮਤ ਤੁਹਾਡੇ ਹੱਥ ਵਿੱਚ ਹੈ। ਇਸ ਜੁਰਮ ਦੀ ਪੂਰੀ **ਮਾਹੀਅਤ** ਨੂੰ ਸਮਝੋ, ਓਸ ਖ਼ਤਰੇ ਦਾ ਧਿਆਨ ਕਰੋ ਜਿਹੜਾ ਸੋਸੈਟੀ ਨੂੰ ਇਹੋ ਜੇਹੀ **ਜਮਾਂਦਰੂ** ਅਣੋਖਿਆਂ ਅਸਰਾਂ ਵਾਲਿਆਂ ਬੰਦਿਆਂ ਥੀਂ ਹੈ ਜਿਹੋ ਜੇਹੀ ਇਹ ਹੈ। **ਮਸਲੋਵਾ** ਜਹੀਆਂ ਦੀ ਜ਼ਹਿਰੀਲੀ ਛੋ ਥੀਂ ਸੋਸੈਟੀ ਦੀ ਹਿਫ਼ਾਜ਼ਤ ਕਰੋ, ਸੋਸੈਟੀ ਦੇ ਬੇ ਲੋਸ ਭੋਲੇ ਹਿੱਸਿਆਂ ਨੂੰ ਇਸ ਜ਼ਹਿਰ ਥੀਂ ਨਹੀਂ ਕੁਲੀਆ ਬਰਬਾਦੀ ਥੀਂ ਬਚਾਣਾ ਹੈ ਤੁਸਾਂ!''

ਤੇ ਜਿਵੇਂ ਹੋਣ ਵਾਲੇ ਫੈਸਲੇ ਦੇ ਵਜ਼ਨ ਹੇਠ ਦੱਬਕੇ, ਸਰਕਾਰੀ ਵਕੀਲ ਆਪਣੀ ਕੁਰਸੀ ਵਿਚ ਡੁਬ ਗਇਆ। ਸਾਫ਼ ਸੀ ਕਿ ਉਹਨੂੰ ਆਪਣੀ ਤਕਰੀਰ ਇਹੋ ਜੇਹੀ ਮਾਰਕੇ ਦੀ

ਕਰਕੇ ਆਪ ਬੜਾ ਸਵਾਦ ਆ ਗਇਆ ਸੀ।

ਜੇ ਉਹਦੀ ਤਕਰੀਰ ਨੂੰ ਸਭ ਉਹਦੇ ਪਵਾਏ ਗਹਿਣੇ ਕੱਪੜੇ ਤੇ ਖੁਸ਼ਗੋਈ ਦੇ ਫੁਲਾ ਥੀਂ ਸੱਖਣਾ ਕਰਕੇ ਵੇਖਿਆ ਜਾਵੇ ਤਦ ਜੋ ਗਲ ਉਸ ਕਹੀ ਸੀ ਓਹ ਇਹ ਸੀ, ਕਿ **ਮਸਲੋਵਾ** ਨੇ ਸੌਦਾਗਰ ਨੂੰ ਆਪਣੇ ਉੱਪਰ ਪਾ ਲਇਆ। ਉਸ ਨੇ ਇਸ ਉੱਪਰ ਇਤਬਾਰ ਕੀਤਾ, ਫਿਰ ਓਹਨੂੰ ਇਹਨੇ ਆਪਣੀਆਂ ਅੱਖਾਂ ਦੇ ਜਾਦੂ **ਹਿਪਨੌਟਿਜ਼ਮ** ਨਾਲ ਪੂਰਾ ਕਾਬੂ ਕਰ ਲੀਤਾ, ਤੇ ਫਿਰ ਓਹਦੀ ਕੁੰਜੀ ਲੈਕੇ ਓਹਦੇ ਰਹਿਣ ਵਾਲੇ ਥਾਂ ਤੇ ਇਸ ਨੀਤ ਨਾਲ ਗਈ ਕਿ ਓਹਦਾ ਸਾਰਾ ਰੁਪਿਆ ਆਪ ਲੈ ਲਵੇ। ਪਰ ਜਦ **ਸਾਈਮਨ** ਤੇ **ਯੋਫੇਮੀਆਂ** ਨੇ ਤੱਕ ਲਇਆ, ਤਦ ਉਨ੍ਹਾਂ ਦੋਹਾਂ ਨਾਲ ਇਸ ਉਸ ਰੁਪਏ ਦੇ ਹਿੱਸੇ ਕਰ ਲਏ, ਤੇ ਫਿਰ ਇਸ ਜੁਰਮ ਦੀਆਂ ਸਭ ਨਿਸ਼ਾਨੀਆਂ ਮਿਟਾਣ ਲਈ, ਖੁਰਾ ਖੋਜ ਗੁਆਣ ਲਈ, ਇਹ ਓਸ ਸੌਦਾਗਰ ਸਮੇਤ ਮੁੜ ਹੋਟਲ ਵਿੱਚ ਆਈ ਤੇ ਓਹਨੂੰ ਜ਼ਹਿਰ ਦੇਕੇ ਪਾਰ ਬੁਲਾਇਆ।

ਜਦ ਸਰਕਾਰੀ ਵਕੀਲ ਬੋਲ ਚੁੱਕਿਆ ਤਦ ਇਕ ਅਧਖੜ ਉਮਰ ਦਾ ਆਦਮੀ, ਇਕ ਅਬਾਬੀਲ ਦੇ ਪੂਛਲ ਵਾਲਾ ਕੋਟ ਪਾਈ, ਤੇ ਨੀਵੀਂ ਛਾਤੀ ਦੇ ਤਲੇ ਤਕ ਕਾਟ ਵਾਲੀ ਤਲੇ ਵਾਸਕਟ ਪਾਈ, ਵਕੀਲਾਂ ਦੇ ਬੈਂਚ ਥੀਂ ਉੱਠਿਆ, ਵਾਸਕਟ ਦੇ ਘੇਰੇ ਦੇ ਵਿੱਚ ਓਹਦੀ ਮਾਇਆ ਲੱਗੀ ਤੇ ਅਕੜਾਈ ਚਿੱਟੀ ਕਮੀਜ਼ ਦਾ ਅੱਗਾ ਸਾਫ ਦਿੱਸ ਆਇਆ। ਤੇ **ਕਾਰਤਿਨਕਿਨ** ਤੇ **ਬੋਚਕੋਵਾ** ਦੇ ਬਚਾ ਵਿੱਚ ਆਪਣੀ ਤਕਰੀਰ ਲੱਗਾ ਕਰਨ। ੩੦੦ ਰੂਬਲ ਫੀਸ ਦੇ ਕੇ

ਉਨ੍ਹਾਂ ਦੋਹਾਂ ਨੇ ਇਹਨੂੰ ਆਪਣਾ ਵਕੀਲ ਕੀਤਾ ਸੀ । ਤਕਰੀਰ ਵਿੱਚ ਓਸ ਕਹਿਆ ਕਿ ਉਹਦੇ ਮੁਵੱਕਲ ਬੇ ਗੁਨਾਹ ਸਨ ਤੇ ਸਾਰਾ ਦੋਸ **ਮਸਲੋਵਾ** ਦਾ ਸੀ। **ਮਸਲੋਵਾ** ਦੇ ਇਸ ਕਹਿਣ ਥੀਂ ਕਿ ਓਹ ਦੋਵੇਂ ਉਹਦੇ ਨਾਲ ਸਨ, ਵਕੀਲ ਨੇ ਇਨਕਾਰ ਕੀਤਾ ਤੇ ਕਹਿਆ ਕਿ **ਮਸਲੋਵਾ** ਨੇ ਰੁਪਏ ਚੁਰਾਏ ਤੇ ਸਾਰਾ ਜੋਰ ਇਸ ਗੱਲ ਤੇ ਦਿੱਤਾ ਕਿ ਓਹਦਾ ਬਿਆਨ ਜਦ ਓਸ ਉੱਪਰ ਸੌਦਾਗਰ ਨੂੰ ਜ਼ਹਿਰ ਦੇ ਕੇ ਮਾਰਨ ਦਾ ਦੋਸ ਲੱਗ ਚੁੱਕਾ ਸੀ ਮੰਨਣ ਦੇ ਲਾਇਕ ਹੀ ਨਹੀਂ। ਤੇ ੧੮੦੦ ਰੂਬਲ ਜੇਹੜੇ ਉਨ੍ਹਾਂ ਦੋਹਾਂ ਦੇ ਬੰਕ ਦੇ ਹਿਸਾਬ ਵਿਚ ਨਿਕਲੇ ਸਨ, ਓਹ ਦੋ ਦਿਆਨਤਦਾਰ ਬੰਦੇ ਜਿਨ੍ਹਾਂ ਨੂੰ ਰੋਜ ੩ ਥੀਂ ੫ ਰੂਬਲ ਤਕ ਬਖਸ਼ੀਸ਼ਾਂ ਮਿਲ ਜਾਂਦੀਆਂ ਸਨ, ਇੰਨਿਆਂ ਸਾਲਾਂ ਵਿੱਚ ਬੜੀ ਆਸਾਨੀ ਨਾਲ ਜਮਾਂ ਕਰ ਸੱਕਦੇ ਸਨ।

ਸੌਦਾਗਰ ਦੇ ਰੁਪਏ **ਮਸਲੋਵਾ** ਨੇ ਚੁਰਾਏ, ਤੇ ਉਸ ਨੇ ਅੱਗੇ ਕਿਸੀ ਨੂੰ ਦੇ ਦਿੱਤੇ ਹੋਣ ਦੀ ਸੰਭਾਵਨਾ ਹੁੰਦੀ ਸੀ, ਯਾ ਓਹ ਗਵਾ ਬੈਠੀ ਹੋਣੀ ਹੈ, ਕਿਉਂਕਿ ਉਸ ਵੇਲੇ ਬੜੇ ਹੀ ਨਸ਼ੇ ਦੀ ਹਾਲਤ ਵਿੱਚ ਸੀ ਤੇ ਜ਼ਹਿਰ ਜੂ ਦਿੱਤਾ ਤਦ **ਮਸਲੋਵਾ** ਇਕੱਲੀ ਨੇ ਦਿੱਤਾ।

ਤੇ ਉਸ ਇਉਂ ਕਹਿ ਕੇ ਜੂਰੀ ਦੀ ਮਿੰਨਤ ਕੀਤੀ ਕਿ ਮੁਵੱਕਲਾਂ ਤੇ, **ਕਾਰਤਿਨਕਿਨ ਤੇ ਬੋਚਕੋਵਾ** ਤੇ, ਜਿਹੜਾ ਝੂਠਾ ਦੋਸ ਲੱਗਾ ਹੈ ਓਸ ਥੀਂ ਉਨ੍ਹਾਂ ਨੂੰ ਓਹ ਬਰੀ ਕਰ ਦੇਣ ਤੇ ਜੇ ਓਹ ਚੋਰੀ ਦੇ ਲੱਗੇ ਦੋਸ ਥੀਂ ਉਨ੍ਹਾਂ ਨੂੰ ਉੱਕਾ ਬਰੀ ਨਹੀਂ ਕਰ ਸੱਕਦੇ ਤਾਂ ਘਟੇ ਘਟ ਇੰਨਾਂ ਤਾਂ ਜੂਰੀ ਨੂੰ ਮੰਨਣਾ ਚਾਹੀਦਾ

ਹੈ ਕਿ ਇਹ ਦੋਸ਼ ਉਨ੍ਹਾਂ ਜ਼ਹਿਰ ਦੇਣ ਦੀ ਲੋੜ ਵਿੱਚ ਸ਼ਾਮਲ ਹੋਣ ਦੇ ਬਿਨਾਂ ਕੀਤਾ ਹੋਣਾ ਹੈ । ਓਹ ਦੋਵੇਂ ਜ਼ਹਿਰ ਦੇਣ ਦੀ ਸਾਜ਼ਸ਼ ਵਿੱਚ ਨਹੀਂ ਸ਼ਾਮਲ ਸਨ । ਇਸ ਵਕੀਲ ਨੇ ਖਤਮ ਕਰਦਿਆਂ ਸਰਕਾਰੀ ਵਕੀਲ ਵਲ ਚੋਟ ਮਾਰਦਿਆਂ ਕਹਿਆ ਕਿ ਉਹਦੇ ਬੜੇ ਲਾਇਕ ਦੋਸਤ ਦੇ ਭੜਕਦੇ ਕਥਨ ਜੋ ਓਸਨੇ ਸਾਇੰਸ ਦੀ ਡੂੰਘੀ ਵਿਆਖਿਆ ਕਰਦੇ ਕੀਤੇ ਹਨ ਕਿ ਕੁਕਰਮ ਕਰਨ ਦੇ ਸੁਭਾ ਲੋਕਾਂ ਦੇ ਖੂਨ ਵਿੱਚ ਜਮਾਂਦਰੂ ਆ ਜਾਂਦੇ ਹਨ ਆਦਿ ਸਾਡੇ ਇਸ ਮੁਕੱਦਮੇਂ ਦੀ ਹਾਲਤ ਵਿੱਚ ਇਨ੍ਹਾਂ ਦੋਹਾਂ ਦੋਸੀਆਂ ਉੱਪਰ ਨਹੀਂ ਘਟ ਸੱਕਦੇ । ਕਿਉਂਕਿ **ਬੋਚਕੋ-ਵਾ** ਦੇ ਮਾਂ ਪਿਓ ਦਾ ਕੁਛ ਪਤਾ ਨਹੀਂ ਕੌਣ ਸਨ । ਸਰਕਾਰੀ ਵਕੀਲ ਨੇ ਓਸ ਵਲ ਗੁੱਸੇ ਦੀ ਨਿਗਾਹ ਨਾਲ ਵੇਖ ਕੇ ਆਪਣੇ ਕਾਗਜ਼ਾਂ ਉੱਪਰ ਕੁਛ ਲਿਖਿਆ ਤੇ ਆਪਣੇ ਮੋਢੇ ਓਸ ਵਕੀਲ ਨੂੰ ਛੋਟਾ ਕਰਨ ਨੂੰ ਇਕ ਲੁਕੀ ਹਿਕਾਰਤ ਜੇਹੀ ਦੇ ਭਾਵ ਵਿੱਚ ਉਤਾਹਾਂ ਚਕ ਕੇ ਹਿਲਾਏ ।

ਫਿਰ **ਮਸਲੋਵਾ** ਦਾ ਵਕੀਲ ਉੱਠਿਆ, ਤੇ ਕੁਛ ਸ਼ਰਮਾਕਲ ਜੇਹੇ ਅਟਕੇ ਅਟਕੇ ਤਰੀਕੇ ਨਾਲ ਲੱਗਾ ਬੋਲਣ । ਓਸ ਨੇ ਇਸ ਗੱਲ ਥੀਂ ਇਨਕਾਰ ਨ ਕੀਤਾ, ਕਿ ਓਹਦੇ ਮੁਵੱਕਲ ਨੇ ਰੁਪੇ ਚੋਰੀ ਕਰਨ ਵਿੱਚ ਹਿੱਸਾ ਲੀਤਾ ਸੀ ਪਰ ਇਸ ਗੱਲ ਨੂੰ ਪੱਕਾ ਕੀਤਾ ਕਿ **ਸਮੈਲਕੋਵ** ਨੂੰ ਜ਼ਹਿਰ ਦੇਣ ਦਾ ਉਹਦੇ ਮੁਵੱਕਲ ਦਾ ਕੋਈ ਇਰਾਦਾ ਅਥਵਾ ਅੰਦਰਲੀ ਨੀਤ ਨਹੀਂ ਸੀ । ਤੇ ਓਹ ਪੁੜੀ ਓਹਨੇ ਓਹਨੂੰ ਸਵਾਲਣ ਲਈ ਦਿੱਤੀ ਸੀ । ਇਸ ਵਕੀਲ ਨੇ ਵੀ ਕੁਛ ਖੁਸ਼ ਬੋਲਾਂ ਨੂੰ ਦਿਖਾਓਣ ਤੇ

ਖੁਸ਼ਗੋਈ ਦਾ ਪ੍ਰਭਾਵ ਪਾਣ ਦਾ ਯਤਨ ਕੀਤਾ ਜ਼ਰੂਰ, ਤੇ ਦਸਿਆ ਕਿ **ਮਸਲੋਵਾ** ਕਿਸ ਤਰਾਂ ਤੇ ਕਿਨ੍ਹਾਂ ਵਾਕਿਆਤ ਤੇ ਹਾਲਤਾਂ ਕਰਕੇ ਮਜਬੂਰਨ ਇਸ ਭੈੜੀ ਜ਼ਿੰਦਗੀ ਵਲ ਧੱਕੀ ਗਈ। ਓਸ ਆਦਮੀ ਨੂੰ ਜਿੰਨੇ ਇਹਨੂੰ ਭੋਲੇਪਨ ਵਿੱਚ ਪਹਿਲਾਂ ਪਹਿਲ ਖਰਾਬ ਕੀਤਾ, ਓਹਨੂੰ ਕੋਈ ਸਜ਼ਾ ਨਹੀਂ ਮਿਲੀ, ਤੇ ਆਪਣੀ ਗਿਰਾਵਟ ਦੀ ਸਾਰੀ ਸਜ਼ਾ ਸਿਰਫ ਇਹਨੂੰ ਇਕੱਲੀ ਨੂੰ ਭੋਗਣੀ ਪੈ ਰਹੀ ਹੈ। ਪਰ ਵਕੀਲ ਦੀ ਇਸ ਗਿਰਾਵਟ ਦੇ ਸਬੱਬਾਂ ਵਲ ਇਕ ਮਸਲਿਆਂ ਦੀ ਆਰਾਇਸ਼ ਵਲ ਟੁਰ ਜਾਣ ਦੀ ਕੋਸ਼ਸ਼ ਸੁਣਨ ਵਾਲਿਆਂ ਪਸੰਦ ਨਹੀਂ ਸੀ ਕੀਤੀ। ਸਾਰੇ ਕੁਝ ਤੰਗ ਜੇਹੇ ਦਿਸੇ ਜਦ ਓਸ ਇਹ ਗੱਲ ਕਹੀ ਕਿ ਮਰਦ ਕੈਸੇ ਬੇਤਰਸ ਜੇਹੇ ਹੁੰਦੇ ਹਨ ਤੇ ਔਰਤਾਂ ਇੰਨੀਆਂ ਬੇਬਸ। ਤਦ ਪ੍ਰਧਾਨ ਨੇ ਓਹਨੂੰ ਚਿਤਾਵਨੀ ਕੀਤੀ ਕਿ ਓਹ ਆਪਣੀ ਤਕਰੀਰ ਵਿੱਚ ਮੁਕੱਦਮੇਂ ਦੇ ਅਸਲੀ ਵਾਕਿਆਤ ਵਲ ਜ਼ਿਆਦਾ ਰਵ੍ਹੇ, ਅੱਗੇ ਪਿੱਛੇ ਘੁੰਮਣ ਘੇਰੀਆਂ ਥੀਂ ਬਚੇ।

ਜਦ ਇਸ ਆਪਣੀ ਤਕਰੀਰ ਮੁਕਾਈ ਤਾਂ ਸਰਕਾਰੀ ਵਕੀਲ ਜਵਾਬ ਦੇਣ ਲਈ ਉੱਠਿਆ। ਜਿਹੜਾ ਪਹਿਲਾਂ ਵਕੀਲ ਦੋਹਾਂ ਦੋਸੀਆਂ ਦਾ ਬੋਲ ਚੁਕਾ ਸੀ ਓਹਦੇ ਉੱਤਰ ਵਿੱਚ ਕਹਿਆ ਕਿ ਭਾਵੇਂ **ਬੋਚਕੋਵਾ** ਦੀ ਵਲਦੀਅਤ ਪਤਾ ਨਹੀਂ ਸੀ, ਤਾਂ ਵੀ ਵਿਰਸੇ ਵਿੱਚ ਖ਼ੂਨ ਦੀਆਂ ਮਿਲਾਵਟਾਂ ਦੇ ਆਣ ਦਾ ਸਾਇੰਸ ਦਾ ਅਸੂਲ ਕਿਸੀ ਤਰਾਂ ਰੱਦ ਕੀਤਾ ਨਹੀਂ ਜਾ ਸੱਕਦਾ ਕਿਉਂਕਿ ਇਹ ਅਸੂਲ ਇਥੇ ਤਕ ਸਾਇੰਸ ਨੇ ਪਾਇਆ ਸਬੂਤ ਤਕ ਪਹੁੰਚਾ ਦਿੱਤਾ ਹੈ ਕਿ ਅਸੀਂ ਓਸ ਅਸੂਲ ਅਨੁਸਾਰ ਨਾ ਸਿਰਫ ਜੁਰਮ ਵਾਲਿਆਂ ਦਾ ਜੁਰਮ ਉਨ੍ਹਾਂ ਦੀ ਨਸਲ ਦੀ ਲਕੀਰ ਨੂੰ ਪਿੱਛੇ ਲਜਾ ਕੇ

ਲੱਭ ਸੱਕਦੇ ਹਾਂ, ਬਲਕਿ ਜੁਰਮ ਦੀ ਲਕੀਰ ਨੂੰ ਮੋੜ ਕੇ ਵਿਰਸੇ ਨੂੰ ਵੀ ਲੱਭ ਸੱਕਦੇ ਹਾਂ। **ਮਸਲੋਵਾ** ਦੇ ਬਚਾ ਵਿਚ ਜੋ ਇਹ ਕਹਿਆ ਗਇਆ ਹੈ ਕਿ ਕਿਸੀ ਵਕੀਲ ਦੇ ਮਨ ਵਿਚ ਹੀ ਰਹਿੰਦੇ ਓਹਦੇ ਮਨ ਘੜਿਤ ਗੁਮਰਾਹ ਕਰਨ ਵਾਲੇ ਮਰਦ ਨੇ ਓਹਨੂੰ ਪਹਿਲਾਂ ਪਹਿਲ ਖਰਾਬ ਕੀਤਾ ਸੀ। ਅਸੀਂ ਆਪਣੇ ਸਾਹਮਣੇ ਆਈ ਸ਼ਹਾਦਤ ਥੀਂ ਤਾਂ ਸਿਰਫ ਇੰਨਾ ਨਤੀਜਾ ਕੱਢ ਸੱਕਦੇ ਹਾਂ ਕਿ ਇਸ ਨੇ ਕਈਆਂ ਨੂੰ ਲੁਭਾਣ, ਫਸਾਣ ਦਾ ਕੰਮ ਕੀਤਾ ਹੈ, ਤੇ ਕਈ ਇਹਦੇ ਹੱਥਾਂ ਵਿੱਚ ਫਸ ਕੇ ਖਰਾਬ ਹੋਏ, ਬਰਬਾਦ ਹੋਏ। ਇਹ ਕਹਿ ਕੇ ਤੇ ਆਪਣੀ ਬੜੀ ਭਾਰੀ ਫਤਹਿ ਜੇਹੀ ਸਮਝ ਕੇ ਬਹਿ ਗਇਆ।

ਫਿਰ ਦੋਸੀਆਂ ਨੂੰ ਆਪਣੇ ਬਚਾ ਵਿੱਚ ਜੋ ਕੁਛ ਉਹ ਕਹਿਣਾ ਚਾਹੁਣ, ਕਹਿਣ ਦੀ ਆਗਿਆ ਹੋਈ।

**ਯੋਫੇਮੀਆ ਬੋਚਕੋਵਾ** ਨੇ ਮੁੜ ਕਹਿਆ ਕਿ ਉਸ ਨੂੰ ਇਸ ਗੱਲ ਦਾ ਕੁਝ ਪਤਾ ਨਹੀਂ ਤੇ ਓਸਨੇ ਇਸ ਮਾਮਲੇ ਵਿੱਚ ਕੋਈ ਹਿੱਸਾ ਨਹੀਂ ਲਇਆ, ਤੇ ਬੜੇ ਜੋਰ ਨਾਲ ਸਾਰਾ ਦੋਸ **ਮਸਲੋਵਾ** ਦੇ ਗਲ ਮੜ੍ਹਿਆ। **ਸਾਈਮਨ ਕਾਰ-ਤਿਨਕਿਨ** ਨੇ ਕਈ ਵੇਰੀ ਬਸ ਇਹੋ ਗੱਲ ਦੁਹਾਰਾਈ:—"ਇਹ ਤੁਹਾਡੀ ਕਰਤੂਤ ਹੈ, ਮੈਂ ਬੇਗੁਨਾਹ ਹਾਂ, ਇਹ ਸਭ ਬੇ ਇਨਸਾਫੀ ਹੈ।"

**ਮਸਲੋਵਾ** ਨੇ ਆਪਣੇ ਬਚਾ ਵਿੱਚ ਕੁਝ ਨ ਕਹਿਆ। ਜਦ ਪ੍ਰਧਾਨ ਨੇ ਓਹਨੂੰ ਦੱਸਿਆ ਕਿ ਓਹ ਵੀ ਜੋ ਚਾਹੇ ਕਹਿ ਸੱਕਦੀ ਹੈ, ਉਸ ਨੇ ਸਿਰਫ਼ ਆਪਣੀਆਂ ਅੱਖਾਂ ਓਸ ਵਲ

ਮੌੜੀਆਂ ਤੇ ਇਕ ਘਿਰੀ ਹਿਰਨੀ ਵਾਂਗ ਉਸਨੇ ਕਮਰੇ ਦੇ ਚਾਰ ਚੁਫੇਰੇ ਤੱਕਿਆ, ਤੇ ਫਿਰ ਆਪਣਾ ਸਿਰ ਸੁੱਟ ਦਿੱਤਾ, ਰੋਣ ਲੱਗ ਗਈ ਤੇ ਉੱਚੀਆਂ ਉੱਚੀਆਂ ਭੁੱਬਾਂ ਨਿਕਲ ਗਈਆਂ।

"ਹਾਂ ਭਾਈ ਮਾਜਰਾ ਕੀ ਹੈ?" ਸੌਦਾਗਰ ਨੇ **ਨਿਖਲੀ-ਊਧਵ** ਨੂੰ ਪੁੱਛਿਆ ਜਦ ਉਸ ਦੇ ਮੂੰਹੋਂ ਆਪ ਮੁਹਾਰਾ ਇਕ ਹੌਕਾ ਜੇਹਾ ਨਿਕਲਿਆ। ਇਹ ਓਹਦਾ ਇਕ ਜ਼ੋਰ ਨਾਲ ਦਿਲੋਂ ਉੱਠਦੀ ਭੁੱਖ ਨੂੰ ਉੱਕਾ ਰੋਕ ਲੈਣ ਦਾ ਨਤੀਜਾ ਸੀ।

**ਨਿਖਲੀਊਧਵ** ਨੂੰ ਆਪਣੇ ਓਸ ਵੇਲੇ ਦੀ ਹਾਲਤ ਕੁਝ ਬਾਹਲੀ ਸਮਝ ਨਹੀਂ ਸੀ ਆ ਰਹੀ। ਇਹ ਹੌਕੇ ਜੋ ਓਹਦੇ ਨਿਕਲ ਰਹੇ ਸਨ ਤੇ ਅੱਖਾਂ ਵਿੱਚ ਅੱਥਰੂ ਆ ਰਹੇ ਸਨ ਇਹ ਓਹਦੀ ਨਸਾਂ ਦੀ ਆਮ ਕਮਜ਼ੋਰੀ ਕਰਕੇ ਉਸ ਸਮਝੇ। ਓਸ ਨੇ ਆਪਣਾ **ਪਿਨਸਨੇਜ਼** ਮੁੜ ਪਾ ਲਇਆ, ਤਾ ਕਿ ਆਏ ਅੱਥਰੂਆਂ ਨੂੰ ਛੁਪਾ ਸਕੇ ਤੇ ਆਪਣਾ ਰੋਮਾਲ ਕੱਢ ਕੇ ਓਸ ਵਿੱਚ ਨੱਕ ਸੁਣਕਣ ਲੱਗ ਗਇਆ।

ਓਸ **ਬੇਹੁਰਮਤੀ** ਦੇ ਡਰ ਨੇ, ਜੋ ਇਹਦੀ ਕਰਤੂਤ ਇਨ੍ਹਾਂ ਅਦਾਲਤ ਵਿੱਚ ਬੈਠੇ ਲੋਕਾਂ ਨੂੰ ਪਤਾ ਲੱਗ ਜਾਣ ਕਰਕੇ ਓਹਦੀ ਹੋਵੇਗੀ, ਓਹਦੇ ਰੂਹ ਦੇ ਅੰਦਰਲੇ ਹਿਲਾ ਨੂੰ ਨਪਿੱਤ ਦਿੱਤਾ ਸੀ। ਇਹ ਡਰ, ਇਸ ਪਹਿਲੇ ਸਮੇਂ ਵਿਚ, ਹੋਰ ਸਭ ਗੱਲਾਂ ਥੀਂ ਜਿਆਦਾ ਪ੍ਰਬੱਲ ਸੀ।

# ਕਾਂਡ ੨੨.

ਜਦ ਦੋਸੀਆਂ ਦੇ ਆਖਰੀ ਲਫਜ਼ ਸੁਣੇ ਜਾ ਚੁਕੇ ਸਨ, ਕੁਝ ਵਕਤ ਇਸ ਗੱਲ ਤੇ ਲੱਗ ਗਇਆ ਕਿ ਓਹ ਸਵਾਲ ਜੋ ਜੂਰੀ ਨੂੰ ਪੁੱਛਣੇ ਹਨ, ਓਹ ਕਿਸ ਤਰਾਂ ਕਿਸ ਸ਼ਕਲ ਵਿੱਚ ਬਣਾਏ ਜਾਣ। ਆਖਰ ਸਵਾਲ ਬਣਾਏ ਗਏ ਤੇ ਪ੍ਰਧਾਨ ਹੋਰੀ ਸਾਰੇ ਮੁਕੱਦਮੇਂ ਦਾ ਸਾਰ ਜੂਰੀ ਪ੍ਰਤੀ ਵਿਆਖਿਆ ਕਰਨ ਲਈ ਉੱਠੇ। ਮੁਕੱਦਮੇਂ ਦਾ ਸਾਰ ਦੱਸਣ ਥੀਂ ਪਹਿਲਾਂ ਪ੍ਰਧਾਨ ਹੋਰਾਂ ਨੇ ਕੁਛ ਚਿਰ ਖੁਸ਼ਗਵਾਰ ਪਰ ਬੈਠੇ ਹੋਏ ਗਲੇ ਵਾਂਗ ਦੀ ਮੋਟੀ ਜੇਹੀ ਆਵਾਜ਼ ਵਿੱਚ ਜੂਰੀ ਨੂੰ ਆਮ ਕਾਰਵਾਈ ਅਦਾਲਤ ਤੇ ਓਹਨਾਂ ਦੇ ਫਰਜ਼ਾਂ ਆਦਿ ਉੱਪਰ ਕੁਛ ਕਹਿਣਾ ਆਰੰਭਿਆ। ਤੇ ਓਹ ਕੁਛ ਇਉਂ ਸੀ :—"ਸ਼੍ਰੀਮਾਨ ਜੀ ! ਕਿਸੀ ਦਾ ਘਰ ਭੰਨਣਾ, ਸੰਨ੍ਹ ਲਾਣਾ, ਘਰ ਭੰਨਣਾ ਤੇ ਸੰਨ੍ਹ ਲਾਣਾ ਹੈ। ਚੋਰੀ ਚੋਰੀ ਹੈ ਤੇ ਜੰਦਰੇ ਕੁੰਜੀ ਅੰਦਰ ਪਈਆਂ ਚੀਜ਼ਾਂ ਦਾ ਚੁਰਾਣਾ ਇਕ ਐਸੀ ਥਾਂ ਥੀਂ ਜਿਹੜੀ ਜੰਦਰੇ ਕੁੰਜੀ ਤਲੇ ਹੈ ਚੁਰਾਣਾ ਹੈ। ਤੇ ਇਕ ਥਾਂ ਜਿਹੜੀ ਜੰਦਰੇ ਕੁੰਜੀ ਹੇਠ ਨਹੀਂ ਓਥੋਂ ਚੁਰਾਣਾ ਇਕ ਐਸੀ ਥਾਂ ਥੀਂ ਚੁਰਾਣਾ ਹੈ, ਜਿਹੜੀ ਜੰਦਰੇ ਕੁੰਜੀ ਹੇਠ ਨਹੀਂ।" ਜਦ ਇਹ ਵਿਆਖਿਆ ਕਰ ਰਹਿਆ ਸੀ ਓਸ ਕਈ ਵੇਰੀ **ਨਿਖਲੀਊਧਵ** ਵਲ ਤੱਕ ਤੱਕ ਕੇ ਇਹ ਸਭ ਕੁਛ ਕਹਿਆ ਸੀ। ਮਤਲਬ ਇਹ ਸੀ ਕਿ ਜੇ ਓਹ ਇਨ੍ਹਾਂ ਗੱਲਾਂ ਨੂੰ ਆਪਣੇ ਜ਼ੇਹਨ ਨਸ਼ੀਨ ਕਰ ਲਵੇ ਤਦ ਆਪਣੇ ਬਾਕੀ ਦੇ ਸਾਥੀਆਂ ਨੂੰ ਆਪੇ ਸਮਝਾ ਲਵੇਗਾ। ਜਦ ਓਸ ਜਾਣ ਲਇਆ ਕਿ

ਓਹਦਾ ਕਿਹਾ ਇਹ ਸੱਚ ਓਹਨਾਂ ਦੇ ਅੰਦਰ ਚੰਗੀ ਤਰਾਂ ਬਹਿ ਚੁਕਾ ਹੈ, ਤਦ ਉਹ ਦੂਜੇ ਅਸੂਲ ਵਲ ਤੁਰਿਆ ਕਿ **ਕਤਲ ਕਰਨਾ** ਜਾਨੋਂ ਕਿਸੀ ਨੂੰ ਮਾਰ ਦੇਨਾ, ਇਕ ਐਸਾ ਕੰਮ ਹੈ ਜਿਹਦਾ ਨਤੀਜਾ ਇਹ ਹੁੰਦਾ ਹੈ ਕਿ ਇਨਸਾਨ ਦੀ ਮੌਤ ਹੋ ਜਾਂਦੀ ਹੈ, ਤੇ ਇਸ ਕਰਕੇ ਜ਼ਹਿਰ ਦੇਣ ਵੀ ਕਤਲ ਕਰਨ ਦਾ ਕਰਮ ਹੀ ਕਹਿਣਾ ਜੋਗ ਹੈ। ਤੇ ਜਦ ਓਹਦੀ ਰਾਏ ਵਿੱਚ ਇਹ ਸੱਚ ਵੀ ਜੂਰੀ ਦੇ ਜ਼ੇਹਨਾਂ ਵਿੱਚ ਬਹਿ ਗਇਆ, ਤਦ ਓਹ ਹੋਰ ਅੱਗੇ ਤੁਰਿਆ ਕਿ ਜੇ ਚੋਰੀ ਤੇ ਕਤਲ ਦੇ ਜੁਰਮ ਇੱਕੋ ਵਕਤ ਕੀਤੇ ਹੋਣ ਤਦ ਜੁਰਮਾਂ ਦਾ ਇਹ ਇਕੱਠਾ ਮਿਲਾ ਕੇ ਕਰਨਾ ਚੋਰੀ ਨਾਲ ਕਤਲ ਕਹਿਣਾ ਚਾਹੀਦਾ ਹੈ।

ਭਾਵੇਂ ਓਹ ਆਪਣੇ ਇਸ ਫਿਕਰ ਵਿੱਚ ਸੀ ਕਿ ਇਹ ਕਰੱਟਾ ਸਿਆਪਾ ਜਲਦੀ ਮੁੱਕੇ ਤੇ ਓਹ ਆਪਣੀ **ਸ੍ਵਿਸ** ਯਾਰਨੀ ਪਾਸ ਪਹੁੰਚੇ ਜਿਹੜੀ ਓਹਨੂੰ ਠੀਕ ਉਡੀਕ ਰਹੀ ਸੀ, ਤਾਂ ਵੀ ਓਹਨੂੰ ਆਪਣੇ ਇਸ ਮਨਸਬੀ ਕੰਮ ਦਾ ਕੁਛ ਐਸਾ ਭੁੱਸ ਪਇਆ ਹੋਇਆ ਸੀ ਕਿ ਜਦ ਇਕ ਵੇਰੀ ਓਹ ਬੋਲਨਾ ਸ਼ੁਰੂ ਕਰ ਦਿੰਦਾ ਸੀ ਓਹ ਮੁੜ ਆਪਣੇ ਵੇਗ ਨੂੰ ਰੋਕ ਨਹੀਂ ਸੀ ਸੱਕਦਾ ਤੇ ਬੜੇ ਹੀ ਵੇਰਵੇ ਨਾਲ ਜੂਰੀ ਦੇ ਜ਼ੇਹਨ ਨਸ਼ੀਨ ਕਰੀ ਚਲਾ ਗਇਆ ਕਿ ਜੇ ਉਹਨਾਂ ਨੂੰ ਦੋਸੀ ਦੋਸੀ ਲਗਣ ਤਦ ਉਨ੍ਹਾਂ ਦਾ ਇਹ ਹੱਕ ਹੈ ਕਿ ਓਹ ਕਹਿਣ, **ਦੋਸੀ ਦੋਸੀ ਹਨ,** ਤੇ ਜੇ ਓਹ ਇਸ ਨਤੀਜੇ ਤੇ ਪਹੁੰਚਣ ਕਿ ਓਹ ਨਿਰਦੋਸ਼ ਹਨ ਤਦ ਓਹ ਆਪਣਾ ਫੈਸਲਾ ਇਹ ਦੇਣ, **'ਦੋਸੀ ਨਿਰਦੋਸ਼ ਹਨ'**, ਤੇ ਜੇ ਓਹ ਇਨ੍ਹਾਂ ਦੋਹਾਂ ਬਣਾਏ ਦੋਸ਼ਾਂ ਵਿੱਚੋਂ ਕਿਸੀ ਨੂੰ ਇਕ ਦਾ ਮੁਜਰਿਮ ਤੇ ਇਕ ਦਾ ਨਾ ਮੁਜਰਿਮ ਜਾਣਨ ਤਦ ਓਹ

ਇਹ ਫੈਸਲਾ ਦੇਣ ਕਿ ਇਹ ਫਲਾਣੇ ਲਾਏ ਦੋਸ ਦੇ ਤੇ ਦੋਸ਼ੀ ਤੇ ਫਲਾਣੇ ਲਾਏ ਦੋਸ ਤੋਂ ਨਿਰਦੋਸ਼ ਹਨ। ਤੇ ਫਿਰ ਉਸ ਉਨ੍ਹਾਂ ਨੂੰ ਸਮਝਾਇਆ ਕਿ ਇਹ ਤਾਂ ਉਨ੍ਹਾਂ ਦੇ ਇਖਤਿਆਰ ਹਨ, ਪਰ ਇਨ੍ਹਾਂ ਇਖਤਿਆਰਾਂ ਨੂੰ ਓਹਨਾਂ ਨੇ ਸੋਚਕੇ ਵਰਤਣਾ ਹੈ, ਤੇ ਓਹ ਉਨ੍ਹਾਂ ਨੂੰ ਅੱਗੇ ਕਹਿਣ ਹੀ ਲੱਗਾ ਸੀ ਕਿ ਜੇ ਉਨ੍ਹਾਂ ਕਿਸੀ ਸਵਾਲ ਦਾ, ਜਿਹੜਾ ਉਨ੍ਹਾਂ ਉੱਪਰ ਕੀਤਾ ਜਾਏ ਜਵਾਬ ਹਾਂ ਵਿੱਚ ਦਿੱਤਾ ਤਦ ਓਹ ਜੋ ਕੁਛ ਓਸ ਸਵਾਲ ਵਿੱਚ ਤਫਸੀਲ ਨਾਲ ਪੁੱਛਿਆ ਹੋਇਆ ਹੋਵੇਗਾ, ਓਸ ਸਬ ਲਈ ਉਨ੍ਹਾਂ ਦਾ ਜਵਾਬ "ਹਾਂ" ਹੀ ਸਮਝਿਆ ਜਾਵੇਗਾ। ਇਸ ਵਾਸਤੇ ਜੇ ਓਹ ਸਾਰੇ ਸਵਾਲ ਕੀਤੇ ਦੀਆਂ ਗੱਲਾਂ ਦਾ "ਹਾਂ" ਉੱਤਰ ਨ ਦੇਣਾ ਚਾਹੁਣ ਤਦ ਉਨ੍ਹਾਂ ਨੂੰ ਸਾਫ ਦੱਸ ਦੇਣਾ ਚਾਹੀਏ ਕਿ ਫਲਾਣੇ ਹਿੱਸੇ ਦਾ ਜਵਾਬ ਹਾਂ, ਤੇ ਫਲਾਣਾ ਹਿੱਸਾ ਉਨ੍ਹਾਂ ਦੀ ਕੀਤੀ ਹਾਂ ਤੋਂ ਬਾਹਰ ਕੱਢਿਆ ਸਮਝਿਆ ਜਾਏ। ਪਰ ਘੜੀ ਵੱਲ ਤੱਕ ਕੇ ਕਿ ਅਗੇ ਹੀ ਤਿੰਨ ਵਜਣ ਵਿੱਚ ਪੰਜ ਮਿੰਟ ਰਹਿ ਗਏ ਸਨ, ਓਸ ਠਾਣ ਲਈ ਕਿ ਚਲੋ ਸਬ ਕਾਫੀ ਸਮਝਦਾਰ ਬੰਦੇ ਹਨ ਤੇ ਓਹ ਇਸ ਗੱਲ ਨੂੰ ਬਿਨ ਦੱਸੇ ਹੀ ਆਪੇ ਸਮਝ ਜਾਣਗੇ।

"ਮੁਕੱਦਮੇਂ ਦੇ ਵਾਕਿਆਤ ਤੇ ਸੱਚ ਇਉਂ ਹਨ," ਪ੍ਰਧਾਨ ਲੱਗਾ ਕਹਿਣ ਤੇ ਓਹ ਸਾਰੀਆਂ ਗੱਲਾਂ ਜਿਹੜੀਆਂ ਵਕੀਲਾਂ ਕਈ ਵੇਰ ਦੁਹਰਾਈਆਂ ਸਨ ਮੁੜ ਦੁਹਰਾ ਕੇ ਸੁਣਾਈਆਂ।

ਪ੍ਰਧਾਨ ਜਦ ਬੋਲ ਰਹਿਆ ਸੀ, ਸਾਰੇ ਮੈਂਬਰ ਬੜੀ ਡੂੰਘੀ ਗੌਹ ਦੇ ਮੂੰਹ ਬਣਾਏ ਸੁਣ ਰਹੇ ਸਨ। ਪਰ ਕਦੀ ਕਦੀ ਘੜੀ ਵੱਲ ਤੱਕਦੇ ਸਨ ਕਿਉਂਕਿ ਓਹ ਉਹਦੀ ਤਕਰੀਰ ਭਾਵੇਂ

ਚੰਗੀ ਜਾਣਦੇ ਸਨ ਪਰ ਲੰਮੀ ਹੁੰਦੀ ਜਾਂਦੀ ਜਾਣ ਰਹੇ ਸਨ। ਮਤਲਬ ਕਿ ਇਹੋ ਜੇਹੀ ਤਕਰੀਰ ਜਿੰਨੀ ਹੋਣੀ ਚਾਹੀਏ ਉਸ ਥੀਂ ਲੰਮੀ ਹੋ ਰਹੀ ਸੀ। ਸਰਕਾਰੀ ਵਕੀਲ, ਤੇ ਵਕੀਲ ਅਦਾਲਤ ਵਿੱਚ ਜਿੰਨੇ ਬੈਠੇ ਹੋਏ ਸਨ ਸਭ ਦੀ ਮਨ ਦੀ ਹਾਲਤ ਤਕਰੀਰ ਬਾਬਤ ਇਹੋ ਸੀ। ਪ੍ਰਧਾਨ ਨੇ ਸਾਰ ਮੁਕਾਇਆ, ਇਓਂ ਪਤਾ ਲਗਦਾ ਸੀ ਕਿ ਸਭ ਕੰਮ ਮੁੱਕਿਆ।

ਪਰ ਪ੍ਰਧਾਨ ਹਾਲੇ ਆਪਣੇ ਬੋਲਨ ਦਾ ਹੱਕ ਕਿੱਥੇ ਖਤਮ ਕਰਦਾ ਸੀ। ਓਹਨੂੰ ਆਪਣੇ ਆਵਾਜ਼ ਦੀ ਦਿਲਖਿਚਵੀਂ ਸੁਰ ਆਪਣੇ ਕੰਨਾਂ ਨੂੰ ਇੰਨੀ ਚੰਗੀ ਲੱਗਦੀ ਹੁੰਦੀ ਸੀ ਕਿ ਓਹ ਜੂਰੀ ਨੂੰ ਦਿੱਤੇ ਇਖਤਿਆਰਾਂ ਉੱਪਰ ਹਾਲੇਂ ਕੁਛ ਹੋਰ ਕਹਿਣਾ ਚਾਹੁੰਦਾ ਸੀ। ਕਿਸ ਹੁਸ਼ਿਆਰੀ ਨਾਲ ਉਨ੍ਹਾਂ ਨੂੰ ਇਹ ਇਖ-ਤਿਆਰ ਵਰਤਣੇ ਚਾਹੀਦੇ ਨੇ, ਤੇ ਕਿਸਤਰਾਂ ਉਨ੍ਹਾਂ ਨੂੰ ਇਨ੍ਹਾਂ ਇਖਤਿਆਰਾਂ ਨੂੰ ਭੈੜੀ ਤਰਾਂ ਨਹੀਂ ਵਰਤਣਾ ਚਾਹੀਏ, ਕਿ ਉਨ੍ਹਾਂ ਸੋਹਾਂ ਖਾਧੀਆਂ ਹੋਈਆਂ ਹਨ ਕਿ ਓਹ ਇਨਸਾਫ ਕਰਨਗੇ ਤੇ ਇਹ ਕਿ ਓਹ ਸੋਸੈਟੀ ਦਾ ਧਰਮ ਤੇ ਜ਼ਮੀਰ ਹਨ ਤੇ ਨਾਲੇ ਇਹ ਕਿ ਓਹ ਬਹਿਸ ਜੋ ਆਪੇ ਵਿੱਚ ਓਹ ਆਪਣੇ ਕਮਰੇ ਵਿੱਚ ਜਾਕੇ ਕਰਨਗੇ ਓਹ ਮੁਤਬਰੱਕ ਹੋਵੇਗੀ ਤੇ ਉਹਨੂੰ ਹਰ ਤਰਾਂ ਲੁਕਵੀਂ ਰਖਣਾ ਓਹਨਾਂ ਦਾ ਫਰਜ਼ ਹੋਵੇਗਾ।

ਜਦ ਥੀਂ ਪ੍ਰਧਾਨ ਨੇ ਤਕਰੀਰ ਸ਼ੁਰੂ ਕੀਤੀ ਤਦ ਥੀਂ ਓਹਦਾ ਇਕ ਵੀ ਲਫ਼ਜ਼ ਸੁਣਨ ਤੋਂ ਉੱਕ ਨ ਜਾਏ ਦੇ ਡਰ ਕਰਕੇ **ਮਸਲੋਵਾ** ਨੇ ਆਪਣੀ ਨਿਗਾਹ ਲਗਾਤਾਰ ਓਸ ਉੱਪਰ ਲਗਾਈ ਰੱਖੀ ਸੀ। ਇਸ ਕਰਕੇ **ਨਿਖਲੀਊਧਵ** ਨੂੰ ਆਪਣੀਆਂ ਅੱਖਾਂ ਓਹਦੀਆਂ ਅੱਖਾਂ ਨਾਲ ਮਿਲਣ ਦਾ ਕੋਈ

ਡਰ ਨਹੀਂ ਸੀ ਰਹਿਆ ਤੇ ਓਹ ਇਹ ਸਾਰਾ ਵਕਤ ਓਹਦੇ ਚਿਹਰੇ ਵਲ ਤੱਕਦਾ ਰਹਿਆ। ਤੇ ਓਹਦੇ ਮਨ ਦੇ ਅੱਗੇ ਓਹ ਹਾਲਤਾਂ ਲੰਘੀਆਂ ਜਿਹੜੀਆਂ ਤਦ ਲੰਘਦੀਆਂ ਹਨ ਜਦ ਕਿ ਇਕ ਮੂੰਹ ਜਿਹੜਾ ਅਸਾਂ ਕਈ ਸਾਲ ਤਕ ਨ ਵੇਖਿਆ ਹੋਵੇ ਤੇ ਜੁਦਾ ਹੋ ਕੇ ਏਸ ਅਰਸੇ ਵਿੱਚ ਓਸ ਉੱਪਰ ਆਈਆਂ ਤਬਦੀਲੀਆਂ ਪਹਿਲਾਂ ਤਾਂ ਸਾਡੇ ਮਨ ਵਿੱਚ ਆਪ ਆ ਕੇ ਖੁਭਦੀਆਂ ਹਨ, ਤੇ ਹੌਲੇ ਹੌਲੇ ਉਨ੍ਹਾਂ ਦੇ ਚਿਹਰੇ ਉੱਪਰੋਂ ਲਹਿ ਜਾਣ ਕਰ ਕੇ ਮੁੜ ਓਹ **ਓਪਰਿਹਾਂ** ਆਦਿ ਦੂਰ ਹੁੰਦੇ ਹਨ, ਤੇ ਮੁੜ ਓਹੋ ਪੁਰਾਣਾ ਚਿਹਰਾ ਮਨ ਵਿੱਚ ਨਿਖਰਦਾ ਹੈ ਜਦ ਕਿ ਸਮੇਂ ਦੀਆਂ ਲਿਆਂਦੀਆਂ ਤਬਦੀਲੀਆਂ ਕਾਫ਼ੂਰ ਹੋ ਇਕ ਵੇਰੀ ਫਿਰ ਸਾਡੇ ਧਿਆਨ ਦੀਆਂ ਅੱਖਾਂ ਅੱਗੇ ਇਕ ਅਦੁਤੀ ਅਨੋਖੇ ਤੇ ਵਖਰੇ ਇਕ ਆਤਮਾ ਦਾ ਨਿਰਾਲਾ ਆਪੇ ਦਾ ਰੂਪ ਸਾਡੇ ਅੱਗੇ ਖੜਾ ਹੋ ਜਾਂਦਾ ਹੈ।

ਹਾਂ, ਓਸ ਜੇਲ ਦੇ ਵਡੇਰੇ ਸਾਰੇ ਕੋਟ ਦੇ ਪਾਏ ਹੋਣ ਤੇ ਵੀ ਤੇ ਹੁਣ ਪੂਰੀ ਹੋ ਗਈ ਤੀਮੀਂ ਦੇ ਵਧੇ ਅੰਗਾਂ ਦੇ ਹੁੰਦਿਆਂ ਵੀ ਓਹਦੇ ਮੂੰਹ ਦਾ ਹੇਠਲਾ ਪਾਸਾ ਕੁਛ ਮੁਟੇਰਾ ਹੋ ਜਾਣ ਤੇ ਵੀ, ਤੇ ਛਾਤੀ ਪੂਰੀ ਫੂਲਾ ਵਿੱਚ ਆਣ ਪਰ ਵੀ, ਤੇ ਰੁਖਸਾਰ ਤੇ ਮੱਥੇ ਉੱਪਰ ਕੁਛ ਕੁਛ ਝੁਰਲੀਆਂ ਪੈ ਜਾਣ ਦੇ ਬਾਵਜੂਦ ਵੀ ਤੇ ਅੱਖਾਂ ਉੱਪਰ ਕੁਝ ਸੋਜ ਹੋਣ ਤੇ ਵੀ, ਹਾਂ ਇਹ ਓਹੋ ਸਚੀਂ ਓਹੋ **ਕਾਤੂਸ਼ਾ** ਹੈ, ਜਿਹੜੀ ਓਸ **ਈਸਟਰ** ਦੀ ਰਾਤ, ਓਸ ਵਲ ਅਯਾਣੀਆਂ ਤੇ ਬੇਲੋਸ ਨਦਰਾਂ ਉੱਪਰ ਕਰ ਕਰ ਕੇ ਵੇਖਦੀ ਸੀ, ਤੇ ਜਿਹਨੂੰ ਓਹ ਆਪ ਇਕ ਪਾਕ ਰੂਹ ਕਰਕੇ ਪਿਆਰਦਾ ਸੀ, ਤੇ ਜਦ ਓਹਦੀਆਂ ਪਿਆਰ ਭਰੀਆਂ ਹਸੂ ਹਸੂ ਕਰਦੀਆਂ ਅੱਖਾਂ ਜੀਵਨ ਤੇ ਓਹਦੇ ਰਸ ਨਾਲ ਚਮਕ ਰਹੀਆ ਸਨ।

"ਤੇ ਵੇਖੋ" ਓਸ ਖਿਆਲਿਆ, "ਕਿ ਕੇਹੇ ਅਜੀਬ ਸੰਜੋਗਾਂ ਦਾ ਇਤਫਾਕ ਆਣ ਹੋਇਆ ਹੈ, ਕਿ ਇੰਨੇ ਸਾਰੇ ਸਾਲਾਂ ਬਾਹਦ ਜਿਨ੍ਹਾਂ ਵਿੱਚ ਇਕ ਵੇਰੀ ਮੈਂ ਇਹਨੂੰ ਨਹੀਂ ਮਿਲਿਆ ਇਹ ਮੁਕੱਦਮਾ ਅੱਜ ਹੀ ਜੂਰੀ ਦੇ ਪੇਸ਼ ਹੋਣਾ ਸੀ, ਤੇ ਮੈਂ ਵੀ ਜੂਰੀ ਉੱਪਰ ਆਣਾ ਸੀ, ਤੇ ਇਹਨੂੰ ਓਥੇ ਕੈਦੀਆਂ ਦੇ ਜੰਗਲੇ ਵਿੱਚ ਖੜਾ ਮੁੜ ਵੇਖਣਾ ਸੀ, ਤੇ ਇਹਦਾ ਅੰਜਾਮ ਕੀ ਹੋਵੇਗਾ ? ਹਾਏ ਜੇ ਇਹ ਸਾਰੇ ਇਹਦਾ ਫੈਸਲਾ ਜਲਦੀ ਨਿਪਟਾਵਨ !"

ਇਹੋ ਜੇਹੇ ਖਿਆਲ ਸੋਚਦਿਆਂ ਹੋਇਆਂ ਵੀ ਓਹ ਓਥੇ ਆਪਣੇ ਆਪ ਨੂੰ ਅੰਦਰਲੇ ਪਸਚਾਤਾਪ ਦੀ ਰੂਹ-ਟੁੰਬ ਅੱਗੇ ਲੰਮਾ ਨਹੀਂ ਸੀ ਪਾਉਣਾ ਚਾਹੁੰਦਾ। ਇਹ ਸਾਰੀ ਗੱਲ ਨੂੰ ਇਤਫਾਕੀਆ ਸਮਝਣ ਦੀ ਕਰ ਰਹਿਆ ਸੀ, ਜਿਹੜੀ ਬਿਨਾਂ ਓਹਦੀ ਅੰਦਰਲੀ ਜ਼ਿੰਦਗੀ ਨੂੰ ਛੇੜਨ ਦੇ ਹੀ ਲੰਘ ਜਾਵੇਗੀ। ਪਰ ਓਹਦਾ ਹਾਲ ਓਸ ਵੇਲੇ ਓਹ ਸੀ ਜਿਹੜਾ ਇਕ ਕਤੂਰੇ ਦਾ ਹੁੰਦਾ ਹੈ ਜਦ ਓਹਦਾ ਮਾਲਕ ਗਰਦਨ ਦੇ ਵਾਲਾਂ ਦੀ ਬੁਚੀਂ ਥੀਂ ਪਕੜ ਕੇ ਓਹਦਾ ਨੱਕ ਓਹਦੇ ਗੂੰਹ ਵਿੱਚ ਮਲਦਾ ਹੈ, ਜਿਹੜਾ ਓਸੇ ਹੁਣੇ ਨ ਕਰਨ ਵਾਲੀ ਥਾਂ ਤੇ ਕੀਤਾ ਹੈ। ਕਤੂਰਾ ਚੀਕਦਾ ਹੈ, ਪਿੱਛੇ ਹਟਦਾ ਹੈ ਤੇ ਆਪਣੀ ਭੈੜੀ ਕਰਤੂਤ ਦੇ ਅਸਰਾਂ ਥੀਂ ਜਿੰਨਾਂ ਜਾ ਸਕੇ ਪਿਛੇ ਹਟਣ ਦੀ ਕਰਦਾ ਹੈ ਪਰ ਓਹਦਾ ਬੇਰਹਿਮ ਮਾਲਕ ਓਹਨੂੰ ਜਾਣ ਨਹੀਂ ਦਿੰਦਾ।

ਤੇ ਇਓਂ **ਨਿਖਲੀਊਧਵ** ਆਪਣੇ ਕੀਤੇ ਦੀ ਕਰਹਿਤ ਨੂੰ ਅਨੁਭਵ ਕਰਦਾ ਹੋਇਆ ਆਪਣੇ ਸਾਈਂ ਦੇ ਕੜੇ ਹੱਥ ਦੀ ਘੁੱਟ ਨੂੰ ਭਾਸ ਰਹਿਆ ਸੀ, ਪਰ ਹਾਲੇਂ ਉਹ ਆਪਣੇ ਕੀਤੇ ਦਾ ਨਤੀਜਾ ਪੂਰਾ ਪੂਰਾ ਤੇ ਸਾਫ ਨਹੀਂ ਸੀ ਦੇਖ ਰਹਿਆ

ਤੇ ਨਾ ਹੀ ਓਹ ਆਪਣੇ ਮਾਲਕ ਦੇ ਹੱਥ ਦੀ ਛੋਹ ਨੂੰ ਪੂਰਾ ਪੂਰਾ ਸਿਞਾਣ ਰਹਿਆ ਸੀ, ਓਹ ਇਹ ਮੰਨਣਾ ਨਹੀਂ ਸੀ ਚਾਹੁੰਦਾ ਕਿ ਜੋ ਕੁਛ ਨਜ਼ਾਰਾ ਓਹਦੇ ਸਾਹਮਣੇ ਸੀ ਓਹ ਓਹਦੇ ਕਰਮ ਦਾ ਨਤੀਜਾ ਸੀ। ਪਰ ਮਾਲਕ ਦੇ ਕੜੇ ਹੱਥ ਨੇ ਓਹਨੂੰ ਕਾਬੂ ਕੀਤਾ ਹੋਇਆ ਸੀ ਤੇ ਓਹਨੂੰ ਇਹ ਭਾਨ ਹੋ ਰਿਹਾ ਸੀ ਕਿ ਓਹ ਛੁਟ ਨਹੀਂ ਸਕੇਗਾ। ਨਿਰੀ ਆਪਣੀ ਮੋਟਮਰਦੀ ਬਣਾਈ ਦਿਖਾਈ ਜਾ ਰਹਿਆ ਸੀ। ਆਪਣੀ ਮਾਮੂਲੀ ਮਾਨ ਸ਼ਾਨ ਭਰੀ ਡੀਂਗ ਵਿੱਚ ਪਹਿਲੀ ਕਿਤਾਰ ਵਿੱਚ ਆਪਣੀ ਕੁਰਸੀ ਉੱਪਰ ਬੈਠਾ ਹੋਇਆ ਸੀ। ਇਕ ਟੰਗ ਬੇਪਰਵਾਹੀ ਨਾਲ ਦੂਜੀ ਉੱਪਰ ਰੱਖੀ ਹੋਈ ਸੀ ਤੇ ਆਪਣੇ ਪਿਨਸਨੇਜ਼ ਨਾਲ ਖੇਡ ਰਹਿਆ ਸੀ, ਪਰ ਸਾਰਾ ਵਕਤ ਆਪਣੇ ਰੂਹ ਦੀਆਂ ਗਹਿਰਾਈਆਂ ਵਿੱਚ ਨ ਸਿਰਫ ਓਸ ਇਕ ਆਪਣੇ ਕੁਕਰਮ ਦੀ ਬਲਕਿ ਆਪਣੀ ਸਾਰੇ ਆਪ-ਮਤੇ, ਮਨਮਤੇ, ਗਿਰੇ ਹੋਏ, ਬੇਤਰਸ, ਜ਼ਾਲਮ ਅਵਾਰਾ ਜੀਵਨ ਦੀ ਕਮੀਨਗੀ, ਬੁਜ਼ਦਿਲੀ, ਤੇ ਬੇਇਨਸਾਫੀ ਤੇ ਜ਼ੁਲਮ ਨੂੰ ਭਾਨ ਕਰ ਰਹਿਆ ਸੀ। ਪਰ ਓਹ ਡਰਾਉਣਾ ਪਰਦਾ ਜਿਹੜਾ ਕਿਸੀ ਨ ਕਿਸੀ ਤਰਾਂ ਇਹਦੇ ਇਸ ਪਾਪ ਨੂੰ ਇਸ ਥੀਂ ਲੁਕਾ ਰਹਿਆ ਸੀ ਤੇ ਓਹਦੀ ਓਸ ਥੀਂ ਪਿੱਛੇ ਦਸ ਸਾਲ ਦੇ ਜੀਵਨ ਨੂੰ ਇਸ ਥੀਂ ਛੁਪਾ ਰਹਿਆ ਸੀ, ਅਜ ਹਿਲਣ ਲੱਗ ਪਇਆ ਸੀ ਤੇ ਪਰਦੇ ਦੇ ਪਿੱਛੇ ਜੋ ਕੁਝ ਸੀ ਓਸ ਦੇ ਝਾਵਲੇ ਇਸ ਉੱਪਰ ਪੈਣ ਲੱਗ ਪਏ ਸਨ।

# ਕਾਂਡ ੨੩

ਆਖਰ ਪ੍ਰਧਾਨ ਨੇ ਆਪਣੀ ਤਕਰੀਰ ਖਤਮ ਕੀਤੀ, ਤੇ ਇਕ ਸੋਹਣੇ ਨਖਰੇ ਨਾਲ ਬਾਹਾਂ ਹਿਲਾ ਕੇ ਆਪਣੇ ਹਥ ਵਿੱਚ ਫੜੀ ਬਣੇ ਸਵਾਲਾਂ ਦੀ ਫਰਿਸਤ ਫੋਰਮੈਨ ਨੂੰ, ਜਿਹੜਾ ਉਨ੍ਹਾਂ ਨੂੰ ਲੈਣ ਆ ਗਇਆ ਸੀ, ਦੇ ਦਿੱਤੀ। ਜੂਰੀ ਦੇ ਲੋਕੀ ਆਪਣੇ ਬਹਸ ਕਰਨ ਵਾਲੇ ਕਮਰੇ ਵਿੱਚ ਜਾਣ ਦਾ ਅਵਸਰ ਪਾ ਕੇ ਖੁਸ਼ ਇਕ ਦੂਜੇ ਦੇ ਪਿੱਛੇ ਉਠੇ, ਇਉਂ ਜਿਵੇਂ ਓਹ ਕਿਸੀ ਗਲ ਪਰ ਕੁਛ ਛਿੱਤੇ ਪਏ ਹੋਏ ਸਨ, ਤੇ ਇਸ ਅਲਖਤ ਵਿੱਚ ਸਨ ਕਿ ਉਹ ਆਪਣੇ ਹੱਥਾਂ ਨਾਲ ਕੀ ਕੰਮ ਕਰਨ। ਜਦ ਉਹ ਆਪਣੇ ਕਮਰੇ ਅੰਦਰ ਗਏ, ਦਰਵਾਜ਼ਾ ਬੰਦ ਹੋਇਆ ਤੇ ਝਟਾ ਪਟ ਇਕ ਸਿਪਾਹੀ ਦਰਵਾਜ਼ੇ ਉੱਪਰ ਆਇਆ, ਮਿਆਨੋਂ ਉਸ ਤਲਵਾਰ ਕੱਢੀ, ਤੇ ਨੰਗੀ ਤਲਵਾਰ ਧਰੂਹੀ ਉਸ ਦਰਵਾਜ਼ੇ ਉੱਪਰ ਪੈਹਰੇ ਉੱਪਰ ਖੜਾ ਹੋ ਗਇਆ। ਜੱਜ ਉੱਠੇ ਤੇ ਬਾਹਰ ਗਏ। ਕੈਦੀ ਵੀ ਬਾਹਰ ਲਿਜਾਏ ਗਏ। ਜਦ ਜੂਰੀ ਆਪਣੇ ਕਮਰੇ ਵਿੱਚ ਪਹੁੰਚੀ ਤਾਂ ਪਹਿਲੀ ਗੱਲ ਜੋ ਉਨ੍ਹਾਂ ਕੀਤੀ ਉਹ ਏਹ ਸੀ ਕਿ ਆਪਣੇ ਜੇਬਾਂ ਵਿੱਚੋਂ ਡੱਬੀਆਂ ਕੱਢੀਆਂ ਤੇ ਲੱਗੇ ਸਿਗਰਟ ਪੀਣ। ਅਦਾਲਤ ਦੇ ਕਮਰੇ ਵਿੱਚ ਉਨ੍ਹਾਂ ਸਾਰਿਆਂ ਨੂੰ ਆਪਣੀ ਪਦਵੀ ਦੇ ਬਨਾਵਟੀ ਤੇ ਕੂੜੇ ਹੋਣ ਦੀ ਸੋਝੀ ਜੋ ਆ ਰਹੀ ਸੀ ਉਹ ਇਸ ਸੋਝੀ ਕਰਕੇ ਉੱਥੇ ਕੁਝ ਉਕਤਾ ਰਹੇ ਸਨ। ਇਸ ਕਮਰੇ ਵਿੱਚ ਬਹਿਕੇ ਸਿਗਰਟ ਪੀਣ ਨਾਲ ਹੀ ਉਡੰਤ ਹੋਈ ਤੇ ਇਕ ਆਰਾਮ ਦਾ ਉਨ੍ਹਾਂ ਸਾਹ ਲਇਆ ਤੇ ਬੜੇ ਹੀ ਜੋਸ਼ ਤੇ ਸਰਗਰਮੀ ਨਾਲ ਆਪਣੀਆਂ ਗੱਲਾਂ ਵਿੱਚ ਜੁਟ ਪਏ।

ਇਸ ਵਿੱਚ ਉਸ ਲੜਕੀ ਦਾ ਤਾਂ ਦੋਸ ਨਹੀਂ ਓਹ ਤਾਂ ਇਸ ਜੁਰਮ ਵਿੱਚ ਰਲੀ ਨਹੀਂ ਦਿੱਸਦੀ,'' ਓਸ ਮਿਹਰਬਾਨ ਅੱਖਾਂ ਵਾਲੇ ਸੌਦਾਗਰ ਨੇ ਕਹਿਆ ''ਸਾਨੂੰ ਉਸ ਲਈ ਰਹਿਮ ਦੀ ਸਫਾਰਸ਼ ਕਰਨੀ ਚਾਹੀਦੀ ਏ।''

''ਬਸ ਇਹੋ ਨੁਕਤਾ ਹੈ ਜਿਸ ਪਰ ਅਸਾਂ ਵਿਚਾਰ ਕਰਨੀ ਹੈ,'' ਫੋਰਮੈਨ ਨੇ ਕਹਿਆ ''ਸਾਨੂੰ ਆਪਣੇ ਆਪ ਮਨ ਵਿੱਚ ਬਹਿ ਗਈਆਂ ਗੱਲਾਂ ਤੇ ਅਸਰਾਂ ਦੇ ਦਬਾ ਹੇਠ ਨਹੀਂ ਆਣਾ ਚਾਹੀਏ।''

''ਪ੍ਰਧਾਨ ਦਾ ਨਿਚੋੜ ਤਾਂ ਬੜਾ ਚੰਗਾ ਸੀ,'' ਕਰਨੈਲ ਨੇ ਆਖਿਆ।

''ਚੰਗਾ? ਵਾਹ ਉਸ ਤਾਂ ਮੈਨੂੰ ਨਿੰਦਰਾਵਾਲਾ ਕਰ ਦਿੱਤਾ ਸੀ।''

''ਵੱਡਾ ਨੁਕਤਾ ਇਹ ਹੈ ਕਿ ਨੌਕਰਾਂ ਨੂੰ ਰੁਪਏ ਬਾਬਤ ਕੁਝ ਵੀ ਖਬਰ ਨਹੀਂ ਸੀ ਲੱਗਣੀ ਜੇ **ਮਸਲੋਵਾ** ਉਨਾਂ ਨਾਲ ਰਲੀ ਮਿਲੀ ਨ ਹੁੰਦੀ,'' ਉਸ ਯਹੂਦੀ ਰਗ ਵਾਲੇ ਕਲਾਰਕ ਨੇ ਉਚਾਰਿਆ।

''ਉਫ–ਕੀ ਆਪ ਦਾ ਖਿਆਲ ਹੈ ਕਿ ਉਸ ਨੇ ਰੁਪਏ ਚੁਰਾਏ?'' ਜੂਰੀ ਦੇ ਇਕ ਮੈਂਬਰ ਨੇ ਕਹਿਆ।

''ਮੈਂ ਕਦਾਚਿਤ ਇਸ ਗੱਲ ਨੂੰ ਨਹੀਂ ਮੰਨਾਂਗਾ,'' ਓਸ ਮਿਹਰਬਾਨ ਅੱਖਾਂ ਵਾਲੇ ਨੇ ਕਹਿਆ ''ਓਹ ਕੰਮ ਤਾਂ ਸਾਰਾ ਉਸ ਲਾਲ ਅੱਖਾਂ ਵਾਲੀ ਬੁੱਢੀ ਫਾਫਾਂ ਦਾ ਹੈ।''

''ਉਹ ਸਾਰੇ ਹੀ ਬੜੇ ਉਸਤਾਦ ਲੋਕ ਹਨ, ਸਭ ਵਡੇ ਭਲੇ ਮਾਨਸ ਹਨ,'' ਕਰਨੈਲ ਬੋਲਿਆ–''ਪਰ ਉਹ ਕਹਿੰਦੀ

ਹੈ ਮੈਂ ਕਮਰੇ ਵਿੱਚ ਕਦੀ ਨਹੀਂ ਗਈ।''

''ਆਹੋ! ਸਭ ਪਾਸਿਓਂ ਉਸ ਫਾਫਾਂ ਦੀਆਂ ਗੱਲਾਂ ਮੰਨੀਏ!''

''ਮੈਂ ਓਸ ਫਾਫਾਂ ਦੇ ਕਹੇ ਦਾ ਕਦੀ ਇਤਬਾਰ ਨ ਕਰਾਂ, ਜੇ ਸਾਰੀ ਦੁਨੀਆਂ ਇਕ ਪਾਸੇ ਹੋ ਜਾਵੇ।''

''ਤੁਸੀਂ ਮੰਨੋ ਨ ਮੰਨੋ, ਇਸ ਗੱਲ ਉੱਪਰ ਤਾਂ ਮਾਮਲਾ ਫੈਸਲਾ ਨਹੀਂ ਹੋਣਾ,'' ਕਲਾਰਕ ਨੇ ਆਖਿਆ।

''ਉਸ ਕੁੜੀ ਪਾਸ ਚਾਬੀ ਸੀ,'' ਕਰਨੈਲ ਬੋਲਿਆ।

''ਸੀ ਤਾਂ ਕੀ ਹੋਇਆ?'' ਸੌਦਾਗਰ ਨੇ ਬਚਨ ਕੀਤਾ।

''ਤੇ ਮੁੰਦਰੀ?''

''ਪਰ ਉਸ ਨੇ ਸਬ ਕੁਛ ਇਸ ਬਾਬਤ ਦੱਸ ਨਹੀਂ ਸੀ ਦਿੱਤਾ?'' ਫਿਰ ਸੌਦਾਗਰ ਉੱਚਾ ਬੋਲਿਆ, ''ਓਸ ਮਰ ਗਏ ਦਾ ਸੁਭਾ ਕੇਹਾ ਕਾਹਲਾ ਤੇ ਕੌੜਾ ਸੀ, ਤੇ ਨਾਲੇ ਅੰਦਰ ਕਤਰਾ ਵਧ ਪੀਤਾ ਹੋਇਆ ਸੂ, ਤੇ ਉਸ ਕੁੜੀ ਨੂੰ ਮੁੱਕਾ ਮਾਰ ਵੀ ਦਿੱਤਾ ਸੀ ਸੂ। ਇਸ ਗੱਲ ਥੀਂ ਵਧ ਹੋਰ ਕੀ ਸਾਦਾ ਸਫਾ ਗੱਲ ਹੋ ਸੱਕਦੀ ਹੈ? ਭਾਈ ਮਾਰ ਕੇ ਫਿਰ ਓਹਨੂੰ ਅਫਸੋਸ ਵੀ ਆਇਆ ਹੋਊ, ਕੁਦਰਤੀ ਗੱਲ ਹੈ। ''ਆਹ ਲੈ, ਤੂੰ ਰੁੱਸ ਨਾਂਹ,'' ''ਇਹ ਲੈ ਲੈ''। ਕਿਉਂ ਮੈਂ ਉਨ੍ਹਾਂ ਨੂੰ ਕਹਿੰਦਾ ਸੁਣਿਆ ਹੈ ਕਿ ਓਹ ਦੈਂਤ ਸੀ ਦੈਂਤ ਛੇ ਫੁੱਟ ਪੰਜ ਇੰਚ ਉੱਚਾ, ਮੁੱਕਾ ਵੀ ਕੁਛ ਹੋਊ। ਮੇਰੇ ਖਿਆਲੇ ਉਹਦਾ ਵਜ਼ਨ ਸਾਢੇ ਤਿੰਨ ਮਣ ਦੇ ਲਾਗੇ ਲਾਗੇ ਹੋਣਾ ਹੈ।''

''ਇਓਂ ਗੱਲ ਨਹੀਂ'' **ਪੀਟਰ ਜਿਰਾਸੀਮੋਵਿਚ** ਨੇ ਕਹਿਆ ''ਸਵਾਲ ਇਹ ਹੈ ਕਿ ਉਸ ਲੜਕੀ ਨੇ ਨੌਕਰਾਂ ਨੂੰ

ਬਕਾ ਲਇਆ ਸੀ ਕਿ ਨੌਕਰਾਂ ਨੇ ਖ਼ੁਦ ਉਹ ਕੰਮ ਕੀਤਾ ।"

"ਨੌਕਰਾਂ ਲਈ ਇਹ ਗੱਲ ਕਰਨੀ ਮੁਮਕਿਨ ਨਹੀਂ ਸੀ, ਕੁੰਜੀ ਉਸ ਪਾਸ ਸੀ ।"

ਇਹੋ ਜੇਹੀ ਵਾਵੈਲੀ ਗੱਲ ਬਾਤ ਚੋਖਾ ਚਿਰ ਚਲਦੀ ਰਹੀ, ਆਖਰ **ਫੋਰਮੈਨ** ਨੇ ਕਹਿਆ, "ਮੈਨੂੰ ਮਾਫ ਕਰਨਾ ਭਲੇ ਲੋਕੋ ! ਕੀ ਇਹ ਚੰਗਾ ਨ ਹੋਵੇ ਕਿ ਅਸੀਂ ਮੇਜ਼ ਉੱਪਰ ਆਪਣੀ ਥਾਂ ਤੇ ਬਹਿ ਜਾਈਏ ਤੇ ਮਾਮਲੇ ਉੱਪਰ ਬਾਕਾਇਦਾ ਬਹਿਸ ਕਰੀਏ," ਤੇ ਇਹ ਕਹਿ ਕੇ ਉਸ ਆਪ ਕੁਰਸੀ ਲੈ ਲੀਤੀ ।

"ਪਰ ਇਨ੍ਹਾਂ ਚੁੜੇਲਾਂ ਬਾਬਤ ਜੋ ਕੁਛ ਹੋਵੇ ਮੰਨੋ," ਕਲਾਰਕ ਨੇ ਆਖਿਆ, ਤੇ ਆਪਣੇ ਰਾਏ ਦੀ ਪ੍ਰੋਢਤਾ ਵਿੱਚ ਕਿ ਵੱਡਾ ਮੁਜਰਿਮ ਮੁਕੱਦਮੇਂ ਵਿੱਚ **ਮਸਲੋਵਾ** ਹੀ ਹੈ ਉਸ ਇਕ ਕਹਾਣੀ ਸੁਣਾਈ ਕਿ ਕਿਸ ਤਰਾਂ, ਚੋਗਾਨ ਵਿੱਚ ਇਕ ਫਾਹਸ਼ਾ ਨੇ ਓਹਦੇ ਦੋਸਤ ਦੀ ਘੜੀ ਚੁਰਾ ਲਈ ਸੀ ।

ਇਸੇ ਤਅੱਲਕ ਵਿੱਚ ਕਰਨੈਲ ਨੇ ਇਕ ਹਰ ਮਨ ਲੱਗਣ ਵਾਲੀ ਕਥਾ ਕਰ ਦਿੱਤੀ ਕਿ ਇਕ ਚਾਂਦੀ ਦਾ **ਸੋਮਾਵਾਰ** ਕਿਸ ਤਰਾਂ ਚੁਰਾਇਆ ਗਇਆ ਸੀ ।

"ਭਲੇ ਲੋਕੋ ! ਮੈਂ ਚਾਹੁੰਦਾ ਹਾਂ ਕਿ ਅਸਲੀ ਸਵਾਲਾਂਵਲ ਧਿਆਨ ਦਿਓ," **ਫੈਰਮੈਨ** ਨੇ ਆਪਣੀ ਪਿਨਸਲ ਮੇਜ਼ ਤੇ ਮਾਰ ਕੇ ਕਹਿਆ, ਸਭ ਚੁੱਪ ਹੋ ਗਏ ।

ਸਵਾਲ ਇਓਂ ਬਣਾਏ ਗਏ ਸਨ :—

(੧) ਕੀ ਉਹ **ਬੋਰਕੀ** ਦਾ ਕਿਸਾਨ, ਜ਼ਿਲਾ **ਕਰਾਪੀਵੈਨਸਕੀ** ਦਾ ਰਹਿਣ ਵਾਲਾ **ਸਾਈਮਨ ਕਾਰਤਿਨਕਿਨ** ੩੩ ਸਾਲ ਉਮਰ, ਹੋਰਨਾਂ ਨਾਲ ਸਾਜ਼ਸ਼ ਕਰਕੇ ਇਸ ਦੋਸ ਦਾ ਦੋਸੀ ਹੈ ਕਿ ਇਸ ਨੇ ੧੭ ਜਨਵਰੀ ੧੯੯੮ ਵਾਲੇ ਦਿਨ ਸ਼ਹਿਰ....................ਵਿੱਚ, ਇਸ ਨੀਤ ਨਾਲ ਕਿ ਸੌਦਾਗਰ **ਸਮੈਲਕੋਵ** ਮਰ ਜਾਵੇ, ਤੇ ਓਹਦਾ ਮਾਲ ਲੁੱਟ ਲਇਆ ਜਾਵੇ, ਬ੍ਰਾਂਡੀ ਵਿੱਚ ਜ਼ਹਿਰ ਦਿੱਤੀ ਤੇ ਤਕਰੀਬਨ ੨੬੦੦ ਰੂਬਲ ਨਕਦ ਤੇ ਇਕ ਹੀਰੇ ਦੀ ਮੁੰਦਰੀ ਚੋਰੀ ਕੀਤੀ ?

(੨) ਕੀ **ਯੋਫੈਮੀਆ ਈਵਾਨੋਵਨਾ ਬੋਚਕੋਵਾ** ੪੩ ਸਾਲ ਉਮਰ, ਇਸ ਉੱਪਰ ਲਿਖੇ ਜੁਰਮ ਦੇ ਕਰਨ ਵਾਲੀ ਹੈ ਕਿ ਨਹੀਂ ?

(੩) ਕੀ **ਕਾਤਰੀਨਾ ਮਿਖਿਆਲੋਵਨਾ ਮਸਲੋਵਾ** ਉਮਰ ੨੮ ਸਾਲ, ਉੱਪਰ ਦੱਸੇ ਜੁਰਮ ਦੀ ਮੁਰਤਕਿਬ ਹੈ ।

(੪) ਜੇ ਕੈਦੀ **ਯੋਫੈਮੀਆ ਬੋਚਕੋਵਾ** ਪਹਿਲੇ ਸਵਾਲ ਵਿੱਚ ਦੱਸੇ ਦੋਸ ਦੀ ਕਰਨ ਹਾਰੀ ਨਹੀਂ, ਤਾਂ ਕੀ ਓਸ ਨੇ ੧੭ ਜਨਵਰੀ ੧੯੯੮ ਵਾਲੇ ਦਿਨ ਸ਼ਹਿਰ ਵਿੱਚ, ਜਦ ਓਹ **ਹੋਟਲ ਮੌਰੀਤੇਨੀਆ** ਵਿੱਚ ਨੌਕਰ ਸੀ, ਸੌਦਾਗਰ

**ਸਮੈਲਕੋਵ** ਦੇ ਜੰਦਰੇ ਵੱਜੇ ਬਕਸ ਵਿੱਚੋਂ ਜਿਹੜਾ ਓਹਦੇ ਰਹਿਣ ਵਾਲੇ ਕਮਰੇ ਵਿੱਚ ਪਇਆ ਹੋਇਆ ਸੀ, ੨੬੦੦ ਰੂਬਲ ਚੁਰਾਏ ? ਤੇ ਚੁਰਾਣ ਲਈ ਕੀ ਉਸ ਨੇ ਬਕਸ ਦਾ ਜੰਦਰਾ ਖੋਲ੍ਹਿਆ ਤੇ ਕੀ ਉਸ ਕੁੰਜੀ ਨਾਲ ਖੋਲ੍ਹਿਆ, ਜਿਹੜੀ ਓਹ **ਮਸਲੋਵ** ਲਿਆਈ ਸੀ ਤੇ ਜੇਹੜੀ ਉਸ ਬਕਸ ਦੇ ਜੰਦਰੇ ਨੂੰ ਲਗਦੀ ਸੀ ?

**ਫੋਰਮੈਨ** ਨੇ ਪਹਲਾ ਸਵਾਲ ਪੜ੍ਹ ਸੁਣਾਇਆ—"ਭਾਈ ਭਲੇ ਲੋਕੋ ! ਆਪ ਦਾ ਕੀ ਵਿਚਾਰ ਹੈ ?"

ਇਸ ਸਵਾਲ ਦਾ ਫੌਰਨ ਜਵਾਬ ਆਇਆ, ਸਭ ਨੇ ਇਕ ਰਾਇ ਹੋਕੇ ਆਖਿਆ—"ਦੋਸ ਸਾਬਤ ਹੈ," ਜਿਵੇਂ ਉਨ੍ਹਾਂ ਨੂੰ ਨਿਸਚਾ ਹੋ ਚੁੱਕਾ ਸੀ ਕਿ **ਕਾਰਤਿਨਕਿਨ** ਨੇ ਚੁਰਾਣ ਤੇ ਜ਼ਹਿਰ ਦੇਣ ਦੋਹਾਂ ਦੋਸਾਂ ਵਿੱਚ ਹਿੱਸਾਲ ਇਆ ਸੀ। ਪਰ ਇਕ ਇਕੱਲਾ ਪੁਰਾਣਾ ਮਜੂਰਾਂ ਦੀ ਕੰਪਨੀ ਦਾ ਮੈਂਬਰ ਜੇਹੜਾ ਜੂਰੀ ਪਰ ਸੀ ਇਸ ਫੈਸਲੇ ਦੇ ਵਿਰੁੱਧ ਸੀ । ਓਸ ਕਿਹਾ "ਦੋਸ ਸਾਬਤ ਨਹੀਂ ।"

ਫੋਰਮੈਨ ਨੇ ਖਿਆਲ ਕੀਤਾ ਕਿ ਇਹ ਬੁੱਢਾ ਸਵਾਲ ਨੂੰ ਪੂਰਾ ਨਹੀਂ ਸਮਝ ਸੱਕਿਆ । ਉਸ ਨੇ **ਕਾਰਤਿਨਕਿਨ** ਦੇ ਕੀਤੇ ਜੁਰਮ ਬਾਬਤ ਫਿਰ ਓਹਨੂੰ ਸਾਰੀਆਂ ਗੱਲਾਂ ਦੱਸੀਆਂ, ਪਰ ਬੁੱਢੇ ਨੇ ਜਵਾਬ ਦਿੱਤਾ ਕਿ ਉਸ ਪਹਿਲੇ ਵੀ ਸਾਰੀ ਗੱਲ ਸਮਝ ਕੇ ਆਪਣਾ ਫੈਸਲਾ ਦਿੱਤਾ ਹੈ ਤੇ ਕਹਿਆ ਕਿ ਜੇ ਉਸ ਜੁਰਮ ਕੀਤਾ ਵੀ ਹੋਵੇ ਤਦ ਵੀ ਉਸ ਉੱਪਰ ਤਰਸ ਕਰਨ

ਜੋਗ ਹੈ—"ਅਸੀ ਆਪ ਕਿਹੜੇ ਬੜੇ ਸੰਤ ਸਾਧ ਲੋਕੀ ਹਾਂ," ਓਸ ਕਹਿਆ ਤੇ ਆਪਣੀ ਰਾਏ ਓਹੋ ਬਰਕਰਾਰ ਰੱਖੀ।

ਦੂਸਰੇ ਸਵਾਲ ਦਾ ਜਵਾਬ ਜਿਹੜਾ ਬੋਚਕੋਵਾ ਬਾਬਤ ਸੀ ਬੜੀ ਬਹਿਸ ਤੇ ਕਈ ਇਕ 'ਹਾ' "ਹੀ" 'ਓਹੋ' "ਹੋ" ਆਦਿ ਵਾਜਾਂ ਦੇ ਸ਼ੋਰ ਦੇ ਬਾਹਦ ਇਹ ਆਇਆ "ਜੁਰਮ ਨਹੀਂ ਸਾਬਤ," ਕੋਈ ਸਪਸ਼ਟ ਸਬੂਤ ਓਹਦੇ ਜ਼ਹਿਰ ਦੇਣ ਦੇ ਕੰਮ ਵਿੱਚ ਹਿੱਸਾ ਲੈਣ ਦੇ ਨਹੀਂ ਸਨ। ਇਹ ਅਮਰ ਵਾਕਿਆ ਸੀ, ਤੇ ਇਸੀ ਨੁਕਤੇ ਪਰ ਓਹਦੇ ਵਕੀਲ ਨੇ ਕਾਫੀ ਜੋਰ ਦਿੱਤਾ ਸੀ। ਸੌਦਾਗਰ ਜਿਹਦਾ ਝੁਕਾ ਸੀ ਕਿ ਮਸਲੋਵਾ ਨੂੰ ਬਰੀ ਕੀਤਾ ਜਾਵੇ ਜੋਰ ਦੇ ਰਹਿਆ ਸੀ ਕਿ ਸਭ ਦੋਸ ਇਸ ਬੋਚਕੋਵਾ ਦਾ ਹੈ ਤੇ ਓਸੇ ਦੀ ਉਕਸਾਹਟ ਤੇ ਪ੍ਰੇਰਨਾ ਕਰਕੇ ਸਾਰੀ ਗੱਲ ਹੋਈ ਹੈ। ਜੂਰੀ ਦੇ ਬਹੁਤ ਸਾਰੇ ਮੈਂਬਰ ਇਸੇ ਖ਼ਿਆਲ ਦੇ ਸਨ, ਪਰ ਫੋਰਮੈਨ ਠੀਕ ਕਾਨੂੰਨ ਦੀ ਵਾਹੀ ਲਕੀਰ ਦੇ ਅੰਦਰ ਰਹਿਣਾ ਚਾਹੁੰਦਾ ਸੀ। ਤੇ ਓਸ ਕਹਿਆ ਕਿ ਬੋਚਕੋਵਾ ਨੂੰ ਜ਼ਹਿਰ ਦੇਣ ਦੇ ਕੰਮ ਵਿੱਚ ਸਲਾਹ ਮਸ਼ਵਰਾ ਦੇਣ ਵਾਲੀ ਦੋਸੀ ਕਰਨ ਵਿੱਚ ਕਾਫੀ ਵਜੂਹਾਤ ਉਨ੍ਹਾਂ ਦੇ ਸਾਹਮਣੇ ਨਹੀਂ ਸਨ। ਤੇ ਬੜੀ ਬਹਿਸ ਦੇ ਬਾਹਦ ਆਖਰ ਫੋਰਮੈਨ ਜਿੱਤਿਆ।

ਚੌਥੇ ਸਵਾਲ ਦਾ ਜਵਾਬ ਜਿਹੜਾ ਬੋਚਕੋਵਾ ਬਾਬਤ ਸੀ, ਇਹ ਆਇਆ—"ਜੁਰਮ ਸਾਬਤ"—ਪਰ ਓਸ ਬੁੱਢੇ ਮਜ਼ੂਰ

ਕੰਪਨੀ ਦੇ ਮਿੰਬਰ ਦੇ ਜ਼ੋਰ ਦੇਣ ਪਰ ਰਹਿਮ ਦੀ ਸਫ਼ਾਰਸ਼ ਨਾਲ ਕੀਤੀ ਗਈ।

**ਮਸਲੋਵਾ** ਬਾਬਤ ਤੀਸਰੇ ਸਵਾਲ ਉੱਪਰ ਇਕ ਤੇਜ਼ ਤਰਾਰ ਬਹਿਸ ਹੋਈ। ਫੋਰਮੈਨ ਦੀ ਰਾਇ ਸੀ ਕਿ ਓਹ ਜ਼ਹਿਰ ਦੇਣ ਤੇ ਚੋਰੀ ਕਰਨ ਦੋਹਾਂ ਦੋਸਾਂ ਦੀ ਦੋਸੀ ਸੀ। ਪਰ ਇਸ ਗੱਲ ਨਾਲ ਸੌਦਾਗਰ ਦਾ ਇਤਫਾਕ ਨਹੀਂ ਸੀ। ਕਰਨੈਲ, ਕਲਾਰਕ ਤੇ ਬੁੱਢਾ ਮਜ਼ੂਰ ਸਭ ਸੌਦਾਗਰ ਦੀ ਰਾਇ ਨਾਲ ਮਿਲ ਗਏ। ਬਾਕੀ ਦੇ ਮੈਂਬਰ ਕਦੀ ਇੱਧਰ, ਕਦੀ ਓਧਰ, ਕੁਛ ਵਿਸਵਿਸੇ ਵਿੱਚ ਹਿਲ ਰਹੇ ਸਨ, ਤੇ **ਫੋਰਮੈਨ** ਦੀ ਰਾਇ ਆਖ਼ਰ ਆਪਣਾ ਥਾਂ ਬਨਾਂਦੀ ਗਈ। ਓਹਦਾ ਖਾਸ ਸਬਬ ਇਹ ਸੀ ਕਿ ਜੂਰੀ ਦੇ ਸਭ ਮੈਂਬਰ ਥੱਕ ਗਏ ਸਨ ਤੇ ਉਨ੍ਹਾਂ ਓਹੋ ਗੱਲ ਮੰਨ ਲੈਣ ਦੀ ਛੇਤੀ ਕੀਤੀ ਜਿਸ ਨਾਲ ਉਨ੍ਹਾਂ ਦੀ ਇਸ ਸਿਆਪੇ ਥੀਂ ਖਲਾਸੀ ਛੇਤੀ ਹੋਵੇ, ਕੰਮ ਮੁੱਕੇ।

ਜੋ ਕੁਛ ਹੋ ਰਹਿਆ ਸੀ ਤੇ ਜੋ ਕੁਛ **ਮਸਲੋਵਾ** ਬਾਬਤ ਓਹਨੂੰ ਇਸ ਥੀਂ ਪਹਿਲਾਂ ਦਾ ਪਤਾ ਸੀ, ਉਸ ਸਭ ਥੀਂ **ਨਿਖਲੀਊਧਵ** ਨੂੰ ਠੀਕ ਠੀਕ ਪਤਾ ਸੀ ਕਿ ਓਹ ਦੋਹਾਂ ਚੋਰੀ ਤੇ ਜ਼ਹਿਰ ਦੇਣ ਦੇ ਦੋਸਾਂ ਥੀਂ ਬੇਦੋਸ ਹੈ, ਤੇ ਓਹਨੂੰ ਇਹ ਨਿਸਚਾ ਸੀ ਕਿ ਹੋਰ ਸਾਰੇ ਵੀ ਇਸੀ ਨਤੀਜੇ ਉੱਪਰ ਆਪੀ ਪਹੁੰਚਣਗੇ। ਪਰ ਜਦ ਉਸ ਵੇਖਿਆ ਕਿ ਸੌਦਾਗਰ ਦੀ ਓਹਦੀ ਬੇਹੂਦਾ ਪਸ (ਜਿਹੜੀ ਕਿ ਓਹ ਓਹਦੇ ਸ਼ਰੀਰਕ ਖ਼ੂਬਸੂਰਤੀ ਦੇ ਮਨ ਭਾ ਜਾਣ ਕਰਕੇ ਕਰ ਰਹਿਆ ਸੀ ਤੇ ਓਹਦੀ ਪੱਸ ਸਾਫ ਦੱਸ ਰਹੀ ਸੀ ਕਿ ਓਹ ਉਸ ਉੱਪਰ

ਮੋਹਿਤ ਹੋਇਆ ਹੋਇਆ ਗੱਲਾਂ ਕਰ ਰਹਿਆ ਹੈ) ਤੇ ਫੋਰਮੈਨ ਆਪਣੀ ਰਾਏ ਤੇ ਹੀ ਅੜੀ ਜਾ ਰਹਿਆ ਹੈ ਤੇ ਸਭ ਉਸ ਵਿਚਾਰੀ ਨੂੰ ਦੋਸੀ ਕਰਨ ਵਲ ਝੁਕ ਰਹੇ ਹਨ, ਓਹਦਾ ਦਿਲ ਕਰਦਾ ਸੀ ਕਿ ਓਹ ਆਪਣੀ ਰਾਏ ਪ੍ਰਗਟ ਕਰੇ, ਪਰ ਨਾਲੇ ਹੀ ਓਹਨੂੰ ਡਰ ਲਗਦਾ ਸੀ ਕਿ ਕਿਧਰੇ ਉਹਦਾ ਸਰਗਰਮ ਇਓਂ ਹਿੱਸਾ ਲੈਣ ਕਰਕੇ ਉਹਦੇ ਪੁਰਾਣੇ ਮਸਲੋਵਾ ਦੇ ਰਿਸ਼ਤੇ ਨ ਪ੍ਰਗਟ ਹੋ ਜਾਣ। ਫਿਰ ਵੀ ਓਹਨੂੰ ਰੂਹ-ਟੌਂਬ ਪੈ ਰਹੀ ਸੀ ਕਿ ਓਹ ਕਿਸੀ ਹਾਲਤ ਵਿੱਚ ਮੁਕੱਦਮੇਂ ਦਾ ਰੁਖ ਓਹਦੇ ਦੋਸੀ ਕਰਨ ਵਾਲੇ ਪਾਸੇ ਨ ਪੈਣ ਦੇਵੇ। ਇਨ੍ਹਾਂ ਖਿਆਲਾਂ ਵਿੱਚ ਕਦੀ ਉਹਦਾ ਮੂੰਹ ਲਾਲ ਹੋ ਜਾਂਦਾ ਸੀ, ਕਦੀ ਪੀਲਾ। ਤੇ ਓਹ ਬੋਲਣ ਲੱਗਾ ਹੀ ਸੀ ਕਿ ਪੀਟਰ ਜਿਰੀਸੀਮੋਵਿਚ ਨੇ ਫੋਰਮੈਨ ਦੀ ਅਫਸਰੀ ਤਰੀਕੇ ਦੀ "ਗੂੰ ਗੂੰ ਮੂੰ ਮੂੰ ਤੂੰ ਤੂੰ" ਥੀਂ ਨਾਰਾਜ਼ ਹੋਕੇ ਆਪਣੇ ਇਅਤਰਾਜ਼ ਕਰਨੇ ਸ਼ੁਰੂ ਕੀਤੇ ਤੇ ਉਸ ਨੇ ਹੂ-ਬਹੂ ਓਹੋ ਗੱਲਾਂ ਕਹੀਆਂ ਜਿਹੜੀਆਂ ਨਿਖਲੀਊਧਵ ਕਹਿਣਾ ਚਾਹੁੰਦਾ ਸੀ।

"ਮੈਨੂੰ ਇਕ ਮਿੰਟ ਦੀ ਇਜਾਜ਼ਤ ਹੋਵੇ," ਓਸ ਕਹਿਆ, "ਆਪ ਇਸ ਸੋਚ ਵਿੱਚ ਮਲੂਮ ਹੁੰਦੇ ਹੋ ਕਿ ਚੂੰਕਿ ਓਸ ਪਾਸ ਕੁੰਜੀ ਸੀ ਇਸ ਲਈ ਓਹ ਚੋਰੀ ਦੀ ਠੀਕ ਦੋਸੀ ਹੋ ਚੁੱਕੀ। ਫਿਰ ਇਸ ਥੀਂ ਵਧ ਆਸਾਨ ਤੇ ਸਿੱਧੀ ਗੱਲ ਹੋਰ ਕੀ ਹੋ ਸੱਕਦੀ ਹੈ, ਕਿ ਦੂਜਿਆਂ ਨੌਕਰਾਂ ਨੇ ਬਕਸ ਨੂੰ ਇਕ ਬਨਾਵਟੀ

ਕੁੰਜੀ ਨਾਲ ਉਸਦੇ ਚਲੇ ਜਾਣ ਦੇ ਮਗਰੋਂ ਖੋਲ੍ਹ ਲਇਆ ?''

''ਠੀਕ ਠੀਕ,'' ਸੌਦਾਗਰ ਨੇ ਆਖਿਆ।

''ਉਹ ਰੁਪਏ ਲੈ ਹੀ ਨਹੀਂ ਸੀ ਸੱਕਦੀ, ਕਿਉਂਕਿ ਉਹ ਇਸ ਹਾਲਤ ਵਿੱਚ ਨਹੀਂ ਸੀ ਕਿ ਉਹ ਜਾਣ ਸੱਕਦੀ ਕਿ ਉਸ ਰੁਪਏ ਨੂੰ ਲੈਕੇ ਉਹ ਕੀ ਕਰੇਗੀ।''

''ਬੱਸ ਮੈਂ ਵੀ ਇਹੋ ਕਹਿੰਦਾ ਹਾਂ,'' ਸੌਦਾਗਰ ਬੋਲਿਆ।

''ਪਰ ਇਹ ਹੋ ਸਕਦਾ ਹੈ ਕਿ ਜਦ ਓਹ ਆਈ, ਉਹਦੇ ਆਵਣ ਤੇ ਰੁਪਏ ਕੱਢਣ ਉੱਪਰ ਦੂਜੇ ਲੋਕਾਂ ਨੂੰ ਇਹ ਗੱਲ ਸੁੱਝੀ ਕਿ ਕਿਸੀ ਤਰਾਂ ਉਸ ਬਕਸ ਵਿੱਚੋਂ ਰੁਪਏ ਕੱਢੇ ਜਾਣ ਤੇ ਉਨ੍ਹਾਂ ਇਸ ਮੌਕੇ ਨੂੰ ਆਪਣੇ ਹੱਥ ਵਿੱਚ ਲਇਆ ਤੇ ਸਾਰਾ ਇਲਜ਼ਾਮ ਉਹਦੇ ਮੱਥੇ ਲਾ ਦਿੱਤਾ।''

**ਪੀਟਰ ਜਿਰਾਸੀਮੋਵਿਚ** ਇੰਨਾਂ ਕੁਛ ਤੰਗ ਤੁਰਸ਼ ਹੋ ਕੇ ਬੋਲਦਾ ਰਹਿਆ ਕਿ ਉਹਦੇ ਜਵਾਬ ਵਿੱਚ **ਫੋਰਮੈਨ** ਵੀ ਤੰਗ ਹੋਕੇ ਆਪਣੇ ਉਹਦੇ ਬਰਖ਼ਲਾਫ਼ ਨੁਕਤੇ ਨੂੰ ਜ਼ਿਦ ਨਾਲ ਦੁਹਰਾਂਦਾ ਰਿਹਾ। **ਪੀਟਰ ਜਿਰਾਸੀਮੋਵਿਚ** ਇਸ ਸਫਾਈ ਨਾਲ ਬੋਲਿਆ ਕਿ ਸਾਰੀ ਜੂਰੀ ਨੂੰ ਉਹਦੀ ਤਰਫ ਦਾ ਨਿਸਚਾ ਹੋ ਗਇਆ ਅਰ ਬਹੁਸੰਮਤੀ ਇਹ ਹੋ ਗਈ ਕਿ **ਮਸਲੋਵਾ** ਨੇ ਰੁਪਏ ਨਹੀਂ ਚੁਰਾਏ ਤੇ ਮੁੰਦਰੀ ਉਹਨੂੰ ਸੌਦਾਗਰ ਨੇ ਆਪ ਦਿਤੀ ਸੀ।

ਪਰ ਜਦ ਉਹਦੇ ਜ਼ਹਿਰ ਦੇਣ ਦੇ ਕੰਮ ਵਿੱਚ ਹਿੱਸਾ ਲੈਣ ਦਾ ਸਵਾਲ ਆਇਆ, ਤਦ ਉਹਦੇ ਸਰਗਰਮ ਤਰਫਦਾਰ

ਸੌਦਾਗਰ ਨੇ ਪ੍ਰਗਟ ਕੀਤਾ ਕਿ **ਮਸਲੋਵਾ** ਨੂੰ ਬਰੀ ਕਰ ਦੇਣਾ ਚਾਹੀਏ, ਕਿਉਂਕਿ ਓਹਨੂੰ ਜ਼ਹਿਰ ਦੇਣ ਲਈ **ਮਸਲੋਵਾ** ਦੀ ਕੋਈ ਅੰਦਰਲੀ ਨੀਤ ਨਹੀਂ ਸੀ, ਨ ਹੋ ਸਕਦੀ ਸੀ। ਫੋਰਮੈਨ ਨੇ ਕਹਿਆ ਕਿ ਓਹਨੂੰ ਬਰੀ ਕਰਨਾ ਨਾਮੁਮਕਿਨ ਹੈ ਕਿਉਂਕਿ ਓਹ ਆਪ ਇਕਬਾਲ ਕਰ ਚੁਕੀ ਹੈ ਕਿ ਉਸ ਪੁੜੀ ਦਿੱਤੀ।

"ਹਾਂ ਪਰ ਉਸ ਇਹ ਸਮਝ ਕੇ ਦਿੱਤੀ ਕਿ ਓਹ ਕੋਈ ਅਫੀਮ ਵਾਲੀ ਸੈਣ ਦੀ ਦਵਾਈ ਹੈ," ਸੌਦਾਗਰ ਨੇ ਉੱਤਰ ਦਿੱਤਾ।

"ਅਫੀਮ ਵੀ ਤਾਂ ਆਦਮੀ ਦੀ ਜਾਨ ਲੈ ਸੱਕਦੀ ਹੈ," ਕਰਨੈਲ ਨੇ ਕਹਿਆ ਜਿਹੜਾ ਮਜ਼ਮੂਨ ਥੀਂ ਉਰੇ ਪਰੇ ਜਾਣ ਦਾ ਬੜਾ ਸ਼ਾਇਕ ਸੀ ਤੇ ਓਸ ਦੱਸਿਆ ਕਿ ਕਿਸ ਤਰਾਂ ਉਹਦੇ ਸਾਲੇ ਦੀ ਵਹੁਟੀ ਨੇ ਕਾਫੀ ਮਿਕਦਾਰ ਅਫੀਮ ਦੀ ਖਾ ਲਈ ਸੀ ਤੇ ਉਹ ਮਰ ਹੀ ਜਾਂਦੀ ਜੇ ਡਾਕਟਰ ਪਾਸ ਹੀ ਵੇਲੇ ਸਿਰ ਨ ਮਿਲ ਜਾਂਦਾ ਤੇ ਉਹਨੂੰ ਬਚਾਣ ਦੇ ਸਾਧਨ ਜਲਦੀ ਨ ਕਰ ਦਿੰਦਾ। ਕਰਨੈਲ ਨੇ ਆਪਣੀ ਕਹਾਣੀ ਕੁਛ ਐਸੇ ਅਸਰ ਕਰਨ ਵਾਲੇ ਲਹਿਜੇ, ਤੇ ਕੁਛ ਐਸੇ ਸ਼ਾਨ ਮਾਨ ਨਾਲ ਦੱਸਣੀ ਸ਼ੁਰੂ ਕੀਤੀ ਸੀ ਕਿ ਕਿਸੇ ਨੂੰ ਉਹਨੂੰ ਰੋਕਣ ਦੀ ਜੁਅਰਤ ਨ ਪੈ ਸੱਕੀ। ਸਿਰਫ ਉਸੀ ਰੌ ਵਿੱਚ ਆਕੇ ਕਲਾਰਕ ਵੀ ਆਪਣੀ ਇਹੋ ਜੇਹੀ ਇਕ ਹੋਰ ਕਹਾਣੀ ਠੋਕਣ ਲੱਗਾ, "ਪਰ ਬਾਹਜੇ ਐਸੇ ਨਸ਼ਈ ਹੁੰਦੇ ਹਨ ਕਿ ੪੦ ਬੂੰਦਾਂ ਤਕ ਪੀ ਜਾਂਦੇ ਹਨ, ਮੇਰਾ ਇਕ ਰਿਸ਼ਤੇਦਾਰ............"ਪਰ ਕਰਨੈਲ ਆਪਣੇ ਆਪ ਨੂੰ ਇਉਂ ਗਲ ਵਿਚੋਂ ਟੁੱਕ ਕੇ ਰੋਕਿਆ ਜਾਣਾ ਬਿਲਕੁਲ ਨਹੀਂ ਸੀ

ਮੰਨ ਸੱਕਦਾ ਤੇ ਆਪਣੇ ਸਾਲੇ ਦੀ ਵਹੁਟੀ ਉੱਪਰ ਅਫੀਮ ਦਾ ਕੀ ਅਸਰ ਹੋਇਆ ਵਿਸਥਾਰ ਨਾਲ ਕਹੀ ਹੀ ਚਲਾ ਗਇਆ ।

"ਪਰ ਭਲੇ ਲੋਕੋ ! ਤੁਸਾਂ ਨੂੰ ਪਤਾ ਹੈ ਕਿ ਹੁਣ ਪੰਜ ਵੱਜਣ ਵਾਲੇ ਹਨ," ਜੂਰੀ ਦੇ ਇਕ ਮੈਂਬਰ ਨੇ ਆਖਿਆ ।

"ਅੱਛਾ ਭਾਈ, ਭਲੇ ਲੋਕੋ ! ਫਿਰ ਅਸਾਂ ਕੀ ਕਹਿਣਾ ਹੈ?" ਫੋਰਮੈਨ ਨੇ ਪੁੱਛਿਆ "ਕੀ ਅਸੀ ਕਹੀਏ ਕਿ ਉਹ ਦੋਸੀ ਹੈ, ਪਰ ਉਹਦੀ ਓਹਨੂੰ ਲੁੱਟਣ ਦੀ ਨੀਤ ਕੋਈ ਨਹੀਂ ਸੀ ? ਤੇ ਓਸ ਉਹਦਾ ਕੋਈ ਮਾਲ ਨਹੀਂ ਚੁਰਾਇਆ ? ਕੀ ਇਹ ਕਾਫੀ ਹੈ ?"

ਪੀਟਰ ਜਿਰਾਸੀਮੋਵਿਚ ਆਪਣੀ ਜਿੱਤ ਜੇਹੀ ਵਿੱਚ ਖੁਸ਼ ਹੋਇਆ, ਮੰਨ ਗਇਆ ।

"ਪਰ ਉਸ ਲਈ ਰਹਿਮ ਦੀ ਸਫਾਰਸ਼ ਨਾਲ ਚਾਹੀਏ," ਸੌਦਾਗਰ ਬੋਲਿਆ । ਸਭ ਨੇ ਇਤਫਾਕ ਕੀਤਾ, ਪਰ ਉਸੇ ਬੁੱਢੇ ਮਜੂਰ ਨੇ ਜਿਦ ਕਰਕੇ ਕਹਿਆ ਕਿ ਉਨ੍ਹਾਂ ਨੂੰ ਫੈਸਲਾ ਇਹ ਦੇਣਾ ਚਾਹੀਏ ਕਿ "ਦੋਸ ਸਬੂਤ ਨਹੀਂ ।"

"ਭਾਈ ਗੱਲ ਦਾ ਮਤਲਬ ਤਾਂ ਇੱਥੇ ਹੀ ਆ ਜਾਂਦਾ ਹੈ ਨਾਂ," ਫੋਰਮੈਨ ਨੇ ਵਿਆਖਿਆ ਕਰਕੇ ਦੱਸਿਆ, "ਬਿਨਾਂ ਲੁੱਟਣ ਦੇ ਇਰਾਦੇ ਤੇ ਨੀਤ ਦੇ, ਤੇ ਬਿਨਾਂ ਕਿਸੀ ਮਾਲ ਦੇ ਚੁਰਾਣ ਦੇ, ਇਸ ਕਰਕੇ 'ਦੋਸੀ ਨਿਰਦੋਸ਼' – ਇਹ ਤਾਂ ਸਾਫ ਹੈ ।"

"ਅੱਛਾ ਤਾਂ ਫਿਰ ਇਹ ਕਾਫੀ ਹੈ ਕਿ ਅਸੀ ਉਹਦੀ ਰਹਿਮ ਦੀ ਸਫਾਰਸ਼ ਨਾਲ ਕਰ ਦਈਏ।"

ਉਹ ਸਾਰੇ ਇੰਨੇ ਥੱਕੇ ਹੋਏ ਸਨ ਕਿ ਕਿਸੀ ਨੂੰ ਇਹ ਨਾ ਸੁੱਝੀ ਕਿ ਨਾਲੇ ਇਹ ਵੀ ਲਿਖਣਾ ਚਾਹੀਏ ਕਿ ਭਾਵੇਂ ਉਹ ਪੁੜੀ ਘੋਲ ਕੇ ਪਿਲਾਣ ਦੇ ਦੋਸ ਦੀ ਦੋਸੀ ਹੈ ਪਰ ਉਹਦੀ ਨੀਤ ਉਹਨੂੰ ਮਾਰਨ ਦੀ ਨਹੀਂ ਸੀ। ਨਿਖਲੀਊਧਵ ਵੀ ਇੰਨੇ ਜੋਸ਼ ਜੇਹੇ ਵਿੱਚ ਸੀ, ਕਿ ਉਸ ਇੰਨੀ ਭਾਰੀ ਉਕਾਈ ਦਾ ਖਿਆਲ ਹੀ ਨਾ ਕੀਤਾ, ਇਉਂ ਜਿਸ ਸ਼ਕਲ ਵਿੱਚ ਸਾਰਿਆਂ ਦਾ ਇਤਫਾਕ ਸੀ, ਉਸ ਸ਼ਕਲ ਵਿੱਚ ਜਵਾਬ ਤਾਂ ਸਾਰੇ ਲਿਖੇ ਗਏ ਤੇ ਅਦਾਲਤ ਵਲ ਲਿਜਾਏ ਗਏ।

ਰਾਬਲੇ ਨੇ ਇਕ ਕਾਨੂੰਨਦਾਨ ਬਾਬਤ ਜ਼ਿਕਰ ਕੀਤਾ ਹੈ, ਕਿ ਜਦ ਉਹ ਮੁਕੱਦਮਾ ਕਰ ਰਹਿਆ ਸੀ, ਤਦ ਉਸ ਨੇ ਬਿਨ ਮਤਲਬ ਬੇ ਮਹਿਨੇ ਲਾਤੀਨੀ ਕਾਨੂੰਨ ਦੇ ੨੦ ਕੂ ਸਫੇ ਪੜ੍ਹੇ, ਤੇ ਹੋਰ ਕਈ ਕਿਸਮਾਂ ਦੇ ਹਵਾਲੇ ਦਿੱਤੇ ਪਰ ਆਖ਼ਰ ਜੱਜਾਂ ਅਗੇ ਤਜਵੀਜ਼ ਪੇਸ਼ ਕੀਤੀ ਕਿ ਪਾਸਾ ਸੁੱਟਿਆ ਜਾਏ ਜੇ ਤਾਕ ਹੋਵੇ ਤਦ ਦੋਸੀ ਸੱਚਾ, ਅਗਰ ਜਿਸਤ ਹੋਵੇ ਤਦ ਦੋਸ ਲਾਣ ਵਾਲਾ ਸੱਚਾ।

ਇਸ ਮੁਕੱਦਮੇਂ ਵਿੱਚ ਗਲ ਕੁਛ ਉਹੋ ਜੇਹੀ ਆਣ ਬਣੀ ਸੀ। ਇਹ ਫੈਸਲਾ ਇਸ ਲਈ ਨਹੀਂ ਸੀ ਹੋਇਆ ਕਿ ਸਭ ਦੀ ਸੰਮਤੀ ਇਉਂ ਸੀ, ਪਰ ਇਸ ਕਰਕੇ ਹੋਇਆ ਸੀ ਕਿ ਪ੍ਰਧਾਨ ਜਿਸਨੇ ਜਿੰਨਾ ਲੰਮਾ ਚੌੜਾ ਨਿਚੋੜ ਕੱਢਕੇ,

ਉਨ੍ਹਾਂ ਅਗੇ ਧਰਿਆ ਸੀ, ਉਹ ਇਹ ਕਹਿਣੋ ਉੱਕ ਗਇਆ ਸੀ ਜਿਹੜੀ ਗੱਲ ਇਹੋ ਜੇਹੇ ਮੌਕਿਆਂ ਤੇ ਉਹ ਹਮੇਸ਼ ਕਹਿੰਦਾ ਹੁੰਦਾ ਸੀ ਕਿ ਜਵਾਬ ਇਨ੍ਹਾਂ ਲਫਜ਼ਾਂ ਵਿੱਚ ਲਿਖਣਾ ਚਾਹੀਏ ਕਿ "ਹਾਂ ਦੋਸੀ—ਪਰ ਜਾਨ ਲੈਣ ਦੀ ਉਹਦੀ ਕੋਈ ਨੀਤ ਨਹੀਂ ਸੀ;" ਤੇ ਫਿਰ ਇਸ ਕਰਕੇ ਕਿ ਕਰਨੈਲ ਆਪਣੇ ਸਾਲੇ ਦੀ ਵਹੁਟੀ ਦੀ ਰਾਮ ਕਹਾਣੀ ਲੈ ਬੈਠਾ ਸੀ, ਫਿਰ ਇਸ ਕਰਕੇ ਕਿ **ਨਿਖਲੀਊਧਵ** ਆਪਣੇ ਮਨ ਦੀ ਖਲਬਲੀ ਕਰਕੇ ਬੇ ਧਿਆਨਾ ਸੀ ਤੇ ਇਹ ਕਰਨੋਂ ਨੋਟਿਸ ਹੀ ਉੱਕ ਗਇਆ ਕਿ ਜਰੂਰੀ ਸ਼ਰਤ ਤਾਂ ਲਿਖੀ ਹੀ ਉੱਕਾ ਨਹੀਂ ਗਈ, "ਬਿਨਾਂ ਜ਼ਿੰਦਗੀ ਲੈਨ ਦੀ ਨੀਤ ਦੇ" ਤੇ ਏਵੇਂ ਹੀ ਸਾਰੇ ਸਮਝ ਬੈਠੇ ਕਿ ਲਫਜ਼—**"ਬਿਨਾ ਕਿਸੀ ਇਰਾਦੇ ਦੇ"** ਉਹਦੇ **ਦੋਸ** ਨੂੰ ਉੱਕਾ ਉੱਡਾ ਦਿੰਦੇ ਹਨ; ਤੇ ਇਸ ਕਰਕੇ ਐਨ ਵਕਤ ਸਿਰ **ਪੀਟਰ ਜਿਰਾਸੀ ਮੋਵਿਚ** ਜਦ ਸਵਾਲਾਂ ਦੇ ਜਵਾਬ ਪੜ੍ਹੇ ਜਾ ਰਹੇ ਸਨ ਜਰਾ ਬਾਹਰ ਤੁਰ ਗਇਆ ਸੀ; ਤੇ ਖਾਸ ਕਰਕੇ ਇਸ ਵਾਸਤੇ ਇਹ ਫੈਸਲਾ ਇਉਂ ਹੋਇਆ ਸੀ ਕਿ ਹਰ ਕੋਈ ਕਰੱਟਾ ਮੁਕਾ ਕੇ ਜਲਦੀ ਥੀਂ ਜਲਦੀ ਆਪਣੀ ਖਲਾਸੀ ਚਾਹ ਰਹਿਆ ਸੀ, ਤੇ ਸਭ ਇਸ ਧਾਰਨਾਂ ਵਿੱਚ ਤੁਲੇ ਹੋਏ ਸਨ ਕਿ ਓਹ ਉਸ ਫੈਸਲੇ ਨਾਲ ਸੰਮਤੀ ਪ੍ਰਗਟ ਕਰਨ ਜਿਸ ਕਰ ਕੇ ਛੇਤੀ ਥੀਂ ਛੇਤੀ ਇਹਦਾ ਫਾਹ ਵਢਿਆ ਜਾਏ।

**ਜੂਰੀ** ਨੇ ਘੰਟੀ ਵਜਾਈ। ਸਿਪਾਹੀ ਜਿਹੜਾ ਬੂਹੇ ਉੱਪਰ ਨੰਗੀ ਤਲਵਾਰ ਸੂਤ ਕੇ ਪਹਿਰੇ ਉੱਪਰ ਸੀ ਪਾਸੇ

ਤੇ ਹੋ ਗਇਆ। ਜੱਜ ਆਕੇ ਆਪਣੀ ਆਪਣੀ ਥਾਂ ਤੇ ਬਹਿ ਗਏ, ਜੂਰੀ ਦੇ ਮੈਂਬਰ ਇਕ ਦੂਜੇ ਦੇ ਅੱਗੜ ਪਿੱਛੜ ਆ ਗਏ।

ਫੋਰਮੈਨ ਇਕ ਖਾਸ ਸਵਾਧਾਨਤਾ ਦੇ ਅੰਦਾਜ਼ ਨਾਲ ਕਾਗਜ਼ ਅੰਦਰ ਲੈ ਆਇਆ, ਤੇ ਆਨ ਕੇ ਉਹ ਪ੍ਰਧਾਨ ਜੀ ਦੇ ਪੇਸ਼ ਕੀਤੇ। ਪ੍ਰਧਾਨ ਨੇ ਨਿਗਾਹ ਮਾਰੀ ਤੇ ਆਪਣੇ ਹੱਥ ਕੁਛ ਹੈਰਾਨੀ ਜੇਹੀ ਵਿੱਚ ਸਿੱਧੇ ਪੁਠੇ ਕਰਕੇ ਪਾਸਿਆਂ ਵਲ ਮੈਂਬਰਾਂ ਨਾਲ ਗੋਸ਼ੇ ਕਰਨ ਨੂੰ ਝੁਕਿਆ, ਕਦੀ ਸੱਜੇ ਕਦੀ ਖੱਬੇ, ਤੇ ਸਲਾਹਾਂ ਕਰਨ ਡੈਹ ਪਇਆ।

ਪ੍ਰਧਾਨ ਨੇ ਆਪਣੀ ਹੈਰਾਨੀ ਪ੍ਰਗਟ ਕੀਤੀ, ਕਿ ਜੂਰੀ ਨੇ ਇਕ ਥਾਂ ਤਾਂ ਲਫਜ਼ ਇਹ ਲਿਖੇ ਹਨ, "ਬਿਨਾਂ ਲੁੱਟਣ ਦੀ ਨੀਤ ਦੇ" ਪਰ ਦੂਜੇ ਥਾਂ–"ਬਿਨਾਂ ਜ਼ਿੰਦਗੀ ਲੈਣ ਦੀ ਨੀਤ ਦੇ" ਨਹੀਂ ਲਿਖੇ, ਤੇ ਇਸ ਕਰਕੇ ਜੂਰੀ ਦੇ ਇਸ ਫੈਸਲੇ ਥੀਂ ਨਤੀਜਾ ਨਿਕਲਿਆ ਕਿ ਮਸਲੋਵਾ ਨੇ ਚੋਰੀ ਵੀ ਨਹੀਂ ਕੀਤੀ, ਮਾਲ ਵੀ ਨਹੀਂ ਲੁੱਟਿਆ, ਤੇ ਫਿਰ ਵੀ ਬਿਨਾਂ ਕਿਸੇ ਦਿੱਸਦੇ ਪਿੱਸਦੇ ਸਬੱਬ ਦੇ ਇਕ ਆਦਮੀ ਨੂੰ ਜ਼ਹਿਰ ਵੀ ਦੇ ਦਿੱਤਾ।

"ਵੇਖੋ ਕੇਹਾ ਅਣਹੋਣਾ ਫੈਸਲਾ ਇਨ੍ਹਾਂ ਕੀਤਾ ਹੈ," ਪ੍ਰਧਾਨ ਨੇ ਆਪਣੇ ਖੱਬੇ ਬੈਠੇ ਮੈਂਬਰ ਨੂੰ ਕਹਿਆ "ਇਹਦਾ ਮਤਲਬ ਇਹ ਹੋਇਆ ਕਿ ਓਹ ਨਿਰਦੋਸ਼ ਹੈ, ਪਰ ਦੋਸੀ ਸਾਰੀ ਉਮਰ ਲਈ ਗੁਲਾਮੀ

ਕਰਨ ਨੂੰ ਸਾਈਬੇਰੀਆ ਜਲਾਵਤਨ ਹੋਵੇ।''

''ਪਰ ਨਿਸਚਿੰਤ ਤੇਰਾ ਮਤਲਬ ਇਹ ਤਾਂ ਨਹੀਂ ਕਿ ਉਹ ਨਿਰਦੋਸ਼ ਹੈ,'' ਇਕ ਸਵਾਧਾਨ ਸੰਜੀਦਾ ਮੈਂਬਰ ਨੇ ਆਖਿਆ।

''ਹਾਂ ਨਿਸਚਿੰਤ ਉਹ ਨਿਰਦੋਸ਼ ਹੈ, ਮੇਰੀ ਜਾਚੇ ਇਹ ਮੁਕੱਦਮਾ ਦਫਾ ੮੧੭ ਨੂੰ ਅਮਲ ਵਿੱਚ ਲਿਆਉਣ ਵਾਲਾ ਹੈ'' (ਦਫਾ ੮੧੭ ਇਹ ਹੈ ਕਿ ਜੇ ਅਦਾਲਤ ਜੂਰੀ ਦੇ ਫੈਸਲੇ ਨੂੰ ਬੇਇਨਸਾਫੀ ਦਾ ਫੈਸਲਾ ਸਮਝੇ, ਤਦ ਓਹਨੂੰ ਰੱਦ ਕਰ ਸਕਦੀ ਹੈ)।

''ਤੇਰਾ ਕੀ ਖਿਆਲ ਹੈ?'' ਪ੍ਰਧਾਨ ਨੇ ਇਕ ਹੋਰ ਮੈਂਬਰ ਵਲ ਮੁਖਾਤਿਬ ਹੋ ਕੇ ਪੁੱਛਿਆ।ਉਹ ਨਰਮ, ਮਿਹਰਬਾਨ ਜੇਹਾ ਬੰਦਾ ਕੁਛ ਚਿਰ ਤਾਂ ਨ ਬੋਲਿਆ। ਓਸ ਆਪਣੇ ਅੱਗੇ ਪਏ ਕਾਗਜ਼ ਵਲ ਵੇਖਿਆ ਕੁਛ ਹਿੰਦਸੇ ਜੋੜੇ, ਤੇ ਜੇਹੜੀ ਉਨ੍ਹਾਂ ਦੀ ਜਮਾਂ ਆਈ ਸੀ ਉਹ ਤ੍ਰੈ ਨਾਲ ਪੂਰੀ ਵੰਡੀ ਨਹੀਂ ਸੀ ਜਾਂਦੀ, ਇਸ ਕਰਕੇ ਉਸ ਆਪਣੇ ਮਨ ਵਿੱਚ ਫੈਸਲਾ ਕੀਤਾ ਹੋਇਆ ਸੀ ਤੇ ਜੇ ਤਿੰਨ ਨਾਲ ਪੂਰੀ ਵੰਡੀ ਗਈ ਤਦ ਉਹ ਪ੍ਰਧਾਨ ਨਾਲ ਇਤਫਾਕ ਕਰੇਗਾ, ਨਹੀਂ ਤਾਂ ਨਹੀਂ ਉਹ ਹਿੰਦਸ਼ਾ ਪੂਰਾ ਤਾਂ ਨਾਂ ਵੰਡਿਆ ਗਇਆ, ਤਾਂ ਵੀ ਆਪਣੀ ਸੁਭਾਵਕ ਦਯਾ ਕਰਕੇ ਉਸ ਪ੍ਰਧਾਨ ਨਾਲ ਇਤਫਾਕ ਕੀਤਾ, ''ਮੇਰਾ ਵੀ ਖਿਆਲ ਹੈ ਕਿ ਫੈਸਲਾ ਰੱਦੀ ਕਰਨਾ ਚਾਹੀਏ'', ਉਸ ਆਖਿਆ।

''ਤੇ ਆਪ ਸਾਹਿਬ ਜੀ?'' ਪ੍ਰਧਾਨ ਨੇ ਸੰਜੀਦਾ ਮੈਂਬਰ ਨੂੰ ਮੁੜ ਪੁੱਛਿਆ।

''ਕਦੀ ਨਹੀਂ,'' ਉਸ ਕੜੇ ਲਹਿਜੇ ਵਿੱਚ ਕਿਹਾ ''ਜਿਵੇਂ ਹੋ ਚੁਕਾ ਹੈ ਉਸ ਥੀਂ ਵੀ ਇਹ ਦਿੱਸਦਾ ਹੈ ਕਿ ਜੂਰੀ ਨੇ ਦੋਸੀਆਂ

ਨੂੰ ਏਵੇਂ ਹੀ ਬਰੀ ਕਰ ਦਿੱਤਾ ਹੈ, ਤੇ ਉਹ ਉਤਲੇ ਕੀ ਕਹਿਣਗੇ ਜੇ ਉਨ੍ਹਾਂ ਥੀਂ ਵੱਧ ਜੱਜਾਂ ਨੇ ਵੀ ਉਨ੍ਹਾਂ ਨੂੰ ਬਰੀ ਕਰ ਦਿੱਤਾ, ਕਿਸੀ ਹਾਲਤ ਵਿੱਚ ਮੈਂ ਇਸ ਗੱਲ ਨੂੰ ਨਹੀਂ ਮੰਨਾਂਗਾ।''

ਪ੍ਰਧਾਨ ਨੇ ਆਪਣੀ ਘੜੀ ਤੱਕੀ–''ਬੜੀ ਤਰਸ ਜੋਗ ਹਾਲਤ ਹੈ ਪਰ ਕੀ ਕੀਤਾ ਜਾਵੇ ?'' ਤੇ ਉਸਨੇ ਸਵਾਲਾਂ ਜਵਾਬਾਂ ਦੇ ਕਾਗਜ਼ ਮੁੜ **ਫੋਰਮੈਨ** ਨੂੰ ਫੜਾ ਦਿੱਤੇ।

ਸਭ ਖੜੇ ਹੋ ਗਏ, **ਫੋਰਮੈਨ** ਆਪਣੇ ਜਿਸਮ ਨੂੰ ਨਖਰੇ ਜੋਹੇ ਵਿੱਚ ਕਦੀ ਇਸ ਪੈਰ ਕਦੀ ਉਸ ਪੈਰ ਉਪਰ ਤੋਲਦਾ ਹੋਇਆ ਸਵਾਲ ਜਵਾਬ ਪੜ੍ਹ ਕੇ ਸੁਣਾਉਣ ਲਗ ਪਇਆ। ਸਾਰੀ ਅਦਾਲਤ ਸਕੱਤ੍ਰ ਅਤੇ ਸਰਕਾਰੀ ਵਕੀਲ ਨੇ ਭੀ ਹੈਰਾਨੀ ਪ੍ਰਗਟ ਕੀਤੀ। ਕੈਦੀ ਬੇਹਿਸ ਪੱਥਰਾਂ ਵਾਂਗ ਮੂਰਤੀਆਂ ਬਣੇ ਬੈਠੇ ਸਨ, ਸਾਫ ਸੀ ਕਿ ਜਵਾਬਾਂ ਦੇ ਅਰਥ ਉਹ ਨਹੀਂ ਸਨ ਸਮਝ ਰਹੇ। ਫਿਰ ਸਭ ਬਹਿ ਗਏ ਤੇ ਪ੍ਰਧਾਨ ਨੇ ਸਰਕਾਰੀ ਵਕੀਲ ਕੋਲੋਂ ਪੁੱਛਿਆ, ਕਿ ਸਜ਼ਾਵਾਂ ਕੀ ਕੀ ਹੋਣੀਆਂ ਚਾਹੀਦੀਆਂ ਹਨ।

ਸਰਕਾਰੀ ਵਕੀਲ, ਆਪਣੀ ਇਸ ਇਜ਼ਤ ਦੀ ਖੁਸ਼ੀ ਵਿੱਚ ਕਿ **ਮਸਲੋਵਾ** ਨੂੰ ਸਜ਼ਾ ਹੋ ਜਾਣੀ ਹੈ, ਜਿਹਦੀ ਉਹਨੂੰ ਕੋਈ ਆਸ ਨਹੀਂ ਸੀ, ਤੇ ਜਿਸ ਜਿਤ ਦਾ ਸਿਹਰਾ ਉਹ ਆਪਣੀ ਕੀਤੀ ਤਕਰੀਰ ਦੇ ਸਿਰ ਪਾਂਦਾ ਸੀ, ਜਰੂਰੀ ਲੋੜਵੰਦੇ **ਦਫੇ** ਵੇਖਕੇ ਉੱਠਿਆ ਤੇ ਬੋਲਿਆ, "**ਸਾਈਮਨ ਕਾਰਤਿਨਕਿਨ** ਨੂੰ ਤਾਂ, ਮੈਂ ਦਫਾ ੧੪੫੨ ਮੁਤਾਬਕ ਤੇ

ਦਫਾ ੧੪੫੩ ਦੇ ਪੈਰੇ ੪ ਅਨੁਸਾਰ ਲਵਾਂਗਾ; ਯੇਫੈਮੀਆ ਬੋਚਕੋਵਾ ਦਫਾ ੧੬੫੯ ਅਨੁਸਾਰ, ਕਾਤਰੀਨਾ ਮਸਲੋਵਾ ਦਫਾ ੧੪੫੪ ਅਨੁਸਾਰ", ਇਹ ਤਿੰਨੇ ਸਜ਼ਾਵਾਂ ਭਾਰੀ ਥੀਂ ਭਾਰੀ ਹੋ ਸਕਦੀਆਂ ਸਨ।

"ਅਦਾਲਤ ਇਨ੍ਹਾਂ ਸਜ਼ਾਵਾਂ ਦੇਣ ਦੇ ਫੈਸਲੇ ਉੱਪਰ ਵਿਚਾਰ ਕਰੇ," ਪ੍ਰਧਾਨ ਨੇ ਕਹਿਆ ਤੇ ਉੱਠਿਆ। ਸਾਰੇ ਉਹਦੇ ਪਿੱਛੇ ਉੱਠੇ ਤੇ ਸਾਰੇ ਇਕ ਗਲ ਪਇਆ ਮਾਮਲਾ ਖਤਮ ਕਰਨ ਦੀ ਖੁਸ਼ੀ ਵਿੱਚ ਕਮਰੇ ਨੂੰ ਛੱਡਕੇ ਅਗੇ ਪਿੱਛੇ ਟਹਿਲਣ ਲੱਗ ਪਏ।

"ਸ਼੍ਰੀਮਾਨ ਜੀ ! ਜਾਣਦੇ ਹੋ ਕਿ ਅਸਾਂ ਇਕ ਸ਼ਰਮਨਾਕ ਕੀਮਾ ਕਰ ਦਿੱਤਾ ਹੈ", ਪੀਟਰ ਜਿਰਾਸੀਮੋਵਿਚ ਨੇ ਨਿਖਲੀਊਧਵ ਦੇ ਨੇੜੇ ਹੋ ਕੇ ਕਹਿਆ, ਜਿਹਨੂੰ ਅੱਗੇ ਫੋਰਮੈਨ ਕੁਛ ਦੱਸ ਰਹਿਆ ਸੀ। "ਕਿਉਂ ਜੀ ਅਸਾਂ ਓਹਨੂੰ ਸਾਈਬੇਰੀਆ ਜਲਾਵਤਨ ਕਰ ਦਿੱਤਾ ਹੈ।"

"ਆਪ ਕੀ ਕਹਿ ਰਹੇ ਹੋ?" ਨਿਖਲੀਊਧਵ ਹੈਰਾਨ ਹੋਕੇ ਚੀਕ ਉਠਿਆ। ਇਸ ਵੇਲੇ ਉਸ ਆਪਣੀ ਭੈਣ ਦੇ ਪੁਰਾਣੇ ਉਸਤਾਦ ਦੀ ਬੇਤਕੱਲਫੀ ਦਾ ਖਿਆਲ ਉੱਕਾ ਨ ਕੀਤਾ।

"ਕਿਉਂ? ਅਸੀਂ ਜਵਾਬ ਵਿੱਚ ਇਹ ਲਫਜ਼ ਲਿਖਣ

ਤਾਂ ਉੱਕ ਹੀ ਗਏ, "ਦੋਸੀ ਠੀਕ, ਪਰ ਉਹਦੀ ਜਾਨ ਲੈਣ ਦੀ ਕੋਈ ਨੀਤ ਨਹੀਂ ਸੀ।" ਸਕੱਤਰ ਨੇ ਹੁਣੇ ਮੈਨੂੰ ਦੱਸਿਆ ਹੈ ਕਿ ਸਰਕਾਰੀ ਵਕੀਲ ੧੫ ਸਾਲ ਦੀ ਕੈਦ ਸਖਤ ਸਾਇਬੇਰੀਆ ਵਿੱਚ ਜਲਾਵਤਨੀ ਦੀ ਸਜ਼ਾ ਦੇਣ ਨੂੰ ਫਿਰਦਾ ਹੈ।

"ਭਾਈ, ਪਰ ਫੈਸਲਾ ਅਸਾਂ ਤਾਂ ਇਉਂ ਹੀ ਕੀਤਾ ਸੀ ਕਿ ਦੋਸੀ ਪਰ ਨੀਤ ਮਾਰਨ ਦੀ ਨਹੀਂ ਸੀ," ਫੋਰਮੈਨ ਨੇ ਕਹਿਆ।

ਪੀਟਰ ਜਿਰਾਸੀਮੋਵਿਚ ਉਸ ਨਾਲ ਝਗੜਨ ਲੱਗ ਪਇਆ ਕਿ ਜਦ ਇਹ ਫੈਸਲਾ ਹੋ ਚੁਕਾ ਸੀ ਕਿ ਉਸ ਰੁਪਏ ਨਹੀਂ ਚੁਰਾਏ ਤਦ ਕੁਦਰਤੀ ਨਤੀਜਾ ਇਹ ਨਿਕਲਦਾ ਸੀ ਕਿ ਕਤਲ ਕਰਨ ਦੀ ਕੋਈ ਉਹਦੀ ਨੀਤ ਰਹਿ ਨਹੀਂ ਸੀ ਜਾਂਦੀ।

"ਪਰ ਮੈਂ ਸ਼੍ਰੀਮਾਨ ਜੀ! ਜਿਵੇਂ ਲਿਖਿਆ ਹੋਇਆ ਸੀ, ਬਾਹਰ ਜਾਣ ਥੀਂ ਪਹਿਲਾਂ ਸੁਣਾ ਗਇਆ ਸਾਂ" ਫੋਰਮੈਨ ਨੇ ਆਪਣੇ ਬਚਾ ਵਿੱਚ ਆਖਿਆ "ਤੇ ਕਿਸੀ ਉਸ ਪਰ ਉਜ਼ਰ ਨਹੀਂ ਸੀ ਕੀਤਾ।"

"ਮੈਂ ਉਸ ਵੇਲੇ ਕਮਰੇ ਥੀਂ ਬਾਹਰ ਚਲਾ ਗਇਆ ਸਾਂ", ਪੀਟਰ ਜਿਰਾਸੀਮੋਵਿਚ ਨੇ ਕਹਿਆ। ਨਿਖਲੀਊਧਵ ਵਲ ਮੁੜ ਕੇ "ਤੇ ਤੂੰ ਪਤਾ ਨਹੀਂ, ਆਪਣੇ ਮਨ ਨੂੰ ਕਿਹੜੀ

ਉੱਠ ਕੱਠਾ ਕਰਨ ਲਈ ਭੇਜ ਦਿੱਤਾ ਸੀ ਕਿ ਤੂੰ ਬੋਲਿਆ ਹੀ ਨਹੀਂ ।"

ਮੈਂ ਕਦੀ ਸੋਚ ਹੀ ਨਹੀਂ ਸਾਂ ਸਕਦਾ ਕਿ....................." **ਨਿਖਲੀਊਧਵ** ਨੇ ਆਖਿਆ ।

"ਆਹੋ ਹੁਣ ਤਾਂ ਤੂੰ ਇਹੋ ਹੀ ਕਹਿਣਾ ਹੋਇਆ।"

"ਪਰ ਅਸੀਂ ਹੁਣ ਠੀਕ ਕਰ ਸਕਦੇ ਹਾਂ," **ਨਿਖਲੀ-ਊਧਵ** ਬੋਲਿਆ ।

"ਆਹ ! ਰੱਬਾ—ਨਹੀਂ ਗੱਲ ਮੁਕ ਚੁਕੀ ਹੈ ।"

**ਨਿਖਲੀਊਧਵ** ਨੇ ਕੈਦੀਆਂ ਵਲ ਤੱਕਿਆ :—

ਉਹ ਜਿਨ੍ਹਾਂ ਦੀ ਕਿਸਮਤ ਦਾ ਫੈਸਲਾ ਇਉਂ ਹੋ ਰਹਿਆ ਸੀ ਉਹ ਜੰਗਲੇ ਪਿੱਛੇ ਸਿਪਾਹੀ ਦੇ ਅੱਗੇ ਬੇਹਿਸ ਬੈਠੇ ਹੋਏ ਸਨ ।

**ਮਸਲੋਵਾ** ਮੁਸਕਰਾਈ । **ਨਿਖਲੀਊਧਵ** ਦੇ ਰੂਹ ਵਿੱਚ ਇਕ ਬੁਰੀ ਚਿਤਵਨੀ ਉੱਠੀ । ਹੁਣ ਤੱਕ ਉਹਨੂੰ ਇਹ ਉਮੇਦ ਸੀ ਕਿ ਉਹ ਬਰੀ ਹੋ ਜਾਵੇਗੀ ਤੇ ਇਹ ਸੋਚਕੇ ਕਿ ਉਸ ਸ਼ਹਿਰ ਵਿੱਚ ਹੀ ਰਵ੍ਹੇਗੀ ਉਹ ਆਪਣੇ ਮਨ ਨਾਲ ਸਾਫ ਫੈਸਲਾ ਨਹੀਂ ਸੀ ਕਰ ਸਕਦਾ ਕਿ ਉਹ ਉਸ ਵਲ ਕਿਹੋ ਜੇਹਾ ਆਪਣਾ ਵਰਤਾਉ ਰੱਖ ਸਕੇਗਾ। ਉਸ ਨਾਲ ਕਿਸੀ ਤਰਾਂ ਦਾ ਆਪਣਾ ਤਅੱਲਕ ਗੰਢਣਾ ਉਸ ਲਈ ਬੜਾ ਮੁਸ਼ਕਲ ਹੋਵੇਗਾ। ਪਰ ਉਹਦੇ **ਸਾਈਬੇਰੀਆ** ਜਲਾਵਤਨ ਹੋ ਜਾਣ ਨਾਲ ਤੇ

ਸਖਤ ਮੁਸ਼ੱਕਤ ਕਰਨ ਦੀ ਸਜ਼ਾ ਪਾ ਜਾਣ ਨਾਲ ਕਿਸੀ ਤਰਾਂ ਦੋ ਉਹਦੇ ਤਅੱਲਕ ਦੀ ਸੰਭਾਵਨਾ ਹੀ ਮੁਕ ਗਈ ਸਮਝੋ। ਸ਼ਿਕਾਰੀ ਦੇ ਮਾਰੇ ਪੰਛੀਆਂ ਦੇ ਥੈਲੇ ਵਿੱਚ ਜ਼ਖਮੀ ਤੜਫ਼ ਰਹੇ ਪੰਛੀ ਦੀ ਤੜਫੜਾਟ ਬੰਦ ਹੋ ਜਾਏਗੀ, ਤੇ ਉਹਦੇ ਹੋਣ ਦੀ ਵੀ ਕਾਈ ਖਬਰ ਮੁੜ ਆ ਕੇ ਉਹਨੂੰ ਉਸ ਬਾਬਤ ਯਾਦ ਨਹੀਂ ਕਰਾ ਸਕੇਗੀ।

## ਕਾਂਡ ੨੪

**ਪੀਟਰ ਜਿਰਾਸੀਮੋਵਿਚ** ਦਾ ਖਿਆਲ ਸੱਚ ਹੋਇਆ, ਪ੍ਰਧਾਨ ਜਦ ਆਪਣੇ ਸਲਾਹ ਮਸ਼ਵਰਾ ਕਰਨ ਵਾਲੇ ਕਮਰੇ ਥੀਂ ਅਦਾਲਤ ਵਿੱਚ ਵਾਪਸ ਆਇਆ ਤਦ ਇਉਂ ਪੜ੍ਹ ਕੇ ਸੁਣਾਉਣ ਲੱਗ ਪਇਆ :–

"ਅਪਰੈਲ ੨੮–੧੮੯੯ ਸ਼ਾਹਨਸ਼ਾਹ ਮਹਾਰਾਜ ਜ਼ਾਰ ਦੇ **ਉਕਾਸੇ** ਅਨੁਸਾਰ,–ਏਹ ਫੌਜਦਾਰੀ ਅਦਾਲਤ ਜੂਰੀ ਦੇ ਫੈਸਲੇ ਦੀ ਪੁਸ਼ਟੀ ਨਾਲ, ਦਫਾ ੭੭੧ ਦੇ ਹਿੱਸੇ ਤੀਸਰੇ ਅਨੁਸਾਰ ਤੇ ਦਫਾ ੭੭੬ ਤੇ ੭੭੭ ਦੇ ਹਿੱਸੇ ਤੀਸਰੇ ਅਨੁਸਾਰ ਹੁਕਮ ਦਿੰਦੀ ਹੈ ਕਿ ਕਿਸਾਨ **ਸਾਈਮਨ ਕਾਰਤਿਨਕਿਨ** ਉਮਰ ੩੩ ਸਾਲ ਤੇ ਗਰਾਮੀਨ ਸ਼ਹਿਰੀ **ਕਤਰੀਨਾ ਮਸਲੋਵਾ** ਉਮਰ ੨੮ ਸਾਲ ਦੀ ਜਾਇਦਾਦ ਜ਼ਬਤ ਸਰਕਾਰ ਤੇ ਉਹ ਦੋਵੇਂ ਸਾਈਬੇਰੀਆ ਜਲਾਵਤਨ ਤੇ ਨਾਲੇ ਕੈਦ ਸਖਤ ਮੁਸ਼ੱਕਤ ਦੀ ਦਿੱਤੀ ਜਾਂਦੀ ਹੈ । **ਕਾਰਤਿਨਕਿਨ** ੮ ਸਾਲ, ਤੇ **ਮਸਲੋਵਾ** ੪ ਸਾਲ ਲਈ, ਤੇ ਉਨ੍ਹਾਂ ਨਾਲ ਉਹੋ ਸਲੂਕ ਹੋਣਗੇ ਜਿਹੜੇ ਜ਼ਾਬਤਾ ਫੌਜਦਾਰੀ ਦੇ ਦਫਾ ੨੫ ਅਨੁਸਾਰ ਕੀਤੇ ਜਾ ਸਕਦੇ ਹਨ । ਤੇ ਗਰਾਮੀਨ ਸ਼ਹਿਰੀ **ਮਿਸ਼ਾਂਕਾ ਬੋਖਕੋਵਾ** ਉਮਰ ੪੩ ਸਾਲ, ਸਭ ਰੱਯਤ ਵਾਰੀ

ਜ਼ਾਤੀ ਜੱਦੀ ਦੇ ਆਪ ਕਮਾਏ ਹਕੂਕ ਖੋਹੇ ਗਏ, ਤਿੰਨ ਸਾਲ ਕੈਦ ਤੇ ਹੋਰ ਦਫਾ ੪੯ ਮੁਤਾਬਕ ਸਬ ਸਲੂਕ। ਮੁਕੱਦਮੇ ਦੇ ਖਰਚ ਮੁਲਜ਼ਮਾਂ ਉੱਪਰ ਬਰਾਬਰ ਪੈਣ, ਜੇਹੜੇ ਨਾਦਾਰ ਹਨ ਉਨ੍ਹਾਂ ਦੇ ਖਰਚੇ ਖਜ਼ਾਨਾ ਸ਼ਾਹੀ ਤੇ ਪੈਣ। ਉਹ ਚੀਜ਼ਾਂ ਜੋ ਸ਼ਹਾਦਤ ਵਿੱਚ ਪੇਸ਼ ਹੋਈਆਂ ਹਨ, ਉਹ ਵੇਚੀਆਂ ਜਾਣ, ਮੁੰਦਰੀ ਮਰ ਗਏ ਸੌਦਾਗਰਾਂ ਦੇ ਵਾਰਸਾਂ ਨੂੰ ਵਾਪਸ ਕੀਤੀ ਜਾਏ, ਤੇ ਸ਼ੀਸ਼ੇ ਦੇ ਬਰਤਨ ਤੋੜ ਦਿੱਤੇ ਜਾਣ।"

ਕਾਰਤਿਨਕਿਨ ਨੇ ਆਪਣੀਆਂ ਬਾਹਾਂ ਪਾਸਿਆਂ ਨਾਲ ਘੁੱਟ ਕੇ ਲਾਈਆਂ ਹੋਈਆਂ ਸਨ, ਤੇ ਆਪਣੇ ਹੋਠ ਲਗਾਤਾਰ ਹਿਲਾਈ ਜਾਂਦਾ ਸੀ। ਬੋਚਕੋਵਾ ਬਿਲਕੁਲ ਚੁੱਪ ਚਾਪ ਸੀ, ਮਸਲੋਵਾ ਨੇ ਜਦ ਹੁਕਮ ਸੁਣਿਆ ਤਦ ਉਹਦਾ ਮੂੰਹ ਲਾਲ ਹੋ ਗਇਆ "ਮੈਂ ਦੋਸੀ ਨਹੀਂ, ਮੈਂ ਦੋਸੀ ਨਹੀਂ!" ਉਹ ਅਚਣਚੇਤ ਚੀਕ ਉੱਠੀ ਤੇ ਉਹਦੀਆਂ ਚੀਕਾਂ ਨੇ ਕਮਰੇ ਨੂੰ ਗੂੰਜਾ ਦਿੱਤਾ, "ਇਹ ਹੁਕਮ ਪਾਪ ਹੈ, ਮੈਂ ਦੋਸੀ ਨਹੀਂ, ਮੈਂ ਕਦੀ ਨਹੀਂ ਸੀ ਚਿਤਵਿਆ, ਮੈਂ ਕਦੀ ਉਂਝ ਨਹੀਂ ਸੀ ਸੋਚਿਆ, ਮੈਂ ਜੋ ਕਹਿ ਰਹੀ ਹਾਂ ਸਚ ਹੈ, ਨਿਰੋਲ ਸਚ," ਇਹ ਕਹਿ ਕੇ ਬੈਂਚ ਉੱਪਰ ਢਹਿ ਪਈ ਤੇ ਭੁੱਬਾਂ ਮਾਰ ਕੇ ਰੋਣ ਲੱਗ ਪਈ। ਜਦ ਕਾਰਤਿਨਕਿਨ ਤੇ ਬੋਚਕੋਵਾ ਬਾਹਰ ਵੀ ਟੁਰ ਗਏ ਤਾਂ ਵੀ ਉਹ ਉੱਥੇ ਹੀ ਬੈਠੀ ਰੋਂਦੀ ਰਹੀ। ਆਖਰ ਸਿਪਾਹੀ ਨੇ ਉਹਦੇ ਕੋਟ ਉੱਪਰ ਹੱਥ ਰੱਖਿਆ ਤਾਕਿ ਉਹ ਉਹਦੇ

ਅੱਗੇ ਤੁਰੇ।

"ਨਹੀਂ, ਗੱਲ ਨੂੰ ਇੱਥੇ ਛੱਡ ਦੇਣਾ ਨਾਮੁਮਕਿਨ ਹੈ," ਨਿਖਲੀਊਧਵ ਨੇ ਆਪਣੇ ਮਾੜੇ ਚਿਤਵਨੀਆਂ ਨੂੰ ਪਰੇ ਕਰਕੇ ਤੇ ਭੁੱਲ ਕੇ, ਆਪਣੇ ਮਨ ਵਿੱਚ ਪੱਕ ਕੀਤਾ।

ਓਹ ਮਸਲੋਵਾ ਦੇ ਪਿੱਛੇ ਪਿੱਛੇ ਕੌਰੀਡੋਰ ਵਲ ਗਇਆ।

ਉਹ ਦੱਸ ਨਹੀਂ ਸੀ ਸੱਕਦਾ ਕਿ ਕਿਉਂ ਪਰ ਉਹਦਾ ਚਿੱਤ ਕਰਦਾ ਸੀ ਕਿ ਉਹ ਮੁੜ ਉਹਨੂੰ ਇਕ ਵੇਰੀ ਫਿਰ ਜਾ ਦੇਖੇ। ਦਰਵਾਜ਼ੇ ਉੱਪਰ ਕਾਫੀ ਲੋਕਾਂ ਦੀ ਭੀੜ ਸੀ। ਵਕੀਲ ਤੇ ਜੂਰੀ ਦੇ ਮੈਂਬਰ ਸਭ ਬਾਹਰ ਲੰਘ ਰਹੇ ਸਨ। ਸਾਰੇ ਖੁਸ਼ ਸਨ ਕਿ ਕੰਮ ਖਤਮ ਹੋ ਗਇਆ ਹੈ। ਮਜਬੂਰਨ ਉਹਨੂੰ ਬੂਹੇ ਉੱਪਰ ਨਿਕਲਨ ਦਾ ਰਾਹ ਲੱਭਣ ਲਈ ਉਡੀਕ ਕਰਨੀ ਪਈ। ਜਦ ਆਖਰ ਉਹ ਬਾਹਰ ਕੌਰੀਡੋਰ ਵਿੱਚ ਪਹੁਤਾ ਉਹ ਉਸ ਥੀਂ ਕਾਫੀ ਅੱਗੇ ਜਾ ਰਹੀ ਸੀ। ਉਹਦੇ ਮਗਰ ਹੀ ਮਗਰ ਕੌਰੀਡੋਰ ਵਿੱਚ ਉਹ ਹਲ ਕੇ ਗਇਆ ਤੇ ਉਸ ਇਹ ਵੀ ਖਿਆਲ ਨ ਗੌਲਿਆ ਕਿ ਉਹਨੂੰ ਉਸ ਪਿੱਛੇ ਇੰਨੀ ਕਾਹਲੀ ਵਿੱਚ ਜਾਂਦਿਆਂ ਵੇਖ ਕੇ ਲੋਕੀ ਕੀ ਕਹਿਣ ਗੇ। ਉਸਦੇ ਲਾਗੇ ਅੱਪੜ ਹੀ ਗਇਆ, ਤੇ ਉਹਦੇ ਨਾਲੋਂ ਅੱਗੇ ਲੰਘ ਕੇ ਠਹਿਰ ਗਇਆ। ਉਸ ਵੇਲੇ ਓਨ੍ਹੇ ਰੋਣਾ ਬੰਦ ਕਰ ਦਿੱਤਾ ਸੀ ਪਰ ਡੁਸਕਾਰੇ ਲੈ ਰਹੀ ਸੀ, ਤੇ ਆਪਣੇ ਰੁਮਾਲ ਨਾਲ ਆਪਣੇ ਲਾਲ ਤੇ ਭਰ ਗਏ ਮੂੰਹ ਨੂੰ ਪੂੰਝ ਰਹੀ ਸੀ, ਉਹ ਉਸ ਪਾਸੋਂ ਬਿਨਾਂ ਉਹਨੂੰ ਨੋਟਿਸ ਕੀਤੇ ਦੇ ਗੁਜ਼ਰ ਗਈ।

ਫਿਰ ਉਹ ਪ੍ਰਧਾਨ ਨੂੰ ਮਿਲਣ ਲਈ ਕਾਹਲੀ ਵਿੱਚ ਵਾਪਸ ਗਇਆ। ਪ੍ਰਧਾਨ ਅਦਾਲਤ ਦੇ ਕਮਰੇ ਥੀਂ ਚਲਾ ਜਾ ਚੁਕਾ ਸੀ। **ਨਿਖਲੀਊਧਵ ਲੌਬੀ** ਵਿੱਚ ਦੀ ਲੰਘਦਾ ਉਸ ਪਾਸ ਪਹੁੰਚਾ। ਉਹ ਆਪਣਾ ਮੋਤੀਏ ਰੰਗ ਦਾ ਕੋਟ ਪਾ ਚੁਕਾ ਸੀ ਤੇ ਨੌਕਰ ਪਾਸੋਂ ਚਾਂਦੀ ਦੀ ਮੁੱਠ ਵਾਲੀ ਆਪਣੀ ਸੈਲ ਕਰਨ ਵਾਲੀ ਸੋਟੀ ਲੈ ਰਹਿਆ ਸੀ।

"ਜਨਾਬ, ਕੀ ਜਿਹੜਾ ਮੁਕੱਦਮਾ ਅੱਜ ਫੈਸਲਾ ਹੋਇਆ ਹੈ, ਉਹਦੇ ਮੁਤਅੱਲਕ ਮੈਂ ਆਪ ਨਾਲ ਗੱਲ ਬਾਤ ਕਰ ਸੱਕਦਾ ਹਾਂ?" **ਨਿਖਲੀਊਧਵ** ਨੇ ਪੁਛਿਆ, "ਮੈਂ ਜੂਰੀ ਉੱਪਰ ਸਾਂ।"

"ਜੀ—ਆਹੋ ਬੇਸ਼ੱਕ ਕਹੋ, **ਸ਼ਾਹਜ਼ਾਦਾ ਨਿਖਲੀ-ਊਧਵ** ਜੀ ਮੈਨੂੰ ਬੜੀ ਖੁਸ਼ੀ ਹੋਵੇਗੀ, ਮੇਰਾ ਖਿਆਲ ਹੈ ਅਸੀਂ ਆਪੇ ਵਿੱਚ ਕਿਧਰੇ ਅੱਗੇ ਵੀ ਮਿਲੇ ਹਾਂ," ਪ੍ਰਧਾਨ ਨੇ ਕਹਿਆ ਤੇ **ਨਿਖਲੀਊਧਵ** ਦਾ ਹੱਥ ਆਪਣੇ ਹੱਥ ਵਿੱਚ ਦਬਾਇਆ ਤੇ ਉਹਨੂੰ ਉਹ ਰਾਤ ਖੂਬ ਯਾਦ ਆ ਗਈ ਸੀ, ਜਦ ਉਹ **ਨਿਖਲੀਊਧਵ** ਨੂੰ ਪਹਿਲਾਂ ਪਹਿਲ ਮਿਲਿਆ ਸੀ ਤੇ ਇਹ ਹੋਰ ਸਾਰੇ ਗਭਰੂਆਂ ਥੀਂ ਵਧ ਚੰਗਾ ਨੱਚਿਆ ਸੀ, "ਮੈਂ ਆਪ ਦੀ ਕੀ ਸੇਵਾ ਕਰ ਸੱਕਦਾ ਹਾਂ।"

"**ਮਸਲੋਵਾ** ਬਾਬਤ ਜੂਰੀ ਪਾਸੋਂ ਜਵਾਬ ਲਿਖਣ ਵਿੱਚ ਇਕ ਉਕਤਾਈ ਤੇ ਭੁੱਲ ਹੋ ਗਈ ਹੈ, ਉਹ ਜ਼ਹਿਰ ਦੇਨ ਦੀ ਦੋਸੀ ਨਹੀਂ ਤੇ ਫਿਰ ਵੀ ਉਹਨੂੰ ਅਦਾਲਤ ਫੌਜਦਾਰੀ ਨੇ

ਸਾਈਬੇਰੀਆ ਵਿੱਚ ਗੁਲਾਮੀ ਕਰਨ ਦਾ ਹੁਕਮ ਦਿੱਤਾ ਹੈ,'' ਨਿਖਲੀਊਧਵ ਨੇ ਇਹ ਗੱਲ ਇੰਝ ਕੀਤੀ ਜਿਵੇਂ ਕੋਈ ਬੜਾ ਉਦਾਸ ਤੇ ਫਿਕਰਾਂ ਵਿੱਚ ਡੁੱਬਿਆ ਹੁੰਦਾ ਹੈ।

''ਅਦਾਲਤ ਨੇ ਹੁਕਮ ਤਾਂ ਆਪ ਲੋਕਾਂ ਦੇ ਖਿਆਲ ਅਨੁਸਾਰ ਦਿੱਤਾ ਹੈ,'' ਪ੍ਰਧਾਨ ਗਲ ਕਰੀ ਗਇਆ ਤੇ ਸਾਹਮਣੇ ਦਰਵਾਜ਼ੇ ਵਲ ਤੁਰੀ ਗਇਆ ''ਭਾਵੇਂ ਉਹ ਜਵਾਬ ਆਪੇ ਵਿੱਚ ਠੀਕ ਮਿਲਦੇ ਤਾਂ ਨਹੀਂ ਹਨ,'' ਤੇ ਉਹਨੂੰ ਯਾਦ ਆ ਗਇਆ ਹੈ ਕਿ ਉਹ ਜੂਰੀ ਨੂੰ ਇਹ ਵਿਆਖਿਆ ਕਰਕੇ ਦੱਸਣਾ ਚਾਹੁੰਦਾ ਸੀ ਕਿ ਉਨ੍ਹਾਂ ਦਾ ਫੈਸਲਾ 'ਦੋਸੀ' ਦੇ ਅਰਥ ਸਨ "ਇਰਾਦਤਨ ਮਾਰ ਦੇਣ ਦਾ ਦੋਸੀ", ਜਦ ਤੱਕ ਉਹ ਇਹ ਲਫਜ਼ ਵਿੱਚ ਨ ਪਾਉਣ ਆਰ ਕਿ "ਬਿਨਾ ਜਾਨ ਲੈਣ ਨੀਤ ਦੇ ਆਦਿ" ਪਰ ਇਸ ਜਲਦੀ ਵਿੱਚ ਕਿ ਕੰਮ ਮੁੱਕੇ, ਉਹ ਇਹ ਵਿਆਖਿਆ ਕਰਨੀ ਭੁੱਲ ਗਇਆ ਸੀ।

''ਠੀਕ–ਪਰ ਕੀ ਉਹ ਹੁਣ ਠੀਕ ਨਹੀਂ ਕੀਤੀ ਜਾ ਸੱਕਦੀ ?''

''ਅਪੀਲ ਕਰਨ ਦੀ ਵਜਾ ਤਾਂ ਹਰ ਵੇਲੇ ਲੱਭੀ ਜਾ ਸੱਕਦੀ ਹੈ, ਤੈਨੂੰ ਕਿਸੀ ਵਕੀਲ ਨਾਲ ਮਸ਼ਵਰਾ ਕਰਨਾ ਚਾਹੀਏ,'' ਪ੍ਰਧਾਨ ਨੇਂ ਕਹਿਆ ਤੇ ਆਪਣੀ ਟੋਪੀ ਇਕ ਪਾਸੇ ਵਲ ਉੜਾ ਲਈ ਸੂ, ਤੇ ਦਰਵਾਜ਼ੇ ਵਲ ਦੀ ਤੁਰੀ ਗਇਆ।

''ਪਰ ਇਹ ਕਿੰਨਾ ਜ਼ੁਲਮ ਹੈ ?''

"ਸਾਹਿਬ ਜੀ–ਤੂੰ ਸਮਝ, **ਮਸਲੋਵਾ** ਸਾਹਮਣੇ ਹੋ ਸੱਕਣ ਵਾਲੀਆਂ ਦੋ ਹੀ ਗੱਲਾਂ ਹਨ," ਪ੍ਰਧਾਨ ਨੇ ਮੁੜ ਕਹਿਆ। ਸਾਫ ਵਿੱਸਦਾ ਸੀ ਕਿ ਉਹ **ਨਿਖਲੀਊਧਵ** ਦੀ ਖਾਤਰ ਤੇ ਅਦਬ ਜਿੰਨਾ ਚਾਹੀਏ ਕਰਨਾ ਉਤਨਾ ਕਰਕੇ ਇਉਂ ਗੱਲ ਬਾਤ ਕਰ ਰਹਿਆ ਸੀ। ਫਿਰ ਆਪਣੇ ਕੋਟ ਦੇ **ਕਾਲਰ** ਉੱਪਰ ਆਪਣੀ ਦਾਹੜੀ ਨੂੰ ਹੱਥਾਂ ਨਾਲ ਸੰਵਾਰ ਕੇ ਆਪਣੀਆਂ ਬਾਹਾਂ **ਨਿਖਲੀਊਧਵ** ਦੀ ਆਰਕ ਨਾਲ ਅਮਲਕਣੇ ਲਾਕੇ ਉਹਨੂੰ ਦਰਵਾਜ਼ੇ ਵਲ ਲਈ ਗਇਆ "ਆਉ ਆਪ ਨੇ ਵੀ ਤੇ ਜਾਣਾ ਹੈ?"

"ਹਾਂ ਜੀ," **ਨਿਖਲੀਊਧਵ** ਨੇ ਜਵਾਬ ਦਿੱਤਾ। ਜਲਦੀ ਨਾਲ ਆਪਣਾ ਕੋਟ ਪਾ ਲਇਆ ਤੇ ਉਹਦੇ ਪਿੱਛੇ ਤੁਰੀ ਗਇਆ।

ਉਹ ਹੁਣ ਬਾਹਰ ਦੀ ਖੁਲ੍ਹੀ ਧੁੱਪ ਤੇ ਰੋਸ਼ਨੀ ਵਿੱਚ ਆ ਚੁਕੇ ਸਨ। ਗਲੀ ਵਿੱਚ ਪਈਏ ਵਾਲੀਆਂ ਗੱਡੀਆਂ ਦੇ ਚੱਲਣ ਦੇ ਸ਼ੋਰ ਕਰਕੇ ਉਨ੍ਹਾਂ ਨੂੰ ਆਪੇ ਵਿੱਚ ਉੱਚਾ ਬੋਲਣਾ ਪੈਣ ਲੱਗ ਪਇਆ ਸੀ।

"ਮਾਮਲਾ ਬੜਾ ਹੀ ਅਣੋਖਾ ਹੈ," ਪ੍ਰਧਾਨ ਨੇ ਕਹਿਆ, "**ਮਸਲੋਵਾ** ਲਈ ਦੋ ਹੀ ਗੱਲਾਂ ਸਨ, ਯਾ ਤਾਂ ਬਸ ਬਰੀ ਥੋੜੇ ਜੇਹੇ ਦਿਨਾਂ ਦੀ ਕੈਦ, ਤੇ ਜਿੰਨਾ ਚਿਰ ਉਹ ਹਵਾਲਾਤ ਵਿੱਚ ਰਹਿ ਚੁੱਕੀ ਸੀ, ਨਾਲੇ ਗਿਣ ਲਈ ਜਾਂਦੀ ਤਾਂ ਕੈਦ ਕੋਈ ਵੀ ਨਾਂਹ, ਯਾ **ਸਾਈਬੇਰੀਆ**। ਦੋਹਾਂ ਵਿਚਕਾਹੇ ਦੀ ਕੋਈ ਗੱਲ ਨਾਂਹ, ਪਰ ਜੇ ਤੁਸੀਂ ਜੂਰੀ ਵਾਲੇ ਇਹ ਲਫਜ਼ ਪਾ ਦਿੰਦੇ

"ਜਾਨੋਂ ਮਾਰ ਦੇਣ ਦੀ ਨੀਤ ਬਿਨਾਂ" ਤਾਂ ਉਹ ਸਾਫ ਬਰੀ ਹੋ ਜਾਂਦੀ......"

"ਹਾਂ-ਇਨ੍ਹਾਂ ਲਫਜ਼ਾਂ ਨੂੰ ਨ ਲਿਖਣਾ ਮੇਰੀ ਨ ਮਾਫੀ ਕਰਨ ਜੋਗ ਉਕਾਈ ਹੈ", ਨਿਖਲੀਊਧਵ ਨੇ ਆਖਿਆ।

"ਬੱਸ ਸਾਰੀ ਗੱਲ ਤਾਂ ਇੱਥੇ ਆਈ ਨਾ," ਪ੍ਰਧਾਨ ਨੇ ਹੱਸ ਕੇ ਕਹਿਆ ਤੇ ਆਪਣੀ ਘੜੀ ਕੱਢ ਕੇ ਤੱਕੀ। ਉਸ ਪਾਸ ਮੁਕੱਰਰ ਹੋਏ ਵਕਤ ਵਿੱਚ ਪੌਣਾ ਘੰਟਾ ਰਹਿ ਗਇਆ ਸੀ, ਜਦੋਂ ਉਸ ਜਾਕੇ ਆਪਣੀ ਕਲਾਰਾ ਨੂੰ ਮਿਲਣਾ ਸੀ।

"ਤੇ ਜੇ ਆਪ ਦੀ ਮਰਜ਼ੀ ਹੁਣ ਕੁਝ ਕਾਰਵਾਈ ਕਰਨ ਦੀ ਹੋਵੇ ਤਦ ਕਿਸੀ ਵਕੀਲ ਨੂੰ ਮਿਲੋ। ਅਪੀਲ ਦੀ ਕੋਈ ਦਲੀਲ ਲੱਭੋ, ਤੇ ਇਹ ਤਾਂ ਆਸਾਨੀ ਨਾਲ ਲੱਭ ਪਊ", ਫਿਰ ਓਹ ਬੱਘੀਵਾਨ ਵੱਲ ਮੁਖਾਤਿਬ ਹੋਕੇ ਕਹਿਣ ਲੱਗਾ, "ਦਵੋਰਆਇਨਸਕਾਇਆ ਨੂੰ, ਤੀਹ ਪੈਸੇ, ਮੈਂ ਇਸ ਥੀਂ ਜਿਆਦਾ ਨਹੀਂ ਦਿੰਦਾ ਹੁੰਦਾ।"

"ਬਹੁਤ ਅੱਛਾ ਹਜ਼ੂਰ ਵਾਲਾ-ਮੈਂ ਆਪ ਨੂੰ ਲੈ ਜਾਵਾਂਗਾ।"

"ਚੰਗਾ ਫਿਰ ਗੁਡ ਆਫਟਰਨੂਨ, ਜੇ ਮੈਂ ਕੋਈ ਸੇਵਾ ਕਰ ਸੱਕਾਂ ਤਦ ਮੇਰਾ ਪਤਾ ਹਾਊਸ ਦਵੋਰਨੀਕੋਵ, ਦਵੋਰਆਇਨਸਕਾਇਆ ਵਿੱਚ ਹੈ। ਇਹ ਪਤਾ ਯਾਦ ਰੱਖਣਾ ਸੁਖਾਲਾ ਹੀ ਹੈ," ਤੇ ਬੜੇ ਮਿਤ੍ਰਾਂ ਵਾਂਗ ਝੁਕ ਕੇ ਉਹ ਬੱਘੀ ਵਿੱਚ ਬਹਿ ਗਇਆ ਤੇ ਬੱਘੀ ਚਲੀ ਗਈ।

## ਕਾਂਡ ੨੫

ਪ੍ਰਧਾਨ ਨਾਲ ਗੱਲਾਂ ਕਰਕੇ ਤੇ ਤਾਜ਼ਾ ਹਵਾ ਵਿੱਚ ਆਕੇ **ਨਿਖਲੀਊਧਵ** ਦਾ ਦਿਲ ਕੁਛ ਰਾਸਤਾ ਆਣ ਹੋਇਆ। ਹੁਣ ਉਸ ਸੋਚਿਆ ਕਿ ਓਹ **ਵਲਵਲੇ** ਤੇ ਵਿਸਵਿਸੇ ਜੋ ਉਹਨੂੰ ਕਚਹਿਰੀ ਬੈਠੇ ਆਏ ਸਨ, ਦਰਹਕੀਕਤ ਕਚਹਿਰੀ ਦੀ **ਵਾਯੂ ਮੰਡਲ** ਦੇ ਓਪਰਾਪਨ ਕਰਕੇ ਸਨ ਜਿੱਥੇ ਓਹਨੂੰ ਸਾਰਾ ਦਿਨ ਖਰਚ ਕਰਨਾ ਪਿਆ ਸੀ। ਤੇ ਉਹ ਵਿਸਵਿਸੇ ਕੁਛ ਅਸਲ ਥੀਂ ਜ਼ਿਆਦਾ ਤੀਖਣ ਹੋ ਕੇ ਦੁਖਦਾਈ ਹੋਏ ਸਨ।

"ਮੰਨਿਆ ਕਿ ਇਹ ਬੜਾ ਅਨੋਖਾ ਸੰਜੋਗੀ ਇਤਫਾਕ ਦੀ ਚੀਜ਼ਾਂ ਦਾ ਆਣ ਮਿਲਣਾ ਹੈ ਤੇ ਬਿਲਕੁਲ ਜਰੂਰੀ ਹੈ ਕਿ ਮੈਂ ਓਸ ਲਈ ਜੋ ਕਰ ਸੱਕਾਂ ਕਰਾਂ, ਤਾਕਿ ਉਹਦੀ ਬਿਪਤਾ ਨੂੰ ਜਿੰਨਾ ਟਾਲ ਸੱਕਾਂ ਟਾਲਣ ਦਾ ਜਤਨ ਕਰਾਂ, ਤੇ ਕਰਾਂ ਵੀ ਜਿੰਨਾ ਜਲਦੀ ਥੀਂ ਜਲਦੀ ਹੋ ਸੱਕੇ। ਹਾਂ ਫਿਲ ਫੌਰ ਹੀ ਮੈਨੂੰ ਕਚਹਿਰੀ ਵਿੱਚ ਹੀ ਪਤਾ ਕਰ ਲੈਣਾ ਚਾਹੀਏ ਕਿ **ਫਨਾਰਿਨ** ਯਾ **ਮਿਕੀਸ਼ਨ** ਕਿੱਥੇ ਰਹਿੰਦੇ ਹਨ," ਉਸ ਸੋਚਿਆ ਤੇ ਦੋਹਾਂ ਤਕੜੇ ਵਕੀਲਾਂ ਦੇ ਨਾਂ ਯਾਦ ਕੀਤੇ–ਪਹਿਲੇ **ਕੌਰੀਡੋਰ** ਵਿੱਚ ਹੀ ਉਹ **ਫਿਨਾ-ਰਿਨ** ਨੂੰ ਮਿਲ ਪਇਆ ਅਤੇ ਓਥੇ ਓਹਨੂੰ ਠਹਿਰਾ ਲਇਆ, ਤੇ ਆਖਿਆ ਕਿ ਮੈਂ ਤੁਹਾਨੂੰ ਇਕ ਵਿਹਾਰੀ ਕੰਮ ਦੀ ਗੱਲ ਕਰਨ

ਲਈ ਢੂੰਡ ਰਹਿਆ ਸੀ।

"ਭਾਵੇਂ ਮੈਂ ਥੱਕਾ ਹੋਇਆ ਹਾਂ, ਤਾਂ ਵੀ ਆਪ ਦਾ ਕੰਮ ਜੇ ਬਾਹਲਾ ਲੰਮਾ ਨਹੀਂ ਤਦ ਹੁਣੇ ਹੀ ਦੱਸ ਦਿਓ ਕਿਸ ਤਰਾਂ ਦਾ ਕੰਮ ਹੈ, ਆਓ ਇੱਥੇ ਅੰਦਰ ਆ ਜਾਓ।" ਇਹ ਕਹਿ ਕੇ ਓਹ ਨਿਖਲੀਊਧਵ ਨੂੰ ਇਕ ਕਮਰੇ ਵਲ ਲੈ ਤੁਰਿਆ, ਸ਼ਾਇਦ ਓਹ ਕਿਸੀ ਜੱਜ ਦੇ ਨਿਜ ਦੀ ਥਾਂ ਸੀ, ਓਹ ਮੇਜ਼ ਲਾਗੇ ਬਹਿ ਗਏ।

"ਅੱਛਾ–ਆਪ ਦਾ ਕੀ ਕੰਮ ਹੈ?"

"ਪਹਿਲਾਂ ਤਾਂ ਮੈਂ ਆਪ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਮਲਾ ਗੁਪਤ ਹੈ। ਮੈਂ ਕਿਸੀ ਨੂੰ ਇਹ ਨਹੀਂ ਪ੍ਰਗਟ ਕਰਨਾ ਚਾਹੁੰਦਾ ਹਾਂ ਕਿ ਮੈਂ ਇਸ ਮਾਮਲੇ ਵਿੱਚ ਦਿਲਚਸਪੀ ਲੈ ਰਹਿਆ ਹਾਂ।"

"ਆਹੋ ਜੀ–ਇਓਂ ਹੀ ਹੋਵੇਗਾ, ਚੰਗਾ।"

"ਮੈਂ ਅੱਜ ਜੂਰੀ ਤੇ ਸਾਂ ਤੇ ਅਸਾਂ ਇਕ ਤੀਮੀਂ ਨੂੰ ਸਾਈਬੇਰੀਆ ਦੀ ਸਜ਼ਾ ਦੇ ਦਿੱਤੀ ਹੈ, ਪਰ ਉਹ ਤੀਮੀ ਨਿਰਦੋਸ਼ ਹੈ। ਮੇਰੇ ਦਿਲ ਨੂੰ ਇਹ ਗੱਲ ਦੁਖੀ ਕਰ ਰਹੀ ਹੈ," ਨਿਖਲੀਊਧਵ ਨੇ ਜਦ ਇਹ ਕਹਿਆ ਤਦ ਓਹਨੂੰ ਆਪ ਨੂੰ ਹੈਰਾਨੀ ਜੇਹੀ ਹੋਈ ਕਿ ਇਹ ਗੱਲ ਕਰਦਿਆਂ ਓਹਦਾ ਮੂੰਹ ਸ਼ਰਮ ਨਾਲ ਲਾਲ ਕਿਉਂ ਹੋਇਆ ਤੇ ਗੱਲ ਕਰਨ ਵਿੱਚ ਓਹ ਘਾਬਰ ਕਿਸ ਕਰਕੇ ਗਇਆ ਸੀ। ਫਨਾਰਿਨ ਨੇ ਉਸ ਵਲ ਇਕ ਤੇਜ਼ ਨਿਗਾਹ ਨਾਲ ਤੱਕਿਆ ਤੇ ਫਿਰ ਹੇਠਾਂ ਵਲ ਵੇਖਣ ਲੱਗ ਗਇਆ, ਜਿਂਵੇਂ ਓਹਦੀ ਗੱਲ ਕੰਨ ਲਾ ਕੇ ਸੁਣ ਰਹਿਆ ਹੈ।

"ਅੱਛਾ ਜੀ," ਉਸ ਆਖਿਆ।

"ਅਸਾਂ ਇਕ ਤੀਮੀ ਨੂੰ ਨਾਹੱਕ ਸਜ਼ਾ ਦਿੱਤੀ ਹੈ ਤੇ ਮੈਂ ਇਸ ਥੀਂ ਵੱਡੀ ਉਪਰਲੀ ਅਦਾਲਤ ਵਿੱਚ ਅਪੀਲ ਕਰਨਾ ਚਾਹੁੰਦਾ ਹਾਂ।"

"ਆਪ ਦਾ ਮਤਲਬ ਸੈਨੇਟ ਵਿੱਚ ?" ਫਨਾਰਿਨ ਨੇ ਉਹਦੀ ਗਲਤੀ ਠੀਕ ਕਰਦਿਆਂ ਕਹਿਆ।

"ਹਾਂ ਜੀ, ਮੈਂ ਚਾਹੁੰਦਾ ਹਾਂ ਕਿ ਆਪ ਇਹ ਮੁਕੱਦਮਾਂ ਆਪਣੇ ਹੱਥ ਵਿੱਚ ਲੈ ਲਵੋ," ਨਿਖਲੀਊਧਵ ਗੱਲ ਦੇ ਵੱਡੇ ਮੁਸ਼ਕਲ ਹਿੱਸੇ ਨੂੰ ਜਲਦੀ ਮੁਕਾਉਣ ਲਈ ਕਹਿਣ ਲੱਗਾ, "ਸਾਰਾ ਖਰਚ ਜੋ ਕੁਝ ਵੀ ਹੋਵੇ ਉਹ ਮੈਂ ਦਿਆਂਗਾ।"

"ਆਹੋ ! ਓਹ ਅਸੀਂ ਸਭ ਮੁਕਾ ਲਾਂਗੇ" ਵਕੀਲ ਨੇ ਮੁਸਕਰਾ ਕੇ ਕਹਿਆ। ਨਿਖਲੀਊਧਵ ਦੇ ਇਹੋ ਜੇਹੇ ਮਾਮਲਿਆਂ ਦੀ ਨਾਵਾਕਫ਼ੀ ਉੱਪਰ ਇਕ ਵਡੇਰੇ ਆਦਮੀ ਵਾਂਗ ਉਹਨੂੰ ਮਾਫੀ ਦੇਣ ਜੇਹੀ ਦੀ ਨਜ਼ਰ ਦੇਖ ਕੇ—"ਪਰ ਮੁਕੱਦਮਾ ਕੀ ਹੈ ?" ਨਿਖਲੀਊਧਵ ਨੇ ਸਾਰੀ ਗੱਲ ਜਿੰਵੇਂ ਹੋਈ ਸੀ ਕਹਿ ਸੁਣਾਈ।

"ਬਹੁਤ ਅੱਛਾ ! ਮੈਂ ਕਲ ਸਾਰੀ ਮਿਸਲ ਦੇਖਾਂਗਾ ਤੇ ਕੰਮ ਵਿੱਚ ਜੁੱਟ ਪਵਾਂਗਾ। ਤੁਸੀ ਪਰਸੋਂ, ਨਹੀਂ ਵੀਰਵਾਰ, ਫਿਰ ਆਵਣਾ। ਛੇ ਵਜੇ ਥੀਂ ਬਾਦ ਆ ਜਾਣਾ ਤੇ ਆਪ ਨੂੰ ਸਾਰਾ ਜਵਾਬ ਦਿਆਂਗਾ। ਅੱਛਾ ਹੁਣ ਚਲੀਏ ! ਮੈਂ ਕੁਛ ਇਕ ਦੋ ਗੱਲਾਂ ਹਾਲੇਂ ਇੱਥੇ ਦਰਿਯਾਫ਼ਤ ਕਰਨੀਆਂ ਹਨ।"

ਨਿਖਲੀਊਧਵ ਉਸ ਥੀਂ ਛੁੱਟੀ ਲੈ ਬਾਹਰ ਚਲਾ ਗਇਆ।

ਵਕੀਲ ਨਾਲ ਗੱਲਾਂ ਕਰਨ ਨੇ, ਤੇ ਇਸ ਗੱਲ ਨੇ, ਕਿ ਉਸ ਨੇ ਮਸਲੋਵਾ ਲਈ ਕੁਝ ਕੀਤਾ ਹੈ, ਓਹਨੂੰ ਹੋਰ ਵੀ ਤਸਕੀਨ ਤੇ ਤਸ਼ਫੀ ਦਿੱਤੀ। ਉਹ ਬਾਜ਼ਾਰ ਵਿੱਚ ਅੱਪੜ ਗਇਆ। ਮੌਸਮ ਸੋਹਣਾ ਸੀ, ਤੇ ਖਿੜੀ ਬਸੰਤ ਰੁੱਤ ਦੀ ਸਮੀਰ ਦਾ ਘੁੱਟ ਭਰ ਕੇ ਓਹ ਹੋਰ ਵੀ ਖ਼ੁਸ਼ ਹੋਇਆ। ਕਈ ਬੱਘੀ ਵਾਲੇ ਅੱਗੇ ਪਿੱਛੇ ਆ ਗਏ, "ਗਾੜੀ ਸਾਹਿਬ ਜੀ–ਗਾੜੀ" ਪਰ ਓਹ ਪੈਦਲ ਹੀ ਤੁਰੀ ਗਇਆ।

ਯਕਲਖ਼ਤ ਮੁੜ ਕਾਤੂਸ਼ਾ ਦੇ ਓਸ ਪੁਰਾਣੇ ਮੂੰਹ ਦੀ ਝਾਕੀ ਹੋਰ ਨਾਲ ਦੀਆਂ ਸਾਰੀਆਂ ਗੱਲਾਂ ਯਾਦ ਆਈਆਂ ਤੇ ਉਹਦੀ ਆਪਣੀ ਉਸ ਨਾਲ ਕੀਤੀ ਕਰਤੂਤ ਦੇ ਖਿਆਲ ਓਹਦੇ ਸਿਰ ਵਿੱਚ ਚੱਕਰ ਖਾਣ ਲੱਗ ਪਏ। ਉਹਦਾ ਮਨ ਫਿਰ ਦੱਬਿਆ, ਤੇ ਸਭ ਦੁਨੀਆਂ ਉਦਾਸ ਉਦਾਸ ਵੈਰਾਨ ਜੇਹੀ ਦਿੱਸਣ ਲਗ ਪਈ–"ਨਹੀਂ ਇਹ ਗੱਲਾਂ ਫਿਰ ਸੋਚਾਂਗੇ, ਹੁਣ ਤਾਂ ਇਨ੍ਹਾਂ ਸਾਰਿਆਂ ਮਨ-ਖੁੱਭ ਅਸਰਾਂ ਨੂੰ ਪਰੇ ਸੱਟੀਏ," ਉਸ ਆਪਣੇ ਨਾਲ ਵਿਚਾਰ ਕੀਤੀ।

ਕੋਰਚਾਗਿਨਾਂ ਦੇ ਰੋਟੀ ਖਾਣ ਜਾਣਾ ਯਾਦ ਆਇਆ, ਤੇ ਘੜੀ ਤੱਕੀ। ਹਾਲੇਂ ਵੀ ਉੱਥੇ ਜਾਣ ਲਈ ਬਾਹਲੀ ਦੇਰ ਨਹੀਂ ਸੀ ਹੋਈ, ਨਾਲੋਂ ਲੰਘਦੀ ਟਰੈਮਕਾਰ ਦੀ ਘੰਟੀ ਦੀ ਆਵਾਜ਼ ਆਈ, ਓਹਨੂੰ ਫੜਨ ਲਈ ਦੌੜਿਆ, ਤੇ ਫੜ

ਕੇ ਵਿੱਚ ਕੁੱਦ ਪਇਆ । ਜਦ ਟਰੈਮ ਮਾਰਕੀਟ ਪਾਸ ਅੱਪੜੀ ਤਦ ਮੁੜ ਕੁੱਦ ਬਾਹਰ ਆ ਗਇਆ । ਤੇ ਓਥੋਂ ਇਕ ਚੰਗੀ ਬੱਘੀ ਕਰਾਏ ਕੀਤੀ ਤੇ ਦਸ ਮਿੰਟਾਂ ਵਿੱਚ ਓਹ ਕੋਰਚਾਗਿਨਾਂ ਦੇ ਵੱਡੇ ਘਰ ਦੇ ਸਾਹਮਣੇ ਦਰਵਾਜ਼ੇ ਉੱਪਰ ਸੀ ।

## ਕਾਂਡ ੨੯

"ਹਜ਼ੂਰ ਵਾਲਾ ! ਅੰਦਰ ਆਓ," ਕੋਰਚਾਗਿਨਾਂ ਦੇ ਮਹਿਲ ਦੇ ਵੱਡੇ ਤੇ ਮੋਟੇ ਤੇ ਉਹਦੇ ਪਛਾਣਨ ਵਾਲੇ ਦਵਾਰ-ਪਾਲ ਨੇ ਉਹਨੂੰ ਦਰਵਾਜ਼ਾ ਖੋਲ ਕੇ ਆਖਿਆ । ਦਰਵਾਜ਼ਾ ਅੰਗਰੇਜ਼ੀ ਪੇਟੰਟ ਕਬਜਿਆਂ ਉੱਪਰ ਬਿਨਾਂ ਆਵਾਜ਼ ਦੇ ਖੁਲ੍ਹ ਗਏ । "ਆਪ ਦੀਆਂ ਉਡੀਕਾਂ ਹੋ ਰਹੀਆਂ ਹਨ, ਖਾਣੇ ਉੱਪਰ ਬਹਿ ਗਏ ਹਨ, ਪਰ ਹੁਕਮ ਹੈ ਜਿਸ ਵਕਤ ਆਪ ਆਓ ਆਪ ਨੂੰ ਅੰਦਰ ਲਿਆਂਦਾ ਜਾਏ," ਦਵਾਰਪਾਲ ਉਹਦੇ ਨਾਲ ਪੌੜੀਆਂ ਤਕ ਗਇਆ ਤੇ ਘੰਟੀ ਵਜਾਈ ।

"ਕੋਈ ਓਪਰਾ ਬੰਦਾ ਵੀ ਮਹਿਮਾਨ ਹੈ ?" ਨਿਖਲੀ-ਊਧਵ ਨੇ ਆਪਣਾ ਉੱਪਰ ਦਾ ਕੋਟ, ਓਵਰ ਕੋਟ, ਲਾਂਹਦਿਆਂ ਲਾਂਹਦਿਆ ਪੁੱਛਿਆ ।

"ਸਿਰਫ ਐਮ ਕੋਲੋਸੋਵ ਤੇ ਮਾਈਕਲ ਸੇਰਗੇਵਿਚ ਤੇ ਆਪਣਾ ਟੱਬਰ ।"

ਉੱਪਰ ਜਾਂਦੀਆਂ ਸੀਹੜੀਆਂ ਦੇ ਲਾਂਘੇ ਤੇ ਇਕ ਬੜਾ ਸੋਹਣਾ ਹਜ਼ੂਰੀਆ ਅਬਾਬੀਲ ਦੇ ਦੁੰਮ ਵਾਲਾ ਕੋਟ ਚਿਟੇ ਦਸਤਾਨੇ ਪਾਈਖੜਾ ਹਿਠਾਹਾਂ ਨੂੰ ਵੇਖ ਰਹਿਆ ਸੀ ।

"ਹਜ਼ੂਰ ਵਾਲਾ ! ਉੱਪਰ ਆਓ," ਉਹ ਬੋਲਿਆ "ਆਪ ਦੀ ਉਡੀਕ ਹੋ ਰਹੀ ਹੈ।"

ਨਿਖਲੀਊਧਵ ਉੱਪਰ ਗਇਆ ਤੇ ਵੱਡੇ ਨਾਚ ਵਾਲੇ ਆਲੀਸ਼ਾਨ ਹਾਲ, ਜਿਹਨੂੰ ਉਹ ਚੰਗੀ ਤਰਾਂ ਜਾਣਦਾ ਸੀ, ਦੇ ਵਿੱਚੋਂ ਦੀ ਲੰਘ ਕੇ ਖਾਣ ਵਾਲੇ ਕਮਰੇ ਵਿੱਚ ਦਾਖਲ ਹੋਇਆ। ਅੱਗੇ ਕੋਰਚਾਗਿਨਾਂ ਦਾ ਸਾਰਾ ਟੱਬਰ–ਮਾਂ ਸੋਫੀਆ ਵੈਸੀਲਿਵਨਾ ਦੇ ਸਿਵਾ, (ਉਹ ਸਦਾ ਆਪਣੇ ਨਿਜ ਦੇ ਸੱਜੇ ਕਮਰੇ ਵਿੱਚ ਹੀ ਰਹਿੰਦੀ ਸੀ), ਮੇਜ਼ ਉੱਪਰ ਬੈਠੇ ਸਨ। ਮੇਜ਼ ਦੇ ਸਿਰ ਉੱਪਰ ਬੁੱਢਾ ਕੋਰਚਾਗਿਨ ਬੈਠਾ ਸੀ, ਉਹਦੇ ਖੱਬੇ ਡਾਕਟਰ, ਸੱਜੇ ਇਕ ਮਹਿਮਾਨ ਆਈਵਨ ਈਵਾਨਿਚ ਕੋਲੋਸੋਵ ਜਿਹੜਾ ਪਹਿਲਾਂ ਜ਼ਿਲੇ ਦਾ ਅਫਸਰ ਸੀ ਤੇ ਹੁਣ ਇਕ ਬੈਂਕ ਦਾ ਡਾਇਰੈਕਟਰ ਸੀ। ਉਹ ਕੋਰਚਾਗਿਨ ਦਾ ਮਿੱਤ੍ਰ ਤੇ ਲਿਬਰਲ ਸੀ। ਖੱਬੇ ਪਾਸੇ ਮਿਸ ਰੇਨਰ ਬੈਠੀ ਸੀ, ਮਿੱਸੀ ਦੀ ਛੋਟੀ ਭੈਣ ਦੀ ਗਵਰਨੈਸ ਤੇ ਉਹ ਛੋਟੀ ੪ ਸਾਲ ਦੀ ਮਿੱਸੀ ਦੀ ਭੈਣ ਕੁੜੀ ਆਪ, ਮਿੱਸੀ ਦਾ ਭਰਾ ਪਿਤਿਆ ਕੋਰਚਾਗਿਨਾਂ ਦਾ ਇੱਕੋ ਇੱਕ ਪੁੱਤਰ, ਪਬਲਿਕ ਸਕੂਲ ਵਿੱਚ ਪੜ੍ਹਨ ਵਾਲਾ ਮੁੰਡਾ ਛੇਵੀਂ ਜਮਾਤ, ਤੇ ਇਹਦੇ ਇਮਤਿਹਾਨ ਕਰ ਕੇ ਵੀ ਸਾਰਾ ਟੱਬਰ

ਸ਼ਹਿਰ ਵਿੱਚ ਠਹਿਰਿਆ ਹੋਇਆ ਸੀ। ਉਹਦੇ ਨਾਲ ਇਕ ਯੂਨੀਵਰਸਟੀ ਦਾ ਲੜਕਾ ਜਿਹੜਾ ਉਹਨੂੰ ਘਰ ਆਣ ਕੇ ਪੜ੍ਹਾਉਂਦਾ ਹੁੰਦਾ ਸੀ, ਤੇ ਮਿੱਸੀ ਦੇ ਚਾਚੇ ਦਾ ਪੁੱਤਰ ਸੀ ਮਾਈਕਲ ਸੈਰਗੇਵਿਚ ਤਿਲੇਗਿਨ ਤੇ ਆਮ ਤੌਰ ਤੇ ਜਿਹਨੂੰ ਨਿੱਕਾ ਨਾਂ ਮਿਸ਼ਾ ਕਰਕੇ ਬੁਲਾਉਂਦੇ ਸਨ। ਉਹਦੇ ਸਾਹਮਣੇ ਕੈਥੀਰੀਨ ਅਲੈਗਜ਼ੀਵਨਾ ਇਕ ੪੦ ਸਾਲ ਦੀ ਕੰਵਾਰੀ ਕੁੜੀ, ਸਲੈਵ ਕੌਮ ਦੀ ਇਕ ਤੀਮੀ, ਤੇ ਮੇਜ਼ ਦੇ ਪੈਰਾਂ ਵਲ ਸੀ ਬੈਠੀ ਮਿੱਸੀ ਆਪ ਤੇ ਉਹਦੇ ਨਾਲ ਪਈ ਸੀ ਖਾਲੀ ਥਾਂ।

"ਆਹ! ਆਹ! ਠੀਕ! ਠੀਕ! ਆਓ ਬਹਿ ਜਾਓ। ਅਸੀਂ ਹਾਲੇ ਮੱਛੀ ਹੀ ਖਾਣ ਲੱਗੇ ਹਾਂ," ਬੁੱਢੇ ਕੋਰਚਾਗਿਨ ਨੇ ਮੁਸ਼ਕਲ ਨਾਲ ਉਚਾਰਿਆ, ਕਿਉਂਕਿ ਮੂੰਹ ਵਿੱਚ ਗਰਾਹੀ ਤੇ ਫਿਰ ਬਨਾਵਟੀ ਦੰਦ, ਤੇ ਉਨ੍ਹਾਂ ਨਾਲ ਵਿਚਾਰਾ ਮੁਸ਼ਕਲ ਨਾਲ ਗ੍ਰਾਹੀ ਨੂੰ ਚਿੱਥ ਰਹਿਆ ਸੀ, ਤੇ ਆਪਣੀਆਂ ਲਾਲ ਡੋਰੀਆਂ ਵਾਲੀਆਂ ਅੱਖਾਂ ਉੱਪਰ ਕਰਕੇ (ਜਿਨ੍ਹਾਂ ਅੱਖਾਂ ਉੱਪਰ ਕੋਈ ਨਜਰ ਆਉਂਦੇ ਛੱਪਰ ਨਹੀਂ ਸਨ) ਨਿਖਲੀਊਧਵ ਨੂੰ ਵੇਖਣ ਲੱਗ ਪਇਆ।

"ਸਟੀਫਨ" ਉਸ ਆਪਣਾ ਮੂੰਹ ਗਰਾਹੀ ਨਾਲ ਭਰਿਆ ਹੋਇਆ, ਅੱਖਾਂ ਵੇਹਲੀ ਥਾਂ ਵਲ ਕਰਕੇ ਆਪਣੇ ਮੋਟੇ ਤੇ ਪੂਰੇ ਚੌਧਰੀ ਬਣੇ ਬਟਲਰ ਨੂੰ ਮੁਖਾਤਿਬ ਹੋ ਕੇ ਕਹਿਆ।

ਭਾਵੇਂ ਨਿਖਲੀਊਧਵ ਕੋਰਚਾਗਿਨਾਂ ਨੂੰ ਚੰਗੀ ਤਰਾਂ ਜਾਣਦਾ ਸੀ ਤੇ ਕਈ ਵੇਰੀ ਖਾਣੇ ਉੱਪਰ ਵੀ ਮਿਲਿਆ ਸੀ, ਪਰ ਅੱਜ ਇਹ ਸੁਰਖ਼ ਚਿਹਰਾ ਤੇ ਉਹਦੇ ਵਿਸ਼ਈ ਜੇਹੇ ਸਵਾਦਾਂ ਦੇ ਪਟਾਕੇ ਲਾਣ ਵਾਲੇ ਹੋਠ, ਉਹਦੀ ਚਰਬੀ ਨਾਲ ਭਰੀ ਮੋਟੀ ਗਰਦਨ ਦੇਖ ਕੇ ਓਹਨੂੰ ਕਰੈਹਤ ਜੇਹੀ ਆਈ।

ਨਿਖਲੀਊਧਵ ਨੂੰ ਏਵੇਂ ਹੀ ਅੱਜ ਉਹਦੀਆਂ ਸਾਰੀਆਂ ਕਰਤੂਤਾਂ ਵੀ ਯਾਦ ਆ ਗਈਆਂ, ਕਿ ਇਹ ਆਦਮੀ ਜਦ ਫੌਜ ਵਿੱਚ ਆਪਣੇ ਕਮਾਨ ਉੱਪਰ ਸੀ ਤਾਂ ਕਿਸ ਤਰਾਂ ਬਿਨਾਂ ਵਜਾ ਤੇ ਦਲੀਲ ਦੇ, ਬੰਦਿਆਂ ਨੂੰ ਫੜ ਫੜ ਬੈਂਤ ਮਰਵਾਂਦਾ ਸੀ ਤੇ ਕਈਆਂ ਨੂੰ ਫੜ ਕੇ ਫਾਂਸੀ ਚੜ੍ਹਾ ਦਿੰਦਾ ਸੀ, ਤੇ ਬੱਸ ਇਕ ਰੋਹਬ ਲਈ, ਸਮਝੋ ਇਸ ਲਈ ਕਿ ਉਹ ਕੁਛ ਘਰੋਂ ਅਮੀਰ ਹੈ ਤੇ ਉਹਨੂੰ ਕਿਸੀ ਦੀ ਰਿਆਇਤ ਕਰਨ ਦੀ ਲੋੜ ਨਹੀਂ ਤੇ ਨ ਉਹਨੂੰ ਕਿਸੀ ਪਾਸੋਂ ਰਿਆਇਤ ਮੰਗਣ ਦੀ ਲੋੜ ਹੈ ਤੇ ਨ ਕਿਸੀ ਦੀ ਖੁਸ਼ਾਮਦ ਕਰਨ ਦੀ ਉਹਨੂੰ ਜ਼ਰੂਰਤ ਹੈ।

"ਲੌ, ਹੁਣੇ ਹੀ-ਹਜ਼ੂਰ ਵਾਲਾ," ਸਟੀਫਨ ਨੇ ਆਖਿਆ ਤੇ ਪਾਸੇ ਦੀ ਅਲਮਾਰੀ ਥੀਂ ਇਕ ਵੱਡੀ ਸੂਪ ਦੀ ਕੜਛੀ ਫੜ ਲਈ। ਪਾਸੇ ਪਈ ਅਲਮਾਰੀ ਬੜੀ ਸਜੀ ਸੀ। ਕਈ ਇਕ ਚਾਂਦੀ ਦੇ ਫੂਲਦਾਨ ਉੱਥੇ ਧਰੇ ਸਨ, ਤੇ ਉਸ ਨੇ ਉਸ ਸੋਹਣੇ ਹਜ਼ੂਰੀਏ ਨੂੰ ਸਿਰ ਹਿਲਾ ਕੇ ਇਸ਼ਾਰਾ ਕੀਤਾ, ਤੇ ਉਹ ਝਟਾ ਪਟ ਅਣਛੋਹੀਆਂ ਛੁਰੀਆਂ ਕਾਂਟੇ, ਤੇ ਟੱਬਰ ਦੀ ਮੋਨੋਗ੍ਰਾਮ ਵਾਲੇ ਨੈਪਕਿਨ ਮਿੱਸੀ ਦੇ ਪਾਸ ਖਾਲੀ ਥਾਂ ਤੇ ਜੋੜਣ ਲੱਗ ਪਇਆ।

ਨਿਖਲੀਊਧਵ ਮੇਜ਼ ਦੇ ਚਾਰੇ ਪਾਸੇ ਹੱਥ ਮਿਲਾਂਦਾ ਘੁੰਮਿਆਂ, ਸਵਾਏ ਬੁੱਢੇ ਕੋਰਚਾਗਿਨ ਤੇ ਸਵਾਣੀਆਂ ਦੇ ਸਭ ਨੇ ਉੱਠ ਕੇ ਹੱਥ ਮਿਲਾਇਆ, ਤੇ ਇਉਂ ਉਹਦਾ ਮੇਜ਼ ਦੇ ਦਵਾਲੇ ਫਿਰਨਾ ਤੇ ਲੋਕਾਂ ਦੇ ਹੱਥਾਂ ਨਾਲ ਹੱਥ ਮਿਲਾਣਾ ਜਿਨ੍ਹਾਂ ਵਿੱਚੋਂ ਕਈਆਂ ਨਾਲ ਉਸ ਅੱਜ ਤਕ ਗਲ ਵੀ ਨਹੀਂ ਸੀ ਕੀਤੀ, ਕੁਛ ਨਾਗਵਾਰ ਤੇ ਕੁਥਾਵਾਂ ਜੇਹਾ ਕੰਮ ਦਿੱਸਿਆ। ਉਸ ਨੇ ਦੇਰੀ ਨਾਲ ਆਉਣ ਦੀ ਮਾਫੀ ਮੰਗੀ, ਤੇ ਮਿੱਸੀ ਤੇ ਕੈਥੇਰੀਨ ਅਲੈਗਜ਼ੀਵਨਾ ਦੇ ਵਿਚਾਲੇ ਬਹਿਣ ਲੱਗਾ ਹੀ ਸੀ ਕਿ ਬੁੱਢੇ ਕੋਰਚਾਗਿਨ ਨੇ ਜ਼ਿਦ ਕੀਤੀ ਕਿ ਉੱਠ ਕੇ ਜੇ ਓਸ ਵੋਧਕਾ ਸ਼ਰਾਬ ਦਾ ਗਲਾਸ ਨਹੀਂ ਵੀ ਪੀਣਾ ਤਾਂ ਵੀ ਉੱਥੇ ਪਰੇ ਪਈਆਂ ਚੀਜ਼ਾਂ ਵਿਚੋਂ ਜਰਾ ਇਕ ਕੋਈ ਨੁਕਲ ਕਰਕੇ ਆਪਣੀ ਭੁੱਖ ਨੂੰ ਜਗਾ ਲਵੇ। ਤੇ ਉਸ ਲਾਂਭੇ ਦੇ ਮੇਜ਼ ਉੱਪਰ ਛੋਟੀਆਂ ਰਕੇਬੀਆਂ ਧਰੀਆਂ ਹੋਈਆਂ ਸਨ ਕਿਸੀ ਵਿੱਚ ਲੌਬਸਟਰ ਮੱਛੀ, ਕਿਸੀ ਵਿੱਚ ਨਿਮਕ ਪਈਆਂ ਅਚਾਰੀ ਹੈਰਿੰਗ ਮੱਛੀਆਂ ਕਿਸੀ ਵਿੱਚ ਪਨੀਰ ਆਦਿ। ਨਿਖਲੀਊਧਵ ਨੇ ਜਦ ਉਹਦੀ ਇਹ ਗੱਲ ਮੰਨ ਕੇ ਕੁਛ ਪਨੀਰ ਤੇ ਰੋਟੀ ਦਾ ਟੁਕੜਾ ਨੁਕਲ ਕੀਤਾ ਤਦ ਉਸ ਨੂੰ ਪਤਾ ਲੱਗਾ ਕਿ ਦਰ ਹਕੀਕਤ ਉਹ ਕਿੰਨਾ ਭੁੱਖਾ ਸੀ ਤੇ ਫਿਰ ਉਹ ਰੋਟੀ ਬੜੇ ਹੀ ਸਵਾਦ ਨਾਲ ਖਾਣ ਲੱਗ ਪਇਆ।

"ਕਿਉਂ ਭਾਈ! ਅੱਜ ਆਪ ਸੁਸੈਟੀ ਦੀ ਜੜ੍ਹਾਂ ਨੂੰ ਤੇਲ

ਦੇ ਆਏ ਹੋ ?'' ਕੋਲੋਸੋਵ ਨੇ ਪੁੱਛਿਆ, ਤੇ ਤਨਜ਼ਨ ਉਸ ਫਿਕਰਾ ਇਕ ਅਖਬਾਰ ਵਿੱਚੋਂ ਕਹਿ ਸੁਣਾਇਆ, ਜਿਹੜੀ ਅਖਬਾਰ ਸੋਸੈਟੀ ਦੀ ਤੂਕੀ ਦੇ ਬਰਖਲਾਫ ਸੀ ਤੇ ਜੂਰੀ ਦੇ ਰਾਹੀਂ ਮੁਕੱਦਮਿਆਂ ਦੇ ਫੈਸਲੇ ਹੋਣ ਦੇ ਅਸੂਲ ਉੱਪਰ ਕਈ ਹੱਲੇ ਕਰ ਚੁਕੀ ਸੀ–''ਦੋਸੀਆਂ ਨੂੰ ਬਰੀ, ਨਿਰਦੋਸ਼ਾਂ ਨੂੰ ਫਾਂਸੀ ਹੈ ?''

''ਸੋਸੈਟੀ ਦੀ ਜੜੀਂ ਤੇਲ,'' ਕਹਿ ਕਹਿ ਕੇ ਕੋਰਚਾਗਿਨ ਹਸ ਹਸ ਕੇ ਦੁਹਰਾਈ ਗਇਆ। ਓਹਨੂੰ ਆਪਣੇ ਚੁਣੇ ਦੋਸਤ ਤੇ ਸਾਥੀ ਦੀ ਲਿਆਕਤ ਉੱਪਰ ਪੂਰਾ ਪੂਰਾ ਭਰੋਸਾ ਸੀ।

ਨਿਖਲੀਊਧਵ ਨੂੰ ਭਾਵੇਂ ਇਹ ਕੁਛ ਗੁਸਤਾਖੀ ਜੇਹੀ ਹੀ ਦਿੱਸੀ, ਉਸ ਕੋਲੋਸੋਵ ਦੀ ਤੋਰੀ ਗੱਲ ਦਾ ਕੋਈ ਉੱਤਰ ਨ ਦਿੱਤਾ, ਤੇ ਗਰਮ ਸੂਪ ਨੂੰ ਪੀਣ ਲੱਗ ਪਇਆ, ਤੇ ਮੁੜ ਖਾਣੇ ਵਲ ਧਿਆਨ ਕਰ ਦਿੱਤਾ।

''ਕਿਰਪਾ ਕਰਕੇ ਵਿਚਾਰੇ ਨੂੰ ਰੋਟੀ ਤਾਂ ਚੰਗੀ ਤਰਾਂ ਖਾਣ ਦਿਓ'' ਮਿੱਸੀ ਬੋਲੀ ਤੇ ਮੁਸਕਰਾਈ। ਉਸ ਨੇ ''ਵਿਚਾਰੇ'' ਸ਼ਬਦ ਨੂੰ ਇਸ ਲਹਜ਼ੇ ਨਾਲ ਕਹਿਆ ਜਿਵੇਂ ਓਹ ਸੁਣਨ ਵਾਲਿਆਂ ਨੂੰ ਆਪਣੇ ਤੇ ਨਿਖਲੀਊਧਵ ਵਿੱਚ ਬੇਤਕੱਲਫੀ ਦਾ ਚੇਤਾ ਕਰਾ ਰਹੀ ਸੀ।

ਕੋਲੋਸੋਵ ਬੜੀ ਹੀ ਉੱਚੀ ਸੁਰ ਵਿੱਚ ਤੇ ਉਸੀ

ਸਰਗਰਮ ਤ੍ਰੀਕੇ ਨਾਲ ਉਸ ਅਖਬਾਰ ਦੇ ਸਾਰੇ ਲੇਖ ਦਾ ਸਾਰ ਦੇਣ ਲੱਗ ਪਇਆ, ਜਿਹੜਾ **ਜੂਰੀ** ਦੀ ਮਦਦ ਨਾਲ ਮੁਕੱਦਮੇਂ ਕਰਨ ਦੇ ਬਰਖ਼ਲਾਫ ਲਿਖਿਆ ਸੀ, ਤੇ ਜਿਸਨੇ ਓਹਦਾ ਪਾਰਾ ਚੜ੍ਹਾ ਦਿੱਤਾ ਸੀ। **ਮਿੱਸੀ** ਦੇ ਚਾਚੇ ਦੇ ਲੜਕੇ **ਮਾਈਕਲ ਸੈਰਗੇਵਿਚ** ਨੇ ਕਈਆਂ ਗੱਲਾਂ ਦੀ ਪ੍ਰੋੜਤਾ ਕੀਤੀ ਤੇ ਇਕ ਹੋਰ ਓਹੋ ਜੇਹੇ ਲੇਖ ਵਿੱਚ ਲਿਖਿਆਂ ਨੁਕਤਿਆਂ ਦਾ ਜ਼ਿਕਰ ਕੀਤਾ।

**ਮਿੱਸੀ** ਨੇ ਤਾਂ ਬੜੀ ਫੜਕਦੀ ਪੋਸ਼ਾਕ ਸਜਾਈ ਹੋਈ ਸੀ ਤੇ ਓਸ ਵਿੱਚ ਓਹ ਬੜੀ ਚੋਣਵੀਂ ਕੁੜੀ ਲੱਗਦੀ ਸੀ।

''ਆਪ ਤਾਂ ਬੜੇ ਥੱਕ ਗਏ ਹੋਵੋਗੇ ਜੀ ਤੇ ਭੁੱਖ ਵੀ ਆਪ ਨੂੰ ਬੜੀ ਤੇਜ਼ ਲਗ ਗਈ ਹੋਣੀ ਹੈ,'' ਓਸ ਕਹਿਆ ਥੋੜਾ ਚਿਰ ਉਡੀਕ ਕੇ ਕਿ ਓਹ ਮੂੰਹ ਪਈ ਗਰਾਹੀ ਅੰਦਰ ਲੰਘਾ ਲਵੇ।

''ਕੋਈ ਖਾਸ ਤਾਂ ਨਹੀਂ, ਅਰ ਆਪ ਕੀ ਤਸਵੀਰਾਂ ਵੇਖਣ ਗਏ ਸੌ ?'' ਉਸ ਪੁੱਛਿਆ।

''ਨਹੀਂ—ਅਸਾਂ ਸਲਾਹ ਰਹਾ ਦਿੱਤੀ, **ਸਾਲਾਮਾਤੋਵ** ਹੋਰਾਂ ਦੇ ਟੈਨਸ ਖੇਡਣ ਚਲੇ ਗਏ ਸਾਂ, ਤੇ ਇਹ ਬਿਲਕੁਲ ਸੱਚ ਹੈ ਕਿ **ਮਿਸਟਰ ਕ੍ਰੂਕਸ** ਬੜਾ ਹੀ ਨਿਪੁੰਨ ਖਿਲਾਰੀ ਹੈ।''

**ਨਿਖਲੀਊਧਵ** ਆਪਣੇ ਮਨ ਵਿੱਚ ਤਾਂ ਇਹ

ਵਿਚਾਰ ਕੇ ਆਇਆ ਸੀ ਕਿ ਇਨ੍ਹਾਂ ਦੇ ਜਾਕੇ ਓਹ ਆਪਣੀ ਮਨ ਦੀ ਵਿਖੇਪਤੀ ਨੂੰ ਕੁਛ ਦੂਰ ਕਰ ਸਕੇਗਾ ਕਿਉਂਕਿ ਇਥੇ ਹਮੇਸ਼ਾਂ ਓਹ ਦੋ ਗੱਲਾਂ ਲਈ ਆਉਂਦਾ ਹੁੰਦਾ ਸੀ, ਇਕ ਤਾਂ ਇਹ ਕਿ ਇਸ ਟੱਬਰ ਦੀ ਖ਼ੂਬ ਮੰਝੀ ਹੋਈ ਅਮੀਰੀ ਤੇ ਅਯਾਸ਼ ਜ਼ਿੰਦਗੀ ਦੇ ਪ੍ਰਭਾਵ ਦਾ ਉਸ ਉਪਰ ਚੰਗਾ ਅਸਰ ਪੈਂਦਾ ਸੀ, ਤੇ ਦੂਜੀ ਗੱਲ ਇਹ ਕਿ ਬੇਮਲੂਮੀ ਜੇਹੀ ਤਰਜ਼ ਨਾਲ ਇਕ ਖੁਸ਼ਾਮਦ ਤੇ ਖਾਤਰ ਤਵਾਜ਼ੋ ਦਾ ਵਾਯੂ ਮੰਡਲ ਉਸ ਦੇ ਅੱਗੇ ਪਿੱਛੇ ਆਪ ਮੁਹਾਰਾ ਘੁੰਮਣ ਲਗ ਜਾਂਦਾ ਸੀ। ਪਰ ਅਜੀਬ ਗੱਲ ਇਹ ਹੋਈ, ਕਿ ਅਜ ਉਸ ਘਰ ਦੀ ਹਰ ਇਕ ਚੀਜ਼ ਥੀਂ ਉਹਦਾ ਰੂਹ ਘ੍ਰਿਣਤ ਸੀ। ਹਰ ਇਕ ਚੀਜ਼, ਉਨ੍ਹਾਂ ਦਾ ਦਵਾਰਪਾਲ, ਉਨ੍ਹਾਂ ਦੀਆਂ ਬੜੀਆਂ ਚੌੜੀਆਂ ਉੱਪਰ ਚੜ੍ਹਣ ਦੀਆਂ ਪੌੜੀਆਂ, ਫੁਲ, ਓਹ ਵਰਦੀ ਪਾਈ ਖੜਾ ਉਨ੍ਹਾਂ ਦਾ ਹਜ਼ੂਰੀਆ ਮੇਜ਼ ਦੀਆਂ ਸਜਾਵਟਾਂ, **ਮਿੱਸੀ** ਸਾਖਿਆਤ ਆਪ ਵੀ ਅੱਜ ਓਹਨੂੰ ਕੁਛ ਬਨਾਵਟੀ ਜੇਹੀ ਬਣੀ ਤਣੀ ਕੂੜੀ ਜੇਹੀ ਲੱਗਦੀ ਸੀ, ਉਹਦੇ ਰੂਹ ਨੂੰ ਕੋਈ ਖਿਚ ਨਹੀਂ ਸੀ ਪਾ ਸੱਕਦੀ। **ਕੋਲੋਸੋਵ** ਦੀ ਆਪ-ਮਤੀ ਪਰ ਛਛੋਰੀ ਛਛੋਰੀ ਜੇਹੀ **ਲਿਬਰਲ** ਮਤ ਦੀ ਸੁਰ ਨਾਗਵਾਰ ਸੀ। ਤੇ ਹਾਏ ਨਾਲੇ ਓਸ ਵਿਸ਼ਈ ਤੇ ਆਪੇ-ਮੈਂ-ਰੱਜਿਆ ਕੱਜਿਆ-ਆਪੇ-ਮੇਰੇ-ਬੱਚੇ-ਜੀਣ ਜੇਹੇ ਮਦ ਵਾਲੇ, ਸਾਂਢ ਦਾਂਦ ਵਰਗੇ ਬੁੱਢੇ **ਕੋਚਰਾਗਿਨ** ਦੀ ਸ਼ਕਲ, ਤੇ ਹਾਏ, ਓਸ ਸਲੈਵ ਕੌਮ ਦੀ ਦੋਗਲੀ ਜੇਹੀ **ਕੈਥਰੀਨ ਅਲੈਗਜ਼ੀਵਨਾ** ਦੇ ਫਰਾਂਸੀਸੀ ਜ਼ਬਾਨ ਦੇ ਫਿਕਰੇ ਕਸਣੇ ਆਦਿ, ਸਭ ਕੁਛ ਇਕ ਕਰਹਿਤ ਤੇ ਤਮਾਸ਼ਾ ਦਿੱਸਦਾ ਸੀ।

ਗਵਰਨੈਸ ਤੇ ਮੁੰਡੇ ਦੇ ਇਨ੍ਹਾਂ ਲੋਕਾਂ ਵਿੱਚ ਬੈਠੇ ਦਬੇ ਜੇਹੇ ਮੁਹਾਂਦਰੇ ਕਾਫੀ ਨਾਗਵਾਰ ਸਨ। ਪਰ ਸਭ ਥੀਂ ਨਾਗਵਾਰ ਮਿੱਸੀ ਸਾਹਿਬਾ ਦਾ ਉਹਨੂੰ "ਤੂੰ" "ਤੂੰ" ਕਰਕੇ ਸੱਦਣਾ ਲੱਗਿਆ ਸੀ। ਬਹੁਤ ਸਾਰੇ ਚਿਰ ਥੀਂ ਨਿਖਲੀਊਧਵ ਦੀ ਤਬੀਅਤ ਅਦਲਦੀ ਬਦਲਦੀ ਰਹਿੰਦੀ ਸੀ। ਮਿੱਸੀ ਨਾਲ ਕਿਸ ਪਾਸਿਓਂ ਤੇ ਕਿਸ ਤਰਾਂ ਸਲੂਕ ਕਰੇ। ਕਦੀ ਤਾਂ ਓਹ ਓਹਨੂੰ ਜਿਵੇਂ ਚੰਨ ਦੀ ਚਾਨਣੀ ਹੈ ਤੇ ਉਸ ਵਿੱਚ ਓਹ ਬੈਠੀ ਹੈ ਤੇ ਓਹ ਓਸ ਵਲ ਦੇਖ ਰਹਿਆ ਹੈ, ਤੇ ਕਹਿ ਰਹਿਆ ਹੈ ਕਿ ਹਾਏ ਇਹ ਕਿੰਨੀ ਪ੍ਰਭਜੋਤ ਸੋਹਣੀ ਹੈ ਤੇ ਉਹਦੀ ਬਾਬਤ ਇਸ ਸੁਫਨੇ ਵਰਗੀ ਉਪਮਾਂ ਥੀਂ ਵਧ ਉਹਨੂੰ ਹੋਰ ਕੁਛ ਨਹੀਂ ਸੀ ਸੁਝਦਾ। ਤੇ ਫਿਰ ਕੀ ਵੇਖਦਾ ਹੈ ਕਿ ਚੰਨ ਦੀ ਚਾਨਣੀ ਨਹੀਂ, ਸੂਰਜ ਦਾ ਦਿਨ ਦਿਹਾੜੀ ਪ੍ਰਕਾਸ਼ ਹੈ ਜਿਸ ਵਿੱਚ ਉਹਦੇ ਉਹਨੂੰ ਸਾਰੇ ਔਗਣ ਦਿੱਸ ਆ ਸੱਕਦੇ ਸਨ ਤੇ ਉਹਦੇ ਔਗਣਾਂ ਦੇ ਵੇਖੇ ਬਿਨਾਂ ਉਹ ਰਹਿ ਨਹੀਂ ਸੀ ਸੱਕਦਾ। ਅਜ ਉਹ ਦਿਨ ਸੀ ਜਦ ਉਹਨੂੰ ਉਹਦੇ ਸਾਰੇ ਐਬ ਦਿੱਸ ਰਹੇ ਸਨ, ਅੱਜ ਉਹਦੇ ਚਿਹਰੇ ਦੀਆਂ ਸਾਰੀਆਂ ਝੁਰੜੀਆਂ ਤੇ ਦਾਗ ਦਿੱਸ ਰਹੇ ਸਨ। ਓਸ ਵੇਖਿਆ ਕਿ ਓਹਦੇ ਵਾਲ ਕਿਸ ਤਰਾਂ ਸੁਕੜੇ ਸੜੇ ਜੇਹੇ ਮੋਏ ਹੋਏ ਹਨ। ਓਹਦੀਆਂ ਆਰਕਾਂ ਕਿਸ ਤਰਾਂ ਚੁਭਵੀਆਂ ਹੱਡੀਆਂ ਵਾਂਗ ਬਾਹਰ ਨਿਕਲੀਆਂ ਹੋਈਆਂ ਹਨ ਤੇ ਖਾਸ ਕਰ ਉਹਦੇ ਅੰਗੂਠੇ ਦਾ ਨਹੁੰ ਬੇ ਧਹਾਂਤਾ ਚੌੜਾ ਸੀ, ਤੇ ਇਹ ਨਹੁੰ ਉਹਦੇ ਕਰੈਹਤੇ ਪਿਓ ਵਰਗਾ ਸੀ।

"ਟੈਨਿਸ ਤਾਂ ਬੜੀ ਬੇ ਰੰਗ ਜੇਹੀ ਖੇਡ ਹੈ," ਕੋਲੋਸੋਵ

ਨੇ ਆਖਿਆ "ਜਦ ਅਸੀ ਨਿੱਕੇ ਨਿੱਕੇ ਹੁੰਦੇ ਸਾਂ ਲਾਪਟਾ ਦੀ ਖੇਡ ਖੇਡਦੇ ਸਾਂ ਓਹ ਖੇਡ ਬੜੀ ਹੀ ਦਿਲ ਲਾ ਦੇਣ ਵਾਲੀ ਸੀ।"

"ਆਹ–ਟੈਨਿਸ ਆਪ ਕਦੀ ਖੇਡੇ ਨਹੀਂ, ਖੇਡੋ ਤਾਂ ਪਤਾ ਲੱਗੇ ਕਿੰਨੀ ਵੱਡੀ ਸਾਰੀ ਦਿਲ ਲਾਊ ਹੈ," ਮਿੱਸੀ ਜਵਾਬ ਦਿੱਤਾ। ਨਿਖਲੀਊਧਵ ਨੂੰ ਇਹ ਪ੍ਰਤੀਤ ਹੋਇਆ ਕਿ ਓਸ "ਕਿੰਨੀ ਵੱਡੀ" ਲਫ਼ਜ਼ਾਂ ਤੇ ਬਨਾਵਟੀ ਜੇਹਾ ਜ਼ੋਰ ਦਿੱਤਾ ਸੀ। ਇਸ ਉਪਰ ਫਿਰ ਲਗੀ ਆਪੇ ਵਿੱਚ ਬਹਿਸ, ਜਿਸ ਵਿੱਚ ਮਾਈਕਲ ਸੈਰਗੇਵਿਚ, ਕੈਥਰੀਨ ਅਲੈਗਜ਼ੀਵਨਾ ਤੇ ਹੋਰਨਾਂ ਨੇ ਹਿੱਸਾ ਲਇਆ, ਪਰ ਗਵਰਨੈਸ ਤੇ ਓਹ ਪੜ੍ਹਾਕੂ ਮੁੰਡਾ, ਤੇ ਬੱਚੇ ਸਾਰੇ ਚੁਪ ਚਾਪ ਸਨ, ਤੇ ਇਉਂ ਜਾਪਦਾ ਸੀ, ਕਿ ਇਹ ਛੋਟੇ ਇਨ੍ਹਾਂ ਬਹਿਸਾਂ ਵਹਿਸਾਂ ਕਰਕੇ ਤੰਗ ਆਏ ਬੈਠੇ ਸਨ।

"ਹਾਏ ਵੋ, ਤੁਹਾਡੇ ਇਹ ਕਦੀ ਨ ਮੁੱਕਣ ਵਾਲੇ ਝਗੜੇ," ਬੁੱਢੇ ਕੋਚਰਾਗਿਨ ਗਿਨ ਨੇ ਹੱਸ ਕੇ ਕਹਿਆ, ਤੇ ਆਪਣੀ ਵਾਸਕਟ ਵਿਚ ਦਬਾਏ ਨੈਪਕਿਨ ਨੂੰ ਕੱਢ ਦਿੱਤਾ, ਤੇ ਬਿਨਾਂ ਫਰਸ਼ ਨਾਲ ਕਰੀਚਨ ਦੀ ਆਵਾਜ਼ ਦੇ ਕੁਰਸੀ ਪਰੇ ਕਰ ਦਿੱਤੀ ਜਿਹੜੀ ਹਜ਼ੂਰੀਏ ਨੇ ਹੋਰ ਪਰੇ ਤੁਰਤ ਖਿੱਚ ਲਈ, ਤੇ ਮੇਜ਼ ਉੱਪਰੋਂ ਉੱਠ ਖਲੋਤਾ।

ਹਰ ਕਈ ਉਹਦੇ ਮਗਰ ਉੱਠ ਪਇਆ ਤੇ ਦੂਸਰੇ ਮੇਜ਼ ਉੱਪਰ ਚਲੇ ਗਏ ਜਿੱਥੇ ਕਟੋਰੀਆਂ ਵਿੱਚ ਖੁਸ਼ਬੂਦਾਰ ਪਾਣੀ ਉਂਗਲੀਆਂ ਧੋਣ ਨੂੰ ਰੱਖਿਆ ਹੋਇਆ ਸੀ। ਉਨ੍ਹਾਂ ਕੁਲੀਆਂ ਚੁਲੀਆਂ ਕੀਤੀਆਂ ਤੇ ਓਹੋ ਗੱਲਾਂ ਛੇੜ ਦਿੱਤੀਆਂ ਜਿਸ ਵਿੱਚ ਕਿਸੀ

ਦਾ ਵੀ ਜੀ ਨਹੀਂ ਸੀ ਲੱਗਾ ਹੋਇਆ।

"ਕੀ ਇਹੋ ਆਪ ਦਾ ਖਿਆਲ ਨਹੀਂ ?" **ਮਿੱਸੀ** ਨੇ **ਨਿਖਲੀਊਧਵ** ਨੂੰ ਇਸ ਲਹਿਜੇ ਵਿੱਚ ਪੁੱਛਿਆ ਜਿਵੇਂ ਓਹ ਉਸ ਪਾਸੋਂ ਆਪਣੀ ਰਾਏ ਦੀ ਤਾਈਦ ਕਰਾਉਣਾ ਚਾਹੁੰਦੀ ਹੈ ਜਿਹੜੀ ਓਸ ਆਪ ਇਸ ਬਾਰੇ ਵਿੱਚ ਪ੍ਰਗਟ ਕੀਤੀ ਸੀ ਕਿ ਇਨ੍ਹਾਂ ਖੇਡਾਂ ਵਿੱਚ ਪਇਆਂ ਹੀ ਆਦਮੀ ਦੇ ਅੰਦਰਲ ਆਚਰਣ ਦਾ ਸੁਖੈਨ ਪਤਾ ਲੱਗਦਾ ਹੈ। ਓਸ ਨਾਲੇ ਹੀ **ਨਿਖਲੀਊਧਵ** ਦੀ ਕੁਛ ਗ਼ਲਤਾਨ ਜੇਹੀ ਬੇਖਿਆਲੀ ਤੇ ਉਦਾਸ ਹਾਲਤ ਭਾਂਪ ਲਈ ਸੀ ਤੇ ਓਹ ਇਸ ਪਾਸੇ ਪਈ ਹੋਈ ਸੀ ਕਿ ਉਹਨੂੰ ਕਿਵੇਂ ਪਤਾ ਲੱਗੇ ਕਿ ਓਹ ਅੱਜ ਉਪਰਾਮ ਕਿਸ ਗੱਲੇ ਸੀ, ਉਹਨੂੰ ਓਹਦੇ ਇਸ ਰੂਪ ਥੀਂ ਸਦਾ ਭੈ ਜੇਹਾ ਲੱਗਦਾ ਹੁੰਦਾ ਸੀ।

"ਸੱਚੀਂ ਜੀ–ਮੈਂ ਇਸ ਬਾਰੇ ਕੁਛ ਕਹਿ ਨਹੀਂ ਸੱਕਦਾ, ਮੈਂ ਇਸ ਪਾਸੇ ਕਦੀ ਆਪਣਾ ਖਿਆਲ ਨਹੀਂ ਦਿੱਤਾ," **ਨਿਖਲੀਊਧਵ** ਨੇ ਉੱਤਰ ਵਿੱਚ ਆਖਿਆ।

"ਚੱਲੋ ! **ਮਾਮਾ** ਪਾਸ ਚੱਲੀਏ,"। **ਮਿੱਸੀ** ਨੇ ਕਹਿਆ "ਹਾਂ ਹਾਂ ਚੱਲੋ," ਪਰ ਐਸੀ ਸੁਰ ਵਿੱਚ ਬੋਲਿਆ ਜਿਹੜੀ ਸਪਸ਼ਟ ਕਰ ਰਹੀ ਸੀ ਕਿ ਓਹ ਉਥੇ ਜਾਣਾ ਨਹੀਂ ਸੀ ਚਾਹੁੰਦਾ, ਤੇ ਓਸ ਆਪਣੀ ਸਿਗਰਟ ਕੱਢੀ।

**ਮਿੱਸੀ** ਨੇ ਓਸ ਵਲ ਇਓਂ ਹੈਰਾਨੀ ਨਾਲ ਤੱਕਿਆ ਜਿਵੇਂ ਓਹ ਕੀ ਕਹਿ ਰਹਿਆ ਹੈ। ਤੇ **ਨਿਖਲੀਊਧਵ** ਨੂੰ ਕੁਛ ਸ਼ਰਮ ਆਈ, "ਨਾਲੇ

ਲੋਕਾਂ ਦੇ ਘਰ ਮਹਿਮਾਨ ਆਵਣਾ ਤੇ ਨਾਲੇ ਉਨ੍ਹਾਂ ਨਾਲ ਇਹੋ ਜੇਹਾ ਰੁਖ਼ਾ ਸਲੂਕ ਕਰਨਾ'',ਆਪਣੇ ਵਤੀਰੇ ਬਾਬਤ ਸੋਚਣ ਲੱਗਾ, ਤੇ ਫਿਰ ਪਿਆਰੂਆ ਜੇਹਾ ਹੋਣ ਨੂੰ ਉਹਨੂੰ ਕਹਿਣ ਲੱਗਾ ''ਹਾਂ ਬੜੀ ਖੁਸ਼ੀ ਨਾਲ ਚੱਲੋ ਮੈਂ ਤਾਂ ਇਸ ਵਿਸਵਿਸੇ ਵਿੱਚ ਸਾਂ ਕਿ ਸ਼ਾਹਜ਼ਾਦੀ ਸਾਹਿਬਾ ਮੇਰੇ ਜੇਹੇ ਨੂੰ ਆਪਣੇ ਪਾਸ ਢੁਕਣ ਦੇਵੇਗੀ।''

''ਆਹ ਆਹ ! **ਮਾਮਾ** ਜੀ ਤਾਂ ਬੜੇ ਹੀ ਖੁਸ਼ ਹੋਸਣ ਆਪ ਉਨ੍ਹਾਂ ਪਾਸ ਭੀ ਸਿਗਰਟ ਪੀ ਸਕਦੇ ਹੋ **ਆਈਵਨ ਈਵਾਨਿਚ** ਉਨ੍ਹਾਂ ਪਾਸ ਹੀ ਅੱਗੇ ਬੈਠਾ ਹੈ।''

ਇਸ ਖਾਨਦਾਨ ਦੀ ਮਲਕਾ **ਸ਼ਾਹਜ਼ਾਦੀ ਸੋਫੀਆ ਵੈਸੀਲਿਵਨਾ** ਇਕ ਪਲੰਘ ਲੇਟੂ ਸਵਾਣੀ ਸੀ। ਇਹ ਹੁਣ ਅੱਠਵਾਂ ਸਾਲ ਜਾ ਰਹਿਆ ਸੀ ਕਿ ਓਹ ਜਦ ਮਹਿਮਾਨ ਵੀ ਆਏ ਹੋਣ ਤਾਂ ਵੀ ਗੋਟੇ ਕਿਨਾਰੀ, ਫੀਤੇ ਕਿੰਗਰੀਆਂ ਵਿੱਚ ਸੱਜੀ ਹੋਈ ਸੇਜ ਉੱਪਰ ਲੇਟੀ ਰਹਿੰਦੀ ਸੀ। ਅੱਗੇ ਪਿੱਛੇ ਉਹਦੇ ਮਖਮਲ, ਦੰਦ ਖੰਡ, ਪਿੱਤਲ, **ਲੈਕਰ** ਦੀਆਂ ਚੀਜ਼ਾਂ (ਲਾਖ ਦੀਆਂ ਰੰਗੀਲੀਆਂ ਸੁਗਾਤਾਂ) ਚੁਣੀਆਂ ਰਹਿੰਦੀਆਂ ਸਨ, ਫੁੱਲ ਅੱਗੇ ਪਿੱਛੇ ਧਰੇ ਸਜੇ ਰਹਿੰਦੇ ਸਨ। ਕਦੀ ਓਹ ਘਰੋਂ ਬਾਹਰ ਨਹੀਂ ਸੀ ਜਾਂਦੀ ਤੇ ਸਿਰਫ ਉਨ੍ਹਾਂ ਮਹਿਮਾਨਾਂ ਨੂੰ ਮਿਲਦੀ ਸੀ ਜਿਨ੍ਹਾਂ ਨਾਲ ਉਹਦੀ ਬੇਤਕੱਲਫੀ ਹੋਵੇ, ਜਿਹੜੇ ਉਹਦੇ ਖਿਆਲ ਅਨੁਸਾਰ ਆਮ ਅੱਜੜ ਲੋਕਾਂ ਥੀਂ ਕੁਛ ਉੱਚੇ ਦਰਜੇ ਦੇ ਹੁੰਦੇ ਸਨ।

**ਨਿਖਲੀਊਧਵ** ਇਹੋ ਜੇਹੇ ਬੰਦਿਆਂ ਵਿਚੋਂ ਇਕ ਮੰਨਿਆ ਗਇਆ ਸੀ, ਕਿਉਂਕਿ ਓਹ ਅੱਜੜ-ਲੋਕਾਂ ਕੋਲੋਂ ਜ਼ਿਆਦਾ ਅਕਲ ਵਾਲਾ ਸੀ ਤੇ ਨਾਲੇ ਉਹਦੀ ਮਾਂ ਇਸ ਟੱਬਰ ਨਾਲ ਬਹੁਤ ਆਪਤਵੱਲੀ ਰੱਖਦੀ ਸੀ ਤੇ ਨਾਲੇ ਵਿਚਲੀ ਗਲ ਇਹ ਵੀ ਸੀ ਕਿ ਸਭ ਚਾਹੁੰਦੇ ਸਨ ਕਿ ਜੇ **ਮਿੱਸੀ** ਦਾ ਵਿਆਹ ਇਸ ਨਾਲ ਹੋ ਜਾਏ ਤਾਂ ਕੇਹੀ ਚੰਗੀ ਗੱਲ ਹੋਵੇ।

**ਸੋਫੀਆ ਵੈਸੀਲਿਵਨਾ** ਦਾ ਕਮਰਾ ਵੱਡੇ ਤੇ ਛੋਟੇ ਦੋਹਾਂ ਗੋਲ ਕਮਰਿਆਂ ਥੀਂ ਪਰੇ ਸੀ। ਜਦ **ਮਿੱਸੀ** ਤੇ ਇਹ ਦੋਵੇਂ ਵੱਡੇ ਡਰਾਇੰਗ ਕਮਰੇ ਵਿੱਚ ਪੁਜੇ ਤਾਂ **ਮਿੱਸੀ** ਓਥੇ ਪਈ ਹੋਈ ਇਕ ਸੋਨੇ ਦੀ ਕੁਰਸੀ ਦੀਆਂ ਬਾਂਹਾਂ ਫੜ ਕੇ ਉਹਦੇ ਮੂੰਹ ਵੱਲ ਆਪਣਾ ਮੂੰਹ ਕਰਕੇ ਕਿਸੇ ਖਾਸ ਦਲੇਰੀ ਨਾਲ ਉਹਦੇ ਸਾਹਮਣੇ ਖੜੀ ਨ ਹੋ ਗਈ।

**ਮਿੱਸੀ** ਦੀ ਬੜੀ ਖਾਹਿਸ਼ ਸੀ ਕਿ ਓਹਦੇ ਨਾਲ ਉਹਦਾ ਵਿਆਹ ਹੋਵੇ। ਓਹ ਓਸ ਲਈ ਇਕ ਜੋਗ ਵਰ ਸੀ। ਤੇ ਓਹ ਓਹਨੂੰ ਪਸੰਦ ਵੀ ਕਰਦੀ ਸੀ ਤੇ ਉਸ ਇਹ ਖਿਆਲ ਆਪਣੇ ਅੰਦਰ ਬੰਨ੍ਹ ਵੀ ਲਿਆ ਸੀ, ਕਿ ਓਹ ਉਹਦਾ ਹੋਵੇ ਭਾਵੇਂ ਓਹ ਆਪ ਉਹਦੀ ਹੋਵੇ ਨ ਹੋਵੇ। ਇਸ ਨਿਸ਼ਾਨੇ ਪਿੱਛੇ ਤੁਰੀ ਜਾਂਦੀ ਸੀ। ਓਹਨੂੰ ਇਸ ਗੱਲ ਦਾ ਪਿੱਛਾ ਕਰਨ ਦਾ ਕੋਈ ਖਾਸ ਤ੍ਰੀਕਾ ਪਤਾ ਨਹੀਂ ਸੀ, ਪਰ ਉਹ ਬੜੀ ਹੀ 'ਨ–ਛੋੜੂੰਗੀ–ਤੁਝੇ–' ਵਾਲੀ ਲਾਲਸਾ ਵਿੱਚ ਇਸ ਗੱਲ ਪਿੱਛੇ ਪਈ ਹੋਈ ਸੀ। ਉਹਦੀ ਇਹ ਜ਼ਿਦ ਓਹੋ ਜੇਹੀ ਪ੍ਰਤੀਤ ਹੁੰਦੀ ਸੀ, ਜਿਹੋ

ਜੇਹੀ ਧੁਨ ਨੀਮ ਪਾਗਲਾਂ ਵਿੱਚ ਆ ਜਾਂਦੀ ਹੈ ਤੇ ਹੁਣ ਓਹ ਉਸ ਨਾਲ ਗੱਲਾਂ ਕਰਨ ਲੱਗ ਪਈ ਕਿ ਓਹ ਓਹਨੂੰ ਆਪਣੇ ਅੰਦਰ ਦੇ ਇਰਾਦੇ ਦੱਸੇ।

"ਮੈਨੂੰ ਦਿੱਸਦਾ ਹੈ ਕਿ ਆਪ ਨੂੰ ਕੁਛ ਨ ਕੁਛ ਹੋਇਆ ਹੋਇਆ ਹੈ," ਓਸ ਕਹਿਆ "ਮੈਨੂੰ ਦੱਸੋ ਆਪ ਦਾ ਕੀ ਹਾਲ ਹੈ ਤੇ ਇਸ ਉਦਾਸੀਨਤਾ ਦਾ ਕੀ ਸਬੱਬ ਹੈ?"

ਕਾਨੂੰਨੀ ਅਦਾਲਤ ਵਿੱਚ ਜਿਹਨੂੰ ਅੱਜ ਵੇਖਿਆ ਸੀ ਓਹ ਯਾਦ ਆਈ, ਘੂਰ ਪਾਈ, ਤੇ ਨਿਖਲੀਊਧਵ ਸ਼ਰਮਾ ਗਇਆ।

"ਹਾਂ ਕੁਛ ਵਰਤਿਆ ਹੈ," ਓਸ ਕਹਿਆ। ਓਹ ਸੱਚ ਬੋਲਣਾ ਚਾਹੁੰਦਾ ਸੀ, "ਇਕ ਬੜੀ ਅਨੋਖੀ ਤੇ ਬੜਿਆਂ ਫਿਕਰਾਂ ਵਿੱਚ ਪਾ ਦੇਣ ਵਾਲੀ ਗੱਲ ਹੋਈ ਹੈ।"

"ਕੀ ਹੈ ਫਿਰ? ਕੀ ਆਪ ਮੈਨੂੰ ਦੱਸ ਨਹੀਂ ਸੱਕਦੇ? ਕੀ ਹੈ?"

"ਹੁਣ ਨਹੀਂ—ਕਿਰਪਾ ਕਰਕੇ ਆਪ ਮੈਨੂੰ ਆਖੋ ਹੀ ਨਾਂਹ ਕਿ ਮੈਂ ਦੱਸਾਂ, ਮੈਨੂੰ ਓਸ ਗੱਲ ਉੱਪਰ ਪੂਰੀ ਪੂਰੀ ਵਿਚਾਰ ਕਰਨ ਦਾ ਸਮਾਂ ਹੀ ਹਾਲੇ ਨਹੀਂ ਮਿਲਿਆ," ਤੇ ਹੋਰ ਵੀ ਸ਼ਰਮਿੰਦਗੀ ਨਾਲ ਉਹਦਾ ਮੂੰਹ ਲਾਲ ਹੋ ਗਇਆ।

"ਤੇ ਫਿਰ ਆਪ ਮੈਨੂੰ ਨਹੀਂ ਦੱਸੋਗੇ?" ਓਹਦੇ ਚਿਹਰੇ ਉੱਪਰ ਇਕ ਲਾਡ ਦੇ ਰੋਸੇ ਦੇ ਰੰਗ ਵਿੱਚ ਓਹਦੇ ਮੂੰਹ ਦਾ ਪੱਠਾ ਹਿੱਲਿਆ ਤੇ ਘੂਰੀ ਵੱਟੀ ਤੇ ਕੁਰਸੀ ਪਰੇ ਕਰ ਦਿੱਤੀ।

"ਨਹੀਂ ਮੈਂ ਨਹੀਂ ਦੱਸ ਸਕਦਾ," ਉਸ ਉੱਤਰ ਦਿੱਤਾ ਤੇ ਅੰਦਰੋਂ ਇਹ ਪਇਆ ਪ੍ਰਤੀਤ ਕਰਦਾ ਸੀ ਕਿ ਇਨ੍ਹਾਂ ਕਹੇ

ਲਫਜ਼ਾਂ ਵਿੱਚ ਓਹ ਆਪਣੇ ਆਪ ਨੂੰ ਵੀ ਇਕ ਉੱਤਰ ਦੇ ਰਹਿਆ ਸੀ ਤੇ ਇਹ ਮੰਨਣਾ ਪੈਂਦਾ ਸੀ ਕਿ ਹਾਂ ਕੁਛ ਬੜਾ ਹੀ ਆਹਮ ਮਾਮਲਾ ਸਾਹਮਣੇ ਹੈ।

"ਚੰਗਾ–ਨਹੀਂ ਦੱਸਣਾ ਤਾਂ ਨਾ ਸਹੀ, ਆਓ," ਓਸ ਆਪਣਾ ਸਿਰ ਇਉਂ ਹਿਲਾਇਆ ਜਿਵੇਂ ਓਹ ਓਸ ਵਿੱਚੋਂ ਭੀੜ ਪਾ ਕੇ ਆਏ ਕਈ ਨਿਕੰਮੇ ਖਿਆਲ ਬਾਹਰ ਕੱਢ ਰਹੀ ਹੈ ਤੇ ਉਹਦੇ ਅੱਗੇ ਅੱਗੇ ਮਾਮੂਲੀ ਥੀਂ ਵਧ ਤ੍ਰਿੱਖੇ ਕਦਮਾਂ ਨਾਲ ਤੁਰ ਪਈ।

ਇਸ ਨੂੰ ਇਹ ਭਾਸਿਆ ਕਿ ਉਸ ਨੇ ਆਪਣਾ ਮੂੰਹ ਕੜਾ ਤੇ ਖਿੱਚਿਆ ਜੇਹਾ ਤਾਂ ਕਰ ਲਇਆ ਹੈ ਮਤਾਂ ਓਹਦੇ ਅੱਥਰੂ ਨ ਨਿਕਲ ਜਾਣ। ਉਹਦੇ ਮਨ ਨੂੰ ਦੁਖ ਇਉਂ ਦੇਣ ਲਈ ਆਪਣੇ ਮਨ ਵਿੱਚ ਓਹ ਬੜਾ ਸ਼ਰਮਿੰਦਾ ਸੀ। ਤੇ ਤਾਂ ਵੀ ਓਹਨੂੰ ਇਹ ਵੀ ਪਤਾ ਸੀ ਕਿ ਜੇ ਇਹ ਜਰਾ ਵੀ ਆਪਣੀ ਕਮਜੋਰੀ ਦੱਸਣ ਦੀ ਕਰੇ ਆਰ ਤਦ ਇਹਦੇ ਸਿਰ ਉੱਪਰ ਇਕ ਬੜਾ ਪਹਾੜ ਢਹਿ ਪੈਣਾ ਸੀ, ਕਿਉਂਕਿ ਫਿਰ ਇਹਨੂੰ ਉਸ ਨਾਲ ਵਿਆਹ ਕਰਨ ਦਾ ਇਕਰਾਰ ਕਰਨਾ ਪੈ ਜਾਵੇ, ਤੇ ਅੱਜ ਇਹਨੂੰ ਉਸ ਹਾਲ ਦਾ ਹੋਰ ਦਿਹਾੜਿਆਂ ਥੀਂ ਵੀ ਜ਼ਿਆਦਾ ਭੈ ਲਗ ਗਇਆ ਸੀ ਤੇ ਓਹ ਚੁੱਪ ਚਾਪ ਉਹਦੇ ਪਿੱਛੇ ਪਿੱਛੇ ਸਵਾਣੀ ਦੇ ਨਿਜ ਦੇ ਸੱਜੇ ਕਮਰੇ ਵਲ ਤੁਰੀ ਗਇਆ।

## ਕਾਂਡ ੨੭

ਸ਼ਾਹਜ਼ਾਦੀ **ਸੋਫੀਆ ਵੈਸੀਲਿਵਨਾ ਮਿੱਸੀ** ਦੀ ਮਾਂ, ਆਪਣਾ ਬੜਾ ਵਿਸਥਾਰ ਵਾਲਾ ਤੇ ਚੰਗਾ ਚੋਖਾ, ਮਕੱਵੀ ਖਾਣਾ ਮੁਕਾ ਚੁੱਕੀ ਸੀ। (ਉਹ ਤਾਂ ਹਮੇਸ਼ਾਂ ਇਕੱਲੀ ਹੀ ਰੋਟੀ ਖਾਂਦੀ ਹੁੰਦੀ ਸੀ ਤੇ ਸਬਬ ਇਹ ਸੀ ਕਿ ਉਹ ਨਹੀਂ ਸੀ ਚਾਹੁੰਦੀ ਕਿ ਉਹਦਾ ਇਹ ਕਸੋਹਣਾ ਜੇਹਾ ਕੰਮ ਹੋਰ ਕਿਓਂ ਕੋਈ ਤੱਕੇ)। ਉਹਦੇ ਪਲੰਘ ਦੇ ਨਾਲ ਹੀ ਇਕ ਤਿਪਾਈ ਪਈ ਹੋਈ ਸੀ। ਉਸ ਉੱਪਰ ਕਾਫੀ ਰੱਖੀ ਹੋਈ ਸੀ—ਤੇ ਓਹ ਇਕ ਨਲੇਰ ਜੇਹੇ ਵਿੱਚ ਤਮਾਕੂ ਪੀ ਰਹੀ ਸੀ। ਸ਼ਾਹਜ਼ਾਦੀ **ਸੋਫੀਆ ਵੈਸੀਲਿਵਨਾ** ਇਕ ਲੰਮੀ, ਪਤਲੀ ਜਨਾਨੀ ਸੀ—ਵਾਲ ਕਾਲੇ, ਅੱਖਾਂ ਮੋਟੀਆਂ ਮੋਟੀਆਂ, ਲੰਮੇ ਲੰਮੇ ਦੰਦ। ਅਤੇ ਓਹ ਇਸ ਬੁੱਢੀ ਉਮਰ ਵਿੱਚ ਵੀ ਜਵਾਨ ਹੋਣ ਦਾ ਕੂੜਾ ਮਾਨ ਕਰ ਰਹੀ ਸੀ।

ਓਹਦੀ ਡਾਕਟਰ ਨਾਲ ਬੇਤਕੱਲਫ ਖੁੱਲ੍ਹ ਬਾਬਤ ਲੋਕਾਂ ਵਿੱਚ ਗੱਲਾਂ ਚਲ ਰਹੀਆਂ ਸਨ। ਕੁਛ ਸਮੇਂ ਥੀਂ **ਨਿਖਲੀ-ਊਧਵ** ਨੂੰ ਵੀ ਇਸ ਦਾ ਪਤਾ ਸੀ। ਪਰ ਜਦ ਡਾਕਟਰ ਨੂੰ ਓਹਦੇ ਪਲੰਘ ਦੇ ਲਾਗੇ ਬੈਠਿਆਂ ਦੇਖਿਆ, ਉਹ ਉਹਦੀ ਥਿੰਧੀ, ਅਧ ਵਿੱਚੋਂ ਚੀਰੀ ਚਮਕਦੀ ਦਾੜ੍ਹੀ—ਨ ਸਿਰਫ ਓਹਨੂੰ ਉਨ੍ਹਾਂ ਬਾਬਤ ਲੋਕਾਂ ਦੀਆਂ ਕੀਤੀਆਂ ਗੱਲਾਂ ਯਾਦ ਆਈਆਂ,

ਪਰ ਓਹਨੂੰ ਆਪ ਅੰਦਰੋਂ ਇਕ **ਕਰਹੈਤ** ਜੇਹੀ ਪ੍ਰਤੀਤ ਹੋਈ। ਇਕ ਨੀਵੀਂ ਗਦੇਲੀ ਵਾਲੀ ਕੁਰਸੀ ਉੱਪਰ ਤਿਪਾਈ ਦੇ ਲਾਗੇ ਬੈਠਾ **ਕੋਸੋਲੋਵ** ਕਾਫ਼ੀ ਦੇ ਪਿਆਲੇ ਵਿੱਚ ਮਿੱਠਾ ਮਿਲਾ ਰਹਿਆ ਸੀ। ਸ਼ਰਾਬ (ਲਿਕਰ) ਦਾ ਇਕ ਗਲਾਸ ਮੇਜ਼ ਉੱਪਰ ਪਇਆ ਸੀ। **ਮਿੱਸੀ ਨਿਖਲੀਊਧਵ** ਨਾਲ ਆਈ ਸੀ, ਪਰ ਉੱ-ਥੇ ਠਹਿਰੀ ਨਾਂਹ।

"ਜਦ **ਮਾਮਾ** ਆਪ ਲੋਕਾਂ ਥੀਂ ਵਿੱਕ ਆ ਜਾਵੇ ਤਦ ਤੁਸੀ ਮੇਰੇ ਪਾਸ ਆ ਜਾਣਾ", **ਮਿੱਸੀ** ਨੇ **ਕੋਸੋਲੋਵ** ਤੇ **ਨਿਖਲੀਊਧਵ** ਵਲ ਮੁਖਾਤਿਬ ਹੋਕੇ ਕਹਿਆ ਤੇ ਇਓਂ ਬੋਲੀ ਜਿਵੇਂ ਓਹਦੇ ਅੰਦਰ ਕੋਈ ਤ੍ਰੇੜ ਆ ਰਹੀ ਹੈ ਤੇ ਘਾਟ ਜੇਹੀ ਪੈ ਰਹੀ ਹੁੰਦੀ ਹੈ, ਤੇ ਓਹ ਖੁਸ਼ੀ ਖੁਸ਼ੀ ਮੁਸਕਰਾਂਦੀ ਮੋਟੇ ਗਲੀਚੇ ਉੱਪਰ ਪੈਰ ਧਰਦੀ ਚਲੀ ਗਈ।

"ਆਓ ਜੀ ਪਿਆਰੇ ਮਿਤ੍ਰ-ਬਹਿ ਜਾਓ ਤੇ ਗੱਲ ਬਾਤ ਕਰੋ," ਸ਼ਾਹਜ਼ਾਦੀ **ਸੋਫੀਆ ਵੈਸੀਲਿਵਨਾ** ਨੇ ਆਪਣੇ ਲੰਮੇ ਦੰਦ ਦੱਸਦੀ ਹੋਈ, ਪ੍ਰਤੱਖ ਕੂੜੀ ਨਜ਼ਰ ਆਉਂਦੀ ਮੁਸਕਰਾਹਟ ਭਰ ਕੇ ਜਿਹੜਾ ਕੂੜ ਦਿਖਾਵਾ ਉਹਦੀ ਆਦਤ ਹੋ ਚੁੱਕਾ ਸੀ, ਕਹਿਆ-ਇਹਦੇ ਦੰਦ ਆਪਣੇ ਅਸਲੀ ਦੰਦਾਂ ਨਾਲ ਹੂ-ਬਹੂ ਮਿਲਦੇ ਸਨ।

"ਮੈਂ ਸੁਣਿਆ ਹੈ ਆਪ ਕਚਹਿਰੀ ਥੀਂ ਬੜੇ ਹੀ ਉਦਾਸ ਆਏ ਓ, ਮੇਰੀ ਜਾਚੇ ਆਪ ਜੇਹੇਆਂ ਦਿਲ ਵਾਲਿਆਂ ਬੰਦਿਆਂ ਲਈ ਏਹੋ ਜੇਹੀਆਂ ਥਾਵਾਂ ਤੇ ਜਾ ਕੇ ਮੁਕੱਦਮਿਆਂ

ਦੇ ਫੈਸਲੇ ਕਰਨੇ ਬੜਾ ਹੀ ਦਬਾਊ ਅਸਰ ਰੱਖਦਾ ਹੋਣਾ ਹੈ'', ਇਹ ਗੱਲ ਉਸ ਫਰਾਂਸੀਸੀ ਜ਼ਬਾਨ ਵਿੱਚ ਕਹੀ।

''ਹਾਂ ਜੀ—ਇਹ ਠੀਕ ਹੈ,'' ਨਿਖਲੀਊਧਵ ਨੇ ਉੱਤਰ ਦਿੱਤਾ ''ਬੰਦੇ ਨੂੰ ਆਪਣੇ ਗੁਨਾਹ ਵੀ ਪ੍ਰਤੀਤ ਹੋਣ ਲਗ ਜਾਂਦੇ ਹਨ ਤੇ ਓਹਨੂੰ ਅਨੁਭਵ ਹੁੰਦਾ ਹੈ ਕਿ ਦੂਜਿਆਂ ਨੂੰ ਦੋਸੀ ਕਰਨ ਦਾ ਓਹਦਾ ਕੀ ਹੱਕ ਹੋ ਸਕਦਾ ਹੈ।''

''ਬਿਲਕੁਲ ਠੀਕ'' ਉਸ ਉੱਚੀ ਦੇ ਕੇ ਕਹਿਆ ਜਿਵੇਂ ਓਹਨੂੰ ਵੀ ਉਹਦੀ ਕਹੀ ਗੱਲ ਦਾ ਸੱਚ ਪ੍ਰਤੀਤ ਹੁਣੇ ਹੀ ਹੋਇਆ ਹੈ। ਉਹਨੂੰ ਇਸ ਗੱਲ ਦਾ ਇਕ ਭੁਸ ਸੀ ਕਿ ਜਿਸ ਨਾਲ ਗੱਲ ਬਾਤ ਕਰਦੀ ਸੀ ਓਹਦੀ ਬੜੇ ਹੁਨਰ ਨਾਲ ਕੱਚੀ ਖੁਸ਼ਾਮਦ ਕੀਤਾ ਕਰਦੀ ਸੀ।

''ਭਾਈ, ਅੱਛਾ—ਓਸ ਤਸਵੀਰ ਦਾ ਕੀ ਹੋਇਆ ਜੋ ਆਪ ਬਣਾ ਰਹੇ ਸਓ, ਮੈਨੂੰ ਉਹ ਬੜੀ ਹੀ ਚੰਗੀ ਲਗਦੀ ਹੈ ਜੇ ਮੈਂ ਇਸ ਤਰਾਂ ਮਾੜੀ ਜੇਹੀ ਸਦਾ ਬੀਮਾਰ ਨ ਹੁੰਦੀ, ਮੈਂ ਕਦੀ ਦੀ ਓਥੇ ਪਹੁੰਚਦੀ ਤੇ ਓਸ ਤਸਵੀਰ ਨੂੰ ਵੇਖਦੀ।''

''ਮੈਂ ਤਸਵੀਰਾਂ ਬਣਾਉਣੀਆਂ ਕਦੀ ਦੀਆਂ ਛੱਡ ਦਿੱਤੀਆਂ ਹਨ,'' ਨਿਖਲੀਊਧਵ ਨੇ ਖੁਸ਼ਕ ਜੇਹਾ ਜਵਾਬ ਦਿੱਤਾ—ਉਹਦੀ ਉੱਪਰ ਉੱਪਰ ਦੀ ਕੂੜੀ, ਬਨਾਵਟੀ ਖੁਸ਼ਾਮਦ, ਅੱਜ ਓਹਨੂੰ ਵੈਸੀ ਹੀ ਸਾਫ ਦਿੱਸ ਰਹੀ ਸੀ, ਜਿਸ ਤਰ੍ਹਾਂ ਉਹਦੀ ਉਮਰ ਜਿਹਨੂੰ ਉਹ ਅੱਜ ਤਕ ਸਦਾ ਉਸ ਪਾਸੋਂ ਲੁਕਾਣ ਦੀ ਕਰਦੀ ਰਹੀ ਸੀ। ਤੇ ਇਸ ਕਰਕੇ ਓਹ ਕੁਛ ਠੀਕ ਚਿਤ ਨਾਲ ਓਥੇ ਨਿਠ ਕੇ ਬੈਠ ਨਹੀਂ ਸੀ ਸੱਕਦਾ ਕਿ ਅਜ ਮਤੇ ਓਹਦੇ ਅੰਦਰ ਦੀ ਚਿੱਤ ਦੀ ਘ੍ਰਿਣਾ ਦਾ

ਪਾਜ ਖੁੱਲ੍ਹ ਹੀ ਨ ਜਾਵੇ। ਉਹਦੇ ਕੋਈ ਐਸਾ ਲਫਜ਼ ਮੂਹੋਂ ਨਿਕਲ ਹੀ ਨ ਜਾਵੇ।

"ਹਾਏ ! ਇਹ ਕੀ ਕਹਿਆ ਜੇ-ਕੇਹੀ ਦੁਖੀ ਕਰਨ ਵਾਲੀ ਗੱਲ ਹੈ, ਕਿਉਂ ? ਆਪ ਵਿੱਚ ਤਾਂ ਕੋਮਲ ਹੁਨਰਾਂ ਲਈ ਖਾਸ ਖੁਦਾਦਾਦ ਲਿਆਕਤ ਹੈ। ਮੈਂ **ਰਿਪਨ** ਦੇ ਆਪਣੇ ਮੂਹੋਂ ਆਪ ਦੀ ਉਸਤਤ ਸੁਣੀ ਹੈ," ਉਸ **ਕੋਲੋਸੋਵ** ਵਲ ਮੂੰਹ ਕਰਕੇ ਆਖਿਆ।

"ਇਹ ਫਾਫਾਂ ਬੁੱਢੀ ਝੂਠ ਬੋਲਣ ਥੀਂ ਵੀ ਨਹੀਂ ਸ਼ਰਮਾਉਂਦੀ," **ਨਿਖਲੀਊਧਵ** ਨੇ ਆਪਣੇ ਮਨ ਵਿੱਚ ਕਹਿਆ ਤੇ ਮੱਥੇ ਉੱਪਰ ਵੱਟ ਪਾਇਆ।

ਜਦ ਓਹਨੂੰ ਯਕੀਨ ਹੋ ਗਇਆ ਕਿ ਅਜ **ਨਿਖਲੀਊਧਵ** ਦੀ ਤਬੀਅਤ ਇੰਨੀ ਵਿਗੜੀ ਹੋਈ ਹੈ ਕਿ ਓਹ ਕਿਸੇ ਦੇ ਅੱਡੇ ਨਹੀਂ ਲਗੇਗਾ ਤੇ ਓਹਨੂੰ ਕਿਸੀ ਸੋਹਣੀ ਤੇ ਚਲਾਕ ਗੱਲ ਬਾਤ ਵਿੱਚ ਨਹੀਂ ਲਿਆ ਸੱਕੇਗੀ, ਤਦ ਉਹ **ਸੋਫੀਆ ਵੈਸੀਲਿਵਨਾ ਕੋਲੋਸੋਵ** ਵਲ ਮੁੜ ਕੇ ਇਕ ਨਵੇਂ ਛਪੇ ਨਾਟਕ ਬਾਬਤ ਓਹਦੀ ਰਾਏ ਪੁੱਛਣ ਲਗ ਪਈ। ਉਸ ਨੇ ਐਸੇ ਲਹਿਜੇ ਨਾਲ ਗੱਲ ਸ਼ੁਰੂ ਕੀਤੀ ਜਿਵੇਂ ਜੋ ਕੁਛ **ਕੋਲੋਸੋਵ** ਓਹਨੂੰ ਦੱਸੇਗਾ, ਉਸ ਨਾਲ ਓਹਦੇ ਉੱਠੇ ਸਾਰੇ ਸ਼ਕ ਸ਼ੁਬੇ ਨਵਿਰਤ ਹੋ ਜਾਣਗੇ ਤੇ ਓਹਦੀ ਅਮੋਲਕ ਰਾਏ ਦਾ ਹਰ ਇਕ ਲਫਜ਼ ਅਮਰ

ਕਰਨ ਜੋਗ ਹੋਵੇਗਾ। ਕੋਲੋਸੋਵ ਨੇ ਡਰਾਮੇ ਤੇ ਉਹਦੇ ਲਿਖਣ ਵਾਲੇ ਪਰ ਆਪਣੀ ਨੁਕਤਾਚੀਨੀ ਸ਼ੁਰੂ ਕੀਤੀ, ਤੇ ਉਨ੍ਹਾਂ ਦੇ ਔਗਣ ਤੇ ਊਣਤਾਈਆਂ ਗਿਣ ਗਿਣ ਦੱਸੀਆਂ ਤੇ ਵਗਦਿਆਂ ਉਹ ਆਰਟ ਉੱਪਰ ਗੱਲਾਂ ਕਰਨ ਛਿੜ ਪਇਆ। ਸ਼ਾਹਜ਼ਾਦੀ ਸੋਫੀਆ ਵੈਸੀਲਿਵਨਾ ਨਾਟਕ ਦੇ ਹੱਕ ਵਿੱਚ ਕੁਛ ਕਹਿੰਦੀ ਵੀ ਜਾਂਦੀ ਸੀ, ਪਰ ਓਹਦੀ ਰਾਏ ਜੋ ਉਲਟ ਸੀ ਓਹਨੂੰ ਵੀ ਮੰਨਦੀ ਜਾਂਦੀ ਦਿੱਸਦੀ ਸੀ। ਯਾ ਤਾਂ ਉਸ ਵੇਲੇ ਲਈ ਉਹਦੀ ਰਾਏ ਸੱਚ ਮਨ ਰਹੀ ਸੀ ਯਾ ਘੱਟੋ ਘੱਟ ਕੁਛ ਕੁਛ ਆਪਣੀ ਰਾਏ ਉਸ ਨਾਲ ਮੇਲੀ ਜਾਂਦੀ ਸੀ। ਨਿਖਲੀਊਧਵ ਬੱਸ ਵੇਖਦਾ ਤੇ ਸੁਣਦਾ ਦਿੱਸ ਰਹਿਆ ਸੀ, ਪਰ ਨਾ ਉਸ ਤੱਕਿਆ, ਨ ਉਸ ਵੇਖਿਆ, ਕਿ ਓਥੇ ਉਹਦੇ ਸਾਹਮਣੇ ਕੀ ਹੋ ਰਹਿਆ ਸੀ।

ਕਦੀ ਸੋਫੀਆ ਵੈਸੀਲਿਵਨਾ ਵਲ ਜਿਵੇਂ ਸੁਣਨ ਨੂੰ ਹੀ ਮੁੜਦਾ ਸੀ ਤੇ ਕਦੀ ਕੋਲੋਸੋਵ ਵਲ। ਤੇ ਨਿਖ-ਲੀਊਧਵ ਇਹ ਦੇਖ ਰਹਿਆ ਸੀ ਕਿ ਦੋਹਾਂ ਵਿੱਚੋਂ ਕਿਸੀ ਨੂੰ ਵੀ ਨਾਟਕ ਦੀ ਮਾਹੀਅਤ ਨਾਲ ਤਾਂ ਕੋਈ ਅਸਲੀ ਦਿਲਚਸਪੀ ਸੀ ਹੀ ਨਹੀਂ—ਤੇ ਨਾਂ ਦੋਹਾਂ ਵਿੱਚ ਇਕ ਦੂਜੇ ਲਈ ਕੋਈ ਸਤਕਾਰ ਯਾ ਪ੍ਰਵਾਹ ਸੀ। ਉਹ ਗੱਲਾਂ ਜ਼ਰੂਰ ਆਪੇ ਵਿੱਚ ਕਰ ਰਹੇ ਸਨ ਪਰ ਮਤਲਬ ਇੰਨਾ ਹੀ ਸੀ ਕਿ ਦੋਹਾਂ ਨੂੰ ਰੋਟੀ ਖਾ ਕੇ ਗੱਲਾਂ ਕਰਨ

ਦਾ ਭੁੱਸ ਜੇਹਾ ਸੀ ਤੇ ਇਓਂ ਇਸੇ ਤਰੀਕੇ ਨਾਲ ਗਲੇ ਤੇ ਮੂੰਹ ਦੇ ਪੱਠਿਆਂ ਨਸਾਂ ਨੂੰ ਹਿਲਾਉਣ ਦੀ ਆਦਤ ਪਈ ਹੋਈ ਸੀ। ਤੇ **ਕੋਲੋਸੋਵ** ਨੇ ਕੁਛ **ਵੋਧਕਾ** ਸ਼ਰਾਬ, ਲਿਕਰ ਆਦਿ ਸਭ ਛਕੀਆਂ ਹੋਈਆਂ ਸਨ, ਅੱਧਾ ਪਚੱਧਾ ਮਦ ਹੋਸ਼ ਭੀ ਸੀ! ਗਰਾਵਾਂ ਦੇ ਲੋਕਾਂ ਵਾਂਗ ਨਸ਼ਈ ਨਹੀਂ ਸੀ ਜਿਹੜੇ ਵਿਚਾਰੇ ਕਦੀ ਕਦੀ ਪੀਂਦੇ ਹਨ ਪਰ ਉਨ੍ਹਾਂ ਸ਼ਹਿਰੀਆਂ ਵਾਂਗ ਜਿਹੜੇ ਰੋਜ ਪੀਣ ਦੇ ਆਦੀ ਹੁੰਦੇ ਹਨ। ਉਹਦਾ ਸਿਰ ਨਹੀਂ ਸੀ ਚਕਰਾ ਰਹਿਆ। ਓਹ ਬੇਹੂਦਾ ਫਜ਼ੂਲ ਬਕਵਾਸ ਕਰ ਰਹਿਆ ਸੀ ਜਿਵੇਂ ਗੈਰਮਾਮੂਲੀ ਜੋਸ਼ ਜੇਹੇ ਵਿੱਚ ਸੀ। ਕੁਛ ਤਾਂ ਨਸ਼ੇ ਦਾ ਚੱਕਿਆ ਹੋਇਆ ਤੇ ਕੁਛ ਮੇਰੇ ਜੇਹੇ ਹੋਰ ਕੋਈ ਨਹੀਂ ਦੇ ਮਾਨ ਸ਼ਾਨ ਵਿੱਚ। **ਨਿਖਲੀਊਧਵ** ਨੇ ਇਹ ਵੀ ਤੱਕਿਆ ਕਿ **ਸ਼ਾਹਜ਼ਾਦੀ-ਸੋਫੀਆ ਵੈਸੀਲਿਵਨਾ** ਗੱਲਾਂ ਕਰਦਿਆਂ ਵਿੱਚ ਵੀ ਸਾਹਮਣੀ ਇਕ ਬਾਰੀ ਵਲ ਵੇਖਦੀ ਸੀ। ਸ਼ਾਇਦ ਇਹ ਗੱਲ ਸੀ ਕਿ ਬਾਰੀ ਵਿੱਚੋਂ ਤਿਰਛੀ ਪੈਂਦੀ ਸੂਰਜ ਦੀ ਕਿਰਨ ਕਿਧਰੇ ਉਹਦੇ ਮੂੰਹ ਤੇ ਪੈ ਕੇ ਦੂਜਿਆਂ ਨੂੰ ਓਹਦੀ ਅਸਲੀ ਉਮਰ ਦਾ ਠੀਕ ਅੰਦਾਜ਼ਾ ਹੀ ਨ ਦੇ ਦੇਵੇ।

"ਹਾਂ, ਆਪ ਨੇ ਸੱਚ ਕਹਿਆ ਹੈ," **ਕੋਲੋਸੋਵ** ਦੀ ਕਹੀ ਗੱਲ ਨੂੰ ਇਓਂ ਗੌਲਦੀ ਨਾਲੇ ਹੀ ਓਸ ਇਕ ਆਪਣੇ ਪਲੰਘ ਦੇ ਨਾਲ ਲੱਗੇ ਬਿਜਲੀ ਦੀ ਘੰਟੀ ਦੇ ਬਟਨ ਨੂੰ ਦਬਾਇਆ। (ਇਹ ਨੌਕਰ ਬੁਲਾਣ ਵਾਲੀ ਘੰਟੀ ਸੀ)– ਡਾਕਟਰ ਉੱਠਿਆ ਤੇ ਇਕ ਐਸੇ ਪੁਰਸ਼ ਵਾਂਗ ਜਿਹਦੀ ਘਰ ਵਿੱਚ ਬੜੀ ਬੇਤਕੱਲਫੀ ਹੋਵੇ, ਉਸ ਕਮਰੇ ਥੀਂ ਚਲਾ

ਗਇਆ ਤੇ ਫਿਰ ਮੁੜ ਆਇਆ। **ਸੋਫੀਆ ਵੈਸੀਲਿਵਨਾ** ਅੱਖਾਂ ਨਾਲ ਓਹਨੂੰ ਜਾਂਦੇ ਨੂੰ ਵੇਖਦੀ ਰਹੀ ਤੇ ਆਪਣੀ ਗੱਲ ਬਾਤ ਜਾਰੀ ਰਖੀ।

"**ਫਿਲਪ !** ਮਿਹਰਬਾਨੀ ਕਰਕੇ ਉਹ ਪਰਦੇ ਸੁੱਟਦੇ," ਜਦ ਘੰਟੀ ਦੀ ਅਵਾਜ਼ ਉੱਪਰ ਇਕ ਗੁਲ ਜੇਹਾ ਹਜ਼ੂਰੀਆ ਵਰਦੀ ਪਾਈ ਹੋਈ ਉੱਪਰ ਆਇਆ, ਉਸ ਨੇ ਉੱਸੇ ਬਾਰੀ ਵਲ ਇਸ਼ਾਰਾ ਕਰਕੇ ਹੁਕਮ ਦਿਤਾ।

"ਨਹੀਂ-ਭਾਵੇਂ ਤੂੰ ਕੁਛ ਕਹੇਂ ਉਸ ਵਿੱਚ ਫਕੀਰੀ ਦੇ ਭਾਵ ਜਰੂਰ ਹਨ। ਫਕੀਰੀ ਦੇ ਭਾਵ ਬਿਨਾ ਕਾਵ੍ਯ ਦੇ ਇਹ ਰਸ ਬਝ ਹੀ ਨਹੀਂ ਸੱਕਦੇ," ਉਸ ਕਹਿਆ, ਪਰ ਆਪਣੀਆਂ ਦੋਹਾਂ ਕਾਲੀਆਂ ਅੱਖਾਂ ਵਿੱਚੋਂ ਇਕ ਅੱਖ ਨਾਲ ਗੁੱਸੇ ਜੇਹੇ ਵਿੱਚ ਓਸ ਹਜ਼ੂਰੀਏ ਵਲ ਵੇਖਿਆ ਕਿ ਪਰਦੇ ਕਿਸ ਤਰਾਂ ਤਲੇ ਸੁੱਟ ਰਿਹਾ ਹੈ। "ਕਾਵ੍ਯ ਬਿਨਾਂ ਫਕੀਰੀ ਵੀ ਇਕ ਵਹਿਮ ਹੈ, ਤੇ ਬਿਨਾਂ ਫਕੀਰੀ ਦੇ ਨਜ਼ਮ ਬਸ ਨਸਰ ਹੈ," ਓਹ ਦੱਬੀ ਗਈ, ਇਕ ਉਦਾਸ ਹੱਸੀ ਜੇਹੀ ਹਸਦੇ ਪਰ ਨਿਗਾਹ ਓਹਦੀ ਉੱਪਰ ਆਪਣੇ ਨੌਕਰ ਤੇ ਬਾਰੀ ਵਲ ਹੀ ਗੱਡੀ ਰਹੀ। "**ਫਿਲਪ !** ਓਹ ਪਰਦਾ ਨਹੀਂ, ਉਹ ਦੂਆ ਵੱਡੀ ਬਾਰੀ ਵਾਲਾ," ਉਸ ਇਕ ਅਤਿ ਦੁਖੀ ਬੰਦੇ ਦੀ ਸੁਰ ਵਿੱਚ ਓਹਨੂੰ ਇਹ ਕਹਿਆ- **ਸੋਫੀਆ ਵੈਸੀਲਿਵਨਾ** ਆਪਣੇ ਆਪ ਵਿੱਚ ਇਸ ਕਰਕੇ ਦੁਖੀ ਹੋ ਰਹੀ ਸੀ ਕਿ ਹਾਏ ਉਹਨੂੰ ਇੰਨਾ ਵੀ ਹੁਕਮ ਦੇਣ ਦੀ ਭਾਰੀ ਮੁਸ਼ੱਕਤ ਕਰਨੀ ਪੈਂਦੀ ਸੀ, ਤੇ ਆਪਣਾ ਇਹ ਮਹਾਨ ਦੁਖ ਗਲਤ ਕਰਨ ਲਈ ਉਹ ਆਪਣੀ ਹੀਰੇ ਦੀਆਂ ਛਾਪਾਂ

ਨਾਲ ਭਰੀ ਉਂਗਲ ਵਾਲੇ ਹੱਥ ਵਿੱਚ ਉਹ ਰੂਸੀ ਹੁੱਕੀ ਫੜ ਕੇ ਆਪਣੇ ਮੂੰਹ ਨਾਲ ਲਾ ਕੇ ਪੀਣ ਲਗ ਪੈਂਦੀ ਸੀ।

ਉਸ ਖੁੱਲ੍ਹੀ ਵੱਡੀ ਛਾਤੀ ਵਾਲੇ, ਪੱਕੇ ਕਮਾਏ ਪੱਠਿਆਂ ਵਾਲੇ, ਸੋਹਣੇ ਗੱਲ ਜੇਹੇ **ਫਿਲਪ** ਨੇ ਸਿਰ ਝੁਕਾਇਆ ਜਿਵੇਂ ਆਪਣੀ ਗਲਤੀ ਦੀ ਮਾਫ਼ੀ ਮੰਗ ਰਹਿਆ ਹੈ ਤੇ ਆਪ-ਣੀਆਂ ਮੋਟੀਆਂ ਸੋਹਣੀਆਂ ਪਿੰਨੀਆਂ ਵਾਲੀਆਂ ਜੰਘਾਂ ਨੂੰ ਗਲੀਚੇ ਉੱਪਰ ਫੁਰਤੀ ਨਾਲ ਰੱਖ ਕੇ ਹੁਕਮ ਮੰਨਦਾ ਚੁਪ ਚਾਪ ਦੂਜੀ ਵੱਡੀ ਬਾਰੀ ਵਲ ਕੁਦ ਜੇਹਾ ਗਇਆ, ਤੇ **ਸ਼ਾਹਜ਼ਾਦੀ** ਵਲ ਤੱਕਦਾ, ਬੜੀ ਹੀ ਇਹਤਿਆਤ ਨਾਲ ਦੂਜੀ ਬਾਰੀ ਦਾ ਪਰਦਾ ਠੀਕ ਕਰਨ ਲੱਗ ਪਇਆ, ਜਿਵੇਂ ਸੂਰਜ ਦੀ ਇਕ ਕਿਰਨ ਓਹਦੇ ਮੂੰਹ ਉੱਪਰ ਆਣ ਕੇ ਪੈਣ ਦੀ ਦਲੇਰੀ ਹੀ ਨ ਕਰ ਸੱਕੇ। ਪਰ ਫਿਰ ਵੀ ਓਹਦੀ ਮਨਸ਼ਾ ਮੁਤਾਬਿਕ ਓਹ ਪਰਦਾ ਨਾ ਹੀ ਸੁੱਟ ਸੱਕਿਆ, ਤੇ ਮੁੜ ਓਸ ਨੂੰ ਆਪਣੀ ਫਕੀਰੀ ਉੱਪਰ ਗੱਲ ਬਾਤ ਵਿੱਚੋਂ ਹੀ ਤੋੜ ਕੇ ਉਸ ਅਸਮਝ **ਫਿਲਪ** ਨੂੰ ਫਿਰ ਦਰੁਸਤ ਕਰਨਾ ਪਇਆ। ਪਰ ਬੋਲੀ ਇਉਂ ਭੈੜੀ ਕਿ ਜਿਵੇਂ ਇੰਨੀ ਮੁਸ਼ੱਕਤ ਨਾਲ ਓਸ ਸ਼ਹੀਦ ਹੋ ਜਾਣ ਦੇ ਦੁਖ ਤਕ ਅੱਪੜੀ ਹੋਈ ਹੈ ਤੇ ਇਓਂ ਜਤਾ ਰਹੀ ਸੀ ਜਿਵੇਂ **ਫਿਲਪ** ਬੜੀ ਬੇਤਰਸੀ ਨਾਲ ਓਹਨੂੰ ਕੋਹ ਹੀ ਰਿਹਾ ਹੈ। ਛਿਨ ਦੀ ਛਿਨ ਲਈ **ਫਿਲਪ** ਦੀ ਅੱਖ ਵਿੱਚ ਗੁੱਸੇ ਦੀ ਅੱਗ ਦੀ ਚੰਗਾਰੀ ਚਮਕੀ।

"ਤੈਨੂੰ ਮਰ ਜਾਣੀਏ ਫਾਫਾਂ! ਸ਼ੈਤਾਨ ਖੜੇ! ਤੂੰ ਕਹਿੰਦੀ ਕੀ ਹੈਂ?" ਭਾਵੇਂ ਨੌਕਰ ਨੇ ਦਿਲ ਵਿੱਚ ਇਹੋ ਕਹਿਆ ਹੋਵੇ,

ਨਿਖਲੀਊਧਵ ਜਿਹੜਾ ਇਹ ਸਾਰਾ ਤਮਾਸ਼ਾ ਦੇਖ ਰਹਿਆ ਸੀ, ਨੇ ਖਿਆਲ ਕੀਤਾ।

ਪਰ ਓਸ ਤਕੜੇ ਸੋਹਣੇ ਫਿਲਪ ਨੇ ਆਪਣੀ ਬੇਸਬਰੀ ਦੇ ਸਭ ਨਿਸ਼ਾਨ ਖੂਬ ਲੁਕਾ ਲਏ ਸਨ, ਤੇ ਚੁਪ ਚਾਪ ਸਿਰ ਨੀਵਾਂ ਕੀਤਾ ਉਸ ਘਸੀ ਮਿਸੀ ਕਮਜ਼ੋਰ ਤੇ ਕੂੜੀ ਸੋਫੀਆ ਵੈਸੀਲਿਵਨਾ ਦੀ ਹੁਕਮ ਬਰਦਾਰੀ ਵਿੱਚ ਤੁਰੀ ਗਇਆ।

"ਮੰਨਿਆ ਕਿ ਡਾਰਵਨ ਦੀ ਤਾਲੀਮ ਵਿੱਚ ਬਹੁਤ ਸਾਰਾ ਸੱਚ ਹੈ," ਕੋਲੋਸੋਵ ਆਪਣੀ ਨੀਵੀਂ ਕੁਰਸੀ ਦੇ ਪਿੱਛੇ ਜਰਾ ਢਾਸਣਾ ਲਾ ਕੇ ਤੇ ਨੀਂਦਰ ਭਰੀਆਂ ਅੱਖਾਂ ਨਾਲ ਸੋਫੀਆ ਵੈਸੀਲਿਵਨਾ ਵਲ ਵੇਖ ਕੇ ਬੋਲਿਆ, "ਪਰ ਓਹ ਨਿਸ਼ਾਨੇ ਥੀਂ ਪਰੇ ਲੰਘ ਗਇਆ ਹੈ ਓਹ ਹਾਂ ਜੀ! ਉਹ।"

"ਤੇ ਆਪ ਜੀ ਦੱਸੋ—ਕੀ ਆਪ ਖੂਨ ਵਿੱਚ ਆਏ ਨਸਲ ਦੇ ਅਸਰ ਨੂੰ ਮੰਨਦੇ ਹੋ?" ਸੋਫੀਆ ਵੈਸੀਲਿਵਨਾ ਨੇ ਨਿਖਲੀਊਧਵ ਵਲ ਮੁੜ ਕੇ ਪੁੱਛਿਆ, ਜਿਹਦੀ ਚੁੱਪ ਵੱਟੀ ਓਹਨੂੰ ਬੜਾ ਨਾਰਾਜ਼ ਕਰ ਰਹੀ ਸੀ।

"ਨਸਲ ਦਾ ਅਸਰ?" ਉਸ ਪੁੱਛਿਆ, "ਨਹੀਂ ਮੈਂ ਨਹੀਂ ਮੰਨਦਾ।" ਇਸ ਵੇਲੇ ਓਹਦਾ ਸਾਰਾ ਮਨ ਅਣੋਖੀਆਂ ਜੇਹੀਆਂ ਸ਼ਕਲਾਂ ਨਾਲ ਭਰਿਆ ਪਇਆ ਸੀ ਤੇ ਓਹ ਸ਼ਕਲਾਂ ਓਹਦੇ ਤਸੱਵਰ ਵਿੱਚ ਪਤਾ ਨਹੀਂ ਕਿਸ ਤਰਾਂ ਉਸ ਵੇਲੇ ਉੱਠ

ਪਈਆਂ ਸਨ । ਓਧਰ ਤਕੜੇ ਤੇ ਸੋਹਣੇ ਗਭਰੂ ਫਿਲਪ ਦੇ ਨਾਲ ਧਰੀ, ਇਸ ਛਿਨ ਓਹਨੂੰ ਇਓਂ ਜਾਪਦਾ ਸੀ, ਜਿਵੇਂ ਨਾਲ ਹੀ ਇਕ ਆਰਟਿਸਟ ਨੇ ਮਿੱਟੀ ਦੇ ਬੁੱਤ ਵਾਂਗ ਕੋਲੋਸੋਵ ਦੀ ਭੈੜੀ ਨੰਗੀ ਸ਼ਕਲ ਖੜੀ ਕਰ ਦਿੱਤੀ ਸੀ– ਓਹਦਾ ਢਿੱਡ ਤਰਬੂਜ ਵਾਂਗ ਤੇ ਓਹ ਓਹਦਾ ਗੰਜਾ ਸਿਰ, ਉਹ-ਦੀਆਂ ਪਿਲ ਪਿਲ ਕਰਦੀਆਂ ਬਾਹਾਂ ਜਿਨ੍ਹਾਂ ਵਿੱਚ ਪੱਠੇ ਨਦਾਰਦ ਸਨ–ਗੌਂਦ ਦੇ ਬਣੇ ਢੇਲਿਆਂ ਵਾਂਗ। ਉਸੀ ਤਰਾਂ ਉਨ੍ਹਾਂ ਉੱਠੀਆਂ ਸ਼ਕਲਾਂ ਦੀ ਧੁੰਧ ਜੇਹੀ ਵਿੱਚ, ਸੋਫੀਆ ਵੈਸੀ-ਲਿਵਨਾ ਦੇ ਅੰਗ ਆਪਣੀ ਅਸਲੀ ਹਾਲਤ ਵਿੱਚ ਦਿੱਸੇ, ਭਾਵੇਂ ਓਹ ਉਸ ਵੇਲੇ ਰੇਸ਼ਮਾਂ ਤੇ ਮਖਮਲਾਂ ਨਾਲ ਕੱਜੇ ਹੋਏ ਸਨ, ਪਰ ਇਹ ਦਿਮਾਗੀ ਤਸਵੀਰ ਬੜੀ ਹੀ ਡਰਾਉਣੀ ਸੀ ਤੇ ਉਸ ਓਹਨੂੰ ਆਪਣੇ ਅੰਦਰ ਥੀਂ ਕੱਢਣ ਦੀ ਕੀਤੀ।

ਸੋਫੀਆ ਵੈਸੀਲਿਵਨਾ ਨੇ ਆਪਣੀਆਂ ਅੱਖਾਂ ਨਾਲ ਓਹਨੂੰ ਮਾਪਿਆ।

"ਭਾਈ–ਆਪ ਨੂੰ ਤਾਂ ਪਤਾ ਹੀ ਹੈ ਕਿ ਮਿੱਸੀ ਆਪ ਦੀ ਉਡੀਕ ਕਰ ਰਹੀ ਹੈ," ਉਸ ਕਹਿਆ, "ਜਾਓ ਤੇ ਓਹਨੂੰ ਮਿਲੋ ਉਹ ਆਪ ਨੂੰ ਗਰੀਗ ਦਾ ਇਕ ਨਵਾਂ ਗਾਉਣ ਸੁਣਾਨਾ ਚਾਹੁੰਦੀ ਹੈ, ਓਹ ਬੜਾ ਹੀ ਦਿਲਚਸਪ ਹੈ।"

"ਊਹ ਕੁਛਵੀ ਗਾਣਾ ਬਜਾਣਾ ਨਹੀਂ ਚਾਹੁੰਦੀ, ਇਹ

ਤੀਮੀ ਨਿਰਾ ਕੂੜ ਕਿਸੀ ਨ ਕਿਸੀ ਵਜਾ ਕਰਕੇ ਬੋਲ ਰਹੀ ਹੈ'' ਨਿਖਲੀਊਧਵ ਨੇ ਮਨ ਵਿੱਚ ਕਹਿਆ, ਉੱਠਿਆ ਤੇ ਸੋਫੀਆ ਵੈਸੀਲਿਵਨਾ ਦਾ ਸ਼ਫਾਫ ਤੇ ਹੱਡੀਆਂ ਵਾਲਾ ਤੇ ਛਾਪਾਂ ਵਾਲਾ ਹੱਥ ਆਪਣੇ ਹੱਥ ਨਾਲ ਦਬਾਇਆ।

ਕੈਥੇਰੀਨ ਅਲੈਗਜ਼ੀਵਨਾ ਓਹਨੂੰ ਗੋਲ ਕਮਰੇ ਵਿੱਚ ਮਿਲੀ ਤੇ ਫਰਾਂਸੀਸੀ ਵਿੱਚ ਝਟ ਗੱਲ ਬਾਤ ਕਰਨ ਲੱਗ ਗਈ, ''ਮੈਂ ਵੇਖਦੀ ਹਾਂ ਕਿ ਜੂਰੀ ਉੱਪਰ ਹੋਣਾ ਆਪ ਲਈ ਬੜਾ ਦਬਾਊ ਹੈ।''

''ਹਾਂ ਜੀ-ਮੈਨੂੰ ਮਾਫ ਕਰਨਾ ਮੇਰਾ ਜੀ ਅੱਜ ਕੁਛ ਉਦਾਸ ਹੈ ਤੇ ਆਪਣੇ ਇੱਥੇ ਹੋਣ ਨਾਲ ਦੂਜਿਆਂ ਨੂੰ ਦੁਖੀ ਕਰਨਾ ਉੱਚਿਤ ਨਹੀਂ ਸਮਝਦਾ,'' ਨਿਖਲੀਊਧਵ ਨੇ ਕਹਿਆ।

''ਆਪ ਦਾ ਜੀ ਕਿਉਂ ਹਿਠਾਹਾਂ ਹੈ?''

''ਉਸ ਬਾਬਤ ਕੁਝ ਨ ਦੱਸਣ ਦੀ ਆਪ ਪਾਸੋਂ ਆਗਿਆ ਮੰਗਦਾ ਹਾਂ'' ਨਿਖਲੀਊਧਵ ਨੇ ਕਹਿਆ ਤੇ ਆਪਣੀ ਟੋਪੀ ਟੋਲਣ ਲੱਗ ਗਇਆ।

''ਆਪ ਨੂੰ ਯਾਦ ਹੈ ਕਿ ਆਪ ਸਾਨੂੰ ਸਦਾ ਕਹਿੰਦੇ ਆਏ ਹੋ ਕਿ ਸਾਨੂੰ ਸਦਾ ਸੱਚ ਦੱਸ ਦੇਣਾ ਚਾਹੀਦਾ ਹੈ ? ਤੇ ਆਪ ਕੇਹੇ ਬੇਤਰਸ ਸੱਚ ਤੁਸੀਂ ਸਾਨੂੰ ਸੁਣਾਂਦੇ ਹੁੰਦੇ ਹੋ। ਹੁਣ ਆਪ ਓਹ ਸੱਚ ਕਿਉਂ ਨਹੀਂ ਬੋਲਣਾ ਚਾਹੁੰਦੇ? ਕੀ ਆਪ ਨੂੰ ਮਿੱਸੀ

ਯਾਦ ਹੀ ਨਹੀਂ ?'' ਉਸ ਕਹਿਆ **ਮਿੱਸੀ** ਵਲ ਮੁੜ ਕੇ ਜਿਹੜੀ ਉਸੀ ਵੇਲੇ ਉਸ ਅੰਦਰ ਆ ਗਈ ਸੀ।

''ਅਸੀਂ ਉਸ ਵਕਤ ਤਾਸ਼ ਖੇਡਦੇ ਸਾਂ,'' **ਨਿਖਲੀ-ਊਧਵ** ਨੇ ਸਵਾਧਾਨ ਹੋ ਕੇ ਕਹਿਆ ''ਤਾਸ਼ ਖੇਡਦਾ ਆਦਮੀ ਸੱਚ ਬੋਲ ਸੱਕਦਾ ਹੈ, ਪਰ ਅਸਲ ਵਿੱਚ ਅਸੀਂ ਇੰਨੇ ਭੈੜੇ ਹਾਂ, ਮੇਰਾ ਮਤਲਬ ਮੈਂ ਇੰਨਾ ਭੈੜਾ ਹਾਂ ਕਿ ਘੱਟੋ ਘੱਟ ਮੈਂ ਸੱਚ ਨਹੀਂ ਬੋਲ ਸੱਕਦਾ।''

''ਆਪਣੇ ਕਹੇ ਲਫਜ਼ ''ਅਸੀਂ'' ਨੂੰ ਇਓਂ ਸਹੀ ਨਾ ਕਰੋ, ਹੱਥੋਂ ਸਾਨੂੰ ਦੱਸੋ ਕਿ ''ਅਸੀਂ'' ਕਿਉਂ ਇੰਨੇ ਬੁਰੇ ਹਾਂ,'' **ਕੈਥੇਰੀਨ ਅਲੈਗਜ਼ੀਵਨਾ** ਲਫਜ਼ਾਂ ਦੇ ਉੱਪਰ ਖੇਡਦੀ ਨੇ ਕਹਿਆ ਤੇ ਕੂੜਾ ਜੇਹਾ ਦਿਖਾਵਾ ਇਹ ਕੀਤਾ ਜਿਵੇਂ **ਨਿਖਲੀਊਧਵ** ਦੀ ਉਪਰਾਮਤਾ ਮੰਨੋ ਗੋਲੀ ਹੀ ਨਹੀਂ ਸੀ।

''ਜੀ ਦਾ ਹਿਠਾਹਾਂ ਹੋਣਾ ਆਪਣੇ ਆਪ ਅੰਦਰ ਮੰਨ ਲੈਣਾ ਹੀ ਮਾੜੀ ਗੱਲ ਹੈ, ਮੈਂ ਕਦੀ ਉਦਾਸੀ ਨੂੰ ਮੰਨਦੀ ਹੀ ਨਹੀਂ। ਇਸ ਕਰਕੇ ਮੈਂ ਸਦਾ ਖ਼ੁਸ਼ ਰਹਿੰਦੀ ਹਾਂ,'' **ਮਿੱਸੀ** ਨੇ ਕਹਿਆ—''ਅੱਛਾ ਜੀ! ਆਓ ਸਾਡੇ ਨਾਲ ਆਓ, ਅਸੀਂ ਆਪ ਦਾ ਜੀ ਚੰਗਾ ਕਰ ਲਵਾਂਗੇ।''

**ਨਿਖਲੀਊਧਵ** ਦੀ ਓਹੋ ਹਾਲਤ ਸੀ ਜੋ ਉਸ ਘੋੜੇ ਦੀ ਹੁੰਦੀ ਹੈ ਜਿਹਨੂੰ ਸਿਰਫ ਇਸ ਲਈ ਪੁਚਕਾਰਿਆ ਜਾ ਰਹਿਆ ਹੋਵੇ ਕਿ ਓਹ ਕਿਸੀ ਤਰਾਂ ਲਗਾਮ ਆਪਣੇ ਮੂੰਹ ਵਿੱਚ ਪਾਣ ਦੇਵੇ ਤੇ ਅਜ ਓਹ ਹੋਰ ਦਿਨਾਂ ਥੀਂ ਵੀ ਵਧ ਲਗਾਮ ਮੂੰਹ ਵਿੱਚ

ਲੈਣ ਥੀਂ ਉਪਰਾਮ ਸੀ। ਓਹ ਓਹਨਾਂ ਪਾਸੋਂ ਮਾਫ਼ੀ ਮੰਗਣ ਲਗ ਪਇਆ "ਮੈਨੂੰ ਛੁੱਟੀ ਦੇਵੋ ਕਿਉਂਕਿ ਮੈਂ ਜਰੂਰੀ ਘਰ ਪਹੁੰਚਣਾ ਹੈ।" ਮਿੱਸੀ ਨੇ ਉਹਦਾ ਹੱਥ ਆਪਣੇ ਹੱਥ ਵਿੱਚ ਮਾਮੂਲ ਥੀਂ ਜ਼ਿਆਦਾ ਕੁਝ ਦੇਰ ਰੱਖਿਆ।

"ਯਾਦ ਰੱਖਣਾ ਕਿ ਜਿਹੜੀ ਗੱਲ ਆਪ ਲਈ ਜਰੂਰੀ ਹੈ" ਓਹ ਗੱਲ ਓਨੀ ਹੀ ਆਪ ਦੇ ਮਿਤਰਾਂ ਲਈ ਜ਼ਰੂਰੀ ਹੈ," ਓਸ ਕਹਿਆ "ਕੀ ਆਪ ਕਲ ਆਵੋਗੇ।"

"ਅਗ਼ਲਬ ਨਹੀਂ," ਨਿਖਲੀਊਧਵ ਨੇ ਉੱਤਰ ਦਿੱਤਾ, ਤੇ ਕੁਛ ਸ਼ਰਮਸਾਰ ਹੋਇਆ; ਇਹ ਪਤਾ ਨਹੀਂ ਕਿ ਆਪਣੇ ਆਪ ਕਿਸੀ ਗੱਲ ਕਰਕੇ ਯਾ ਓਸ ਅੱਗੇ ਲਾਚਾਰ ਹੋਣ ਕਰਕੇ ਪਰ ਮੂੰਹ ਓਹਦਾ ਲਾਲ ਲਾਲ ਹੋ ਗਇਆ ਸੀ ਤੇ ਉਥੋਂ ਇਉਂ ਟੁਰ ਗਇਆ।

"ਇਹ ਗੱਲ ਕੀ ਹੈ ? ਮੇਰੀ ਪੁੱਛ ਬਸ ਇਸ ਪਾਸੇ ਲੱਗੀ ਹੋਈ ਹੈ," ਕੈਥਰੀਨ ਅਲੈਗਜ਼ੀਵਨਾ ਨੇ ਕਹਿਆ "ਮੈਂ ਸਭ ਕੁਛ ਪਤਾ ਕਰਕੇ ਸਾਹ ਲਵਾਂਗੀ, ਮੇਰੀ ਜਾਚੇ ਇਹ ਗੱਲ ਤਾਂ ਕੋਈ ਐਸੀ ਹੈ, ਜਿਸ ਵਿੱਚ ਇਹਦੀ ਇਜ਼ਤ ਨੂੰ ਕੋਈ ਝਪਟਾ ਆਣ ਲੱਗਾ ਹੈ, ਇਹ ਬੜੀ ਚਮਕ ਖਾਣ ਵਾਲਾ ਬੰਦਾ ਹੈ ਇਹ ਸਾਡਾ ਮਿਤਿਆ, ਇਹਦੀ ਇਜ਼ਤ ਨੂੰ ਸੱਟ ਵੱਜੀ ਹੈ।"

"ਭਾਵੇਂ ਕਿਸੇ ਗੰਦੇ ਪਿਆਰ ਦੀ ਕਹਾਣੀ ਹੋਸੀ," ਮਿੱਸੀ ਕਹਿਣ ਹੀ ਲੱਗੀ ਸੀ, ਪਰ ਠਹਿਰ ਗਈ ਅਤੇ ਚੁਪ ਰਹੀ। ਉਹਦੇ ਚਿਹਰੇ ਥੀਂ ਸਾਰੀ ਰੌਣਕ ਉੱਡ ਗਈ ਸੀ,

ਹੁਣ ਉਹਦਾ ਮੂੰਹ ਬਿਲਕੁਲ ਹੋਰ ਸੀ ਜਿਸ ਮੂੰਹ ਨਾਲ ਓਹਨੂੰ ਮਿਲੀ ਓਹ ਹੋਰ ਸੀ। **ਕੈਥਰੀਨ ਅਲੈਗਜ਼ੀਵਨਾ** ਨਾਲ ਵੀ ਓਹ ਇੰਨਾ ਅਸੱਭਯ ਜੇਹਾ ਮਖੌਲ ਨਹੀਂ ਸੀ ਕਰਨਾ ਚਾਹੁੰਦੀ ਤੇ ਸਿਰਫ ਓਸ ਇਹ ਆਖਿਆ, "ਅਸਾਂ ਸਾਰਿਆਂ ਉੱਪਰ ਕੋਈ ਦਿਨ ਚੰਗੇ ਕੋਈ ਮੰਦੇ ਆਉਂਦੇ ਹਨ।"

"ਕੀ ਇਹ ਮੁਮਕਿਨ ਹੈ ਕਿ ਇਹ ਵੀ ਮੈਨੂੰ ਧੋਖਾ ਈ ਦੇਵੇਗਾ ?" ਓਸ ਸੋਚਿਆ, "ਜੋ ਕੁਛ ਅਸਾਂ ਦੋਹਾਂ ਦੇ ਆਪੇ ਵਿੱਚ ਵਰਤ ਚੁਕਿਆ ਹੈ, ਓਸ ਥੀਂ ਬਾਹਦ ਜੇ ਓਹ ਐਸਾ ਕਰੇ ਤਦ ਓਹ ਕੇਹਾ ਭੈੜਾ ਆਦਮੀ ਹੋਵੇਗਾ।"

ਜੇ **ਮਿੱਸੀ** ਕੋਲੋਂ ਕੋਈ ਪੁੱਛ ਬਹਿੰਦਾ ਕਿ ਉਹਦੇ ਇਨ੍ਹਾਂ ਲਫਜ਼ਾਂ ਦੇ ਕੀ ਅਰਥ ਸਨ, **"ਜੋ ਕੁਛ ਅਸਾਂ ਦੋਹਾਂ ਦੇ ਆਪੇ ਵਿਚ ਵਰਤ ਚੁਕਿਆ ਹੈ,"** ਤਦ ਉਹ ਕੋਈ ਖਾਸ ਗੱਲ ਨਹੀਂ ਦੱਸ ਸੱਕਦੀ ਸੀ। ਪਰ ਤਦ ਵੀ ਓਹ ਜਾਣਦੀ ਸੀ ਕਿ ਉਹਨੇ ਨ ਸਿਰਫ ਉਹਦੀਆਂ ਆਸਾਂ ਬਣਾਈਆਂ ਸਨ ਬਲਕਿ ਉਸ ਪੱਕਾ ਕੌਲ ਵੀ ਦਿੱਤਾ ਹੋਇਆ ਸੀ। ਕਿਤੇ ਖਾਸ ਲਫਜ਼ਾਂ ਵਿੱਚ ਤਾਂ ਇਹ ਕੌਲ ਇਕਰਾਰ ਨਹੀਂ ਹੋਏ ਸਨ, ਪਰ ਨਿਗਾਹ ਨਦਰਾਂ, ਤੇ ਮੁਸਕਰਾਹਟਾਂ ਤੇ ਇਸ਼ਾਰੇ ਕਿਨਾਰੇ ਹੋਏ ਸਨ। ਪਰ ਇਹ ਗੱਲਾਂ ਸੋਚਦਿਆਂ ਵੀ ਓਹ ਓਹਨੂੰ ਆਪਣਾ ਜਾਣ ਰਹੀ ਸੀ ਤੇ ਉਸਨੂੰ ਆਪ ਹਥੋਂ ਗਵਾ ਲੈਣਾ ਉਸ ਲਈ ਔਖਾ ਸੀ।

## ਕਾਂਡ ੨੯.

"ਹਾਏ ਹਾਏ! ਕਿੱਡੀ ਸ਼ਰਮਨਾਕ ਗੱਲ, ਕਿੱਡੀ ਸ਼ਰਮਨਾਕ, ਕੇਹੀ ਭੈੜੀ, ਕੇਹੀ ਡਰਾਉਣੀ, ਕੇਹੀ ਸ਼ਰਮਨਾਕ!" **ਨਿਖਲੀਊਧਵ** ਇਹੋ ਜੇਹੇ ਲਫਜ਼ ਆਪੇ ਨੂੰ ਕਹਿੰਦਾ, ਓਹਨਾਂ ਖੂਬ ਪਛਾਤੀਆਂ ਗਲੀਆਂ ਵਿੱਚ ਦੀ ਲੰਘਦਾ ਘਰ ਨੂੰ ਤੁਰੀ ਗਇਆ। ਉਹ ਦਿਲ ਉਤੇ ਦਬਾ ਜਿਹੜਾ **ਮਿੱਸੀ** ਨਾਲ ਗੱਲਾਂ ਕਰਦਿਆਂ ਪਇਆ ਸੀ ਉਹ ਉੱਠਦਾ ਨਹੀਂ ਸੀ। ਜੇ ਬਾਹਰ ਦੀਆਂ ਗਲਾਂ ਵਲ ਜਾਈਏ ਤਦ ਇਹ ਠੀਕ ਸੀ, ਕਿਉਂਕਿ ਹਾਲੇ ਤਕ ਕੋਈ ਵੀ ਖਾਸ ਗੱਲ ਐਸੀ ਉਸ ਨੇ ਉਸ ਨੂੰ ਨਹੀਂ ਸੀ ਆਖੀ ਜਿਸ ਕਰਕੇ ਓਹ ਉਸ ਨਾਲ ਫੱਸ ਗਇਆ ਹੋਵੇ। ਕਦੀ ਉਹਨੂੰ ਉਸ ਨੇ ਵਿਆਹ ਲਈ ਨਹੀਂ ਕਹਿਆ ਸੀ। ਪਰ ਜੇ ਅੰਦਰ ਵਾਰ ਗਲਵਾਣ ਵਿੱਚ ਉਹ ਮੂੰਹ ਪਾ ਕੇ ਤੱਕੇ ਤਦ ਉਹਨੂੰ ਪਤਾ ਸੀ ਕਿ ਉਹ ਆਪਣੇ ਆਪ ਨੂੰ ਉਸ ਨਾਲ ਬਝਵਾ ਚੁਕਾ ਸੀ ਤੇ ਉਹਦਾ ਹੋਣ ਦਾ ਕੌਲ ਇਕਰਾਰ ਕਰ ਚੁਕਾ ਸੀ, ਤੇ ਇਸ ਗੱਲ ਨੂੰ ਚੰਗੀ ਤਰਾਂ ਜਾਣਦਿਆਂ ਵੀ ਅੱਜ ਉਸ ਪੱਕ ਪ੍ਰਤੀਤ ਕਰ ਲਇਆ ਸੀ ਕਿ ਉਹ ਕਿਸੀ ਸੂਰਤ ਵੀ ਉਸ ਨਾਲ ਵਿਆਹ ਨਹੀਂ ਕਰ ਸੱਕਦਾ।

"ਹਾਏ ਹਾਏ, ਕਿੰਨੀ ਸ਼ਰਮਨਾਕ ਗੱਲ ਏ! ਕਿੰਨੀ ਸ਼ਰਮਨਾਕ, ਕੇਹੀ ਭੈੜੀ **ਡਰਾਉਣੀ** ਤੇ ਸ਼ਰਮਨਾਕ!"

ਉਹ ਆਪਣੇ ਆਪ ਨੂੰ ਕਹੀ ਜਾਂਦਾ ਸੀ, ਨ ਨਿਰਾ **ਮਿੱਸੀ** ਨਾਲ ਆਪਣੇ ਤਅੱਲਕਾਤ ਕਰਕੇ ਬਲਕਿ ਆਪਣੀ ਹਰ ਇਕ ਗੱਲ ਲਈ। "ਹਰ ਇਕ ਗੱਲ ਸ਼ਰਮਨਾਕ ਤੇ ਕਰੈਹਤ ਜੇਹੀ ਹੈ," ਉਸ ਮਨ ਵਿਚ ਕਹਿਆ ਜਦ ਓਹ ਆਪਣੇ ਘਰ ਦੇ **ਪੋਰਚ** ਹੇਠ ਪਹੁੰਚਾ। "ਮੈਂ ਹੁਣ ਅੱਧੀ ਰਾਤ ਦੀ ਰੋਟੀ, ਸੱਪਰ ਕੋਈ ਨਹੀਂ ਖਾਣੀ," ਉਸਨੇ ਆਪਣੇ ਨੌਕਰ **ਕੋਰਨੇ** ਨੂੰ ਕਹਿਆ ਜਿਹੜਾ ਉਹਦੇ ਪਿੱਛੇ ਪਿੱਛੇ ਖਾਣੇ ਵਾਲੇ ਕਮਰੇ ਤੱਕ ਗਇਆ ਜਿੱਥੇ ਸੱਪਰ ਦਾ ਖਾਣਾ ਤੇ ਚਾਹ ਦਾ ਸਾਰਾ ਸਾਮਾਨ ਚਾਦਰ ਵਿਛੀ ਮੇਜ਼ ਉਪਰ ਲੱਗਿਆ ਹੋਇਆ ਸੀ। ਤੇ ਉਨ੍ਹਾਂ ਉੱਪਰ ਕੱਪੜਾ ਪਾਇਆ ਹੋਇਆ ਸੀ।

"ਹੁਣ ਤੂੰ ਜਾ।"

"ਅੱਛਾ ਹਜ਼ੂਰ!" **ਕੋਰਨੇ** ਨੇ ਗਇਆ ਨਾਂਹ, ਉਹ ਮੇਜ਼ ਉਪਰ ਪਈਆਂ ਚੀਜ਼ਾਂ ਨੂੰ ਚੱਕਣ ਦੇ ਆਹਰ ਵਿੱਚ ਲੱਗ ਪਇਆ। **ਨਿਖਲੀਊਧਵ** ਨੇ **ਕੋਰਨੇ** ਵਲ ਕੁਛ ਨਾਰਾਜ਼ਗੀ ਦੀ ਨਜ਼ਰ ਵੇਖਿਆ, ਓਹ ਚਾਹੁੰਦਾ ਸੀ, ਕਿ ਓਹ ਇਕੱਲਾ ਹੋਵੇ ਤੇ ਓਹਨੂੰ ਮਹਿਸੂਸ ਹੋਇਆ ਕਿ ਹਰ ਕੋਈ ਨਿਰੀ ਜ਼ਿਦ ਕਰਕੇ ਓਹਨੂੰ ਦਿੱਕ ਕਰ ਰਹਿਆ ਹੈ।

**ਸੱਪਰ** ਦੀਆਂ ਸਭ ਚੀਜ਼ਾਂ ਲੈ ਕੇ **ਕੋਰਨੇ** ਜਦ ਚਲਾ ਗਇਆ ਤਦ **ਨਿਖਲੀਊਧਵ** ਸੋਮਾਵਾਰ ਵਲ ਗਇਆ ਤੇ ਆਪਣੇ ਲਈ ਆਪ ਚਾਹ ਬਣਾਉਣ ਲੱਗਾ ਹੀ ਸੀ ਕਿ ਉਧਰੋਂ **ਅਗਰੇਫੈਨਾ ਪੈਤਰੋਵਨਾ** ਦੇ ਕਦਮਾਂ ਦੀ

ਆਵਾਜ਼ ਆਈ, ਤੇ ਛੇਤੀ ਦੇ ਕੇ ਆਪਣੇ ਗੋਲ ਕਮਰੇ ਵਿੱਚ ਵੜ ਗਇਆ, ਤੇ ਬੂਹਾ ਅੰਦਰੋਂ ਬੰਦ ਕਰ ਲੀਤਾ। ਓਹ ਨਹੀਂ ਸੀ ਚਾਹੁੰਦਾ ਕਿ ਉਸ ਵੇਲੇ ਉਹ ਪੇਤਰੋਵਨਾ ਨੂੰ ਮਿਲੇ। ਇਸੇ ਕਮਰੇ ਵਿੱਚ ਅੱਜ ਤਿੰਨ ਮਹੀਨੇ ਹੋਏ ਸਨ, ਕਿ ਉਹਦੀ ਮਾਂ ਮੋਈ ਸੀ। ਕਮਰੇ ਵਿੱਚ ਵੜਦਿਆਂ ਹੀ ਜਿੱਥੇ ਲੈਂਪ ਬਲ ਰਹੇ ਸਨ, ਇਕ ਲੈਂਪ ਦੀ ਰੋਸ਼ਨੀ ਉਹਦੀ ਮਾਂ ਦੀ ਤਸਵੀਰ ਉੱਪਰ ਪੈ ਰਹੀ ਸੀ, ਤੇ ਦੂਜੇ ਲੈਂਪ ਦੀ ਰੋਸ਼ਨੀ ਉਹਦੇ ਪਿਓ ਦੀ ਤਸਵੀਰ ਤੇ। ਤਸਵੀਰਾਂ ਵੇਖ ਕੇ ਓਹਨੂੰ ਮਾਂ ਯਾਦ ਆਈ। ਮਾਂ ਨਾਲ ਆਖਰੀ ਸਲੂਕ ਚੇਤੇ ਆਏ, ਤੇ ਉਹ ਵੀ ਕੇਹੇ ਬਨਾਵਟੀ, ਰਸਮੀ ਤੇ ਕਰੈਹਤ ਭਰੇ ਸਲੂਕ ਸਨ, ਤੇ ਇਹ ਗੱਲ ਵੀ ਕੇਹੀ ਸ਼ਰਮਨਾਕ ਤੇ ਡਰਾਉਣੀ ਤੇ ਭੈੜੀ ਕੋਝੀ ਕਰੂਪ ਸੀ। ਉਸ ਨੂੰ ਯਾਦ ਆਇਆ ਕਿ ਓਹਦੀ ਬੀਮਾਰੀ ਦੇ ਆਖਰੀ ਦਿਨਾਂ ਵਿੱਚ ਕਿਸ ਤਰਾਂ ਉਸਦੀ ਖ਼ਾਹਿਸ਼ ਇਹ ਹੁੰਦੀ ਸੀ ਕਿਸੀ ਤਰਾਂ ਉਹ ਛੇਤੀ ਮਰੇ; ਤੇ ਓਹ ਆਪਣੇ ਆਪ ਨੂੰ ਤਸੱਲੀ ਦਿੰਦਾ ਹੁੰਦਾ ਸੀ ਕਿ ਉਸਦੀ ਇਹ ਮਾਂ ਦੇ ਮਰਨ ਦੀ ਖ਼ਾਹਿਸ਼ ਮਾਂ ਦੇ ਫ਼ਾਇਦੇ ਲਈ ਹੀ ਹੈ, ਉਹਦਾ ਦੁੱਖ ਪੀੜ ਕੱਟੀ ਜਾਏ। ਪਰ ਦਰ ਅਸਲ ਗੱਲ ਇਉਂ ਸੀ ਕਿ ਉਹਦੇ ਦੁੱਖ ਦੇਖਣ ਦੀ ਤਕਲੀਫ਼ ਸਹਿਣ ਥੀਂ ਓਹ ਆਪ ਬਚਣਾ ਚਾਹੁੰਦਾ ਸੀ।

ਮਾਂ ਬਾਬਤ ਚੰਗੀਆਂ ਚੰਗੀਆਂ ਗੱਲਾਂ ਯਾਦ ਕਰਨ ਲਈ ਉਹ ਓਹਦੀ ਤਸਵੀਰ ਵਲ ਗਇਆ। ਇਹ ਤਸਵੀਰ ਇਕ ਬੜੇ ਉਸਤਾਦ ਨੇ ੫੦੦੦ ਰੂਬਲ ਲੈਕੇ ਬਣਾਈ ਸੀ। ਇਕ ਨੀਵੇਂ ਗਲੇ ਵਾਲੀ ਮਖ਼ਮਲ ਦੀ ਪੋਸ਼ਾਕ ਵਿੱਚ ਇਹ ਤਸਵੀਰ

ਖਿੱਚੀ ਗਈ ਸੀ ਤੇ ਚਿਤਰਕਾਰ ਨੇ ਖਾਸ ਗੌਹ ਨਾਲ ਛਾਤੀਆਂ ਦੀ ਗੋਲਾਈ ਬਣਾਈ ਸੀ ਤੇ ਨਾਲ ਹੀ ਉਨ੍ਹਾਂ ਦੇ ਵਿਚ-ਕਾਹੇ ਦੀ ਥਾਂ ਤੇ ਉਹ ਚੁੰਧਿਆ ਦੇਣ ਵਾਲੇ ਸੋਹਣੇ ਉਹਦੇ ਮੋਢੇ ਤੇ ਉਹਦੀ ਗਰਦਨ! ਇਹ ਗੱਲ ਬੜੀ ਭੈੜੀ ਤੇ ਪਾਗਲ ਕਰ ਦੇਣ ਵਾਲੀ ਸੀ, ਹਾਏ! ਉਹਦੀ ਮਾਂ ਨੂੰ ਅੱਧੀ ਨੰਗੀ ਸੁੰਦਰੀ ਜੇਹੇ ਦੇ ਰੂਪ ਵਿੱਚ ਚਿਤ੍ਰਨਾ ਉਹਦੇ ਰੂਹ ਨੂੰ ਬੜਾ ਹੀ ਭੈੜਾ ਲੱਗਾ। ਉਹ ਤੰਗ ਹੋਇਆ। ਇਹ ਗਲ ਉਹਨੂੰ ਹੋਰ ਵੀ ਕਰੈਹਤ ਭਰੀ ਦਿੱਸੀ ਜਦ ਤਿੰਨ ਮਹੀਨੇ ਹੋਏ ਇਹੋ ਜਨਾਨੀ ਇਸੇ ਕਮਰੇ ਵਿੱਚ ਸੁੱਕ ਕੇ ਮੱਮੀ ਵਾਂਗ ਲੱਕੜ ਜੇਹੀ ਹੋਈ ਲੇਟੀ ਸੀ, ਤੇ ਉਹਦੇ ਜਿਸਮ ਦੀ ਬਦਬੂ ਨਾਲ ਨ ਸਿਰਫ ਇਹ ਇਕ ਕਮਰਾ ਬਲਕਿ ਸਾਰਾ ਘਰ ਭਰ ਗਇਆ ਹੋਇਆ ਸੀ ਤੇ ਸੜਾਂਦ ਐਸੀ ਸੀ ਕਿ ਹੋਰ ਕੋਈ ਦਵਾਈ ਤੇ ਖੁਸ਼ਬੂ ਉਹਨੂੰ ਦਬਾ ਹੀ ਨਹੀਂ ਸੀ ਸਕਦੀ। ਉਹਨੂੰ ਹੁਣ ਵੀ ਉਥੋਂ ਉਹੋ ਜੇਹੀ ਬਦਬੂ ਆ ਰਹੀ ਸੀ, ਤੇ ਉਹਨੂੰ ਯਾਦ ਆਇਆ ਕਿ ਕਿਸ ਤਰਾਂ ਮਰਨ ਥੀਂ ਥੋੜੇ ਦਿਨ ਪਹਿਲਾਂ ਉਸਨੇ ਉਹਦਾ ਹੱਥ ਆਪਣੇ ਸੁੱਕੇ ਹੱਡੀ ਹੀ ਹੱਡੀ ਰਹਿ ਗਏ ਹੱਥ ਤੇ ਬੇਰੰਗ ਹੋਈਆਂ ਉਂਗਲਾਂ ਵਿੱਚ ਫੜ ਕੇ ਉਹਦੀਆਂ ਅੱਖਾਂ ਵਿੱਚ ਆਪਣੀਆਂ ਅੱਖਾਂ ਗੱਡ ਕੇ ਕਹਿਆ ਸੀ, 'ਮਿਤਿਆ! ਮੇਰੀਆਂ ਭੁੱਲਾਂ ਦਾ ਨਾ ਖਿਆਲ ਕਰੀਂ। ਮੈਂ, ਬੱਚਾ! ਭਾਵੇਂ ਉਹ ਕੰਮ ਨਹੀਂ ਕੀਤੇ ਜਿਹੜੇ ਮੈਨੂੰ ਕਰਨੇ ਚਾਹੀਦੇ ਸਨ, ਮੈਨੂੰ ਮੇਰੇ ਕਰਮਾਂ ਉੱਪਰ ਨ ਸੁਟੀਂ,'' ਤੇ ਇਹ ਕਹਿਕੇ ਕਿਸ ਤਰਾਂ ਉਹਦੀਆਂ ਅੱਖਾਂ ਅੱਥਰੂਆਂ ਨਾਲ ਭਰ ਗਈਆਂ ਸਨ ਤੇ ਇਸ ਦੁਖਿਤ ਪਸਚਾਤਾਪ ਨਾਲ ਉਹ ਜ਼ਰਦ ਹੋ ਗਈ ਸੀ।

"ਹਾਏ! ਕਿੰਨੀ ਹੌਲਨਾਕ ਦਿੱਸਨ ਵਾਲੀ ਗੱਲ ਹੈ,'' ਇਕ

ਵੇਰੀ ਹੋਰ ਮਾਂ ਦੀ ਉਹ ਅੱਧੀ ਨੰਗੀ ਤਸਵੀਰ, ਤੇ ਉਹਦੇ ਉਨ੍ਹਾਂ ਸ਼ਾਨਦਾਰ ਸੰਗਮਰਮਰੀ ਮੋਢਿਆਂ ਤੇ ਬਾਹਾਂ ਨੂੰ ਵੇਖਕੇ ਤੇ ਉਹਦੇ ਹੋਠਾਂ ਉੱਪਰ ਇਕ ਜਵਾਨੀ ਮਤੀ ਹਸੀ ਨੂੰ ਵੇਖਕੇ ਆਪਣੇ ਆਪ ਨੂੰ ਕਹਿਆ। ਤਸਵੀਰ ਦੀ ਅੱਧੀ ਨੰਗੀ ਛਾਤੀ ਨੇ ਉਹਨੂੰ ਇਕ ਹੋਰ ਨੌਜਵਾਨ ਜਨਾਨੀ ਚੇਤੇ ਕਰਾਈ ਜਿਹੜੀ ਕੁਛ ਦਿਨ ਹੋਏ ਸਨ ਉਸੀ ਤਰਾਂ ਅੱਧੀ ਨੰਗੀ ਉਸ ਤੱਕੀ ਸੀ । ਇਹ ਤੀਮੀ **ਮਿੱਸੀ** ਸੀ ਜਿਸ ਕੋਈ ਬਹਾਨਾ ਲੱਭਕੇ ਉਹਨੂੰ ਆਪਣੇ ਕਮਰੇ ਵਿੱਚ ਬੁਲਾਇਆ ਸੀ, ਤਾਂ ਜੁ ਉਹਨੂੰ ਉਹ ਨਾਚ ਘਰ ਜਾਂਦੀ ਨੂੰ ਜਰਾ ਅੱਧੀ ਨੰਗੀ ਜੇਹੀ ਹਾਲਤ ਵਿੱਚ ਤੱਕ ਲਵੇ ਤੇ **ਮਿੱਸੀ** ਦੇ ਉਹ ਪਤਲੇ ਮੋਢੇ ਤੇ ਬਾਹਾਂ ਚੇਤੇ ਕਰਕੇ ਮਨ ਵਿੱਚ ਬੜਾ **ਮੁਤਨੱਫਰ** ਹੋਇਆ ਸੀ ਤੇ ਉਹਨੂੰ ਚੇਤੇ ਆਇਆ "ਹਾਏ ! ਉਹਦਾ ਬੂਸਰ ਹੈਵਾਨ ਜੇਹਾ ਬਾਪੂ, ਤੇ ਉਹਦੀ ਸ਼ੱਕੀ ਪਿਛਲੀ ਜ਼ਿੰਦਗੀ, ਉਹਦੇ **ਅਤਿਆਚਾਰ** ਤੇ ਬੇ ਰਹਿਮੀਆਂ ! ਤੇ ਉਹਦੀ ਮਾਂ, ਉਹਦੀਆਂ ਭੈੜੀਆਂ ਬਣ ਬਣ ਬਹਿਣ ਦੀਆਂ ਆਦਤਾਂ ਤੇ ਉਹਦੀ ਸ਼ੱਕਾਂ ਭਰੀ ਜੱਗ ਦੀ ਬਦਨਮੂਸ਼ੀ ! ਹਾਏ ! ਹਾਏ ਕਰੈਹਤ !" ਇਸ ਸਭ ਕੁਛ ਥੀਂ ਉਹਨੂੰ ਕਰੈਹਤ ਜੇਹੀ ਆਈ। ਇਸ ਕਚਹਾਣ ਥੀਂ ਉਹ ਦਿਕ ਹੋਇਆ ਤੇ ਆਪ ਨੂੰ ਵੀ ਡਾਢੀ ਸ਼ਰਮ ਆਈ। "ਹਾਏ ! ਹਾਏ ! ਕਹੀ ਸ਼ਰਮਨਾਕ ਗੱਲ ਹੈ, ਦਿਲ ਹਿਲਾ ਦੇਣ ਵਾਲੀਆਂ ਕਰਤੂਤਾਂ ਹਨ ! ਹਾਏ ! ਭੈੜੀਆਂ ਗੱਲਾਂ।"

"ਨਹੀਂ ਨਹੀਂ," ਉਸ ਵਿਚਾਰਿਆ "ਆਜ਼ਾਦੀ ਬਸ ਜਰੂਰ ਲੈਣੀ ਹੈ, ਹਾਂ ਇਨ੍ਹਾਂ ਹਭੇ ਕੂੜੇ ਰਿਸ਼ਤਿਆਂ ਥੀਂ ਆਜ਼ਾਦੀ,

ਕੈਰਚਾਗਿਨਾਂ ਤੇ ਮੇਰੀ ਵੈਸੀਲਿਵਨਾ ਆਦਿ ਥੀਂ ਇਨ੍ਹਾਂ ਮੋਇਆਂ ਰਈਸੀ ਟੱਬਰਾਂ ਦੇ ਰਈਸੀ ਨਸਲੀ ਅਮੀਰੀ ਖਿਆਲਾਂ ਥੀਂ ਆਜ਼ਾਦੀ, ਤੇ ਇਨ੍ਹਾਂ ਸਭ ਕੁਫਰਾਂ ਕੂੜਾਂ ਥੀਂ ਆਜ਼ਾਦੀ ਲੈਕੇ ਛੋੜਨੀ ਹੈ, ਆਹ! ਸੁਖ ਦਾ ਸਾਹ ਭਰਨਾ, ਬਾਹਰ ਮੁਲਕਾਂ ਵਿਚ ਜਾਣਾ। ਫਿਰਨਾ ਸੋਹਣੇ ਨਜ਼ਾਰੇ ਤੱਕਣੇ ਮੁੜ ਤਸਵੀਰਾਂ ਉੱਪਰ ਕੰਮ ਕਰਨਾ,'' ਇੱਥੇ ਉਹਨੂੰ ਚਿਤਰਕਾਰੀ ਕਰਨ ਦੀ ਆਪਣੇ ਵਿੱਚ ਲਿਆਕਤ ਨ ਹੋਣ ਦਾ ਮੁੜ ਚੇਤਾ ਆਇਆ, ''ਚੰਗਾ ਜੇ ਚਿਤਰਕਾਰੀ ਨਹੀਂ ਤਾਂ ਨਾ ਸਹੀ, ਪਰ ਸਾਹ ਤਾਂ ਖੁੱਲ੍ਹਾ ਲਵਾਂਗੇ, ਪਹਿਲਾਂ ਕੁਸਤੁਨਤੁਨੀਆ ਜਾਣਾ, ਫਿਰ ਰੋਮ ਵੇਖਣਾ ਪਰ ਪਹਿਲਾਂ ਇਸ ਜੂਰੀ ਵਾਲੇ ਕੰਮ ਨੂੰ ਮੁਕਾਉਣਾ, ਵਕੀਲ ਨੂੰ ਟੋਲਣਾ।''

ਤੇ ਇੱਥੇ ਅਚਨਚੇਤ ਉਹਦੀ ਅੱਖ ਅੱਗੇ ਇੱਕ ਬੜੀ ਹੀ ਸਾਫ ਤੇ ਸਪਸ਼ਟ ਦਿੱਸਦੀ ਸ਼ਕਲ ਸਾਹਮਣੇ ਆਕੇ ਖੜੀ ਹੋ ਗਈ। ਇਹ ਸ਼ਕਲ ਉਸ ਕਾਲੀਆਂ ਅੱਖਾਂ ਵਾਲੀ, ਜਿਨ੍ਹਾਂ ਵਿਚ ਸੋਹਣਾ ਮੰਦ ਮੰਦ ਭੈਂਗ ਵੱਜ ਰਹਿਆ ਸੀ, ਉਸੇ ਕੈਦੀ ਕੁੜੀ ਦੀ ਸੀ। ਤੇ ਉਸੀ ਤਰਾਂ ਭੁਬਾਂ ਮਾਰਦੀ ਰੋਂਦੀ ਦਿੱਸੀ, ਜਿਸ ਤਰਾਂ ਓਹ ਅੱਜ ਅਦਾਲਤ ਵਿੱਚ ਤਦ ਰੋਈ ਸੀ ਜਦ ਦੋਸੀਆਂ ਦੇ ਆਖਰੀ ਬਿਆਨ ਹੋ ਚੁਕੇ ਸਨ। ਓਸ ਛੇਤੀ ਦੇਕੇ ਆਪਣੀ ਸਿਗਰਟ ਬੁਝਾ ਦਿੱਤੀ ਤੇ ਰਾਖੀ ਪਾਣ ਵਾਲੀ ਰਕੇਬੀ ਵਿੱਚ ਓਹਦਾ ਜਲਦਾ ਸਿਰਾ ਦਬਾ ਦਿੱਤਾ ਤੇ ਇਕ ਹੋਰ ਕੱਢਕੇ ਜਲਾ ਲਈ ਤੇ ਆਪਣੇ ਕਮਰੇ ਵਿੱਚ ਉੱਤੇ ਤਲੇ ਟਹਲਣ ਲੱਗ ਪਇਆ। ਤੇ ਉਹਦੇ ਮਨ ਦੇ ਸਾਹਮਣੇ ਸਾਰੇ ਨਜ਼ਾਰੇ ਜਿਹੜੇ ਉਹਦੇ ਤੇ ਉਸ ਲੜਕੀ ਵਿੱਚ ਹੋਏ ਕੰਮਾਂ ਗੱਲਾਂ ਦੇ ਸਨ, ਇਕ ਪਿਛੇ ਦੂਜਾ,

ਉਠ ਉਠ ਆਏ, ਉਹਦੇ ਨਾਲ ਆਖਰਲੀ ਮੁਲਾਕਾਤ ਯਾਦ ਆਈ ਜਦ ਇਕ ਬੂਸਰ ਹੈਵਾਨ ਵਾਂਗ ਉਸ ਉਹਨੂੰ ਫੜ ਲਇਆ ਸੀ ਤੇ ਓਹ ਮਾਯੂਸੀ ਚੇਤੇ ਆਈ ਜਿਹੜੀ ਓਹਨੂੰ ਆਪਣੇ ਉੱਤੇ ਕਾਮ ਦੇ ਬੁੱਲ੍ਹੇ ਨੂੰ ਠੰਡਾ ਕਰਨ ਮਗਰੋਂ ਵਾਪਰੀ ਸੀ। ਉਹੋ ਉਹਦਾ ਚਿੱਟਾ ਝੱਗਾ ਯਾਦ ਆਇਆ, ਨੀਲਾ ਗੁਲ-ਬੰਦ ਤੇ ਉਹ ਸਵੇਰੇ ਦੇ ਵੇਲੇ ਹਰੀ ਕਥਾ ਦੇ ਜੋੜ ਮੇਲੇ ਦਾ ਅਨੰਦ। "ਕਿਉਂ, ਮੈਂ ਤਾਂ ਉਹਨੂੰ ਸੱਚੇ ਸੁੱਚੇ ਪਿਆਰ ਨਾਲ ਪਿਆਰਦਾ ਸਾਂ ਤੇ ਉਸ ਰਾਤੀ ਮੇਰਾ ਪਿਆਰ ਕੇਹਾ ਚੰਗਾ ਤੇ ਪਵਿਤ੍ਰ ਤੇ ਦੈਵੀ ਸੀ। ਮੈਂ ਉਸ ਥੀਂ ਪਹਿਲਾਂ ਵੀ ਉਹਨੂੰ ਪਿਆਰ ਕਰਦਾ ਸਾਂ, ਹਾਂ ਜਦ ਮੈਂ ਪਹਿਲਾਂ ਫੁੱਫੀਆਂ ਪਾਸ ਗਇਆ ਸਾਂ ਤੇ ਆਪਣਾ ਲੇਖ ਲਿਖ ਰਹਿਆ ਸਾਂ ਤਾਂ ਵੀ ਓਹਨੂੰ ਮੈਂ ਪਵਿਤ੍ਰ ਪਿਆਰ ਕਰਦਾ ਸਾਂ," ਤੇ ਉਸਨੂੰ ਆਪਣੀ ਅਹਲ ਜਵਾਨੀ ਤੇ ਉਹ ਸੋਹਣਾ ਆਪਾ ਯਾਦ ਆਇਆ। ਓਸ ਉਮਰ ਦੀ ਤਰੋ-ਤਾਜ਼ਗੀ ਤੇ ਜਵਾਨੀ, ਤੇ ਜੀਵਨ ਰੌ ਦੇ ਹੁਲਾਰਿਆਂ ਦੀ ਭਰੀ ਹਵਾ ਨੇ ਓਹਨੂੰ ਆ ਛੋਹਿਆ ਤੇ ਉਹ ਬੜੇ ਹੀ ਦਰਦ ਤੇ ਦੁਖ ਭਰੀ ਉਦਾਸੀ ਦੀ ਕਾਂਗ ਵਿੱਚ ਗੜੂੰਦ ਹੋ ਗਇਆ।

ਓਹਦੇ ਉਸ ਪਹਿਲੇ ਆਪੇ ਤੇ ਹੁਣ ਦੇ ਆਪੇ ਵਿੱਚ ਬੜਾ ਹੀ ਭਾਰਾ ਅੰਤਰ ਸੀ। ਠੀਕ ਉੱਨਾ ਹੀ ਵੱਡਾ ਫਰਕ ਸੀ ਜਿੰਨਾ ਉਸ ਰਾਤ ਵਾਲੀ ਗਿਰਜੇ ਵਿੱਚ ਬੈਠੀ **ਕਾਤੂਸ਼ਾ** ਵਿੱਚ ਤੇ ਉਸ ਵੇਸ਼ੀਆ ਹੋਈ **ਕਾਤੂਸ਼ਾ** ਵਿੱਚ ਸੀ, ਜਿਹੜੀ ਉਸ ਸੌਦਾਗਰ ਨਾਲ ਲੱਗੀ ਪਈ ਸੀ, ਤੇ ਉੱਸੇ ਦਿਨ ਸਜ਼ਾਯਾਬ ਹੋਈ ਸੀ। ਉਸ ਵੇਲੇ ਉਹ ਆਪ ਆਜ਼ਾਦ ਤੇ ਨਿਰਭੈ ਸੀ, ਤੇ ਅਨੇਕਾਂ ਹੀ ਸੰਭਵ ਵਡਿਆਈਆਂ ਨੂੰ ਅਨੁਭਵ ਕਰਨਾ ਤੇ ਅਨੇਕਾਂ

ਉਚਿਆਈਆਂ ਨੂੰ ਅੱਪੜਨ ਦੀਆਂ ਉਮੰਗਾਂ ਦੇ ਨਜ਼ਾਰੇ ਉਹਦੇ ਸਾਹਮਣੇ ਸਨ, ਤੇ ਹੁਣ ਇਉਂ ਪ੍ਰਤੀਤ ਹੁੰਦਾ ਸੀ ਕਿ ਓਹੋ ਇਕ ਭੈੜੀ, ਚੰਦਰੀ, ਨਿਕੰਮੀ, ਖਾਲਮੁਖਾਲੀ ਖੋਖਲੀ, ਅੰਦਰੋਂ ਕਾਲੀ, ਤੇ ਲਚਰ ਜੇਹੀ ਜ਼ਿੰਦਗੀ ਦੇ ਜਾਲਾਂ ਵਿੱਚ ਫਸੀ ਪਈ ਹੈ, ਤੇ ਜਿਨਾਂ ਫਾਹੀਆਂ ਵਿੱਚੋਂ ਖਲਾਸੀ ਪਾਣ ਦਾ ਅੱਵਲ ਤਾਂ ਰਾਹ ਹੀ ਕੋਈ ਨਹੀਂ ਸੀ ਜੇ ਓਥੋਂ ਉਹ ਨਿਕਲਣਾ ਚਾਹੇ। ਪਰ ਹੁਣ ਤਾਂ ਉਹਨੂੰ ਨਿਕਲਣ ਦੀ ਚਾਹ ਨਹੀਂ ਸੀ ਉੱਠਦੀ। ਉਹਨੂੰ ਯਾਦ ਆਈ ਕਿ ਸਮੇਂ ਸਨ ਜਦ ਉਹ ਆਪਣੀ ਖੁਲਮਖੁੱਲੀ ਗਲ ਵਾਹ ਦੇਣ ਦਾ ਬੜਾ ਮਾਨੀ ਸੀ ਤੇ ਉਸ ਦਾ ਨੇਮ ਸੀ ਕਿ ਕਦੀ ਕੂੜ ਨਹੀਂ ਬੋਲਣਾ ਤੇ ਸਚ ਹੀ ਸਚ ਵਾਹ ਮਾਰਦਾ ਸੀ, ਤੇ ਹੁਣ ਉਹ ਕਿਸ ਤਰਾਂ ਕੂੜਾਂ ਪਤੂੜਾਂ ਦੇ ਚਿੱਕੜ ਵਿਚ ਡੂੰਘਾ ਫਸਿਆ ਪਇਆ ਹੈ ਤੇ ਹਿਠਾਹਾਂ ੨ ਚਲਿਆ ਜਾਂਦਾ ਹੈ ਤੇ ਮਾੜੇ ਮੋਟੇ ਕੂੜਾਂ ਪਤੂੜਾਂ ਵਿੱਚ ਨਹੀਂ, ਹੌਲਨਾਕ ਦਿਲ ਨੂੰ ਦਹਿਲ ਦੇਣ ਵਾਲੇ ਲੂਠਾਂ ਜੂਠਾਂ ਵਿੱਚ– ਉਹ ਕੂੜ ਜਿਨ੍ਹਾਂ ਨੂੰ ਆਲੇ ਦੁਆਲੇ ਦੇ ਸਭ ਆਦਮੀ **ਸਚ** ਕਰ ਜਾਣ ਰਹੇ ਸਨ ਤੇ ਜਿਥੋਂ ਤਕ ਉਹ ਦੇਖ ਸਕਦਾ ਸੀ ਉਹਨੂੰ ਇੰਨੇ ਕੂੜਾਂ ਥੀਂ ਬਾਹਰ ਨਿਕਲਣ ਦਾ ਰਾਹ ਨਹੀਂ ਸੀ ਲੱਭ ਰਹਿਆ। ਉਹ ਘੋਰ ਅੰਧਕਾਰ ਤੇ ਚਿੱਕੜ ਵਿੱਚ ਫਸਿਆ ਪਿਆ ਸੀ, ਹੁਣ ਓਹਨੂੰ ਇਹਦਾ ਭੁੱਸ ਵੀ ਪੈ ਚੁਕਾ ਸੀ ਤੇ ਓਹ ਚਿੱਕੜ ਗੰਦ ਮੰਦ ਨਾਲ ਲਿਬੜਿਆ ਚਲ ਰਹਿਆ ਸੀ। **ਮੇਰੀ ਵੈਸੀਲਿਵਨਾ** ਨਾਲ ਓਹ ਆਪਣੇ ਗੰਦੇ ਤਅੱਲਕ ਤੇ ਓਹਦੇ ਖਾਵੰਦ ਨਾਲ ਕੂੜੇ ਪਾਜ ਤੇ ਰਿਸ਼ਤੇ ਕਿਸ ਤਰਾਂ ਕੁਛ ਐਸੇ ਤਰੀਕੇ ਨਾਲ ਤੋੜੇ ਜੋ ਮੁੜ ਉਸ ਵਲ ਤੇ ਓਹਦਿਆਂ ਬੱਚਿਆਂ ਵਲ ਸਿੱਧੀ ਅੱਖ ਤਕ ਵੀ ਸਕੇ?

ਮਿੱਸੀ ਥੀਂ ਕਿੰਝ ਛੁਟਕਾਰਾ ਪਾਵੇ, ਤੇ ਆਪਣੀ ਕਹਿਣੀ ਤੇ ਰਹਿਣੀ ਵਿੱਚ ਜਿਹੜੀ ਕਾਟ ਤੇ ਫ਼ਰਕ ਸੀ ਉਸ ਥੀਂ ਕਿਸ ਤਰਾਂ ਬਚੇ ? ਮੰਨਦਾ ਤਾਂ ਉਹ ਇਹ ਸੀ ਕਿ ਜਮੀਨ ਦੀ ਮਾਲਕੀ ਅਧਰਮ ਹੈ, ਤੇ ਮੁੜ ਮਾਂ ਵੱਲੋਂ ਆਈ ਰਿਆਸਤ ਦੀ ਹਾਲੋਂ ਓਹ ਆਪਣੀ ਮਾਲਕੀ ਬਣਾਈ ਬੈਠਾ ਸੀ । ਕਾਤੂਸ਼ਾ ਨਾਲ ਧ੍ਰੋਹ ਕਮਾਇਆ, ਕਿਸ ਤਰਾਂ ਬਖਸ਼ਾਵੇ ! ਇਹ ਆਖਰੀ ਗੱਲ, ਹੋਰਨਾਂ ਵਾਂਗ ਓਥੇ ਜਿੱਥੇ ਸੀ ਛੱਡੀ ਤਾਂ ਨਹੀਂ ਜਾ ਸੱਕਦੀ । ਉਸ ਤੀਮੀਂ ਨੂੰ ਜਿਹਨੂੰ ਓਸ ਪਿਆਰਿਆ ਮੁੜ ਖਰਾਬ ਕੀਤਾ—ਬਰਬਾਦ ਕੀਤਾ, ਓਹਨੂੰ ਹੁਣ ਇਸ ਹਾਲਤ ਵਿੱਚ ਸੁਟ ਤਾਂ ਨਹੀਂ ਸੀ ਸਕਦਾ, ਕਿ ਬਸ ਇਕ ਵਕੀਲ ਨੂੰ ਪੈਸੇ ਦੇ ਕੇ ਓਹਨੂੰ ਬਰੀ ਕਰਾਉਣ ਦੇ ਕੰਮ ਵਿੱਚ ਖੜਾ ਕਰ ਦੇਵੇ, ਤੇ ਬਸ ਓਸ ਵਕੀਲ ਨੂੰ ਓਹਨੂੰ ਸਾਈਬੇਰੀਆ ਦੀ ਮੁਸ਼ੱਕਤ ਤੇ ਗੁਲਾਮੀ ਥੀਂ ਬਚਾਣ ਲਈ ਛੱਡ ਦੇਵੇ, ਇਕ ਆਪਣੇ ਕੀਤੇ ਧ੍ਰੋਹ, ਪਾਪ ਦਾ ਅਜਾਰਾ ਨਿਰਜਿੰਦ ਰੁਪਏ ਵਿੱਚ ਦੇਵੇ ? ਕੀ ਜਦ ਓਹਨੂੰ ਪਾਪ ਕਰਨ ਥੀਂ ਮਗਰੋਂ ੧੦੦ ਰੂਬਲ ਜੋ ਦੇ ਦਿੱਤੇ ਸਨ ਤੇ ਉਸ ਵੇਲੇ ਇਹ ਜਾਣ ਲੀਤਾ ਸੀ ਕਿ ਓਸ ਕਰਮ ਦਾ ਅਜ਼ਾਰਾ ਮੁਕਾ ਦਿੱਤਾ ਸੀ ? ਇਸ ਰੁਪਏ ਦੇਣ ਨੇ ਗੱਲ ਕੋਈ ਮੁਕਾ ਦਿੱਤੀ ਸੀ ? ਅਸਲੀ ਗਲ ਤਾਂ ਵੀ ਤੇ ਹੁਣ ਵੀ ਇਉਂ ਤਾਂ ਨਹੀਂ ਸੀ ਮੁਕ ਸੱਕਦੀ । ਤੇ ਓਹਨੂੰ ਉਹ ਸਮਾਂ ਸਾਫ ਯਾਦ ਆ ਗਇਆ ਜਦ ਉਹ ਫੁੱਫੀਆਂ ਦੀ ਕੋਠੀ ਦੇ ਲਾਂਘੇ ਵਿੱਚ ਗਇਆ ਸੀ ਤੇ ਉਹਦੇ ਐਪਰਨ ਦੇ ਨਿੱਕੇ ਜੇਬ ਵਿੱਚ ਨੋਟ ਤੁੰਨ ਕੇ ਆਪ ਨੱਸ ਗਇਆ ਸੀ, "ਅਰ ਉਹ ਰੁਪਏ"—ਓਸਨੂੰ ਆਪਣੇ ਕੀਤੇ ਤੇ ਓਹੋ ਜਿਹੀ ਕਰੈਹਤ, ਸ਼ਰਮ ਤੇ ਹੌਲ ਹੋਇਆ । "ਹਾਏ ਓ

ਰੱਬਾ ! ਕੇਹੀਆਂ ਇਹ ਨਫਰਤ ਦਿਲਾਉਣ ਵਾਲੀਆਂ ਗੱਲਾਂ ਹਨ !'' ਓਹ ਇਸ ਵੇਲੇ ਵੀ ਭੁੱਬਾਂ ਮਾਰ ਕੇ ਰੋਣ ਲਗ ਪਇਆ, ਜਿਸ ਤਰਾਂ ਫੁਟਿਆ ਸੀ,–''ਹਾਏ ਵੇ ! ਇਕ ਲੁੱਚਾ ਬਦਮਾਸ਼ ਭੈੜਾ ਆਦਮੀ ਇਉਂ ਕਰ ਸਕਦਾ ਹੈ,'' ਉਹ ਠਹਿਰ ਗਇਆ ''ਤੇ ਪਰ ਕੀ ਇਹ ਹੋ ਸਕਦਾ ਹੈ ?'' ਚੁੱਪ ਕਰ ਗਇਆ ''ਕਿ ਮੈਂ ਓਹ ਲੁੱਚਾ ਤੇ ਲੂਣ ਹਰਾਮੀ ਬਦਮਾਸ਼ ਹਾਂ ?–ਅੱਛਾ ! ਮੇਰੇ ਸਿਵਾ ਹੋਰ ਕੌਣ ਹੋ ਸਕਦਾ ਹੈ– ਹਾਏ ਵੋ ! ਮੈਂ ਬਦਮਾਸ਼, ਮੈਂ ਲੁੱਚਾ ਬੂਸਰ,'' ਓਸ ਉੱਤਰ ਆਪਣੇ ਆਪ ਨੂੰ ਦਿੱਤਾ ''ਹਾਏ ! ਤੇ ਫਿਰ ਕੋਈ ਇੱਕੋ ਗਲ ਤਾਂ ਬਸ ਨਹੀਂ,'' ਉਹ ਆਪਣੇ ਆਪ ਨੂੰ ਦੋਸੀ ਠਹਿਰਾਈ ਗਇਆ ''ਮੇਰੀ ਬਦਚਲਨੀ ਓਸ **ਮੇਰੀ ਵੈਸੀਲਿਵਨਾ** ਨਾਲ, ਤੇ ਮੇਰਾ ਬਰਤਾਓ ਉਹਦੇ ਖਾਵੰਦ ਨਾਲ ਕੈਸਾ ਕਮੀਨਾ ਤੇ ਮਕਰੂਹ, ਭੈੜੀ ਜ਼ਿੰਦਗੀ ਦਾ ਹੈ। ਤੇ ਮੇਰੀ ਦੌਲਤ, ਅਮੀਰੀ ਵਲ ਝੁਕਾਓ ? ਉਸ ਦੌਲਤ ਉੱਤੇ ਜੀਣਾ ਤੇ ਉਸਨੂੰ ਵਰਤਨਾ ਜਿਹਨੂੰ ਮੈਂ ਅਧਰਮ ਤੇ ਪਾਪ ਸਮਝਦਾ ਹਾਂ ਤੇ ਇਸ ਬਹਾਨੇ ਨਾਲ ਕਿ ਉਹ ਸਭ ਚੀਜ ਮੇਰੀ ਮਾਂ ਮੈਨੂੰ ਦੇ ਗਈ ਹੈ ਤੇ ਇਹ ਮੇਰਾ ਸਾਰਾ ਨਿਕੰਮਾ, ਆਲਸੀ, ਅਯਾਸ਼, ਮਕਰੂਹ ਜੀਵਨ ? ਤੇ ਸਭ ਥੀਂ ਵਧ ਉਹ ਮੇਰਾ **ਕਾਤੂਸ਼ਾ** ਨਾਲ ਪਾਪ ਤੇ ਧ੍ਰੋਹ ਕਮਾਣਾ– ਹਾਏ ਵੋ ! ਮੈਂ ਲੁੱਚਾ, ਮੈਂ ਬੇਈਮਾਨ, ਮੈਂ ਬਦਮਾਸ਼, ਨਹੀਂ ? ਕੀ ਲੋਕੀ ਭਾਵੇਂ ਮੈਨੂੰ ਕਿਸੀ ਤਰਾਂ ਸਮਝਣ–ਮੈਂ ਉਨ੍ਹਾਂ ਨੂੰ ਤਾਂ ਧੋਖਾ ਦੇ ਸਕਦਾ ਹਾਂ ਪਰ ਮੈਂ ਆਪੇ ਆਪ ਨੂੰ ਕਿੰਞ ਧੋਖਾ ਦੇਈ ਜਾਵਾਂ ?''

ਤੇ ਅਚਨਚੇਤ ਓਹਨੂੰ ਸਮਝ ਆਈ ਕਿ ਅੱਜ ਜਿਹੜੀ ਘ੍ਰਿਣਾ ਉਹਨੂੰ ਕੁਛ ਦਿਨਾਂ ਥੀਂ ਤੇ ਖਾਸ ਕਰ ਅੱਜ ਹਰ ਇਕ

ਥੀਂ ਆ ਰਹੀ ਸੀ, ਸ਼ਾਹਜ਼ਾਦੇ ਥੀਂ, ਉਸ **ਸੋਫੀਆ ਵੇਸੀ-ਲਿਵਨਾ** ਥੀਂ, ਤੇ **ਕੋਰਨੇ** ਤੇ **ਮਿੱਸੀ** ਥੀਂ ਤੇ ਉਹ ਘ੍ਰਿਣਾ ਅੰਦਰਵਾਰੋ ਆਪਣੇ ਆਪ ਨਾਲ ਉੱਠੀ ਸੀ। ਤੇ ਅਜੀਬ ਗਲ ਇਹ ਸੀ ਕਿ ਇਸ ਆਪਣੇ ਕਮੀਨਾਪਨ ਨੂੰ ਵੇਖਣ ਵਿੱਚ ਕੁਛ ਸੀ ਜਿਸ ਨਾਲ ਦਿਲ ਨੂੰ ਦੁੱਖ ਪਹੁੰਚਦਾ ਸੀ ਪਰ ਨਾਲ ਹੀ ਇਕ ਖੁਸ਼ੀ ਭਰੀ ਤਸਕੀਨ ਜੇਹੀ ਵੀ ਆਉਂਦੀ ਸੀ।

**ਨਿਖਲੀਊਧਵ** ਦੀ ਜ਼ਿੰਦਗੀ ਵਿੱਚ ਇਕ ਵੇਰੀ ਥੀਂ ਵਧ ਇਹ ਘਟਨਾ ਹੋਈ ਸੀ ਜਿਹਨੂੰ ਉਹ "ਰੂਹ ਨੂੰ ਸਾਫ ਕਰਨਾ" ਆਦਿ ਲਫਜ਼ਾਂ ਵਿੱਚ ਕਹਿ ਕੇ ਦੱਸਦਾ ਹੁੰਦਾ ਸੀ। ਰੂਹ ਨੂੰ ਸਾਫ ਕਰਨ ਦਾ ਉਹਦਾ ਮਤਲਬ ਇਕ ਮਨ ਦੀ ਅਵਸਥਾ ਸੀ, ਇਕ ਅੰਦਰ ਦੀ ਹਾਲਤ ਸੀ, ਜਿਸ ਵਿੱਚ ਅੰਦਰ ਦੀ ਆਲਸ ਮਾਰੀ ਅਯਾਸ਼ ਜ਼ਿੰਦਗੀ ਦੇ ਲੰਮੇ ਵਕਫੇ ਦੇ ਮਗਰੋਂ, ਤੇ ਰੂਹ ਦੀ ਅੰਦਰਲੀ ਜ਼ਿੰਦਗੀ ਦੇ ਹੋਕੇ ਬਿਲਕੁਲ ਮੁਕ ਜਾਣ ਉਪਰੰਤ ਉਹ ਸਾਰਾ ਗੰਦ ਮੰਦ ਆਪਣੇ ਅੰਦਰੋਂ ਕੱਢ ਸੁੱਟਦਾ ਹੁੰਦਾ ਸੀ, ਜਿਸ ਗੰਦ ਮੰਦ ਨੇ ਉਹਦੇ ਅੰਦਰਲੇ ਸੋਮਿਆਂ ਦੇ ਮੂੰਹ ਬੰਦ ਕਰ ਦਿੱਤੇ ਹੁੰਦੇ ਸਨ। ਇਸ ਤਰਾਂ ਦੀ ਜਾਗ ਜੇਹੀ ਆਉਣ ਉੱਪਰ **ਨਿਖਲੀਊਧਵ** ਆਪਣੇ ਲਈ ਕੁਛ ਨੇਮ ਘੜਦਾ ਹੁੰਦਾ ਸੀ ਜਿਨ੍ਹਾਂ ਉੱਪਰ ਉਹ ਚਲਣ ਦਾ ਪੱਕਾ ਇਰਾਦਾ ਕਰਕੇ ਲੱਕ ਬੰਨ੍ਹਦਾ ਹੁੰਦਾ ਸੀ। **ਰੋਜ਼-ਨਾਮਚਾ** ਲਿਖਦਾ ਹੁੰਦਾ ਸੀ ਤੇ ਫਿਰ ਨਵੇਂ ਸਿਰ ਆਪਣੀ

ਨਵੀਂ ਜ਼ਿੰਦਗੀ ਆਰੰਭ ਕਰ ਦਿੰਦਾ ਹੁੰਦਾ ਸੀ ਤੇ ਆਸ ਬੰਨ੍ਹਦਾ ਹੁੰਦਾ ਸੀ ਕਿ ਹੁਣ ਮੁੜ ਉਹ ਇਸ ਰਾਹ ਥੀਂ ਨਹੀਂ ਥਿੜਕੇਗਾ, ਤੇ ਇਸ ਮੁੜ ਪੈਣ ਦਾ ਨਾਉਂ ਉਹ ਅੰਗਰੇਜ਼ੀ ਬੋਲੀ ਵਿੱਚ ਕਹਿੰਦਾ ਹੁੰਦਾ ਸੀ "ਕਿਤਾਬ ਦਾ ਨਵਾਂ ਵਰਕਾ ਉਲਟਣਾ ਹੈ।" ਪਰ ਹਰ ਵੇਰੀ ਦੁਨੀਆਂ ਦੇ ਮਨ ਲਲਚਾਵੇ ਉਹਨੂੰ ਫਾਹੀ ਵਿੱਚ ਫਸਾ ਹੀ ਲੈਂਦੇ ਸਨ ਤੇ ਉਹਨੂੰ ਪਤਾ ਵੀ ਨਹੀਂ ਸੀ ਲਗਦਾ ਕਿ ਉਹ ਮੁੜ ਢਹਿ ਪੈਂਦਾ ਸੀ, ਤੇ ਕਈ ਵੇਰੀ ਪਿੱਛੇ ਥੀਂ ਹੋਰ ਡੂੰਘੇ ਰਸਾਤਲ ਵਿੱਚ ਡਿਗ ਪੈਂਦਾ ਸੀ।

ਇਉਂ ਆਪਣੀ ਜ਼ਿੰਦਗੀ ਵਿੱਚ ਕਈ ਵੇਰੀ ਆਪਣੇ ਆਪ ਨੂੰ ਸਾਫ ਕਰਕੇ ਉਠਾ ਚੁੱਕਾ ਸੀ। ਪਹਿਲੀ ਵਾਰ ਤਾਂ ਸੀ ਜਦ ਉਹ ਗਰਮੀਆਂ ਦੀਆਂ ਛੁੱਟੀਆਂ ਵਿੱਚ ਫੁਫੀਆਂ ਪਾਸ ਆਣ ਕੇ ਠਹਿਰਿਆ ਸੀ। ਉਹ ਤਾਂ ਉਹਦੀ ਬੜੀ ਹੀ ਚਾਹ ਭਰੀ ਜਾਗ ਸੀ ਤੇ ਉਹਦੇ ਅਸਰ ਕੁਛ ਚਿਰ ਤਕ ਰਹੇ ਸਨ। ਦੂਸਰੀ ਜਾਗ ਤਾਂ ਆਈ ਸੀ ਜਦ ਦੀਵਾਨੀ ਨੌਕਰੀ ਸਰਕਾਰੀ ਛੱਡ ਕੇ ਆਪਾ ਵਾਰਨ ਲਈ ਫੌਜ ਵਿੱਚ ਭਰਤੀ ਹੋ ਗਇਆ ਸੀ। ਪਰ ਇੱਥੇ ਉਹਦੇ ਅੰਦਰਲੇ ਰੂਹ ਦੇ ਸਾਹ ਘੁੱਟ ਦੇਣ ਦਾ ਕੰਮ ਛੇਤੀ ਹੀ ਹੋ ਗਇਆ ਸੀ। ਫਿਰ ਇਹ ਜਾਗ ਤਾਂ ਆਈ ਸੀ ਜਦ ਫੌਜ ਦੀ ਨੌਕਰੀ ਛੱਡ ਕੇ ਬਾਹਰ ਮੁਲਕਾਂ ਦੀ ਸੈਰ ਕਰਨ ਤੇ ਚਿਤ੍ਰਕਾਰੀ ਦਾ ਹੁਨਰ ਸਿੱਖਣ ਟੁਰ ਗਇਆ ਸੀ। ਤੇ ਉਸ ਵੇਲੇ ਥੀਂ ਅੱਜ ਤਕ ਢੇਰ ਚਿਰ ਲੰਘ ਚੁਕਾ ਸੀ ਕਿ ਉਸ ਨੇ ਆਪਣੇ ਰੂਹ ਨੂੰ ਸਾਫ ਨਹੀਂ ਸੀ ਕੀਤਾ। ਤੇ ਇਸ ਸਬੱਬ ਕਰਕੇ ਉਹਦੇ ਅੰਦਰਲੇ ਰੂਹ ਦੀ ਆਵਾਜ਼ ਦੀ ਮੰਗ ਤੇ ਉਹਦੇ ਅਮਲਾਂ ਵਿੱਚ, ਜੇਹੀ ਜ਼ਿੰਦਗੀ ਉਹ ਹੁਣ ਗੁਜ਼ਾਰ ਰਹਿਆ ਸੀ, ਅਗਲੇ ਸਮਿਆਂ ਨਾਲੋਂ ਸਭ ਥੀਂ

ਵਧੇਰਾ ਫਰਕ ਸੀ। ਇਹ ਵੇਖ ਕੇ ਕਿ ਹੁਣ ਪਾੜ ਕਿੰਨਾ ਵੱਡਾ ਪੈ ਚੁਕਾ ਸੀ, ਉਹਨੂੰ ਹੌਲ ਹੁੰਦਾ ਸੀ। ਇਉਂ ਪਈ ਤ੍ਰੇੜ ਇੰਨੀ ਵੱਡੀ ਸੀ ਤੇ ਉਹਦਾ ਅੰਦਰ ਇੰਨਾਂ ਮੈਲਾ ਹੋ ਚੁਕਾ ਸੀ ਕਿ ਉਹਨੂੰ ਹੁਣ ਸਫਾਈ ਕਰਨ ਦੀ ਕਾਮਯਾਬੀ ਵਿੱਚ ਵੀ ਨਾਉਮੈਦੀ ਦਿਸ ਰਹੀ ਸੀ। ਅੰਦਰ ਬੈਠਾ ਸ਼ੈਤਾਨ ਕਹਿਣ ਲਗ ਪਇਆ ਸੀ, "ਇਹ ਮੈਲ ਕੱਟਣ ਤੇ ਆਪਣੇ ਆਪ ਨੂੰ ਪੂਰਨ ਬਨਾਉਣ ਦਾ ਕੰਮ, ਕੀ ਬੰਦਿਆ! ਤੂੰ ਕਈ ਵੇਰੀ ਅੱਗੇ ਕਰ ਨਹੀਂ ਚੁਕਿਆ, ਕੀ ਬਣਿਆ ਈ, ਤੇ ਹੁਣ ਕੀ ਬਣ ਜਾਣਾ ਹੈ, ਹੁਣ ਹੋਰ ਕੀ ਯਤਨ ਪਏ ਕਰਨੇ ਹਨ? ਤੇ ਨਾਲੇ ਤੂੰ ਹੀ ਇਕੱਲਾ ਤਾਂ ਨਹੀਂ, ਸਬ ਤੇਰੇ ਵਰਗੇ ਹੀ ਹਨ। ਜ਼ਿੰਦਗੀ ਹੀ ਇਹੋ ਹੈ।" ਪਰ ਅੰਦਰਲੀ ਆਤਮਕ ਜ਼ਿੰਦਗੀ ਨੇ ਜਿਹੜੀ ਹੀ ਕੇਵਲ ਸੱਚੀ ਸੁੱਚੀ ਬਲਵਾਨ ਤੇ ਅਮਰ ਸ਼ਕਤੀ ਹੈ, ਨਿਖਲੀਊਧਵ ਨੂੰ ਜਾਗ ਦੇ ਦਿੱਤੀ ਹੋਈ ਸੀ ਤੇ ਇਸ ਸ਼ੈਤਾਨ ਹੈਵਾਨ ਦੀ ਆਵਾਜ਼ ਅੱਗੇ ਓਹ ਹੁਣ ਕੰਨ ਨਹੀਂ ਸੀ ਧਰ ਸੱਕਦਾ, ਤੇ ਆਪਣੀ ਅਸਲੀ ਆਤਮਕ ਜ਼ਿੰਦਗੀ ਉੱਪਰ ਓਹਨੂੰ ਪੂਰਾ ਭਰੋਸਾ ਮੁੜ ਆ ਚੁਕਾ ਸੀ। ਇਸ ਨਵੀਂ ਜਾਗੀ ਰੂਹਾਨੀ ਜ਼ਿੰਦਗੀ ਦੇ ਵੇਗ ਅੱਗੇ ਕੋਈ ਚੀਜ਼ ਐਸੀ ਰੁਕਾਵਟ ਨਹੀਂ ਸੀ ਹੋ ਸੱਕਦੀ ਜਿਹੜੀ ਓਸ ਅੱਗੇ ਠਹਿਰ ਸੱਕੇ, ਤੇ ਜਿਸ ਪਰ ਓਹ ਫਤੇ ਨ ਪਾ ਸੱਕੇ। ਭਾਵੇਂ ਜੋ ਓਹ ਹੁਣ ਹੈ ਸੀ ਤੇ ਜੋ ਓਹ ਹੋਣਾ ਚਾਹੁੰਦਾ ਸੀ ਉਸ ਵਿੱਚ ਬੜਾ ਭਾਰੀ ਫ਼ਾਸਲਾ ਸੀ ਤਾਂ ਵੀ ਇਸ ਨਵੀਂ ਜਾਗ ਦੇ ਸਾਹਮਣੇ ਕੋਈ ਵੀ ਐਸੀ ਗੱਲ ਨਹੀਂ ਸੀ ਦਿੱਸਦੀ ਜਿਹੜੀ ਓਹ ਆਪਣੇ ਤਲੇ ਨ ਕਰ ਸਕੇ।

"ਕੁਛ ਹੋਵੇ! ਮੈਂ ਇਸ ਕੂੜ ਦੇ ਤਲਿੱਸਮ ਨੂੰ ਜਿਸ ਮੈਨੂੰ

ਜਕੜਿਆ ਹੋਇਆ ਹੈ ਤੋੜ ਦਿਆਂਗਾ । ਤੇ ਪੂਰਨ ਸੱਚ ਤੇ ਚੱਲਾਂਗਾ,'' ਉਸ ਬੜਾ ਪੱਕਾ ਇਰਾਦਾ ਕਰ ਕੇ ਕਹਿਆ—''ਮੈਂ **ਮਿੱਸੀ** ਨੂੰ ਜਾਕੇ ਸੱਚ ਕਹਿ ਦਿਆਂਗਾ। ਉਹਨੂੰ ਕਹਾਂਗਾ ਕਿ ਮੈਂ ਭੈੜਾ ਅਯਾਸ਼ ਫ਼ਜ਼ੂਲ ਖਰਚ ਆਦਮੀ ਹਾਂ ਤੇ ਮੈਂ ਉਸ ਨਾਲ ਵਿਆਹ ਇਸ ਕਰਕੇ ਨਹੀਂ ਕਰ ਸੱਕਦਾ, ਤੇ ਮੈਂ ਏਵੇਂ ਬਿਨ ਮਤਲਬ ਓਹਦੀ ਤਬੀਅਤ ਨੂੰ ਛੇੜਿਆ ਹੈ। ਤੇ ਮੈਂ **ਮੇਰੀ ਵੈਸੀਲਿਵਨਾ** ਨੂੰ ਕਹਾਂਗਾ......... ਆਹ ਓਹਨੂੰ ਕਹਿਣ ਨੂੰ ਕੁਛ ਨਹੀਂ ਮੈਂ ਉਹਦੇ ਖਾਵੰਦ ਨੂੰ ਕਹਾਂਗਾ ਕਿ ਮੈਂ ਇਕ ਬਦਮਾਸ਼, ਜਿਹੜਾ ਮੈਂ ਹਾਂ, ਓਹਨੂੰ ਇੰਨਾ ਚਿਰ ਧੋਖਾ ਦਿੰਦਾ ਰਹਿਆ ਹਾਂ । ਮੈਂ ਆਪਣੀ ਜਾਇਦਾਦ ਨੂੰ ਇਸ ਤਰਾਂ ਦੇ ਦਿਵਾ ਦਿਆਂਗਾ ਜਿਸ ਨਾਲ ਸੱਚ ਦੇ ਮੰਨਣ ਦਾ ਮੈਂ ਅਮਲ ਕਰ ਸਕਾਂ। ਮੈਂ ਓਹਨੂੰ **ਕਾਤੂਸ਼ਾ** ਨੂੰ ਕਹਾਂਗਾ ਕਿ ਮੈਂ ਲੁੱਚਾ ਬੇਈਮਾਨ ਬਦਮਾਸ਼ ਹਾਂ ਤੇ ਮੈਂ ਉਹਦੇ ਬਰਬਾਦ ਕਰਨ ਦਾ ਪਾਪ ਕੀਤਾ ਹੈ ਤੇ ਹੁਣ ਉਹਦੀ ਬਦਕਿਸਮਤੀ ਨੂੰ ਜਿਨਾਂ ਲੋਹੁਕਾ ਕਰ ਸੱਕਾਂ ਮੈਂ ਕਰਨ ਨੂੰ ਤਿਆਰ ਹਾਂ। ਹਾਂ ਮੈਂ ਉਹਨੂੰ ਮਿਲਾਂਗਾ, ਤੇ ਕਹਾਂਗਾ ਕਿ ਉਹ ਮੈਨੂੰ ਮਾਫ ਕਰ ਦੇਵੇ ।

''ਹਾਂ ਮੈਂ ਉਸ ਪਾਸੋਂ ਮਾਫ਼ੀ ਮੰਗਾਂਗਾ ਬੱਚਿਆਂ ਵਾਂਗ ਰੋ ਕੇ ਮਾਫ਼ੀ ਮੰਗਾਂਗਾ,'' ਉਹ ਫਿਰ ਠਹਿਰ ਗਇਆ, ''ਜੇ ਜ਼ਰੂਰੀ ਹੋਵੇ ਉਸ ਨਾਲ ਵਿਆਹ ਕਰਾਂਗਾ।'' ਆਪਣੀ ਛਾਤੀ ਉੱਪਰ ਦੋਵੇਂ ਹੱਥ ਜੋੜ ਕੇ ਜਿਸ ਤਰਾਂ ਉਹ ਆਪਣੇ ਬਾਲਪੁਨੇ ਵਿੱਚ ਕਰਦਾ ਹੁੰਦਾ ਸੀ । ਅੱਖਾਂ ਉੱਪਰ ਕਰਕੇ ਜਿਵੇਂ ਕਿਸੀ ਨੂੰ ਬੁਲਾਂਦਾ ਹੈ ਇਉਂ ਕਹਿਣ ਲੱਗ ਪਇਆ , ''ਹੇ ਮੇਰੇ ਰੱਬਾ ! ਮੇਰੀ ਮਦਦ ਕਰ, ਮੈਨੂੰ ਸਿੱਖਿਆ ਦੇ, ਮੇਰੇ ਅੰਦਰ ਆ ਵੱਸ ਤੇ

ਇਸ ਸਾਰੀ ਕਰੈਹਤੀ ਤੇ ਘ੍ਰਿਣਤ ਜ਼ਿੰਦਗੀ ਥੀਂ ਬਚਾ, ਮੈਨੂੰ ਪਾਰ ਕਰ ।''

ਉਸ ਇਉਂ ਰੱਬ ਅੱਗੇ ਅਰਦਾਸ ਕੀਤੀ। ਰੱਬ ਨੂੰ ਆਪਣੀ ਮਦਦ ਲਈ ਬੁਲਾਇਆ ਕਿ ਉਹ ਉਹਦੇ ਅੰਦਰ ਆ ਵੱਸੇ ਤੇ ਉਹਨੂੰ ਪਾਵਨ ਕਰੇ। ਪਰ ਜਿਸ ਗੱਲ ਲਈ ਉਹ ਅਰਦਾਸ ਕਰ ਰਹਿਆ ਸੀ ਉਹ ਅੱਗੇ ਹੀ ਹੋ ਚੁਕੀ ਸੀ। ਰਬ ਨੇ ਹੀ ਅੰਦਰ ਆਕੇ ਉਹਨੂੰ ਟੁੰਬਿਆ ਸੀ ਤੇ ਉਹਦੀ ਸੁਰਤ ਨੂੰ ਜਗਾ ਦਿੱਤਾ ਸੀ। ਇਸ ਵੇਲੇ ਉਹ ਆਪਣੇ ਆਪ ਤੇ ਰੱਬ ਨੂੰ ਇਕ ਪ੍ਰਤੀਤ ਕਰ ਰਹਿਆ ਸੀ, ਤੇ ਇਸ ਕਰਕੇ ਨ ਸਿਰਫ ਉਸ ਰੱਬੀ ਖੁੱਲ੍ਹ ਪੂਰਣਤਾ ਤੇ ਜ਼ਿੰਦਗੀ ਦੀ ਰੌ ਦੇ ਅਨੰਦ ਨੂੰ ਅਨੁਭਵ ਕਰ ਰਹਿਆ ਸੀ ਬਲਕਿ ਧਰਮ ਦੀ ਕੁਲ ਦੈਵੀ ਤਾਕਤ ਉਹ ਆਪਣੇ ਅੰਦਰ ਮਹਿਸੂਸ ਕਰ ਰਹਿਆ ਸੀ। ਸਭ ਕੁਛ ਚੰਗੇ ਥੀਂ ਚੰਗਾ, ਸਭ ਕੁਛ ਜੋ ਕੋਈ ਵੀ ਬੰਦਾ ਕਰ ਸੱਕਦਾ ਹੈ ਉਹ ਪ੍ਰਤੀਤ ਕਰ ਰਹਿਆ ਸੀ ਉਹ ਵੀ ਕਰ ਸੱਕਦਾ ਹੈ। ਉਹਦੀਆਂ ਅੱਖਾਂ ਅੱਥਰੂਆਂ ਨਾਲ ਭਰ ਗਈਆਂ ਸਨ, ਜਦ ਉਹ ਇਹ ਗੱਲਾਂ ਆਪੇ ਨਾਲ ਕਰ ਰਹਿਆ ਸੀ। ਦੋਵੇਂ ਅੱਥਰੂ–ਚੰਗੇ ਵੀ ਤੇ ਬੁਰੇ ਵੀ, ਚੰਗੇ ਉਹ ਜਿਹੜੇ ਉਹਦੇ ਅੰਦਰ ਆਏ ਰੱਬ ਦੀ ਬਖਸ਼ੀ ਰੂਹਾਨੀ ਜ਼ਿੰਦਗੀ ਦੀ ਜਾਗ ਦੇ ਖੁਸ਼ੀ ਦੇ ਸਨ, ਉਹ ਜ਼ਿੰਦਗੀ ਜਿਹੜੀ ਅੱਜ ਤਿੰਨ ਸਾਲ ਸੁੱਤੀ ਹੋਈ ਅੱਜ ਜਾਗੀ ਸੀ, ਤੇ ਬੁਰੇ ਅੱਥਰੂ ਉਹ ਜਿਹੜੇ ਉਹਨੂੰ ਇਸ ਕਰਕੇ ਆਏ ਸਨ ਕਿ ਆਹੋ ਉਹ ਆਪ ਕਿੰਨਾ ਅੱਛਾ ਹੈ ਜੋ ਮੁੜ ਉਹਨੂੰ ਇਹ ਜਾਗ ਆਈ ਹੈ ਸੀ, ਇਹ ਆਪਣੇ ਆਪ ਨਾਲ ਇਕ ਅਜੀਬ ਲਾਡ ਮੋਹ ਕਰਨ ਦੇ ਅੱਥਰੂ ਸਨ।

ਉਹਨੂੰ ਗਰਮੀ ਲੱਗੀ ਤੇ ਉੱਠ ਕੇ ਖਿੜਕੀ ਵੱਲ ਗਇਆ

ਤੇ ਖਿੜਕੀ ਦੇ ਤਾਕ ਖੋਲ੍ਹੇ। ਇਹ ਖਿੜਕੀ ਬਾਗ ਵਲ ਖੁਲ੍ਹਦੀ ਸੀ, ਚਾਨਣੀ ਰਾਤ ਸੀ, ਚੁਪ ਚਾਂ, ਨਵੀਂ ਰਾਤ, ਕੋਈ ਚੀਜ਼ ਕੰਨ ਪਾਸੋਂ ਕਰੀਚ ਜੇਹੀ ਕਰਦੀ ਲੰਘ ਜਾਣ ਦੇ ਸਿਵਾ ਸਭ ਖਾਮੋਸ਼ੀ ਸੀ। ਇਕ ਉੱਚੇ ਸਫੈਦੇ ਦੇ ਬ੍ਰਿਛ ਦਾ ਸਾਇਆ ਖਿੜਕੀ ਦੇ ਸਾਹਮਣੀ ਜ਼ਮੀਨ ਤੇ ਪੈ ਰਹਿਆ ਸੀ ਤੇ ਉਸ ਖੂਬ ਬੌਕਰ ਨਾਲ ਸਾਫ ਕੀਤੀ ਸੰਵਾਰੀ ਸੁਥਰੀ ਬੱਜਰੀ ਉੱਪਰ ਉਹਦੀਆਂ ਨੰਗੀਆਂ ਸ਼ਾਖਾਂ ਦਾ ਪੇਚ ਦਰ ਪੇਚ ਨਕਸ਼ਾ ਉਕਰਿਆ ਪਇਆ ਸੀ। ਖੱਬੇ ਪਾਸੇ ਇਕ ਬੱਘੀ ਖਾਨੇ ਉੱਪਰ ਚਾਨਣੀ ਚਮਕ ਰਹੀ ਸੀ ਤੇ ਸਾਹਮਣੇ ਬਾਗ ਦੀ ਦੀਵਾਰ ਦਾ ਕਾਲਾ ਪਰਛਾਵਾਂ ਦਰਖਤਾਂ ਦੀਆਂ ਆਪੇ ਵਿੱਚ ਅੜੀਆਂ ਪੇਚ ਪਈਆਂ ਟਹਿਣੀਆਂ ਵਿੱਚ ਦੀ ਦਿੱਸ ਰਹਿਆ ਸੀ। ਨਿਖਲੀਊਧਵ ਨੇ ਪਹਿਲਾਂ ਛੱਤ ਵਲ ਤੱਕਿਆ, ਫਿਰ ਚਾਨਣੀ ਨਾਲ ਭਰੇ ਚਮਕਦੇ ਬਾਗ ਵਲ, ਤੇ ਸਫੈਦੇ ਦੀ ਛਾਇਆ ਵਲ; ਤੇ ਉਸ ਤਾਜ਼ਾ ਰੂਹ ਫੂਕਣ ਵਾਲੀ ਹਵਾ ਦਾ ਘੁੱਟ ਭਰਿਆ।

"ਆਹ ! ਆਹ ਕਿਹਾ ਅਨੰਦ ਹੈ ਆਰਾਮ ਹੈ, ਓ ਰੱਬਾ ਕਹੀਆਂ ਖੁਸ਼ੀਆਂ ਹਨ !" ਉਸ ਕਹਿਆ। ਉਹਦਾ ਮਤਲਬ ਸੀ ਉਹ ਸੋਹਣੀ ਸੁਰਤ ਦੀ ਅਵਸਥਾ ਜਿਹੜੀ ਉਹਦੇ ਅੰਦਰ ਉਸ ਵੇਲੇ ਵਾਪਰ ਰਹੀ ਸੀ।

# ਕਾਂਡ ੨੯.

ਸ਼ਾਮ ਵੇਲੇ **ਮਸਲੋਵਾ** ਥੱਕੀ ਤੁੱਟੀ, ਪੈਰ ਚਿਹੇ ਹੋਏ, ਪੈਰੀ ਚਲਨ ਦੀ ਆਦਤ ਨਾਂਹ ਹੋਣ ਤੇ ਉਸ ਦਿਨ ਪਥਰੀਲੀ ਸੜਕ ਉੱਪਰ ਦਸ ਮੀਲ ਦੇ ਕਰੀਬ ਵਿਚਾਰੀ ਸਫ਼ਰ ਪੈਰੀਂ ਤੁਰਕੇ ਕੀਤਾ ਸੀ, ਜੇਲ ਦੀ ਕੋਠਰੀ ਵਾਪਸ ਪਹੁੰਚੀ। ਉਹਨੂੰ ਇੰਨੀ ਸਖਤ ਸਜ਼ਾ ਦੇ ਹੁਕਮ ਨੇ, ਜਿਹਦਾ ਕੋਈ ਖਾਬ ਖਿਆਲ ਹੀ ਨਹੀਂ ਸੀ, ਮਾਰ ਹੀ ਦਿੱਤਾ ਸੀ ਤੇ ਨਾਲੇ ਸਾਰੀ ਦਿਹਾੜੀ ਦੀ ਭੁੱਖੀ ਭਾਣੀ। ਮੁਕੱਦਮੇਂ ਦੇ ਵਿਚਕਾਰ ਆਈ ਛੁੱਟੀ ਦੇ ਵਕਤ ਵਿੱਚ ਜਦ ਸਿਪਾਹੀ ਰੋਟੀ ਤੇ ਨਾਲ ਪੂਰੇ ਉਬਲੇ ਅੰਡੇ ਉਹਦੇ ਸਾਹਮਣੇ ਖਾ ਰਹੇ ਸਨ ਤਦ ਉਹਦੇ ਮੂੰਹ ਵਿੱਚ ਵੀ ਪਾਣੀ ਆ ਗਇਆ ਸੀ, ਤਦ ਉਸ ਜਾਣ ਲਇਆ ਸੀ ਕਿ ਓਹਨੂੰ ਆਪ ਨੂੰ ਵੀ ਭੁੱਖ ਲੱਗੀ ਹੋਈ ਹੈ। ਪਰ ਆਪਣੀ ਸ਼ਾਨ ਦੇ ਹੇਠ ਸਮਝ ਕੇ ਉਨ੍ਹਾਂ ਪਾਸੋਂ ਕੁਛ ਨਾ ਮੰਗਿਆ। ਉਸ ਥੀਂ ਤਿੰਨ ਘੰਟੇ ਪਿੱਛੇ ਉਹਦੀ ਖਾਣ ਦੀ ਰੁਚੀ ਬੰਦ ਹੋ ਚੁਕੀ ਸੀ। ਸਿਰਫ ਓਹ ਕੁਛ ਕਮਜ਼ੋਰ ਜੇਹੀ ਹੋ ਗਈ ਸੀ। ਉਸ ਵੇਲੇ ਓਹਨੂੰ ਓਹ ਕਦੀ ਨ ਖਿਆਲਿਆ ਹੁਕਮ ਸੁਣਾਇਆ ਗਇਆ ਸੀ—ਪਹਿਲਾਂ ਤਾਂ ਓਸ ਜਾਤਾ ਕਿ ਓਹਨੂੰ ਹੁਕਮ ਠੀਕ ਸਮਝ ਨਹੀਂ ਸੀ ਆਇਆ, ਕਿਉਂਕਿ ਉਹਦੇ ਖਾਬ ਖਿਆਲ ਵਿੱਚ ਵੀ ਨਹੀਂ ਸੀ ਆ ਸੱਕਦਾ ਕਿ ਓਹ ਇਉਂ **ਸਾਈਬੇਰੀਆ** ਜਲਾਵਤਨ ਕਰ ਦਿੱਤੀ ਇਕ ਦੋਸੀ ਹੈ। ਤੇ ਆਪਣੀ ਨਵੀਂ ਸੁਣੀ ਗੱਲ ਦਾ ਉਸਨੂੰ ਕੋਈ ਯਕੀਨ ਨਹੀਂ ਸੀ ਬਝਦਾ—ਪਰ ਉਨ੍ਹਾਂ ਚੁਪ ਚਾਪ, ਸਵਾਧਾਨ ਜੇਹੇ

ਠੰਢੇ ਵਿਹਾਰੀ ਲੋਕਾਂ ਵਾਂਗ ਜੂਰੀ ਦੇ ਮੈਂਬਰਾਂ ਤੇ ਜੱਜਾਂ ਦੇ ਓਹ ਬਣਾਏ ਮੂੰਹ ਵੇਖ ਕੇ ਕਿ ਉਨਾਂ ਓਥੇ ਬੈਠਿਆਂ ਹੋਇਆਂ, ਇਨਸਾਨ ਹੁੰਦਿਆਂ ਹੋਇਆਂ, ਇਸ ਅਸਚਰਜ ਨੂੰ ਇਉਂ ਸੁਣਿਆ ਜਿਵੇਂ ਸਹਿਜ ਸੁਭਾ ਰੋਜ ਦੀ ਸਾਧਾਰਨ ਗੱਲ ਹੁੰਦੀ ਹੈ ਤੇ ਜਿਵੇਂ ਉਨ੍ਹਾਂ ਅੱਗੇ ਹੀ ਸੋਚ ਲਇਆ ਸੀ ਕਿ ਇਉਂ ਹੋਣਾ ਹੈ, ਓਹਨੂੰ ਗੁੱਸਾ ਆ ਗਿਆ ਸੀ ਤੇ ਓਹ ਚੀਕ ਉੱਠੀ ਸੀ ਕਿ ਮੈਂ ਦੋਸੀ ਨਹੀਂ । ਇਹ ਵੇਖ ਕੇ ਕਿ ਉਹਦੀ ਦਰਦਨਾਕ ਚੀਕ "ਮੈਂ ਦੋਸੀ ਨਹੀਂ" ਨੇ ਵੀ ਕੋਈ ਖਾਸ ਅਸਰ ਨਹੀਂ ਸੀ ਕੀਤਾ, ਜਿਵੇਂ ਓਹਦੀ ਸਜ਼ਾ ਦਾ ਹੁਕਮ ਸੁਣ ਕੇ ਚੀਕਣਾ ਵੀ ਇਕ ਮਾਮੂਲੀ ਰੋਜ਼ਾਨਾ ਵਤੀਰਾ ਹੈ, ਹੁੰਦਾ ਹੀ ਹੁੰਦਾ ਹੈ, ਤੇ ਇਹ ਕਿ ਉਹਦੀ ਓਸ ਚੀਕ ਨੇ ਵੀ ਮਾਮਲੇ ਨੂੰ ਪਰਤ ਨਹੀਂ ਦੇਣਾ, ਓਹ ਫਿਰ ਉੱਕਾ ਮਾਯੂਸੀ ਵਿੱਚ ਰੋਣ ਲੱਗ ਪਈ ਕਿ ਇਹ ਬੇਤਰਸ ਤੇ ਅਧਰਜ ਦਾ ਲੋਹੜਾ ਉਸ ਨਾਲ ਹੋਇਆ ਹੈ, ਆਖਰ ਉਸ ਭੋਗਣਾ ਹੀ ਹੈ। ਜਿਹੜੀ ਗੱਲ ਓਹਨੂੰ ਬਹੁ ਹੱਕਾ ਬੱਕਾ ਕਰ ਦੇਣ ਵਾਲੀ ਸੀ ਉਹ ਇਹ ਸੀ ਕਿ ਉਹ ਨੌਜਵਾਨ ਮਰਦ–ਬਹਰ ਹਾਲ ਹਾਲੇਂ ਬੁੱਢੇ ਨ ਹੋਏ ਮਰਦ–ਉਹੋ ਮਰਦ ਜਿਹੜੇ ਉਸ ਵੱਲ ਮੁਸ਼ਤਾਕ ਨਿਗਾਹਾਂ ਨਾਲ ਵੇਖਦੇ ਸਨ, (ਉਨ੍ਹਾਂ ਵਿੱਚੋਂ ਉਹ ਇਕ, ਉਹੋ ਸਰਕਾਰੀ ਵਕੀਲ ਉਸ ਪਾਸ ਇਕ ਵਾਰੀ ਆਇਆ ਸੀ ਤੇ ਹੋਰ ਕਿਸੀ ਮਜ਼ਾਕ ਵਿੱਚ ਉਸ ਆਪ ਵੇਖਿਆ ਸੀ) ਉਹ ਅੱਜ ਉਹਨੂੰ ਦੋਸੀ ਠਹਿਰਾ ਰਹੇ ਸਨ । ਮੁਕੱਦਮੇਂ ਦੀ ਪੇਸ਼ੀ ਹੋਣ ਥੀਂ ਪਹਿਲਾਂ ਤੇ ਵਿਚਕਾਹੇ ਦੀ ਛੁੱਟੀ ਵੇਲੇ ਜਦ ਉਹ ਕੈਦੀਆਂ ਦੇ ਕਮਰੇ ਵਿੱਚ ਬੈਠੀ ਸੀ ਇਹੋ ਜੇਹੇ ਕਈ ਨੌਜਵਾਨ ਕਿਸੀ ਨ ਕਿਸੀ ਕੰਮ ਦੇ ਬਹਾਨੇ, ਉਸਦੇ ਅੱਗੋਂ ਲੰਘਦੇ ਸਨ, ਉਸ ਵੱਲ ਬੜੀ ਮਿੱਠੀ ਤੇ

ਤਰਸ ਦੀ ਨਿਗਾਹ ਨਾਲ ਤੱਕਦੇ ਸਨ, ਯਾ ਕਮਰੇ ਅੰਦਰ ਆਂਦੇ ਜਾਂਦੇ ਸਨ, ਤੇ ਬੜੀ ਗੀਝ ਨਾਲ ਓਸ ਨੂੰ ਟੱਕ ਬੰਨ੍ਹ ਕੇ ਵੇਖਦੇ ਸਨ, ਤੇ ਫਿਰ ਕਿਸੀ ਅਣਜਾਤੇ ਸਬੱਬ ਕਰਕੇ ਓਹੋ ਮਰਦ ਓਹਨੂੰ ਦੋਸੀ ਠਹਿਰਾ ਕੇ **ਸਾਈਬੇਰੀਆ** ਸਖਤ ਮੁਸ਼ਕਤ ਦੀ ਗੁਲਾਮੀ ਵਿੱਚ ਸੁੱਟਦੇ ਹਨ ਭਾਵੇਂ ਉਸ ਉੱਪਰ ਲੱਗੇ ਦੋਸ਼ ਦੀ ਉਹ ਉੱਕਾ ਨਿਰਦੋਸ਼ ਸੀ।

ਪਹਿਲਾਂ ਤਾਂ ਉਹ ਰੋਈ ਸੀ, ਪਰ ਫਿਰ ਚੁਪ ਹੋ ਗਈ ਸੀ ਤੇ ਕੈਦੀਆਂ ਦੇ ਕਮਰੇ ਵਿੱਚ ਹੱਕੀ ਬੱਕੀ ਹੋ ਕੇ ਬੈਠੀ ਉਡੀਕ ਵਿੱਚ ਸੀ ਕਿ ਕਦ ਉਹ ਵਾਪਸ ਜੇਲ ਨੂੰ ਲਿਜਾਈ ਜਾਵੇਗੀ। ਉਹ ਉਸ ਵੇਲੇ ਸਿਰਫ ਇਕ ਖਾਹਿਸ਼ ਕਰ ਰਹੀ ਸੀ ਕਿ ਤਮਾਕੂ ਪੀਣ ਨੂੰ ਮਿਲੇ। ਓਹ ਇਸ ਖਿਆਲ ਵਿੱਚ ਸੀ ਕਿ **ਬੋਚਕੋਵਾ** ਤੇ **ਕਾਰਤਿਨਕਿਨ** ਵੀ ਸਜ਼ਾ ਪਾਕੇ ਓਸ ਕਮਰੇ ਵਿੱਚ ਆਵਣਗੇ। **ਬੋਚਕੋਵਾ** ਓਸ ਨੂੰ ਆਉਂਦਿਆਂ ਸਾਰ ਖਫਾ ਹੋਣ ਲੱਗ ਪਈ, ਤੇ ਉਸ ਦੇ ਮੱਥੇ ਸਾਰਾ ਦੋਸ ਤੇ ਅਪਰਾਧ ਮੜ੍ਹਨ ਲਗ ਪਈ।

"ਅੱਛਾ ! ਤੈਨੂੰ ਕੀ ਲੱਭਾ ਹੈ ? ਤੂੰ ਆਪਣੇ ਆਪ ਨੂੰ ਕੀ ਨਿਰਦੋਸ਼ ਸਬੂਤ ਆਖਰ ਕਰ ਸੱਕੀਏਂ ! ਓਏ ਕੰਜਰੀਏ ! ਜੋ ਤੂੰ ਕੀਤਾ ਸੋ ਪਾਇਆ । ਤੂੰ ਇਸੇ ਲਾਇਕ ਸੈਂ, **ਸਾਈਬੇਰੀਆ** ਵਿੱਚ ਸੜੇਂ, ਤੈਨੂੰ ਇਹ ਪੋਸ਼ਾਕਾਂ ਛੱਡਣੀਆਂ ਪੈਣਗੀਆਂ, ਕੋਈ ਡਰ ਨਹੀਂ ਠਹਿਰ !"

**ਮਸਲੋਵਾ** ਆਪਣੇ ਹੱਥ ਆਪਣੇ ਕੋਟ ਦੀਆਂ ਅਸਤੀਨਾਂ ਵਿੱਚ ਪਾਏ ਅਹਿਲ ਬੈਠੀ ਰਹੀ, ਸਿਰ ਉਸ ਨੀਵਾਂ ਕੀਤਾ

ਰੱਖਿਆ ਤੇ ਆਪਣੇ ਸਾਹਮਣੇ ਫਰਸ਼ ਉੱਪਰ ਨੀਵੀਂ ਨਜ਼ਰ ਲਾਈ ਵੇਖਦੀ ਰਹੀ। ਉਸ ਸਿਰਫ ਇਹ ਉੱਤਰ ਦਿੱਤਾ, "ਮੈਂ ਤੁਹਾਨੂੰ ਨਹੀਂ ਦਿੱਕ ਕਰ ਰਹੀ ਤੁਸੀਂ ਮੈਨੂੰ ਨ ਦਿੱਕ ਕਰੋ, ਮੈਂ ਤੁਸਾਂ ਨੂੰ ਕੋਈ ਦਿੱਕ ਕਰਦੀ ਹਾਂ ? ਦੱਸੋ !" ਬਹੂੰ ਵੇਰੀ ਉਸ ਇਹ ਲਫਜ਼ ਕਹੇ ਤੇ ਫਿਰ ਓਹ ਚੁਪ ਹੋ ਗਈ । ਜਦ ਦੋਹਾਂ **ਬੋਚਕੋਵਾ** ਤੇ **ਕਾਰਤਿਨਕਿਨ** ਨੂੰ ਸਿਪਾਹੀ ਲੈਕੇ ਬਾਹਰ ਚਲੇ ਗਏ, ਓਹਦਾ ਮੂੰਹ ਕੁਝ ਖਿੜਿਆ।

"ਕੀ ਤੇਰਾ ਨਾਂ **ਮਸਲੋਵਾ** ਹੈ ?" ਇਕ ਆਦਮੀ ਨੇ ਆਣ ਕੇ ਪੁੱਛਿਆ, "ਇਹ ਤੇਰੇ ਲਈ ਹਨ। ਇਕ ਸਵਾਣੀ ਨੇ ਇਹ ਰਕਮ ਤੈਨੂੰ ਘੱਲੀ ਹੈ," ਓਸ ਆਦਮੀ ਨੇ ਕਹਿਆ ਤੇ ਤਿਨ ਰੂਬਲ ਓਹਨੂੰ ਦੇ ਦਿੱਤੇ।

"ਇਕ ਸਵਾਣੀ–ਕਿਹੜੀ ਸਵਾਣੀ ?"

"ਤੂੰ ਇਹ ਲੈ ਲੈ-ਮੈਂ ਤੇਰੇ ਨਾਲ ਵਾਧੂ ਗੱਲ ਨਹੀਂ ਕਰਨੀ।"

ਇਹ ਰੂਬਲ **ਕਿਤਾਈਵਾ** ਉਸ ਕੰਜਰ ਘਰ ਦੀ ਚਲਾਨ ਵਾਲੀ ਨੇ ਘੱਲੇ ਸਨ, ਜਦ ਉਹ ਅਦਾਲਤ ਥੀਂ ਜਾ ਰਹੀ ਸੀ । ਉਸ **ਅਸ਼ਰ** ਪਾਸੋਂ ਪੁਛ ਲਇਆ ਸੀ, ਕਿ ਕੀ ਓਹ **ਮਸਲੋਵਾ** ਨੂੰ ਕੁਝ ਰੁਪਏ ਘੱਲ ਸੱਕਦੀ ਹੈ, ਤੇ **ਅਸ਼ਰ** ਨੇ ਕਹਿਆ ਸੀ ਕਿ ਓਹ ਘੱਲ ਸੱਕਦੀ ਹੈ । ਤੇ ਇਉਂ ਜਦ ਓਹਨੂੰ ਇਜਾਜ਼ਤ ਮਿਲੀ ਤਦ ਉਸ ਵੇਲੇ ਉਸ ਆਪਣੇ ਮੋਟੇ ਸੁੱਜੇ ਬੱਗੇ ਹੱਥ ਥੀਂ ਤਿੰਨਾਂ ਬਟਨਾਂ ਵਾਲੇ ਚਿੱਟੇ ਮੇਸ਼ੇ ਦੇ ਦਸਤਾਨੇ

ਲਾਹਕੇ ਆਪਣੀ ਰੇਸ਼ਮੀ **ਸਕਰਟ** ਦੇ ਪਿਛਲੇ ਪਰਤਾਂ ਤੇਹਾਂ ਵਿੱਚੋਂ ਇਕ ਨਜ਼ਾਕਤਦਾਰ **ਪਰਸ** ਕੱਢਿਆ ਜਿਸ ਵਿਚੋਂ ਇਕ **ਕੂਪਨਾਂ** ਦਾ ਬੰਡਲ ਨਿਕਾਲਿਆ, ਜਿਹੜੇ ਕੂਪਨ ਸੂਦੀ ਦਿੱਤੇ ਰੁਪਏ ਦੇ ਪੜਤ ਨਾਲੋਂ ਕੱਟੇ ਹੋਏ ਸਨ ਤੇ ਜਿਹੜੇ ਰੁਪਏ ਓਸ ਆਪਣੇ ਕੰਜਰ ਘਰ ਦੇ ਚਲਾਣ ਥੀਂ ਕਮਾਏ ਸਨ। ਉਸ ਨੇ ਉਨ੍ਹਾਂ ਕੂਪਨਾਂ ਵਿੱਚੋਂ ਇਕ ਤਾਂ ਢਾਈ ਰੂਬਲ ਦਾ ਲਇਆ ਤੇ ਨਾਲ ਕੁਝ ਨਕਦੀ ਰਲਾ ਕੇ ਤਿੰਨ ਰੂਬਲ ਪੂਰੇ ਕਰਕੇ **ਅਸ਼ਰ** ਨੂੰ ਦਿੱਤੇ ਸਨ। **ਅਸ਼ਰ** ਨੇ ਇਕ ਕਚਹਿਰੀ ਦਾ ਪਿਆਦਾ ਸੱਦਿਆ ਸੀ, ਤੇ ਓਹਦੇ ਸਾਹਮਣੇ ਹੀ ਪਿਆਦੇ ਨੂੰ ਦੇ ਦਿੱਤੇ ਸਨ ਕਿ **ਮਸਲੋਵਾ** ਨੂੰ ਜਾ ਕੇ ਦੇ ਆਵੇ।

"ਮੇਹਰਬਾਨੀ ਕਰਕੇ ਸਹੀ ਸਹੀ ਦੇ ਆਵੀਂ", **ਕੈਰੋਲੀਨ ਐਲਬਰਟੋਵਨਾ ਕਿਤ੍ਰਾਈਵਾ** ਨੇ ਪਿਆਦੇ ਨੂੰ ਕਹਿਆ ਸੀ। ਇਉਂ ਓਹਦਾ ਓਸ ਪਿਆਦੇ ਉੱਪਰ ਇਹਤਬਾਰ ਨ ਕਰਨ ਨੇ ਪਿਆਦੇ ਦੇ ਦਿਲ ਨੂੰ ਕੁਝ ਚੋਟ ਮਾਰੀ ਸੀ ਤੇ ਇਹ ਸਬੱਬ ਸੀ ਕਿ ਓਸਨੇ ਆਣ ਕੇ **ਮਸਲੋਵਾ** ਨੂੰ ਖਹੁਰਾ ਜਵਾਬ ਦਿੱਤਾ ਸੀ।

**ਮਸਲੋਵਾ** ਰੁਪਏ ਲੈ ਕੇ ਖੁਸ਼ ਹੋ ਗਈ ਕਿ ਉਨ੍ਹਾਂ ਕਰਕੇ ਉਹ ਆਪਣੀ ਤਮਾਕੂ ਪੀਣ ਦੀ ਤ੍ਰਿਸ਼ਨਾ ਬੁਝਾ ਸੱਕੇਗੀ-"ਹਾਏ ! ਜੇ ਮੈਨੂੰ ਹੁਣ ਕੁਝ ਸਿਗਰਿਟ ਮਿਲ ਜਾਣ ਤੇ ਮੈਂ ਕੁਝ ਧੂਆਂ ਲੈ ਸੱਕਾਂ !" ਓਸ ਆਪਣੇ ਆਪ ਨੂੰ ਕਹਿਆ। ਤੇ ਉਸਦਾ ਸਾਰਾ ਮਨ ਬੱਸ ਇਸ ਖਾਹਿਸ਼ ਵਿੱਚ ਲੱਗਾ ਹੋਇਆ

ਸੀ। ਉਹਦੀ ਤ੍ਰਿਸ਼ਨਾ ਤਮਾਕੂ ਪੀਣ ਦੇ ਧੂਏਂ ਲਈ ਇੰਨੀ ਤੀਖਣ ਸੀ ਜੇ ਹੋਰ ਕਿਸੀ ਪਾਸਿਓਂ ਕਿਸੀ ਦਾ ਛਿਕਿਆ ਧੂੰਆਂ ਓਸ ਪਾਸ ਪਤਲਾ ਜੇਹਾ ਓਸ ਕਮਰੇ ਵਿੱਚ ਦੀ ਜਿਹੜਾ ਬਰਾਮਦੇ ਵਿੱਚ ਖੁੱਲ੍ਹਦਾ ਸੀ, ਪਹੁੰਚਦਾ ਸੀ, ਤਦ ਓਹ ਡੂੰਘਾ ਜੇਹਾ ਸਾਹ ਲੈ ਕੇ ਉਸ ਬੋ ਜੇਹੀ ਨੂੰ ਆਪਣੇ ਅੰਦਰ ਖਿੱਚਣ ਦੀ ਕਰਦੀ ਸੀ।

ਪਰ ਓਥੇ ਉਹਨੂੰ ਬੜਾ ਚਿਰ ਉਡੀਕਣਾ ਪਇਆ, ਕਿਉਂਕਿ ਉਹ **ਅਫਸਰ** ਜਿਸ ਉਹਦੇ ਲੈ ਜਾਣ ਦਾ ਹੁਕਮ ਦੇਣਾ ਸੀ, ਇਕ ਵਕੀਲ ਨਾਲ ਉਸ ਅਖਬਾਰੀ ਲੇਖ ਬਾਬਤ ਜਿਹੜਾ ਕਿ ਸੈਂਸਰ ਨੇ ਛਪਣੋ ਰੋਕ ਦਿੱਤਾ ਸੀ ਗੱਲਾਂ ਬਾਤਾਂ ਕਰਦਿਆਂ ਕੈਦੀਆਂ ਬਾਬਤ ਉੱਕਾ ਭੁੱਲ ਗਇਆ ਸੀ।

ਆਖ਼ਰ ਪੰਜ ਵਜੇ ਦੇ ਕਰੀਬ ਓਹਨੂੰ ਲੈ ਜਾਣ ਦੀ ਇਜਾਜ਼ਤ ਮਿਲੀ, ਤੇ ਪਿਛੋਕੜ ਦੇ ਦਰਵਾਜ਼ੇ ਰਾਹੀਂ ਉਹਦੇ ਲੈ ਜਾਣ ਵਾਲੇ, ਓਹ **ਨਿਜ਼ਹਨੀ** ਦਾ ਬੰਦਾ ਤੇ **ਚੂਵਾਸ਼** ਅੱਗੇ ਲੈ ਟੁਰੇ। ਫਿਰ ਹਾਲੇ ਕਚਹਿਰੀ ਦੇ ਵੱਡੇ ਬਾਹਰਲੇ ਦਰਵਾਜ਼ੇ (ਗੇਟ) ਵਿੱਚ ਹੀ ਸਨ ਤਦ ਉਸਨੇ ਉਹਨੂੰ ੨੦ **ਕੋਪਿਕ** (ਪੈਸੇ) ਦਿੱਤੇ ਕਿ ਮੈਨੂੰ ਕੁਛ ਸਿਗਰਟ ਤੇ ਰੋਟੀ ਦੇ ਰੋਲ ਲੈ ਦਿਉ। **ਚੂਵਾਸ਼** ਹਸਿਆ ਤੇ ਪੈਸੇ ਲੈ ਲਏ, ਤੇ ਕਹਿਣ ਲੱਗਾ "ਚੰਗਾ ! ਲੈ ਦਿਆਂਗੇ"। ਤੇ ਸੱਚੀਂ ਉਸ ਲਈ ਇਹ ਦੋਵੇਂ ਚੀਜ਼ਾਂ ਖਰੀਦ ਕੇ ਲੈ ਆਇਆ ਤੇ ਬਾਕੀ ਦਾ ਭਾਨ ਵੀ ਮੋੜ ਦਿੱਤਾ। ਪਰ ਉਨ੍ਹਾਂ ਨੇ ਉਹਨੂੰ ਰਾਹ ਵਿੱਚ ਸਿਗਰਟ ਪੀਣ ਦੀ ਇਜ਼ਾਜ਼ਤ ਨ ਦਿੱਤੀ ਤੇ ਉਹ ਆਪਣੀ ਅਣਬੁਝਾਈ ਤ੍ਰਿਸ਼ਨਾ ਨਾਲ ਹੀ ਜੇਲ ਤਕ ਗਈ। ਜਦ ਉਹ ਜੇਲ ਦੇ ਦਰਵਾਜ਼ੇ ਉੱਪਰ ਪਹੁਤੀ,

ਕੋਈ ਇਕ ਸੌ ਦੇ ਕਰੀਬ ਦੇਸੀ ਕੈਦੀ ਜੋ ਰੇਲ ਰਾਹੀਂ ਲਿਆਂਦੇ ਗਏ ਸਨ ਅੰਦਰ ਵਾੜੇ ਜਾ ਰਹੇ ਸਨ। ਇਨ੍ਹਾਂ ਦੇਸੀਆਂ ਦੀਆਂ ਦਾਹੜੀਆਂ ਤੇ ਸਿਰ ਸਾਫ ਮੁਨੇ ਹੋਏ ਸਨ। ਬੁੱਢੇ ਸਨ, ਜਵਾਨ, ਰੂਸੀ ਤੇ ਬਾਹਰ ਮਿਲਖੀਏ, ਸਾਰਿਆਂ ਦੇ ਸਿਰ ਘਰੜ ਮੁੰਨੇ ਹੋਏ ਸਨ ਤੇ ਉਨ੍ਹਾਂ ਦੀਆਂ ਜੰਘਾਂ ਉੱਪਰ ਜੰਜੀਰਾਂ ਜਕੜੀਆਂ ਸਨ ਜਿਹੜੀਆਂ ਜਦ ਉਹ ਹਿਲਦੇ ਸਨ ਛਣਕਦੀਆਂ ਸਨ ਤੇ ਇਨ੍ਹਾਂ ਨਾਲ ਕਮਰਾ ਧੂੜ ਮਿੱਟੀ, ਸ਼ੋਰ ਤੇ ਮਨੁਖੀ ਪਸੀਨੇ ਦੀ ਸਖਤ ਤੇਜ਼ਾਬੀ ਬਦਬੂ ਨਾਲ ਭਰਿਆ ਸੜਿਆ ਪਇਆ ਸੀ। **ਮਸਲੋਵਾ** ਦੇ ਕੋਲੋਂ ਲੰਘਦਿਆਂ ਸਾਰਿਆਂ ਨੇ ਉਸ ਵਲ ਵੇਖਿਆ, ਤੇ ਕਈ ਤਾਂ ਇਸ ਹੱਦ ਤੱਕ ਪਹੁਤੇ ਕਿ ਲੰਘਦਿਆਂ ਉਸ ਨਾਲ ਖਸਰ ਕੇ ਜਾਂਦੇ ਸਨ।

"ਆਹ—ਇਹ ਇਕ ਫਾਹਸ਼ਾ ਹੀ—ਪਰ ਕਹੀ ਸੋਹਣੀ—ਹਾਂ ਇਕ ਪਟਾਕਾ ਹੈ," ਇਕ ਨੇ ਕਹਿਆ।

"ਹੇ ਮਿਸ ਸਾਹਿਬ! ਮੇਰਾ ਵੀ ਅਦਾਬ ਕਬੂਲ ਹੋਵੇ," ਓਸਨੂੰ ਅੱਖ ਮਾਰ ਕੇ ਦੂਜੇ ਨੇ ਕਹਿਆ।

ਇਕ ਕਾਲ ਭਰਮੇ ਰੰਗ ਦਾ ਆਦਮੀ ਜਿਹਦੀਆਂ ਮੁੱਛਾਂ ਸਨ, ਤੇ ਜਿਹਦੇ ਬਾਕੀ ਦੇ ਮੂੰਹ ਦੇ ਵਾਲ ਸਾਫ ਸਨ ਤੇ ਗਰਦਨ ਪਿੱਛੇ ਕਿਆੜੀ ਸਾਰੀ ਸਾਫ ਮੁੰਨੀ ਹੋਈ ਸੀ, ਆਪਣੀਆਂ ਜੰਜੀਰਾਂ ਕੜੀਆਂ ਹਿਲਾਂਦਾ ਓਸ ਵਲ ਨਹੀਂ ਆ ਗਇਆ, ਤੇ ਕੜੀਆਂ ਵਿੱਚ ਦੀ ਆਪਣੇ ਪੈਰ ਰੱਖ ਕੇ, ਓਸ ਵਲ ਕੁੱਦ ਕੇ ਓਹਨੂੰ ਜਾ ਜੱਫੀ ਮਾਰ ਲਈ ਤੇ ਆਖਿਆ, "ਕੀ ਤੂੰ ਆਪਣੇ ਸੰਗੀ ਨੂੰ ਹਾਲੇਂ ਵੀ ਨਹੀਂ ਸਿੰਞਾਤਾ? ਆ! ਆ ਹੁਣ ਨਖਰੇ ਨ ਪਈ ਕਰ," ਉਸ ਉੱਚੀ

ਦੇ ਕੇ ਆਖਿਆ, ਆਪਣੇ ਦੰਦ ਕੱਢ ਕੇ ਦੱਸੋ ਜਦ **ਮਸਲੋਵਾ** ਨੇ ਓਹਨੂੰ ਧੱਕਾ ਮਾਰ ਕੇ ਪਰੇ ਸੁੱਟਿਆ ਓਹਦੀਆਂ ਅੱਖਾਂ ਗੁੱਸੇ ਨਾਲ ਚਮਕ ਰਹੀਆਂ ਸਨ।

"ਓਹ ਬਦਮਾਸ਼ਾ ! ਬਈਮਾਨਾ ! ਤੂੰ ਕਿਹੜੀਆਂ ਸ਼ਰਾਰਤਾਂ ਕਰਨ ਨੂੰ ਹੈਂ?" ਇਨਸਪੈਕਟਰ ਦਾ ਅਸਟੰਟ ਪਿੱਛੇ ਦੀ ਆ ਕੇ ਲਲਕਾਰਿਆ। ਦੋਸੀ ਛਹਿ ਮਾਰ ਕੇ ਪਿੱਛੇ ਹੋ ਗਇਆ ਤੇ ਛਾਲ ਮਾਰ ਕੇ ਪਰੇ ਹੋ ਗਇਆ। ਫਿਰ **ਮਸਲੋਵਾ** ਵਲ ਹੋ ਕੇ ਕਹਿਆ :

"ਤੂੰ ਇੱਥੇ ਕਿਸ ਲਈ ਹੈਂ ?"

**ਮਸਲੋਵਾ** ਜਵਾਬ ਦੇਣ ਹੀ ਲੱਗੀ ਸੀ ਕਿ ਓਹ ਹੁਣੇ ਹੀ ਅਦਾਲਤ ਥੀਂ ਵਾਪਸ ਲਿਆਂਦੀ ਗਈ ਹੈ, ਪਰ ਉਹ ਇੰਨੀ ਥੱਕੀ ਹੋਈ ਸੀ ਕਿ ਉਸ ਬੋਲਣ ਦੀ ਪ੍ਰਵਾਹ ਨ ਕੀਤੀ।

"ਜਨਾਬ ! ਇਹ ਕਚਹਿਰੀ ਥੀਂ ਵਾਪਸ ਲਿਆਂਦੀ ਗਈ ਹੈ," ਸਿਪਾਹੀਆਂ ਵਿੱਚੋਂ ਇਕ ਨੇ ਅੱਗੇ ਹੋਕੇ ਤੇ ਆਪਣੀ ਟੋਪੀ ਨੂੰ ਉਂਗਲਾਂ ਲਾ ਕੇ ਕਿਹਾ।

"ਅੱਛਾ—ਇਹਨੂੰ **ਚੀਫ ਵਾਰਡਰ** ਦੇ ਹਵਾਲੇ ਕਰੋ, ਮੈਨੂੰ ਇਹੋ ਜੇਹੇ ਤਮਾਸ਼ੇ ਤੇ ਖਲਬਲੀ ਦੀ ਲੋੜ ਨਹੀਂ।"

"ਬਹੁਤ ਅੱਛਾ ਜਨਾਬ।"

"**ਸੋਕੋਲੋਵ** ! ਇਹਨੂੰ ਅੰਦਰ ਲੈ ਜਾਓ," ਅਸਟੰਟ ਹੋਰੀ ਲਲਕਾਰੇ।

ਚੀਫ਼ ਵਾਰਡਰ ਆ ਗਇਆ। ਮਸਲੋਵਾ ਦੇ ਮੋਢੇ ਤੇ ਇਕ ਹੁਝ ਮਾਰੀ ਤੇ ਧੱਕਾ ਦਿੱਤਾ, ਤੇ ਸਿਰ ਹਿਲਾ ਕੇ ਇਸ਼ਾਰਾ ਕੀਤਾ ਕਿ ਓਹ ਉਹਦੇ ਮਗਰ ਮਗਰ ਤੁਰੀ ਆਵੇ ਤੇ ਓਹ ਓਹਨੂੰ ਕੌਰੀਡੋਰ ਦੇ ਰਾਹ ਦੀ ਮੁੜ ਜਨਾਨੀਆਂ ਵਾਲੀ ਵਾਰਡ ਵਲ ਲੈ ਗਇਆ। ਓਥੇ ਓਹਦੀ ਜਾਮਾ ਤਲਾਸ਼ੀ ਹੋਈ ਪਰ ਕੋਈ ਮਨਾਹ ਕੀਤੀ ਚੀਜ਼ ਉਸ ਪਾਸੋਂ ਨਹੀਂ ਸੀ ਨਿਕਲੀ, (ਸਿਗਰਟ ਦੀ ਡੱਬੀ ਉਸ ਰੋਟੀ ਦੇ ਰੋਲ ਦੇ ਵਿੱਚ ਲੁਕਾ ਲਈ ਹੋਈ ਸੀ)। ਓਹ ਮੁੜ ਓਸੇ ਆਪਣੀ ਕਾਲ ਕੋਠੜੀ ਵਿੱਚ ਪਾਈ ਗਈ ਜਿੱਥੋਂ ਸਵੇਰੇ ਓਹਨੂੰ ਕਚਹਿਰੀ ਲੈ ਗਏ ਸਨ।

## ਕਾਂਡ ੩੦

ਓਹ ਕੋਠੜਾ ਜਿਸ ਵਿੱਚ **ਮਸਲੋਵਾ** ਕੈਦ ਸੀ, ੨੧ ਫੁੱਟ ਲੰਬਾ ਤੇ ੧੬ ਫੁੱਟ ਚੌੜਾ ਸੀ, ਦੋ ਖਿੜਕੀਆਂ ਸਨ, ਵਿੱਚ ਇਕ ਖਸਤਾ ਜੇਹਾ ਟੁੱਟਾ ਭੱਜਾ **ਸਟੋਵ**, ਬੁਖਾਰੀ ਸੀ। ਕੋਠੜੇ ਦੀ ਥਾਂ ਦਾ ਦੋ ਤਿਹਾਈ ਹਿੱਸਾ ਤਾਂ ਲੱਗੇ ਤਖਤਿਆਂ ਦੇ ਬਣੇ ਕੈਦੀਆਂ ਦੇ ਬਿਸਤਰਿਆਂ ਮੱਲੀ ਹੋਈ ਸੀ। ਇਹ ਤਖਤੇ ਗਿੱਲੀ ਲੱਕੜ ਦੇ ਬਣਾਏ ਗਏ ਸਨ, ਜਿਹੜੀ ਹੁਣ ਇਥੇ ਸੁਕਕੇ ਟੇਢੀ ਹੋ ਗਈ ਸੀ ਤੇ ਸੁਕੜ ਵੀ ਗਈ ਸੀ। ਦਰਵਾਜ਼ੇ ਦੇ ਸਾਹਮਣੇ ਇਕ ਕਾਲੇ ਰੰਗ ਦੀ ਈਸਾ ਮਸੀਹ ਦੀ ਪ੍ਰਤਿਮਾ ਲਟਕ ਰਹੀ ਸੀ, ਤੇ ਉਸ ਨਾਲ ਚੁਮਟੀ ਹੋਈ ਇਕ ਮੋਮ ਦੀ ਬੱਤੀ ਸੀ, ਜਿਸ ਨਾਲ ਨਾਮੁਰਝਾਣ ਵਾਲੇ ਫੁਲਾਂ ਦਾ ਗੁੱਛਾ ਥਲੇ ਲਟਕ ਰਹਿਆ ਸੀ। ਖੁੱਲ੍ਹੇ ਪਾਸੇ ਬੂਹੇ ਪਿੱਛੇ ਇਕ ਫਰਸ਼ ਦੇ ਕਾਲੇ ਕੀਤੇ ਹਿੱਸੇ ਉੱਪਰ ਇਕ ਬੂਦਾਰ, ਸੜਿਆ ਜੇਹਾ ਟੱਬ ਪਿਆ ਹੋਇਆ ਸੀ। **ਇਨਸਪੈਕਸ਼ਨ** ਹੋ ਚੁਕਾ ਸੀ ਤੇ ਇਹ ਕੈਦੀ ਔਰਤਾਂ ਰਾਤ ਲਈ ਇੱਥੇ ਡੱਕੀਆਂ ਗਈਆ ਸਨ।

ਇਸ ਕਮਰੇ ਦੇ ਵਾਸੀਆਂ ਦੀ ਗਿਣਤੀ ੧੫ ਸੀ। ਉਨ੍ਹਾਂ ਵਿੱਚ ਤਿੰਨ ਬੱਚੇ ਸਨ। ਹਾਲੇਂ ਰੋਸ਼ਨੀ ਕਾਫ਼ੀ ਸੀ, ਸਿਰਫ ਦੋ ਜਨਾਨੀਆਂ ਲੇਟੀਆਂ ਹੋਈਆਂ ਸਨ। ਇਕ ਤਪ ਦੀ ਮਾਰੀ ਚੋਰੀ ਦੇ ਦੋਸ ਵਿੱਚ ਅੰਦਰ ਆਈ ਹੋਈ ਸੀ, ਤੇ ਇਕ ਨਿਰੀ ਪੂਰੀ ਸ਼ਾਹਦੌਲੇ ਦੀ ਚੂਹੀ ਜੇਹੀ।

ਨਿੱਕੇ ਸਿਰ ਵਾਲੀ ਇਸ ਲਈ ਫੜੀ ਗਈ ਸੀ ਕਿ ਉਸ ਪਾਸ **ਪਾਸਪੋਰਟ** ਨਹੀਂ ਸੀ। ਤਪਦਿਕ ਦੀ ਬੀਮਾਰ ਸੁੱਤੀ ਨਹੀਂ ਸੀ ਅੱਖਾਂ ਖੋਲ੍ਹੀਆਂ ਪਈ ਹੋਈ ਸੀ। ਉਸ ਆਪਣਾ ਵੱਡਾ ਕੋਟ ਠੱਪ ਕੇ ਸਿਰ ਹੇਠ ਰਖਿਆ ਹੋਇਆ ਸੀ ਤੇ ਇਉਂ ਜਰਾ ਸਿਰਹਾਨੇ ਵੱਲੋਂ ਉਚੀ ਜੇਹੀ ਹੋ ਕੇ ਓਹ ਆਪਣਾ ਆਇਆ ਖੰਘਾਰ ਗਲੇ ਵਿੱਚ ਹੀ ਰੋਕਣ ਦੀ ਕਰ ਰਹੀ ਸੀ। ਇਹ ਅਟਕਿਆ ਖੰਘਾਰ ਓਹਦੇ ਗਲੇ ਵਿੱਚ ਖਰਾਸ਼ ਪਇਆ ਕਰਦਾ ਸੀ। ਇੱਸੇ ਕੋਸ਼ਸ਼ ਵਿੱਚ ਸੀ ਕਿ ਓਹਨੂੰ ਖੰਘਣਾਂ ਨ ਹੀ ਪਵੇ।

ਔਰਤਾਂ ਵਿੱਚੋਂ ਬਾਹਲੀਆਂ ਨੇ ਸਵਾਏ ਖਹੁਰੇ ਜੇਹੇ ਹਾਲੈਂਡ ਕਪੜੇ ਦੀਆਂ ਕਮੀਜ਼ਾਂ ਦੇ ਕੁਛ ਨਹੀਂ ਸੀ ਪਾਇਆ ਹੋਇਆ, ਤੇ ਖਿੜਕੀ ਵਿੱਚ ਖੜੀਆਂ ਬਾਹਰੋਂ ਆ ਰਹੇ ਨਵੇਂ ਮੁਜਰਮਾਂ ਨੂੰ ਜੇਹਲ ਦੇ ਅਹਾਤੇ ਵਿੱਚ ਲੰਘਦਿਆਂ ਨੂੰ ਵੇਖ ਰਹੀਆਂ ਸਨ, ਤੇ ਤਿੰਨ ਸਿਉਂ ਤਰੁਪ ਰਹੀਆਂ ਸਨ। ਇਨ੍ਹਾਂ ਤ੍ਰੈਹਾਂ ਵਿੱਚੋਂ ਇਕ ਓਹ ਬੁੱਢੀ ਜਨਾਨੀ ਸੀ ਜਿਸ ਸਵੇਰ ਵੇਲੇ ਝੀਤ ਵਿੱਚੋਂ ਸਿਰ ਕੱਢ ਕੇ **ਮਸਲੋਵਾ** ਨੂੰ ਕੁਛ ਕਹਿਆ ਸੀ—ਇਹ ਸੀ, **ਕੋਰਾਬਲੈਵਾ,** ਇਕ ਲੰਮੀ ਤਕੜੀ ਬੜੀ ਸਵਾਧਾਨ ਮੂੰਹ ਵਾਲੀ, ਭਰਵੱਟੇ ਵੱਟੇ ਹੋਏ, ਇਕ ਚਰਬੀਲੀ ਜੇਹੀ ਲਮਕਦੀ ਠੋਡੀ, ਸੋਹਣੇ ਵਾਲਾਂ ਦੀਆਂ ਨਿੱਕੀਆਂ ਨਿੱਕੀਆਂ ਪੱਟੀਆਂ ਪੁਟਪੁਟੀਆਂ ਤੇ ਚਿੱਟੇ ਹੋ ਰਹੇ ਕੇਸ, ਤੇ ਓਹਦੀ ਇਕ ਖਾਖ ਉੱਪਰ ਇਕ ਚੂਈ ਸੀ ਜਿਸ ਉੱਪਰ ਵਾਲ ਉੱਘੇ ਹੋਏ ਸਨ। ਇਹਨੂੰ **ਸਾਈਬੇਰੀਆ** ਦੀ ਸਜ਼ਾ ਇਸ ਦੋਸ ਵਿੱਚ ਮਿਲ ਚੁੱਕੀ ਸੀ, ਕਿ ਇਸ ਨੇ ਆਪਣੇ ਖਾਵੰਦ ਨੂੰ

ਕੁਲਹਾੜੇ ਨਾਲ ਵੱਢ ਸੁੱਟਿਆ ਸੀ ਤੇ ਖਾਵੰਦ ਨੂੰ ਇਸ ਗੁੱਸੇ ਵਿੱਚ ਵੱਢਿਆ ਸੀ ਕਿ ਉਸ ਨੇ ਇਹਦੀ ਲੜਕੀ ਨਾਲ ਗੱਲ ਬਣਾ ਲਈ ਹੋਈ ਸੀ। ਇਹ ਤੀਮੀ ਓਥੇ ਡੱਕੀਆਂ ਸਾਰੀਆਂ ਤੀਮੀਆਂ ਦੀ ਮੁਖੀ ਸੀ ਤੇ ਓਹ ਸਾਰੀਆਂ ਨੂੰ ਚੋਰੀ ਸ਼ਰਾਬ ਵੇਚਣ ਦਾ ਵਿਹਾਰ ਕਿਸੀ ਨ ਕਿਸੀ ਤਰਾਂ ਸਿਰੇ ਚਾਹੜ ਲੈਂਦੀ ਹੁੰਦੀ ਸੀ। ਉਹਦੇ ਨਾਲ ਹੀ ਇਕ ਹੋਰ ਤੀਮੀ ਬੈਠੀ ਹੋਈ ਸੀ ਜਿਹੜੀ ਕੈਨਵਸ ਦਾ ਮੋਟਾ ਜੇਹਾ ਥੈਲਾ ਸੀ ਰਹੀ ਸੀ। ਇਹ ਤੀਮੀ ਇਕ ਰੇਲਵੇ ਦੇ ਚੌਕੀਦਾਰ ਦੀ ਵਹੁਟੀ ਸੀ। ਇਹਨੂੰ ਤਿੰਨ ਮਹੀਨੇ ਦੀ ਕੈਦ ਇਸ ਜੁਰਮ ਵਿੱਚ ਮਿਲੀ ਸੀ ਕਿ ਓਹ ਰੇਲ ਆਵਣ ਵੇਲੇ ਝੰਡੀਆਂ ਲੈਕੇ ਬਾਹਰ ਨਹੀਂ ਸੀ ਨਿਕਲੀ ਤੇ ਝੰਡੀ ਨ ਦਿੱਸਣ ਕਰਕੇ ਰੇਲ ਦਾ ਹਾਦਸਾ ਹੋ ਗਇਆ ਸੀ। ਇਹ ਮਧਰੀ ਜੇਹੀ ਫੀਨੇ ਨੱਕ ਵਾਲੀ ਤੇ ਛੋਟੀਆਂ ਛੋਟੀਆਂ ਕਾਲੀਆਂ ਅੱਖਾਂ ਵਾਲੀ ਤੀਮੀ ਸੀ, ਬੜੀ ਹੀ ਮਿਹਰਬਾਨ ਨਰਮ ਦਿਲ ਤੇ ਗਲੋਖੜ। ਤੇ ਸੀਣ ਤਰੁਪਣ ਦਾ ਕੰਮ ਕਰਦੀਆਂ ਤੀਮੀਆਂ ਵਿੱਚੋਂ ਤੀਸਰੀ **ਥੀਓਡੋਸੀਆ** ਸੀ।

ਬਿਲਕੁਲ ਜਵਾਨ ਨੱਢੀ, ਗੋਰੀ ਨਿਛੋਹ, ਤੇ ਗੁਲਾਬ ਜਿਹਦੇ ਮੂੰਹ ਉੱਪਰ ਖਿੜੇ ਸੁਨ, ਬੜੀ ਹੀ ਸੋਹਣੀ, ਸ਼ੋਖ, ਪਰ ਬੱਚਿਆਂ ਵਰਗੀਆਂ ਅਯਾਣੀਆਂ ਅੱਖੀਆਂ, ਓਹਦੀਆਂ ਬੜੀਆਂ ਲੰਮੀਆਂ ਤੇ ਸੋਹਣੀਆਂ ਪੱਟੀਆਂ ਤੇ ਜਿਨ੍ਹਾਂ ਦੀਆਂ ਲਟਕਦੀਆਂ ਜ਼ੁਲਫਾਂ ਨੂੰ ਓਹ ਮੋੜ ਕੇ ਆਪਣੇ ਸਿਰ ਤੇ ਵਲ ਲੈਂਦੀ ਹੁੰਦੀ ਸੀ। ਓਹ ਕੈਦ ਵਿੱਚ ਇਸ ਵਾਸਤੇ ਸੀ ਕਿ ਉਹਨੇ ਆਪਣੇ ਖਾਵੰਦ ਨੂੰ ਜ਼ਹਿਰ ਦੇਣ ਦਾ ਹੀਲਾ ਕੀਤਾ ਸੀ, ਜ਼ਹਿਰ ਦੇ ਦਿੱਤੀ ਸੀ ਪਰ ਓਹ ਮੋਇਆ ਨਹੀਂ ਸੀ। ਵਿਆਹ

ਹੁੰਦਿਆਂ ਸਾਰ ਹੀ ਉਸਨੇ ਇਹ ਕਾਰਾ ਕਰ ਦਿੱਤਾ ਸੀ, (ਕਿਉਂਕਿ ਜਦ ਓਹ ਹਾਲੇ ੧੬ ਸਾਲ ਦੀ ਹੀ ਸੀ ਤੇ ਓਹਦੇ ਮਾਂ ਪਿਓ ਨੇ ਉਹਦੀ ਮਰਜੀ ਬਿਨਾ ਹੀ ਵਿਆਹ ਦਿੱਤਾ ਸੀ) । ਪਰ ਇਸ ਕਾਰਾ ਕਰਨ ਦੇ ਮਗਰੋਂ ਜਦ ਓਹਨੂੰ ਮੁਕੱਦਮੇਂ ਦੇ ਚਲਦਿਆਂ ੮ ਮਹੀਨੇ ਦੀ ਰਿਹਾਈ ਜਮਾਨਤ ਤੇ ਮਿਲੀ ਸੀ, ਓਹ ਆਪਣੇ ਖਾਵੰਦ ਨੂੰ ਬੜਾ ਹੀ ਪਿਆਰ ਕਰਨ ਲੱਗ ਪਈ ਸੀ ਤੇ ਮੁੜ ਜਦ ਅਦਾਲਤ ਵਿੱਚ ਪੇਸ਼ੀ ਸ਼ੁਰੂ ਹੋਈ ਸੀ ਉਨ੍ਹਾਂ ਦੋਹਾਂ ਦਾ ਆਪੇ ਵਿੱਚ ਬੜਾ ਹੀ ਪਿਆਰ ਪਇਆ ਹੋਇਆ ਸੀ, ਹੁਣ ਭਾਵੇਂ ਓਹਦੇ ਖਾਵੰਦ ਨੇ ਖੁਦ, ਤੇ ਓਹਦੇ ਸਹੁਰੇ, ਖਾਸ ਕਰ ਉਹਦੀ ਸੱਸ ਨੇ ਬੜਾ ਹੀ ਤ੍ਰਾਣ ਲਾਇਆ, ਤਾਂ ਵੀ ਓਹ **ਸਾਈਬੇਰੀਆ** ਵਿੱਚ ਜਲਾਵਤਨੀ ਤੇ ਮੁਸ਼ੱਕਤ ਸਖਤ ਦੀ ਸਜ਼ਾ ਪਾ ਚੁੱਕੀ ਸੀ । ਓਹ ਮਿਹਰਬਾਨ, ਖੁਸ਼ ਰਹਿਣੀ, ਤੇ ਸਦਾ ਹਸੂੰ ਹਸੂੰ ਕਰਦੀ **ਥੀਓਡੋਸੀਆ** ਨੇ ਆਪਣੇ ਤਖਤੇ ਦਾ ਬਿਸਤਰ **ਮਸਲੋਵਾ** ਨਾਲ ਡਾਹਿਆ ਹੋਇਆ ਸੀ ਤੇ ਇਹ ਓਹਦੀ ਇੰਨੀ ਚਾਹਵਾਨ ਹੋ ਗਈ ਹੋਈ ਸੀ ਕਿ ਇਹ ਆਪਣਾ ਇਕ ਫਰਜ਼ ਸਮਝਦੀ ਸੀ ਕਿ **ਮਸਲੋਵਾ** ਦਾ ਸਾਰਾ ਨਿੱਕਾ ਨਿੱਕਾ ਕੰਮ ਕਾਜ ਟਹਿਲ ਸੇਵਾ ਕਰ ਦਿਆ ਕਰੇ। ਦੋ ਹੋਰ ਤੀਮੀਆਂ ਆਪਣੇ ਆਪਣੇ ਤਖਤਿਆਂ ਉੱਪਰ ਬਿਨਾਂ ਕਿਸੀ ਕੰਮ ਕਰਨ ਦੇ ਬੈਠੀਆਂ ਹੋਈਆਂ ਸਨ। ਇਕ ਤਾਂ ਕੋਈ ਚਾਲੀ ਕੂ ਵਰਹਿਆਂ ਦੀ ਹੋਊ, ਪੀਲਾ ਪਤਲਾ ਜੇਹਾ ਓਹਦਾ ਮੂਹਾਂਦਰਾ, ਜਿਹੜਾ ਇਓਂ ਜਾਪ ਰਿਹਾ ਸੀ, ਕਦੀ ਬੜੀ

ਹੀ ਸੋਹਣੀ ਤੀਮੀ ਹੋ ਚੁੱਕੀ ਹੋਸੀ ਤੇ ਓਹ ਆਪਣਾ ਬੱਚਾ ਗੋਦ ਵਿੱਚ ਲਈ ਬੈਠੀ ਸੀ ਤੇ ਬੱਚਾ ਓਹਦਾ ਸੁੱਕੇ ਚਿੱਟੇ ਮੱਮੇ ਨੂੰ ਚੁੰਘ ਰਹਿਆ ਸੀ।

ਓਹਦਾ ਜੁਰਮ ਕੀ ਸੀ ? ਓਸ ਇਹ ਜੁਰਮ ਕੀਤਾ ਸੀ ਕਿ ਜਦ ਕਿਸਾਨ ਮੁੰਡੇ ਨੂੰ ਜਬਰਦਸਤੀ (ਕਿਸਾਨਾਂ ਦੇ ਆਪਣੇ ਖਿਆਲ ਅਨੁਸਾਰ ਜਿਹਨੂੰ ਫੌਜ ਵਿੱਚ ਭਰਤੀ ਲਈ ਬੇਕਾਨੂੰਨੀ ਤਰਾਂ ਜਬਰਦਸਤੀ) ਇਹਦੇ ਗਰਾਂ ਵਿੱਚੋਂ ਪਕੜ ਕੇ ਲੈ ਜਾ ਰਹੇ ਸਨ ਤੇ ਲੋਕਾਂ ਨੇ ਪੁਲਿਸ ਦੇ ਅਫਸਰ ਨੂੰ ਓਹਨੂੰ ਖੜਨ ਥੀਂ ਹੋੜ ਦਿੱਤਾ ਸੀ, ਇਸ ਤੀਮੀ ਨੇ ਜਿਹੜੀ ਉਸ ਲੜਕੇ ਦੀ ਜਿਹੜਾ ਧਿੰਗੋਜੋਰੀ ਪਕੜਿਆ ਜਾ ਰਹਿਆ ਸੀ ਚਾਚੀ ਸੀ, ਸਬ ਥੀਂ ਪਹਿਲਾਂ ਉਸ ਘੋੜੇ ਦੀ ਲਗਾਮ ਨੱਪ ਲਈ ਸੀ ਜਿਸ ਉੱਪਰ ਚੜ੍ਹਿਆ ਓਹ ਅਫਸਰ ਉਹਨੂੰ ਲਿਜਾ ਰਹਿਆ ਸੀ। ਦੂਜੀ ਤੀਮੀਂ ਜਿਹੜੀ ਬਿਨਾ ਕਿਸੀ ਕੰਮ ਕਰਨ ਦੇ ਬੈਠੀ ਹੋਈ ਸੀ ਇਕ ਬੜੀ ਨਰਮ ਦਿਲ ਚਿੱਟੇ ਸਿਰ ਵਾਲੀ ਬੁੱਢੀ ਸੀ ਜਿਹਦੀ ਕਮਰ ਕੁੱਬੀ ਹੋਈ ਹੋਈ ਸੀ। ਬੁਖਾਰੀ ਦੇ ਪਿੱਛੇ ਬਿਸਤਰੇ ਉੱਪਰ ਬੈਠੀ ਹੋਈ ਸੀ ਤੇ ਇਕ ਗੁਦਗੁਦੇ ਚਾਰ ਕੁ ਸਾਲ ਉਮਰ ਦੇ ਬਾਲਕ ਨੂੰ ਜਿਹੜਾ ਉਹਦੇ ਸਾਹਮਣੇ, ਅੱਗੇ ਪਿੱਛੇ ਖਿੜ ਖਿੜ ਹੱਸਦਾ ਖੇਡਦਾ ਦੌੜ ਰਹਿਆ ਸੀ, ਕੂੜ ਮੂੜ ਪਕੜਨ ਤੇ ਖਿਡਾਣ ਹਿਸਾਣ ਦੇ ਬਾਲ ਪ੍ਰਚਾਵੇ ਵਿੱਚ ਲੱਗੀ ਹੋਈ ਸੀ। ਇਸ ਲੜਕੇ ਨੇ ਇਕ ਛੋਟੀ ਜੇਹੀ ਕਮੀਜ ਪਾਈ ਹੋਈ ਸੀ। ਓਹਦੇ ਵਾਲ ਕਤਰੇ ਹੋਏ ਸਨ, ਜਦ ਓਹ ਬਾਲਕ ਬੁੱਢੀ ਦੇ ਸਾਹਮਣੇ ਦੀ ਦੌੜਦਾ ਲੰਘਦਾ ਸੀ ਓਹ ਇਹ ਕਹਿ ਜਾਂਦਾ ਸੀ

**"ਦੇਖਿਆ ਤੂੰ ਮੈਨੂੰ ਫੜ ਨਹੀਂ ਸੱਕਿਆ ਨਾ"।**

ਇਹ ਤੀਮੀ ਤੇ ਇਹਦਾ ਲੜਕਾ ਅੱਗ ਲਾਣ ਦੇ ਅਪ-ਰਾਧ ਵਿੱਚ ਫੜੇ ਦੋਸੀ ਕਰਾਰ ਦਿੱਤੇ ਗਏ ਸਨ। ਇਹ ਤੀਮੀ ਆਪਣੀ ਕੈਦ ਨੂੰ ਤਾਂ ਖਿੜੇ ਮੱਥੇ ਬਰਦਾਸ਼ਤ ਕਰ ਰਹੀ ਸੀ ਪਰ ਆਪਣੇ ਲੜਕੇ ਦੇ ਦੁਖ ਦਾ ਓਹਨੂੰ ਮੰਦਾ ਲਗਦਾ ਸੀ–ਤੇ ਖਾਸ ਕਰ ਜਦ ਓਹ ਆਪਣੇ "ਬੁੱਢੇ" ਦਾ ਧਿਆਨ ਕਰਦੀ ਸੀ ਉਹਨੂੰ ਬੜਾ ਫਿਕਰ ਹੁੰਦਾ ਸੀ, ਕਿਉਂਕਿ ਓਹਨੂੰ ਡਰ ਸੀ ਕਿ ਉਹ ਵਿਚਾਰਾ ਬੁੱਢਾ ਬਿਨਾ ਕਿਸੀ ਨਵ੍ਹਾਨ ਖੁਵਾਣ ਵਾਲੇ ਦੇ ਓਹਦੇ ਪਾਸ ਹੋਣ ਦੇ ਕਿਸੀ ਬੁਰੀ ਦਸ਼ਾ ਤੇ ਔਖ ਵਿੱਚ ਹੋਵੇਗਾ ਤੇ ਕਿਸ ਤਰਾਂ ਦਿਨ ਗੁਜ਼ਾਰਦਾ ਹੋਵੇਗਾ।

ਇਨ੍ਹਾਂ ਸੱਤਾਂ ਤੀਮੀਆਂ ਥੀਂ ਅੱਡ ਬਾਕੀ ਦੀਆਂ ਚਾਰ ਖੁੱਲ੍ਹੀਆਂ ਖਿੜਕੀਆਂ ਵਿੱਚ ਦੀ ਜਿਨ੍ਹਾਂ ਨੂੰ ਲੋਹੇ ਦੀਆਂ ਸਲਾਖਾਂ ਲੱਗੀਆਂ ਹੋਈਆਂ ਸਨ, ਲੋਹੇ ਦੀਆਂ ਸੀਖਾਂ ਨੂੰ ਫੜੀ ਖੜੀਆਂ ਸਨ। ਓਹ ਉਨ੍ਹਾਂ ਨਵੇਂ ਆਏ ਤੇ ਲੰਘਦੇ **ਕਾਨਵਿਕਟਾਂ** ਵਲ ਇਸ਼ਾਰੇ ਕਰ ਰਹੀਆਂ ਸਨ ਤੇ ਉਨ੍ਹਾਂ ਨੂੰ ਅਵਾਜ਼ਾਂ ਮਾਰ ਰਹੀਆਂ ਸਨ–ਜਿਹੜੇ **ਮਸਲੋਵਾ ਨੂੰ ਜੇਹਲ** ਵਿੱਚ ਵੜਦਿਆਂ ਮਿਲੇ ਸਨ ਤੇ ਜਿਹੜੇ ਉਸ ਵੇਲੇ ਅਹਾਤੇ ਵਿੱਚ ਦੀ ਅੱਗੇ ਜਾ ਰਹੇ ਸਨ। ਵੇਖਨ ਵਾਲੀਆਂ ਵਿੱਚੋਂ ਇਕ ਜਨਾਨੀ ਬੜੀ ਅਕਾਰ ਵਾਲੀ ਤੇ ਭਾਰੀ ਸੀ–ਉਹਦਾ ਬੜਾ ਫੂਲਿਆ ਹੋਇਆ ਜਿਸਮ, ਲਾਲ ਵਾਲ ਉਹਦੇ ਨੀਮ ਜ਼ਰਦ ਮੂੰਹ ਉੱਪਰ ਹੱਥਾਂ ਉੱਪਰ, ਓਹਦੀ ਮੋਟੀ ਗਰਦਨ ਜਿਹੜੀ ਓਹਦੇ ਕਾਲਰ ਦੇ ਵਿੱਚ ਦੀ ਬਾਹਰ ਵਧੀ ਨਿਕਲੀ ਦਿੱਸ ਰਹੀ ਸੀ, ਸਬ ਉੱਪਰ ਥਿੰਮ ਸਨ। ਇਸ ਨੇ ਉਨ੍ਹਾਂ ਨੂੰ ਬੜੀ ਉੱਚੀ ਸੁਰ ਵਿੱਚ ਬੜੀ ਗੰਦੀ ਜੇਹੀ ਗੱਲ ਕਹਿ ਕੇ ਕਰੱਖਤ ਤਰਾਂ ਹੱਸਣ

ਲੱਗ ਪਈ । ਇਹ ਤੀਮੀ ਚੋਰੀ ਲਈ ਕੈਦ ਕੱਟ ਰਹੀ ਸੀ । ਓਹਦੇ ਨਾਲ ਹੀ ਇਕ ਬੇਥੱਵੀ ਜੇਹੀ ਕਾਲੀ ਮਧਰੀ ਜਨਾਨੀ ਜਿਹਦੀ ਉਮਰ ੪੦ ਸਾਲ ਥੀਂ ਵਧ ਨਹੀਂ ਸੀ ਦਿੱਸਦੀ, ਕਮਰ ਵੱਡੀ ਲੰਮੀ ਤੇ ਜੰਘਾਂ ਬੜੀਆਂ ਹੀ ਛੋਟੀਆਂ, ਇਕ ਸੁਰਖ ਦਾਣਿਆਂ ਨਾਲ ਭਰਿਆ ਮੂੰਹ, ਅੱਖੀਆਂ ਹਿਠਾਹਾਂ ਕਿਧਰੇ ਲੱਥੀਆਂ ਹੋਈਆਂ, ਮੋਟੇ ਹੋਠ ਜਿਹੜੇ ਓਹਦੇ ਦੰਦਾਂ ਨੂੰ ਕਾਫੀ ਢੱਕ ਨਹੀਂ ਸਨ ਸੱਕਦੇ, ਇਹ ਵੀ ਅੱਗੇ ਅਹਾਤੇ ਵਿੱਚ ਜੋ ਹੋ ਰਿਹਾ ਸੀ ਦੇਖ ਦੇਖ ਇਕ ਕਰੀਚ ਜੇਹੀ ਨਾਲ ਹੱਸਣ ਲਗ ਪੈਂਦੀ ਸੀ । ਇਸ ਉੱਪਰ ਚੋਰੀ ਤੇ ਅੱਗ ਲਾਉਣ ਦੇ ਲੱਗੇ ਅਪ ਾਧਾਂ ਦਾ ਮੁਕੱਦਮਾ ਹਾਲੇਂ ਚੱਲਣਾ ਸੀ । ਸਾਰਿਆਂ ਨੇ ਇਹਨੂੰ ਇਕ ਨਿੱਕਾ ਨਾਂ ਦਿੱਤਾ ਹੋਇਆ ਸੀ–**ਹੋਰੋਸ਼ਾਵਕਾ** ਤੇ ਇਹ ਨਾਂ ਇਸ ਲਈ ਦਿੱਤਾ ਹੋਇਆ ਸੀ, ਕਿਉਂਕਿ ਇਹਨੂੰ ਗਹਿਣਿਆਂ ਕੱਪੜਿਆਂ ਦਾ ਸ਼ੌਕ ਸੀ । ਓਹਦੇ ਪਿੱਛੇ ਇਕ ਬੜੀ ਮੈਲੀ ਭੂਰੇ ਰੰਗ ਦੀ ਕਮੀਜ ਵਾਲੀ ਇਕ ਪਤਲੀ ਦੁਖੀ ਮੁਹਾਂਦਰੇ ਵਾਲੀ ਤੀਮੀ ਖੜੀ ਸੀ, ਇਹ ਗਰਭਵਤੀ ਸੀ ਤੇ ਚੋਰੀ ਦੇ ਅਪਰਾਧ ਲਈ ਇਹਦੀ ਅਦਾਲਤ ਹਾਲੇਂ ਹੋਣੀ ਸੀ । ਇਹ ਤੀਮੀ ਚੁੱਪ ਖੜੀ ਸੀ ਤੇ ਕੁਛ ਮੁਸਕਰਾ ਰਹੀ ਸੀ ਤੇ ਇਹ ਵੀ ਜੋ ਕੁਛ ਸਾਹਮਣੇ ਹੇਠਾਂ ਹੋ ਰਹਿਆ ਸੀ ਵੇਖ ਵੇਖ ਖੁਸ਼ ਹੁੰਦੀ ਸੀ ਤੇ ਜਾਣ ਰਹੀ ਸੀ ਕਿ ਸਬ ਕੁਛ ਠੀਕ ਹੋ ਰਹਿਆ ਹੈ । ਇਨ੍ਹਾਂ ਨਾਲ ਹੀ ਇਕ ਹੋਰ ਬੜੇ ਉਭਰੇ ਹੋਏ ਆਨਿਆਂ ਵਾਲੀ ਖੂਬ ਤਕੜੀ ਮੋਟੀ ਜੱਟੀ ਖੜੀ ਸੀ । ਇਹਦਾ ਮੂੰਹ ਬੜਾ ਹੀ ਪਿਆਰ ਵਾਲਾ ਸੀ । ਇਹ ਉਸ ਬਾਲਕ ਦੀ ਮਾਂ ਸੀ ਜਿਹੜਾ ਉਸ ਬੁੱਢੀ ਨਾਲ ਖੇਡ ਰਹਿਆ ਸੀ, ਤੇ ਨਾਲੇ ਇਹਦੀ ਇਕ ਸੱਤ ਸਾਲ ਦੀ ਲੜਕੀ ਵੀ ਸੀ । ਇਹ ਇਹਦੇ ਦੋਵੇਂ ਬੱਚੇ ਇਸ

ਨਾਲ ਹੀ ਇਸ ਵਾਸਤੇ ਕੈਦ ਸਨ ਕਿ ਇਹਦੇ ਕੈਦਖਾਨੇ ਵਿੱਚ ਚਲੇ ਆਣ ਕਰਕੇ ਉਨ੍ਹਾਂ ਨੂੰ ਦੇਖਣ ਭਾਲਣ ਵਾਲਾ ਪਿੱਛੇ ਕੋਈ ਨਹੀਂ ਸੀ ਰਹਿਆ। ਇਹ ਤੀਮੀ ਨਾਜਾਇਜ਼ ਸ਼ਰਾਬ ਵੇਚਣ ਦੇ ਅਪਰਾਧ ਵਿੱਚ ਕੈਦ ਕੱਟ ਰਹੀ ਸੀ। ਇਹ ਉਸ ਖਿੜਕੀ ਥੀਂ ਕੁਛ ਪਰੇ ਹਟ ਕੇ ਖੜੀ ਸੀ ਤੇ ਜੁਰਾਬ ਉਣ ਰਹੀ ਸੀ। ਭਾਵੇਂ ਇਹ ਹੋਰਨਾਂ ਤੀਮੀਆਂ ਦੇ ਲਫ਼ਜ਼ ਸੁਣ ਰਹੀ ਸੀ ਪਰ ਆਪਣਾ ਸਿਰ ਮਾਰ ਰਹੀ ਸੀ ਕਿ ਜੋ ਕੁਛ ਵੀ ਓਹ ਕਰ ਰਹੀਆਂ ਸਨ, ਠੀਕ ਨਹੀਂ। ਓਹ ਮੱਥੇ ਤੇ ਵੱਟ ਪਾਂਦੀ ਸੀ ਤੇ ਅੱਖਾਂ ਬੰਦ ਕਰ ਲੈਂਦੀ ਸੀ, ਪਰ ਓਹਦੀ ਸੱਤ ਸਾਲ ਦੀ ਲੜਕੀ ਜਿਹਦੇ ਸਣ ਵਰਗੇ ਵਾਲ ਖੁੱਲ੍ਹੇ ਸਨ, ਨਿੱਕੀ ਜੇਹੀ ਕਮੀਜ ਪਾਈ ਆਪਣੀ-ਆਂ ਨੀਲੀਆਂ ਅੱਖਾਂ ਅਝਮਕ ਖੋਲ੍ਹੀਆਂ, ਉਸ ਲਾਲ ਵਾਲਾਂ ਵਾਲੀ ਤੀਮੀ ਦੀ **ਸਕਰਟ** ਫੜੀ ਖੜੀ ਸੀ ਤੇ ਬੜੇ ਧਿਆਨ ਨਾਲ ਓਹ ਗੰਦੀਆਂ ਗਾਲਾਂ ਆਦਿ ਸੁਣ ਰਹੀ ਸੀ ਜਿਹੜੀਆਂ ਓਹ ਤੀਮੀਆਂ ਤੇ ਲੰਘ ਰਹੇ **ਕਾਨਵਿਕਟ** ਆਪੇ ਵਿੱਚ ਕੱਢੀ ਜਾਂਦੇ ਸਨ ਤੇ ਇਹ ਅਭੋਲ ਲੜਕੀ ਉਨ੍ਹਾਂ ਗਾਲਾਂ ਨੂੰ ਦੁਹਰਾ ਦੁਹਰਾ ਕੇ ਪਕਾ ਰਹੀ ਸੀ ਜਿਵੇਂ ਜਬਾਨੀ ਆਪਣਾ ਕੋਈ ਸਬਕ ਯਾਦ ਕਰ ਰਹੀ ਸੀ।

ਬਾਹਰਵੀਂ ਕੈਦਣ, ਬਾਹਰ ਵਲ ਜੋ ਕੁਛ ਹੋ ਰਹਿਆ ਸੀ ਕੋਈ ਧਿਆਨ ਨਹੀਂ ਸੀ ਦੇ ਰਹੀ, ਇਕ ਪਾਦਰੀ ਦੀ ਲੜਕੀ ਸੀ। ਇਹ ਕੁੜੀ ਬੜੀ ਲੰਮੀ ਗਹਰ ਗੰਭੀਰ ਰਾਣੀ ਕੁੜੀ ਸੀ। ਇਸ ਨੇ ਆਪਣਾ ਨਵਾਂ ਜੰਮਿਆ ਬੱਚਾ ਖੂਹ ਵਿੱਚ ਡੋਬ ਕੇ ਮਾਰ ਦਿੱਤਾ ਸੀ। ਇਹ ਇਕ ਕਮੀਜ ਪਾਈ ਅੱਗੇ ਪਿੱਛੇ ਨੰਗੇ ਪੈਰ ਟਹਿਲ ਰਹੀ ਸੀ। ਉਹਦੇ ਸੋਹਣੇ ਕੇਸਾਂ ਦੀਆਂ ਛੋਟੀਆਂ ਪਰ

ਘਣੇ ਵਾਲਾਂ ਵਾਲੀਆਂ ਪੱਟੀਆਂ ਖੁੱਲ੍ਹੀਆਂ ਹੋਈਆਂ ਸਨ ਤੇ ਉਹਦੀਆਂ ਬਿਖਰੀਆਂ ਜ਼ੁਲਫਾਂ ਅੱਗੇ ਪਿੱਛੇ ਲਟਕ ਰਹੀਆਂ ਸਨ। ਬਿਨਾ ਕਿਸੀ ਹੋਰ ਵਲ ਵੇਖੇ ਦੇ ਉਹ ਕਮਰੇ ਦੀ ਖੁੱਲ੍ਹੀ ਥਾਂ ਤੇ ਉੱਪਰ ਤਲੇ ਟਹਿਲ ਰਹੀ ਸੀ ਤੇ ਜਦ ਦੀਵਾਰ ਸਾਹਮਣੇ ਆ ਜਾਂਦੀ ਸੀ ਉਹ ਮੁੜ ਪੈਂਦੀ ਸੀ।

## ਕਾਂਡ ੩੧

ਜਦ ਜੰਦਰੇ ਦੇ ਖੁੱਲ੍ਹਣ ਦਾ ਖੜਾਕ ਹੋਇਆ ਬੂਹਾ ਖੁਲਾ ਤੇ **ਮਸਲੋਵਾ** ਕੋਠੜੀ ਵਿੱਚ ਪਹੁੰਚੀ ਤਦ ਸਾਰੀਆਂ ਦਾ ਧਿਆਨ ਉਸ ਵਲ ਮੁੜਿਆ। ਉਹ ਪਾਦਰੀ ਦੀ ਲੜਕੀ ਵੀ ਪਲ ਦੀ ਪਲ ਠਹਿਰ ਗਈ, ਤੇ ਭਰਵੱਟੇ ਉਤਾਂਹ ਕਰਕੇ **ਮਸਲੋਵਾ** ਨੂੰ ਵੇਖਣ ਲਗ ਗਈ, ਪਰ ਬਿਨਾਂ ਬੋਲੇ ਦੇ ਉਹ ਮੁੜ ਉੱਪਰ ਤਲੇ ਬੜੇ ਜੋਰ ਜੋਰ ਦੇ ਕਦਮ ਪਾ ਕੇ ਟਹਿਲਣ ਲੱਗ ਪਈ।

**ਕੋਰਾਬਲੈਵਾ** ਨੇ ਆਪਣੀ ਸੂਈ ਉਸ ਭੂਰੇ ਥੈਲੇ ਵਿੱਚ ਹੀ ਟੂੰਗ ਦਿੱਤੀ ਤੇ ਆਪਣੀਆਂ ਐਨਕਾਂ ਵਿੱਚ ਦੀ **ਮਸਲੋਵਾ** ਇਕ ਪੁਛ ਕਰਦੀ ਨਿਗਾਹ ਨਾਲ ਵੇਖਣ ਲੱਗ ਨੂੰ ਗਈ।

"ਊਈ–ਓ ਮਾਲਕਾ! ਤੂੰ ਮੁੜ ਆਈ ਹੈਂ ? ਮੈਨੂੰ ਤਾਂ ਪੂਰਾ ਪੂਰਾ ਨਿਸਚਾ ਸੀ ਕਿ ਤੂੰ ਅੱਜ ਬਰੀ ਹੋ ਜਾਸੇਂ ਆਖਰ ਤੂੰ ਵੀ ਸਜਾ ਪਾ ਆਈ ਹੈਂ ?" ਉਸ ਆਪਣੇ ਕਰਖੱਤ ਮਰਦਾਵੀਂ ਮੋਟੀ ਅਵਾਜ ਨਾਲ ਕਹਿਆ ਤੇ ਐਨਕਾਂ ਲਾਹ ਦਿੱਤੀਆਂ ਤੇ ਆਪਣਾ ਕੰਮ ਤਖਤੇ ਦੇ ਬਿਸਤਰੇ ਉੱਪਰ ਇਕ ਪਾਸੇ ਧਰ ਦਿੱਤਾ।

"ਤੇ ਇੱਥੇ ਬੁੱਢੀ ਚਾਚੀ ਤੇ ਮੈਂ ਆਪ ਵਿੱਚ ਕਹਿ ਰਹੀਆਂ ਸਾਂ, ਕਿ ਕਿਉਂ ਇਹ ਠੀਕ ਹੀ ਹੋਊ ਕਿ ਓਹ ਓਹਨੂੰ ਅੱਜ ਬਰੀ ਕਰ ਦੇਣਗੇ, ਲੋਕੀ ਕਹਿੰਦੇ ਹਨ ਇਹ ਵੀ ਹੋ ਜਾਂਦਾ ਹੈ, ਬਾਹਜਿਆਂ ਨੂੰ ਰੁਪਏ ਵੀ ਮਿਲ ਜਾਂਦੇ ਹਨ,

ਇਹ ਸਭ ਕਿਸਮਤ ਦੇ ਕੜਛੇ ਨੇ," ਉਸ ਰੇਲ ਦੇ ਚੌਕੀਦਾਰ ਦੀ ਵਹੁਟੀ ਨੇ ਇਉਂ ਆਪਣਾ ਰਾਗ ਛੋਹ ਦਿੱਤਾ, "ਤੇ ਜਰਾ ਵੇਖੋ ਅਸਲਾਂ ਹੋਇਆ ਕੀ ? ਸਾਰਿਆਂ ਦੇ ਕਿਆਸ ਗਲਤ ਨਿਕਲੇ, ਰੱਬ ਦੀ ਮਰਜ਼ੀ ਹੋਰ ਸੀ, ਹਾਏ ਓ ਕੁੜੀਏ !" ਓਹ ਆਪਣੀ ਖੁਸ਼ ਸੁਰ ਵਿੱਚ ਕਹੀ ਚਲੀ ਗਈ ।

"ਹੈਂ ! ਕੀ ਇਹ ਮੁਮਕਿਨ ਹੈ ? ਉਨਾਂ ਨੇ ਤੈਨੂੰ ਸਜ਼ਾ ਹੀ ਦੇ ਦਿੱਤੀ ਹੈ ?"

**ਥੀਓਡੋਸੀਆ** ਨੇ ਪੁਛਿਆ, ਤੇ ਇਕ ਦਰਦ ਭਰੇ ਫਿਕਰ ਨਾਲ ਉਹ ਬੋਲੀ ਤੇ ਆਪਣੀਆਂ ਨੀਮ ਨੀਲੀਆਂ ਤੇ ਬੱਚਿਆਂ ਵਾਲੀਆਂ ਅਜਾਣੀਆਂ ਅੱਖਾਂ ਨਾਲ **ਮਸਲੋਵਾ** ਨੂੰ ਵੇਖਣ ਲੱਗ ਗਈ, ਉਹਦਾ ਚਮਕਦਾ ਮੂੰਹ ਪੀਲਾ ਪੈ ਗਇਆ ਤੇ ਰੋਣਹਾਕਲੀ ਹੋ ਗਈ ।

**ਮਸਲੋਵਾ** ਨੇ ਉੱਤਰ ਕੋਈ ਨਾ ਦਿੱਤਾ ਪਰ ਆਪਣੀ ਥਾਂ ਤੇ ਚਲੀ ਗਈ, ਸਿਰੇ ਥੀਂ ਦੂਜੇ ਤਖਤੇ ਦੇ ਬਿਸਤਰੇ ਉੱਪਰ **ਕੋਰਾਬਲੈਵਾ** ਪਾਸ ਬਹਿ ਗਈ ।

**ਥੀਓਡੋਸੀਆ** ਵੀ ਉਹਦੇ ਲਾਗੇ ਆ ਕੇ ਪੁੱਛਣ ਲੱਗੀ, "ਤੂੰ ਕੁਛ ਖਾਧਾ ਵੀ ਹੈ ਕਿ ਨਹੀਂ ?"

**ਮਸਲੋਵਾ** ਨੇ ਕੁਛ ਉੱਤਰ ਨ ਦਿੱਤਾ, ਪਰ ਆਪਣੇ ਬਿਸਤਰੇ ਉੱਪਰ ਬਹਿ ਕੇ ਰੋਟੀ ਦੇ ਰੋਲ ਰੱਖ ਕੇ ਆਪਣਾ ਮਿੱਟੀਆਲੇ ਰੰਗ ਦਾ ਵੱਡਾ ਕੋਟ ਲਾਹਿਆ, ਤੇ ਆਪਣਾ ਕੁੰਡਲਾਂ ਵਾਲੇ ਕੇਸਾਂ ਥੀ ਰੋਮਾਲ ਵੀ ਲਾਹ ਧਰਿਆ । ਓਹ

ਬੁੱਢੀ ਜਨਾਨੀ ਜਿਹੜੀ ਬਾਲ ਨਾਲ ਖੇਡ ਰਹੀ ਸੀ ਆਈ ਤੇ **ਮਸਲੋਵਾ** ਦੇ ਅੱਗੇ ਖੜੀ ਹੋ ਗਈ, "ਤਸ ! ਤਸ ! ਤਸ," ਉਸ ਆਪਣੀ ਜਬਾਨ ਨੂੰ ਤਾਲੂ ਨਾਲ ਮਚਕਾ ਕੇ ਕਿਹਾ ਤੇ ਬੜੇ ਦਰਦ ਤੇ ਅਫਸੋਸ ਵਿੱਚ ਸਿਰ ਫੇਰਨ ਲੱਗ ਗਈ। ਓਹ ਬਾਲਕ ਵੀ ਓਸ ਪਾਸ ਆ ਗਇਆ ਤੇ ਆਪਣਾ ਉਪਰਲਾ ਹੋਠ ਕੁਛ ਕੱਢ ਕੇ **ਮਸਲੋਵਾ**, ਜਿਹੜੀ ਰੋਟੀ ਦੇ ਰੋਲ ਲਿਆਈ ਸੀ, ਵਲ ਪੂਰੀਆਂ ਅੱਖਾਂ ਉਘਾੜ ਕੇ ਵੇਖਣ ਲੱਗ ਗਇਆ। ਉਸ ਦਿਨ ਜੋ ਕੁਛ ਉਸ ਨਾਲ ਬੀਤੀਆਂ ਸੀ, ਉਹਦਾ ਸਾਰਾ ਗੁਬਾਰ ਉਹਦੇ ਅੰਦਰ ਸੀ ਤੇ ਇੰਨੇ ਸਾਰੇ ਮੂੰਹ ਜਦ ਸਾਰੇ ਉਸ ਵਲ ਹਮਦਰਦੀ ਨਾਲ ਵੇਖਣ ਲੱਗ ਪਏ, ਤਦ ਓਹਦੇ ਹੋਠ ਆਣ ਕੰਬਣ ਲੱਗ ਪਏ ਤੇ ਰੋਣਹਾਕਲੀ ਹੋ ਗਈ ਤੇ ਆਪਣੇ ਉੱਪਰ ਓਸ ਜ਼ਬਤ ਕਰਕੇ ਓਹ ਹੁਣ ਤੱਕ ਰੁਕੀ ਹੋਈ ਸੀ। ਪਰ ਜਦ ਓਹ ਬੁੱਢੀ ਤੇ ਬਾਲਕ ਆਏ, ਤਦ ਓਸ ਪਾਸੋਂ ਨ ਰਹਿਆ ਗਇਆ। ਜਦ ਹੀ ਓਸ ਨੇ ਬੁੱਢੀ ਦੀ ਜੀਭ ਤਾਲੂ ਨਾਲ ਮਚਕਾ ਕੇ "ਤਸ ! ਤਸ ! ਤਸ" ਸੁਣਿਆ ਤੇ ਬਾਲਕ ਦੀਆਂ ਓਹੋ ਭੋਲੀਆਂ ਭਾਲੀਆਂ ਅੱਖਾਂ ਫਿਕਰਮੰਦ ਜਹੀਆਂ ਹੋ ਕੇ ਰੋਟੀ ਵਲੋਂ ਉੱਠ ਕੇ ਉਸ ਵਲ ਨੀਝ ਲਾਕੇ ਤੱਕਣ ਲੱਗ ਗਈਆਂ ਓਹ ਰਹਿ ਨ ਸੱਕੀ, ਓਹਦਾ ਮੂੰਹ ਸਾਰਾ ਥਰ ਥਰ ਕੰਬਿਆ ਤੇ ਓਹਦੀਆਂ ਭੁੱਬਾਂ ਨਿਕਲ ਗਈਆਂ।

"ਮੈਂ ਤੈਨੂੰ ਆਖਿਆ ਸੀ ਕਿ ਚੰਗਾ ਵਕੀਲ ਕਰੀਂ," ਕੋਰਾਬਲੇਵਾ ਨੇ ਕਹਿਆ "ਭਲਾ ਸਜ਼ਾ ਕੀ ਹੋਈ ? ਜਲਾ-ਵਤਨੀ ! **ਸਾਈਬੇਰੀਆ** ?"

**ਮਸਲੋਵਾ** ਜਵਾਬ ਨ ਦੇ ਸੱਕੀ, ਪਰ ਆਪਣੀ ਰੋਟੀ

ਦੇ ਰੋਲ ਵਿੱਚੋਂ ਓਸ ਨੇ ਸਿਗਰਟ ਦੀ ਡੱਬੀ ਕੱਢੀ। ਇਸ ਡੱਬੀ ਉਪਰ ਇਕ ਲਾਲ ਲਾਲ ਮੂੰਹ ਵਾਲੀ ਤੀਮੀਂ ਦੀ ਤਸਵੀਰ ਪਈ ਹੋਈ ਸੀ, ਜਿਸ ਦਾ ਵਾਲਾਂ ਦਾ ਜੂੜਾ ਉੱਚਾ ਕੀਤਾ ਹੋਇਆ ਸੀ, ਤੇ ਪੋਸ਼ਾਕ ਬੜੀ ਨੀਵੀਂ ਸੀ ਤੇ ਓਹ ਅੱਧੀ ਨੰਗੀ ਸੀ। **ਮਸਲੋਵਾ** ਨੇ ਓਹ ਡੱਬੀ **ਕੋਰਾਬਲੈਵਾ** ਨੂੰ ਫੜਾਈ। **ਕੋਰਾਬਲੈਵਾ** ਨੇ ਵੇਖ ਕੇ ਸਿਰ ਫੇਰਿਆ ਖਾਸ ਇਸ ਕਰਕੇ ਕਿ ਓਹਨੂੰ ਪਸੰਦ ਨਹੀਂ ਸੀ ਕਿ **ਮਸਲੋਵਾ** ਆਪਣੇ ਰੁਪਏ ਇਨ੍ਹਾਂ ਚੀਜ਼ਾਂ ਉੱਪਰ ਫ਼ਜ਼ੂਲ ਜਾਇਆ ਕਰੇ। ਪਰ ਉਸ ਇਸ ਵਿੱਚੋਂ ਆਪਣੇ ਲਈ ਇਕ ਸਿਗਰਟ ਕੱਢ ਲਇਆ, ਬਲਦੇ ਦੀਵੇ ਦੀ ਲਾਟ ਉੱਪਰੋਂ ਬਾਲ ਲਇਆ, ਇਕ ਸੂਟਾ ਲਾਇਆ ਤੇ **ਮਸਲੋਵਾ** ਦੇ ਹੱਥ ਵਿੱਚ ਤਕਰੀਬਨ ਜੋਰੀ ਜੋਰੀ ਫੜਾ ਦਿੱਤੀ। **ਮਸਲੋਵਾ** ਹਾਲੇਂ ਰੋ ਹੀ ਰਹੀ ਸੀ, ਪਰ ਸਿਗਰਟ ਪੀਣ ਲੱਗ ਪਈ। "ਸਖਤ ਮੁਸ਼ੱਕਤ ਤੇ ਜਲਾਵਤਨੀ," ਓਸ ਧੂੰਆਂ ਮੂੰਹ ਵਿੱਚੋਂ ਬਾਹਰ ਕੱਢ ਕੇ ਕਹਿਆ ਤੇ ਡੁਸਕਣ ਲੱਗ ਪਈ।

"ਇਨ੍ਹਾਂ ਬੇਈਮਾਨਾਂ, ਬਦਮਾਸ਼ਾਂ, ਰੂਹ ਦੇ ਕਾਤਲਾਂ ਨੂੰ ਰੱਬ ਦਾ ਭੈ ਵੀ ਨਹੀਂ ਆਉਂਦਾ!" **ਕੋਰਾਬਲੈਵਾ** ਨੇ ਕਿਹਾ, "ਕੁੜੀ ਨੂੰ ਜਲਾਵਤਨ ਕਰ ਦਿੱਤਾ ਨੇ," ਇਸ ਵਕਤ ਉਨ੍ਹਾਂ ਤੀਮੀਆਂ ਥੀਂ ਜੋ ਬਾਰੀਆਂ ਵਿੱਚ ਖੜੀਆਂ ਸਨ ਇਕ ਉੱਚੇ ਤੇ ਖਹੁਰੇ ਹਾਸੇ ਦੀ ਆਵਾਜ਼ ਆਈ। ਓਹ ਛੋਟੀ ਕੁੜੀ ਵੀ ਹਸ ਪਈ ਤੇ ਓਹਦੇ ਬਰੀਕ ਗਲੇ ਦੀਆਂ ਹਿਲੀਆਂ

ਤਰਬਾਂ ਦੀ ਮਹੀਨ ਆਵਾਜ਼ ਦਾ ਹਾਸਾ ਦੂਸਰੀਆਂ ਦੀਆਂ ਕਰੀਚਦੇ, ਬੈਠੇ, ਚੀਕਦੇ, ਮੋਟੇ ਗਲਿਆਂ ਦੀ ਕਰੱਖਤ ਆਵਾਜ਼ ਨਾਲ ਮਿਲ ਰਹਿਆ ਸੀ। ਗੱਲ ਇਹ ਹੋਈ ਸੀ ਬਾਹਰ ਅਹਾਤੇ ਵਿੱਚ ਕਿਸੀ **ਕਾਨਵਿਕਟ** ਨੇ ਕੁਛ ਐਸੀ ਭੇੜੀ ਹਰਕਤ ਕੀਤੀ ਸੀ ਜਿਸਨੂੰ ਵੇਖ ਕੇ ਇਹ ਸਾਰੀਆਂ ਹੱਸ ਪਈਆਂ ਸਨ।

"ਵੇਖੋ! ਮੁਨਿਆ ਕੁੱਤਾ ਕੀ ਕਰ ਰਿਹਾ ਹੈ," ਓਸ ਲਾਲ ਵਾਲਾਂ ਵਾਲੀ ਤੀਮੀ ਨੇ ਕਹਿਆ, ਤੇ ਉਹਦਾ ਸਾਰਾ ਮੋਟਾ ਜਿਸਮ ਹਾਸੇ ਨਾਲ ਕੰਬ ਰਹਿਆ ਸੀ, ਤੇ ਓਸ ਖਿੜਕੀ ਦੀਆਂ ਸੀਖਾਂ ਨਾਲ ਢੋਹ ਲਾਕੇ ਕੋਈ ਬੇਮਹਨੇ ਪਰ ਗੰਦੇ ਤੇ ਫੁਹਸ਼ ਲਫਜ਼ ਕਹੇ।

"ਉਫ! ਇਸ ਮੋਟੀ ਚੁੜੇਲ ਦਾ ਬਤਖਾਂ ਵਾਂਗ ਕਾਂ ਕਾਂ ਕਰਨਾਂ, ਇਹ ਕਿਸ ਗੱਲ ਉੱਪਰ ਇੰਨੀ ਹੱਸ ਰਹੀ ਹੈ?" **ਕੋਰਾਬਲੈਵਾ** ਨੇ ਕਹਿਆ ਤੇ ਮੁੜ **ਮਸਲੋਵਾ** ਵੱਲ ਵੇਖਣ ਲੱਗ ਗਈ "ਕਿੰਨੇ ਸਾਲ?" ਓਸ ਪੁੱਛਿਆ।

"ਚਾਰ" **ਮਸਲੋਵਾ** ਨੇ ਕਹਿਆ ਤੇ ਅਥਰੂ ਇੰਨੇ ਚਲ ਰਹੇ ਸਨ ਕਿ ਇਕ ਮੋਟਾ ਜੇਹਾ ਓਹਦੇ ਸਿਗਰਟ ਉੱਪਰ ਪੈ ਗਇਆ, ਉਸ ਗੁੱਸੇ ਜੇਹੇ ਵਿੱਚ ਸਿਗਰਟ ਨੂੰ ਮਰੋੜ ਮਰਾੜ ਭੁੰਜੇ ਸੁਟ ਦਿੱਤਾ ਤੇ ਦੂਆ ਚਕ ਲਇਆ।

ਭਾਵੇਂ ਰੇਲ ਦੇ ਚੌਂਕੀਦਾਰ ਦੀ ਵਹੁਟੀ ਤਮਾਕੂ ਨਹੀਂ ਸੀ ਪੀਂਦੀ ਤਾਂ ਵੀ ਓਸ ਨੇ ਮਰੋੜਿਆ ਮਰਾੜਿਆ ਸਿਰਗਟ ਚੁਕ ਲਇਆ ਤੇ ਓਹਨੂੰ ਹੱਥਾਂ ਨਾਲ ਸਿੱਧਾ ਵੀ ਕਰਦੀ ਤੇ ਗੱਲਾਂ ਦੀ ਤਾਰ ਵੀ ਜਾਰੀ ਰੱਖੀ ਜਾਂਦੀ ਸੀ।

"ਓਹ ਕੁੜੀਏ ! ਹੁਣ ਸੱਚ ਹੀ ਹੋਇਆ ਨਾ," ਓਸ ਕਹਿਆ "ਕਿ ਸੱਚ ਤਾਂ ਕੁਤਿਆਂ ਨੂੰ ਸੁਟਿਆ ਤੇ ਇਹ ਲੋਕੀ ਜੋ ਚਾਹੁਣ ਕਰ ਗੁਜਰਦੇ ਹਨ, ਅਸੀਂ ਤਾਂ ਇਹ ਮਿੱਥ ਰਹੇ ਸਾਂ ਕਿ ਇਹ ਸਾਫ ਬਰੀ ਹੋ ਜਾਸੀ, **ਕੋਰਾਬਲੈਵਾ** ਵੀ ਇਹੋ ਕਹਿੰਦੀ ਸੀ "ਇਹ ਬਰੀ ਹੋ ਜਾਸੀ", "ਨਹੀਂ" ਮੈਂ ਕਹਿੰਦੀ ਸਾਂ ਨਾਂ, "ਨਹੀਂ ਪਿਆਰੀਏ। ਮੇਰਾ ਦਿਲ ਸ਼ਾਹਦੀ ਦਿੰਦਾ ਸੀ ਕਿ ਇਹਨੂੰ ਫਾਹ ਦੇਣਗੇ ਤੇ ਉਹੋ ਹੀ ਹੋਇਆ ਨਾਂ," ਉਹ ਬੋਲੀ ਚਲੀ ਗਈ, ਸਾਫ ਸੀ ਕਿ ਉਹਨੂੰ ਆਪਣੇ ਬੋਲ ਸੁਣਨ ਦਾ ਅਨੰਦ ਆ ਰਹਿਆ ਸੀ।

ਓਹ ਤੀਮੀਆਂ ਜੋ ਬਾਰੀਆਂ ਵਿੱਚ ਖੜੀਆਂ ਸਨ, ਓਹ ਵੀ ਹੁਣ **ਮਸਲੋਵਾ** ਵੱਲ ਆ ਗਈਆਂ ਸਨ ਕਿਉਂਕਿ **ਕਾਨ-ਵਿਕਟ** ਲੰਘ ਗਏ ਸਨ ਜਿਨ੍ਹਾਂ ਨੂੰ ਵੇਖ ਵੇਖ ਓਹ ਆਪਣਾ ਮਨ ਪਰਚਾ ਰਹੀਆਂ ਸਨ। ਪਹਿਲਾਂ ਜੋ ਆਈ ਉਹ ਸੀ ਜਿਹੜੀ ਨਾਜਾਇਜ਼ ਸ਼ਰਾਬ ਵੇਚਣ ਲਈ ਕੈਦੀ ਸੀ ਤੇ ਓਹਦੀ ਲੜਕੀ ਵੀ ਉਸ ਨਾਲ ਸੀ।

"ਇੰਨੀ ਸਖਤ ਸਜ਼ਾ ਕਿਓਂ ?" **ਮਸਲੋਵਾ** ਪਾਸ ਬਹਿ ਕੇ ਉਸ ਪਾਸੋਂ ਪੁੱਛਣ ਲਗੀ ਤੇ ਤੇਜੀ ਨਾਲ ਜੁਰਾਬ ਉਣੀ ਵੀ ਜਾਂਦੀ ਸੀ।

"ਕਿਉਂ ਇੰਨੀ ਸਖਤ ? ਇਸ ਵਾਸਤੇ ਕਿ ਰੁਪਏ ਨਹੀਂ ਸਨ, ਬੱਸ ਇਹੋ ਸਬੱਬ ਜੋ ਰੁਪਏ ਹੁੰਦੇ ਤੇ ਚੰਗਾ ਲੜਨ ਵਾਲਾ ਵਕੀਲ ਖਲੋ ਜਾਂਦਾ, ਤਦ ਇਹ ਬਰੀ ਹੋ ਜਾਂਦੀ ਇਸ ਗੱਲ ਦੇ ਕਹਿਣ ਵਿਚ ਕੀ ਡਰ ਹੈ," **ਕੋਰਾਬਲੈਵਾ** ਬੋਲੀ "ਓਹ

ਹੈ ਨਾਂ ਜਿਹਦਾ ਨਾਂ ਨਹੀਂ ਆਉਂਦਾ ਉਹ ਵਾਲਾਂ ਵਾਲਾ, ਲੰਮੇ ਨੱਕ ਵਾਲਾ, ਜੇ ਉਹ ਖੜਾ ਹੋ ਜਾਂਦਾ ਉਹ ਇਸ ਕੋਲਤਾਰ ਦੇ ਚਿੱਕੜ ਵਿਚੋਂ ਤੈਨੂੰ ਸਾਫ ਕੱਢ ਲੈਂਦਾ, ਹਾਏ, ਜੇ ਕਿਧਰੇ ਓਹਨੂੰ ਵਕੀਲ ਕਰ ਲੈਂਦੀ!"

"ਹਾਂ ਓਹ ਠੀਕ ਬਰੀ ਕਰਾ ਦਿੰਦਾ" ਹੋਰੋਸ਼ਾਵਕਾ ਆਪਣੇ ਦੰਦ ਕੱਢ ਕੇ ਤੇ ਓਸ ਪਾਸ ਬਹਿ ਕੇ ਬੋਲੀ, "ਕਿਓਂ! ਓਹ ਤਾਂ ਬਿਨਾਂ ੧੦੦੦ ਰੂਬਲ ਲਏ ਦੇ ਕਿਸੀ ਉੱਪਰ ਥੁੱਕੇ ਵੀ ਨਾਂਹ ਆਰ!"

"ਦਿੱਸਦਾ ਹੈ ਕਿ ਤੂੰ ਜੰਮੀ ਹੀ ਭੈੜੇ ਨਛੱਤ੍ਰ ਸੈਂ," ਓਹ ਬੁੱਢੀ ਬੋਲੀ ਜਿਹੜੀ ਅੱਗ ਲਾਣ ਦੇ ਅਪਰਾਧ ਵਿੱਚ ਕੈਦ ਸੀ। "ਜਰਾ ਸੋਚੋ! ਮੇਰੀ ਨੂੰਹ ਨੂੰ ਤਾਂ ਉਧਾਲ ਕੇ ਕੋਈ ਲੈ ਜਾਵੇ, ਤੇ ਉਲਟਾ ਮੇਰੇ ਮੁੰਡੇ ਨੂੰ, ਓਹਦਾ ਮਾਸ ਜੂਆਂ ਨੂੰ ਖਵਾ ਖਵਾ ਪਾਲਣ ਨੂੰ ਅੰਦਰ ਡੱਕ ਦੇਣ! ਤੇ ਮੇਰੀ ਬੁੱਢੀ ਉਮਰ ਵਿੱਚ ਨਾਲੇ ਮੈਨੂੰ ਵੀ। ਹਾਏ ਇਹ ਹਨੇਰ........................." ਮੁੜ ਆਪਣੀ ਰਾਮ ਕਹਾਣੀ ਕੋਈ ਸੌਵੀਂ ਵੇਰ ਦੱਸਣ ਲਗ ਪਈ, "ਯਾ ਤਾਂ ਹੱਥ ਠੂਠਾ ਫੜਾਂਦੇ ਹਨ ਯਾ ਜੇਲਖ਼ਾਨਾ। ਬੱਸ! ਠੀਕ ਨਾਂਹ ਠੂਠਾ ਨਾਂਹ ਜੇਲਖਾਨਾ, ਦੋਵੇਂ ਕਿਸੀ ਸੱਦੇ ਦੀ ਤਾਂ ਉਡੀਕ ਨਹੀਂ ਕਰਦੇ।"

"ਹਾਏ! ਇਉਂ ਹੀ ਦਿੱਸਦਾ ਹੈ ਕਿ ਸਾਰੇ ਇਹੋ ਜੇਹੇ ਹੀ ਕੁਕਰਮ ਕਰਦੇ ਹਨ, ਇਕੋ ਹੀ ਰਾਹ ਹੈ ਸਾਰਿਆਂ ਦਾ," ਉਸ ਸ਼ਰਾਬ ਦੀ ਵਿਹਾਰੀ ਤੀਮੀਂ ਨੇ ਕਹਿਆ ਤੇ ਆਪਣੀ ਨਿੱਕੀ ਕੁੜੀ ਦਾ ਸਿਰ ਵੇਖਣ ਲਈ ਉਣ ਰਹੀ ਜਰਾਬ ਨੂੰ ਛੱਡ ਦਿੱਤਾ ਸੀ ਸੂ, ਕੁੜੀ ਨੂੰ ਆਪਣਿਆਂ ਦੋਹਾਂ ਗੋਡਿਆਂ ਵਿੱਚ ਦੀ ਬਹਾ-

ਲਿਆ ਤੇ ਆਪਣੀਆਂ ਸਿਖਾਣਿਆਂ ਤੇ ਹੁਸ਼ਿਆਰ ਉਂਗਲਾਂ ਨਾਲ ਉਹਦੀਆਂ ਜੂਆਂ ਕੱਢਣ ਲੱਗ ਪਈ। ਲੋਕੀ ਪੁਛਦੇ ਹਨ "ਤੂੰ ਸ਼ਰਾਬ ਕਿਉਂ ਵੇਚਦੀ ਹੈਂ ?" ਠੀਕ, ਓਹ ਬੋਲੀ ਗਈ, "ਕਿਉਂ ? ਪਰ ਆਪਣੇ ਬੱਚਿਆਂ ਦੀ ਕੋਈ ਕਿੰਝ ਪਾਲਣਾ ਕਰੇ, ਇਨ੍ਹਾਂ ਨੂੰ ਕੀ ਖੁਵਾਵੇ !" ਉਹਦੇ ਇਨ੍ਹਾਂ ਲਫ਼ਜ਼ਾਂ ਨੇ **ਮਸਲੋਵਾ** ਦੇ ਮਨ ਵਿੱਚ ਸ਼ਰਾਬ ਪੀਣ ਦਾ ਝਸ ਆਨ ਜਗਾਇਆ।

"ਥੋੜੀ ਜੇਹੀ **ਵੋਧਕਾ**" ਆਪਣੇ ਅੱਥਰੂ ਆਪਣੇ ਰੋਮਾਲ ਨਾਲ ਪੂੰਝ ਕੇ ਓਸ **ਕੋਰਾਬਲੈਵਾ** ਨੂੰ ਕਹਿਆ, ਤੇ ਉਸ ਦਾ ਡੁਸਕਣਾ ਵੀ ਹੁਣ ਹਟ ਗਇਆ ਸੀ।

"ਬਹੁਤ ਅੱਛਾ, ਪਰ ਮਾਰ ਬੈਲੀ ਵਿੱਚ ਕੋਈ ਕਾਂਟਾ ?" **ਕੋਰਾਬਲੈਵਾ** ਬੋਲੀ।

## ਕਾਂਡ ੩੨

**ਮਸਲੋਵਾ** ਨੇ ਰੁਪਏ ਕੱਢੇ, ਉਹ ਕੂਪਨ ਜਿਹੜਾ ਓਸ ਰੋਟੀ ਦੇ ਰੋਲ ਵਿੱਚ ਛੁਪਾਇਆ ਹੋਇਆ ਸੀ, ਤੇ **ਕੋਰਾਬਲੈਵਾ** ਨੂੰ ਫੜਾ ਦਿੱਤਾ। **ਕੋਰਾਬਲੈਵਾ** ਭਾਵੇਂ ਪੜ੍ਹ ਨਹੀਂ ਸੀ ਸੱਕਦੀ, ਤਾਂ ਵੀ ਉਸ ਲੈ ਲਇਆ। **ਹੋਰੋਸ਼ਾਵਕਾ** ਦੀ ਕਹੀ ਗੱਲ ਉੱਪਰ ਓਹਨੂੰ ਸਦਾ ਇਹਤਬਾਰ ਸੀ ਤੇ ਜਦ ਉਸ ਨੇ ਉਹਨੂੰ ਪੜ੍ਹ ਕੇ ਦਸ ਦਿੱਤਾ ਕਿ ਕੂਪਨ ੨) ਰੂਬਲ ਤੇ ਪੰਜਾਹ ਕੋਪਿਸਕਾਂ (ਪੈਸਿਆਂ ਦਾ) ਹੈ ਓਹਦੀ ਤਸੱਲੀ ਹੋ ਗਈ। ਇਹ ਕਾਗਜ਼ ਲੈ ਕੇ ਓਸ ਕੋਠੀ ਦੇ ਹਵਾਦਾਨ ਵਲ ਚੜ੍ਹ ਕੇ ਓਥੋਂ ਇਕ **ਵੋਧਕਾ** ਦੀ ਬੋਤਲ ਲਾਹ ਆਂਦੀ ਜਿਹੜੀ ਓਥੇ ਓਸਨੇ ਛਿਪਾ ਕੇ ਰੱਖੀ ਹੋਈ ਸੀ। ਇਹ ਵੇਖ ਕੇ ਉਹ ਤੀਮੀਆਂ ਜਿਨ੍ਹਾਂ ਦੇ ਬਿਸਤਰੇ ਜ਼ਰਾ ਦੂਰ ਸਨ, ਉੱਠ ਕੇ ਚਲੀਆਂ ਗਈਆਂ, ਤੇ ਇਤਨੇ ਚਿਰ ਵਿੱਚ **ਮਸਲੋਵਾ** ਨੇ ਆਪਣੇ ਕੋਟ ਦੇ ਰੁਮਾਲ ਉੱਪਰ ਪਈ ਧੂੜ ਛੰਡੀ ਬਿਸਤਤ੍ਰੇ ਉੱਪਰ ਬਹਿ ਗਈ ਤੇ ਰੋਟੀ ਦੇ ਰੋਲ ਨੂੰ ਖਾਣ ਲੱਗ ਪਈ।

"ਮੈਂ ਤੇਰੇ ਲਈ ਚਾਹ ਰੱਖੀ ਹੋਈ ਹੈ," **ਥੀਓ-ਡੋਸੀਆ** ਨੇ ਕਹਿਆ ਤੇ ਅਲਮਾਰੀ ਵਿੱਚੋਂ ਇਕ ਪਿਆਲਾ ਲਾਹ ਲਿਆਂਦਾ ਤੇ ਨਾਲੇ ਇਕ ਟੀਨ ਦਾ ਚਾਹ ਦਾ ਬਰਤਨ

ਇਕ ਲੀਰ ਜਹੀ ਵਿੱਚ ਲਪੇਟਿਆ ਹੋਇਆ ਲੈ ਆਈ, "ਪਰ ਮੈਨੂੰ ਡਰ ਹੈ ਕਿ ਚਾਹ ਠੰਡੀ ਹੋ ਗਈ ਹੋਣੀ ਹੈ।" ਚਾਹ ਬਿਲਕੁਲ ਠੰਡੀ ਸੀ, ਓਸ ਵਿੱਚੋਂ ਚਾਹ ਥੀਂ ਵਧ ਟੀਨ ਦੀ ਕਸ ਦੀ ਹਵੱਕ ਆਉਂਦੀ ਸੀ, ਤਾਂ ਵੀ **ਮਸਲੋਵਾ** ਨੇ ਪਿਆਲਾ ਭਰ ਲਇਆ ਤੇ ਰੋਟੀ ਨਾਲ ਪੀਣ ਲੱਗ ਪਈ।

"**ਫਿਨਾਸ਼ਕਾ**! ਲੈ ਤੂੰ ਵੀ ਲੈ!" ਉਸ ਨੇ ਕਹਿਆ ਤੇ ਰੋਟੀ ਦਾ ਟੁਕੜਾ ਭੰਨ ਕੇ ਉਸ ਬਾਲਕ ਨੂੰ ਦਿੱਤਾ ਜਿਹੜਾ ਉਹਦੇ ਖਾਂਦੇ ਮੂੰਹ ਵਲ ਤੱਕ ਰਿਹਾ ਸੀ।

ਇਤਨੇ ਵਿੱਚ **ਕੋਰਾਬਲੇਵਾ** ਨੇ **ਮਸਲੋਵਾ** ਨੂੰ **ਵੋਧਕਾ** ਦੀ ਓਹ ਬੋਤਲ ਤੇ ਪਿਆਲਾ ਲਿਆ ਕੇ ਦਿੱਤਾ। **ਮਸਲੋਵਾ** ਨੇ ਬੋਤਲ ਵਿੱਚੋਂ ਕੁਝ ਤਾਂ ਓਹਨੂੰ **ਕੋਰਾਬਲੈਵਾ** ਨੂੰ ਤੇ ਕੁਝ **ਹੋਰੋਸ਼ਾਵਕਾ** ਨੂੰ ਦਿੱਤੀ। ਇਹ ਕੈਦਣਾ ਓਸ ਕਮਰੇ ਦੀਆਂ ਰਈਸ ਮੰਨੀਆਂ ਜਾਂਦੀਆਂ ਸਨ। ਇਨ੍ਹਾਂ ਪਾਸ ਕੁਝ ਰੁਪਏ ਸਨ ਤੇ ਉਹ ਦੂਜਿਆਂ ਨਾਲ ਵੰਡ ਕੇ ਖਾਂਦੀਆਂ ਪੀਂਦੀਆਂ ਸਨ। ਥੋੜੇ ਹੀ ਮਿੰਟਾਂ ਵਿੱਚ **ਮਸਲੋਵਾ** ਟਹਕ ਪਈ ਤੇ ਬੜੇ ਜੋਸ਼ ਨਾਲ ਜੋ ਕੁਝ ਅਦਾਲਤ ਵਿੱਚ ਹੋਇਆ ਸੀ ਦੱਸਣ ਲੱਗ ਪਈ। ਨਾਲ ਨਾਲ ਸਰਕਾਰੀ ਵਕੀਲ ਦੀਆਂ ਨਕਲਾਂ ਉਤਾਰੀ ਜਾਂਦੀ ਸੀ। ਓਸ ਦਸਿਆ ਕਿ ਮਰਦਾਂ ਦੀ ਉਹ ਖੋ ਓਹਨੂੰ ਬੜੀ ਅਜੀਬ ਅੱਜ ਲੱਗੀ ਕਿ ਇਸ ਤਰਾਂ ਓਹਨੂੰ ਸੁੰਘਦੇ ਫਿਰਦੇ ਸਨ ਕਿੰਞ ਅਦਾਲਤ ਵਿੱਚ ਸਾਰੇ ਓਸ ਵੱਲ ਵੇਂਹਦੇ ਸਨ ਤੇ ਫਿਰ ਕੈਦੀਆਂ ਦੇ ਬੈਠਣ ਵਾਲੇ ਕਮਰੇ ਵਿੱਚ ਕਈ ਬਹਾਨੇ ਕਰਕੇ

ਓਹਨੂੰ ਵੇਖਣ ਆਉਂਦੇ ਸਨ, ਜਿਵੇਂ ਬਿਨ ਮਤਲਬ ਓਹਥੋਂ ਨਿਰੇ ਲੰਘ ਹੀ ਰਹੇ ਸਨ। ਇਕ ਸਿਪਾਹੀ ਨੇ ਕਹਿਆ ਵੀ ਸੀ, "ਇਹ ਸਾਰੇ ਬਸ ਤੈਨੂੰ ਵੇਖਣ ਆਉਂਦੇ ਹਨ, "ਓਹ ਫਲਾਣਾ ਕਾਗਤ ਕਿੱਥੇ ਹੈ ਕਹਿੰਦੇ ਹਨ ?" ਯਾ ਹੋਰ ਕੁਝ ! ਪਰ ਮੈਂ ਵੇਖਦੀ ਸਾਂ ਕਿ ਉਹ ਕਾਗਤ ਵਾਗਤ ਨਹੀਂ ਸਨ ਲੈਣ ਯਾ ਵੇਖਣ ਆਉਂਦੇ ਓਹ ਤਾਂ ਆਪਣੀਆਂ ਅੱਖਾਂ ਨਾਲ ਮੈਨੂੰ ਨਿਗਲਣ ਆਉਂਦੇ ਸਨ," ਓਸ ਸਿਰ ਹਿਲਾ ਕੇ ਕਹਿਆ "ਬਾਕਾਇਦਾ ਬਣੇ ਆਰਟਿਸਟ ਬਾਂਕੇ ਸਨ।"

"ਹਾ ਹੀ, ਇਹ ਇਉਂ ਹੀ ਹੈ," ਚੌਕੀਦਾਰਨ ਨੇ ਸੋਹਣੇ ਬੋਲ ਫਿਰ ਛੇੜੇ, "ਓਹ ਤਾਂ ਸਨ ਮੱਖੀਆਂ ਤੇ ਤੂੰ ਖੰਡ ! ਭਾਵੇਂ ਹੋਰ ਕੁਝ ਲੱਭੇ ਨ ਲਭੇ ਰੋਟੀ ਮਿਲੇ ਨ ਮਿਲੇ, ਪਰ ਇਹ ਭੁੱਖ ਨਹੀਂ ਛੱਡ ਸੱਕਦੇ।"

ਤੇ ਇੱਥੇ ਵੀ," **ਮਸਲੋਵਾ** ਨੇ ਉਹਦੀ ਗੱਲ ਟੁਕ ਕੇ ਕਹਿਆ, "ਓਹੋ ਗਲ, ਹਾਲੇ ਮੈਨੂੰ ਵਾਪਸ ਲਿਆ ਚੁਕੇ ਹੀ ਨਹੀਂ ਸਨ ਕਿ ਰੇਲ ਥੀਂ ਆਇਆ ਇਕ **ਕਾਨਵਿਕਟਾਂ** ਦਾ ਝੁੰਡ ਅੰਦਰ ਵਾੜਿਆ ਜਾ ਰਹਿਆ ਸੀ, ਉਨ੍ਹਾਂ ਮੈਨੂੰ ਬੜਾ ਦਿੱਕ ਕੀਤਾ, ਮੈਨੂੰ ਪਤਾ ਹੀ ਨਹੀਂ ਸੀ ਲੱਗਦਾ ਕਿ ਇਨ੍ਹਾਂ ਬਲਾਵਾਂ ਥੀਂ ਕਿਵ ਛੁੱਟਾਂ, ਭਲਾ ਹੋਵੇ ਅਸਟੰਟ ਦਾ ਉਹਨੇ ਇਹ ਜਾਨਵਰ ਮੋੜੇ—ਇਕ ਨੇ ਤਾਂ ਇੱਨਾ ਦਿੱਕ ਕੀਤਾ ਮੈਂ ਮਸੇਂ ਬਚੀ।"

"ਉਹਦੀ ਨੁਹਾਰ ਕਿਹੋ ਜੇਹੀ ਸੀ !" **ਹੇਰੋਸ਼ਾਵਕਾ** ਨੇ ਪੁੱਛਿਆ।

"ਕਾਲਾ—ਮੁੱਛਾਂ ਵਾਲਾ।"

"ਇਹ ਉਹੋ ਹੀ ਹੋਣਾ ਹੈ।"

"ਉਹ ਕਿਹੜਾ ?"

"ਕਿਉਂ, ਓਹੋ **ਸ਼ੇਗਲੋਵ** ਓਹ ਜਿਹੜਾ ਹੁਣੇ ਓਥੋਂ ਹਾਲੇਂ ਲੰਘਿਆ ਹੈ।"

"**ਸ਼ੇਗਲੋਵ** ਕੌਣ ਹੈ ?"

"ਕੀ ਇਹ ਕੁੜੀ **ਸ਼ੇਗਲੋਵਾ** ਨੂੰ ਨਹੀਂ ਜਾਣਦੀ ? ਕਿਉਂ, ਓਹ ਦੋ ਵੇਰੀ **ਸਾਈਬੇਰੀਆ** ਥੀਂ ਨੱਸ ਕੇ ਚਲਾ ਆਇਆ ਸੀ। ਹੁਣ ਇਨ੍ਹਾਂ ਫਿਰ ਫੜ ਲਇਆ ਹੈ, ਤੇ ਓਹ ਫਿਰ ਨੱਸ ਜਾਵੇਗਾ। **ਵਾਰਡਰ** ਵੀ ਓਸ ਥੀਂ ਖੌਫ ਖਾਂਦੇ ਹਨ" **ਹੋਰੋਸ਼ਾਵਕਾ** ਨੇ ਕਹਿਆ–ਜੇਹੜੀ ਕਿਸੀ ਨ ਕਿਸੀ ਤਰਾਂ ਮਰਦ ਕੈਦੀਆਂ ਨਾਲ ਗੱਲਾਂ ਬਾਤਾਂ ਕਰਕੇ ਜੋ ਕੁਛ ਜੇਲਖਾਨੇ ਵਿੱਚ ਹੁੰਦਾ ਸੀ, ਸਭ ਪਤਾ ਕਰ ਲੈਂਦੀ ਸੀ। "ਓਹ ਤਾਂ ਨਸ ਜਾਵੇਗਾ। ਇਸ ਵਿੱਚ ਸ਼ੱਕ ਨਹੀਂ"

"ਓਹ ਤਾਂ ਨੱਸ ਜਾਵੇਗਾ, ਸਾਨੂੰ ਤਾਂ ਓਹ ਆਪਣੇ ਨਾਲ ਨਹੀਂ ਖੜਨ ਲੱਗਾ, ਸਾਨੂੰ ਕੀ," **ਮਸਲੋਵਾ** ਵੱਲ ਮੂੰਹ ਕਰਕੇ **ਕੋਰਾਬਲੈਵਾ** ਹੋਰੀ ਬੋਲੇ, "ਪਰ ਸਾਨੂੰ ਹੁਣ ਤੂੰ ਦੱਸ ਕਿ ਵਕੀਲ ਰਹਿਮ ਦੀ ਅਰਜ਼ੀ ਦੇਣ ਬਾਬਤ ਕੀ ਕਹਿੰਦਾ ਹੈ, ਹੁਣ ਵਕਤ ਹੈ ਕਿ ਓਹ ਅਰਜ਼ੀ ਦਿੱਤੀ ਜਾਵੇ।"

**ਮਸਲੋਵਾ** ਨੇ ਇਹਦਾ ਉੱਤਰ ਦਿੱਤਾ ਕਿ ਉਹਨੂੰ ਕੁਛ ਪਤਾ ਨਹੀਂ। ਉਸ ਵੇਲੇ ਉਹ ਲਾਲ ਵਾਲਾਂ ਵਾਲੀ ਇਨ੍ਹਾਂ **ਰਈਸ** ਕੈਦਣਾਂ ਵੱਲ ਆ ਗਈ। ਆਪਣੇ ਥਿੰਮਾਂ ਵਾਲੇ ਹੱਥ

ਉਸ ਆਪਣੇ ਵਾਲਾਂ ਵਿੱਚ ਗੱਡੇ ਹੋਏ ਸਨ ਤੇ ਖੁਰਕ ਰਹੀ ਸੀ।

"ਕਾਤਰੀਨਾ ਲੈ ਇਸ ਬਾਬਤ ਮੈਂ ਸਭ ਕੁਛ ਤੈਨੂੰ ਵੱਸਾਂ," ਓਸ ਸ਼ੁਰੂ ਕੀਤਾ, "ਪਹਿਲਾਂ ਤੇ ਸਭ ਥੀਂ ਉੱਪਰ ਤੈਨੂੰ ਇਹ ਲਿਖਣਾ ਪਵੇਗਾ, ਕਿ ਸਜ਼ਾ ਠੀਕ ਨਹੀਂ ਤੇ ਫਿਰ ਸ਼ਹਿਰ ਦੇ ਪੁਲਸੀ ਗਵਰਨਰ ਨੂੰ ਨੋਟਿਸ ਦੇਣਾ ਪਵੇਗਾ।"

"ਤੇਰਾ ਇੱਥੇ ਕੀ ਮਤਲਬ ਹੈ?" ਕੋਰਾਬਲੇਵਾ ਨੇ ਗੁਸੇ ਨਾਲ ਕਹਿਆ, "ਵੋਧਕਾ ਸੁੰਘਣ ਕਿ ਹੋਰ ਕੁਛ? ਤੇਰੇ ਬਕਵਾਸ ਦੀ ਸਾਨੂੰ ਲੋੜ ਨਹੀਂ, ਤੇਰੀ ਸਲਾਹ ਬਿਨਾਂ ਹੀ ਸਾਨੂੰ ਜੋ ਕਰਨਾ ਹੈ ਪਤਾ ਹੈ।"

"ਤੇਰੇ ਨਾਲ ਕੌਣ ਬੋਲ ਰਹਿਆ ਹੈ, ਤੂੰ ਆਪਣਾ ਨੱਕ ਇੰਨਾ ਡੂੰਘਾ ਕਿਉਂ ਪਈ ਖਭੋਨੀ ਏਂ?"

"ਇਹ ਵੋਧਕਾ ਪੀਣ ਦਾ ਚਸਕਾ ਹੀ ਹੈ ਨਾਂ, ਜਿਸ ਲਈ ਇੱਥੇ ਰੀਂਘਦੀ ਏਂ।"

"ਭਾਈ! ਇਹਨੂੰ ਵੀ ਥੋੜੀ ਦਿਓ," ਮਸਲੋਵਾ ਨੇ ਕਹਿਆ। ਉਹ ਦਾਤਾ ਸੁਭਾ ਦੀ ਸੀ ਜਿਹੜੀ ਚੀਜ਼ ਓਸ ਪਾਸ ਹੋਵੇ, ਵੰਡ ਕੇ ਵਰਤਨ ਲਈ ਸਦਾ ਤਿਆਰ ਰਹਿੰਦੀ ਸੀ।

"ਆਹੋ! ਮੈਂ ਏਹੀਆਂ ਜੇਹੀਆਂ ਨੂੰ ਕੁਛ ਹੋਰ ਵੀ ਦੇ ਦਿਆਂਗੀ।"

"ਆਹੋ ਫਿਰ," ਲਾਲ ਵਾਲਾਂ ਵਾਲੀ ਕੋਰਾਬਲੇਵਾ ਵੱਲ ਵਧਕੇ ਬੋਲੀ "ਤੂੰ ਜਾਣਨੀ ਏਂ ਮੈਂ ਤੇਰੇ ਜੇਹੀਆਂ ਥੀਂ ਡਰਨੀ ਪਈ ਹਾਂ!"

"ਜਾ ਕੈਦਨ ਚੁੜੇਲ ਜੇਹੀ।"
"ਤੂੰ ਹੈ ਜਿਹੜੀ ਇਉਂ ਮੈਨੂੰ ਕਹਿੰਦੀ ਹੈਂ।"
"ਕੰਜਰੀ।"

"ਮੈਂ ਕੰਜਰੀ? ਸਜਾ ਪਾਈ ਖੂਨਾਮਣੇ!" ਲਾਲ ਵਾਲਾਂ ਵਾਲੀ ਚੀਕ ਉੱਠੀ।

"ਚਲੀ ਜਾ–ਮੈਂ ਤੈਨੂੰ ਕਹਿਨੀਆਂ," ਕੋਰਾਬਲੈਵਾ ਸੜੀ ਤਰਾਂ ਬੋਲੀ। ਪਰ ਓਹ ਵਾਲਾਂ ਵਾਲੀ ਹੋਰ ਨੇੜੇ ਆ ਢੁਕੀ ਤੇ ਕੋਰਾਬਲੈਵਾ ਨੇ ਓਹਦੀ ਛਾਤੀ ਵਿੱਚ ਕੱਸ ਕੇ ਮੁੱਕਾ ਠੋਕਿਆ। ਲਾਲ ਵਾਲਾਂ ਵਾਲੀ ਬੱਸ ਇਸੇ ਮੌਕੇ ਨੂੰ ਹੀ ਪਈ ਉਡੀਕਦੀ ਸੀ, ਇਕ ਹੱਥ ਵਿੱਚ ਕੋਰਾਬਲੈਵਾ ਦੇ ਵਾਲ ਫੜ ਦੂਸਰੇ ਹੱਥ ਨਾਲ ਉਹਦੇ ਮੂੰਹ ਉੱਪਰ ਚਪੇੜ ਮਾਰੀ। ਕੋਰਾਬਲੈਵਾ ਨੇ ਉਹਦਾ ਹੱਥ ਫੜ ਲਇਆ। ਮਸਲੋਵਾ ਤੇ ਹੋਰੋਸ਼ਾਵਕਾ ਨੇ ਲਾਲ ਵਾਲਾਂ ਵਾਲੀ ਨੂੰ ਬਾਂਹ ਥੀਂ ਕਾਬੂ ਕਰਕੇ ਪਰੇ ਧੱਕਣਾ ਚਾਹਿਆ। ਪਰ ਓਸ ਬੁੱਢੀ ਨੇ ਝਟ ਦੇ ਝਟ ਲਈ ਇਉਂ ਦਸਿਆ ਜਿਵੇਂ ਵਾਲ ਛੱਡ ਦੇਣ ਲੱਗੀ ਹੈ। ਪਰ ਨਹੀਂ ਓਸ ਆਪਣੀ ਬੀਨੀ ਉੱਪਰ ਵਾਲਾਂ ਨੂੰ ਵਲ ਦੇ ਕੇ ਖੂਬ ਖਿੱਚ ਕੇ ਪੁੱਟਿਆ।

ਕੋਰਾਬਲੈਵਾ ਦਾ ਸਿਰ ਨੀਵਾਂ ਹੋਇਆ ਹੋਇਆ ਤੇ ਉਹ ਖੂਬ ਕਾਬੂ ਆਈ ਹੋਈ। ਪਰੰਤੂ ਓਹਨੂੰ ਹੇਠਾਂ ਦੀ ਦੂਜੇ ਹੱਥ ਨਾਲ ਦੇਹ ਮੁਕਾ ਤੇ ਮੁਕਾ ਮਾਰੀ ਜਾਂਦੀ ਸੀ, ਤੇ ਚਾਹੁੰਦੀ ਸੀ

ਕਿ ਉਹਦੇ ਹੱਥਾਂ ਨੂੰ ਆਪਣੇ ਦੰਦਾਂ ਵਿੱਚ ਚਿੱਥ ਹੀ ਛੱਡੇ। ਇੰਨੇ ਵਿੱਚ ਬਾਕੀ ਦੀਆਂ ਤੀਮੀਆਂ ਨੇ ਵੀ ਲੜਨ ਵਾਲੀਆਂ ਦੇ ਆਲੇ ਦੁਆਲੇ ਆ ਝੁਰਮਟ ਪਾਇਆ। ਚੀਕਾੜੇ ਜਿਹੇ ਮਾਰਨ ਲੱਗੀਆਂ, ਤੇ ਓਨ੍ਹਾਂ ਨੂੰ ਛੁੜਾਨ ਦੀ ਕੋਸ਼ਸ਼ ਕਰ ਰਹੀਆਂ ਸਨ। ਓਹ ਤਪਦਿੱਕ ਦੀ ਬੀਮਾਰ ਵੀ ਆ ਪੁਹਤੀ, ਪਾਸ ਖੜੀ ਲੜਾਈ ਵੇਖ ਰਹੀ ਸੀ। ਬੱਚੇ ਰੋ ਰਹੇ ਸਨ। ਸ਼ੋਰ ਇੰਨਾ ਹੋਇਆ ਕਿ ਤੀਮੀਂ ਵਾਰਡਰੈਸ ਤੇ ਜੇਲਰ ਆ ਗਏ। ਲੜਦੀਆਂ ਤੀਮੀਆਂ ਨੂੰ ਅੱਡ ਅੱਡ ਕੀਤਾ। **ਕੋਰਾਬਲੈਵਾ** ਆਪਣੇ ਸਿਰ ਦੇ ਪੱਟੇ ਵਾਲ ਹੱਥ ਵਿੱਚ ਲਏ ਹੋਏ ਤੇ ਲਾਲ ਵਾਲਾਂ ਵਾਲੀ ਨੇ ਆਪਣੀ ਫਟੀ ਕਮੀਜ ਨੂੰ ਫੜ ਆਪਣੀ ਪੀਲੀ ਛਾਤੀ ਨੂੰ ਢੱਕ ਕੇ, ਦੋਵੇਂ ਇਕ ਦੂਜੇ ਦੀਆਂ ਸ਼ਕਾਇਤਾਂ ਉੱਚੀਆਂ ਉੱਚੀਆਂ ਕਰਨ ਲੱਗ ਪਈਆਂ।

"ਮੈਂ ਜਾਣਦਾ ਹਾਂ, ਇਹ ਸਭ ਕਰਤੂਤ **ਵੋਧਕਾ** ਦੀ ਹੈ, ਜ਼ਰਾ ਠਹਿਰੋ ! ਮੈਂ ਇੰਸਪੈਕਟਰ ਸਾਹਿਬ ਨੂੰ ਸਵੇਰੇ ਕਹਿ ਦਿਆਂਗਾ ਓਹ ਤੁਹਾਡੇ ਨਾਲ ਸਮਝ ਲੈਸਨ। ਮੈਨੂੰ **ਵੋਧਕਾ** ਦੀ ਬੂ ਆ ਨਹੀਂ ਰਹੀ ਸੀ ? ਖਿਆਲ ਰੱਖੋ, ਯਾ ਤਾਂ ਸਾਰੀ ਗੱਲ ਸੱਚੀ ਸੱਚੀ ਦਸ ਦਿਓ ਨਹੀਂ ਤਾਂ ਤੁਹਾਡੇ ਲਈ ਚੰਗਾ ਨਹੀਂ ਹੋਵੇਗਾ" ਵਾਰਡਰੈਸ ਨੇ ਕਹਿਆ, "ਸਾਡੇ ਪਾਸ ਤੁਹਾਡੇ ਝਗੜੇ ਝੇੜੇ ਫੈਸਲੇ ਕਰਨ ਦਾ ਵਕਤ ਨਹੀਂ, ਜਾਓ–ਆਪਣੀ ਆਪਣੀ ਥਾਂ ਤੇ ਚੁਪ ਹੋਕੇ ਬਹਿ ਜਾਓ।"

ਪਰ ਚੁਪ ਛੇਤੀ ਨਹੀਂ ਸੀ ਹੋਈ, ਬੜੇ ਚਿਰ ਤੱਕ ਤੀਮੀਆਂ ਆਪੇ ਵਿੱਚ ਝਗੜਦੀਆਂ ਰਹੀਆਂ ਤੇ ਇਸ ਗੱਲ

ਉੱਪਰ ਇਕ ਦੂਜੇ ਨਾਲ ਬਹਿਸਦੀਆਂ ਰਹੀਆਂ ਕਿ ਕਸੂਰ ਕੀਹਦਾ ਸੀ ! ਆਖ਼ਰ **ਵਾਰਡਰੈਸ** ਤੇ ਜੇਲਰ ਦੋਵੇਂ ਓਸ ਕੋਠੜੀ ਥੀਂ ਚਲੇ ਗਏ । ਤੀਮੀਆਂ ਅੱਗੇ ਨਾਲੋਂ ਚੁੱਪ ਹੋ ਚੁਕੀਆਂ ਸਨ ਤੇ ਆਪਣੇ ਬਿਸਤਰਿਆਂ ਉੱਪਰ ਜਾਣ ਲੱਗ ਪਈਆਂ ਸਨ, ਤੇ ਬੁੱਢੀ ਤੀਮੀਂ ਈਸਾ ਦੀ ਪ੍ਰਤੀਮਾ ਅੱਗੇ ਜਾਕੇ ਅਰਦਾਸ ਕਰਨ ਲੱਗ ਗਈ ਸੀ ।

''ਦੋ ਜੇਲ ਦੇ ਪੰਖੇਰੂ ਆਣ ਮਿਲੇ ਹਨ,'' ਓਸ ਲਾਲ ਵਾਲਾਂ ਵਾਲੀ ਨੇ ਅਚਨਚੇਤ ਬੜੀ ਹੀ ਕਰੱਖਤ ਆਵਾਜ਼ ਵਿੱਚ ਕਮਰੇ ਦੇ ਪਰਲੇ ਦੂਰ ਵਾਲੇ ਸਿਰੇ ਦੇ ਬਿਸਤਰੇ ਉੱਪਰ ਪਈ ਨੇ ਕਹਿਆ, ਤੇ ਹਰ ਇਕ ਲਫਜ਼ ਨਾਲ ਨਾਲ ਬੜੀਆਂ ਗੰਦੀਆਂ ਭੈੜੀਆਂ ਗਾਲਾਂ ਕੱਢਦੀ ਗਈ ।

'ਖਿਆਲ ਰੱਖੀਂ ਮਤੇ ਹੁਣ ਫਿਰ ਪਵਣ ਨੀ,'' **ਕੋਰਾਬਲੈਵਾ** ਨੇ ਜਵਾਬ ਦਿੱਤਾ ਤੇ ਨਾਲੇ ਗਾਲਾਂ ਵੀ ਕੱਢੀਆਂ । ਇਸ ਉਪਰੰਤ ਦੋਵੇਂ ਚੁਪ ਹੋ ਗਈਆਂ ।

''ਜੇ ਮੈਨੂੰ ਓਹ ਫੜ ਨ ਲੈਂਦੇ ਮੈਂ ਤੇਰੀਆਂ ਸ਼ਰਾਬੀਆਂ ਅੱਖਾਂ ਕੱਢ ਦਿੰਦੀ'', ਮੁੜ ਓਹ ਲਾਲ ਵਾਲਾਂ ਵਾਲੀ ਬੋਲ ਉੱਠੀ ਤੇ ਉਹੋ ਜੇਹਾ ਜਵਾਬ ਮੁੜ **ਕੋਰਾਬਲੈਵਾ** ਨੇ ਵੀ ਘੜਿਆ ਘੜਾਇਆ ਸੁਣਾਇਆ । ਫਿਰ ਕੁਛ ਚਿਰ ਆਰਾਮ ਦਾ ਲੰਘਿਆ, ਤੇ ਫਿਰ ਓਸ ਥੀਂ ਵਧ ਗਾਲੀਆਂ ਬੋਲੀਆਂ ਹੋਈਆਂ ਪਰ ਇਨ੍ਹਾਂ ਬੋਲੀਆਂ ਦੇ ਵਿੱਚ ਦੀਆਂ ਵਿੱਥਾਂ ਕੁਝ ਵਧਦੀਆਂ ਗਈਆਂ, ਜਿਵੇਂ ਇਕ ਗਜਦਾ ਬੱਦਲ ਲੰਘ ਰਹਿਆ ਹੋਵੇ, ਆਖਰ ਸਭ ਚੁਪ ਹੋ ਗਈਆਂ ।

ਹੋਰ ਸਭ ਆਪਣਿਆਂ ਬਿਸਤਰਿਆਂ ਵਿੱਚ ਸਨ, ਤੇ ਕਈ ਤਾਂ ਘੁਰਾੜੇ ਮਾਰਨ ਲੱਗ ਗਈਆਂ ਸਨ। ਬੁੱਢੀ ਜਨਾਨੀ ਹਾਲੇ ਉਸ ਮੂਰਤੀ ਅੱਗੇ ਮੱਥੇ ਟੇਕ ਰਹੀ ਸੀ, ਤੇ ਅਰਦਾਸ ਹੀ ਕਰ ਰਹੀ ਸੀ, ਤੇ ਪਾਦਰੀ ਦੀ ਲੜਕੀ ਵੀ ਉੱਠ ਬੈਠੀ ਸੀ, ਤੇ ਕਮਰੇ ਵਿੱਚ ਉੱਤੇ ਤਲੇ ਟਹਿਲਣ ਲੱਗ ਗਈ ਸੀ। **ਮਸਲੋਵਾ** ਸੋਚ ਰਹੀ ਸੀ ਕਿ ਹੁਣ ਬਸ ਓਹ ਦੋਸੀ ਕੈਦੀ ਹੈ ਜਿਹਨੂੰ ਮਸ਼ੱਕਤ ਸਖਤ ਦੀ ਸਜ਼ਾ ਹੋ ਚੁਕੀ ਹੈ, ਤੇ ਓਹਨੂੰ ਦੋ ਵੇਰੀ ਇਸ ਗੱਲ ਦੀ ਚਿਤਾਵਨੀ ਵੀ ਕਰਾਈ ਜਾ ਚੁਕੀ ਸੀ,—ਇਕ ਤਾਂ **ਬੋਚਕੋਵਾ** ਵੱਲੋਂ ਤੇ ਦੂਜੀ ਵੇਰੀ ਓਸ ਲਾਲ ਵਾਲਾਂ ਵਾਲੀ ਵੱਲੋਂ—ਤੇ ਓਸ ਇਸ ਚਿਤਵਨ ਨੂੰ ਕਿ ਓਹ ਦੋਸੀ ਹੈ ਮੰਨੋ ਹਾਲੇਂ ਨਹੀਂ ਸੀ ਕਰ ਰਹੀ।

**ਕੋਰਾਬਲੇਵਾ** ਨੇ, ਜੋ ਉਹਦੇ ਪਾਸ ਸੀ, ਬਿਸਤਰੇ ਵਿੱਚ ਪਾਸਾ ਪਰਤਿਆ।

"ਹੁਣ ਫਿਰ," **ਮਸਲੋਵਾ** ਨੇ ਨੀਵੀਂ ਆਵਾਜ਼ ਵਿੱਚ ਕਹਿਆ, "ਕਿਹਨੂੰ ਇਹ ਖਾਬ ਖਿਆਲ ਹੀ ਸੀ! ਦੇਖੋ ਬਾਕੀ ਦੇ ਕੇ ਕੁਛ ਨਹੀਂ ਕਰਦੇ ਤੇ ਉਨ੍ਹਾਂ ਨੂੰ ਕੁਛ ਵੀ ਨਹੀਂ ਹੁੰਦਾ।"

"ਕੁੜੀਏ! ਪਰਵਾਹ ਨ ਕਰ, ਲੋਕੀ **ਸਾਈਬੇਰੀਆ** ਜਾਕੇ ਵੀ ਜੀਣ ਦੀ ਰਾਹ ਲੱਭ ਹੀ ਲੈਂਦੇ ਹਨ। ਤੂੰ ਤਾਂ ਓਥੇ ਜਾਕੇ ਵੀ ਗੁੰਮ ਤਾਂ ਨਾਂ ਹੋ ਜਾਏਂਗੀਂ?" **ਕੋਰਾਬਲੈਵਾ** ਨੇ ਓਹਨੂੰ ਤਸ਼ੱਫੀ ਦੇਣ ਲਈ ਕਹਿਆ।

"ਮੈਂ ਜਾਣਨੀ ਹਾਂ ਕਿ ਮੈਂ ਗੁੰਮ ਨਹੀਂ ਜਾਵਾਂਗੀ ਪਰ

ਫਿਰ ਵੀ ਕਿੰਨੀ ਮੁਸੀਬਤ ਹੈ। ਇਹ ਕਿਸਮਤ ਮੈਂ ਨਹੀਂ ਸਾਂ ਮੰਗ ਰਹੀ, ਮੈਂ ਓਹ ਜਿਹੜੀ ਇੰਨੀ ਆਰਾਮ ਤਲਬ ਤੇ ਅਯਾਸ਼ ਜ਼ਿੰਦਗੀ ਰਹਿ ਰਹੀ ਸਾਂ।''

ਕੁਝ ਦੇਰ ਚੁਪ ਰਹੀਆਂ।

''ਓਹ ਮੱਥਾ ਸੜੀ ਬੁੱਢੀ ਕੀ ਕਹਿ ਰਹੀ ਹੈ, ਤੂੰ ਸੁਣ ਰਹੀ ਹੈਂ'' **ਕੋਰਾਬਲੈਵਾ** ਨੇ ਹੌਲੇ ਦਿੱਤੀ ਕਹਿਆ। **ਮਸਲੋਵਾ** ਦਾ ਧਿਆਨ ਕਮਰੇ ਦੇ ਦੂਜੇ ਸਿਰੇ ਥੀਂ ਇਕ ਅਣੋਖੀ ਜੇਹੀ ਆਵਾਜ਼ ਜੋ ਆ ਰਹੀ ਸੀ ਵਲ ਗਇਆ।

ਇਹ ਆਵਾਜ਼ ਲਾਲ ਵਾਲਾਂ ਵਾਲੀ ਬੁੱਢੀ ਤੀਮੀਂ ਦੀ ਸੀ। ਓਹ ਦੱਬੇ ਜੇਹੇ ਆਵਾਜ਼ ਨਾਲ ਰੋ ਰਹੀ ਸੀ, ਤੇ ਡੁਸਕਾਰੇ ਭਰ ਰਹੀ ਸੀ। **ਵੋਧਕਾ** ਵੀ ਨ ਲੱਭੀ, ਨਾਲੇ ਗਾਲਾਂ ਪਈਆਂ। ਓਹਨੂੰ **ਵੋਧਕਾ** ਬੜੀ ਚੰਗੀ ਲੱਗਦੀ ਸੀ ਤੇ ਉਹਦਾ ਪੀਣ ਨੂੰ ਬੜਾ ਹੀ ਜੀ ਕਰਦਾ ਸੀ, ਤੇ ਇਸ ਲਈ ਵੀ ਕਿ ਉਹਨੂੰ ਨਾਲ ਹੀ ਆਪਣੀ ਗੁਜਰੀ ਉਮਰ ਦਾ ਚੇਤਾ ਆਇਆ ਕਿ ਕਿਸਤਰਾਂ ਸਾਰੀ ਉਮਰ ਹੀ ਓਹਨੂੰ ਗਾਲਾਂ ਹੀ ਪੈਂਦੀਆਂ ਰਹੀਆਂ ਸਨ, ਮਖੌਲ ਹੁੰਦੇ ਰਹੇ ਸਨ। ਲੋਕੀ ਨ ਸਿਰਫ ਓਹਨੂੰ ਰੰਜਸ਼ ਹੀ ਪਹੁੰਚਾਂਦੇ ਰਹੇ ਸਨ, ਪਰ ਮਾਰਦੇ ਕੁਟਦੇ ਰਹੇ ਸਨ। ਤਾਂ ਵੀ ਆਪਣੇ ਆਪ ਨੂੰ ਤਸੱਲੀ ਦੇਣ ਲਈ ਮੁੜ ਉਸ ਉਹ ਵਕਤ ਯਾਦ ਕੀਤਾ, ਜਦ ਓਸ ਕਾਰਖਾਨੇ ਵਿੱਚ ਕੰਮ ਕਰਦੇ ਮਜੂਰ **ਫੈਦਕਾ ਮੋਲੋਦੈਨਕੋਵ** ਨੂੰ ਪਿਆਰ ਕਰਦੀ ਸੀ, ਜਿਹੜਾ ਉਹਦਾ ਅਹਲ ਜਵਾਨੀ ਦਾ ਪਹਿਲਾ ਹੀ ਪਿਆਰ ਸੀ। ਪਰ ਫਿਰ ਇਹ ਵੀ ਨਾਲੇ ਹੀ ਯਾਦ ਆਇਆ ਕਿ ਆਖਰ ਓਹ

ਪਿਆਰ ਕਥਾ ਕਿਸ ਤਰਾਂ ਖਤਮ ਹੋਈ ਸੀ। ਇਹ ਮੋਲੋਦੈਨਕੋਵ ਇਕ ਦਿਨ ਖੂਬ ਪੀਕੇ ਨਸ਼ੇ ਵਿੱਚ ਹੋ ਗਇਆ ਸੀ ਤੇ ਏਵੇਂ ਹਾਸੇ ਖੇਡੇ ਵਿੱਚ ਹੀ ਉਸ ਨੇ ਗੰਧਕ ਦਾ ਤੇਜ਼ਾਬ ਉਹਦੇ ਜਿਸਮ ਦੇ ਕਿਸੀ ਨਰਮ ਥਾਂ ਤੇ ਲਾ ਦਿੱਤਾ ਸੀ, ਜਿਸ ਦਰਦ ਨਾਲ ਓਹ ਪਿੱਟ ਉੱਠੀ ਸੀ। ਓਹਨੂੰ ਦਰਦ ਹੋ ਰਹਿਆ ਸੀ ਤੇ ਓਹ ਉਹਦਾ ਪਿਆਰਾ ਤੇ ਉਹਦੇ ਸਾਥੀ ਕਹਕੇ ਮਾਰ ਕੇ ਹੱਸਦੇ ਸਨ। ਇਹ ਗੱਲ ਯਾਦ ਕਰਕੇ ਓਸ ਫਿਰ ਆਪਣੇ ਆਪ ਉੱਪਰ ਤਰਸ ਖਾਧਾ, ਤੇ ਇਹ ਸਮਝ ਕੇ ਕੋਈ ਨਹੀਂ ਸੁਣ ਰਹਿਆ, ਓਹ ਬੱਚਿਆਂ ਵਾਂਗ ਰੋਣ ਲੱਗ ਪਈ। ਨੱਕ ਰਾਹੀਂ ਡੁਸਕੇ ਭਰਦੀ ਤੇ ਨਮਕੀਨ ਅੱਥਰੂਆਂ ਦੇ ਘੁੱਟ ਭਰਦੀ ਜਾਂਦੀ ਸੀ।

"ਮੈਨੂੰ ਓਸ ਉੱਪਰ ਤਰਸ ਆ ਰਹਿਆ ਹੈ", ਮਸਲੋਵਾ ਨੇ ਕਹਿਆ।

"ਇਹ ਤਾਂ ਠੀਕ ਹੈ ਆਦਮੀ ਨੂੰ ਇਹੋ ਜੇਹੀਆਂ ਉੱਪਰ ਤਰਸ ਦਰਦ ਤਾਂ ਆਉਂਦਾ ਹੀ ਹੈ," ਕੋਰਬਾਲੈਵਾ ਨੇ ਕਹਿਆ; "ਪਰ ਓਹਨੂੰ ਕਿਸੀ ਨੂੰ ਆ ਕੇ ਤੰਗ ਨਹੀਂ ਕਰਨਾ ਚਾਹੀਦਾ।"

## ਕਾਂਡ ੩੩

ਦੂਜੇ ਸਵੇਰੇ ਜਦ **ਨਿਖਲੀਊਧਵ** ਜਾਗਿਆ ਤਦ ਉਸ ਆਪਣੇ ਅੰਦਰ ਵੇਖਿਆ ਕਿ ਕੁਛ ਵਰਤ ਚੁਕਾ ਸੀ ਤੇ ਇਹ ਗੱਲ ਯਾਦ ਆਉਣ ਥੀਂ ਪਹਿਲਾਂ ਕੀ ਕੁਛ ਅੰਦਰ ਹੋ ਚੁਕਾ ਸੀ ਓਹ ਇਹ ਜਰੂਰ ਜਾਣ ਗਇਆ ਸੀ ਕਿ ਜੋ ਕੁਛ ਵੀ ਵਰਤਿਆ ਸੀ ਓਹ ਬਹੁਤ ਹੀ ਚੰਗਾ ਤੇ ਜਰੂਰੀ ਸੀ।

"**ਕਾਤੂਸ਼ਾ !** ਤੇ ਉਹਦਾ ਮੁਕੱਦਮਾ !" ਹਾਂ ਓਹਨੂੰ ਕੂੜ ਬੋਲਣਾ ਉੱਕਾ ਛੱਡ ਦੇਣਾ ਹੈ। ਬੱਸ, ਤੇ ਸਾਰਾ ਸੱਚ ਦੱਸ ਦੇਣਾ ਹੈ।

ਕੇਹਾ ਅਜੀਬ ਇਤਫਾਕ ਸੀ ਕਿ ਓਸੇ ਸਵੇਰੇ ਓਹਨੂੰ ਉਹ ਖਤ ਵੀ ਆਗਇਆ ਜਿਹਦੀ ਓਹਨੇ ਬੜੇ ਚਿਰ ਦੀ ਉਡੀਕ ਸੀ। **ਮੇਰੀ ਵੈਸੀਲਿਵਨਾ** ਉਸਦੇ ਜ਼ਿਲੇ ਦੇ ਹਾਕਮ ਦੀ ਘਰ ਵਾਲੀ ਦਾ ਖਤ ਸੀ। ਬੱਸ, ਉਹੋ ਖਤ ਜਿਸਨੇ ਓਹਨੂੰ ਪੂਰੀ ਖੁਲ੍ਹ ਦੇ ਦਿੱਤੀ ਸੀ ਤੇ ਆਖਿਆ ਸੀ ਬੇਸ਼ਕ ਵਿਆਹ ਕਰ ਲਵੇ ਨਾਲੇ ਉਹਦੇ ਹੋਣ ਵਾਲੇ ਵਿਆਹ ਦੀ ਖੁਸ਼ੀ ਤੇ ਵਧਾਈ ਦਿੱਤੀ ਹੋਈ ਸੀ।

"ਵਿਆਹ !" ਉਸਨੇ ਆਪ ਕੁਝ ਤਨਜ਼ਨ ਦੁਹਰਾਇਆ, "ਮੈਂ ਇਹੋ ਜੇਹੀ ਗੱਲ ਥੀਂ ਹਾਲੇਂ ਕਿੰਨੀ ਦੂਰ ਹਾਂ।"

ਤੇ ਉਹਨੂੰ ਪਰਸੋਂ ਦੇ ਬਣਾਏ ਆਪਣੇ ਸਾਰੇ ਇਰਾਦੇ ਯਾਦ ਆ ਗਏ, ਕੀ ਕੀ ! ਸਾਰੀ ਗਲ ਉਹਦੇ ਖਾਵੰਦ ਨੂੰ ਦੱਸਣਾ ਤੇ

ਇਓਂ ਆਪਣੀ ਛਾਤੀ ਸਾਫ ਕਰਨੀ, ਤੇ ਜੇ ਓਹ ਖਫਾ ਹੋਵੇ ਤਾਂ ਜਿਵੇਂ ਉਹ ਚਾਹੇ ਉਹਦੀ ਤਸੱਲੀ ਕਰਾ ਦੇਣੀ। ਪਰ ਅਜ ਇਹ ਕਰਨਾ ਕੁਛ ਇੰਨਾ ਆਸਾਨ ਨਹੀਂ ਸੀ ਜਾਪ ਰਹਿਆ ਜਿੰਨਾ ਉਸ ਦਿਨ ਨਜ਼ਰ ਆ ਰਹਿਆ ਸੀ। ਤੇ ਫਿਰ ਕਿਸੀ ਆਦਮੀ ਨੂੰ ਖ਼ਾਹਮਖ਼ਾਹ ਕੋਈ ਇਹੋ ਜੇਹੀ ਗੱਲ ਦੱਸਕੇ ਦੁਖੀ ਕਰਨਾ, ਕਿਸ ਲਈ! ਪ੍ਰਯੋਜਨ ਕੀ! ਜੇ ਕਦੀ ਉਹ ਪੁੱਛੇ ਤਦ ਉਹ ਸਾਫ ਦੱਸ ਦੇਵੇਗਾ, ਪਰ ਖ਼ਾਹਮਖ਼ਾਹ ਦੱਸਣ ਦੀ ਖ਼ਾਸ ਨੀਤ ਨਾਲ ਉੱਥੇ ਜਾਣਾ ਨਹੀਂ। ਇਹ ਜ਼ਰੂਰੀ ਨਹੀਂ ਸੀ।

ਤੇ ਸਾਰਾ ਸੱਚ **ਮਿੱਸੀ** ਨੂੰ ਵੀ ਦੱਸਣਾ ਉੱਨਾ ਹੀ ਮੁਸ਼ਕਲ ਦਿੱਸ ਆਇਆ। ਤੇ ਫਿਰ ਜੇ ਉਨ੍ਹਾਂ ਨੂੰ ਸਾਫ਼ ਸਾਫ਼ ਦੱਸੇਗਾ ਉਨ੍ਹਾਂ ਦੇ ਦਿਲ ਜ਼ਰੂਰ ਦੁਖਣਗੇ ਤੇ ਕੋਈ ਇਕ ਦੁਨਿਆਦਾਰੀ ਦੇ ਮਾਮਲਿਆਂ ਵਿੱਚ ਕੁਛ ਨ ਕੁਛ ਅਣਦੱਸਿਆ, ਅਣਪ੍ਰਗਟਿਆ ਰਹਿ ਹੀ ਜਾਂਦਾ ਹੈ। ਸਿਰਫ ਇਕ ਗੱਲ ਉੱਪਰ ਉਹ ਪੱਕਾ ਹੋਇਆ ਕਿ ਉਹ ਉਨ੍ਹਾਂ ਨੂੰ ਮਿਲਣ ਹੁਣ ਨਹੀਂ ਜਾਇਆ ਕਰੇਗਾ, ਤੇ ਜੇ ਕਦੀ ਉਨ੍ਹਾਂ ਪੁਛਿਆ ਤਦ ਉਹ ਸਾਫ਼ ਸਾਫ ਸੱਚ ਉਨ੍ਹਾਂ ਨੂੰ ਦੱਸ ਦੇਵੇਗਾ।

ਪਰ **ਕਾਤੂਸ਼ਾ** ਦੇ ਮਾਮਲੇ ਵਿੱਚ ਕੋਈ ਗੱਲ ਵੀ ਅਣਕਹੀ ਨਹੀਂ ਰਹਿਣ ਦੇਣੀ—"ਮੈਂ ਜੇਲਖ਼ਾਨੇ ਜਾਵਾਂਗਾ ਤੇ ਓਹਨੂੰ ਸਭ ਕਹਿ ਸੁਣਾਵਾਂਗਾ, ਉਸ ਤੋਂ ਮਾਫੀ ਮੰਗਾਂਗਾ ਤੇ ਜੇ ਲੋੜ ਹੋਈ.........................ਹਾਂ ਜੇ ਲੋੜ ਹੋਈ ਤਦ ਮੈਂ ਉਸ ਨਾਲ ਵਿਆਹ ਕਰ ਲਵਾਂਗਾ", ਇਓਂ ਉਸ ਵਿਚਾਰਿਆ।

ਇਸ ਖਿਆਲ ਨੇ ਕਿ ਓਹ ਇਕ **ਇਖਲਾਕੀ,**

ਧਾਰਮਿਕ ਵਜਾ ਕਰਕੇ, ਸਭ ਕੁਝ ਤਿਆਗ ਕੇ ਵਾਰ ਕੇ ਓਹਨੂੰ ਵਿਆਹ ਕਰਨ ਲਈ ਤਿਆਰ ਹੈ, ਮੁੜ ਓਹਨੂੰ ਆਪਣੇ ਆਪ ਵੱਲ ਬੜਾ ਨਰਮ ਤੇ ਮੋਹ ਭਰਿਆ ਕਰ ਦਿੱਤਾ। ਰੁਪਏ ਪੈਸੇ ਦੇ ਮਾਮਲੇ ਵਿੱਚ ਉਸ ਫੈਸਲਾ ਕਰ ਲਇਆ ਸੀ ਕਿ ਉਹ ਆਪਣੇ ਨਿਹਚੇ ਅਨੁਸਾਰ ਅਮਲ ਕਰੇਗਾ, ਕਿ ਭੋਂ ਦੀ ਆਪਣੀ ਨਿਜ ਦੀ ਮਲਕੀਅਤ ਰਖਣੀ ਹਰਾਮ ਹੈ, ਤੇ ਜੇ ਉਹ ਇੰਨਾ ਤਕੜਾ ਨ ਵੀ ਨਿਕਲ ਸਕੇ ਕਿ ਓਹ ਇਸ ਤਰਾਂ ਸਭ ਕੁਛ ਤਿਆਗ ਸਕੇ ਤਦ ਵੀ ਜਿੰਨਾ ਕੁਛ ਇਸ ਪਾਸੇ ਵਲ ਵੀ ਕਰ ਸਕਿਆ ਜਿੰਨਾ ਦੂਰ ਉਸ ਰਾਹ ਚਲਦਿਆਂ ਜਾ ਸੱਕਿਆ, ਓਹ ਜਾਵੇਗਾ, ਤੇ ਕਰੇਗਾ ਤੇ ਇਸ ਗੱਲ ਵਿੱਚ ਨ ਹੋਰ ਕਿਸੀ ਨੂੰ ਤੇ ਨ ਮਨ ਨੂੰ ਤੇ ਨ ਆਪਣੇ ਆਪ ਨੂੰ ਧੋਖਾ ਦੇਵੇਗਾ।

ਇਹ ਬੜੇ ਹੀ ਚਿਰ ਬਾਹਦ ਹੋਇਆ ਸੀ ਕਿ ਅਜ ਚੜ੍ਹਦੇ ਸੂਰਜ ਨੂੰ ਉਹ ਇੰਨੀ ਬੜੀ ਅੰਦਰਲੀ ਤਾਕਤ ਨਾਲ ਮਿਲ ਰਹਿਆ ਸੀ। ਓਸੇ ਵੇਲੇ ਜਦ **ਅਗਰੇਫੈਨਾ ਪੈਤਰੋਵਨਾ** ਅੰਦਰ ਆਈ ਤਦ ਓਸਨੂੰ ਕਹਿਆ ਤੇ ਕਹਿਆ ਵੀ ਐਸੀ ਤਕੜਾਈ ਨਾਲ ਜਿਹਦੇ ਇੰਨੇ ਬਲ ਦੇ ਹੋਣ ਦਾ ਓਹਨੂੰ ਆਪੇ ਨੂੰ ਵੀ ਅੱਜ ਤੱਕ ਪਤਾ ਨਹੀਂ ਸੀ, ਕਿ ਓਹਨੂੰ ਉਸ ਘਰ ਤੇ ਉਹਦੀ ਨੌਕਰੀ ਦੀ ਕੋਈ ਲੋੜ ਨਹੀਂ ਰਹੀ ਹੈ।

ਕੁਛ ਅਣਬੋਲਿਆ ਜੇਹਾ ਸਮਝੋਤਾ ਸੀ। ਇਹ ਇੰਨਾ ਵੱਡਾ ਘਰ ਤੇ ਇੰਨੇ ਨੌਕਰ ਚਾਕਰ ਆਦਿ ਓਸ ਤਾਂ ਰੱਖੇ ਹੋਏ ਸਨ ਕਿ ਉਹਦਾ ਵਿਆਹ ਕਰਨ ਦਾ ਖਿਆਲ ਪੱਕ ਰਹਿਆ ਸੀ। ਇਸ ਵਾਸਤੇ ਇਸ ਘਰ ਦੇ ਛੱਡ ਦੇਣ ਦੇ ਖਾਸ ਅਰਥ ਸਨ, **ਅਗਰੇਫੈਨਾ ਪੈਤਰੋਵਨਾ** ਓਸ ਵੱਲ ਹੱਕੀ ਬੱਕੀ ਹੋਕੇ

ਦੇਖਣ ਲਗ ਪਈ।

"ਅਗਰੇਫੈਨਾ ਪੈਤਰੋਵਨਾ! ਮੈਂ ਤੇਰਾ ਬੜਾ ਹੀ ਧੰਨ-ਵਾਦੀ ਹਾਂ ਜਿਸ ਫ਼ਿਕਰ ਨਾਲ ਤੂੰ ਮੇਰੀ ਅੱਜ ਤੱਕ ਸੇਵਾ ਕੀਤੀ ਹੈ। ਮੈਨੂੰ ਅੱਜ ਥੀਂ ਅੱਗੇ ਨ ਤੇ ਇੰਨੇ ਵੱਡੇ ਘਰ ਦੀ ਲੋੜ ਹੈ ਤੇ ਨ ਇੰਨੇ ਸਾਰੇ ਨੌਕਰਾਂ ਦੀ, ਤੇ ਜੇ ਤੂੰ ਮੇਰੀ ਕੋਈ ਮਦਦ ਕਰਨਾ ਚਾਹੁੰਦੀ ਹੈਂ ਤਾਂ ਮਿਹਰਬਾਨੀ ਕਰਕੇ ਇਨ੍ਹਾਂ ਘਰ ਦੀਆਂ ਸਾਰੀਆਂ ਚੀਜ਼ਾਂ ਨੂੰ ਦੇਖ ਭਾਲ ਕੇ ਸਾਂਭ ਕੇ ਓਸ ਤਰਾਂ ਬੰਦ ਕਰ ਜਿਸ ਤਰਾਂ ਇਹ ਮੇਰੀ ਮਾਂ ਵੇਲੇ ਬੰਦ ਕੀਤੀਆਂ ਜਾਂਦੀਆਂ ਸਨ ਤੇ ਜਦ ਨਾਤਾਸ਼ਾ ਆਵੇਗੀ ਓਹ ਆਪੇ ਸਾਂਭ ਲਵੇਗੀ" ਨਾਤਾਸ਼ਾ ਨਿਖਲੀ-ਊਧਵ ਦੀ ਭੈਣ ਸੀ।

ਅਗਰੇਫੈਨਾ ਪੈਤਰੋਵਨਾ ਨੇ ਆਪਣਾ ਸਿਰ ਫੇਰਿਆ, "ਚੀਜ਼ਾਂ ਨੂੰ ਬੰਦ ਕਰ ਦਿਆਂ? ਕਿਉਂ ਇਨ੍ਹਾਂ ਦੀ ਮੁੜ ਲੋੜ ਪੈਂਦੀ ਹੀ ਹੈ?" ਓਸ ਕਹਿਆ। "ਅਗਰੇਫੈਨਾ ਪੈਤਰੋਵਨਾ ਮੈਂ ਤੈਨੂੰ ਨਿਸਚਾ ਦਿਵਾਂਦਾ ਹਾਂ ਕਿ ਮੈਨੂੰ ਮੁੜ ਇਨ੍ਹਾਂ ਚੀਜ਼ਾਂ ਦੀ ਲੋੜ ਨਹੀਂ ਪੈਣੀ, ਨਿਖਲੀਊਧਵ ਨੇ ਫਿਰ ਓਹਨੂੰ ਓਸ ਅਣਕਹੀ, ਪਰ ਸਿਰ ਹਿਲਾ ਕੇ ਦੱਸੀ ਗੱਲ ਦੇ ਜਵਾਬ ਵਿੱਚ ਕਹਿਆ"ਤੇ ਮਿਹਰਬਾਨੀ ਕਰਕੇ ਕੋਰਨੇ ਨੂੰ ਵੀ ਕਹਿ ਦੇ ਕਿ ਮੈਂ ਉਹਦੀ ਦੋ ਮਹੀਨੇ ਦੀ ਤਨਖਾਹ ਹੁਣੇ ਹੀ ਦੇ ਦੇਸਾਂ ਪਰ ਉਹਦੀ ਨੌਕਰੀ ਦੀ ਮੈਨੂੰ ਲੋੜ ਨਹੀਂ।"

"ਇਹ ਬੜੇ ਅਫਸੋਸ ਦੀ ਗੱਲ ਹੈ ਦਮਿਤ੍ਰੀ

ਇਵਾਨਿਚ! ਕਿ ਤੇਰੇ ਖਿਆਲ ਇਉਂ ਜੇਹੇ ਹੋ ਗਏ ਹਨ,'' ਉਸ ਕਹਿਆ ''ਫਰਜ ਕਰ ਲਓ ਕਿ ਤੂੰ ਕਿਸੀ ਬਦੇਸ਼ ਨੂੰ ਵੀ ਸੈਲੇ ਜਾਵੇਂ, ਤਾਂ ਵੀ ਕਦੀ ਨ ਕਦੀ ਆਕੇ ਤੈਨੂੰ ਆਪਣੇ ਰਹਿਣ ਲਈ ਕਿਸੀ ਨ ਕਿਸੀ ਥਾਂ ਦੀ ਲੋੜ ਹੋਵੇਗੀ ਹੀ।''

''ਤੂੰ ਆਪਣੇ ਖਿਆਲਾਂ ਵਿੱਚ ਗਲਤੀ ਖਾ ਰਹੀ ਹੈਂ ਅਗਰੇਫੈਨਾ ਪੈਤਰੋਵਨਾ, ਮੈਂ ਬਾਹਰ ਕਿਧਰੇ ਨਹੀਂ ਜਾ ਰਹਿਆ–ਜੇ ਮੈਂ ਕਿਧਰੇ ਗਇਆ ਤਦ ਕਿਸੀ ਹੋਰ ਸੇਧ ਦੇ ਪਿੱਛੇ ਜਾਸਾਂ,'' ਇਹ ਕਹਿਕੇ ਉਹ ਯਕ-ਬਯਕ ਕਿਸੀ ਸ਼ਰਮ ਨਾਲ ਲਾਲ ਲਾਲ ਹੋ ਗਇਆ। ''ਹਾਂ ਮੈਨੂੰ ਇਹਨੂੰ ਦਸ ਦੇਣਾ ਚਾਹੀਦਾ ਹੈ।''

''ਮੈਨੂੰ ਕਲ ਇਕ ਬੜੀ ਅਰਥ ਭਰੀ ਤੇ ਅਣੋਖੀ ਜੇਹੀ ਪ੍ਰੇਰਨਾ ਹੋਈ ਹੈ–ਕੀ ਤੈਨੂੰ ਯਾਦ ਹੈ। ਮੇਰੀ ਫੁੱਫੀ ਮੇਰੀ ਈਵਾਨੋਵਨਾ ਦੀ ਕਾਤੂਸ਼ਾ ਯਾਦ ਹੈ?''

''ਹਾਂ ਜੀ–ਕਿਉਂ! ਮੈਂ ਉਹਨੂੰ ਸੀਣਾ ਤਰੁਪਣਾ ਸਿਖਾਇਆ ਸੀ।''

''ਹਾਂ–ਬਸ ਕਲ ਉਹ ਕਾਤੂਸ਼ਾ ਅਦਾਲਤ ਵਿੱਚ ਪੇਸ਼ ਹੋਈ ਸੀ–ਤੇ ਮੈਂ ਜੂਰੀ ਉੱਪਰ ਸਾਂ।''

''ਉਹ ਰੱਬਾ! ਕੇਹੀ ਤਰਸ ਜੋਗ ਗੱਲ ਹੈ!'' ਅਗਰੇਫਨਾ ਪੈਤਰੋਵਨਾ ਨੇ ਚੀਕ ਕੇ ਕਿਹਾ ''ਉਹ ਕਿਸ ਲਈ ਅਦਾਲਤ ਤੇ ਆ ਚੜ੍ਹੀ ਸੀ?''

"ਖੂਨ ਕਰਨ ਦੇ ਅਪਰਾਧ ਵਿੱਚ ਪਰ ਉਹਦਾ ਇਹ ਹਾਲ ਹੋ ਜਾਣਾ ਸਭ ਮੇਰੇ ਕੀਤੇ ਦਾ ਫਲ ਹੈ।"

"ਇਹ ਬੜੀ ਅਣੋਖੀ ਗੱਲ ਆਪ ਕਰਦੇ ਹੋ–ਉਹ ਆਪ ਦੀ ਕੀਤੀ ਘਟਨਾ ਕਿੰਝ ਹੋ ਸਕਦੀ ਹੈ," ਉਸ ਨੇ ਕਹਿਆ ਤੇ ਉਹਦੀ ਅੱਖਾਂ ਵਿੱਚੋਂ ਇਕ ਜਵਾਲਾ ਜੇਹੀ ਦੀ ਚਮਕ ਨਿਕਲੀ। ਕਾਤੂਸ਼ਾ ਨਾਲ ਜੋ ਉਹਦੀ ਗੱਲ ਹੋਈ ਸੀ ਉਹਦੀ ਓਹਨੂੰ ਖਰਰ ਸੀ–

"ਹਾਂ ਠੀਕ ਇਹ ਸਭ ਘਟਨਾ ਮੇਰੀ ਹੀ ਕੀਤੇ ਦਾ ਫਲ ਹੈ ਮੈਂ ਹੀ ਕਾਰਨ ਹਾਂ ਤੇ ਬਸ ਇਹ ਗੱਲ ਹੈ ਜਿਸ ਨੇ ਮੇਰੀਆਂ ਸਾਰੀਆਂ ਸੋਧਾਂ ਬਦਲ ਦਿੱਤੀਆਂ ਹਨ।"

"ਇਹ ਗੱਲ ਆਪਦੀਆਂ ਸਲਾਹਾਂ ਸੋਧਾਂ ਵਿੱਚ ਕਿਕੁਰ ਫਰਕ ਪਾ ਸਕਦੀ ਹੈ!" ਅਗਰੇਫੈਨਾ ਪੈਤਰੋਵਨਾ ਨੇ ਆਪਣੀ ਹੱਸੀ ਰੋਕ ਕੇ ਕਹਿਆ–

"ਇਹ ਫਰਕ ਕਿ ਜਦ ਮੈਂ ਉਸ ਦੇ ਉਸ ਰਾਹੀਂ ਪੈਣ ਦਾ ਕਾਰਨ ਹੋਇਆ–ਮੈਨੂੰ ਉਹਦੀ ਮਦਦ ਲਈ ਜੋ ਕੁਛ ਹੋ ਸਕੇ ਕਰਨਾ ਚਾਹੀਦਾ ਹੈ।"

"ਇਹ ਤਾਂ ਆਪ ਦੀ ਚੰਗੀ ਮਰਜੀ ਹੋਈ ਨਾਂ, ਪਰ ਆਪ ਦਾ ਖਾਸ ਕੋਈ ਕਸੂਰ ਇਸ ਗਲ ਵਿੱਚ ਤਾਂ ਨਾਂਹ ਹੋਇਆ–ਸਭ ਨਾਲ ਇਹੋ ਜੇਹੀਆਂ ਹੋਣੀਆਂ ਇਤਫਾਕਿਨ ਉਨ੍ਹਾਂ ਦੀ ਜਿੰਦਗੀ ਦੇ ਰਾਹ ਵਿੱਚ ਹੋ ਜਾਂਦੀਆਂ ਹਨ, ਤੇ ਜੇ ਮਰਦ ਅਕਲ ਕਰੇ ਤਦ ਆਪੇ ਹੀ ਮੁਲਾਇਮ ਹੋ ਜਾਂਦੀਆਂ ਅਤੇ ਭੁਲ ਜਾਂਦੀਆਂ ਹਨ," ਕੁਛ ਕਰੜਾਈ ਨਾਲ ਤੇ ਫਿਕਰ-ਮੰਦ ਹੋ ਕੇ ਕਹਿਆ, "ਇਹੋ ਜੇਹੇ ਖਿਆਲ ਕਰਨ ਦੀ ਲੋੜ

ਨਹੀਂ–ਮੈਂ ਸੁਣਿਆ ਹੈ ਓਹ ਆਪ ਠੀਕ ਰਾਹੋਂ ਕੁਰਾਹ ਪੈ ਗਈ ਸੀ ਇਸ ਗਲ ਵਿੱਚ ਕਿਸ ਦਾ ਕਸੂਰ ਹੋ ਸਕਦਾ ਹੈ ?"

"ਮੇਰਾ–ਇਸੇ ਲਈ ਹੀ ਤਾਂ ਮੈਂ ਸਭ ਗਲ ਨੂੰ ਠੀਕ ਕਰਨਾ ਚਾਹੁੰਦਾ ਹਾਂ ।"

"ਠੀਕ ਕਰਨਾ ਬੜਾ ਕਠਿਨ ਹੈ ।"

"ਇਹ ਮੇਰਾ ਕੰਮ ਹੈ ਪਰ ਜੇ ਤੂੰ ਆਪਣੇ ਲਈ ਕਿਸੀ ਸੋਚੀਂ ਪੈ ਰਹੀ ਹੈਂ ਤਦ ਮੈਂ ਤੈਨੂੰ ਕਹਿ ਦਿਆਂ ਕਿ ਮੇਰੀ ਮਾਂ ਨੇ ਇੱਛਾ ਪ੍ਰਗਟ ਕੀਤੀ ਸੀ............................." ।

"ਮੈਂ ਆਪਣੇ ਲਈ ਨਹੀਂ ਸੋਚ ਰਹੀ, ਮੈਨੂੰ ਸਵਰਗ ਵਾਸੀ ਸਵਾਣੀ ਨੇ ਐਸੀ ਸੋਹਣੀ ਤਰਾਂ ਰੱਖਿਆ ਹੈ ਕਿ ਮੈਨੂੰ ਕੋਈ ਵਾਧੂ ਇੱਛਾ ਨਹੀਂ, **ਲਿਸਐਂਕਾ** (ਉਹਦੀ ਵਿਆਹੀ ਭੱਤਰੀ) ਮੈਨੂੰ ਸੱਦ ਰਹੀ ਹੈ ਤੇ ਮੈਂ ਓਸ ਪਾਸ ਚਲੀ ਜਾਸਾਂ, ਜਦ ਆਪ ਨੂੰ ਮੇਰੀ ਲੋੜ ਨ ਰਹੀ । ਪਰ ਮੈਨੂੰ ਮੰਦਾ ਲੱਗ ਰਹਿਆ ਹੈ ਕਿ ਤੂੰ ਇਸ ਮੋਈ ਗੱਲ ਨੂੰ ਇਸ ਤਰਾਂ ਇੰਨੇ ਚਿਰ ਬਾਹਦ ਆਪਣੇ ਦਿਲ ਵਿੱਚ ਇਉਂ ਪਿਆ ਖੋਭੇਂ– ਐਹੋ ਜੇਹੀਆਂ ਗੱਲਾਂ ਸਭਨਾਂ ਨਾਲ ਹੁੰਦੀਆਂ ਆਈਆਂ ਹਨ ।"

"ਨਹੀਂ ਭਾਈ ! ਮੇਰਾ ਇਹ ਖਿਆਲ ਨਹੀਂ, ਤੇ ਮੈਂ ਫਿਰ ਵੀ ਤੇਰੀ ਮਿੰਨਤ ਕਰਾਂਗਾ ਕਿ ਇਹ ਘਰ ਕਰਾਏ ਦੇ ਦੇਈਏ, ਤੇ ਚੀਜ਼ਾਂ ਨੂੰ ਬੰਦ ਕਰ ਦਈਏ, ਤੇ ਮਿਹਰਬਾਨੀ ਕਰਕੇ ਮੇਰੇ ਨਾਲ ਖ਼ਫਾ ਨ ਹੋਵੀਂ, ਮੈਂ ਜੋ ਕੁਛ ਵੀ ਸੇਵਾ ਤੂੰ ਮੇਰੀ ਕੀਤੀ ਹੈ ਓਸ ਲਈ ਬੜਾ ਹੀ ਧੰਨਵਾਦੀ ਹਾਂ ।"

ਇਹ ਗੱਲ ਕਾਫ਼ੀ ਅਜੀਬ ਸੀ ਕਿ ਜਦ ਥੀਂ **ਨਿਖਲੀ-**

ਊਧਵ ਨੇ ਇਹ ਅਨੁਭਵ ਕੀਤਾ ਸੀ ਕਿ ਓਹ ਆਪ ਇੰਨਾ ਬੁਰਾ ਤੇ ਭੈੜਾ ਹੈ, ਓਹਨੂੰ ਹੋਰ ਭੈੜੇ ਨਹੀਂ ਸਨ ਲੱਗ ਰਹੇ, ਉਹਦੇ ਉਲਟ ਓਸਨੂੰ ਅਗਰੇਫੈਨਾ ਪੈਤਰੋਵਨਾ ਤੇ ਕੋਰਨੇ ਲਈ ਆਪਣੇ ਅੰਦਰ ਇਕ ਦਯਾ ਭਰੇ ਭਾਵ ਆ ਰਹੇ ਸਨ।

ਓਹਦਾ ਦਿਲ ਕੀਤਾ ਸੀ ਕਿ ਓਹ ਜਾਕੇ ਕੋਰਨੇ ਨੂੰ ਵੀ ਸਾਰੀ ਦਿਲ ਦੀ ਗੱਲ ਦੱਸ ਦੇਵੇ, ਪਰ ਕੋਰਨੇ ਦਾ ਅਦਬ ਦਾ ਤ੍ਰੀਕਾ ਇੰਨਾ ਆਜਜ਼ੀ ਨਾਲ ਭਰਿਆ ਤੇ ਆਪਣੇ ਤੇ ਮਾਲਕ ਦੇ ਦਰਮਿਆਨ ਫਰਕ ਤੇ ਫਾਸਲਾ ਰੱਖਣ ਵਾਲਾ ਸੀ ਕਿ ਨਿਖ-ਲੀਊਧਵ ਦਾ ਹੌਸਲਾ ਹੀ ਨ ਪਇਆ ਕਿ ਉਹਨੂੰ ਜਾ ਕੇ ਕੁਛ ਦੱਸੇ।

ਓਸੇ ਕਚਹਿਰੀ ਨੂੰ ਉਸੀ ਕੱਲ ਵਾਲੀ ਬੱਘੀ ਵਿੱਚ ਚੜ੍ਹੇ ਜਾਂਦੇ ਨੂੰ ਉਨ੍ਹਾਂ ਹੀ ਪਛਾਤੀਆਂ ਗਲੀਆਂ ਵਿੱਚੋਂ ਲੰਘਦੇ ਨੂੰ ਇਹ ਅਚੰਭਾ ਹੋ ਰਹਿਆ ਸੀ ਕਿ ਅੱਜ ਉਹ ਕਿੰਨਾਂ ਹੋਰ ਦਾ ਹੋਰ ਹੋ ਗਇਆ ਹੈ।

ਓਹ ਆਪਣੇ ਆਪ ਨੂੰ ਕੋਈ ਨਵਾਂ ਹੋਇਆ ਆਦਮੀ ਪ੍ਰਤੀਤ ਕਰ ਰਿਹਾ ਸੀ। ਮਿੱਸੀ ਨਾਲ ਵਿਆਹ, ਜਿਹਦੀ ਕਲ ਤੱਕ ਤਾਂ ਸੰਭਾਵਨਾ ਸੀ, ਅੱਜ ਨਾਮੁਮਕਿਨ ਹੋ ਚੁੱਕਾ ਸੀ। ਪਰਸੋਂ ਤੱਕ ਓਹਨੂੰ ਕੋਈ ਸ਼ਕ ਨਹੀਂ ਸੀ ਕਿ ਉਹ ਚੁਣਨ ਜੋਗ ਹੈ

ਤੇ ਜੇ ਓਹ ਚੁਣ ਲਵੇ ਤਦ **ਮਿੱਸੀ** ਤਾਂ ਬੜੀ ਖੁਸ਼ ਹੋਵੇ ਹੀ ਗੀ। ਅੱਜ ਓਹ ਇਸ ਪ੍ਰਤੀਤ ਵਿੱਚ ਸੀ ਕਿ ਵਿਆਹੁਣਾ ਦਰਕਿਨਾਰ, ਉਹ ਓਸ ਨਾਲ ਅਪਣੱਤ ਜੇਹੀ ਵਿੱਚ ਮਿਲਣ ਜੋਗ ਵੀ ਨਹੀਂ।

"ਜੇ ਉਹਨੂੰ ਪਤਾ ਹੋਵੇ ਮੈਂ ਕਿਹੋ ਜਿਹਾ ਹਾਂ, ਓਹ ਮੇਰੇ ਨਾਲ ਮਿਲਣਾ ਵੀ ਨਾ ਪਸੰਦ ਕਰੇਗੀ ਤੇ ਸਿਰਫ ਕਲ ਹੀ ਮੈਂ ਓਹਨੂੰ ਓਸ ਦੂਜੇ ਮਰਦ ਨਾਲ ਹੱਸ ਹੱਸ ਕੇ ਗੱਲਾਂ ਕਰਨ ਲਈ ਕੋਸ ਰਹਿਆ ਸਾਂ! ਪਰ ਨਹੀਂ ਜੇ ਓਹ ਮੈਨੂੰ ਚਾਹੇ ਵੀ ਮੈਂ ਆਪਣੇ ਅੰਦਰ ਕਿਸ ਤਰਾਂ ਸ਼ਾਂਤ ਹੋ ਸੱਕਦਾ ਹਾਂ। ਖੁਸ਼ ਹੋਣ ਦਾ ਤਾਂ ਨਾਂ ਹੀ ਨ ਲਵੋ ਜਦ ਮੈਨੂੰ ਪਤਾ ਹੈ ਕਿ ਇਹ ਦੂਜੀ ਕੈਦਖਾਨੇ ਵਿੱਚ ਹੈ ਤੇ ਕਲ ਯਾ ਪਰਸੋਂ **ਸਾਈਬੇਰੀਆ** ਦੇਸ ਬਦਰ ਹੋ ਜਾਏਗੀ। ਉਹ ਜਨਾਨੀ ਜਿਹਨੂੰ ਮੈਂ ਤਬਾਹ ਕਰ ਦਿੱਤਾ ਹੈ ਉਹ ਸਖਤ ਕੈਦ ਭੋਗਣ ਜਾ ਰਹੀ ਹੋਵੇਗੀ ਤੇ ਮੈਂ ਘਰ ਬੈਠਾ ਮੁਬਾਰਖਾਂ ਝੱਲ ਰਹਿਆ ਹੋਵਾਂਗਾ, ਤੇ ਆਪਣੀ **ਨੌ ਅਰੂਸ** ਬਾਹਾਂ ਵਿੱਚ ਲਈ ਲੋਕਾਂ ਦੀਆਂ ਮੁਲਾਕਾਤਾਂ ਨੂੰ ਚੜ੍ਹ ਪਵਾਂਗਾ ਕੀ? ਯਾ ਉਸ ਜ਼ਿਲੇ ਦੇ ਅਫਸਰ ਨਾਲ, ਜਿਹਨੂੰ ਮੈਂ ਸ਼ਰਮਨਾਕ ਤ੍ਰੀਕੇ ਨਾਲ ਧੋਖਾ ਦਿੱਤਾ ਹੈ, ਜਾਕੇ ਜਲਸਿਆਂ ਵਿੱਚ ਲੋਕਲ ਸਕੂਲ ਦੀਆਂ ਤਜਵੀਜ਼ਾਂ ਦੇ ਵਿਰੁਧ **ਵੋਟਾਂ** ਗਿਣਨ ਬਹਾਂਗਾ, ਯਾ ਆਪਣੀ ਸ਼ੁਰੂ ਕੀਤੀ ਤਸਵੀਰ ਦੇ ਸ਼ੌਂਕ ਨੂੰ ਮੁੜ ਬਹਿ ਜਾਰੀ ਕਰਾਂਗਾ, ਜਿਹੜੀ ਨਿਸ਼ਚਿਤ ਜਾਣੋ ਕਦੀ ਵੀ ਮੇਰੇ ਪਾਸੋਂ ਨਹੀਂ ਮੁਕਣੀ। ਹੁਣ ਇਹੋ ਜੇਹੀ ਕੋਈ ਗੱਲ ਵੀ ਮੈਂ ਨਹੀਂ ਕਰਾਂਗਾ," ਉਹ ਆਪਣੇ ਅੰਦਰ ਦੀ ਸੋਹਣੀ ਤਬਦੀਲੀ ਦੀ ਖੁਸ਼ੀ ਵਿੱਚ ਕਹੀ ਚਲਾ ਗਇਆ–"ਪਹਿਲੀ ਗੱਲ ਹੁਣ ਇਹ ਹੈ ਕਿ ਵਕੀਲ

ਨੂੰ ਮਿਲੀਏ ਤੇ ਉਸ ਕੀ ਫੈਸਲਾ ਕੀਤਾ ਹੈ ਤੇ ਫਿਰ.................. ਫਿਰ ਚਲੀਏ ਉਹਨੂੰ ਮਿਲੀਏ, ਉਸ ਕਲ ਦੇ ਦੋਸੀ ਨੂੰ ਤੇ ਉਹ ਨੂੰ ਹਰ ਇਕ ਗਲ ਦੱਸੀਏ।''

ਜਦ ਉਸ ਇਹ ਧਿਆਨ ਬੱਧਾ ਕਿ ਕਿੰਝ ਇਹ ਉਹਨੂੰ ਮਿਲੇਗਾ, ਕਿੰਝ ਕਰੇਗਾ, ਤੇ ਆਪਣੇ ਆਪ ਨੂੰ ਕਿੰਝ ਖੋਲ੍ਹਕੇ ਦੱਸੇਗਾ, ਤੇ ਉਹ ਉਹਨੂੰ ਕੀ ਕਹੇਗਾ, ਕਿ ਉਸ ਅਪਰਾਧ, ਪਾਪ, ਅਧਰਮ ਨੂੰ ਧੋਣ ਲਈ ਜੋ ਕੁਛ ਹੋ ਸੱਕਦਾ ਹੈ ਉਹ ਕਰਨ ਨੂੰ ਤਿਆਰ ਹੈ ਤੇ ਇਸ ਨਾਲ ਵਿਆਹ ਕਰਨ ਨੂੰ ਵੀ ਤਿਆਰ ਹੈ, ਤਦ ਇਕ ਖਾਸ ਖੁਸ਼ੀ ਦਾ ਭਾਵ ਬੁੰਬ ਦੇ ਕੇ ਆਇਆ ਤੇ ਉਸ ਕਰਕੇ ਉਹਦੀਆਂ ਅੱਖਾਂ ਵਿੱਚ ਅੱਥਰੂ ਆ ਗਏ।

## ਕਾਂਡ ੩੪

**ਨਿਖਲੀਊਧਵ** ਜਦ ਕਚਹਿਰੀ ਪੁਹਤਾ, ਕਲ ਵਾਲੇ **ਅਸ਼ਰ** ਨੂੰ **ਕੌਰੀਡੋਰ** ਵਿੱਚ ਹੀ ਮਿਲ ਪਇਆ ਤੇ ਓਹਨੂੰ ਪੁੱਛ ਕੀਤੀ ਕਿ ਕੱਲ ਵਾਲੇ ਸਜ਼ਾ ਯਾਫਤਾ ਮੁਲਜ਼ਿਮ ਕਿੱਥੇ ਰੱਖੇ ਗਏ ਹਨ ਤੇ ਕਿਹਦੀ ਇਜਾਜ਼ਤ ਦੀ ਲੋੜ ਹੁੰਦੀ ਹੈ ਜੇ ਕਿਸੇ ਨੂੰ ਉਨ੍ਹਾਂ ਨੂੰ ਜਾ ਕੇ ਮਿਲਣਾ ਹੋਵੇ। **ਅਸ਼ਰ** ਨੇ ਉੱਤਰ ਦਿੱਤਾ ਕਿ ਇਹੋ ਜੇਹੇ ਦੋਸੀ ਵਖਰੀਆਂ ਵਖਰੀਆਂ ਥਾਵਾਂ ਤੇ ਰੱਖੇ ਜਾਂਦੇ ਹਨ ਜਦ ਤਕ ਉਨ੍ਹਾਂ ਨੂੰ ਪੱਕੇ ਹੁਕਮ ਨ ਪਹੁੰਚ ਜਾਣ ਉਨ੍ਹਾਂ ਨੂੰ **ਪ੍ਰੋ-ਕਿਊਰਰ** *ਦੀ ਇਜਾਜ਼ਤ ਲੈਕੇ ਆਦਮੀ ਮਿਲ ਸੱਕਦੇ ਹਨ।

"ਜਦ ਅਦਾਲਤ ਹੋ ਚੁਕੇਗੀ, ਮੈਂ ਆਪ ਨਾਲ ਆਵਾਂਗਾ ਤੇ ਕੱਠੇ **ਪ੍ਰੋਕਿਊਰਰ** ਦੇ ਚਲੇ ਚੱਲਾਂਗੇ। ਹਾਲੇਂ ਅਜੇ ਉਹ ਇੱਥੇ ਹੈ ਵੀ ਨਹੀਂ, ਤੇ ਹੁਣ ਆਪ ਕਿਰਪਾ ਕਰਕੇ ਅੰਦਰ ਆਓ ਅਸੀ ਕੰਮ ਆਰੰਭ ਕਰਨ ਵਾਲੇ ਹੀ ਹਾਂ।"

**ਨਿਖਲੀਊਧਵ** ਨੇ **ਅਸ਼ਰ** ਦੀ ਮਿਹਰਬਾਨੀ ਲਈ ਉਹਦਾ ਧੰਨਯਵਾਦ ਕੀਤਾ (ਉਹਨੂੰ ਇਹ ਸੁਝ ਰਹਿਆ ਸੀ ਕਿ **ਅਸ਼ਰ** ਬੜੇ ਹੀ ਤਰਸ ਯੋਗ ਹੈ) ਤੇ **ਜੂਰੀ** ਦੇ ਕਮਰੇ ਵਿੱਚ ਚਲਾ ਗਇਆ। ਜਦ ਉਹ ਉਥੇ ਪੁਹਤਾ, **ਜੂਰੀ** ਦੇ ਮੈਂਬਰ ਆਪਣਾ ਕਮਰਾ ਛੱਡਕੇ ਅਦਾਲਤ ਵਲ ਜਾ ਰਹੇ ਸਨ।

---

†ਸਰਕਾਰੀ ਵਕੀਲ, ਪੋਲੀਸ ਦਾ ਰੂਸੀ ਅਫਸਰ

ਸੌਦਾਗਰ ਨੇ ਕਲ ਵਾਂਗੂ ਕੁਛ ਖਾ ਪੀ ਲਇਆ ਹੋਇਆ ਸੀ ਇਸ ਕਰਕੇ ਉਹ ਉਸੀ ਤਰਾਂ ਜਿਸ ਤਰਾਂ ਪਰਸੋਂ ਸੀ ਅੱਜ ਵੀ ਖੁਸਖੁਸ਼ਾ ਸੀ ਤੇ ਨਿਖਲੀਊਧਵ ਨੂੰ ਇਕ ਬੜੇ ਚਿਰ ਦੇ ਮਿਤ੍ਰ ਵਾਂਗ ਮਿਲਿਆ ਤੇ ਅੱਜ ਪੀਟਰ ਜਿਰਾਸੀਮੋਵਿਚ ਦਾ ਸ਼ੋਰੀ ਹਾਸਾ, ਤੇ ਅਲਖਤ ਕਰ ਦੇਣ ਵਾਲੀ ਅਪਣਤ ਦੀ ਬੇਤਕੱਲਫੀ ਆਦਿ ਲਈ ਉਸਨੂੰ ਕੋਈ ਘ੍ਰਿਣਾ ਨਹੀਂ ਸੀ ਹੁੰਦੀ।

ਨਿਖਲੀਊਧਵ ਸਾਰੇ ਜੂਰੀ ਦੇ ਬੰਦਿਆਂ ਨੂੰ ਕੈਦੀ ਮਸਲੋਵਾ ਨਾਲ ਜੋ ਉਹਦੇ ਤਅੱਲਕ ਸਨ, ਸਭ ਗਲ ਨੂੰ ਸਪਸ਼ਟ ਕਰ ਦੇਣਾ ਪਸੰਦ ਕਰ ਰਹਿਆ ਸੀ।

"ਧਰਮ ਸਰੂਪੀ ਤਾਂ ਗੱਲ ਇਉਂ ਹੈ," ਉਸ ਸੋਚਿਆ, "ਮੈਨੂੰ ਕਲ ਅਦਾਲਤ ਵਿੱਚ ਹੀ ਉੱਠ ਕੇ ਆਪਣਾ ਕਸੂਰ ਦਸ ਦੇਣਾ ਚਾਹੀਦਾ ਸੀ।" ਪਰ ਜਦ ਹੋਰਨਾਂ ਨਾਲ ਅਦਾਲਤ ਵਿੱਚ ਗਇਆ, ਤੇ ਪਰਸੋਂ ਵਾਲੀ ਕਵਾਇਦ ਫਿਰ ਤੱਕੀ—ਓਹੋ ਆਵਾਜ਼ "ਲੋਕੋ ਅਦਾਲਤ ਆ ਰਹੀ ਹੈ," ਓਹ ਉਨ੍ਹਾਂ ਤਿੰਨਾਂ ਆਦਮੀਆਂ ਦਾ ਤਿੱਲੇ ਨਾਲ ਕੱਢੇ ਕਾਲਰਾਂ ਵਿੱਚ ਮੁੜ ਪਲੇਟ ਫਾਰਮ ਉੱਪਰ ਉਸੀ ਤਰਾਂ ਚੜ੍ਹਨਾ—ਓਹੋ ਜੂਰੀ ਦੀਆਂ ਉੱਚੀਆਂ ਪਿੱਠਾਂ ਵਾਲੀਆਂ ਕੁਰਸੀਆਂ ਤੇ ਆ ਕੇ ਉਸੀ ਤਰਾਂ ਬਹਿ ਜਾਣਾ, ਓਹੋ ਪੁਲਿਸ ਦੇ ਸਿਪਾਹੀ, ਓਹੋ ਈਸਾ ਦੀ ਪ੍ਰਤਿਮਾ, ਓਹੋ ਪਾਦਰੀ। ਨਿਖਲੀਊਧਵ ਨੇ ਮਲੂਮ ਕੀਤਾ ਕਿ ਭਾਵੇਂ ਉਹਨੂੰ ਆਪਣਾ ਕਸੂਰ ਦਸ ਦੇਣਾ ਚਾਹੀਦਾ ਸੀ, ਪਰ ਉਸ ਦਿਨ ਵੀ ਤੇ ਅੱਜ ਵੀ ਇੰਨੀ ਬੜੀ ਭਾਰੀ ਸੰਜੀਦਗੀ ਨੂੰ ਉਹ ਕਿਸੀ ਤਰਾਂ ਟੁਕ ਦੇਣ ਦੇ ਅਸਮਰਥ ਸੀ।

ਅਦਾਲਤ ਵਿੱਚ ਮੁਕੱਦਮਿਆਂ ਦੀਆਂ ਤਿਆਰੀਆਂ ਉੱਸੇ ਕਲ ਵਾਲੇ ਰੋਜ ਵਾਂਗਰ ਸਨ, ਸਿਵਾਏ ਇਕ ਉਕਤਾਈ ਦੇ ਕਿ ਅੱਜ ਜੂਰੀ ਨੂੰ ਕਸਮਾਂ ਨਹੀਂ ਸਨ ਦਿੱਤੀਆਂ ਗਈਆਂ ਤੇ ਨ ਪ੍ਰਧਾਨ ਨੇ ਆਪਣੀ ਕਾਰਵਾਈ ਅਰੰਭ ਵੇਲੇ ਕੋਈ ਨਸੀਹਤਾਂ ਕੀਤੀਆਂ ਸਨ।

ਅੱਜ ਮੁਕੱਦਮਾ ਕੋਠਾ ਭੰਨ ਕੇ ਚੋਰੀ ਕਰਨ ਦਾ ਸੀ। ਦੋ ਦੋਸੀ ਸਨ ਜਿਹੜੇ ਪੁਲਿਸ ਦੇ ਸਿਪਾਹੀਆਂ ਦੇ ਨੰਗੀ ਤਲਵਾਰ ਦੇ ਪਹਿਰੇ ਵਿੱਚ ਸਨ। ਇਕ ਪਤਲਾ ਤੰਗ ਛਾਤੀ ਵਾਲਾ ਵੀਹ ਕੁ ਵਰਿਹਾਂ ਦਾ ਮੁੰਡਾ ਜਿਹਦੇ ਚਿਹਰੇ ਉੱਪਰ ਲਹੂ ਉੱਕਾ ਨਹੀਂ ਸੀ ਤੇ ਮੂੰਹ ਬਿਲਕੁਲ ਹਿੱਸਿਆ ਹੋਇਆ ਸੀ—ਉਸਨੇ ਭੂਰਾ ਜੇਹਾ ਓਵਰਕੋਟ ਪਾਇਆ ਹੋਇਆ ਸੀ। ਇਕੱਲਾ ਕੈਦੀਆਂ ਦੇ ਜੰਗਲੇ ਵਿੱਚ ਬੈਂਚ ਉੱਪਰ ਬੈਠਾ ਸੀ ਤੇ ਆਪਣੇ ਭਰਵੱਟੇ ਨੀਵੇਂ ਕਰਕੇ ਜੋ ਕੋਈ ਅਦਾਲਤ ਵਿੱਚ ਆਉਂਦਾ ਸੀ ਉਹਨੂੰ ਭਰਵੱਟਿਆਂ ਦੇ ਵਿੱਚ ਦੀ ਅੱਖਾਂ ਦੇ ਆਨੇ ਉਤਾਂਹ ਕਰਕੇ ਦੇਖਦਾ ਸੀ।

ਇਸ ਲੜਕੇ ਉੱਪਰ ਇਹ ਦੋਸ ਲੱਗਾ ਸੀ ਕਿ ਇਸ ਨੇ ਆਪਣੇ ਇਕ ਹੋਰ ਸਾਥੀ ਸਮੇਤ, ਇਕ ਸ਼ੈਡ (ਛੱਪਰ) ਦਾ ਜੰਦਰਾ ਭੰਨਿਆ, ਤੇ ਓਥੋਂ ਕਈ ਇਕ ਪੁਰਾਣੀਆਂ ਸੜੀਆਂ ਫੂਹੜੀਆਂ ਚੁਰਾਈਆਂ, ਜਿਨ੍ਹਾਂ ਦੀ ਕੁਲ ਕੀਮਤ ੩) ਰੂਬਲ ਤੇ ੭੩ ਕੋਪੈਕ ਸੀ। ਫਰਦ ਜੁਰਮ ਦੇ ਅਨੁਸਾਰ ਪੁਲਿਸ ਨੇ ਇਸ ਲੜਕੇ ਨੂੰ ਸਰੇ ਬਜ਼ਾਰ ਪਕੜ ਲੀਤਾ ਸੀ ਉਸ ਆਪਣੇ ਸਾਥੀ ਸਮੇਤ ਜਿਸ ਫੂਹੜੀਆਂ ਸਿਰ ਉੱਪਰ ਚੱਕੀਆਂ ਹੋਈਆਂ

ਸਨ। ਉਨ੍ਹਾਂ ਦੋਹਾਂ ਇਕਬਾਲ ਕਰ ਲਇਆ ਸੀ ਤੇ ਹਵਾਲਾਤ ਵਿਚ ਦਿੱਤੇ ਗਏ ਸਨ। ਇਸ ਲੜਕੇ ਦਾ ਸਾਥੀ ਇਕ ਜੰਦਰੇ ਬਨਾਉਣ ਵਾਲਾ ਲੋਹਾਰ ਸੀ। ਉਹ ਤਾਂ ਹਵਾਲਾਤ ਵਿਚ ਹੀ ਪਾਰ ਬੋਲਿਆ, ਤੇ ਇਹ ਲੜਕਾ ਇਕੱਲਾ ਹੁਣ ਮੁਕੱਦਮੇ ਦੀ ਪੇਸ਼ੀ ਭੁਗਤ ਰਹਿਆ ਸੀ। ਪੁਰਾਣੀਆਂ ਫੂਹੜੀਆਂ, ਸ਼ਹਾਦਤ ਵਿੱਚ ਆਈਆਂ ਚੀਜ਼ਾਂ, ਮੇਜ ਉੱਪਰ ਧਰੀਆਂ ਹੋਈਆਂ ਸਨ।

ਕਾਰਰਵਾਈ ਹੂ-ਬਹੂ ਕਲ ਵਾਂਗਰ ਸੀ, ਓਹੋ ਸ਼ਹਾਦਤ, ਸਬੂਤ, ਕਾਰਰਵਾਈਆਂ, ਸੌਹਾਂ ਸੁਗੰਧਾਂ, ਸਵਾਲਾਂ ਦਾ ਪੁੱਛਣ ਪਛਾਣ, ਉਹ ਖਾਸ ਆਪਣੇ ਆਪਣੇ ਕੰਮ ਦੇ ਨਿਪੁੰਨਾਂ ਦੀਆਂ ਸ਼ਹਾਦਤਾਂ ਤੇ ਉਹੋ ਜੇਹੇ ਜਿਰਾ ਕਰਨ ਦੇ ਦਿਖਾਵੇ ਚਲ ਰਹੇ ਸਨ। ਜੋ ਕੋਈ ਸਵਾਲ ਪ੍ਰਧਾਨ ਜਾਂ ਸਰਕਾਰੀ ਵਕੀਲ ਜਾਂ ਹੋਰ ਵਕੀਲ ਇਕ ਪੁਲਿਸ ਦੇ ਆਦਮੀ (ਜੋ ਗਵਾਹਾਂ ਵਿੱਚੋਂ ਇਕ ਸੀ) ਨੂੰ ਪੁੱਛਦੇ ਸਨ ਉਹ ਬੱਸ ਘੜਿਆ ਜਵਾਬ ਮੂੰਹੋਂ ਤੁਰਤ ਕੱਢ ਦਿੰਦਾ ਸੀ–"ਹਾਂ ਜੀ", "ਮੈਂ ਕਹਿ ਨਹੀਂ ਸੱਕਦਾ", ਭਾਵੇਂ ਜ਼ਾਬਤੇ ਦੀ ਕਾਰਰਵਾਈ ਤੇ ਹੁਕਮ ਮੰਨਣ ਨਾਲ ਉਹ ਉੱਲੂ ਜੇਹਾ ਇਕ ਮਸ਼ੀਨ ਵਰਗਾ ਹੀ ਹੋਇਆ ਹੋਇਆ ਸੀ, ਤਦ ਵੀ ਇਸ ਕੈਦੀ ਦੇ ਫੜਨ ਬਾਬਤ ਕੁਛ ਕਹਿਣ ਨੂੰ ਸਾਫ ਦਿੱਸ ਰਿਹਾ ਸੀ, ਕਿ ਉਹ ਰਜਾਮੰਦ ਨਹੀਂ ਸੀ। ਇਕ ਹੋਰ ਗਵਾਹ ਨੂੰ,- ਇਕ ਬੁੱਢਾ ਕਈ ਰਹਿਣ ਵਾਲੀਆਂ ਇਮਾਰਤਾਂ ਦਾ ਤੇ ਉਨ੍ਹਾਂ ਚੁਰਾਈਆਂ ਫੂਹੜੀਆਂ ਦਾ ਮਾਲਕ, ਕੁਛ **ਕੜੀਲ** ਸੜਿਆ ਜੇਹਾ ਬੁੱਢਾ–ਜਦ ਪੁੱਛਿਆ ਗਿਆ ਕਿ ਕੀ ਫੂਹੜੀਆਂ ਤੇਰੀਆਂ ਹਨ, ਉਸ ਨੇ ਉਨ੍ਹਾਂ ਨੂੰ ਬੇ ਦਿਲੀ ਨਾਲ ਪਛਾਤਾ ਤੇ ਕਿਹਾ 'ਹਾਂ'। ਜਦ ਸਰਕਾਰੀ ਵਕੀਲ ਨੇ ਉਹਨੂੰ ਪੁੱਛਿਆ ਕਿ ਇਹ

ਸਫਾਂ ਉਹਦੇ ਕਿਸੀ ਕੰਮ ਦੀਆਂ ਸਨ ਤੇ ਕਿਸ ਵਰਤਨ ਵਿੱਚ ਆਉਂਦੀਆਂ ਸਨ, ਤਦ ਉਹ ਬੜਾ ਖ਼ਫ਼ਾ ਹੋ ਗਿਆ ਤੇ ਕਹਿਣ ਲੱਗਾ:—"ਸ਼ੈਤਾਨ ਖੜੇ ਇਨ੍ਹਾਂ ਮੱਥਾ ਸੜੀਆਂ ਸਫਾਂ ਨੂੰ ਮੈਨੂੰ ਇਨ੍ਹਾਂ ਨਿਕਾਰੀਆਂ ਦੀ ਲੋੜ ਨਹੀਂ—ਜੇ ਮੈਨੂੰ ਪਤਾ ਹੁੰਦਾ ਕਿ ਤੁਸਾਂ ਮੈਨੂੰ ਇੰਨਾ ਦਿੱਕ ਕਰਨਾ ਹੈ ਮੈਂ ਇਨ੍ਹਾਂ ਨੂੰ ਢੂੰਡਣ ਹੀ ਨ ਚੜ੍ਹਦਾ—ਨਹੀਂ ਹੱਥੋਂ ਦਸ ਰੂਬਲ ਦਾ ਇਕ ਨੋਟ ਯਾ ਦੋ ਉਨ੍ਹਾਂ ਉਪਰ ਵੀ ਧਰ ਦਿੰਦਾ ਕਿ ਜਾਓ ਲੈ ਜਾਓ ਤੇ ਬਖਸ਼ੋ। ਇਨਹਾਂ ਅਦਾਲਤਾਂ ਵਿੱਚ ਇਉਂ ਰੁਲਣ ਥੀਂ ਬਚਦਾ, ਤੇ ਇਨਹਾਂ ਸਵਾਲਾਂ ਨਾਲ ਤਾਂ ਮੇਰੀ ਮੱਤ ਤੁਸੀ ਨ ਮਾਰਦੇ—ਪੰਜ ਰੂਬਲ ਮੇਰੇ ਟਾਂਗਿਆਂ ਬੱਘੀਆਂ ਉੱਪਰ ਲਗ ਚੁਕੇ ਹਨ, ਨਾਲੇ ਮੈਂ ਵੱਲ ਨਹੀਂ—ਮੈਨੂੰ ਵਾ ਦੇ ਦਰਦ ਹਨ ਤੇ ਨਾਲੇ **ਹਰਨੀਆ** ਹੋਇਆ ਹੋਇਆ ਹੈ।"

ਇਹ ਤਾਂ ਗਵਾਹ ਹੋਰਾਂ ਕਹਿਆ—ਮੁਲਜ਼ਿਮ ਨੇ ਆਪ ਸਾਰੀ ਗੱਲ ਦਸ ਦਿੱਤੀ ਤੇ ਅੱਗੇ ਪਿੱਛੇ ਇਕ ਫਾਥੇ ਹੈਵਾਨ ਵਾਂਗ, ਮੱਤ ਮਾਰੀ ਹੋਈ ਵੇਖ ਰਹਿਆ ਸੀ, ਤੇ ਓਹਨੇ ਇਕ ਅਟਕਦੀ ਨੀਵੀਂ ਆਵਾਜ਼ ਵਿੱਚ ਸਾਰਾ ਬਿਰਤਾਂਤ ਕਹਿ ਸੁਣਾਇਆ—ਮੁਕੱਦਮਾ ਸਾਫ ਸੀ, ਪਰ ਸਰਕਾਰੀ ਵਕੀਲ ਆਪਣੀ ਆਦਤ ਵਾਂਗੂ ਆਪਣੇ ਮੋਢੇ ਉੱਤੇ ਕਰਕੇ ਦੂਜਿਆਂ ਨੂੰ ਨੀਵਾਂ ਜੇਹਾ ਸਮਝ ਹਿਲਾਂਦਾ ਸੀ, ਉਸੀ ਤਰਾਂ ਜਿਸ ਤਰਾਂ ਕਲ ਉਹ ਕਰ ਰਿਹਾ ਸੀ, ਪੇਚੀਦਾ ਜੇਹੇ ਤੇ ਅਵੰਗੜੀਆਂ ਵਾਲੇ ਸਵਾਲ ਪੁੱਛਦਾ ਸੀ ਜਿਸ ਤਰਾਂ ਕਿਸੀ ਬੜੇ ਚਾਲਾਕ ਤੇ ਬਦਮਾਸ਼ ਦੋਸੀ ਨੂੰ ਓਹਨੇ ਆਪਣੇ ਸਵਾਲਾਂ ਦੇ ਜਵਾਬ ਦੇ ਪੇਚਾਂ ਤੇ ਯੁਕਤੀਆਂ ਵਿੱਚ ਫਸਾਣਾ ਸੀ।

ਉਸ ਤਕਰੀਰ ਕੀਤੀ ਤੇ ਦੱਸਿਆ ਕਿ ਚੋਰੀ

ਕਿਸੇ **ਸ਼ੈਡ** ਵਿੱਚ ਨਹੀਂ ਬਲਕਿ ਰਹਿਣ ਵਾਲੇ ਘਰ ਵਿੱਚ ਹੋਈ ਹੈ। ਜੰਦਰਾ ਤੋੜਿਆ ਗਿਆ ਹੈ ਤੇ ਦਲੀਲਾਂ ਦਿੱਤੀਆਂ ਕਿ ਇਸ ਵਾਸਤੇ ਮੁੰਡੇ ਨੂੰ ਸਖਤ ਸਜ਼ਾ ਹੋਣੀ ਚਾਹੀਏ। ਉਸ ਮੁੰਡੇ ਦੀ ਬਚਾ ਵਾਲੇ ਪਾਸੇ ਦਾ ਵਕੀਲ ਜਿਹਨੂੰ ਸਰਕਾਰ ਨੇ ਨੀਤ ਕੀਤਾ ਸੀ, ਇਹ ਕਹਿੰਦਾ ਸੀ ਕਿ ਚੋਰੀ ਰਹਿਣ ਵਾਲੇ ਕਿਸੀ ਮਕਾਨ ਵਿੱਚ ਨਹੀਂ ਹੋਈ, ਤੇ ਇਉਂ ਕੀਤੇ ਜੁਰਮ ਥੀਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਦੋਸੀ ਕੋਈ ਇੰਨਾ ਸੋਸੈਟੀ ਲਈ ਖਤਰਨਾਕ ਬੰਦਾ ਨਹੀਂ ਜਿੰਨਾ ਦਸਿਆ ਜਾਂਦਾ ਹੈ।

ਪਰਧਾਨ ਨੇ ਓਹੋ ਨਿਰੋਲ ਨਿਰਪਖਤਾ ਦੱਸੀ ਤੇ ਇਨਸਾਫ ਕਰਨ ਵਾਲਾ ਬਣਿਆ, ਜਿਸ ਤਰਾਂ ਕਲ ਸੀ ਤੇ ਉਸਨੇ **ਜੂਰੀ** ਨੂੰ ਸਾਰਾ ਵਾਕਿਆ ਸਮਝਾਇਆ ਜਿਹੜਾ ਉਹ ਸਾਰੇ ਮੈਂਬਰ ਅੱਗੇ ਹੀ ਸਮਝ ਗਏ ਸਨ ਤੇ ਬਦੋ ਬਦੀ ਹੀ ਸਮਝ ਚੁਕੇ ਸਨ—ਕਲ ਵਾਂਗ ਥੋੜੀ ਦੇਰ ਲਈ ਅਦਾਲਤ ਨੇ ਛੁਟੀ ਕੀਤੀ, ਫਿਰ ਉਨਹਾਂ ਜਾਕੇ ਸਿਗਰਟ ਪੀਤੇ--ਫਿਰ **ਅਸ਼ਰ** ਨੇ ਉੱਚੀ ਸੁਰ ਵਿੱਚ ਕਹਿਆ "**ਅਦਾਲਤ** ਆ ਰਹੀ ਹੈ", ਤੇ ਫਿਰ ਉਨ੍ਹਾਂ **ਜੂਰੀ** ਵਾਲਿਆਂ ਨੇ ਕੋਸ਼ਸ਼ ਕੀਤੀ ਕਿ ਮਤੇ ਮੁੜ ਊਂਘਾਂ ਨ ਆਣ ਸਤਾਉਣ—ਤੇ ਦੋਸੀ ਉੱਪਰ ਪੁਲਿਸ ਦੇ ਸਿਪਾਹੀ ਆਪਣੀਆਂ ਨੰਗੀਆਂ ਤਲਵਾਰਾਂ ਸੂਤੀ ਖੜੇ ਸਨ।

ਕਾਰਵਾਈ ਥੀਂ ਜਾਪਦਾ ਸੀ ਕਿ ਇਹ ਮੁੰਡਾ ਉਹਦੇ ਪਿਓ ਨੇ ਇਕ ਤਮਾਕੂ ਦੇ ਕਾਰਖਾਨੇ ਵਿੱਚ **ਐਪਰੈਨਟਿਸ** (ਹੱਥਾਂ ਨਾਲ ਕੰਮ ਕਰਨ ਤੇ ਕੰਮ ਸਿੱਖਣ ਲਈ ਸ਼ਗਿਰਦ)

ਰਖਾਇਆ ਸੀ ਉੱਥੇ ਉਹ ਪੰਜ ਸਾਲ ਰਹਿਆ। ਇਸ ਸਾਲ ਮਜ਼ੂਰਾਂ **ਸਟਰਾਈਕ** ਕਰ ਦਿੱਤੀ ਸੀ ਤੇ ਉਸ ਅਪਰਾਧ ਵਿੱਚ ਕਾਰਖਾਨੇ ਦੇ ਮਾਲਕ ਨੇ ਏਹਨੂੰ ਬਰਖਾਸਤ ਕਰ ਕਰ ਦਿਤਾ ਸੀ। ਤੇ ਜਦ ਉਹਦੀ ਥਾਂ ਇਉਂ ਗਵਾਚ ਗਈ ਇਹ ਸ਼ਹਿਰ ਦੇ ਅੱਗੇ ਪਿੱਛੇ ਅਵਾਰਾ ਗਰਦ ਹੋ ਗਇਆ ਸੀ। ਤੇ ਜੋ ਕੁਛ ਇਹਦੇ ਪੱਲੇ ਸੀ ਉਹਦੀ ਸ਼ਰਾਬ ਪੀ ਲਈ ਸੀ। ਇਕ ਸਸਤੇ ਜੇਹੇ **ਰੈਸਟਰਾਂਟ** ਵਿੱਚ ਆਪਣੇ ਵਰਗੇ ਇਕ ਹੋਰ ਨੂੰ ਮਿਲ ਪਇਆ ਸੀ ਜਿਹੜਾ ਆਪਣੀ ਨੌਕਰੀ ਇਸ ਕੈਦੀ ਥੀਂ ਪਹਿਲਾਂ ਹੀ ਗਵਾ ਬੈਠਾ ਸੀ–ਉਹ ਵੀ ਜੰਦਰੇ ਬਣਾਉਣ ਵਾਲਾ ਪੱਕਾ ਸ਼ਰਾਬੀ ਸੀ। ਇਕ ਰਾਤ ਇਹ ਦੋਵੇਂ ਪੀਕੇ ਗੁੱਟ ਹੋਏ ਹੋਇਆਂ ਨੇ ਇਕ **ਸ਼ੈਡ** ਦਾ ਜੰਦਰਾ ਭੰਨਿਆ ਤੇ ਜਿਹੜੀ ਵੀ ਪਹਿਲੀ ਚੀਜ਼ ਉਪਰੋਂ ਉਪਰੋਂ ਇਨਹਾਂ ਦੇ ਹੱਥ ਲੱਗੀ ਉਹ ਲੈਕੇ ਤਿੱਤਰ ਹੋਏ ਸਨ। ਇਨ੍ਹਾਂ ਦੋਹਾਂ ਸਾਰੀ ਗੱਲ ਦਾ ਇਕ-ਬਾਲ ਕਰ ਲਇਆ ਸੀ, ਤੇ ਹਵਾਲਾਤ ਵਿੱਚ ਸੁੱਟੇ ਗਏ ਸਨ। ਤੇ ਜੰਦਰੇ ਬਨਾਉਣ ਵਾਲਾ ਤਾਂ ਓਥੇ ਹੀ ਮੁਕੱਦਮੇ ਦੇ ਦੌਰਾਨ ਵਿੱਚ ਹੀ ਮਰ ਗਇਆ ਸੀ, ਤੇ ਇਹ ਨਿਮਾਣਾ ਲੜਕਾ ਇੱਕ ਖਤਰਨਾਕ ਜੰਤੂ ਵਾਂਗਰ ਇਉਂ ਫੜ ਲਿੱਤਾ ਹੋਇਆ ਸੀ ਤੇ ਕੋਸ਼ਸ਼ ਇਹ ਸੀ ਕਿ ਇਹਦੇ ਪਾਸੋਂ ਸੋਸੈਟੀ ਨੂੰ ਬਚਾਉਣਾ ਜ਼ਰੂਰੀ ਹੇ।

"ਕਲ ਦੇ ਦੋਸੀ ਵਾਂਗ ਇਹ ਮੁੰਡਾ ਵੀ ਇਨਹਾਂ ਲਈ ਖਤਰਨਾਕ ਜੰਤੂ ਹੈ", **ਨਿਖਲੀਊਧਵ** ਨੇ ਮਨ ਵਿੱਚ ਵਿਚਾਰਿਆ ਤੇ ਜੋ ਕੁਛ ਹੋ ਰਹਿਆ ਸੀ ਉਹ ਸੁਣੀ ਗਇਆ। "ਇਹ ਜੰਤੂ ਤਾਂ ਖ਼ਤਰਨਾਕ ਹਨ ਤੇ ਅਸੀ ਜਿਹੜੇ ਬਹਿਕੇ

ਉਨ੍ਹਾਂ ਉੱਪਰ ਅਦਾਲਤ ਕਰ ਰਹੇ ਹਾਂ ਖੌਫਨਾਕ ਨਹੀਂ ? ਮੈਂ ਇਕ ਲੁੱਚਾ ਬਦਮਾਸ਼ ਅਯਾਸ਼, ਇਕ ਧੋਖੇਬਾਜ਼ ਧ੍ਰੋਹ ਕਮਾਉਣ ਵਾਲਾ—ਤੇ ਅਸੀ ਸਾਰੇ, ਸਾਰੇ ਉਹ ਜੋ ਮੈਨੂੰ ਜਾਣਦੇ ਹਨ ਕਿ ਮੈਂ ਕਿਨ੍ਹਾਂ ਕਰਤੂਤਾਂ ਵਾਲਾ ਹਾਂ—ਉਹ ਸਾਰੇ ਮੈਨੂੰ ਨ ਸਿਰਫ ਧ੍ਰਿਕਾਰ ਤ੍ਰਿਸਕਾਰ ਨਹੀਂ ਕਰਦੇ ਸਗੋਂ ਇੱਜ਼ਤ ਕਰਦੇ ਹਨ।"

"ਇਹ ਸਾਫ ਹੈ ਕਿ ਇਹ ਕੋਈ ਅਸਾਧਾਰਣ ਬੁਰਾਈ ਕਰਨ ਵਾਲਾ ਮੁੰਡਾ ਨਹੀਂ—ਇਕ ਸਾਧਾਰਨ ਵਿਚਾਰਾ ਗਭਰੂ ਹੈ, ਤੇ ਹਰ ਕੋਈ ਸਮਝ ਰਹਿਆ ਹੈ ਕਿ ਉਹ ਜੋ ਕੁਛ ਹੋਇਆ ਹੈ ਆਪਨੀ ਗਰੀਬੀ ਕਰਕੇ ਹੋਇਆ ਹੈ, ਤੇ ਜਦ ਏਹੇ ਜੇਹੇ ਮੁਸ਼-ਕਲ ਵਾਕਿਆਤ ਕਿਸੀ ਦੀ ਜ਼ਿੰਦਗੀ ਵਿੱਚ ਵੀ ਵਾਪਰਨ ਉਸ ਇਹੋ ਜੇਹਾ ਹੋ ਈ ਜਾਣਾ ਹੋਇਆ—ਇਸ ਵਾਸਤੇ ਜੇ ਇਹਦੀ ਠੀਕ ਲੋੜ ਹੋਵੇ ਕਿ ਇਹੋ ਜੇਹੇ ਮੁੰਡੇ ਇਹੋ ਜਿਹੇ ਭੈੜੇ ਪਾਸੇ ਨ ਜਾਣ, ਤਦ ਉਨਹਾਂ ਦੀ ਜ਼ਿੰਦਗੀ ਦੇ ਮਾੜੇ ਹਾਲਾਂ ਨੂੰ ਬਦਲਣ ਦੀ ਲੋੜ ਹੈ ਤੇ ਇਨ੍ਹਾਂ **ਹਾਲਤਾਂ** ਨੂੰ ਉੱਕਾ ਨਿਰਮੂਲ ਕਰਕੇ ਸਦਾ ਲਈ ਮੁਕਾ ਦੇਣਾ ਜਰੂਰੀ ਠਹਿਰਿਆ। ਜੇ ਕੋਈ ਸੱਜਨ ਇਸ ਉੱਪਰ ਤਰਸ ਕਰਕੇ ਇਹਨੂੰ ਕੋਈ ਮਦਦ ਦੇ ਦਿੰਦਾ ਜਦ ਗਰੀਬੀ ਕਰਕੇ ਉਹ ਉਨਹਾਂ ਦੇ ਸ਼ਹਿਰ ਆ ਹੀ ਵੜਿਆ ਸੀ ਤਦ ਸ਼ੁਰੂ ਵਿੱਚ ਥੋੜੀ ਜਿੰਨੀ ਮਦਦ ਕਰਨਾ ਹੀ ਕਾਫ਼ੀ ਹੁੰਦਾ," **ਨਿਖਲੀਊਧਵ** ਨੇ ਉਸ ਮੁੰਡੇ ਦੇ ਬੀਮਾਰ ਜੇਹੇ ਤੇ ਸਖਤ ਤ੍ਰੈਹੇ ਹੋਏ ਮੂੰਹ ਵਲ ਵੇਖਕੇ ਵਿਚਾਰ ਕੀਤੀ:—

"ਯਾ ਉਸ ਥੀਂ ਹੋਰ ਜਰਾ ਪਿੱਛੇ ਜਾਕੇ ਵੇਖੀਏ, ਜਦ ਓਹ ਬਾਰਾਂ ਘੰਟੇ ਦੀ ਮਜੂਰੀ ਬਾਦ ਆਪਣੇ ਸਾਥੀਆਂ ਦੇ ਕਹੇ ਕਹਾਏ ਕਲਾਲਖਾਨੇ ਜਾਣ ਲਗ ਪਇਆ ਸੀ, ਜੇ ਉਸ ਵੇਲੇ

ਕੋਈ ਉਪਕਾਰੀ ਉਪਜ ਪੈਂਦਾ ਤੇ ਓਹਨੇ ਇਹਨੂੰ ਦਸਦਾ "ਵਾਨਿਆ! ਓਥੇ ਨਾ ਜਾ—ਓਥੇ ਜਾਣਾ ਠੀਕ ਨਹੀ ਆ," ਤੇ ਇਹ ਮੁੜਕੇ ਓਥੇ ਨ ਜਾਂਦਾ ਨ ਬੁਰੇ ਰਾਹ ਪੈਂਦਾ ਤੇ ਕੋਈ ਬੁਰਾ ਕਰਮ ਨ ਕਰਦਾ। ਪਰ ਨਹੀਂ—ਕੋਈ ਵੀ ਉਸ ਉੱਪਰ ਤਰਸ ਕਰਨ ਨੂੰ ਤਾਂ ਨ ਬੌਹੜਿਆ ਜਦ ਕਿ ਸਾਲਾਂ ਬੱਧੀ ਇਹ ਇਹੋ ਜੇਹੇ ਕੰਮ ਸਿਖਦਾ ਰਹਿਆ ਤੇ ਇਕ ਗਰੀਬ ਨਿੱਕੇ ਹੈਵਾਨ ਵਾਂਗਰ ਸ਼ਹਿਰ ਵਿੱਚ ਆਣ ਕੇ ਰਹਿੰਦਾ ਰਹਿਆ—ਤੇ ਆਪਣੇ ਵਾਲ ਖਸਖਾਸੀ ਇਸ ਵਾਸਤੇ ਕਰਾਏ ਸਨ ਸੁ ਕਿ ਜੂਆਂ ਨ ਪੈ ਜਾਣ—ਹੋਰ ਮਜੂਰਾਂ ਦੇ ਸੁਨੇਹੇ ਅੱਗੇ ਪਿੱਛੇ ਲਈ ਦੌੜਦਾ ਪਹੁੰਚਾਂਦਾ ਰਹਿਆ। ਇਸ ਥੀਂ ਉਲਟ ਹੱਥੋਂ ਇਹ ਜਦ ਦਾ ਸ਼ਹਿਰ ਆਇਆ ਜੋ ਕੁਛ ਉਹ ਪੁਰਾਣੇ ਮਜੂਰਾਂ ਥੀਂ ਸੁਣਦਾ ਸੁਣਾਂਦਾ ਸਿਖਦਾ ਰਹਿਆ ਉਹ ਇਹ ਸੀ—ਕਿ ਜਿਹੜਾ ਦੂਸਰਿਆਂ ਨੂੰ ਠਗਦਾ ਹੈ, ਸ਼ਰਾਬ ਪੀਂਦਾ ਹੈ ਤੇ ਮੌਕਾ ਲੱਗੇ ਦੂਏ ਨੂੰ ਖੂਬ ਕੁੱਟਦਾ ਹੈ ਤੇ ਜਿਹੜਾ ਇਨਹਾਂ ਸਭ ਗੱਲਾਂ ਥੀਂ ਵੀ ਉਤੇ ਆਪਣੇ ਆਪ ਨੂੰ ਵਿਸ਼ੇ ਕਰਨ ਲਈ ਖੁੱਲ੍ਹਾ ਬੇ ਰੋਕ ਛੱਡ ਦਿੰਦਾ ਹੈ ਉਹ ਬੜਾ ਚੰਗਾ ਬੰਦਾ ਹੁੰਦਾ ਹੈ।

"ਬੀਮਾਰ, ਸਿਹਤ ਨੂੰ ਖਰਾਬ ਕਰਨ ਵਾਲੀ ਮਜੂਰੀ ਤੇ ਸ਼ਰਾਬ ਤੇ ਵਿਸ਼ੇ ਵਿਕਾਰ ਨਾਲ ਗਲੀ ਹੋਈ ਕਾਇਆਂ,—ਸ਼ਹਿਰ ਦੇ ਦਰ ਦਰ ਤੇ ਬੇ ਮੁਰਾਦਾ ਧੱਕੇ ਖਾਂਦਾ ਹੋਇਆ ਬੇਗਾਨਿਆ ਹੋਇਆ, ਜਿਵੇਂ ਕੋਈ ਸੁਫਨੇ ਜੇਹੇ ਵਿੱਚ ਹੁੰਦਾ ਹੈ, ਇਹ ਕਿਸੀ **ਸ਼ੈਡ** ਉੱਪਰ ਅੱਪੜਦਾ ਹੈ ਤੇ ਪੁਰਾਨੀਆਂ ਸਫਾਂ ਜਿਨਹਾਂ ਦੀ ਕਿਸੀ ਨੂੰ ਵੀ ਕੋਈ ਲੋੜ ਨਹੀਂ ਹੋ ਸਕਦੀ, ਚਕ ਲੈਂਦਾ ਹੈ, ਤੇ ਅਸੀ ਇੱਥੇ ਬੈਠ ਇਹ

ਗੱਲ ਨਹੀਂ ਸੋਚਦੇ ਕਿ ਉਹ ਕੀ ਕਾਰਣ ਹਨ ਜਿਨਹਾਂ ਨੇ ਇਹਦਾ ਇਹ ਭੈੜਾ ਹਾਲ ਬਣਾ ਦਿੱਤਾ ਹੈ ਤੇ ਆਓ ਸੋਚੀਏ ਕਿ ਇਹ ਕਾਰਨ ਕਿਸੀ ਤਰਾਂ ਮੂਲੋਂ ਹੀ ਉਖਾੜ ਸੁੱਟੀਏ, ਪਰ ਨਹੀਂ–ਇਹ ਨਿਰਾ ਇਹ ਵਿਚਾਰ ਰਹੇ ਹਨ ਕਿ ਇਹਨੂੰ ਸਜ਼ਾ ਦੇਣ ਨਾਲ ਸਭ ਕੁਛ ਠੀਕ ਹੋ ਜਾਵੇਗਾ।

"ਆਹ ! ਇਹ ਦਿਲ ਨੂੰ ਦਹਿਲ ਦੇਣ ਵਾਲਾ, ਹੌਲਨਾਕ, ਅੱਤਿਆਚਾਰ !" **ਨਿਖਲੀਊਧਵ** ਨੇ ਇਹ ਸਭ ਕੁਛ ਵਿਚਾ-ਰਿਆ ਤੇ ਜੋ ਕੁਛ ਉਹ ਕਰ ਰਹੇ ਸਨ ਤੇ ਹੋ ਰਹਿਆ ਸੀ ਉਸ ਮੁੜ ਕੁਛ ਨ ਸੁਣਿਆਂ–ਉਹ ਤਾਂ ਭੈ ਭੀਤ ਹੋ ਗਇਆ ਸੀ ਕਿ ਹਾਏ ਇਨਹਾਂ ਕਚਹਿਰੀਆਂ ਵਿੱਚ ਕੀ ਹੋ ਰਹਿਆ ਹੈ–ਉਹ ਹੁਣ ਉੱਕਾ ਸਮਝ ਹੀ ਨਹੀਂ ਸੀ ਸੱਕਦਾ ਕਿ ਇਨਹਾਂ ਸਾਰੀਆਂ ਗੱਲਾਂ ਦਾ ਮਰਮ ਓਹਨੂੰ ਇਸ ਥੀਂ ਪਹਿਲਾਂ ਕਿਉਂ ਨਹੀਂ ਸੀ ਪਤਾ ਲੱਗਾ, ਤੇ ਹੁਣ ਬਾਕੀ ਦੇ ਬੰਦੇ ਕਿਉਂ ਨਹੀਂ ਉਸ ਮਰਮ ਨੂੰ ਸਮਝ ਰਹੇ।

## ਕਾਂਡ ੩੫

ਜਦ ਵਿਚਕਾਹੇ ਛੁੱਟੀ ਹੋਈ ਸੀ, **ਨਿਖਲੀਊਧਵ** ਉੱਠ ਖੜੋਤਾ ਸੀ ਤੇ **ਕੌਰੀਡੋਰ** ਵਿੱਚ ਤੁਰ ਗਇਆ ਸੀ। ਉਹ ਹੁਣ ਨਹੀਂ ਸੀ ਚਾਹੁੰਦਾ ਕਿ ਮੁੜ ਅਦਾਲਤ ਵਿੱਚ ਜਾਵੇ— ਕਰਨ ਮੱਥਾ ਸੜੇ ਜੋ ਇਨਹਾਂ ਦੀ ਮਰਜ਼ੀ ਹੋਵੇ, ਪਰ ਇਸ ਹੌਲਨਾਕ ਕਰੈਹਤਪੁਣੇ ਵਿੱਚ ਅੱਗੇ ਥੀਂ ਉਹ ਕੋਈ ਹਿੱਸਾ ਨਹੀਂ ਲਵੇਗਾ।

**ਪ੍ਰੋਕਿਊਰਰ** (ਪੋਲੀਸ ਦਾ ਰੂਸੀ ਅਫ਼ਸਰ) ਦਾ ਕਮਰਾ ਪੁੱਛ ਕੇ ਉਹ ਉਸ ਵਲ ਗਇਆ, ਬਾਹਰ ਖੜਾ ਅਰਦਲੀ ਉਹਨੂੰ ਅੰਦਰ ਨਹੀਂ ਸੀ ਜਾਣ ਦਿੰਦਾ, ਇਹ ਕਹਿੰਦਾ ਸੀ ਕਿ **ਪ੍ਰੋਕਿਊਰਰ** ਰੁੱਝਿਆ ਹੈ ਪਰ **ਨਿਖਲੀਊਧਵ** ਨੇ ਉਹਦੀ ਰੋਕ ਟੋਕ ਦੀ ਕੋਈ ਪਰਵਾਹ ਨ ਕੀਤੀ ਤੇ ਦਰਵਾਜ਼ੇ ਪਾਸ ਪੁਹਤਾ ਜਿੱਥੇ ਅੰਦਰੋਂ ਆ ਕੇ ਇਕ ਅਫਸਰ ਜੇਹਾ ਉਹਨੂੰ ਮਿਲਿਆ। ਉਹਨੂੰ **ਨਿਖਲੀਊਧਵ** ਨੇ ਕਹਿਆ ਕਿ ਓਹਦੇ ਆਉਣ ਦੀ ਖਬਰ ਸਾਹਿਬ ਨੂੰ ਪਹੁੰਚਾਈ ਜਾਵੇ, ਕਿ ਉਹ **ਜੂਰੀ** ਉੱਪਰ ਹੈ ਤੇ ਉਨਹਾਂ ਨਾਲ ਇਕ ਬੜੀ ਜ਼ਰੂਰੀ ਗਲ ਕਰਨੀ ਹੈ।

ਇਕ ਤਾਂ ਉਹਦੇ **ਜੂਰੀ** ਉੱਪਰ ਹੋਣ ਨੇ, ਦੂਜੇ ਉਹਦੀ

ਪੋਸ਼ਾਕ ਨੇ ਉਹਦੀ ਮਦਦ ਕੀਤੀ—ਉਸ ਅਫਸਰ ਨੇ ਜਾ ਕੇ **ਪ੍ਰੋਕਿਊਰਰ** ਨੂੰ ਕਹਿਆ। ਇਜਾਜ਼ਤ ਤਾਂ ਮਿਲੀ ਪਰ **ਪ੍ਰੋਕਿਊਰਰ** ਉਹਨੂੰ ਖੜੇ ਖੜੇ ਨੂੰ ਮਿਲਿਆ। ਸਾਫ ਸੀ ਕਿ ਉਹ ਕੁਛ ਨਾਰਾਜ ਹੋ ਗਇਆ ਸੀ ਕਿ **ਨਿਖਲੀਊਧਵ** ਨੇ ਉਸ ਪਾਸ ਆਉਣ ਦੀ ਐਸੀ ਬੇ ਜ਼ਾਬਤਾ ਜ਼ਿਦ ਕਿਉਂ ਕੀਤੀ।

"ਆਪ ਕੀ ਕਹਿੰਦੇ ਹੋ' **ਪ੍ਰੋਕਿਊਰਰ** ਨੇ ਕਰੜਾਈ ਨਾਲ ਪੁੱਛਿਆ।

"ਮੈਂ **ਜੂਰੀ** ਉੱਪਰ ਹਾਂ, ਮੇਰਾ ਨਾਮ **ਨਿਖਲੀਊਧਵ** ਹੈ ਤੇ ਇਹ ਮੇਰੇ ਲਈ ਅਤਿ ਹੀ ਜਰੂਰੀ ਹੈ ਕਿ ਮੈਂ ਕੈਦੀ **ਮਸਲੋਵਾ** ਨੂੰ ਮਿਲਾਂ", **ਨਿਖਲੀਊਧਵ** ਨੇ ਕਾਹਲੀ ਵਿੱਚ ਪਰ ਪੱਕੇ ਦਿਲ ਨਾਲ ਪਰ ਕੁਛ ਸ਼ਰਮ ਨਾਲ ਲਾਲ ਜੇਹਾ ਮੂੰਹ ਹੋ ਕੇ ਕਹਿਆ, ਤੇ ਨਾਲੇ ਉਹਨੂੰ ਪ੍ਰਤੀਤ ਹੋ ਰਹਿਆ ਸੀ ਕਿ ਉਹ ਇਸ ਵੇਲੇ ਇਕ ਐਸਾ ਕਦਮ ਚੁਕ ਰਹਿਆ ਹੈ ਜਿਸ ਦਾ ਓਸ ਦੀ ਅਗਲੀ ਜ਼ਿੰਦਗੀ ਲਈ ਇਕ ਫੈਸਲਾ ਕਰ ਦੇਣ ਵਾਲਾ ਅਸਰ ਹੋਵੇਗਾ।

**ਪ੍ਰੋਕਿਊਰਰ** ਇਕ ਮਧਰਾ, ਕਾਲ ਭਰਮਾਂ ਜੇਹਾ ਆਦਮੀ ਸੀ, ਛੋਟੇ ਕੱਕੇ ਵਾਲ, ਤੇਜ ਤੇ ਚਮਕਦੀਆਂ ਅੱਖਾਂ, ਤੇ ਇਕ ਘਣੀ ਖਸਖਾਸੀ ਕੀਤੀ ਦਾੜ੍ਹੀ, ਤੇ ਦਾੜ੍ਹੀ ਵਿਚ ਦੀ ਬਾਹਰ ਉਹਦਾ ਹੇਠਲਾ ਜਬੜਾ ਨਿਕਲਿਆ ਹੋਇਆ ਸੀ।

"**ਮਸਲੋਵਾ**? ਹਾਂ ਠੀਕ ਹੈ—ਮੈਨੂੰ ਪਤਾ ਹੈ, ਜ਼ਹਿਰ ਦੇਣ

ਦੇ ਜੁਰਮ ਵਿੱਚ ਦੋਸੀ", **ਪ੍ਰੋਕਿਊਰਰ** ਨੇ ਜਲਦੀ ਜਲਦੀ ਕਹਿਆ "ਪਰ ਆਪ ਉਹਨੂੰ ਕਿਉਂ ਮਿਲਣਾ ਚਾਹੁੰਦੇ ਹੋ ?" ਉਸ ਇਉਂ ਕਹਿਆ ਜਿਵੇਂ ਓਹ ਆਪਣੀ ਪਹਿਲੀ ਸਖਤੀ ਨੂੰ ਮੁਲਾਇਮ ਕਰ ਰਹਿਆ ਹੈ, "ਮੈਂ ਆਪ ਨੂੰ ਇਜਾਜ਼ਤ ਨਹੀਂ ਦੇ ਸੱਕਦਾ, ਜਦ ਤਕ ਤੁਸੀ ਮੈਨੂੰ ਇਹ ਨ ਦੱਸੋ ਕਿ ਆਪ ਉਹਨੂੰ ਕਿਉਂ ਮਿਲਣਾ ਚਾਹੁੰਦੇ ਹੋ।"

"ਮੈਂ ਇਕ ਖਾਸ ਜਰੂਰੀ ਸਬੱਬ ਲਈ ਮਿਲਣਾ ਚਾਹੁੰਦਾ ਹਾਂ", **ਨਿਖਲੀਊਧਵ** ਨੇ ਫਿਰ ਕਹਿਆ ਪਰ ਸ਼ਰਮ ਨਾਲ ਕੁਛ ਲਾਲ ਲਾਲ ਹੋ ਕੇ।

"ਅੱਛਾ ?" **ਪ੍ਰੋਕੀਊਰਰ** ਨੇ ਆਖਿਆ, ਆਪਣੀਆਂ ਅੱਖਾਂ ਉੱਪਰ ਕਰਕੇ ਤੇ **ਨਿਖਲੀਊਧਵ** ਨੂੰ ਨੀਝ ਲਾ ਕੇ ਤੱਕਕੇ "ਕੀ ਓਹਦਾ ਮੁਕੱਦਮਾਂ ਸੁਣਿਆ ਜਾ ਚੁੱਕਾ ਹੈ ਕਿ ਨਹੀਂ?"

"ਉਹਦਾ ਮੁਕੱਦਮਾ ਕੱਲ ਹੋਇਆ ਸੀ ਤੇ ਉਸ ਉੱਪਰ ਬੇ ਇਨਸਾਫੀ ਹੋਈ ਹੈ ਚਾਰ ਸਾਲ ਦੀ ਸਖਤ ਮੁਸ਼ੱਕਤ ਤੇ **ਸਾਈਬੇਰੀਆ**-ਉਹ ਨਿਰਦੋਸ਼ ਹੈ।"

"ਅੱਛਾ ? ਪਰ ਜੇ ਉਹਨੂੰ ਕੱਲ ਹੀ ਸਜ਼ਾ ਦਾ ਹੁਕਮ ਹੋਇਆ ਹੈ" **ਪ੍ਰੋਕੀਊਰਰ** ਕਹੀ ਗਇਆ, ਤੇ ਉਸ **ਨਿਖਲੀਊਧਵ** ਦੀ ਇਸ ਗੱਲ ਉੱਪਰ ਕਿ ਓਹ ਬੇ ਗੁਨਾਹ ਹੈ ਕੋਈ ਧਿਆਨ ਨ ਦਿੱਤਾ, "ਤਾਂ ਉਹ ਹਾਲੇ ਪਹਿਲੀ ਜੇਹਲ ਵਿੱਚ ਡੱਕੀ ਹੋਣੀ ਹੈ, ਤੇ ਓਥੇ ਹੀ ਹੋਵੇਗੀ ਜਦ ਤਕ ਬਾਕਾਇਦਾ ਹੁਕਮ ਓਥੇ ਨਹੀਂ ਪਹੁੰਚਣਗੇ। ਓਥੇ ਖਾਸ ਖਾਸ ਦਿਨਾਂ ਨੂੰ ਮਿਲਣ ਦੀ ਇਜਾਜ਼ਤ ਹੁੰਦੀ ਹੈ,

ਮੈਂ ਆਪ ਨੂੰ ਇਹ ਸਲਾਹ ਦੇਵਾਂਗਾ ਕਿ ਆਪ ਓਥੇ ਜਾ ਕੇ ਪਤਾ ਕਰੋ।''

''ਪਰ ਮੇਰਾ ਤਾਂ ਉਹਨੂੰ ਜਿੰਨਾ ਛੇਤੀ ਹੋ ਸਕੇ ਮਿਲਣਾ ਬੜਾ ਜ਼ਰੂਰੀ ਹੈ,'' ਨਿਖਲੀਊਧਵ ਨੇ ਕਹਿਆ—ਤੇ ਓਹਦੇ ਜਬੜੇ ਕੰਬ ਰਹੇ ਸਨ, ਜਦ ਓਸ ਇਹ ਵੇਖਿਆ ਕਿ ਓਹਦੀ ਓਹ ਦੋ ਟੁਕ ਫੈਸਲਾ ਕਰਨ ਵਾਲੀ ਘੜੀ ਸਿਰ ਤੇ ਹੀ ਆਣ ਪਹੁੰਚੀ ਹੈ।

''ਕਿਉਂ ? ਆਪ ਨੂੰ ਕੀ ਇੰਨੀ ਲੋੜ ਹੈ'' ਪ੍ਰੋਕਿਊਰਰ ਨੇ ਕਿਹਾ, ਕੁਛ ਬੇਸਬਰੀ ਨਾਲ ਆਪਣੀਆਂ ਭਵਾਂ ਉੱਪਰ ਖਿੱਚ ਕੇ।

''ਇਸ ਵਾਸਤੇ ਕਿ ਓਹ ਬੇ ਗੁਨਾਹ ਸਖਤ ਮੁਸ਼ੱਕਤ ਦੀ ਸਜ਼ਾ ਪਾ ਚੁਕੀ ਹੈ ਤੇ ਕਸੂਰ ਸਭ ਮੇਰਾ ਹੈ,'' ਨਿਖਲੀਊਧਵ ਨੇ ਕੰਬਦੀ ਆਵਾਜ਼ ਵਿੱਚ ਉੱਤਰ ਦਿੱਤਾ, ਨਾਲੇ ਇਹ ਵੀ ਮਹਿਸੂਸ ਕਰ ਰਹਿਆ ਸੀ ਕਿ ਓਹ ਐਸੀ ਗੱਲ ਪਇਆ ਕਹਿੰਦਾ ਹੈ ਜਿਹਦੀ ਕਹਿਣ ਦੀ ਉਹਨੂੰ ਕੋਈ ਲੋੜ ਨਹੀਂ ਸੀ।

''ਉਹ ਕਿਸ ਤਰਾਂ ?''

''ਇਸ ਤਰਾਂ—ਮੈਂ ਉਹਨੂੰ ਪ੍ਰੇਰਿਆ ਸੀ ਤੇ ਉਹਦੀ ਇਸ ਹਾਲਤ ਦਾ ਕਾਰਨ ਬਣਿਆ ਹਾਂ, ਉਹ ਇਸ ਦੁਰਗਤੀ ਨੂੰ ਨ ਪਹੁੰਚਦੀ, ਨ ਉਹ ਦੋਸੀ ਅੱਜ ਹੁੰਦੀ—ਜੇ ਮੈਂ ਕਾਰਨ ਨ ਹੁੰਦਾ।''

''ਇਹ—ਕਿ ਮੈਂ ਓਹਦਾ ਪਿੱਛਾ ਕਰਨਾ ਚਾਹੁੰਦਾ ਹਾਂ.........ਤੇ ਓਸ ਨਾਲ ਵਿਆਹ ਕਰਨਾ ਚਾਹੁੰਦਾ ਹਾਂ,'' ਨਿਖਲੀਊਧਵ ਨੇ

ਬਥਲਾ ਕੇ ਕਹਿਆ, ਤੇ ਆਪਣੀ ਇਸ ਚੰਗਿਆਈ ਨਾਲ ਆਪ ਮੁਅੱਸਰ ਹੋ ਕੇ ਓਹਦੀਆਂ ਅੱਖਾਂ ਵਿੱਚ ਅੱਥਰੂ ਆ ਗਏ।

''ਸੱਚੀਂ ? ਵਾਹ ਜੀ,'' ਪ੍ਰੋਕਿਊਰਰ ਨੇ ਕਹਿਆ, ''ਇਹ ਤਾਂ ਬੜਾ ਹੀ ਨਿਰਾਲਾ ਜੇਹਾ ਮਾਮਲਾ ਹੋਇਆ–ਮੇਰੀ ਜਾਚੇ ਆਪ ਕਰਾਸਨੋਪਰਸਕ ਦੀ ਦਿਹਾਤੀ ਹਕੂ-ਮਤ ਦੇ ਮੈਂਬਰ ਹੋ?''–ਉਸ ਪੁੱਛਿਆ ਜਿਵੇਂ ਓਹਨੂੰ ਯਾਦ ਆ ਗਇਆ ਸੀ ਕਿ ਉਸ ਨੇ ਨਿਖਲੀਊਧਵ ਬਾਬਤ ਕਿਸੀ ਪਾਸੋਂ ਸੁਣਿਆ ਸੀ, ਜਿਹੜਾ ਇਸ ਵੇਲੇ ਇਕ ਆਪਣਾ ਅਜੀਬ ਜੇਹਾ ਇਰਾਦਾ ਪ੍ਰਗਟ ਕਰ ਰਹਿਆ ਸੀ।

''ਮੈਂ ਆਪ ਦੀ ਖਿਮਾਂ ਮੰਗਦਾ ਹਾਂ, ਪਰ ਮੇਰਾ ਖਿਆਲ ਹੈ ਕਿ ਇਸ ਗੱਲ ਦਾ ਮੇਰੀ ਦਰਖਾਸਤ ਨਾਲ ਕੋਈ ਸੰਬੰਧ ਨਹੀਂ,'' ਨਿਖਲੀਊਧਵ ਨੇ ਕੁਛ ਗੁੱਸੇ ਨਾਲ ਲਾਲ ਹੋ ਕੇ ਕਹਿਆ।

''ਦਰਹਕਕੀਤ ਨਹੀਂ,'' ਪ੍ਰੋਕਿਊਰਰ ਨੇ ਬਿਨਾ ਕਿਸੀ ਸ਼ਰਮਿੰਦਗੀ ਦੀ ਰਤਾਕੂ ਮਸਕਰੀ ਭਰ ਕੇ ਉੱਤਰ ਦਿੱਤਾ, ''ਸਿਰਫ਼ ਆਪ ਦੀ ਖਾਹਿਸ਼ ਗੈਰ ਮਹਮੂਲੀ ਹੈ ਤੇ ਆਮ ਗੱਲਾਂ ਥੀਂ ਬਾਹਰ ਹੈ।''

''ਚੰਗਾ ਜੀ–ਕੀ ਆਪ ਮੈਨੂੰ ਪਰਮਿਟ ਦੇ ਸਕਦੇ ਹੋ?''

''ਪਰਮਿਟ ?—ਹਾਂ–ਮੈਂ ਆਪ ਨੂੰ ਤੁਰਤ ਹੀ ਅੰਦਰ

ਜਾਣ ਦੀ ਇਜਾਜ਼ਤ ਦਾ ਪਰਵਾਨਾ ਲਿਖ ਦਿੰਦਾ ਹਾਂ–ਬਹਿ ਜਾਓ।''

ਤੇ ਮੇਜ਼ ਉੱਪਰ ਜਾ ਕੇ ਉਹ ਬਹਿ ਗਿਆ ਤੇ ਲਿਖਣ ਡਹਿ ਪਿਆ, ''ਮਿਹਰਬਾਨੀ ਕਰਕੇ ਬਹਿ ਜਾਓ।''

ਇਹ ਅੰਦਰ ਜਾਣ ਦੀ ਇਜਾਜ਼ਾਤ ਦਾ ਹੁਕਮ ਓਸ **ਨਿਖਲੀਊਧਵ** ਨੂੰ ਫੜਾਇਆ, ਤੇ ਬੜੀ ਹੀ ਪੁੱਛ ਭਰੀ ਨਿਗਾਹ ਨਾਲ ਉਸ ਵਲ ਤੱਕਣ ਲੱਗ ਗਇਆ।

''ਜੀ–ਮੈਂ ਇਹ ਵੀ ਕਹਿੰਦਾ ਹਾਂ ਕਿ ਅੱਗੇ ਥੀਂ ਹੁਣ ਮੈਂ **ਜੂਰੀ** ਦੇ **ਸੈਸ਼ਨ** ਵਿੱਚ ਨਹੀਂ ਬਹਿਣਾ।''

''ਤਾਂ ਆਪ ਨੂੰ ਪਤਾ ਹੀ ਹੈ ਕਿ ਆਪ ਨੂੰ ਬੜੀ ਮਾਕੂਲ ਦਲੀਲਾਂ ਅਦਾਲਤ ਨੂੰ ਦੇਣੀਆਂ ਪਵਣਗੀਆਂ।''

''ਮੇਰੀ ਦਲੀਲ ਇਹ ਹੈ ਕਿ ਮੈਂ ਕਿਸੀ ਉੱਪਰ ਬਹਿ ਕੇ ਅਦਾਲਤ ਕਰਨ ਨੂੰ ਹੀ ਬੇਸੂਦ ਸਮਝਦਾ ਹਾਂ ਬਲਕਿ **ਅਧਰਮ** ਸਮਝਦਾ ਹਾਂ।''

''ਅੱਛਾ?'' **ਪ੍ਰੋਕਿਊਰਰ** ਨੇ ਕਹਿਆ, ਮੁੜ ਓਹੋ ਹੀ ਓਹਦੀ ਬੇ ਮਲੂਮੀ ਮੁਸਕਰੀ ਭਰਨਾ, ਜਿੰਵੇਂ ਉਹ ਇਹ ਦੱਸਣਾ ਚਾਹੁੰਦਾ ਸੀ ਕਿ ਇਸ ਤਰਾਂ ਦੀਆਂ ਨਿਰੀਆਂ ਕਥਨੀਆਂ ਥੀਂ ਓਹ ਖੂਬ ਵਾਕਫ ਹੈ ਤੇ ਇਹ ਮਜ਼ਮੂਨ ਇਕ ਦਿਲ ਦੀ ਚੂਹਲ ਮਾਤਰ ਸੀ, ''ਠੀਕ ਪਰ ਆਪ ਨੂੰ ਖੂਬ ਪਤਾ ਹੋਣਾ ਚਾਹੀਏ ਕਿ ਮੈਂ **ਪ੍ਰੋਕਿਊਰਰ** ਦੀ ਹੈਸੀਅਤ ਵਿੱਚ ਆਪ ਦੇ ਖਿਆਲ

ਨਾਲ ਸਮਤੀ ਨਹੀਂ ਰੱਖ ਸੱਕਦਾ, ਇਸ ਵਾਸਤੇ ਮੈਂ ਆਪ ਨੂੰ ਸਲਾਹ ਦੇਵਾਂਗਾ ਕਿ ਆਪ ਜਾ ਕੇ ਅਦਾਲਤ ਨੂੰ ਕਹੋ ਤੇ ਅਦਾਲਤ ਹੀ ਫੈਸਲਾ ਕਰੇਗੀ ਕਿ ਆਪ ਦੀ ਇਹ ਦਲੀਲ ਮਾਕੂਲ ਹੈ ਕਿ ਨਹੀਂ। ਜੇ ਨ ਹੋਈ ਤਾਂ ਆਪ ਨੂੰ ਜੁਰਮਾਨਾ ਕਰੇਗੀ, ਫਿਰ ਤੁਸੀਂ ਅਦਾਲਤ ਨੂੰ ਪੁਛੋ।''

''ਮੈਂ ਆਪ ਨੂੰ ਇਤਲਾਹ ਕਰ ਦਿੱਤੀ ਹੈ—ਤੇ ਮੈਂ ਹੁਣ ਕਿਸੀ ਹੋਰ ਨੂੰ ਨਹੀਂ ਪੁੱਛਣਾ,'' **ਨਿਖਲੀਊਧਵ** ਨੇ ਕੁਛ ਗੁੱਸੇ ਹੋ ਕੇ ਕਹਿਆ।

''ਚੰਗਾ ਫਿਰ, ਗੁਡਮੌਰਨਿੰਗ,'' **ਪ੍ਰੋਕਿਊਰਰ** ਨੇ ਆਖਿਆ, ਆਪਣਾ ਸਿਰ ਰਤਾਕੂ ਨੀਵਾਂ ਕਰਕੇ, ਸਾਫ ਸੀ ਕਿ ਉਹ ਇਸ ਅਜੀਬ ਮੁਲਾਕਾਤੀ ਥੀਂ ਛੁਟੀ ਪਾਣਾ ਚਾਹੁੰਦਾ ਸੀ।

''ਇਹ ਕੌਣ ਸੀ ਜੋ ਹੁਣ ਅਸਾਂ ਪਾਸ ਆਇਆ ਸੀ,'' **ਪ੍ਰੋਕਿਊਰਰ** ਨੂੰ ਇਕ ਅਦਾਲਤ ਦੇ ਮੈਂਬਰ ਨੇ ਪੁੱਛਿਆ, ਜਿਹੜਾ ਓਹਦੇ ਅੰਦਰ ਮੁਲਾਕਾਤ ਨੂੰ ਵੜਿਆ ਸੀ ਜਿਵੇਂ ਹੀ **ਨਿਖਲੀਊਧਵ** ਓਥੋਂ ਬਾਹਰ ਨਿਕਲਿਆ ਹੀ ਸੀ।

"**ਨਿਖਲੀਊਧਵ**—ਇਹਨੂੰ ਆਪ ਜਾਣਦੇ ਹੀ ਹੋ ਨਾਂ, ਓਹੋ ਜਿਹੜਾ **ਕਰਾਸਨੋਪਰਸਕ** ਦੀ **ਦਿਹਾਤੀ-ਹਕੂਮਤ** ਦੇ ਜਲਸਿਆਂ ਵਿਚ ਅਨੋਖੀਆਂ ਅਨੋਖੀਆਂ ਕਥਨੀ-ਆਂ ਕਰਦਾ ਹੁੰਦਾ ਹੈ। ਜਰਾ ਚੇਤੇ ਕਰੋ ਇਹ **ਜੂਰੀ** ਉੱਪਰ ਹੈ ਤੇ ਓਥੇ ਪੇਸ਼ ਹੋਇਆਂ ਕੈਦੀਆਂ ਵਿਚ ਇਕ ਤੀਮੀ ਯਾ ਕੁੜੀ

ਸਖਤ ਮੁਸ਼ੱਕਤ ਸਾਈਬੇਰੀਆ ਦੀ ਸਜ਼ਾ ਪਾ ਗਈ ਹੈ। ਇਹ ਕਹਿੰਦਾ ਹੈ ਕਿ ਪਹਿਲਾਂ ਇਸ ਨੇ ਓਹਨੂੰ ਬੁਰੇ ਰਾਹ ਵਲ ਪ੍ਰੇਰਿਆ ਸੀ ਤੇ ਹੁਣ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ।''

''ਤੇਰੇ ਕਹਿਣ ਦਾ ਇਹ ਮਤਲਬ ਨਹੀਂ ਹੋਣਾ !''

''ਇਹੋ ਹੀ ਉਸ ਮੈਨੂੰ ਕਿਹਾ ਹੈ ਤੇ ਉਹ ਇਕ ਅਜੀਬ ਜੋਸ਼ ਦੀ ਹਾਲਤ ਵਿੱਚ ਸੀ।''

''ਅੱਜ ਕਲ ਦੇ ਨੌਜਵਾਨਾਂ ਦੀ ਦਿਮਾਗੀ ਹਾਲਤ ਕੁਛ ਅਸਾਧਾਰਨ ਹੋ ਰਹੀ ਹੈ।''

''ਆਹ ! ਪਰ ਇਹ ਇੰਨਾਂ ਜਵਾਨ ਕੋਈ ਮੁੰਡਾ ਤਾਂ ਨਹੀਂ।''

''ਨਹੀਂ ਪਰ ਆਪ ਦਾ ਮਸ਼ਹੂਰ ਈਵਾਸ਼ੈਨਕੋ ਕਿੰਨਾ ਥਕਾ ਦੇਣ ਵਾਲਾ ਸੀ, ਉਹ ਦੂਜਿਆਂ ਨੂੰ ਗੱਲਾਂ ਨਾਲ ਥਕਾ ਕੇ ਹੀ ਜਿੱਤ ਜਾਂਦਾ ਸੀ ਤੇ ਅਖੁੱਟ ਗੱਲਾਂ ਕਰੀ ਹੀ ਚਲਾ ਜਾਂਦਾ ਸੀ।''

''ਹਾਂ—ਇਹੋ ਜੇਹੇ ਬੰਦਿਆਂ ਨੂੰ ਤਾਂ ਰੋਕ ਦੇਣਾ ਚਾਹੀਦਾ ਹੈ, ਨਹੀ ਤਾਂ ਇਹ ਦਰਹਕੀਕਤ ਹਕੂਮਤ ਦੇ ਰਾਹ ਵਿੱਚ ਰੋੜਾ ਅਟਕਾਣ ਵਾਲੇ ਹੋ ਜਾਣਗੇ।''

## ਕਾਂਡ ੩੯

ਪ੍ਰੋਕਿਊਰਰ ਥੀਂ ਹੋ ਕੇ, ਨਿਖਲੀਊਧਵ ਸਿੱਧਾ ਪਹਿਲੇ ਡੱਕਣ ਵਾਲੇ ਹਵਾਲਾਤੀ ਜੇਹਲ ਨੂੰ ਗਇਆ ਪਰ ਓਥੇ ਮਸਲੋਵਾ ਕੋਈ ਨਹੀਂ ਸੀ ਲੱਭੀ ਤੇ ਇਨਸਪੈਕਟਰ ਨੇ ਨਿਖਲੀਊਧਵ ਨੂੰ ਸਮਝਾਇਆ, ਕਿ ਸ਼ਾਇਦ ਊਹ ਪੁਰਾਣੇ ਆਰਜ਼ੀ ਜੇਹਲ ਵਿੱਚ ਹੋਵੇਗੀ।

ਦੋਹਾਂ ਕੈਦਖਾਨਿਆਂ ਵਿੱਚ ਬੜਾ ਫਾਸਲਾ ਸੀ, ਤੇ ਨਿਖਲੀਊਧਵ ਕਿਧਰੇ ਸ਼ਾਮ ਨੂੰ ਜਾ ਓਥੇ ਪਹੁਤਾ। ਓਸ ਵੱਡੀ ਭਾਰੀ ਤੇ ਬੇਰੌਣਕ ਇਮਾਰਤ ਵਲ ਘੂਠੀ ਜਾ ਹੀ ਰਹਿਆ ਸੀ ਕਿ ਸੰਤਰੀ ਨੇ ਓਹਨੂੰ ਰੋਕਿਆ ਤੇ ਘੰਟੀ ਵਜਾਈ। ਘੰਟੀ ਸੁਣਕੇ ਇਕ ਜੇਲਰ ਆ ਗਇਆ। ਨਿਖਲੀਊਧਵ ਨੇ ਓਹਨੂੰ ਆਪਣੇ ਅੰਦਰ ਜਾਣ ਦਾ ਪਰਮਿਟ ਦੱਸਿਆ, ਪਰ ਜੇਲਰ ਨੇ ਕਹਿਆ ਕਿ ਇਨਸਪੈਕਟਰ ਦੇ ਹੁਕਮ ਬਿਨਾਂ ਊਹ ਓਹਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਦੇ ਸੱਕਦਾ। ਨਿਖਲੀਊਧਵ ਇਨਸਪੈਕਟਰ ਨੂੰ ਮਿਲਣ ਗਇਆ। ਜਦ ਊਹ ਪਊੜੀਆਂ ਥੀਂ ਓਹਦੇ ਮਕਾਨ ਨੂੰ ਊੱਪਰ ਜਾ ਰਹਿਆ ਸੀ, ਉਸਦੇ ਪਿਆਨੋਂ ਊੱਪਰ ਕਿਸੀ ਪੇਚੀਦਾ ਜੇਹੇ ਰਾਗ ਦੇ ਵਜਾਓਣ ਦੀਆਂ ਆਵਾਜ਼ਾਂ ਦੂਰੋਂ ਆਊਂਦੀਆਂ ਸੁਣੀਆਂ।

ਤਦ ਹੀ ਇਕ ਦੋਗਲੀ ਜੇਹੀ ਤੀਮੀਂ ਨੌਕਰਾਨੀ, ਜਿਹਨੇ ਅੱਖ ਉੱਪਰ ਪੱਟੀ ਬੱਧੀ ਹੋਈ ਸੀ, ਆਈ, ਤੇ ਓਹਨੂੰ ਦਰਵਾਜ਼ਾ ਖੋਲ੍ਹਿਆ, ਉਹ ਆਵਾਜ਼ਾਂ ਹੁਣ ਕਮਰੇ ਵਿੱਚੋਂ ਆਉਂਦੀਆਂ ਲਗਦੀਆਂ ਸਨ, ਇਹ ਰਾਗ ਲਿਸਤਿਜ਼ ਦੀ ਮਸਤੀ ਦਾ ਤ੍ਰਾਨਾ ਸੀ ਜਿਸ ਥੀਂ ਉਹਨਾਂ ਦਿਨਾਂ ਹਰ ਕੋਈ ਥੱਕ ਚੁਕਾ ਸੀ ਤੇ ਇੱਥੇ ਓਹ ਆਲੀਸ਼ਾਨ ਰੰਗ ਵਿਚ ਵਜਦਾ ਸੀ, ਪਰ ਇਕ ਖਾਸ ਗੱਮਤ ਤਕ ਹੀ। ਜਦ ਓਥੇ ਅਪੜ ਪੈਂਦਾ ਸੀ ਮੁੜ ਮੁੰਢੋ ਸੁੰਢੋ ਵੱਜਣ ਲਗ ਜਾਂਦਾ ਸੀ। ਨਿਖਲੀਊਧਵ ਨੇ ਪੱਟੀ ਬੱਧੀ ਜਨਾਨੀ ਨੂੰ ਪੁੱਛਿਆ ਕਿ ਕੀ ਇਨਸਪੈਕਟਰ ਸਾਹਿਬ ਘਰ ਹੀ ਹਨ, ਉਸਨੇ ਉਤਰ ਦਿੱਤਾ ਨਹੀਂ ਹਨ।

"ਕੀ ਉਹ ਛੇਤੀ ਵਾਪਸ ਆਉਣ ਵਾਲੇ ਹਨ?"

"ਮੈਂ ਅੰਦਰੋਂ ਪੁੱਛਕੇ ਆਪ ਨੂੰ ਦੱਸਦੀ ਹਾਂ," ਤੇ ਨੌਕਰਾਨੀ ਚਲੀ ਗਈ।

ਓਹ ਤਰਾਨਾਂ ਹੁਣ ਬਸ ਪੀਂਘੇ ਚੜ੍ਹਿਆ ਸੀ ਪਰ ਅਚਨ-ਚੇਤ, ਆਪਣੇ ਉਸ ਜਾਦੂ-ਹਦ ਤਕ ਅੱਪੜਨ ਥੀਂ ਪਹਿਲਾਂ ਹੀ ਟੁੱਟ ਗਇਆ ਤੇ ਰਾਗ ਦੇ ਬਦਲੇ ਇਕ ਬੋਲ ਦਾ ਆਵਾਜ਼ ਆਇਆ:—

"ਜਾ ਓਹਨੂੰ ਕਹਿਦੇ—ਓਹ ਘਰ ਨਹੀਂ, ਤੇ ਅੱਜ ਘਰ ਓਹਨੇ ਹੋਣਾ ਵੀ ਨਹੀਂ, ਓਹ ਮੁਲਾਕਾਤਾਂ ਕਰਨ ਗਇਆ ਹੋਇਆ ਹੈ, ਇਹ ਲੋਕੀ ਬਸ ਦਿੱਕ ਕਰਨ ਆ ਜਾਂਦੇ ਹਨ!" ਦਰਵਾਜ਼ੇ ਦੇ ਪਿੱਛੋਂ ਇਕ ਤੀਵੀਂ ਦੀ ਆਵਾਜ਼ ਆਈ, ਤੇ ਮੁੜ ਓਹ ਤਰਾਨਾਂ ਲੱਗਾ ਕੜਕਨ—ਮੁੜ ਟੁੱਟਿਆ, ਤੇ ਇਕ ਕੁਰਸੀ ਦੇ ਪਿੱਛੇ ਹਟਾ ਲਏ ਜਾਣ ਦੀ ਅਵਾਜ਼ ਆਈ, ਇਹ ਸਾਫ ਸੀ

ਕਿ ਉਹ ਦਿਕ ਹੋਈ ਪਿਆਨੋ ਵਜਾਣ ਵਾਲੀ ਐਸੀ ਬੇ ਮੌਕੇ ਵਕਤ ਆਏ ਮੁਲਾਕਾਤੀ ਨੂੰ ਕੁਛ ਝਾੜਨਾ ਚਾਹੁੰਦੀ ਸੀ ਓਸ ਬਿਨ ਵੇਖੇ ਕਿਹਾ।

"ਪਾਪਾ ਘਰ ਨਹੀਂ," ਇਕ ਗੁਸੈਲ ਜੇਹੀ, ਪੀਲੀ ਜੇਹੀ, ਬੀਮਾਰ ਜੇਹੀ ਕੁੜੀ ਨੇ ਕਹਿਆ ਜਦ ਉਹ ਬਾਹਰ ਵਾਲੇ ਕਮਰੇ ਵਿੱਚ ਆਈ ; ਪਰ ਇਕ ਚੰਗੇ ਕਪੜੇ ਪਾਏ ਨੌਜਵਾਨ ਨੂੰ ਜਦ ਵੇਖਿਆ ਝਟ ਮੁਲਾਇਮ ਹੋਕੇ ਕਹਿਆ, "ਜੀ ਆਪ ਅੰਦਰ ਆ ਜਾਓ, ਆਪ ਕੀ ਚਾਹੁੰਦੇ ਹੋ ?"

"ਮੈਂ ਜੇਲ੍ਹ ਵਿੱਚ ਇਕ ਕੈਦੀ ਨੂੰ ਮਿਲਣਾ ਹੈ।"

"ਮੇਰੀ ਜਾਚੇ ਕਿਸੀ ਮੁਲਕੀ ਕੈਦੀ ਨੂੰ ?"

"ਨਹੀਂ–ਮੁਲਕੀ ਨਹੀਂ, ਮੇਰੇ ਪਾਸ ਪ੍ਰੋਕਿਊਰਰ ਦਾ ਪਰਮਿਟ ਹੈ।"

"ਜੀ ਮੈਂ ਨਹੀਂ ਜਾਣਦੀ, ਪਾਪਾ ਘਰ ਨਹੀਂ ਹਨ, ਪਰ ਤੁਸੀਂ ਅੰਦਰ ਆ ਜਾਓ।" ਓਸ ਮੁੜ ਕਹਿਆ, "ਯਾ ਤੁਸੀ ਅਸਟੰਟ ਨੂੰ ਪੁੱਛੋ, ਓਹ ਇਸ ਵੇਲੇ ਦਫਤਰ ਵਿੱਚ ਹੈ ਓਹਨੂੰ ਜਾਕੇ ਪੁੱਛੋ, ਜੀ ਆਪ ਦਾ ਨਾਂ ਕੀ ਹੈ ?"

"ਮਿਹਰਬਾਨੀ !" ਨਿਖਲੀਊਧਵ ਨੇ ਕਹਿਆ ਓਹਦੇ ਸਵਾਲ ਦਾ ਉੱਤਰ ਕੋਈ ਨਾਂ ਦਿੱਤਾ ਤੇ ਓਥੋਂ ਵਾਪਸ ਹੋ ਪਇਆ।

ਓਹਦੇ ਜਾਣ ਬਾਹਦ ਦਰਵਾਜ਼ਾ ਹਾਲੇਂ ਮਸਾਂ ਬੰਦ ਹੀ ਹੋਇਆ ਹੋਣਾ ਹੈ ਕਿ ਓਹ ਖੁਸ਼ ਤਰਾਨਾ ਮੁੜ ਵੱਜਿਆ, ਇਹ ਸੁਰਾਂ

ਓਸ ਥਾਂ ਲਈ ਤੇ ਓਸ ਰੋਗੀ ਜੇਹੀ ਕੁੜੀ ਦੀ ਸ਼ਕਲ ਲਈ ਕੁਥਾਂਵੀਆਂ ਸਨ, ਪਰ ਓਹ ਕੁੜੀ ਪੱਕੇ ਇਰਾਦੇ ਨਾਲ ਉਨ੍ਹਾਂ ਨੂੰ ਵਜਾਉਣ ਦੀ ਮਸ਼ਕ ਕਰ ਰਹੀ ਸੀ। ਅਹਾਤੇ ਵਿੱਚ ਨਿਖਲੀ-ਊਧਵ ਇਕ ਕੰਡਿਆਲੀ ਜੇਹੀ ਮੁੱਛਾਂ ਵਾਲੇ ਅਫਸਰ ਨੂੰ ਮਿਲਿਆ ਤੇ ਪੁੱਛਿਆ ਕਿ ਅਸਟੰਟ ਕਿੱਥੇ ਹੋਣਾ ਹੈ ? ਓਹੋ ਹੀ ਅਸਟੰਟ ਸੀ ਓਸ ਉਹਦੇ ਪਰਮਿਟ ਨੂੰ ਵੇਖਿਆ ਪਰ ਕਹਿਆ ਕਿ ਓਹ ਹਵਾਲਾਤੀ ਜੇਲ੍ਹ ਦੇ ਪਰਮਿਟ ਉੱਪਰ ਇਸ ਜੇਲ੍ਹ ਅੰਦਰ ਜਾਣ ਦੀ ਇਜਾਜ਼ਤ ਨਹੀਂ ਦੇ ਸੱਕਦਾ, ਨਾਲੇ ਅੱਜ ਦੇਰ ਹੋ ਚੁਕੀ ਹੈ, "ਕਲ ਫਿਰ ਆਪ ਨੇ ਆਵਣਾ। ਕਲ ਦਸ ਬਜੇ ਸਭ ਨੂੰ ਅੰਦਰ ਜਾਣਾ ਮਿਲ ਜਾਂਦਾ ਹੈ ਤਦ ਆਓ, ਇੰਸਪੈਕਟਰ ਆਪ ਵੀ ਘਰੇ ਹੋਸੀ, ਫਿਰ ਆਪ ਦੀ ਮੁਲਾਕਾਤ ਇਕ ਸਾਂਝੇ ਕਮਰੇ ਵਿੱਚ ਹੋ ਸੱਕੇਗੀ ਤੇ ਜੇ ਇੰਸਪੈਕਟਰ ਦੀ ਮਰਜੀ ਹੋਈ ਤਦ ਦਫ਼ਤਰ ਵਿੱਚ ਵੀ ਹੋ ਸਕਦੀ ਹੈ।"

ਇਉਂ ਓਸ ਦਿਨ ਨਿਖਲੀਊਧਵ ਮੁਲਾਕਾਤ ਕਰਨ ਵਿੱਚ ਨਾਕਾਮਯਾਬ ਰਹਿਆ ਤੇ ਘਰ ਵਾਪਸ ਹੋ ਗਇਆ। ਮਸਲੋਵਾ ਦੇ ਮਿਲਣ ਦੀ ਤਾਂਘ ਕਰਕੇ ਤੇ ਉਸ ਜੋਸ਼ ਵਿੱਚ ਹੋਣ ਕਰਕੇ ਓਹਦੇ ਮਨ ਵਿੱਚ ਅਦਾਲਤਾਂ ਦਾ ਕੋਈ ਖਿਆਲ ਨਹੀਂ ਸੀ ਲੰਘ ਰਹਿਆ। ਪਰ ਓਸ ਦਿਨ ਪ੍ਰੋਕਿਊਰਰ ਨਾਲ ਜਿਹੜੀ ਗੱਲ ਬਾਤ ਹੋਈ ਸੀ, ਯਾ ਜਿਹੜੀਆਂ ਗੱਲਾਂ ਅਸਟੰਟ ਨਾਲ ਹੋਈਆਂ ਸਨ, ਯਾ ਇਸ ਗੱਲ ਨੇ ਕਿ ਉਹ ਕਿਸਦੀ ਮੁਲਾਕਾਤ ਨੂੰ ਮਾਰਿਆ ਮਾਰਿਆ ਫਿਰ ਰਹਿਆ

ਸੀ, ਉਸ ਪ੍ਰੋਕਿਊਰਰ ਨੂੰ ਵੀ ਆਪਣਾ ਦਿਲ ਦਸ ਦਿੱਤਾ ਸੀ, ਤੇ ਦੋਹਾਂ ਜੇਲ੍ਹਾਂ ਥੀਂ ਵੀ ਹੋ ਆਇਆ ਸੀ—ਆਦਿ ਨੇ ਉਸਨੂੰ ਇੰਨਾ ਜੋਸ਼ ਜ਼ਹਿਰ ਚਾੜ੍ਹਿਆ ਹੋਇਆ ਸੀ ਕਿ ਓਹਨੂੰ ਸ਼ਾਂਤ ਹੋਣ ਲਈ ਬੜਾ ਚਿਰ ਲੱਗਾ। ਜਦ ਉਹ ਘਰ ਪਹੁਤਾ ਓਸ ਆਪਣੀ ਡਾਇਰੀ ਦੇ ਪਿਛਲੇ ਕੁਝ ਫਿਕਰੇ ਪੜ੍ਹੇ ਤੇ ਅੱਗੇ ਇਉਂ ਲਿਖਿਆ :—

"ਦੋ ਸਾਲ ਤੱਕ ਮੈਂ ਆਪਣੀ ਡਾਇਰੀ ਵਿੱਚ ਕੁਛ ਨਹੀਂ ਲਿਖਿਆ ਤੇ ਮੇਰਾ ਖਿਆਲ ਸੀ ਕਿ ਮੈਂ ਕਦੀ ਇਸ ਬਾਲਪੁਨੇ ਜੇਹੀ ਵਾਲੀ ਗੱਲ ਵੱਲ ਮੁੜ ਨਹੀਂ ਆਵਾਂਗਾ। ਪਰ ਇਹ ਬੱਚਪਨ ਨਹੀਂ, ਇਹ ਤਾਂ ਆਪਣੇ ਆਪ ਨਾਲ, ਆਪਣੇ ਦੈਵੀ ਆਤਮਾ ਨਾਲ, ਜਿਹੜਾਂ ਹਰ ਇਕ ਬੱਚੇ ਦੇ ਦਿਲ ਵਿੱਚ ਵੱਸ ਰਹਿਆ ਹੈ, ਗੱਲਾਂ ਕਰਨ ਤੁੱਲ ਹੈ। ਇਸ ਸਾਰੇ ਅਰਸੇ ਵਿੱਚ ਮੇਰਾ ਜੀ ਸੁੱਤਾ ਪਇਆ ਸੀ ਤੇ ਗੱਲਾਂ ਕਰਨ ਲਈ ਕੋਈ ਹੈ ਹੀ ਨਹੀਂ ਸੀ। ੨੮ ਅਪਰੈਲ ਨੂੰ ਅਦਾਲਤ ਵਿੱਚ ਜਦ ਮੈਂ ਜੂਰੀ ਉੱਪਰ ਸਾਂ, ਇਕ ਅਦਭੁਤ ਰੱਬੀ ਪ੍ਰੇਰਨਾ ਹੋਈ। ਮੈਂ ਓਹਨੂੰ ਕੈਦੀਆਂ ਵਾਲੇ ਜੰਗਲੇ ਵਿੱਚ ਡਿੱਠਾ, ਓਹ ਕਾਤੂਸ਼ਾ ਜਿਹਨੂੰ ਮੈਂ ਖਰਾਬ ਕੀਤਾ ਸੀ, ਓਹ ਕੈਦੀਆਂ ਵਾਲਾ ਮੋਟਾ ਓਵਰਕੋਟ ਪਾਈ ਖੜੀ ਸੀ—ਇਕ ਓਪਰੀ ਘਟਨਾ ਹੋਈ, ਮੇਰੇ ਆਪਣੇ ਕਸੂਰ ਕਰਕੇ ਓਹਨੂੰ ਸਖਤ ਮੁਸੀਬਤ ਦੀ ਸਜ਼ਾ ਮਿਲੀ। ਮੈਂ ਹੁਣ ਪ੍ਰੋਕਿਊਰਰ ਪਾਸੋਂ ਤੇ ਜੇਲਖਾਨੇ ਹੋਕੇ ਆਇਆ ਹਾਂ ਪਰ ਮੈਨੂੰ ਅੰਦਰ ਜਾਣਾ ਨਹੀਂ ਮਿਲਿਆ। ਪਰੰਤੂ ਮੈਂ ਪੱਕਾ ਇਰਾਦਾ ਕਰ ਲਇਆ ਹੈ ਕਿ ਮੈਂ ਓਹਨੂੰ ਮਿਲਾਂਗਾ, ਓਹਨੂੰ ਆਪਣਾ ਦਿਲ ਖੋਲ੍ਹ ਕੇ ਆਪਣਾ ਸਾਰਾ

ਕਸੂਰ ਦੱਸਾਂਗਾ ਤੇ ਆਪਣੇ ਗੁਨਾਹ ਦਾ ਕੁਫ਼ਾਰਾ ਕਰਾਂਗਾ। ਜੇ ਹੋ ਸੱਕੇ ਤਾਂ ਵਿਆਹ ਕਰਕੇ ਵੀ ਇਸ ਪਾਪ ਨੂੰ ਧੋਵਾਂਗਾ ; ਰੱਬ ਮੇਰੀ ਮਦਦ ਕਰੇ। ਮੇਰਾ ਰੂਹ ਹੁਣ ਸ਼ਾਂਤ ਹੈ ਤੇ ਮੇਰੇ ਅੰਦਰ ਖ਼ੁਸ਼ੀ ਭਰੀ ਪਈ ਹੈ।''

## ਕਾਂਡ ੩੭.

ਓਸ ਰਾਤ **ਮਸਲੋਵਾ** ਬੜਾ ਚਿਰ ਜਾਗਦੀ ਰਹੀ। ਅੱਖਾਂ ਖੁੱਲ੍ਹੀਆਂ ਓਹ ਓਸ ਦਰਵਾਜ਼ੇ ਵਲ ਟੱਕ ਬੰਨ ਕੇ ਵੇਖਦੀ ਰਹੀ ਜਿਹਦੇ ਅੱਗੇ ਓਹ ਪਾਦਰੀ ਦੀ ਲੜਕੀ ਟਹਿਲ ਰਹੀ ਸੀ ਤੇ **ਮਸਲੋਵਾ** ਕਿਨ੍ਹਾਂ ਸੋਚਾਂ ਵਿੱਚ ਪਈ ਸੀ ?

ਭਾਵੇਂ ਕੁਛ ਹੋਵੇ ਓਹ **ਸਖਾਲੀਨ** ਦੇ ਕਿਸੀ **ਕਾਨਵਿਕਟ** ਨਾਲ ਤਾਂ ਜਾਕੇ ਵਿਆਹ ਨਹੀਂ ਕਰੇਗੀ, ਪਰ ਓਥੇ ਓਹ ਕਿਸੀ ਜੇਲ੍ਹ ਦੇ ਅਫਸਰ ਨਾਲ ਗੱਲ ਬਣਾ ਲਵੇਗੀ ਭਾਵੇਂ ਕਲਾਰਕ ਨਾਲ ਹੀ ਸਹੀ, ਵਾਰਡਰ ਯਾ ਵਾਰਡਰ ਦਾ ਅਸਟੰਟ ਹੀ ਸਹੀ ਕੋਈ ਲੱਭ ਹੀ ਪਵੇਗਾ, "ਕੀ ਓਹ ਸਾਰੇ ਦੇ ਸਾਰੇ ਇਹੋ ਜੇਹੇ ਵਿਸ਼ੇ ਵਿਕਾਰਾਂ ਦੇ ਵਲ ਨਹੀਂ ਲੱਗੇ ਹੁੰਦੇ ? ਸਿਰਫ ਮੈਨੂੰ ਪਤਲਾ ਦੁਬਲਾ ਸੁੱਕਿਆ ਸੜਿਆ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਮੈਂ ਗਈ ਗਵਾਚੀ।"

ਓਸ ਚੇਤੇ ਕੀਤਾ ਕਿ ਉਹਦਾ ਵਕੀਲ ਓਸ ਵਲ ਕਾਮ ਲਾਲਸਾ ਨਾਲ ਵੇਖਦਾ ਸੀ ਤੇ ਓਹ ਪ੍ਰਧਾਨ ਵੀ ਤੇ ਓਹ ਸਾਰੇ ਮਰਦ ਜਿਹੜੇ ਓਹਨੂੰ ਮਿਲੇ ਸਨ, ਤੇ ਓਹ ਖਾਸ ਲੋਕੀ ਜੋ ਇਸ ਮਤਲਬ ਲਈ ਹੀ ਕਚਹਿਰੀ ਆਏ ਸਨ, ਸਾਰੇ ਦੇ ਸਾਰੇ ਕਾਮ ਅੱਖਾਂ ਨਾਲ ਉਸ ਵੱਲ ਵੇਖਦੇ ਸਨ। ਓਹਨੂੰ ਓਹ ਗੱਲ ਵੀ ਚੇਤੇ ਆਈ ਜਿਹੜੀ ਓਹਦੀ ਸਾਥਣ **ਬੇਰਥਾ** ਓਹਨੂੰ ਜੇਲ੍ਹ ਵਿੱਚ ਆਕੇ ਦੱਸ ਗਈ ਸੀ ਕਿ ਓਹ ਪੜ੍ਹਨ ਵਾਲਾ ਮੁੰਡਾ ਜਿਹਨੂੰ

ਓਹ, ਜਦ ਇਹ ਕਿਤਾਈਵਾ ਦੇ ਕੰਜਰ ਘਰ ਰਹਿੰਦੀ ਸੀ, 'ਪਿਆਰ' ਕਰਦੀ ਸੀ, ਓਹਨੂੰ ਪੁੱਛਦਾ ਸੀ ਤੇ ਓਹਦੀ ਹਾਲਤ ਉੱਪਰ ਓਹਨੂੰ ਖਾਸ ਕਰ ਬੜਾ ਹੀ ਮੰਦਾ ਲੱਗ ਰਹਿਆ ਸੀ। ਓਸ ਲਾਲ ਵਾਲਾਂ ਵਾਲੀ ਦੀ ਲੜਾਈ ਯਾਦ ਕੀਤੀ ਓਹਦੀ ਹਾਲਤ ਤੇ ਵੀ ਓਹਨੂੰ ਤਰਸ ਆਇਆ ਓਹਨੂੰ ਉਹ ਨਾਨਬਾਈ ਯਾਦ ਆਇਆ ਜਿਹਨੇ ਓਹਨੂੰ ਇੱਕ ਰੋਟੀ ਵਾਧੂ ਘੱਲੀ ਸੀ, ਉਹਨੂੰ ਕਈ ਯਾਦ ਆਏ ਤੇ ਜੇ ਨਾ ਆਇਆ ਯਾਦ ਤਾਂ ਨਿਖਲੀਊਧਵ ਨਹੀਂ ਯਾਦ ਆਇਆ ਸੀ। ਓਸ ਆਪਣੇ ਬਾਲਪੁਣੇ ਦੇ ਦਿਨ ਨ ਚੇਤੇ ਕੀਤੇ ਤੇ ਨ ਓਹਨੂੰ ਯਾਦ ਆਏ, ਤੇ ਨ ਜਵਾਨੀ ਆਪਣੀ ਤੇ ਨ ਨਿਖਲੀਊਧਵ ਨਾਲ ਕੀਤਾ ਪਿਆਰ; ਓਸ ਲਈ ਓਹ ਗੱਲਾਂ ਚੇਤੇ ਕਰਨੀਆਂ ਬੜੀਆਂ ਦੁਖਦਾਈ ਹੁੰਦੀਆਂ ਸਨ। ਓਹ ਤਾਂ ਓਹਦੇ ਰੂਹ ਦੀ ਕਿਸੀ ਡੂੰਘਾਈ ਵਿੱਚ ਅਣਛੋਹਤੀਆਂ ਪਈਆਂ ਹੋਈਆਂ ਭੁਲੀਆਂ ਹੋਈਆਂ ਸਨ। ਉਹਨੇ ਇਨ੍ਹਾਂ ਗੱਲਾਂ ਨੂੰ ਕਦੀ ਸੁਫਨੇ ਵਿੱਚ ਵੀ ਨਹੀਂ ਚੇਤੇ ਕੀਤਾ। ਅੱਜ ਕਚਹਿਰੀ ਵਿੱਚ ਵੀ ਕਾਤੂਸ਼ਾ ਓਸਨੂੰ ਨਹੀਂ ਸੀ ਪਛਾਤਾ, ਨ ਸਿਰਫ ਇਸ ਕਰਕੇ ਕਿ ਆਖਰੀ ਜਦ ਉਹਨੂੰ ਮਿਲੀ ਸੀ ਓਹ ਆਪਣੀ ਫੌਜੀ ਵਰਦੀ ਵਿੱਚ ਸੀ ਤੇ ਦਾਹੜੀ ਚੱਟ ਕੀਤੀ ਹੋਈ ਸੀ ਤੇ ਨੀਲੀਆਂ ਛੋਟੀਆਂ ਨਵੀਆਂ ਮੁੱਛਾਂ ਸਨ, ਤੇ ਘਣੇ ਸੋਹਣੇ ਘੁੰਘਰੀਆਲੇ ਛੋਟੇ ਪਟੇ ਸਨ, ਤੇ ਹੁਣ ਸਿਰ ਗੰਜਾ ਤੇ ਦਾਹੜੀ। ਬਲਕਿ ਇਸ ਕਰਕੇ ਕਿ ਓਸ ਨੇ ਉਹਦਾ ਕਦੀ ਮੁੜ ਚੇਤਾ ਨਹੀਂ ਸੀ ਕੀਤਾ; ਉਸ ਨੇ ਉਹਦੀ ਯਾਦ ਉਸ ਭਿਆਨਕ ਰਾਤੀਂ ਹੀ ਕਿਸੀ ਕਬਰ ਵਿੱਚ ਦੱਬ ਦਿੱਤੀ ਸੀ ਜਦ ਉਹ ਜੰਗ ਵਲੋਂ ਉਸੇ ਰਾਤੀਂ ਹੀ ਮੁੜਦਾ

ਰੇਲ ਵਿੱਚ ਬੈਠਾ ਬਿਠਾਇਆ ਲੰਘ ਗਇਆ ਸੀ, ਤੇ ਆਪਣੀਆਂ ਫੁੱਫੀਆਂ ਨੂੰ ਮਿਲਣ ਨਹੀਂ ਸੀ ਉਤਰਿਆ । ਤਦ **ਕਾਤੂਸ਼ਾ** ਨੂੰ ਪਤਾ ਲੱਗ ਗਇਆ ਸੀ ਕਿ ਉਹ ਗਰਭਵਤੀ ਹੈ। ਜਦ ਤਕ ਓਹਨੂੰ ਇਹ ਆਸ ਸੀ ਕਿ ਓਹ ਆਵੇਗਾ, ਤਦ ਤਕ ਉਸ ਨੂੰ ਆਪਣੇ ਬੱਚੇ ਦਾ ਜਿਹੜਾ ਉਹਦੇ ਦਿਲ ਦੇ ਹੇਠ ਹਿਲਦਾ ਦਿੱਸ ਰਹਿਆ ਸੀ, ਬੋਝ ਨਹੀਂ ਸੀ ਲੱਗਦਾ ਤੇ ਕਈ ਵੇਰੀ ਉਹ ਅਚਰਜ ਹੁੰਦੀ ਸੀ ਤੇ ਦਿਲ ਉਹਦਾ ਮਾਂ ਦੇ ਦਿਲ ਵਾਲੇ ਤਰਸ ਵਿੱਚ ਘੁਲ ਜਾਂਦਾ ਸੀ। ਓਹ ਉਹਦੇ ਪਿਆਰ ਵਿੱਚ ਦਰੱਵਦੀ ਸੀ, ਆਪਣੇ ਅੰਦਰ ਉਹਦੇ ਨਰਮ ਪਰ ਅਚਨਚੇਤ ਹਿੱਲਣ ਨਾਲ ਇਕ ਅਜੀਬ ਪਿਆਰ ਦੀ **ਜੀ-ਛੋਹ** ਹੁੰਦੀ ਸੀ । ਪਰ ਉਸ ਰਾਤ ਸਭ ਕੁਝ ਜੋ ਸੀ ਹੋਰ ਹੋ ਗਇਆ । ਬੱਚਾ ਸਵਾਏ ਇਕ ਬੇਮਹਿਨੇ ਭਾਰ ਦੇ ਹੋਰ ਕੁਝ ਓਸ ਲਈ ਨਾ ਰਹਿਆ ।

ਉਹਦੀਆਂ ਫੁੱਫੀਆਂ ਨੂੰ ਵੀ **ਨਿਖਲੀਊਧਵ** ਦੀ ਉਡੀਕ ਸੀ ਤੇ ਉਨ੍ਹਾਂ ਓਹਨੂੰ ਕਹਿ ਵੀ ਭੇਜਿਆ ਸੀ ਕਿ ਉਨ੍ਹਾਂ ਨੂੰ ਰਾਹ ਵਿੱਚ ਓਹ ਮਿਲਦਾ ਜਾਵੇ ਪਰ ਉਸਨੇ ਇਕ ਤਾਰ ਘੱਲ ਦਿੱਤੀ ਸੀ ਕਿ ਓਹ ਨਹੀਂ ਉੱਤਰ ਸੱਕਣ ਲੱਗਾ, ਕਿਉਂਕਿ ਇਕ ਖਾਸ ਨੀਤ ਵਕਤ ਤੇ ਉਨ੍ਹਾਂ ਸਾਰਿਆਂ ਨੇ **ਸੇਂਟ ਪੀਟਰਜ਼ਬਰਗ** ਪਹੁੰਚਨਾ ਹੈ। ਜਦ **ਕਾਤੂਸ਼ਾ** ਇਹ ਸੁਣਿਆ ਸੀ, ਤਦ ਓਸ ਆਪਣੇ ਮਨ ਵਿੱਚ ਠਾਨ ਲਈ ਸੀ ਕਿ ਓਹ ਆਪ ਸਟੇਸ਼ਨ ਤੇ ਜਾਕੇ ਓਹਨੂੰ ਮਿਲ ਆਵੇਗੀ। ਰਾਤ ਦੇ ਦੋ ਵਜੇ ਕਿਧਰੇ ਓਹਦੀ ਗੱਡੀ ਨੇ ਓਸ ਸਟੇਸ਼ਨ ਥੀਂ ਲੰਘਣਾ ਸੀ । **ਕਾਤੂਸ਼ਾ** ਬੁਢੀਆਂ ਨੂੰ ਸਵਾਲ ਕੇ, ਇਕ ਨਿੱਕੀ ਕੁੜੀ ਨੂੰ, ਲਾਂਗਰੀ ਦੀ

ਲੜਕੀ **ਮਾਸ਼ਕਾ** ਨੂੰ, ਆਪਣੇ ਨਾਲ ਜਾਣ ਲਈ ਮਿੰਨਤ ਤਰਲੇ ਕਰਕੇ ਲੀਤਾ, ਪੁਰਾਣੇ ਬੂਟਾਂ ਦਾ ਜੋੜਾ ਪਾਇਆ। ਮੋਢੇ ਤੇ ਇਕ ਸ਼ਾਲ ਸੁੱਟੀ, ਆਪਣੀ ਪੋਸ਼ਾਕ ਨੂੰ ਉੱਪਰ ਕੁੰਜ ਕੇ ਹੱਥ ਵਿੱਚ ਫੜਿਆ ਤੇ **ਸਟੇਸ਼ਨ** ਵੱਲ ਦੌੜ ਪਈ।

ਓਹ ਰਾਤ ਪੱਤਝੜ ਰੁੱਤ ਦੀ ਸੀ। ਕੁਝ ਗਰਮ ਜੇਹੀ ਸੀ, ਮੀਂਹ ਵੱਸ ਰਹਿਆ ਸੀ, ਤੇ ਹਵਾ ਸਖਤ ਚਲ ਰਹੀ ਸੀ। ਕਦੀ ਮੀਂਹ ਗਰਮ ਗਰਮ ਵੱਡੇ ਵੱਡੇ ਤੁਪਕਿਆਂ ਵਿੱਚ ਪੈਂਦਾ ਸੀ, ਕਦੀ ਬੰਦ ਹੋ ਜਾਂਦਾ ਸੀ। ਖੇਤਾਂ ਵਿੱਚ ਦੀ ਰਾਹ ਦਿੱਸਦਾ ਨਹੀਂ ਸੀ ਤੇ ਜੰਗਲ ਵਾਲੇ ਪਾਸੇ ਤਾਂ ਘੱਟਾ ਟੋਪ ਹਨੇਰਾ ਸੀ। ਭਾਵੇਂ **ਕਾਤੂਸ਼ਾ** ਨੂੰ ਚੰਗੀ ਤਰਾਂ ਪਤਾ ਸੀ ਪਰ ਇਸ ਮੀਂਹ ਝੱਖੜ ਹਨੇਰੇ ਕਰਕੇ ਓਹ ਰਾਹ ਭੁਲ ਗਈ ਸੀ। ਤੇ ਨਿੱਕੇ ਜੇਹੇ ਸਟੇਸ਼ਨ ਉੱਪਰ, ਜਿੱਥੇ ਰੇਲ ਨੇ ਬੱਸ ਕੁਲ ਤਿੰਨ ਮਿੰਟ ਹੀ ਖਲੋਣਾ ਸੀ, ਪਹਿਲਾਂ ਅਪੜਨ ਦੇ ਥਾਂ ਓਹ ਮਸੇਂ ਹਾਲ ਤਾਂ ਪਹੁਚੀ ਜਦ ਦੂਜੀ ਘੰਟੀ ਹੋ ਚੁਕੀ ਸੀ। ਪਲੇਟਫਾਰਮ ਉੱਪਰ ਕਾਹਲੀ ਵਿੱਚ ਦੌੜਦਿਆਂ ਇਕ ਪਹਿਲੇ ਦਰਜੇ ਦੇ ਡੱਬੇ ਵਿੱਚ ਓਨ੍ਹੇ ਓਹਨੂੰ ਬੈਠਾ ਦੇਖ ਲਇਆ। ਇਹ ਗੱਡੀ ਬੜੀ ਚੰਗੀ ਤਰਾਂ ਰੋਸ਼ਨ ਸੀ। ਦੋ ਅਫਸਰ ਇਕ ਦੂਜੇ ਦੇ ਆਹਮਣੇ ਸਾਹਮਣੇ ਮਖਮਲ ਦੇ ਗਦੇਲਿਆਂ ਉੱਪਰ ਬੈਠੇ ਤਾਸ਼ ਖੇਡ ਰਹੇ ਸਨ, ਤੇ ਸੀਟਾਂ ਦੇ ਵਿਚਕਾਰ ਮੇਜ਼ ਉੱਪਰ ਦੋ ਬੱਤੀਆਂ ਜਗ ਰਹੀਆਂ ਸਨ, ਮੋਮ ਉਨ੍ਹਾਂ ਦਾ ਝੜ ਰਹਿਆ ਸੀ।

ਤੰਗ ਬਿਰਜਸ ਵਿੱਚ ਚਿੱਟੀ ਕਮੀਜ਼ ਪਾਈ **ਨਿਖ-ਲੀਊਧਵ** ਸੀਟ ਦੀ ਬਾਂਹ ਉੱਪਰ ਬੈਠਾ ਸੀ, ਤੇ ਢਾਸਣਾ

ਪਿੱਛੇ ਲਾਇਆ ਹੋਇਆ ਸੀ। ਤੇ ਕਿਸੀ ਗੱਲ ਉੱਪਰ ਹੱਸ ਰਹਿਆ ਸੀ। ਜਿਵੇਂ ਹੀ **ਕਾਤੂਸ਼ਾ** ਨੇ ਓਹਨੂੰ ਪਛਾਤਾ, ਆਪਣੇ ਠੱਰੇ ਹੱਥਾਂ ਨਾਲ ਡੱਬੇ ਦੀ ਬਾਰੀ ਦੇ ਸ਼ੀਸ਼ੇ ਉੱਪਰ ਠਕੋਰਿਆ, ਪਰ ਠੀਕ ਓਸ ਵਕਤ ਆਖਰੀ ਘੰਟੀ ਹੋ ਗਈ ਸੀ, ਤੇ ਗੱਡੀ ਇਕ ਚੋਖਾ ਪਿੱਛੇ ਵਲ ਧੱਕਾ ਖਾ ਕੇ ਟੁਰ ਪਈ ਤੇ ਡੱਬੇ ਇਕ ਦੂਜੇ ਦੇ ਪਿੱਛੇ ਆਹਿਸਤਾ ੨ ਹਿੱਲਣ ਲੱਗ ਗਏ। ਖੇਡਣ ਵਾਲਿਆਂ ਵਿੱਚੋਂ ਇਕ ਹੱਥ ਵਿੱਚ ਤਾਸ਼ ਲਈ ਉੱਠਿਆ ਤੇ ਬਾਹਰ ਵਲ ਨਿਗਾਹ ਮਾਰੀ। **ਕਾਤੂਸ਼ਾ** ਨੇ ਫਿਰ ਸ਼ੀਸ਼ਾ ਖਟ ਖਟਾਇਆ, ਤੇ ਆਪਣਾ ਮੂੰਹ ਖਿੜਕੀ ਦੇ ਸ਼ੀਸ਼ੇ ਨਾਲ ਦਬਾ ਦਿੱਤਾ ਪਰ ਗੱਡੀ ਟੁਰ ਪਈ ਤੇ ਓਹ ਨਾਲ ਟੁਰਦੀ ਗਈ ਤੇ ਅੰਦਰ ਵੱਲ ਵੇਖਦੀ ਗਈ।

ਉੱਠੇ ਅਫਸਰ ਨੇ ਖਿੜਕੀ ਨੀਵੀਂ ਕਰਨੀ ਚਾਹੀ, ਪਰ ਖਿੜਕੀ ਨ ਖੁੱਲੀ, **ਨਿਖਲੀਊਧਵ** ਨੇ ਓਹਨੂੰ ਪਿੱਛੇ ਧੱਕਿਆ ਤੇ ਆਪ ਖੋਲ੍ਹਨ ਲੱਗ ਗਇਆ—ਗੱਡੀ ਤੇਜ਼ ਹੋ ਗਈ ਤੇ **ਕਾਤੂਸ਼ਾ** ਨੂੰ ਵੀ ਤੇਜ਼ੀ ਨਾਲ ਟੁਰਨਾ ਪਇਆ। ਗੱਡੀ ਹੋਰ ਵੀ ਤੇਜ਼ ਹੋ ਗਈ, ਖਿੜਕੀ ਖੁੱਲ੍ਹੀ ਪਰ ਠੀਕ ਓਸ ਵੇਲੇ ਗਾਰਡ ਨੇ ਓਹਨੂੰ ਪਰੇ ਕੀਤਾ ਤੇ ਆਪ ਗੱਡੀ ਵਿੱਚ ਬਹਿ ਗਇਆ। **ਕਾਤੂਸ਼ਾ** ਪਲੇਟਫ਼ਾਰਮ ਦੇ ਗਿੱਲੇ ਤਖਤਿਆਂ ਉੱਪਰ ਦੌੜਦੀ ਗਈ, ਤੇ ਜਦ ਆਖੀਰਲੇ ਸਿਰੇ ਉੱਪਰ ਪਹੁਤੀ ਮਸੇਂ ਗਿਰਨੋਂ ਬਚੀ, ਜਦ ਓਹ ਓਥੇ ਪੌੜੀਆਂ ਜੇਹੀਆਂ ਥੀਂ ਤਲੇ ਉਤਰਨ ਲੱਗੀ ਸੀ। ਹੁਣ ਓਹ ਰੇਲ ਦੇ ਨਾਲ ਨਾਲ ਦੌੜ ਰਹੀ ਸੀ, ਭਾਵੇਂ ਪਹਿਲੇ ਦਰਜੇ ਦੇ ਡੱਬੇ ਲੰਘ ਚੁਕੇ ਸਨ ਤੇ ਆਖਰ

ਤੀਜੇ ਦਰਜੇ ਦੇ ਡੱਬੇ ਹੋਰ ਵੀ ਤੇਜ਼ ਰਫਤਾਰ ਨਾਲ ਲੰਘ ਰਹੇ ਸਨ, ਤਾਂ ਵੀ ਕਾਤੂਸ਼ਾ ਹਾਲੇਂ ਨਾਲ ਨਾਲ ਦੌੜੀ ਹੀ ਜਾਂਦੀ ਸੀ। ਜਦ ਆਖਰੀ ਗੱਡੀ ਵੀ, ਜਿਦੇ ਪਿੱਛੇ ਲੰਪ ਲੱਗਿਆ ਹੋਇਆ ਸੀ ਲੰਘ ਗਈ, ਕਾਤੂਸ਼ਾ ਓਸ ਤਲਾ ਪਾਸ ਪਹੁੰਚ ਚੁਕੀ ਸੀ ਜਿੱਥੋਂ ਇੰਜਨ ਪਾਣੀ ਲੈਂਦਾ ਹੁੰਦਾ ਸੀ। ਹੁਣ ਖੁੱਲੀ ਥਾਂ ਆ ਗਈ ਸੀ। ਝੁਲ ਰਹੀ ਹਵਾ ਥੀਂ ਕੋਈ ਬਚਾ ਨਹੀਂ ਸੀ, ਓਹਦੀ ਸ਼ਾਲ ਹਵਾ ਵਿੱਚ ਉੱਡ ਰਹੀ ਸੀ ਤੇ ਓਹਦੀ ਸਕਰਟ ਨੂੰ ਓਹਦੀਆਂ ਟੰਗਾਂ ਨਾਲ ਚਮੋੜ ਰਹੀ ਸੀ, ਸ਼ਾਲ ਓਹਦੇ ਸਿਰ ਥੀਂ ਉੱਡ ਗਈ, ਪਰ ਹਾਲੇਂ ਵੀ ਓਹ ਦੌੜੀ ਜਾਂਦੀ ਸੀ।

"ਕਾਰਤੀਨਾ ਮਿਖਯਾਲੋਵਨਾ! ਤੇਰੀ ਸ਼ਾਲ ਗਵਾਚ ਗਈ ਆ!" ਓਸ ਨਾਲ ਦੀ ਛੋਟੀ ਲੜਕੀ ਨੇ ਉੱਚੀ ਦੇਕੇ ਕਹਿਆ, ਓਹ ਲੜਕੀ ਓਹਦੇ ਨਾਲ ਅਪੜਨ ਦਾ ਆਪਣੇ ਵੱਲੋਂ ਬੜਾ ਹੀ ਹੀਲਾ ਕਰ ਰਹੀ ਸੀ।

ਕਾਤੂਸ਼ਾ ਠਹਿਰ ਗਈ ਤੇ ਆਪਣਾ ਸਿਰ ਪਿੱਛੇ ਵਲ ਸੁਟ ਕੇ ਦੋਹਾਂ ਹੱਥਾਂ ਵਿੱਚ ਫੜ ਕੇ ਭੁੱਬਾਂ ਮਾਰ ਕੇ ਰੋਣ ਲੱਗ ਪਈ।

"ਗਇਆ!" ਓਸ ਚੀਕ ਮਾਰ ਕੇ ਕਹਿਆ, "ਓਹ ਮਖਮਲੀ ਗਦੇਲੇ ਦੀ ਬਾਂਹ ਉੱਪਰ ਬੈਠਾ, ਮਖੌਲਾਂ ਵਿੱਚ ਰੁੱਝਾ, ਇਕ ਰੋਸ਼ਨ ਗੱਡੀ ਵਿੱਚ ਸ਼ਰਾਬ ਪੀ ਰਹਿਆ ਹੈ ਤੇ ਮੈਂ ਇਸ ਚਿੱਕੜ ਵਿੱਚ ਬਾਹਰ, ਇੱਥੇ ਹਨੇਰੇ ਵਿੱਚ, ਝੱਖੜ ਵਿੱਚ, ਮੀਂਹ

ਵਿੱਚ ਖੜੀ ਰੋ ਰਹੀ ਹਾਂ,'' ਓਸ ਆਪਣੇ ਮਨ ਵਿੱਚ ਵਿਚਾਰਿਆ, ਤੇ ਬਹਿ ਗਈ, ਤੇ ਲੱਗੀ ਉੱਚੀ ਉੱਚੀ ਭੁੱਬਾਂ ਮਾਰ ਕੇ ਰੋਵਨ। ਨਿੱਕੀ ਲੜਕੀ ਡਰ ਗਈ ਤੇ ਭਾਵੇਂ ਭਿੱਜੀ ਹੋਈ ਸੀ ਤਾਂ ਵੀ ਓਹ ਆਪਣੀਆਂ ਨਿੱਕੀਆਂ ਨਿੱਕੀਆਂ ਬਾਹਾਂ **ਕਾਤੂਸ਼ਾ** ਦੇ ਗਲੇ ਪਾ ਓਸ ਨਾਲ ਚਮੁਟ ਗਈ। 'ਚੱਲੋ ਪਿਆਰੀ ਘਰ ਚੱਲੀਏ!' ਓਸ ਕਹਿਆ।

''ਜਦ ਹੋਰ ਗੱਡੀ ਹੁਣ ਲੰਘੇਗੀ, ਚਲ ਪਈ ਗੱਡੀ ਹੇਠ ਖ਼ਾਤਮਾ'', **ਕਾਤੂਸ਼ਾ** ਇਨ੍ਹਾਂ ਸੋਚਾਂ ਵਿੱਚ ਸੀ, ਓਸ ਨੇ ਓਸ ਲੜਕੀ ਦੀ ਗੱਲ ਨਹੀਂ ਸੀ ਗੌਲੀ ਤੇ ਉਸ ਆਪਣਾ ਮਨ ਇਉਂ ਕਰਨ ਨੂੰ ਪੱਕਾ ਕਰ ਲਇਆ ਸੀ। ਤਦ ਜਿਵੇਂ ਸਦਾ ਹੁੰਦਾ ਹੈ, ਬੜੇ **ਅਸ਼ਾਂਤੀ** ਤੇ **ਘਬਰਾਹਟ** ਪਿੱਛੇ ਮੁੜ ਸ਼ਾਂਤੀ ਆਉਂਦੀ ਹੈ, ਓਹ ਓਹਦੇ ਅੰਦਰ ਬਚਾ-**ਨਿਖਲੀਊਧਵ** ਦਾ ਪੁੱਤਰ ਅਚਨਚੇਤ ਕੰਬਿਆ। ਇਕ ਲੱਤ ਦਾ ਅੰਦਰ ਧੱਕਾ ਦਿੱਤਾ ਤੇ ਹੌਲੇ ਜੇਹੇ ਟੰਗ ਫੈਲਾ ਕੇ ਲੇਟ ਗਇਆ, ਤੇ ਮੁੜ ਫਿਰ ਕਿਸੀ ਪਤਲੀ, ਨਾਜ਼ਕ ਬਰੀਕ ਤੇ ਤੇਜ਼ ਜੇਹੀ ਚੀਜ਼ ਨਾਲ ਧੱਕਾ ਦਿੱਤਾ।

**ਅਚਨਚੇਤ** ਓਹ ਗੱਲ ਜਿਹੜੀ ਇਕ ਛਿਨ ਹੋਇਆ ਸੀ ਓਹਨੂੰ ਤੰਗ ਕਰ ਰਹੀ ਸੀ, ਜੀਣ ਵੀ ਨਾਮੁਮਕਿਨ ਦਿੱਸ ਰਿਹਾ ਸੀ, ਓਹ ਓਹਦੇ ਵੱਲ ਓਮਡਿਆ ਕੌੜਾਪਨ ਤੇ ਉਸ ਪਾਸੋਂ ਬਦਲਾ ਲੈਣ ਦੀ ਖਾਹਿਸ਼ ਆਪਣੇ ਆਪ ਨੂੰ ਰੇਲ ਗੱਡੀ ਤਲੇ ਸੱਟ ਕੇ ਮਾਰ ਦੇਣਾ-ਸਭ ਕੁਛ ਲੰਘ ਗਇਆ, ਸ਼ਾਂਤ ਹੋ ਗਈ,

ਉੱਠੀ, ਰੁਮਾਲ ਨੂੰ ਸਿਰ ਤੇ ਰੱਖਿਆ ਤੇ ਘਰ ਵਲ ਤੁਰ ਪਈ।

ਚਿੱਕੜ ਨਾਲ ਲਿੱਬੜੀ, ਸਿੱਜੀ, ਘੁਲੀ, ਬਿਲਕੁਲ ਥੱਕੀ ਝੂਰ ਹੋਈ, ਓਹ ਮੁੜੀ, ਤੇ ਓਸ ਰਾਤ ਥੀਂ ਓਹ ਭਿਆਨਕ ਤਬਦੀਲੀ ਜਿਸ ਨੇ ਓਹਨੂੰ ਇੱਥੇ ਪਹੁਚਾਇਆ ਸੀ, ਓਹਦੇ ਅੰਦਰ ਵਰਤਨੀ ਸ਼ੁਰੂ ਹੋ ਗਈ। ਓਸ ਖੌਫਨਾਕ ਰਾਤ ਥੀਂ ਪਿੱਛੇ ਉਹਦਾ ਇਹ ਵਿਸ਼ਵਾਸ ਕਿ "ਰੱਬ ਹੈ" ਤੇ "ਨੇਕੀ ਹੈ" ਟੁੱਟਾ।

ਓਹ ਆਪ ਰੱਬ ਨੂੰ ਮੰਨਦੀ ਸੀ, ਤੇ ਓਸਨੂੰ ਯਕੀਨ ਸੀ ਕਿ ਹੋਰ ਲੋਕ ਵੀ ਰੱਬ ਨੂੰ ਮੰਨਦੇ ਹਨ। ਪਰ ਓਸ ਰਾਤ ਥੀਂ ਪਿੱਛੇ ਓਹਨੂੰ ਨਿਸਚਾ ਹੋ ਗਇਆ ਕਿ ਰੱਬ ਨੂੰ ਕੋਈ ਨਹੀਂ ਮੰਨਦਾ ਤੇ ਜੋ ਕੁਛ ਓਹ ਲੋਕੀ, ਰੱਬ ਤੇ ਓਹਨਾਂ ਦੇ ਕਨੂੰਨਾਂ ਬਾਬਤ ਕਹਿੰਦੇ ਫਿਰਦੇ ਹਨ, ਸਭ ਕੂੜ ਧੋਖ਼ਾ ਤੇ ਜ਼ਾਹਿਰਦਾਰੀ ਹੈ। ਜਿਹਨੂੰ ਓਹ ਪਿਆਰ ਕਰਦੀ ਸੀ ਤੇ ਓਹ ਵੀ ਓਹਨੂੰ ਪਿਆਰ ਕਰਦਾ ਸੀ, ਠੀਕ, ਓਹ ਇਹ ਜਾਣਦੀ ਸੀ, ਓਹਨੇ ਓਹਨੂੰ ਭੋਗ ਕੇ ਨਾਲੋਂ ਖੋਹ ਕੇ ਵਗਾਹ ਮਾਰਿਆ ਹੈ। ਓਸਨੇ ਉਹਦੇ ਪਿਆਰ ਨੂੰ ਕਲੰਕ ਲਾਇਆ ਹੈ ਤਾਂ ਵੀ ਓਹ ਹੋਰ ਸਭਨਾਂ ਥੀਂ ਚੰਗਾ ਹੈ। ਇਹ ਓਹ ਜਾਣਦੀ ਸੀ ਕਿ ਹੋਰ ਸਾਰੇ ਓਸ ਥੀਂ ਵੀ ਭੈੜੇ ਹਨ, ਤੇ ਓਸ ਥੀਂ ਪਿੱਛੋਂ ਜੋ ਕੁਛ ਹੋਇਆ ਓਸ ਨੇ ਇਹਦੇ ਇਨ੍ਹਾਂ ਖ਼ਿਆਲਾਂ ਦੀ ਪੁਸ਼ਟੀ ਹੀ ਕੀਤੀ।

ਓਹਦੀਆਂ ਫੁੱਫੀਆਂ, ਓਨ੍ਹਾਂ ਪਾਕਦਾਮਨ ਪਾਰਸਾ ਸਵਾਣੀਆਂ ਨੇ **ਕਾਤੂਸ਼ਾ** ਨੂੰ ਘਰੋਂ ਕੱਢ ਦਿੱਤਾ, ਜਦ ਇਸ ਨਾਜ਼ਕ ਹਾਲਤ ਵਿੱਚ ਹੋਣ ਕਰਕੇ ਓਨ੍ਹਾਂ ਦੀ ਪੂਰੀ ਸੇਵਾ ਨਹੀਂ

ਸੀ ਨਿਬਾਹ ਸੱਕਦੀ। ਉਨ੍ਹਾਂ ਕੋਈ ਤਰਸ ਨ ਕੀਤਾ।

ਹੋਰ ਤੀਮੀਆਂ ਜਿਹੜੀਆਂ ਉਸਨੂੰ ਟੱਕਰੀਆਂ, ਓਹਨੂੰ ਵਰਤ ਕੇ ਰੁਪਏ ਆਪ ਕਮਾਉਣ ਦੀ ਕਰਦੀਆਂ ਸਨ ਤੇ ਮਰਦ ਉਸ ਬੁੱਢੇ ਪੋਲੀਸ ਦੇ ਅਫਸਰ ਥੀਂ ਲੈ ਕੇ ਜੇਹਲ ਦੇ ਵਾਰਡਰਾਂ ਤਕ ਓਹ ਮਿਲੇ ਜੋ ਓਹਨੂੰ ਆਪਣੀ ਵਿਸ਼ੇ ਇੱਛਾ ਦਾ ਸ਼ਿਕਾਰ ਬਣਾਉਣਾ ਚਾਹੁੰਦੇ ਸਨ। ਕੋਈ ਵੀ ਵਿਸ਼ੇ ਭੋਗ ਦੀ ਚੰਮ-ਖੁਸ਼ੀ ਬਾਝ ਕਿਸੀ ਹੋਰ ਚੀਜ਼ ਦੇ ਫਿਕਰ ਵਿੱਚ ਨਹੀਂ ਸੀ। ਉਹਦਾ ਇਹ ਨਿਸਚਾ, ਕਿ ਸਭ ਚੰਮ-ਖੁਸ਼ੀ ਨੂੰ ਟੋਲ ਰਹੇ ਹਨ, ਉਸ ਮੱਥਾ ਸੜੇ ਬੁੱਢੇ ਕਿਤਾਬ ਰਚਨ ਵਾਲੇ ਮੁਸੱਨਫ ਨੇ ਜਿਸ ਪਾਸ ਆਪਣੀ ਖੁੱਲ ਦੀ ਜ਼ਿੰਦਗੀ ਦੇ ਦੂਸਰੇ ਸਾਲ ਰਹੀ ਸੀ, ਹੋਰ ਮਜ਼ਬੂਤ ਕਰ ਦਿੱਤਾ ਸੀ। ਓਸਨੇ ਤਾਂ ਓਹਨੂੰ ਸਿੱਧਾ ਕਹਿ ਦਿੱਤਾ ਸੀ ਕਿ ਬਸ ਇਹੋ ਭੋਗ ਰਸ ਹੀ ਹੈ ਜਿਹੜਾ ਜੀਵਨ ਦੀ ਖੁਸ਼ੀ ਹੈ ਤੇ ਏਵੇਂ ਇਹਨੂੰ ਕਾਵਯ ਰਸ ਤੇ ਹੋਰ ਆਰਟ ਰਸਾਂ ਦਾ ਮੁੰਢਲਾ ਰਸ ਬਣਾ ਦਿੱਤਾ ਗਇਆ ਸੀ।

ਹਰ ਕੋਈ ਇੱਥੇ ਆਪਣੇ ਲਈ ਜੀ ਰਹਿਆ ਹੈ ਤੇ ਆਪਣੀ ਖੁਸ਼ੀ ਦੇ ਮਗਰ ਹੈ। ਰੱਬ ਤੇ ਨੇਕੀ ਦੀਆਂ ਸਭ ਗੱਲਾਂ ਇਕ ਧੋਖਾ ਹਨ, ਤੇ ਜਦ ਕਦੀ ਉਹਦੇ ਮਨ ਵਿਚ ਕਦੀ ਇਸ ਇਨਕਾਰ ਬਾਬਤ ਕੋਈ ਸ਼ਕ ਉੱਠਦਾ ਵੀ ਸੀ ਤੇ ਓਹ ਅਚੰਭਾ ਹੁੰਦੀ ਹੁੰਦੀ ਵੀ ਸੀ ਕਿ ਇਸ ਦੁਨੀਆਂ ਵਿੱਚ ਹਰ ਇਕ ਚੀਜ਼ ਕਿਉਂ ਐਸੀ ਬੁਰੀ ਬਣੀ ਹੈ ਕਿ ਇਕ ਦੂਜੇ ਨੂੰ ਸੱਟਾਂ ਮਾਰਦੇ ਹਨ, ਤੇ ਹਰ ਇਕ ਨੂੰ ਦੁਖੀ ਕੀਤਾ ਜਾਂਦਾ ਹੈ। ਤਦ ਉਹ ਇਹੋ ਚੰਗਾ ਸਮਝਦੀ ਸੀ ਕਿ ਇਨ੍ਹਾਂ ਗੱਲਾਂ ਉੱਪਰ ਵਿਚਾਰ ਹੀ ਬੰਦ

ਕਰ ਦਿੱਤੀ ਜਾਏ । ਤੇ ਜਦ ਕਦੀ ਓਹਨੂੰ ਉਦਾਸੀ ਪੈਂਦੀ ਸੀ, ਉਹ ਓਹਨੂੰ ਗ਼ਲਤ ਕਰਨ ਲਈ ਯਾ ਤਾਂ ਤਮਾਕੂ ਪੀਣ ਲੱਗ ਜਾਂਦੀ ਸੀ ਯਾ ਸ਼ਰਾਬ ਯਾ ਸਭ ਥੀਂ ਚੰਗੀ ਗੱਲ ਇਹ ਕਰਦੀ ਸੀ ਕਿ ਕਿਸੀ ਮਰਦ ਨਾਲ ਯਾਰੀ ਲਾ ਲੈਂਦੀ ਸੀ ਤੇ ਇਓਂ ਕਿਸੀ ਆਹਰੇ ਲੱਗੀ ਓਹਦੀ ਉਦਾਸੀ ਲੰਘ ਹੀ ਜਾਂਦੀ ਸੀ।

# ਕਾਂਡ ੩੯

ਐਤਵਾਰ ਨੂੰ ਜਦ ਸਵੇਰੇ ਪੰਜ ਵਜੇ ਜੇਹਲ ਦੇ ਤੀਮੀਆਂ ਵਾਲੇ ਵਾਰਡ ਦੇ **ਕੌਰੀਡੋਰ** ਵਿੱਚ ਸੀਟੀ ਵੱਜੀ, **ਕੋਰਾਬ-ਲੇਵਾ** ਨੇ ਜਿਹੜੀ ਅੱਗੇ ਹੀ ਉੱਠੀ ਹੋਈ ਸੀ, **ਮਸਲੋਵਾ** ਜਗਾਇਆ।

"ਹਾਏ ਵੇ ਰੱਬਾ! ਹੁਣ ਮੈਂ, ਮੈਂ, ਸਜ਼ਾਯਾਫ਼ਤਾ ਦੋਸੀ ਹਾਂ!" **ਮਸਲੋਵਾ** ਨੇ ਭੈ ਭੀਤ ਹੋਕੇ ਸੋਚਿਆ। ਸਵੇਰ ਵੇਲੇ ਦੀ ਚੀਖਾਹਿਟ ਤੇ ਸ਼ੋਰ ਨਾਲ ਭਰੀ ਹਵਾ ਦਾ ਘੁੱਟ ਭਰਿਆ। ਓਹ ਚਾਹੁੰਦੀ ਸੀ ਕਿ ਹਾਲੇਂ ਹੋਰ ਸੈਂ ਲਵੇ। ਘੱਟੋ ਘੱਟ ਭੁਲ ਦੇ ਤਬਕੇ ਵਿੱਚ ਕੁਛ ਚਿਰ ਹੋਰ ਲੰਘ ਜਾਵੇਗਾ। ਪਰ ਡਰਨ ਦੀ ਆਦਤ ਕਰਕੇ ਉਸ ਆਪਣੀ ਨਿੰਦਰਾਵਲੀ ਹਾਲਤ ਨੂੰ ਸਵਾਧਾਨ ਕਰ ਲਇਆ ਤੇ ਉੱਠ ਬੈਠੀ। ਚਾਰ ਚੁਫੇਰੇ ਤੱਕਿਆ ਤੇ ਆਪਣੇ ਪੈਰਾਂ ਨੂੰ ਖਿੱਚ ਕੇ ਆਪਣੇ ਹੇਠ ਕਰ ਲਿਆ। ਤੀਮੀਆਂ ਸਾਰੀਆਂ ਉੱਠ ਬੈਠੀਆਂ ਸਨ, ਸਿਰਫ ਬੁੱਢੇ ਤੇ ਬੱਚੇ ਹਾਲੇਂ ਸੁਤੇ ਪਏ ਸਨ। ਉਹ ਤੀਮੀਂ ਜਿਹੜੀ ਨਾਜਾਇਜ਼ ਸ਼ਰਾਬ ਵੇਚਣ ਦੇ ਅਪਰਾਧ ਵਿੱਚ ਫੜੀ ਸੀ, ਅਲਮਕਣੋਂ ਬੱਚਿਆਂ ਦੇ ਸਿਰਹਾਣੇ ਥੀਂ ਵੱਡਾ ਕੋਟ ਖਿਸਕਾ ਰਹੀ ਸੀ ਕਿ ਓਹ ਜਾਗ ਨ ਪਵਨ। ਓਸ ਚੌਕੀਦਾਰ ਦੀ ਵਹੁਟੀ ਉਨ੍ਹਾਂ ਲੀਰਾਂ ਨੂੰ ਜੋ ਓਹਦੇ ਬਾਲ ਦੇ ਪੋਤੜਿਆਂ ਦਾ ਕੰਮ ਦਿੰਦੀਆਂ ਸਨ,

ਸੁਕਾਣ ਦੀ ਕਰ ਰਹੀ ਸੀ। ਤੇ ਉਹਦਾ ਬੱਚਾ ਓਸ ਨੀਲੀਆਂ ਅੱਖਾਂ ਵਾਲੀ **ਥੀਓਡੋਸੀਆ** ਦੀ ਬਾਂਹ ਵਿੱਚ ਚੱਕਿਆ ਹੋਇਆ ਅਤਿ ਦਾ ਚੀਕ ਚਹਾੜਾ ਪਾਈ ਬੈਠਾ ਸੀ ਤੇ ਓਹ ਓਹਨੂੰ ਥਪੋਕ ਥਪੋਕ ਕੇ ਚੁੱਪ ਕਰਾਣ ਦੀ ਕਰ ਰਹੀ ਸੀ। ਤਪਦਿੱਕ ਵਾਲੀ ਆਪਣੇ ਹੱਥ ਨਾਲ ਛਾਤੀ ਨੂੰ ਸਹਾਰਾ ਦੇ ਕੇ ਖੰਘ ਰਹੀ ਸੀ। ਮੋਟੀ ਲਾਲ ਵਾਲਾਂ ਵਾਲੀ ਆਪਣੀ ਕੰਡ ਭਾਰ ਲੰਮੀ ਪਈ ਹੋਈ ਸੀ ਤੇ ਗੋਡੇ ਉੱਤੇ ਖਿੱਚੇ ਹੋਏ ਆਪਣੇ ਆਏ ਸੁਫ਼ਨੇ ਨੂੰ ਖੁਸ਼ ਤੇ ਉੱਚੇ ਅਵਾਜ਼ ਵਿੱਚ ਬੋਲ ਬੋਲ ਕਹਿ ਰਹੀ ਸੀ, ਤੇ ਉਹ ਅੱਗ ਲਾਣ ਦੇ ਦੋਸ ਵਿੱਚ ਫੜੀ ਈਸਾ ਦੀ ਪ੍ਰਤਿਮਾ ਅੱਗੇ ਖੜੀ ਆਪਣੀ ਛਾਤੀ ਉੱਪਰ ਸਲੀਬ ਦਾ ਨਿਸ਼ਾਨ ਪਾਂਦੀ ਨਿਮਸਕਾਰ ਕਰ ਰਹੀ ਸੀ ਤੇ ਇੱਕੋ ਤੁਕ ਬਾਰੰਬਾਰ ਪੜ੍ਹੀ ਜਾਂਦੀ ਸੀ। ਪਾਦਰੀ ਦੀ ਲੜਕੀ ਮੰਜੇ ਉੱਪਰ ਖੜੀ ਸੀ ਤੇ ਨਿੰਦਰਾਲੀ ਤੇ ਫਿੱਕੀ ਜੇਹੀ ਨਦਰ ਨਾਲ ਆਪਣੇ ਅੱਗੇ ਦੇਖ ਰਹੀ ਸੀ।

**ਹੋਰੋਸ਼ਾਵਕਾ** ਆਪਣੇ ਕਾਲੇ, ਖਿੰਧੇ ਮੋਟੇ ਵਾਲਾਂ ਦੀਆਂ ਜ਼ੁਲਫਾਂ ਨੂੰ ਆਪਣੀਆਂ ਉਂਗਲੀਆਂ ਦਵਾਲੇ ਮਰੋੜ ਰਹੀ ਸੀ। ਬੇਥਵ੍ਹੇ ਜੇਹੇ ਪੈਰ ਲਾਂਘੇ ਵਿੱਚ ਦੀ ਦੇ ਪੈਂਦਿਆਂ ਦੀ ਆਵਾਜ਼ ਆਈ ਤੇ ਦਰਵਾਜ਼ਾ ਖੁੱਲ੍ਹਿਆ ਤੇ ਦੋ ਕੈਦੀ ਜੈਕਟ ਪਾਈ ਤੇ ਚਿੱਟੇ ਜੇਹੇ ਪਜਾਮਿਆਂ ਵਿੱਚ ਜਿਹੜੇ ਮਸੇਂ ਉਨ੍ਹਾਂ ਦੇ ਗੋਡਿਆਂ ਤਕ ਅੱਪੜਦੇ ਸਨ, ਅੰਦਰ ਆਏ। ਮੂੰਹ ਬੜੇ ਹੀ ਰੰਜੀਦਾ ਤੇ ਫਿਕਰ ਵਾਲੇ ਬਣਾਏ ਹੋਏ ਅੰਦਰ ਵੜੇ। ਓਹ ਸੜਿਆ ਹੋਇਆ ਟੱਬ ਚੱਕ ਕੇ ਕੋਠੜੀ ਥੀਂ ਬਾਹਰ ਲੈ ਗਏ। ਤੀਮੀਆਂ **ਕੌਰੀਡੋਰ** ਵਿਚ ਲੱਗਿਆਂ ਨਲਕਿਆਂ ਵਲ ਹੱਥ ਮੂੰਹ ਧੋਣ

ਚਲੀਆਂ ਗਈਆਂ। ਉੱਥੇ ਫਿਰ ਉਹ ਲਾਲ ਵਾਲਾਂ ਵਾਲੀ ਇਕ ਹੋਰ ਕੋਠੜੀ ਥੀਂ ਆਈ ਤੀਮੀਂ ਨਾਲ ਲੜ ਪਈ। ਫਿਰ ਓਹੋ ਚੀਖ ਚਿਹਾੜਾ, ਗਾਲਾਂ ਤੇ ਖੱਲੇ !

"ਕੀ ਤੁਸੀ ਇਕੱਲੀ ਕੋਠੜੀ ਵਿੱਚ ਜਾਣਾ ਚਾਹੁੰਦੀਆਂ ਹੋ?" ਇਕ ਬੁੱਢੇ ਜੇਲਰ ਨੇ ਲਲਕਾਰਕੇ ਕਹਿਆ ਤੇ ਲਾਲ ਵਾਲਾਂ ਵਾਲੀ ਦੀ ਨੰਗੀ ਮੋਟੀ ਗਰਦਨ ਤੇ ਇਕ ਚਪੇੜ ਐਸੀ ਕੱਸੀ ਕਿ ਸਾਰਾ **ਕੌਰੀਡੋਰ** ਗੂੰਜ ਗਇਆ। "ਫਿਰ ਇਹ ਸ਼ਕਾਇਤ ਤੇਰੀ ਮੈਨੂੰ ਕਦੀ ਨ ਸੁਣਨੀ ਪਵੇ!"

"ਹਾਇ ਰੱਬਾ! ਆਹ ਤੱਕੋ! ਇਹ ਬੁੱਢਾ ਵੀ ਤੀਮੀਆਂ ਨਾਲ ਛੇੜਖਾਨੀ ਕਰ ਰਹਿਆ ਜੇ," ਉਸ ਤੀਮੀਂ ਨੇ ਕਹਿਆ। ਉਹਦਾ ਧੱਪਾ ਇਕ ਲਾਡ ਸਮਝਣ ਦੀ ਕੀਤੀ।

"ਹੁਣ ਫਿਰ ਛੇਤੀ ਕਰੋ, ਗਿਰਜੇ ਵਿੱਚ ਸਤਸੰਗ ਨੂੰ ਜਾਣਾ ਹੈ।"

**ਮਸਲੋਵਾ** ਨੂੰ ਮਸੇਂ ਕੱਪੜੇ ਪਾਣ ਤੇ ਵਾਲ ਵਾਹਣ ਦਾ ਵਕਤ ਮਿਲਿਆ ਸੀ, ਕਿ ਇਨਸਪੈਕਟਰ ਆਪਣੇ ਅਸਟੰਟਾਂ ਸਮੇਤ ਆ ਗਇਆ।

"ਮੁਆਇਨੇ ਲਈ ਬਾਹਰ ਚੱਲੋ," ਜੇਲਰ ਨੇ ਕਹਿਆ।

ਸਾਰੀਆਂ ਕੈਦੀ ਤੀਮੀਆਂ ਆਪਣੀ ਆਪਣੀ ਕੋਠੀ ਵਿੱਚੋਂ ਬਾਹਰ ਆਈਆਂ ਤੇ **ਕੌਰੀਡੋਰ** ਦੇ ਵਿੱਚ ਦੋ ਕਿਤਾਰਾਂ ਵਿੱਚ ਖੜੀਆਂ ਹੋ ਗਈਆਂ ਤੇ ਪਿਛਲੀ ਕਿਤਾਰ ਵਾਲੀਆਂ ਤੀਮੀਆਂ

ਨੇ ਆਪਣੇ ਹੱਥ ਸਾਹਮਣੇ ਅੱਗੇ ਖੜੀਆਂ ਤੀਮੀਆਂ ਦੇ ਮੋਢਿਆਂ ਉੱਪਰ ਰੱਖ ਦਿੱਤੇ। ਸਭ ਦੀ ਗਿਣਤੀ ਹੋਈ।

ਮੁਆਇਨੇ ਹੋਣ ਦੇ ਪਿੱਛੂ ਤੀਮੀਂ ਵਾਰਡ੍ਰੈਸ ਸਭ ਨੂੰ ਗਿਰਜੇ ਲੈ ਤੁਰੀ।

ਮਸਲੋਵਾ ਤੇ ਥੀਓਡੋਸੀਆ ਵੱਖਰੀ ਕੋਠੀਆਂ ਥੀਂ ਆਈਆਂ ਕੋਈ ਸੌ ਜਨਾਨੀਆਂ ਸਾਰੀਆਂ ਦੀ ਇਕ ਚਲਦੀ ਕਿਤਾਰ ਵਿੱਚ ਵਿਚਕਾਹੇ ਸਨ। ਸਭ ਸੌ ਦੀਆਂ ਸੌ ਤੀਮੀਆਂ ਦੀਆਂ ਸਫੇਦ ਜੈਕਟਾਂ ਤੇ ਸਕਰਟਾਂ ਸਨ। ਸਭ ਦੇ ਸਿਰਾਂ ਉੱਪਰ ਚਿੱਟੇ ਰੁਮਾਲ ਬੱਧੇ ਹੋਏ ਸਨ। ਵਿੱਚ ਥੋੜੀਆਂ ਸਨ ਜਿਨਾਂ ਰੰਗੇ ਕੱਪੜੇ ਪਾਏ ਹੋਏ ਸਨ। ਇਹ ਰੰਗੇ ਕੱਪੜਿਆਂ ਵਾਲੀਆਂ ਨਿਰਦੋਸ਼ ਓਹ ਵਹੁਟੀਆਂ ਸਨ ਜਿਹੜੀਆਂ ਆਪਣਿਆਂ ਬੱਚਿਆਂ ਸਮੇਤ ਆਪਣੀ ਮਰਜੀ ਨਾਲ ਆਪਣੇ ਸਾਈਬੇਰੀਆ ਜਲਾਵਤਨ ਹੋਏ ਖਸਮਾਂ ਦੇ ਪਿੱਛੇ ਜਾ ਰਹੀਆਂ ਸਨ। ਇਸ ਜਲੂਸ ਨਾਲ ਸਭ ਪੌੜੀਆਂ ਭਰੀਆਂ ਪਈਆਂ ਸਨ। ਨਰਮ ਤਲੇ ਵਾਲੀਆਂ ਪੈਹਨੜੀਆਂ ਪਾਏ ਪੈਰਾਂ ਦੀਆਂ ਤ੍ਰਮ ਤ੍ਰਮ ਉੱਠਦੀਆਂ ਤੇ ਵੱਜਦੀਆਂ ਤੇ ਚਲਦੀਆਂ ਅਵਾਜ਼ਾਂ ਕਿਸੀ ਕਿਸੀ ਦੇ ਨਿਕਲੇ ਹਾਸੇ ਨਾਲ ਮਿਲਵੀਆਂ ਆ ਰਹੀਆਂ ਸਨ। ਜਦ ਪੌੜੀਆਂ ਥੀਂ ਉੱਤਰ ਕੇ ਜਲੂਸ ਇਕ ਮੋੜ ਮੁੜ ਰਹਿਆ ਸੀ ਤਾਂ ਮਸਲੋਵਾ ਨੇ ਆਪਣੀ ਵੈਰਨ ਬੋਚਕੋਵਾ ਨੂੰ ਸਾਹਮਣੇ ਜਾਂਦੀ ਵੇਖ ਲਇਆ ਤੇ ਆਪਣਾ ਗੁੱਸੇ ਭਰ ਗਇਆ ਮੂੰਹ ਥੀਓਡੋਸੀਆ ਵਲ ਕਰ ਦਿੱਤਾ। ਜਦ ਪੌੜੀਆਂ ਥੀਂ ਉੱਤਰ ਗਈਆਂ ਸਨ,

ਤਦ ਤੀਮੀਆਂ ਨੇ ਬੋਲਣਾ ਬੰਦ ਕਰ ਦਿੱਤਾ ਸੀ ਤੇ ਆਪਣੇ ਉੱਪਰ ਸਲੀਬ ਦੇ ਨਿਸ਼ਾਨ ਕਰਦੀਆਂ, ਸਿਰ ਨੀਵੇਂ ਪਾਂਦੀਆਂ ਓਹ ਉਸ ਹੁਣ ਤਕ ਖਾਲੀ ਗਿਰਜੇ ਵਿੱਚ ਵੜੀਆਂ, ਜਿਹਦੇ ਕਲਸ ਸੋਨੇ ਤੇ ਗਿਲਟੀ ਕੰਮ ਨਾਲ ਚਮਕ ਰਹੇ ਸਨ।

ਓਨਾਂ ਦੀਆਂ ਥਾਵਾਂ ਸੱਜੇ ਪਾਸੇ ਸਨ, ਪਰ ਉਨਾਂ ਭੀੜ ਜੇਹੀ ਪਾ ਦਿੱਤੀ, ਇਕ ਦੂਜੀ ਨੂੰ ਧੱਕੇ ਦੇਣ ਲੱਗੀਆਂ। ਕਈ ਇਕ ਦੂਜੇ ਨੂੰ ਮੋਢੇ ਮਾਰਨ ਲੱਗ ਪਈਆਂ। ਸਭ ਆਪਣੇ ਆਪਣੇ ਲਈ ਬਹਿਣ ਦੀ ਥਾਂ ਬਣਾ ਰਹੀਆਂ ਸਨ।

ਜਦ ਤੀਮੀਆਂ ਸਾਰੀਆਂ ਅੰਦਰ ਬਹਿ ਗਈਆਂ, ਮਰਦ ਕੈਦੀ ਆਪਣੇ ਚਿੱਟੇ ਵੱਡੇ ਕੋਟਾਂ ਵਿਚ ਆਏ। ਕਈ ਤਾਂ ਜਲਾ-ਵਤਨੀ ਦੀ ਸਜ਼ਾ ਵਾਲੇ ਸਨ, ਕਈ ਉਸੀ ਜੇਲ ਵਿੱਚ ਮੁਸ਼ੱਕਤ ਦੀ ਕੈਦ ਕੱਟ ਰਹੇ ਸਨ ਅਤੇ ਕਈਆਂ ਨੂੰ ਉਨ੍ਹਾਂ ਦੀਆਂ ਆਪਣੀਆਂ ਬਰਾਦਰੀ ਦੀ ਪੰਚਾਇਤਾਂ ਦਰਬਦਰ ਕੀਤਾ ਹੋਇਆ ਸੀ। ਓਹ ਉੱਚੇ ਉੱਚੇ ਖੰਘੂਰੇ ਮਾਰਦੇ ਆਪਣੀਆਂ ਥਾਵਾਂ ਤੇ ਖੜੇ ਹੋ ਗਏ। ਗਿਰਜੇ ਦੇ ਹਾਲ ਦਾ ਖੱਬਾ ਪਾਸਾ ਤੇ ਵਿਚਕਾਹੇ ਦਾ ਥਾਂ ਓਨਾਂ ਨਾਲ ਭਰ ਗਇਆ।

ਗੈਲਰੀ ਦੇ ਇਕ ਪਾਸੇ ਉੱਪਰ ਓਹ ਆਦਮੀ ਸਨ, ਜਿਨਾਂ ਨੂੰ **ਸਾਈਬੇਰੀਆ** ਸਖ਼ਤ ਮੁਸ਼ੱਕਤ ਦੀ ਸਜ਼ਾ ਸੀ, ਤੇ ਜਿਹੜੇ ਸਭ ਥੀਂ ਪਹਿਲਾਂ ਗਿਰਜੇ ਅੰਦਰ ਲਿਆਏ ਗਏ ਸਨ। ਹਰ ਇਕ ਦਾ ਸਿਰ ਘਰੜ ਮੁੰਨਿਆ ਹੋਇਆ ਸੀ, ਤੇ ਉਨ੍ਹਾਂ ਦਾ ਉੱਥੇ ਮੌਜੂਦ ਹੋਣਾ ਬਸ ਇਸ ਗੱਲ ਥੀਂ ਪਤਾ ਪਇਆ ਲੱਗਦਾ ਸੀ ਕਿ ਉਨ੍ਹਾਂ ਦੀਆਂ ਬੇੜੀਆਂ ਛਣਕ ਰਹੀਆਂ ਸਨ। ਗੈਲਰੀ ਦੀ ਦੂਜੀ ਤਰਫ ਓਹ ਖੜੇ ਸਨ ਜਿਹੜੇ ਹਾਲੇ

ਹਵਾਲਾਤੀ ਕੈਦੀ ਸਨ, ਨ ਉਨ੍ਹਾਂ ਦੀਆਂ ਟੰਗਾਂ ਵਿੱਚ ਬੇੜੀਆਂ ਸਨ ਨ ਉਨ੍ਹਾਂ ਦੇ ਸਿਰ ਮੁੰਨੇ ਹੋਏ ਸਨ।

ਇਕ ਅਮੀਰ ਸੌਦਾਗਰ ਨੇ ਇਹ ਜੇਲ ਦਾ ਗਿਰਜਾ ਹੁਣੇ ਹੀ ਬਣਵਾਇਆ ਸੀ, ਜਿਹਦੀ ਇਮਾਰਤ ਉੱਪਰ ਕੋਈ ਦਸ ਹਜ਼ਾਰ ਰੂਬਲ ਉਸ ਲਾਏ ਸਨ ਤੇ ਸੋਨੇ ਤੇ ਸ਼ੋਖ ਰੰਗੀਨਿਆਂ ਕਰਕੇ ਚਮਕ ਚਮਕ ਕਰ ਰਹਿਆ ਸੀ।

ਕੁਛ ਚਿਰ ਲਈ ਗਿਰਜੇ ਵਿੱਚ ਚੁੱਪ ਸੀ। ਸਿਰਫ ਖੰਘੂਰਿਆਂ ਤੇ ਬੱਚਿਆਂ ਦੇ ਚੀਕ ਚਿਹਾੜੇ ਤੇ ਕਦੀ ਕਦੀ ਬੇੜੀਆਂ ਦੀ ਛਣਕਾਰ ਵਿੱਚ ਵਿੱਚ ਮਿਲਵੀਂ ਸੁਣਾਈ ਦੇ ਰਹੀ ਸੀ। ਪਰ ਆਖ਼ਰਕਾਰ ਓਹ ਕੈਦੀ ਜਿਹੜੇ ਵਿਚਕਾਰ ਸਨ ਹਿੱਲੇ ਤੇ ਇਕ ਦੂਜੇ ਨਾਲ ਲਗ ਲਗ ਕੇ ਦਬਾਣ ਲੱਗੇ, ਤੇ ਇਉਂ ਇਕ ਦੂਜੇ ਨੂੰ ਧਕੇਲ ਧਕਾਲ ਕੇ ਉਨ੍ਹਾਂ ਨੇ ਗਿਰਜੇ ਦੇ ਵਿਚਕਾਰ ਲੰਘਣ ਲਈ ਥਾਂ ਬਣਾਈ, ਜਿਸ ਵਿੱਚ ਦੀ ਜੇਲਖਾਨੇ ਦਾ ਇਨਸਪੇਕਟਰ ਲੰਘ ਕੇ ਅੱਗੇ ਜਾ ਕੇ ਹਰ ਇਕ ਦੇ ਸਾਹਮਣੇ ਗਿਰਜੇ ਦੇ ਚਬੂਤਰੇ ਉੱਪਰ ਜਾ ਬੈਠਾ।

## ਕਾਂਡ ੩੯

ਹੁਣ ਗਿਰਜੇ ਦੀਆਂ ਰਸਮਾਂ ਅਰਦਾਸ ਅਰੰਭ ਹੋਈਆਂ ।

ਇਹ ਇਉਂ ਹੋਈਆਂ—ਪਾਦਰੀ, ਇਕ ਅਜੀਬ ਤੇ ਕੁਛ ਬਹੁਤ ਬੇ ਅਰਾਮ ਜੇਹੀ ਸੋਨੇ ਦੇ ਕੱਪੜੇ ਦੀ ਗੋਦੜੀ ਪਾਈ ਹੋਈ ਇਕ ਰਕੇਬੀ ਵਿੱਚ ਲੱਗਾ ਰੋਟੀ ਦੇ ਨਿੱਕੇ ਨਿੱਕੇ ਟੁਕੜੇ ਕੱਟਣ ਤੇ ਰੱਖਣ ਤੇ ਬਹੁੂ ਸਾਰਿਆਂ ਨੂੰ ਮੁੜ ਚੱਕ ਕੇ ਅੰਗੂਰੀ ਸ਼ਰਾਬ ਵਿੱਚ ਸੇੜਦਾ—ਇਉਂ ਕਰਦਿਆਂ ਨਾਲ ਨਾਲ ਕੁਛ ਮੰਤਰ ਤੇ ਅਰਦਾਸਾਂ ਪੜੀ ਜਾਂਦਾ ਸੀ । ਜਦ ਓਹ ਇਹ ਕਰ ਰਹਿਆ ਸੀ ਨੇ ਪਹਿਲਾਂ ਤਾਂ **ਸਲਾਵ** ਭਾਸ਼ਾ ਵ੍ਿਚ ਕੁਛ ਪਾਠ ਕੀਤਾ। ਇਹ ਬੋਲੀ ਸਮਝ ਕਿਸੇ ਦੇ ਆ ਹੀ ਨਹੀਂ ਰਹੀ ਸੀ ਅਤੇ ਓਹਦੇ ਤਾਵਲਾ ਪੜ੍ਹਨ ਕਰਕੇ ਹੋਰ ਵੀ ਸੁਸ਼ਕਲ ਹੋ ਰਹੀ ਸੀ, ਤੇ ਫਿਰ **ਕਾਨਵਿਕਟਾਂ** ਨੂੰ ਨਾਲ ਮਿਲਾ ਕੇ ਜੋੜੀਆਂ ਦੀ ਧਾਰਨਾਂ ਉੱਪਰ ਉਨ੍ਹਾਂ ਨੂੰ ਗਵਾਇਆ। ਅਰਦਾਸਾਂ ਸਭ ਇਹ ਸਨ ਕਿ ਸਾਡੇ ਸ਼ਹਿਨਸ਼ਾਹ **ਜ਼ਾਰ** ਤੇ ਉਹਦੇ ਟੱਬਰ ਦੀ ਰੱਛਾ ਹੋਵੇ, ਓਹ ਅਰੋਗ ਹੋਣ। ਇਹ ਅਰਦਾਸਾਂ ਕਈ ਵੇਰ ਦੁਹਰਾਈਆਂ ਗਈਆਂ। ਹੋਰਨਾਂ ਅਰਦਾਸਾਂ ਵਿੱਚ ਵੀ, ਤੇ ਨਿਵੇਕਲਿਆਂ ਵੀ, ਲੋਕੀ ਗੋਡੇ ਭਾਰ ਹੋ ਗਏ ਸਨ। ਇਸ ਥੀਂ ਸਿਵਾਏ **ਹਵਾਰੀਆਂ ਦੇ ਐਕਟਸ** ਵਿੱਚੋਂ ਕਈ ਇਕ ਤੁਕਾਂ **ਡੀਕਨ** ਨੇ ਇਕ ਅਣੋਖੀ ਤਰਾਂ ਦੀ ਬਣਾਈ ਅਵਾਜ਼ ਵਿੱਚ ਪੜ੍ਹੀਆਂ ਜੋ ਸਮਝ ਕੋਈ ਵੀ ਨਾ ਸਕਿਆ ।

ਤੇ ਫਿਰ ਪਾਦਰੀ ਨੇ ਬੜਾ ਸਾਫ ਸਾਫ **ਮਾਰਕ** ਦੀ ਅੰਜੀਲ ਦਾ ਕੁਛ ਹਿੱਸਾ ਪਾਠ ਕੀਤਾ, ਜਿਸ ਵਿੱਚ ਦੱਸਿਆ ਹੈ ਕਿ **ਈਸਾ** ਕਿਸ ਤਰਾਂ ਕਬਰਾਂ ਵਿੱਚੋਂ ਉੱਠਕੇ ਅਸਮਾਨੀ ਜਾ ਕੇ ਆਪਣੇ ਬਾਪ ਦੇ ਸੱਜੇ ਪਾਸੇ ਬਹਿਣ ਥੀਂ ਪਹਿਲਾਂ **ਮੇਰੀ ਮੇਗਡੇਲਿਨ** ਨੂੰ ਦਰਸ਼ਨ ਦਿੱਤਾ, ਜਿਸ **ਮੇਰੀ** ਦੀ ਰੂਹ ਵਿੱਚੋਂ ਉਸ ਨੇ ਸਤ ਸ਼ੈਤਾਨ ਪਹਿਲੇ ਕੱਢੇ ਸਨ ਤੇ ਫਿਰ ਆਪਣੇ ਹਵਾਰੀਆਂ ਨੂੰ ਦਰਸ਼ਨ ਦਿੱਤਾ ਤੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਜਾਕੇ ਕੁਲ ਦੁਨੀਆਂ ਨੂੰ ਅੰਜੀਲ ਦਾ ਉਪਦੇਸ਼ ਕਰੋ ਤੇ ਇਹ ਐਲਾਨ ਕਰ ਦਿਓ ਕਿ ਜਿਹੜਾ ਈਮਾਨ ਨਹੀਂ ਲਿਆਵੇਗਾ ਓਹਦਾ ਸੱਤਯਾਨਾਸ ਹੋ ਜਾਵੇਗਾ। ਪਰ ਜਿਹੜਾ ਈਮਾਨ ਲੈ ਆਵੇਗਾ **ਬਿਪਤਿਸਮਾ** ਲੈ ਲਵੇਗਾ ਓਹ ਬਚ ਜਾਵੇਗਾ ਤੇ ਨਾਲੇ ਲੋਕਾਂ ਵਿੱਚੋਂ ਸ਼ੈਤਾਨ ਤੇ ਭੂਤ ਕੱਢੇਗਾ ਤੇ ਆਪਣੇ ਹੱਥ ਰੱਖ ਕੇ ਉਨ੍ਹਾਂ ਦੇ ਰੋਗ ਨਿਵਰਤ ਕਰੇਗ, ਤੇ ਅਜੀਬ ਜ਼ਬਾਨਾਂ ਵਿਚ ਜਾ ਜਾ ਗੱਲਾਂ ਕਰੇਗਾ, ਸੱਪਾਂ ਨੂੰ ਹੱਥਾਂ ਵਿੱਚ ਫੜਨ ਤੇ ਜ਼ਹਿਰ ਪੀਣ ਤੇ ਫਿਰ ਵੀ ਮਰਨ ਨਾਂਹ ਚੰਗੇ ਭਲੇ ਰਹਿਣ ਆਦਿ ਦੇ ਕਾਬਲ ਹੋ ਜਾਏਗਾ।

ਉਸ ਗਿਰਜੇ ਦੀ ਰਸਮੀ ਸੇਵਾ ਦਾ ਲੁਬੇ ਲਬਾਬ ਇਕ ਫਰਜ਼ ਕੀਤੀ ਗੱਲ ਸੀ ਕਿ ਪਾਦਰੀ ਦੇ ਕੱਟੇ ਰੋਟੀ ਦੇ ਟੁਕੜੇ, ਜੋ ਮੁੜ ਮੁੜ ਸ਼ਰਾਬ ਵਿੱਚ ਸੇੜੇ ਜਾਂਦੇ ਸਨ, ਜਦ ਦੁਆ ਨਾਲ ਪਾਕ ਕੀਤੇ ਜਾਂਦੇ ਸਨ, ਰੱਬ ਦਾ ਮਾਸ ਤੇ ਖੂਨ ਬਣ ਜਾਂਦੇ ਸਨ। ਪਾਦਰੀ, ਜਿਹਨੂੰ ਆਪਣੇ ਵੱਡੇ ਕੱਪੜੇ ਸੰਭਾਲਣ ਦੀ

ਮੁਸ਼ਕਲ ਪਈ ਹੋਈ ਸੀ, ਆਪਣੀਆਂ ਬਾਹਾਂ ਬਾਕਾਇਦਾ ਕਦੀ ਉੱਪਰ ਚੱਕਦਾ ਸੀ, ਕਦੀ ਤਲੇ ਕਰਦਾ ਸੀ, ਕਦੀ ਗੋਡਿਆਂ ਭਾਰ ਹੋ ਜਾਂਦਾ ਸੀ, ਤੇ ਮੇਜ਼ ਨੂੰ ਤੇ ਉਸ ਪਰ ਜੋ ਕੁਝ ਪਇਆ ਸੀ, ਓਹਨੂੰ ਚੁੰਮਦਾ ਸੀ; ਤੇ ਖਾਸ ਅਮਲ ਓਹ ਇਹ ਕਰ ਰਹਿਆ ਸੀ ਕਿ ਓਹ ਇਕ ਕੱਪੜੇ ਨੂੰ ਦੋਹਾਂ ਨੁਕਰਾਂ ਥੀਂ ਫੜਕੇ ਇਕ ਤਾਲ ਜੇਹੇ ਵਿੱਚ ਉਸ ਚਾਂਦੀ ਦੀ ਤਸ਼ਤਰੀ ਤੇ ਉਸ ਸੋਨੇ ਦੇ ਪਿਆਲੇ ਉੱਪਰ ਹਿਲਾਂਦਾ ਸੀ। ਤੇ ਇਹ ਮੰਨ ਲਇਆ ਹੋਇਆ ਸੀ ਕਿ ਠੀਕ ਇਸ ਘੜੀ ਓਹ ਰੋਟੀ ਤੇ ਸ਼ਰਾਬ, ਮਾਸ ਤੇ ਖ਼ੂਨ ਵਿੱਚ ਬਦਲ ਜਾਂਦੇ ਸਨ, ਇਸ ਵਾਸਤੇ ਸੇਵਾ ਦਾ ਇਹ ਹਿੱਸਾ ਓਹ ਪਾਦਰੀ ਭਾਰੀ ਸੰਜੀਦਗੀ ਨਾਲ ਨਿਬਾਹੁੰਦਾ ਸੀ।

"ਹੁਣ ਇਸਨੂੰ ਅਸੀਸ ਲਈ, ਲਓ ਨਾਮ ਓਸ ਸਭ ਥੀਂ ਪਵਿਤ੍ਰ, ਸਭ ਥੀਂ ਪਾਕ ਰੱਬ ਦੀ ਮਾਂ ਦਾ," ਪਾਦਰੀ ਓਸ ਸੁਨਹਿਰੀ ਪਰਦੇ ਦੇ ਪਿੱਛੋਂ ਦੀ ਉੱਚੀ ਆਵਾਜ਼ ਨਾਲ ਲਲਕਾਰਿਆ, ਜਿਹੜਾ ਪਰਦਾ ਗਿਰਜੇ ਦੇ ਓਸ ਹਿੱਸੇ ਨੂੰ ਹੋਰ ਸਭ ਥੀਂ ਵੱਖਰਾ ਕਰਦਾ ਸੀ। ਤੇ ਗਾਣ ਵਾਲੇ ਜੋਟੀਦਾਰ ਗਾਣ ਲੱਗ ਪਏ ਕਿ ਕਰੋ ਓਸ ਕੰਵਾਰੀ ਮੇਰੀ ਦੀ ਸਿਫਤ ਸਲਾਹ ਜਿਸ ਈਸਾ ਨੂੰ ਆਪਣੀ ਕੰਵਾਰੀ ਕੁੱਖ ਵਿੱਚ ਧਾਰਨ ਕੀਤਾ ਤੇ ਈਸਾ ਨੂੰ ਬਿਨਾਂ ਆਪਣਾ ਕੰਵਾਰਪਨ ਖੋਹਣ ਦੇ ਜਨਮ ਦਿੱਤਾ। ਇਸ ਵਾਸਤੇ ਓਹਦਾ ਸਤਿਕਾਰ ਹੋਰ ਹਰ ਕਿਸਮ ਦੇ ਫ਼ਰਿਸ਼ਤੇ ਥੀਂ ਵੱਡਾ ਹੈ ਉਹਦੀ ਸ਼ਾਨ ਹਰ ਕਿਸਮ ਦੇ ਦੇਵੀ ਦੇਵਤੇ ਥੀਂ ਉੱਚੀ ਹੈ–ਗਾਓ ਉਸਦੀ ਸਿਫਤ ਗਾਓ। ਇਉਂ ਕਰਨ ਦੇ ਪਿੱਛੋਂ ਰੋਟੀ ਦਾ ਮਾਸ ਤੇ ਸ਼ਰਾਬ ਦੇ ਰੱਬ ਦੇ ਖ਼ੂਨ ਵਿੱਚ ਬਦਲ ਜਾਣਾ ਪੂਰਨ ਹੋ ਗਇਆ ਸਮਝਿਆ

ਗਇਆ ਤੇ ਪਾਦਰੀ ਨੇ ਤਸ਼ਤਰੀ ਥੀਂ ਰੋਮਾਲ ਚੱਕਿਆ ਤੇ ਰੋਟੀ ਦਾ ਦਰਮਿਆਨੀ ਹਿੱਸਾ ਚਾਰ ਟੁਕੜਿਆਂ ਵਿੱਚ ਕੱਟਿਆ ਤੇ ਇਕ ਨੂੰ ਪਹਿਲਾਂ ਸ਼ਰਾਬ ਵਿੱਚ ਡਬੋ ਕੇ ਆਪਣੇ ਮੂੰਹ ਵਿੱਚ ਪਾ ਲਇਆ। ਇਹ ਮੰਨ ਲਇਆ ਹੋਇਆ ਸੀ ਕਿ ਇਉਂ ਉਸ ਪਾਦਰੀ ਨੇ ਰੱਬ ਦੇ ਮਾਸ ਦਾ ਇਕ ਟੁਕੜਾ ਖਾ ਲਇਆ ਹੈ, ਤੇ ਰੱਬ ਦਾ ਖ਼ੂਨ ਥੋੜਾ ਜੇਹਾ ਪੀ ਲਇਆ ਹੈ। ਪਰ ਪਾਦਰੀ ਨੇ ਇਕ ਪਰਦਾ ਖਿੱਚ ਦਿੱਤਾ, ਤੇ ਇਸ ਕਮਰੇ ਨੂੰ ਵਖਰਾ ਕਰਨ ਵਾਲੇ ਪਰਦੇ ਦਾ ਦਰਮਿਆਨਾ ਦਰਵਾਜ਼ਾ ਖੋਲ੍ਹਿਆ, ਤੇ ਸੋਨੇ ਦਾ ਪਿਆਲਾ ਹੱਥ ਵਿੱਚ ਲਈ ਓਸ ਦਰਵਾਜ਼ਿਓਂ ਬਾਹਰ ਆਇਆ, ਤੇ ਕਹਿੰਦਾ ਆਉਂਦਾ ਸੀ ਕਿ ਆਓ ਜਿਸ ਕਿਸੀ ਨੇ ਰੱਬ ਦਾ ਮਾਸ ਤੇ ਲਹੂ ਪੀਣਾ ਹੈ ਇਸ ਪਿਆਲੇ ਵਿੱਚ ਹੈ। ਕਈ ਬੱਚਿਆਂ ਨੇ ਸਿਰਫ਼ ਖਾਹਿਸ਼ ਪ੍ਰਗਟ ਕੀਤੀ।

ਪਾਦਰੀ ਨੇ ਬੱਚਿਆਂ ਦੇ ਨਾਂ ਪਹਿਲਾਂ ਪੁੱਛੇ, ਪਾਦਰੀ ਨੇ ਮੁੜ ਪਿਆਲੇ ਵਿੱਚੋਂ ਸ਼ਰਾਬ ਵਿੱਚ ਸਿੱਜੀ ਰੋਟੀ ਦਾ ਟੁਕੜਾ ਚੱਮਚ ਨਾਲ ਕੱਢਿਆ ਤੇ ਬੱਚੇ ਦੇ ਮੂੰਹ ਵਿੱਚ ਚੱਮਚ ਨਾਲ ਪਾਇਆ।

ਇਸੀ ਤਰਾਂ ਹਰ ਇਕ ਬੱਚੇ ਨੂੰ ਵਾਰੀ ਵਾਰੀ ਇਉਂ ਹੀ ਚਿਖਾਇਆ ਤੇ ਡੀਕਨ ਬੱਚਿਆਂ ਦੇ ਮੂੰਹ ਪੂੰਝਦਾ ਜਾਂਦਾ ਸੀ ਤੇ ਗੌਂਦਾ ਜਾਂਦਾ ਸੀ ਕਿ ਬੱਚਿਆਂ ਨੇ ਅੱਜ ਰੱਬ ਦਾ ਮਾਸ ਖਾਧਾ ਤੇ ਰੱਬ ਦਾ ਲਹੂ ਪੀਤਾ। ਇਹ ਕਹਿਕੇ ਪਾਦਰੀ ਸੋਨੇ ਦੇ ਪਿਆਲੇ ਨੂੰ ਮੁੜ ਓਸ ਪਰਦੇ ਪਿੱਛੇ ਲੈ ਗਇਆ ਤੇ ਉੱਥੇ ਜਾਕੇ ਜੇਹੜਾ ਖ਼ੂਨ ਰਹਿ ਗਇਆ ਸੀ ਓਹ ਪੀਤਾ ਤੇ ਜਿਹੜੇ ਰੋਟੀ ਦੇ ਟੁਕੜੇ ਰੱਬ ਦਾ ਮਾਸ ਰਹਿ ਗਇਆ ਸੀ ਓਹ ਛਕੇ। ਤੇ ਜਦ ਓਹ ਆਪਣੀਆਂ ਮੁੱਛਾਂ ਨਾਲ ਲੱਗੀ ਸ਼ਰਾਬ ਨੂੰ

ਚੂਸ ਚੁਕਾ, ਤੇ ਆਪਣਾ ਮੂੰਹ ਤੇ ਪਿਆਲਾ ਪੂੰਝ ਚੁੱਕਾ, ਤਦ ਓਹ ਪਰਦੇ ਦੇ ਪਿੱਛੋਂ ਦੀ ਬੜੀ ਫੁਰਤੀ ਨਾਲ ਆਪਣੇ ਮੇਸ਼ੇ ਦੇ ਚੂੰ ਚੂੰ ਕਰਦੇ ਬੂਟਾਂ ਦੇ ਪਤਲੇ ਤਲਿਆਂ ਦੀ ਅਵਾਜ਼ ਜੇਹੀ ਕਰਦਾ ਬਾਹਰ ਆਇਆ। ਗਿਰਜੇਈ ਮੱਤ ਦੀ ਰੱਬ ਦੀ ਸੇਵਾ ਦਾ ਵੱਡਾ ਹਿੱਸਾ ਖਤਮ ਹੋਇਆ। ਪਾਦਰੀ ਨੇ ਬਦਕਿਸਮਤ ਕੈਦੀਆਂ ਦੀ ਹੋਰ ਵਾਧੂ ਢਾਰਸ ਬਨ੍ਹਾਣ ਲਈ ਇਕ ਕਾਰਵਾਈ ਹੋਰ ਵਧਾ ਦਿੱਤੀ, ਉਹ ਇਉਂ ਸੀ। ਇਕ ਘਾੜਵੇਂ ਸੋਨੇ ਦੀ ਪ੍ਰਤਿਮਾ ਵੱਲ ਗਇਆ, (ਬੁੱਤ ਦੇ ਮੂੰਹ ਤੇ ਹੱਥ ਕਾਲੇ ਸਨ)। ਇਕ ਦਰਜਨ ਮੋਮ ਦੀਆਂ ਬੱਤੀਆਂ ਉਸ ਬੁੱਤ ਦੇ ਆਲੇ ਦੁਆਲੇ ਜਗ ਰਹੀਆਂ ਸਨ।

ਇਹ ਬੁੱਤ ਓਸ ਰੱਬ ਦਾ ਫਰਜ਼ ਕੀਤਾ ਹੋਇਆ ਸੀ ਜਿਹਨੂੰ ਓਹ ਹੁਣੇ ਖਾ ਰਹੇ ਸਨ ਤੇ ਇਕ ਅਜੀਬ ਬੇ ਸੁਰੀ ਜੇਹੀ ਆਵਾਜ਼ ਵਿੱਚ ਹੇਠ ਲਿਖੇ ਸ਼ਬਦ ਮੂੰਹ ਵਿੱਚ ਗੁਣ ਗੁਣ ਕਰਦਾ ਗਾਉਣ ਲੱਗ ਪਇਆ :–

"ਸਭ ਥੀਂ ਮਿੱਠੇ ਈਸਾ ! ਹਵਾਰੀਆਂ ਨੇ ਜਿਹਦੀ ਸਿਫਤ ਕੀਤੀ ਤੇ ਦਰਸਾਇਆ–ਈਸਾ ਜਿਹਨੂੰ ਸ਼ਹੀਦਾਂ ਨੇ ਸੀ ਗਾਇਆ, ਸਰਬ ਸ਼ਕਤੀਮਾਨ ਬਾਦਸ਼ਾਹ ! ਮੈਨੂੰ ਬਚਾਈਂ ਮੇਰੇ ਈਸਾ ! ਈਸਾ ਮੇਰਾ ਬਣਾਉਣ ਵਾਲਾ, ਸਭ ਥੀਂ ਸੋਹਣੇ ਮੇਰੇ ਈਸਾ। ਮੈਨੂੰ ਬਚਾਈਂ ਜਿਹੜਾ ਤੇਰੇ ਅੱਗੇ ਫਰਯਾਦ ਕਰਦਾ ਹਾਂ। ਓ ਮੁਕਤੀ ਦਾਤਾ ਈਸਾ! ਦੂਆ ਥੀਂ ਜੰਮਿਆ ਈਸਾ ! ਸਾਰੇ ਆਪਣੇ ਸੰਤਾਂ ਨੂੰ ਬਚਾਈਂ ! ਸਾਰੇ ਆਪਣੇ ਪੈਗੰਬਰਾਂ ਨੂੰ ਬਚਾਈਂ ਸਾਰਿਆਂ ਨੂੰ ਆਪਣੀ ਸਵਰਗ ਦੀਆਂ ਖੁਸ਼ੀਆਂ ਦੇ ਲਾਇਕ ਬਣਾਈਂ, ਓ ਈਸਾ ਸਭ ਮਖ਼ਲੂਕ ਦੇ ਪਿਆਰੇ !"

ਇਉਂ ਕਹਿੰਦੇ ਕਹਿੰਦੇ ਚੁਪ ਹੋ ਗਇਆ, ਸਾਹ ਲੀਤਾ, ਆਪਣੇ ਆਪ ਉੱਪਰ ਸਲੀਬ ਦਾ ਨਿਸ਼ਾਨ ਵਾਹਿਆ ਤੇ ਜਮੀਨ

ਉੱਪਰ ਸਿਰ ਧਰ ਕੇ ਮੱਥਾ ਟੇਕਿਆ, ਤੇ ਉਸ ਪਿੱਛੇ ਹਰ ਇਕ ਨੇ ਟੇਕਿਆ, ਇਨਸਪੈਕਟਰ ਵਾਰਡਰਾਂ ਨੇ, ਕੈਦੀਆਂ ਨੇ, ਓਸੇ ਵਾਂਗ ਮੱਥਾ ਟੇਕਿਆ, ਤੇ ਉੱਪਰੋਂ ਜ਼ੰਜੀਰਾਂ ਬੇੜੀਆਂ ਦੇ ਖੜਾਕ ਕੁਛ ਜ਼ਿਆਦਾ ਸੁਣਾਈ ਦੇਂਦੇ ਸਨ। ਫਿਰ ਪਾਦਰੀ ਕਹੀ ਗਇਆ, "ਤਾਕਤਾਂ ਦੇ ਮਾਲਕ! ਦੇਵਤਿਆਂ ਦੇ ਕਾਦਰ, ਈਸਾ, ਸਭ ਥੀਂ ਵਧ ਅਚਰਜ ਮੂਰਤ ਸਾਡੇ ਪਿਓ ਦਾਦੇ ਦੇ ਮੁਕਤੀ ਦਾਤਾ, ਸਭ ਥੀਂ ਮਿੱਠੇ ਈਸਾ, ਸਭ ਬਜ਼ੁਰਗਾਂ ਦੇ ਸ਼ਲਾਘਾਜੋਗ ਪੁਰਸ਼, ਸਭ ਥੀਂ ਵਧ ਨੂਰ ਭਰਪੂਰ ਈਸਾ, ਬਾਦਸ਼ਾਹਾਂ ਦੀ ਤਾਕਤ ਸਭ ਥੀਂ ਚੰਗੇ ਈਸਾ, ਪੈਗੰਬਰਾਂ ਦੀ ਪੂਰਣਤਾ ਈਸਾ, ਸਭ ਥੀਂ ਵੱਡੇ ਵਿਸਮਾਦ ਸ਼ਹੀਦਾਂ ਦੀ ਤਾਕਤ ਈਸਾ, ਸਭ ਥੀਂ ਵਧ ਗਰੀਬ ਸਾਧਾਂ ਦੇ ਅਨੰਦ ਈਸਾ, ਸਭ ਥੀਂ ਵਧ ਰਹਿਮ ਵਾਲੇ ਪਾਦਰੀਆਂ ਦੀ ਮਿਠੱਤਾ ਈਸਾ, ਸਭ ਥੀਂ ਵੱਡੇ ਦਯਾਵਾਨ ਪੁਰਸ਼, ਬਰਤ ਰੱਖਣ ਵਾਲਿਆਂ ਦੇ ਧੀਰਜ; ਬ੍ਰਹਮਚਾਰੀਆਂ ਦਾ ਬ੍ਰਹਮਚਰਜ ਗੁਨਹਾਂਗਾਰਾਂ ਦੀ ਮੁਕਤੀ ਈਸਾ, ਰੱਬ ਦੇ ਬੇਟੇ ਮੇਰੇ ਉੱਪਰ ਦਯਾ ਕਰ।"

ਹਰ ਵਾਰੀ ਜਦ ਓਹ ਸ਼ਬਦ ਈਸਾ ਉਚਾਰਦਾ ਸੀ ਉਹਦੀ ਆਵਾਜ਼ ਸੱਰਰ ਮੱਰਰ ਕੁਛ ਕਰਨ ਲੱਗ ਜਾਂਦੀ ਸੀ। ਆਖਰ ਚੁਪ ਹੋ ਗਇਆ, ਤੇ ਆਪਣੀ ਰੇਸ਼ਮ ਦੀ ਅਸਤਰ ਵਾਲੀ ਰੂਸੀ ਪੋਸ਼ਾਕ ਚੱਕ ਕੇ ਇਕ ਗੋਡੇ ਭਾਰ ਹੋਕੇ ਓਹਨੇ ਆਪਣਾ ਮਸਤਕ ਜਿਮੀਂ ਤੱਕ ਨਿਵਾਇਆ। ਜੋੜੀਆਂ ਵਾਲੇ ਰਾਗੀ ਇਹ ਉਹਦੇ ਲਫਜ਼ ਚੱਕ ਕੇ ਗਾਣ ਲੱਗ ਪਏ:– "ਈਸਾ, ਰੱਬ ਦੇ ਬੇਟੇ ਮੇਰੇ ਤੇ ਦਯਾ ਕਰ–" ਤੇ ਕੈਦੀ ਵੀ ਝੁਕ ਗਏ, ਤੇ ਫੇਰ ਉੱਠੇ ਤੇ ਆਪਣੇ ਵਾਲ ਜਿੰਨੇ ਕੂ ਉਨ੍ਹਾਂ ਦੇ ਸਿਰਾਂ ਉੱਪਰ ਰਹਿ ਗਏ ਸਨ ਮੋੜ ਕੇ ਪਿੱਛੇ ਸੁਟਦੇ ਸਨ, ਤੇ ਜੰਜੀਰਾਂ ਬੇੜੀਆਂ ਖੜਕਾਂਦੇ ਸਨ।

ਓਨ੍ਹਾਂ ਦੇ ਇਉਂ ਹਿੱਲਣ ਕਰਕੇ ਇਹ ਬੇੜੀਆਂ ਓਨ੍ਹਾਂ ਦੇ ਗਿੱਟਿਆਂ ਨੂੰ ਲੱਗਦੀਆਂ ਤੇ ਜ਼ਖਮੀ ਕਰ ਰਹੀਆਂ ਸਨ।

ਇਹ ਕਾਰਵਾਈ ਚੋਖਾ ਚਿਰ ਇਉਂ ਹੁੰਦੀ ਰਹੀ। ਪਹਿਲਾਂ ਤਾਂ ਰੱਬ ਦੀ ਸਿਫਤ ਸਲਾਹ ਜਿਹੜੀ ਇਨ੍ਹਾਂ ਲਫਜ਼ਾਂ ਵਿੱਚ ਆਕੇ ਖਤਮ ਹੋਈ "ਰੱਬਾ ਮੇਰੇ ਉੱਪਰ ਤਰਸ ਕਰ" ਫਿਰ ਹੋਰ ਵਡਿਆਈ ਦੇ ਗਾਣੇ ਜਿਹੜੇ **'ਆਲੇਲੂਈਆ'** ਦੇ ਲਫਜ਼ਾਂ ਉੱਪਰ ਆਨ ਮੁੱਕੇ—ਤੇ ਕੈਦੀ ਆਪਣੇ ਉੱਪਰ ਸਲੀਬ ਦੇ ਨਿਸ਼ਾਨ ਕਰਦੇ ਜਾਂਦੇ ਸਨ, ਮੱਥਾ ਟੇਕਦੇ ਜਾਂਦੇ ਸਨ, ਪਹਿਲਾਂ ਹਰ ਫਿਕਰੇ ਉੱਪਰ, ਫਿਰ ਹਰ ਦੂਸਰੇ ਫਿਕਰੇ ਉੱਪਰ, ਤੇ ਫਿਰ ਹਰ ਤੀਸਰੇ ਫਿਕਰੇ ਪਿੱਛੇ ਇਹ ਕਵਾਇਦ ਹੁੰਦੀ ਸੀ; ਤੇ ਸਾਰੇ ਬੜੇ ਖੁਸ਼ ਹੋਏ ਸਨ ਜਦ ਰੱਬ ਦੀ ਉਸਤਤੀ ਦੇ ਸਤੋਤਰ ਆਖ਼ਰ ਮੁੱਕੇ ਤੇ ਪਦਾਰੀ ਨੇ ਵੀ ਕਿਤਾਬ ਠੱਪੀ, ਠੰਡਾ ਸਾਹ ਭਰਿਆ ਤੇ ਪਰਦੇ ਦੇ ਪਿੱਛੇ ਚਲਾ ਗਇਆ। ਇਕ ਆਖਰੀ ਰਸਮ ਪੂਰੀ ਕਰਨੀ ਰਹਿ ਗਈ ਸੀ, ਪਾਦਰੀ ਨੇ ਇਕ ਮੇਜ਼ ਉੱਪਰੋਂ ਇਕ ਵੱਡੀ ਗਿਲਟੀ ਸਲੀਬ ਚੱਕੀ, ਇਸ ਸਲੀਬ ਦੇ ਦੋਹਾਂ ਸਿਰਿਆਂ ਉੱਪਰ **ਅਨੈਮਲ** ਦੀਆਂ ਮੂਰਤਾਂ ਸਨ—ਇਉਂ ਓਹ ਸਲੀਬ ਚੱਕ ਕੇ ਗਿਰਜੇ ਦੇ ਐਨ ਵਿਚਕਾਰ ਆ ਗਇਆ ਪਹਿਲਾਂ ਤਾਂ ਇਨਸਪੇਕਟਰ ਨੇ ਅੱਗੇ ਵਧ ਕੇ ਸਲੀਬ ਨੂੰ ਚੁੰਮਿਆ—ਫਿਰ ਜੇਲਰ ਆਏ ਤੇ ਉਨ੍ਹਾਂ ਚੁੰਮਿਆ, ਫਿਰ ਕੈਦੀ ਇਕ ਦੂਜੇ ਨੂੰ ਮੋਂਹਢੇ ਮਾਰਦੇ, ਧੱਕੇ ਦਿੰਦੇ, ਗੋਸ਼ੇ ਕਰਦੇ, ਗਾਲਾਂ ਕੱਢਦੇ ਆਏ ਉਨ੍ਹਾਂ ਚੁੰਮਿਆ। ਪਾਦਰੀ ਗੱਲਾਂ ਤਾਂ ਇਨਸਪੈਕਟਰ ਨਾਲ ਕਰਦਾ ਪਇਆ ਸੀ ਅਤੇ ਆਪਣੇ ਹੱਥ ਤੇ ਸਲੀਬ ਐਵੇਂ ਹੀ ਅੱਗੇ ਕਰ

ਦਿੰਦਾ ਸੀ, ਜਿਹੜੇ ਕਦੀ ਕੈਦੀਆਂ ਦੇ ਮੂੰਹਾਂ ਉੱਪਰ ਜਾ ਵੱਜਦੇ ਸਨ, ਕਦੀ ਉਨ੍ਹਾਂ ਦੇ ਨੱਕਾਂ ਨੂੰ ਜਾ ਲੱਗਦੇ ਸਨ। ਪਰ ਕੈਦੀ ਇਸ ਕੋਸ਼ਸ਼ ਵਿੱਚ ਸਨ ਕਿ ਦੋਵੇਂ, ਸਲੀਬ ਤੇ ਨਾਲੇ ਪਾਦਰੀ ਦਾ ਹੱਥ, ਕਿਸ ਤਰਾਂ ਉਨ੍ਹਾਂ ਪਾਸੋਂ ਚੁੰਮੇ ਜਾ ਸੱਕਣ।

ਤੇ ਇਉਂ ਈਸਾਈਆਂ ਦੀ ਰੱਬ ਦੀ ਸੇਵਾ ਦੀ ਕਾਰਰਵਾਈ ਖਤਮ ਹੋਈ, ਓਹ ਸੇਵਾ ਜਿਹੜੀ ਉਨ੍ਹਾਂ ਆਪਣੇ ਭਰਾਵਾਂ ਦੀ ਖਾਤਰ ਜੋ ਰਾਹੌਂ ਕੁਰਾਹ ਪਏ ਹੋਏ ਸਨ ਉਨ੍ਹਾਂ ਕੈਦੀਆਂ ਦੇ ਆਰਾਮ ਦੇ ਸੁਖ ਲਈ ਆਰੰਭੀ ਸੀ।

# ਕਾਂਡ ੪੦

ਜਿੰਨੇ ਵੀ ਉੱਥੇ ਉਪਸਥਿਤ ਹਨ, ਇਨਸਪੈਕਟਰ ਥੀਂ ਲੈਕੇ **ਮਸਲੋਵਾ** ਤੱਕ, ਕੋਈ ਵੀ ਇਸ ਗੱਲ ਦਾ ਜਾਣੂ ਨਹੀਂ ਸੀ, ਕਿ ਇਸ **ਈਸਾ** ਨੇ, ਜਿਹਦਾ ਨਾਂ ਪਾਦਰੀ ਨੇ ਇੰਨੇ ਵੇਰੀ ਲਇਆ ਸੀ ਤੇ ਇੰਨੇ ਸਾਰੇ ਵੱਡੇ ਵਡੇ ਅਜੀਬ ਲਫਜ਼ਾਂ ਨਾਲ ਲਇਆ ਸੀ, ਉਨ੍ਹਾਂ ਸਾਰੀਆਂ ਗੱਲਾਂ ਥੀਂ ਹੋੜਿਆ ਹੋਇਆ ਹੈ ਜਿਹੜੀਆਂ ਏਹ ਪਏ ਕਰਦੇ ਸਨ। ਉਸਨੇ ਨ ਸਿਰਫ ਇਹ ਬੇਅਰਥ ਬਹੂ ਬੋਲਣੇ ਤੇ ਸ਼ਰਾਬ ਤੇ ਰੋਟੀ ਉੱਪਰ ਕਾਫ਼ਰਾਨਾ ਮੰਤ੍ਰ ਪੜ੍ਹ ਪੜ੍ਹ ਕੇ ਫੂਕਨੇ ਹੀ ਮਨਹ ਕੀਤਾ ਹੋਇਆ ਹੈ, ਸਗੋਂ ਸਾਫ ਥੀਂ ਵੀ ਸਾਫ ਲਫਜ਼ਾਂ ਵਿੱਚ ਹੀ ਮਨਹ ਕੀਤਾ ਹੋਇਆ ਹੈ, ਕਿ ਕੋਈ ਆਦਮੀ ਹੋਰ ਆਦਮੀਆਂ ਨੂੰ ਆਪਣਾ ਮਾਲਕ ਕਹੇ ਯਾ ਮੰਨੇ, ਯਾ ਮੰਦਰਾਂ ਵਿੱਚ ਜਾਕੇ ਰੱਬ ਪਾਸੋਂ ਦੁਆਵਾਂ ਮੰਗੇ। ਓਸ ਤਾਂ ਇਹ ਸਿਖਾਇਆ ਸੀ, ਕਿ ਹਰ ਕਿਸੀ ਨੂੰ ਏਕਾਂਤ ਵਿੱਚ ਜਾਕੇ ਰੱਬ ਅੱਗੇ ਅਰਦਾਸ ਕਰਨੀ ਚਾਹੀਦੀ ਹੈ, ਮੰਦਰਾਂ ਦਾ ਚਾਹੜਨਾ ਮਨਹ ਕੀਤਾ ਸੀ ਤੇ ਇਹ ਕਹਿੰਦਾ ਹੁੰਦਾ ਸੀ ਕਿ ਮੈਂ ਇਨ੍ਹਾਂ ਮੰਦਰਾਂ ਨੂੰ ਢਾਹੁਣ ਆਇਆ ਹਾਂ, ਤੇ ਹਰ ਇਕ ਬੰਦਾ ਮੰਦਰਾਂ ਵਿੱਚ ਜਾਕੇ ਰੱਬ ਨੂੰ ਨਾ ਪੂਜੇ,—ਸਿਰਫ ਆਪਣੇ ਰੂਹ ਵਿੱਚ, ਸੱਚ ਵਿੱਚ ਰਹਿ ਕੇ ਪੂਜੇ—ਤੇ ਸਬ ਥੀਂ ਵੱਧ ਕੇ ਇਹ ਕਹਿਆ ਕਿ ਕੋਈ ਮਨੁੱਖ ਕਿਸੀ ਦੂਸਰੇ ਮਨੁੱਖ ਦੇ ਕਰਮਾਂ ਦੀ ਅਦਾਲਤ ਕਰਨ ਨ ਬੈਠੇ—ਕੋਈ ਕਿਸੀ ਨੂੰ ਕੈਦ ਨਾ ਕਰੇ, ਕੋਈ ਕਿਸੀ ਨੂੰ ਪੀੜਾ ਦੁੱਖ ਨ ਦੇਵੇ, ਫਾਂਸੀ ਨਾ

ਲਾਵੇ ਜਿਵੇਂ ਇਹ ਧੂਰਤ ਲੋਕੀ ਇੱਥੇ ਕਰ ਰਹੇ ਸਨ। ਸਗੋਂ ਉਸਨੇ ਤਾਂ ਮਨਹ ਕੀਤਾ ਸੀ ਕਿ ਕੋਈ ਕਿਸੀ ਨੂੰ ਦੁੱਖ ਨ ਦੇਵੇ, ਕੋਈ ਹਿੰਸਾ ਨ ਕਰੇ। ਓਹ ਤਾਂ ਕਹਿੰਦਾ ਹੁੰਦਾ ਸੀ ਕਿ ਓਹ ਕੈਦੀਆਂ ਨੂੰ ਆਜ਼ਾਦੀ ਦੇਣ ਆਇਆ ਸੀ।

ਓਥੇ ਹਾਜਰ ਹੋਏ ਬੰਦਿਆਂ ਵਿੱਚੋਂ ਕੋਈ ਵੀ ਇਸ ਗੱਲ ਦਾ ਜਾਣੂ ਨਹੀਂ ਸੀ ਕਿ ਜੋ ਕੁਛ ਵੀ ਕਰਤੂਤ ਓਥੇ ਹੋ ਰਹੀ ਸੀ ਉਹ ਕੁਫਰ ਹੈ ਤੇ ਓੱਥੇ ਉਹ ਈਸਾ ਦਾ ਇਕ ਮਖੌਲ ਉਡਾ ਰਹੇ ਹਨ, ਜਿਹਦਾ ਨਾਂ ਲੈਕੇ ਉਹ ਇਹ ਸਭ ਕੁਛ ਕਰ ਰਹੇ ਸਨ। ਕੋਈ ਵੀ ਓਥੇ ਇਹ ਅਨੁਭਵ ਕਰਦਾ ਪ੍ਰਤੀਤ ਨਹੀਂ ਸੀ ਹੁੰਦਾ, ਕਿ ਉਹ ਗਿਲਟੀ ਸਲੀਬ, ਜਿਹਦੇ ਦੋਹਾਂ ਸਿਰਿਆਂ ਉੱਪਰ ਈਸਾ ਦੀ ਮੂਰਤੀ ਸੀ, ਤੇ ਜਿਹੜੀ ਪਾਦਰੀ ਲੋਕਾਂ ਅੱਗੇ ਕਰੀ ਜਾਂਦਾ ਸੀ ਕਿ ਉਹਨੂੰ ਉਹ ਚੁੰਮਣ, ਹੋਰ ਕੁਛ ਵੀ ਨਹੀਂ ਸੀ, ਨਿਰਾ ਉਸ ਫਾਂਸੀ ਦਾ ਚਿੰਨ੍ਹ ਰੂਪ ਸੀ ਜਿਸ ਉੱਪਰ ਲਟਕਾ ਕੇ ਲੋਕਾਂ ਨੇ ਈਸਾ ਨੂੰ ਮਾਰ ਮੁਕਾਇਆ ਸੀ, ਤੇ ਕਿਸ ਗੁਨਾਹ, ਕਿਸ ਦੋਸ ਲਈ ?—ਬੱਸ ਇਸ ਗੁਨਾਹ ਲਈ ਕਿ ਉਸ ਨੇ ਲੋਕਾਂ ਦੀਆਂ ਇਹੋ ਜੇਹੀਆਂ ਕਰਤੂਤਾਂ ਨੂੰ ਨਿੰਦਿਆ ਸੀ ਜਿਹੜੀਆਂ ਉਸ ਵੇਲੇ ਇਹ ਲੋਕੀ ਉੱਥੇ ਕਰ ਰਹੇ ਸਨ। ਇਹ ਮੁਲਾਣੇ ਤੇ ਪਾਦਰੀ ਜਿਹੜੇ ਇਹ ਚਿਤਵਨੀ ਕਰ ਰਹੇ ਸਨ ਕਿ ਉਸ ਰੋਟੀ ਤੇ ਸ਼ਰਾਬ ਦੀ ਸ਼ਕਲ ਵਿੱਚ ਈਸਾ ਦਾ ਮਾਸ ਖਾ ਰਹੇ ਹਨ ਤੇ ਉਹਦਾ ਲਹੂ ਪੀ ਰਹੇ ਹਨ, ਦਰਹਕੀਕਤ ਆਪ ਪਾਪੀ ਹਨ, ਉਹਦਾ ਮਾਸ ਖਾਣ ਤੇ ਲਹੂ ਪੀਣ ਦੇ ਦੋਸ ਦੇ ਪਾਪੀ ਨਹੀਂ ਸਗੋਂ ਇਸ ਦੋਸ ਦੇ ਦੋਸੀ ਹਨ ਕਿ ਉਹ ਇਨ੍ਹਾਂ ਨਿੱਕਿਆਂ ਨਿੱਕਿਆਂ ਬਾਲਕਾਂ ਨੂੰ ਜਿਨ੍ਹਾਂ ਨਾਲ ਈਸਾ ਇੰਨਾਂ ਅਭੇਦ ਹੋ ਪਿਆਰ ਕਰਦਾ ਸੀ ਇਕ ਗੁਮਰਾਹੀ ਤੇ ਗਲਤ ਫਹਿਮੀ ਵਿੱਚ

ਫਸਾ ਰਹੇ ਸਨ, ਤੇ ਇਉਂ ਫਸਾਣ ਕਰਕੇ ਉਨ੍ਹਾਂ ਬਾਲਕਾਂ ਨੂੰ ਰੱਬ ਦੀ ਸਭ ਥੀਂ ਵੱਡੀ ਬਰਕਤ ਥੀਂ ਮਹਿਰੂਮ ਕਰ ਰਹੇ ਸਨ ਤੇ ਇਉਂ ਉਨ੍ਹਾਂ ਨੂੰ ਵਧ ਥੀਂ ਵਧ ਜ਼ਾਲਮਾਨਾ ਦੁਖ ਦੇ ਸ਼ਿਕਾਰ ਬਣਾ ਰਹੇ ਸਨ ਤੇ ਈਸਾ ਨੇ ਰੱਬ ਦੀ ਖੁਸ਼ੀ ਭਰੀ ਸੋ ਜਿਹੜੀ ਆਣ ਕੇ ਦਿੱਤੀ ਸੀ ਉਹ ਸੋ ਇਨ੍ਹਾਂ ਥੀਂ ਉੱਕਾ ਲੁਕਾ ਛੁਪਾ ਰਹੇ ਸਨ। ਇਹ ਖਿਆਲ ਕਿਸੀ ਦੇ ਮਨ ਵਿੱਚੋਂ ਉੱਕਾ ਲੰਘਿਆ ਹੀ ਨਹੀਂ ਸੀ।

ਪਾਦਰੀ ਤਾਂ ਆਪਣੀ ਖਾਮੋਸ਼ ਹੋਈ ਮੋਈ ਜ਼ਮੀਰ ਨਾਲ ਆਪਣਾ **ਪਾਰਟ** ਕਰੀ ਗਇਆ, ਕਿਉਂਕਿ ਬਾਲਪਣੇ ਥੀਂ ਓਹਨੂੰ ਇਓਂ ਹੀ ਸਿਖਾਇਆ ਪੜ੍ਹਾਇਆ ਗਇਆ ਸੀ, ਕਿ ਬਸ ਇਹ ਇੱਕੋ ਇਕ ਹੀ ਸੱਚਾ ਸਿਦਕ ਤੇ ਈਮਾਨ ਹੈ। ਕੁਲ ਸਨਾਤਨ ਵਕਤਾਂ ਦਾ ਬੜੇ ਬਜ਼ੁਰਗਾਂ ਤੇ ਪਾਰਸਾ ਲੋਕਾਂ ਦਾ ਇਹੋ ਸਿਦਕ ਹੋ ਗੁਜਰਿਆ ਹੈ ਤੇ ਹੁਣ ਤਕ ਇਹੋ ਧਰਮ ਚਲਾ ਜਾਂਦਾ ਹੈ। ਰਾਜ ਦਰਬਾਰ ਦਾ ਧਰਮ ਈਮਾਨ ਵੀ ਇਹੋ ਹੈ। ਰਾਜ ਦਰਬਾਰ ਇਹਦੇ ਪਿੱਛੇ ਹੀ ਖੜਾ ਹੈ। ਓਹ ਆਪ ਤਾਂ ਇਹ ਯਕੀਨ ਨਹੀਂ ਸੀ ਕਰਦਾ ਨ ਕਰ ਸੱਕਦਾ ਕਿ ਇਕ ਰੋਟੀ ਦਾ ਟੁਕੜਾ ਮਾਸ ਵਿੱਚ ਬਦਲ ਜਾਂਦਾ ਹੈ ਯਾ ਅੰਗੂਰੀ ਸ਼ਰਾਬ ਇਓਂ ਲਹੂ ਵਿੱਚ ਵਟ ਜਾਂਦੀ ਹੈ ਯਾ ਕਿ ਇੰਨਾ ਬੋਲਣਾ ਤੇ ਇੰਨੇ ਵੱਡੇ ਵੱਡੇ ਓਪਰੇ ਲਫਜਾਂ ਦਾ ਕਹਿਣਾ ਰੂਹ ਲਈ ਚੰਗੇ ਹੁੰਦੇ ਹਨ, ਯਾ ਇਓਂ ਕਰਕੇ ਸੱਚੀਂ ਮੁੱਚੀਂ ਉਸ ਰੱਬ ਦਾ ਕੋਈ ਟੁਕੜਾ ਨਿਗਲਿਆ ਹੈ। ਉਹ ਕੀ—ਕੋਈ ਵੀ ਇਹੋ ਜੇਹਾ ਯਕੀਨ ਨਹੀਂ ਸੀ ਕਰ ਸੱਕਦਾ ਪਰ ਓਹ ਇਹ ਮੰਨਦਾ ਸੀ ਕਿ ਸਭ ਨੂੰ ਇਓਂ ਯਕੀਨ ਜਰੂਰੀ ਕਰਨਾ ਚਾਹੀਏ। ਇਸ ਮੰਨਣ ਵਿੱਚ ਜਿਹੜੀ ਗੱਲ

ਓਹਨੂੰ ਪੱਕਾ ਕਰ ਸੱਕਦੀ ਸੀ ਉਹ ਸਾਹਮਣੇ ਪਇਆ ਸੱਚ ਸੀ ਕਿ ਅੱਜ ਅਠਾਰਾਂ ਸਾਲ ਥੀਂ ਇਸ ਸਿਦਕ ਦੇ ਆਸਰੇ ਓਹ ਆਪਣੇ ਟੱਬਰ ਨੂੰ ਪਾਲ ਰਹਿਆ ਸੀ। ਆਪਣੇ ਮੁੰਡੇ ਨੂੰ ਹਾਈ ਸਕੂਲ ਘੱਲ ਸੱਕਿਆ ਸੀ, ਤੇ ਆਪਣੀ ਲੜਕੀ ਨੂੰ ਓਸ ਸਕੂਲ ਵਿੱਚ ਭੇਜ ਸੱਕਿਆ ਸੀ ਜਿੱਥੇ ਪਾਦਰੀਆਂ ਦੀਆਂ ਲਕੜੀਆਂ ਮੁਫਤ ਪੜ੍ਹਦੀਆਂ ਸਨ। **ਡੀਕਨ** ਵੀ ਇਉਂ ਹੀ ਮਨ ਰਹਿਆ ਸੀ ਤੇ ਪਾਦਰੀ ਥੀਂ ਵੀ ਵਧ ਮਜ਼ਬੂਤੀ ਨਾਲ ਮੰਨਦਾ ਸੀ ਤੇ ਓਹ ਜਾਣਦਾ ਸੀ ਕਿ ਦੁਆਵਾਂ (with or without the acathistus) ਕਰਨੀਆਂ ਕੀ ਮੋਇਆਂ ਲਈ ਕੀ ਆਮ ਮਖਲੂਕ ਲਈ, ਕੀ ਗਿਰਜਿਆਂ ਦੇ ਇੱਕਠ ਵਿੱਚ, ਸਭ ਦੀ ਖਾਸ ਮੁਕੱਰਰ ਕੀਮਤ ਹੁੰਦੀ ਹੈ, ਜਿਹੜੀ ਕੁਲ ਸੱਚੇ ਈਸਾਈ ਆਪੇ ਹੀ ਦੇ ਦਿੰਦੇ ਹਨ ਤੇ ਬਸ ਪੈਸਿਆਂ ਲਈ ਓਹ ਬੜੀ ਖ਼ੁਸ਼ੀ ਨਾਲ ਬੋਲਦਾ ਸੀ :–"ਦਯਾ ਕਰੀਂ, ਰੱਬਾ, ਦਯਾ ਕਰੀਂ," ਤੇ ਜੋ ਕੁਛ ਹਰ ਮੌਕੇ ਉਪਰ ਓਹ ਪੜ੍ਹਦਾ ਯਾ ਕਹਿੰਦਾ ਹੁੰਦਾ ਸੀ ਓਹ ਓਸ ਲਈ ਉੱਨਾ ਹੀ ਜਰੂਰੀ ਸੀ ਜਿੰਨਾ ਹੋਰ ਆਦਮੀਆਂ ਲਈ ਲੱਕੜਾਂ, ਆਟਾ ਤੇ ਆਲੂ ਵੇਚਣ ਲਇ ਆਵਾਜ਼ਾਂ ਕੱਸਣੀਆਂ ਪੈਂਦੀਆਂ ਹਨ, "ਰੋਟੀਆਂ ਕਾਰਨ ਪੂਰੇ ਤਾਲ"। ਕੈਦਖਾਨੇ ਦੇ ਇਨਸਪੈਕਟਰ ਤੇ ਵਾਰਡਰ ਭਾਵੇਂ ਕਦੀ ਨਹੀਂ ਸਨ ਸਮਝ ਸੱਕਦੇ ਤੇ ਨਾ ਉਨ੍ਹਾਂ ਕਦੀ ਸੋਚਿਆ ਹੀ ਸੀ ਕਿ ਇਨ੍ਹਾਂ ਰਸਮਾ ਆਦਿ ਦਾ ਜਿਹੜੀਆਂ ਇਹ ਗਿਰਜੇ ਵਿੱਚ ਕਰਦੇ ਹਨ, ਕੀ ਅਰਥ ਹੈ। ਉਹ ਤਾਂ ਸਾਫ ਇਹ ਮੰਨਦੇ ਸਨ ਕਿ ਉਨ੍ਹਾਂ ਨੂੰ ਇਸ ਕਵਾਯਿਦ ਦਾ ਮੰਨਣਾ ਜਰੂਰੀ ਹੈ ਕਿਉਂਕਿ ਉਨ੍ਹਾਂ ਦੇ ਅਫਸਰ ਇਹ ਮੰਨਦੇ ਹਨ ਤੇ **ਜ਼ਾਰ** ਆਪ ਮੰਨਦਾ ਸੀ। ਉਹ

ਆਪਣੇ ਮਨਾਂ ਵਿੱਚ ਮੱਧਮ ਮਿੱਸੀ ਜੇਹੀ ਤਰਾਂ ਸਮਝਦੇ ਸਨ, ਉਹ ਆਪ ਨਹੀਂ ਸਨ ਦੱਸ ਸੱਕਦੇ, ਕਿ ਇਹੋ ਧਰਮ ਹੈ ਜਿਹੜਾ ਉਨ੍ਹਾਂ ਦੇ ਬੇਤਰਸ ਰੋਜਗਾਰ ਨੂੰ ਆਪਣਾ ਆਸਰਾ ਦੇਈ ਚਲਾ ਜਾਂਦਾ ਸੀ। ਜੇ ਇਹ ਧਰਮ ਨ ਹੁੰਦਾ ਤਦ ਉਨ੍ਹਾਂ ਲਈ ਬੜੀ ਮੁਸ਼ਕਲ ਹੁੰਦੀ ਨ ਹੀ ਇਸ ਧਰਮ ਦੀ ਦਿੱਤੀ ਓਟ ਬਿਨਾ ਓਹਨਾਂ ਲਈ ਮੁਮਕਿਨ ਹੁੰਦਾ ਕਿ ਉਹ ਇਸ ਤਰਾਂ, ਇਸ ਨੀਮਰਾਜ਼ੀ, ਚੁੱਪ ਹੋਈ ਆਪਣੀ ਜ਼ਮੀਰ ਨਾਲ ਆਪਣੀਆਂ ਸਾਰੀਆਂ ਤਾਕਤਾਂ ਮਖਲੂਕ ਉੱਪਰ ਜੁਲਮ ਕਰਨ ਲਈ ਖਰਚ ਕਰ ਸੱਕਦੇ ਜਿਸ ਤਰਾਂ ਹੁਣ ਓਹ ਕਰ ਰਹੇ ਸਨ। ਇਨਸਪੈਕਟਰ ਆਪਣੇ ਸੁਭਾ ਕਰਕੇ ਹੀ ਐਸਾ ਦਇਆਵਾਨ ਬੰਦਾ ਸੀ ਜੇ ਇਸ ਧਰਮ ਦੀ ਟੇਕ ਓਹਨੂੰ ਨਾਹ ਹੋਵੇ ਤਦ ਓਹ ਕਦੀ ਇਹੋ ਜੇਹੀ ਜ਼ਿੰਦਗੀ ਬਸਰ ਨ ਕਰ ਸੱਕਦਾ ਜਿਹੜੀ ਓਹ ਹੁਣ ਇਓਂ ਕਰ ਰਹਿਆ ਸੀ। ਇਸ ਵਾਸਤੇ ਓਹ ਗਿਰਜੇ ਵਿੱਚ ਚੁੱਪ ਅਹਿਲ ਤੇ ਸਵਾਧਾਨ ਖੜਾ ਸੀ, ਮੱਥਾ ਟੇਕਦਾ ਜਾਂਦਾ ਸੀ ਤੇ ਬੜੀ ਸ਼ਰਮ ਨਾਲ ਆਪਣੇ ਉੱਪਰ ਸਲੀਬ ਦਾ ਨਿਸ਼ਾਨ ਖਿੱਚੀ ਜਾਂਦਾ ਸੀ ਤੇ ਇਸ ਕੋਸ਼ਿਸ਼ ਵਿੱਚ ਸੀ ਕਿ ਓਹ ਸਭ ਨੂੰ ਇਹ ਦਸ ਸਕੇ ਕਿ ਜਿਸ ਵੇਲੇ ਦੇਵਤਿਆਂ ਦੀ ਸਿਫਤ ਦਾ ਗਾਣ ਹੁੰਦਾ ਸੀ, ਉਸਦਾ ਓਹਦੇ ਮਨ ਉੱਪਰ ਬੜਾ ਸੋਹਣਾ ਅਸਰ ਹੁੰਦਾ ਸੀ। ਓਹਦੇ ਨੈਣ ਸਜਲ ਹੋ ਜਾਂਦੇ ਸਨ, ਤੇ ਜਦ ਬੱਚੇ ਆ ਕੇ ਰੱਬ ਨਾਲ ਅਭੇਦਤਾ ਚਾਹ ਰਹੇ ਸਨ ਤਦ ਓਸਨੇ ਇਕ ਨੂੰ ਚੱਕ ਲਇਆ ਸੀ ਤੇ ਆਪਣੇ ਕੁਛੜ ਚਾ ਕੇ ਪਾਦਰੀ ਦੇ ਪੇਸ਼ ਕੀਤਾ ਸੀ।

ਕੈਦੀਆਂ ਦੀ ਬਹੁ ਗਿਣਤੀ ਐਸੀ ਸੀ ਜੋ ਮੰਨਦੇ ਸਨ ਕਿ

ਇਹਨਾਂ ਗਿਲਟੀ ਬੁੱਤਾਂ, ਮੂਰਤੀਆਂ, ਇਹਨਾਂ ਪੌਸ਼ਾਕਾਂ, ਬੱਤੀਆਂ, ਪਿਆਲਿਆਂ, ਸਲੀਬਾਂ, ਤੇ ਇਹ ਨ ਸਮਝ ਆਣ ਵਾਲੇ ਲਫਜ਼ਾਂ ਦੇ ਗਾਣ ਦੁਹਰਾਣ ਵਿੱਚ, ਕੋਈ ਅਗੱਮੀ ਭੇਦ ਹੈ ਤੇ ਸ਼ਕਤੀ ਹੈ ਜਿਹਦੇ ਕਰਕੇ ਇਸ ਦੁਨੀਆਂ ਤੇ ਅਗਲੀ ਦੁਨੀਆਂ ਵਿੱਚ ਬਹੁ ਸਾਰਾ ਸੁਖ ਤੇ ਅਮਨ ਚੈਨ ਮਿਲੇਗਾ। ਸਿਰਫ ਥੋੜੇ ਜੇਹੇ ਸਨ ਜਿਹੜੇ ਸਾਫ ਦੇਖਦੇ ਸਨ ਕਿ ਇਹ ਅਡੰਬਰ ਇਕ ਧੋਖਾ ਹੈ ਜਿਹੜਾ ਓਹਨਾਂ ਨਾਲ ਕਮਾਇਆ ਜਾ ਰਹਿਆ ਹੈ ਜੋ ਇਸ ਈਮਾਨ ਦੇ ਪੈਰੋਕਾਰ ਹਨ, ਤੇ ਓਹ ਇਸ ਕਰਕੇ ਆਪਣੇ ਦਿਲਾਂ ਵਿੱਚ ਸਭ ਉੱਪਰ ਹੱਸ ਰਹੇ ਸਨ। ਤੇ ਪੈਰੋਕਾਰਾਂ ਵਿੱਚੋਂ ਬਾਹਲੇ ਕਈ ਤਰਾਂ ਦੇ ਹੰਬਲੇ ਮਾਰਕੇ ਵੀ-ਦੁਆ ਕਰਨਾ, ਬੱਤੀਆਂ ਦਾ ਜਗਾਣਾ, ਗਿਰਜੇ ਵਿੱਚ ਰੱਬ ਦੀ ਸੇਵਾ ਆਦਿ-ਕਿ ਉਹਨਾਂ ਦੀਆਂ ਦੁਆਵਾਂ, ਇੱਛਾਵਾਂ ਰੱਬ ਪੂਰੀਆਂ ਕਰ ਦੇਵੇ, ਤੇ ਮੁੜ ਇਨ੍ਹਾਂ ਦੁਆਵਾਂ ਦਾ ਜਦ ਕੋਈ ਵੀ ਫਲ ਓਹਨਾਂ ਨੂੰ ਨਹੀਂ ਸੀ ਮਿਲਦਾ, (ਉਨ੍ਹਾਂ ਦੀਆਂ ਦੁਆਵਾਂ ਦਾ ਉੱਤਰ ਕੋਈ ਨਹੀਂ ਸੀ ਮਿਲਦਾ) ਇਸ ਨਿਸਚੇ ਵਿੱਚ ਪੱਕੇ ਸਨ ਕਿ ਉਨ੍ਹਾਂ ਦੀ ਇਨ੍ਹਾਂ ਗੱਲਾਂ ਵਿੱਚ ਹੋਈ ਨਾਕਾਮਯਾਬੀ ਏਵੇਂ ਇਤਫਾਕੀਆ ਹੋਈ ਹੈ,

ਤੇ ਇਹ **ਬਣਤਰ** ਇੰਨੀ ਵੱਡੀ ਗਿਰਜੇ ਦੀ ਕਾਇਆ ਜਿਹਨੂੰ ਪੜ੍ਹੇ ਲਿਖੇ ਮੰਨਦੇ ਹਨ, ਜਿਸ ਅੱਗੇ ਬੜੇ ਬੜੇ ਲਾਟ ਪਾਦਰੀ ਨਿੰਵਦੇ ਹਨ, ਹੈਂ, ਭਾਈ, ਕੋਈ ਬੜੀ ਭਾਰੀ ਤੇ ਜ਼ਰੂਰੀ ਚੀਜ਼ ਹੈ, ਤੇ ਜੇ ਇਸ ਜ਼ਿੰਦਗੀ ਵਿੱਚ ਇਹਦਾ ਕੋਈ ਫ਼ਾਇਦਾ ਵੀ ਨ ਹੋਵੇ ਤਾਂ ਮੌਤ ਥੀਂ ਬਾਹਦ ਜ਼ਿੰਦਗੀ ਵਿੱਚ. ਤਾਂ ਇਹ ਬੜੀ ਸਾਡੀ ਸਹਾਇਕ ਹੋਵੇਗੀ।

**ਮਸਲੋਵਾ** ਦਾ ਯਕੀਨ ਵੀ ਕੁਛ ਇਸੇ ਪਾਸੇ ਦਾ ਸੀ।

ਹੋਰਨਾਂ ਵਾਂਗ ਓਸਨੂੰ ਵੀ ਇਹੋ ਜੇਹੀ ਮਿਲਵੇਂ ਭਾਵ ਪਾਰਸਾਈ ਤੇ ਬੇ ਸਵਾਦੀ ਜੇਹੀ ਦੇ ਉਪਜਦੇ ਸਨ। ਪਹਿਲਾਂ ਤਾਂ ਜੰਗਲੇ ਦੇ ਪਿੱਛੇ ਓਹ ਭੀੜ ਵਿੱਚ ਖੜੀ ਸੀ ਪਰ ਜਦ ਓਹ ਰੱਬ ਨਾਲ ਮਿਲਣ ਲਈ ਅੱਗੇ ਵਧੀ ਓਹ ਤੇ **ਥੀਓਡੋਸੀਆ** ਦੋਵੇਂ ਅੱਗੇ ਹੋ ਗਈਆਂ। ਓਹਨਾਂ ਇਨਸਪੈਕਟਰ ਨੂੰ ਵੇਖਿਆ ਤੇ ਓਹਦੇ ਪਿੱਛੇ ਜੇਲਰਾਂ ਵਿੱਚ, ਇੱਕ ਜਵਾਨ ਉਮਰ ਦਾ ਕਿਰਸਾਨ ਖੜੋਤਾ ਸੀ ਉਹਦੀ ਦਾਹੜੀ ਪਤਲੀ ਜੇਹੀ ਸੀ ਤੇ ਓਹਦੇ ਵਾਲ ਬੜੇ ਹੀ ਸੋਹਣੇ ਸਨ। ਇਹ **ਥੀਓਡੋਸੀਆ** ਦਾ ਘਰ ਵਾਲਾ ਸੀ ਤੇ ਉਹ ਬੜੀ ਟੱਕ ਬੰਨ੍ਹੀ ਆਪਣੀ ਵਹੁਟੀ ਵਲ ਵੇਖ ਰਹਿਆ ਸੀ। ਪਵਿਤ੍ਰ ਰੋਟੀ ਤੇ ਸ਼ਰਾਬ ਦੀ ਰਸਮ (Acathistus) ਹੁੰਦਿਆਂ ਵਿਚ **ਮਸਲੋਵਾ** ਬਸ ਓਹਨੂੰ ਚੰਗੀ ਤਰਾਂ ਜਾਚਣ ਦੇ ਕੰਮ ਵਿੱਚ ਲਗੀ ਹੋਈ ਸੀ। ਕਦੀ ਕਦੀ **ਥੀਓਡੋਸੀਆ** ਨਾਲ ਗੋਸ਼ਾ ਕਰ ਦਿੰਦੀ ਸੀ, ਤੇ ਨਾਲੇ ਮੱਥਾ ਟੇਕੀ ਜਾਂਦੀ ਸੀ ਤੇ ਸਲੀਬ ਦਾ ਨਿਸ਼ਾਨ ਆਪਣੇ ਉੱਪਰ ਪਾਈ ਜਾਂਦੀ ਸੀ। ਕਿਸੀ ਖਾਸ ਮਤਲਬ ਲਈ ਓਹ ਇਹ ਨਹੀਂ ਸੀ ਕਰੀ ਜਾਂਦੀ, ਜਿਵੇਂ ਹੋਰ ਕਰ ਰਹੇ ਸਨ ਉਹ ਵੀ ਕਰੀ ਜਾਂਦੀ ਸੀ।

## ਕਾਂਡ ੪੧

ਨਿਖਲੀਊਧਵ ਘਰੋਂ ਬੜੇ ਹੀ ਤੜਕੇ ਟੁਰ ਪਇਆ ਸੀ। ਇਕ ਗਰਾਮੀਨ ਕਿਰਸਾਨ ਇਕ ਗੱਲੀ ਵਿੱਚ "ਲੈ ਲਓ ਦੁੱਧ," 'ਦੁੱਧ," "ਦੁੱਧ," ਉਹਦੇ ਆਪਣੇ ਵਿਹਾਰ ਦੇ ਖਾਸ ਆਵਾਜ਼ੇ ਵਿੱਚ ਕਹੀ ਜਾਂਦਾ ਸੀ।

ਕਲ ਬਸੰਤ ਦਾ ਮੀਂਹ ਪੈ ਹੀ ਹਟਿਆ ਸੀ ਤੇ ਹੁਣ ਉਨ੍ਹਾਂ ਥਾਵਾਂ ਵਿੱਥਾਂ ਥੀਂ ਜਿੱਥੇ ਪਥਰਾਂ ਨਾਲ ਧਰਤੀ ਨਹੀਂ ਸੀ ਫਰਸ਼ੀ ਗਈ, ਕਚੂਚ ਸਾਵਾ ਘਾਹ ਚਮਕ ਰਹਿਆ ਸੀ। ਬਾਗਾਂ ਵਿੱਚ ਖੜੇ **ਬਰਚ** ਦੇ ਬ੍ਰਿਛ ਇਉਂ ਖੜੇ ਸਨ ਜਿਵੇਂ ਸਬਜ਼ੇ ਨਾਲ ਕਿਸੀ ਧੂੜ ਸੁੱਟੇ ਹੁੰਦੇ ਹਨ, ਜੰਗਲੀ **ਚੈਰੀ** ਤੇ ਸਫੇਦਿਆਂ ਨੇ ਆਪਣੇ ਲੰਮੇ ਖੁਸ਼ਬੂਦਾਰ ਪੱਤੇ ਖੋਲ੍ਹ ਦਿੱਤੇ ਸਨ। ਬਜ਼ਾਰ ਦੀਆਂ ਦੁਕਾਨਾਂ ਤੇ ਰਹਿਣ ਵਾਲੇ ਮਕਾਨਾਂ ਦੀਆਂ ਦੂਹਰੀਆਂ ਬਾਰੀਆਂ ਦੀਆਂ ਫਰੇਮਾਂ ਉਤਾਰੀਆਂ ਜਾ ਰਹੀਆਂ ਸਨ ਤੇ ਖਿੜਕੀਆਂ ਨੂੰ ਸਫਾ ਕਰ ਰਹੇ ਸਨ।

**ਤੌਲਕੂਚੀ** ਮਾਰਕੀਟ ਵਿੱਚ, (ਤੌਲਕੂਚੀ ਦੇ ਲਫਜ਼ੀ ਅਰਥ ਹਨ, **ਮੌਂਹਦੇ ਠਹਿਕੂ ਮਾਰਕੀਟ** ਜਿੱਥੇ ਕਬਾ-ੜੀਆਂ ਦੀਆਂ ਚੀਜ਼ਾਂ ਵਿਕਦੀਆਂ ਸਨ) ਜਿਸਦੀ ਵਿੱਚ ਦੀ ਨਿਖਲੀਊਧਵ ਨੇ ਲੰਘਣਾ ਸੀ, ਇਕ ਥੜਿਆਂ ਦੀ ਕਤਾਰ ਦੇ ਅੱਗੇ ਬੜਾ ਭੀੜ ਭੜੱਕਾ ਲੱਗਾ ਪਇਆ ਸੀ, ਤੇ

ਫਟੇ ਪੁਰਾਣੇ ਕੱਪੜੇ ਪਾਏ ਆਦਮੀ ਉੱਚੇ ਬੂਟ ਵੇਚਦੇ ਫਿਰਦੇ ਸਨ। ਇਹ ਬੂਟ ਉਨ੍ਹਾਂ ਆਪਣੀਆਂ ਕੱਛਾਂ ਵਿੱਚ ਮਾਰੇ ਹੋਏ ਸਨ, ਤੇ ਗੰਢੇ ਤਰੁੱਪੇ ਪਜਾਮੇ ਤੇ ਵਾਸਕਟਾਂ ਆਪਣੇ ਮੋਂਹਢਿਆਂ ਤੇ ਸੁੱਟੀ ਵੇਚੀ ਜਾਂਦੇ ਸਨ।

ਕਾਰਖਾਨਿਆਂ ਥੀਂ ਛੁਟ ਮਰਦ ਸਾਫ ਕੋਟਾਂ ਤੇ ਚਮਕਦੇ ਬੂਟਾਂ ਵਿੱਚ ਓਸ ਦਿਨ ਐਤਵਾਰ ਹੋਣ ਕਰਕੇ, ਤੇ ਤੀਮੀਆਂ ਸ਼ੋਖ ਰੰਗ ਦੇ ਰੇਸ਼ਮੀ ਰੋਮਾਲ ਸਿਰਾਂ ਉੱਪਰ ਬੱਧੇ, ਤੇ ਕਾਲੀ ਕਿਨਾਰੀ ਵਾਲੇ ਸੂਤੀ ਜੈਕਟ ਪਾਏ, Traktirs ਦੀਆਂ ਦੁਕਾਨਾਂ ਤੇ ਭੀੜ ਲਾ ਰਹੇ ਸਨ। ਪੁਲਿਸ ਵਾਲੇ, ਪੀਲੇ ਬਿੱਲੇ ਲਾਏ, ਆਪਣੀ ਵਰਦੀ ਵਿੱਚ, ਪਸਤੌਲ, ਬਗਲ ਵਿੱਚ ਦਬਾਏ ਓਥੇ ਆਪਣਾ ਫਰਜ਼ ਪੂਰਾ ਕਰਨ ਲਈ ਹਾਜ਼ਰ ਸਨ ਤੇ ਢੂੰਡ ਰਹੇ ਸਨ ਕਿ ਕੋਈ ਫਸਾਦ ਹੋਵੇ ਤੇ ਉਸ ਅਮਨ ਜੇਹੇ ਦੀ ਬੇਮਜ਼ਗੀ ਵਿੱਚ ਕੁਝ ਸਵਾਦ ਆਣ ਲੱਗ ਜਾਏ। ਚੁਰਾਹੇ ਦੇ ਬਾਗਾਂ ਦੇ ਰਾਹਾਂ ਉੱਪਰ ਤੇ ਨਵੇਂ ਉੱਗੇ ਘਾਹਾਂ ਉੱਪਰ, ਬੱਚੇ ਤੇ ਕੁੱਤੇ ਦੌੜਦੇ ਖੇਡਦੇ ਸਨ। ਤੇ ਉਨ੍ਹਾਂ ਨਾਲ ਆਈਆਂ ਆਯਾ ਬੈਂਚਾਂ ਉੱਪਰ ਬੈਠੀਆਂ ਮਜ਼ੇ ਨਾਲ ਗਪੌੜੇ ਠੋਕ ਰਹੀਆਂ ਸਨ। ਗਲੀਆਂ ਵਿੱਚ ਦੀ,-ਜਿਹੜੀਆਂ ਸਾਏ ਵਾਲੇ ਪਾਸਿਓਂ ਹਾਲੇਂ ਵੀ ਗਿੱਲੀਆਂ ਸਨ ਪਰ ਵਿਚਕਾਰੋਂ ਸੁੱਕੀਆਂ ਪੁੱਕੀਆਂ ਸਨ, ਭਾਰੇ ਭਾਰੇ ਗੱਡੇ ਲਗਾਤਾਰ ਵਗ ਰਹੇ ਸਨ, ਬੱਘੀਆਂ ਦੀ ਕਾੜ ਕਾੜ ਹੋ ਰਹੀ ਸੀ, ਟਰੈਮ-ਕਾਰਾਂ ਗੂੰਜਦੀਆਂ ਲੰਘ ਰਹੀਆਂ ਸਨ। ਉੱਪਰ ਹਵਾ ਵਿੱਚ ਗਿਰਜਿਆਂ ਦੀਆਂ ਘੰਟੀਆਂ ਦੀ ਟਨ ਟਨ ਦੀ ਆਵਾਜ਼ ਗੂੰਜ ਰਹੀ ਸੀ, ਓਥੇ ਲੋਕਾਂ ਨੂੰ ਰੱਬ ਦੀ ਸੇਵਾ ਸਤਸੰਗ ਲਈ ਬੁਲਾਇਆ ਜਾ ਰਹਿਆ ਸੀ। ਓਹੋ ਜੇਹੀ ਸੇਵਾ ਤੇ ਸਤ ਸੰਗ ਜਿਹੜੀ ਜੇਲ ਦੇ ਗਿਰਜੇ ਵਿਚ ਵੀ ਹੁਣ ਹੋ ਰਹੀ ਸੀ ਨਾਂ, ਤੇ

ਲੋਕੀ ਐਤਵਾਰ ਦੀਆਂ ਸ਼ੋਖ ਪੁਸ਼ਾਕਾਂ ਪਾਈ ਆਪਣੇ ਆਪਣੇ ਮਹੱਲੇ ਦੀਆਂ ਗਲੀਆਂ ਵਿੱਚੋਂ ਧਾਈ ਜਾ ਰਹੇ ਸਨ।

ਬੱਘੀ ਵਾਲੇ ਨੇ ਨਿਖਲੀਊਧਵ ਨੂੰ ਐਨ ਜੇਲ ਤਕ ਨਹੀਂ ਸੀ ਖੜਿਆ। ਜੇਲਖਾਨੇ ਨੂੰ ਜਾਂਦੀ ਸੜਕ ਦੇ ਕੋਲ ਵਾਲੇ ਮੋੜ ਉੱਪਰ ਹੀ ਉਤਾਰ ਦਿੱਤਾਂ ਸੀ।

ਕਈ ਬੰਦੇ, ਮਰਦ ਤੇ ਤੀਮੀਆਂ ਤੇ ਬੁਹਤਿਆਂ ਆਪਣੇ ਬੁਚਕੇ ਆਪ ਚੁੱਕੇ ਹੋਏ ਜੇਲ ਥੀਂ ਕੋਈ ਸੌ ਕੂ ਕਦਮ ਉਰੇ ਖੜੇ ਸਨ। ਉਨ੍ਹਾਂ ਦੇ ਸੱਜੇ ਕਈ ਇਕ ਨੀਵੀਆਂ ਛੱਤਾਂ ਦੇ ਲਕੜੀ ਦੇ ਕੋਠੇ ਸਨ, ਤੇ ਖੱਬੇ ਪਾਸੇ ਇਕ ਦੋਛੱਤਾ ਘਰ ਸੀ ਜਿਸ ਦੇ ਉੱਪਰ ਇਕ ਸਾਈਨਬੋਰਡ ਸੀ। ਤੇ ਇੱਟ ਦੀ ਵੱਡੀ ਇਮਾਰਤ ਜੇਲ ਦੀ ਆਪਣੀ ਸਾਹਮਣੇ ਸੀ ਪਰ ਕੋਈ ਦੇਖਣ ਵਾਲਾ ਯਾ ਮੁਲਾਕਾਤੀ ਓਸ ਪਾਸੇ ਨਹੀਂ ਸੀ ਜਾ ਸੱਕਦਾ। ਓਸ ਇਮਾਰਤ ਦੇ ਅੱਗੇ ਇਕ ਸੰਤਰੀ ਟਹਿਲ ਰਹਿਆ ਸੀ ਤੇ ਜੋ ਵੀ ਉਸ ਸੰਤਰੀ ਪਾਸੋਂ ਲੰਘਣ ਦੀ ਕਰਦਾ ਸੀ ਸੰਤਰੀ ਓਹਨੂੰ ਉੱਚਾ ਲਲਕਾਰ ਕੇ ਠਹਿਰਾ ਦਿੰਦਾ ਸੀ।

ਸੱਜੇ ਪਾਸੇ ਲਕੜੀ ਦੀ ਇਮਾਰਤ ਦੇ ਦਰਵਾਜ਼ੇ ਉੱਪਰ ਸੰਤਰੀ ਦੇ ਐਨ ਸਾਹਮਣੇ ਇਕ ਜੇਲਰ ਬੈਂਚ ਉੱਪਰ ਬੈਠਾ ਸੀ ਤੇ ਉਸ ਨੇ ਸੁਨਹਿਰੀ ਰੱਸੀਆਂ ਵਾਲੀ ਵਰਦੀ ਪਾਈ ਹੋਈ ਸੀ। ਉਹਦੇ ਹੱਥਾਂ ਵਿੱਚ ਇਕ ਨੋਟਬੁਕ ਸੀ। ਜਿਨ੍ਹਾਂ ਜਿਨ੍ਹਾਂ ਜੇਲ ਅੰਦਰ ਵੇਖਣ ਮਿਲਣ ਜਾਣਾ ਹੁੰਦਾ ਸੀ ਉਹ ਸਭ ਉਸ ਪਾਸ ਜਾਂਦੇ ਸਨ, ਤੇ ਜਿਨ੍ਹਾਂ ਬੰਦਿਆਂ ਨੂੰ ਉਨ੍ਹਾਂ ਮਿਲਣਾ ਹੁੰਦਾ ਸੀ ਉਨ੍ਹਾਂ ਦੇ ਨਾਂ ਉਹ ਦਿੰਦੇ ਸਨ,

ਉਹ ਲਿਖ ਲੈਂਦਾ ਸੀ । **ਨਿਖਲੀਊਧਵ** ਵੀ ਉਸ ਪਾਸ ਗਇਆ ਤੇ **ਕਾਤਰੀਨਾ ਮਸਲੋਵਾ** ਇਹ ਨਾਂ ਉਹਨੂੰ ਦਿੱਤਾ । ਜੇਲਰ ਨੇ ਨਾਂ ਲਿਖ ਲਇਆ ।

"ਸਾਨੂੰ ਅੰਦਰ ਕਿਉਂ ਨਹੀਂ ਜਾਣ ਦਿੰਦੇ ?" **ਨਿਖਲੀ-ਊਧਵ** ਨੇ ਪੁੱਛਿਆ ।

"ਰੱਬ ਦੀ ਸੇਵਾ ਸਤਿਸੰਗ ਹੋ ਰਹਿਆ ਹੈ ਜਦ ਗਿਰਜੇ ਦੀ **ਮਾਸ ਪੂਜਾ** ਖਤਮ ਹੋ ਜਾਵੇਗੀ, ਤੁਸਾਂ ਨੂੰ ਅੰਦਰ ਜਾਣਾ ਮਿਲੇਗਾ ।"

**ਨਿਖਲੀਊਧਵ** ਉਸ ਉਡੀਕਦੀ ਭੀੜ ਥੀਂ ਲਾਂਬੇ ਖੜਾ ਹੋ ਗਇਆ । ਇਕ ਨੰਗੇ ਪੈਰ, ਫਟੇ ਕੱਪੜੇ ਪਾਏ ਆਦਮੀ, ਜਿਹਦੀ ਟੋਪੀ ਮਰੋੜੀ ਮਰਾੜੀ ਹੋਈ ਸੀ ਤੇ ਓਹਦੇ ਚਿਹਰੇ ਉੱਪਰ ਲਾਲ ਝਰੀਟਾਂ ਜੇਹੀਆਂ ਪਈਆਂ ਹੋਈਆਂ ਸਨ, ਸਾਰੀ ਭੀੜ ਥੀਂ ਵੱਖਰਾ ਹੋਕੇ ਜੇਲ ਵਲ ਦੀ ਟੁਰ ਪਇਆ ।

"ਹੁਣ ਤੂੰ ਕਿੱਧਰ ਜਾਂਦਾ ਹੈਂ ?" ਬੰਦੂਕ ਵਾਲੇ ਸੰਤਰੀ ਨੇ ਲਲਕਾਰ ਕੇ ਪੁੱਛਿਆ—

"ਤੂੰ ਠੱਪਿਆ ਰਹੋ," ਓਸ ਅਵਾਰਾ ਗਰਦ ਨੇ ਉੱਤਰ ਦਿੱਤਾ—ਸੰਤਰੀ ਦੇ ਲਫਜ਼ਾਂ ਥੀਂ ਉੱਕਾ ਨਹੀਂ ਸੀ ਝਕਿਆ, ਪਰ ਤਾਂ ਵੀ ਮੁੜ ਪਇਆ ਤੇ ਕਹਿੰਦਾ ਗਇਆ "ਜੇ ਤੂੰ ਨਹੀਂ ਅੱਗੇ ਜਾਣ ਦਿੰਦਾ ਤਾਂ ਮੈਂ ਉਡੀਕ ਸੱਕਦਾ ਹਾਂ, ਪਰ ਨਹੀਂ, ਤੂੰ ਲਲ-ਕਾਰਨਾ ਜਰੂਰ ਹੋਇਆ ਜਿਵੇਂ ਕੋਈ ਜਰਨੈਲ ਇਹੋ ਹੀ ਹੁੰਦਾ ਹੈ ।"

ਭੀੜ ਸਾਰੀ, ਓਹਦੇ ਕਹੇ ਨੂੰ ਠੀਕ ਮੰਨ ਕੇ ਸਾਰੀ ਦੀ ਸਾਰੀ ਹੱਸ ਪਈ--ਬਹੁਤ ਕਰਕੇ ਇਹ ਜੇਲ ਵਿੱਚ ਆਉਣ ਵਾਲੇ ਮੁਲਾਕਾਤੀ ਬੜੇ ਭੈੜਿਆਂ ਕੱਪੜਿਆਂ ਵਾਲੇ ਸਨ। ਬਾਹਜੇ ਤਾਂ ਛਜ ਛਜ ਲਮਕਦੀਆਂ ਲੀਰਾਂ ਵਿੱਚ ਸਨ, ਪਰ ਕਈ ਬੜੇ ਇੱਜ਼ਤਦਾਰ ਲੋਕੀ ਵੀ ਵਿੱਚ ਸਨ–ਨਿਖਲੀਊਧਵ ਦੇ ਲਾਗੇ ਹੀ ਇਕ ਸਾਫ ਮੁੰਨਿਆ, ਮੋਟਾ, ਲਾਲ ਗੱਲ੍ਹਾਂ ਵਾਲਾ ਆਦਮੀ ਖੜਾ ਸੀ ਜਿਹਦੇ ਹੱਥ ਵਿੱਚ ਅੰਦਰ ਪਾਣ ਵਾਲੇ ਕੱਪੜਿਆਂ ਦਾ ਇਕ ਬੂਚਕਾ ਸੀ। ਨਿਖਲੀਊਧਵ ਨੇ ਓਹਨੂੰ ਪੁੱਛਿਆ ਸੀ ਕਿ ਕੀ ਓਹਦਾ ਇਹ ਜੇਲ ਨੂੰ ਪਹਿਲਾਂ ਆਵਣਾ ਸੀ। ਓਸ ਉੱਤਰ ਦਿੱਤਾ ਕਿ ਓਹ ਤਾਂ ਹਰ ਐਤਵਾਰ ਆਵਣ ਵਾਲਾ ਆਦਮੀ ਹੈ ਤੇ ਫਿਰ ਇਸ ਪਿੱਛੋਂ, ਓਹ ਦੋਵੇਂ ਆਪੋ ਵਿੱਚ ਗੱਲਾਂ ਲੱਗ ਪਏ। ਓਹ ਕਿਸੀ ਬੈਂਕ ਦਾ ਦਰਵਾਨ ਸੀ। ਓਹ ਆਪਣੇ ਭਰਾ ਨੂੰ ਮਿਲਣ ਆਇਆ ਸੀ ਜਿਹੜਾ ਜਾਹਲਸਾਜ਼ੀ ਲਈ ਫੜਿਆ ਗਇਆ ਸੀ। ਓਸ ਭਲੇ ਪੁਰਸ਼ ਨੇ ਨਿਖਲੀਊਧਵ ਨੂੰ ਆਪਣੀ ਸਾਰੀ ਜ਼ਿੰਦਗੀ ਦੇ ਹਾਲ ਦੱਸੇ ਤੇ ਇਸ ਪਾਸੋਂ, ਇਹਦੀ ਵਾਰੀ, ਇਹਦੇ ਜੀਵਨ ਦੇ ਸਾਰੇ ਹਾਲ ਪੁੱਛਣ ਲੱਗਾ ਹੀ ਸੀ ਕਿ ਓਨ੍ਹਾਂ ਦੋਹਾਂ ਦਾ ਧਿਆਨ ਇਕ ਵਿਦਯਾਰਥੀ ਮੁੰਡੇ ਤੇ ਇਕ ਸਵਾਣੀ ਵਲ ਗਇਆ ਜਿਹੜੇ ਰਬਰਟੈਰ ਬੱਘੀ ਵਿੱਚ ਜਿਸ ਅੱਗੇ ਥਾਰੋਬ੍ਰੈਡ ਲੱਗਾ ਹੋਇਆ ਸੀ, ਆਏ ਸਨ। ਇਸ ਵਿਦਿਆਰਥੀ ਦੇ ਹੱਥ ਵਿੱਚ ਇਕ ਵੱਡਾ ਭਾਰੀ ਬੁਚਕਾ ਸੀ। ਉਹ ਨਿਖਲੀਊਧਵ

ਪਾਸ ਆਇਆ ਤੇ ਪੁੱਛਣ ਲੱਗਾ, ਕਿ ਉਹ ਕਿਸ ਤਰਾਂ ਕੈਦੀਆਂ ਨੂੰ ਰੋਟੀ ਦੇ ਰੋਲ ਦੇ ਸੱਕਦਾ ਹੈ, ਜਿਹੜੀਆਂ ਉਨ੍ਹਾਂ ਵਾਸਤੇ ਲਿਆਇਆ ਹੈ। ਓਹਦੀ **ਮੰਗੇਤਰ** (ਓਹ ਸਵਾਣੀ ਜੋ ਉਹਦੇ ਨਾਲ ਸੀ) ਤੇ ਉਹਦੇ ਮਾਂ ਪਿਓ ਨੇ ਓਹਨੂੰ ਸਿੱਖਿਆ ਦਿੱਤੀ ਸੀ ਕਿ ਓਹ ਕੁਝ ਰੋਟੀਆਂ ਦੇ ਰੋਲ ਜਾਕੇ ਕੈਦੀਆਂ ਨੂੰ ਦੇਵੇ।

"ਮੈਂ ਆਪ ਇੱਥੇ ਪਹਿਲੀ ਵਾਰੀ ਆਇਆ ਹਾਂ," **ਨਿਖਲੀਊਧਵ** ਨੇ ਕਹਿਆ, "ਤੇ ਮੈਨੂੰ ਠੀਕ ਪਤਾ ਨਹੀਂ ਪਰ ਮੇਰੀ ਜਾਚੇ, ਓਸ ਸਾਹਮਣੇ ਬੈਠੇ ਆਦਮੀ ਪਾਸੋਂ ਪੁੱਛੋ," ਤੇ **ਨਿਖਲੀਊਧਵ** ਨੇ ਜੇਲਰ ਵੱਲ ਹੱਥ ਕੀਤਾ ਜਿਹੜਾ ਸੱਜੇ ਪਾਸੇ ਸੋਨੇ ਦੀਆਂ ਰੱਸੀਆਂ ਵਾਲੀ ਵਰਦੀ ਵਿੱਚ ਬੈਠਾ ਸੀ।

ਓਹ ਗੱਲਾਂ ਕਰ ਹੀ ਰਹੇ ਸਨ ਕਿ ਵੱਡਾ ਲੋਹੇ ਦਾ ਸਾਹਮਣਾ ਜੇਲ ਦਾ ਦਰਵਾਜ਼ਾ, ਜਿਸ ਵਿੱਚ ਇਕ ਨਿੱਕੀ ਖਿੜਕੀ ਸੀ, ਖੁੱਲ੍ਹਾ, ਤੇ ਇਕ ਵਰਦੀ ਪਾਈ ਅਫਸਰ ਜਿਹਦੇ ਪਿੱਛੇ ਜੇਲਰ ਸੀ ਬਾਹਰ ਆਇਆ। ਜੇਲਰ ਨੋਟ ਬੁਕ ਲਈ ਤੇ ਉੱਚੀ ਦੇ ਕੇ ਆਖਿਆ ਕਿ ਹੁਣ ਜੇਲ ਨੂੰ ਆਣ ਵਾਲਿਆਂ ਲਈ ਅੰਦਰ ਜਾਣਾ ਸ਼ੁਰੂ ਹੋਣਾ ਹੈ। ਸੰਤਰੀ ਪਰੇ ਹੋ ਗਇਆ ਤੇ ਸਾਰੇ ਆਣ ਵਾਲੇ ਇਕ ਦਮ ਦਰਵਾਜ਼ੇ ਵਲ ਦੌੜੇ ਜਿਵੇਂ ਉਹ ਡਰਦੇ ਸਨ ਕਿ ਮਤੇ ਪੱਛੜ ਹੀ ਨ ਜਾਈਏ।

ਦਰਵਾਜ਼ੇ ਉੱਪਰ ਇਕ ਜੇਲਰ ਸੀ ਜਿਹੜਾ ਉੱਚੀ

ਦੇਕੇ ਗਿਣੀ ਜਾਂਦਾ ਸੀ ਇਕ, ਦੋ, ਤਿੰਨ ਜਿਵੇਂ ਓਹ ਅੰਦਰ ਜਾਣ ਵਾਲੇ ਆ ਆਕੇ ਅੰਦਰ ਲੰਘੀ ਜਾਂਦੇ ਸਨ,...... ਸੋਲਾਂ, ਸਤਾਰਾਂ......ਆਦਿ।

ਇਕ ਹੋਰ ਜੇਲਰ ਅੰਦਰ ਖੜਾ ਸੀ ਓਹ ਵੀ ਗਿਣੀ ਜਾਂਦਾ ਸੀ ਤੇ ਨਾਲੇ ਹਰ ਇਕ ਨੂੰ ਹੱਥ ਲਾਉਂਦਾ ਜਾਂਦਾ ਸੀ, ਜਿਵੇਂ ਓਹ ਜੇਲ ਦੇ ਅੰਦਰ ਦੇ ਦਰਵਾਜ਼ੇ ਥੀਂ ਅੰਦਰ ਵੜਦੇ ਸਨ। ਇਹ ਦੋਹਰੀ ਗਿਣਤੀ ਇਸ ਵਾਸਤੇ ਸੀ ਕਿ ਠੀਕ ਜਿੰਨੇ ਅੰਦਰ ਗਏ ਸਨ ਉੱਨੇ ਹੀ ਗਿਣ ਕੇ ਬਾਹਰ ਨਿਕਲਣ ਤੇ ਕੋਈ ਵਾਧੂ ਕੈਦੀ ਉਨ੍ਹਾਂ ਨਾਲ ਅਮਲਕਣੇ ਨਿਕਲ ਨ ਜਾਵੇ। ਓਸੇ ਜੇਲਰ ਨੇ, ਜਿਹੜਾ ਬਿਨਾਂ ਦੇਖੇ ਦੇ ਹੱਥ ਲਾ ਗਿਣੀ ਜਾਂਦਾ ਸੀ, **ਨਿਖਲੀਊਧਵ** ਦੀ ਕੰਡ ਉੱਪਰ ਇਕ ਥਾਪੜਾ ਦੇਕੇ ਓਹਨੂੰ ਗਿਣਿਆ। ਜੇਲਰ ਦੇ ਥੱਪੜ ਨਾਲ **ਨਿਖਲੀਊਧਵ** ਨੂੰ ਕੁਝ ਪੀੜ ਹੋਈ ਪਰ ਇਹ ਸੋਚ ਕੇ ਕਿ ਓਹ ਕਿਸ ਕੰਮ ਜੇਲ ਨੂੰ ਆਇਆ ਹੈ, ਓਹਨੂੰ ਆਪੇ ਵਿੱਚ ਕੁਝ ਸ਼ਰਮ ਜੇਹੀ ਆ ਗਈ ਕਿ ਓਹ ਕਿਸ ਨਾਲ ਗੁੱਸੇ ਹੋਵੇ ਤੇ ਹੁਣ ਕਿਸ ਗੱਲ ਦਾ ਗੁੱਸਾ ਕਰੇ!

ਇਨ੍ਹਾਂ ਅੰਦਰ ਦਾਖਿਲ ਹੋਣ ਵਾਲਿਆਂ ਦਰਵਾਜ਼ਿਆਂ ਦੇ ਪਿੱਛੇ, ਪਹਿਲਾ ਕੋਠਾ, ਇਕ ਬੜੀ ਉੱਚੀ ਗੁੰਬਦਦਾਰ ਛੱਤ ਵਾਲਾ ਕਮਰਾ ਸੀ, ਜਿਹਦੇ ਚੁਫੇਰੇ ਲੋਹੇ ਦੀਆਂ ਸਲਾਖਾਂ ਸਨ ਤੇ ਇਨ੍ਹਾਂ ਸੀਖਾਂ ਵਿੱਚ ਹੀ ਛੋਟੀਆਂ ਛੋਟੀਆਂ ਖਿੜਕੀਆਂ ਜੇਹੀਆਂ ਸਨ। ਇਸ ਕਮਰੇ ਵਿੱਚ ਜਿਹਦਾ ਨਾਂ ਮੁਲਾਕਾਤਾਂ ਵਾਲਾ

ਕਮਰਾ ਸੀ, ਈਸਾ ਦੇ ਸਲੀਬ ਉੱਪਰ ਚੜ੍ਹੇ ਹੋਏ ਦੀ ਇਕ ਵੱਡੀ ਸਾਰੀ ਤਸਵੀਰ ਆਪਣੇ ਸਾਹਮਣੇ ਲੱਗੀ ਦੇਖ ਕੇ ਨਿਖਲੀਊਧਵ ਕੁਛ ਬਝੱਕ, ਹੱਕਾ ਬੱਕਾ ਜੇਹਾ ਹੋ ਗਇਆ। "ਇਹ ਇੱਥੇ ਕਿਸ ਲਈ ਹੈ ?" ਉਸ ਸੋਚਿਆ, ਉਹਦੇ ਮਨ ਵਿਚ ਇਸ ਤਸਵੀਰ ਦਾ ਸੰਬੰਧ ਮੁਕਤੀ ਨਾਲ ਸੀ ਨ ਕਿ ਕੈਦਾਂ ਨਾਲ।

ਓਹ ਹੌਲੇ ਹੌਲੇ ਅੱਗੇ ਚਲੀ ਗਇਆ, ਤੇ ਜਿਹੜੇ ਤਾਵਲੇ ਮੁਲਾਕਾਤੀ ਸਨ ਉਨ੍ਹਾਂ ਨੂੰ ਆਪਣੇ ਥੀਂ ਅੱਗੇ ਲੰਘੀ ਜਾਣ ਦਿੱਤਾ। ਤੇ ਓਹਨੂੰ ਦਿਲ ਵਿੱਚ ਅਜੀਬ ਮਿਲਵੇਂ ਜੇਹੇ ਇਹਸਾਸ ਹੋਏ ਬੁਰੀ ਅੱਗ ਨੂੰ ਇਸ ਇਮਾਰਤ ਵਿੱਚ ਜੰਦਰੇ ਅੰਦਰ ਡਕਿਆ ਵੇਖ ਕੇ। ਤੇ ਓਨ੍ਹਾਂ ਉੱਪਰ, ਜਿਹੜੇ ਵਿਚਾਰੀ ਕਾਤੂਸ਼ਾ ਵਾਂਗ ਤੇ ਉਸ ਚੋਰ ਮੁੰਡੇ ਵਾਂਗ, ਜਿਸ ਉੱਪਰ ਕਲ ਹੀ ਮੁਕੱਦਮਾ ਹੋਇਆ ਸੀ, ਬੇਗੁਨਾਹ ਅੰਦਰ ਡਕੇ ਗਏ ਸਨ, ਤਰਸ ਆ ਰਹਿਆ ਸੀ। ਤੇ ਨਾਲ ਓਸ ਮੁਲਾਕਾਤ, ਜਿਹੜੀ ਬਸ ਹੁਣ ਸਾਹਮਣੇ ਆ ਰਹੀ ਸੀ, ਉੱਪਰ ਸ਼ਰਮ ਆ ਰਹੀ ਸੀ, ਗਚ ਭਰ ਰਹਿਆ ਸੀ। ਜਿਵੇਂ ਇਹ ਲੋਕੀ ਲੰਘਦੇ ਜਾਂਦੇ ਸਨ, ਜੇਲਰ ਮੁਲਾਕਾਤੀ ਕਮਰੇ ਦੇ ਸਿਰ ਉੱਪਰ ਬੈਠਾ ਕੁਛ ਕਹਿ ਰਹਿਆ ਸੀ। ਨਿਖਲੀਊਧਵ ਨੇ ਆਪਣੇ ਖਿਆਲਾਂ ਵਿੱਚ ਗੜੂੰਦ, ਓਹਦੇ ਕਹੇ ਵਲ ਕੋਈ ਧਿਆਨ ਨ ਦਿੱਤਾ, ਤੇ ਮੁਲਾ-ਕਾਤੀਆਂ ਦੀ ਵੱਡੀ ਧਾਰਾ ਦੇ ਪਿੱਛੇ ਪਿੱਛੇ ਟੁਰੀ ਗਇਆ ਤੇ ਤੀਮੀਆਂ ਵਾਲੇ ਪਾਸੇ ਜਾਣ ਦੀ ਥਾਂ ਮਰਦਾਂ ਵਾਲੇ ਹਿੱਸੇ ਵਿੱਚ

ਪਹੁੰਚ ਗਇਆ।

ਆਪਣੇ ਅੱਗੇ ਤਾਵਲੇ ਜਾਣ ਵਾਲਿਆਂ ਨੂੰ ਲੰਘ ਦੇਣ ਜਾਣ ਕਰਕੇ ਓਹ ਸਭ ਥੀਂ ਪਿੱਛੇ ਮੁਲਾਕਾਤੀ ਕਮਰੇ ਵਿੱਚ ਪਹੁੰਚਿਆ ਸੀ। ਜਿਉਂ ਹੀ ਨਿਖਲੀਊਧਵ ਨੇ ਇਸ ਕਮਰੇ ਦਾ ਦਰਵਾਜ਼ਾ ਖੋਲਿਆ, ਅੰਦਰੋਂ ਇਕ ਡੋਰਾ ਕਰ ਦੇਣ ਵਾਲੇ ਚੀਖ ਚਿਹਾੜਾ ਤੇ ਸ਼ੋਰ, ਕਈ ਸੈਂਕੜੇ ਲੋਕਾਂ ਦਾ ਇੱਕੋ ਵਾਰੀ ਬੋਲਣਾ ਸੁਣਾਈ ਦਿੱਤਾ। ਇਸ ਸ਼ੋਰ ਦਾ ਸਬੱਬ ਓਹਨੂੰ ਯਕਦੱਮ ਨਹੀਂ ਸੀ ਪਤਾ ਲੱਗਾ, ਪਰ ਜਦ ਓਹ ਲੋਕਾਂ ਦੇ ਨੇੜੇ ਪਹੁੰਚਿਆ, ਓਸ ਵੇਖਿਆ ਕਿ ਸਾਰੇ ਤਣੀਆਂ ਜਾਲੀਆਂ ਦੇ ਨਾਲ ਆਪਣੇ ਮੂੰਹ ਪਏ ਦਬਾਂਦੇ ਸਨ। ਇਨ੍ਹਾਂ ਜਾਲੀਆਂ ਨੇ ਕਮਰੇ ਦੇ ਦੋ ਹਿੱਸੇ ਕਰ ਦਿੱਤੇ ਹੋਏ ਸਨ, ਤੇ ਓਹ ਇਨ੍ਹਾਂ ਜਾਲੀਆਂ ਦੇ ਨਾਲ ਇਉਂ ਚਮੁੱਟੇ ਹੋਏ ਸਨ ਜਿਵੇਂ ਮੱਖੀਆਂ ਖੰਡ ਉੱਪਰ ਆਣ ਬਹਿੰਦੀਆਂ ਹਨ। ਇਉਂ ਉਹ ਲੋਕੀ ਕਿਉਂ ਕਰ ਰਹੇ ਸਨ ਓਹਨੂੰ ਹੁਣ ਸਮਝ ਆਈ। ਗਲ ਇਉਂ ਸੀ, ਕਮਰੇ ਦੇ ਦੋ ਅਧਵਾੜ, ਜਿਸ ਦੀਆਂ ਖਿੜ-ਕੀਆਂ ਓਸ ਦਰਵਾਜ਼ੇ ਦੇ ਸਾਹਮਣੇ ਸਨ ਜਿਸ ਵਿਚੋਂ ਓਹ ਅੰਦਰ ਵੜਿਆ ਸੀ, ਆਪੇ ਥੀਂ ਵਖਰੇ ਕੀਤੇ ਹੋਏ ਸਨ। ਸਿਰਫ ਲੋਹੇ ਦੀ ਤਾਰਾਂ ਦੀ ਇਕ ਜਾਲੀ ਨਾਲ ਨਹੀਂ ਬਲਕਿ ਦੋ ਲੋਹੇ ਦੀਆਂ ਤਾਰਾਂ ਦੀਆਂ ਜਾਲੀਆਂ ਫਰਸ਼ ਦੀਂ ਲੈ ਕੇ ਛੱਤ ਤੱਕ ਤਣੀਆਂ ਹੋਈਆਂ ਸਨ, ਤੇ ਕਮਰੇ ਦੇ ਦੋ ਹਿੱਸੇ ਪਿੰਜਰਿਆਂ ਵਾਂਗ ਕੀਤੇ ਹੋਏ ਸਨ। ਇਹ ਜਾਲੀਆਂ ਸੱਤ ਫੁੱਟ ਦੇ ਫਰਕ ਉੱਪਰ ਸਨ, ਤੇ ਇਸ ਦਰਮਿਆਨੀ ਸੱਤ ਫੁੱਟ ਥਾਂ ਵਿੱਚ ਸਿਪਾਹੀ ਟਹਿਲ ਰਹੇ ਸਨ। ਜਾਲੀਆਂ ਦੇ ਦੁਰੇਡੇ

ਪਾਸੇ ਤਾਂ ਕੈਦੀ ਪਿੰਜਰੇ ਵਿੱਚ ਇਕੱਠੇ ਕੀਤੇ ਸਨ ਨੇ, ਤੇ ਇਸ ਨੇੜੇ ਵਾਲੇ ਪਾਸੇ ਉਨ੍ਹਾਂ ਦੇ ਮੁਲਾਕਾਤ ਕਰਨ ਵਾਲੇ ਲੋਕੀ। ਮੁਲਾਕਾਤੀਆਂ ਤੇ ਕੈਦੀਆਂ ਦੇ ਵਿਚਕਾਰੇ ਕਿਉਂ ਸਨ ਤਣੀਆਂ ਦੋ ਲੋਹੇ ਦੀਆਂ ਤਾਰਾਂ ਤੇ ਜਾਲੀਆਂ ਜੋ ਫਰਸ਼ ਥੀਂ ਛੱਤ ਤੱਕ ਸਨ, ਤੇ ਨਾਲੇ ਸੱਤ ਫੁੱਟ ਦੀ ਥਾਂ ਕਿਉਂ ਛੱਡੀ ਹੋਈ ਸੀ ? ਇਹ ਇਹਤਿਆਤ ਸਭ ਇਸ ਲਈ ਕੀਤੀ ਹੋਈ ਸੀ ਕਿ ਓਹ ਆਪੇ ਵਿੱਚ ਇਕ ਦੂਜੇ ਨੂੰ ਕੋਈ ਚੀਜ਼ ਫੜਾ ਨ ਸੱਕਣ ਤੇ ਜੇ ਕਿਸੀ ਵਿਚਾਰੇ ਦੀ ਨਦਰ ਨੂਰ ਵੇਖ ਹੀ ਨਾ ਸੱਕਦੀ ਹੋਵੇ, **ਸ਼ੌਰਟ ਸਾਈਟ** ਵਾਲਾ ਹੋਵੇ ਤਦ ਉਹੋ ਇੰਨੀ ਦੂਰੋਂ ਕੁਛ ਵੇਖ ਵੀ ਨਹੀਂ ਸੀ ਸੱਕਦਾ' ਮੁੱਖ ਤੇ ਇਕ ਦੂਜੇ ਦੇ ਇੰਨੀ ਦੂਰੋਂ ਮੁਹਾਂਦਰੇ ਵੀ ਨਹੀਂ ਸਨ ਪਛਾਣੇ ਜਾ ਸੱਕਦੇ। ਗੱਲਾਂ ਕਰਨੀਆਂ ਵੀ ਬੜੀ ਹੀ ਮੁਸ਼ਕਲ ਸਨ, ਤੇ ਇਕ ਦੂਜੇ ਨੂੰ ਆਪੇ ਵਿੱਚ ਦੀ ਗੱਲ ਸੁਣਾਣ ਲਈ ਚੀਕਣਾ ਜਰੂਰੀ ਪੈਂਦਾ ਸੀ।

ਜਾਲੀਆਂ ਦੇ ਦੋਹਾਂ ਪਾਸੇ ਲੋਕਾਂ ਆਪਣੇ ਮੂੰਹ ਨਜੀਕ ਲਇਆ ਜਾਲੀਆਂ ਨਾਲ ਦਬਾ ਹੀ ਸੁੱਟੇ ਸਨ, ਵਹੁਟੀਆਂ ਖਾਵੰਦਾਂ ਦੇ, ਪਿਓ ਮਾਂ ਬੱਚਿਆਂ ਦੇ ਮੂੰਹ ਵੇਖਣ, ਇਕ ਦੂਜੇ ਦੇ ਮੁਹਾਂਦਰੇ ਦੇਖਣ ਲਈ ਬਿਹਬਲ ਹੋ ਰਹੇ ਸਨ ਤੇ ਸਭ ਇਸ ਯਤਨ ਵਿੱਚ ਸਨ ਕਿ ਓਹ ਐਸੀ ਸੁਰ ਵਿੱਚ ਗੱਲਾਂ ਕਰਨ ਜਿਸ ਕਰਕੇ ਉਹ ਸੁਣਾਈ ਦੇਣ ਤੇ ਨਾਲੇ ਸਮਝ ਵੀ ਆਈ ਜਾਣ।

ਪਰ ਹਰ ਇਕ ਦੀ ਕੋਸ਼ਸ਼ ਇਹ ਸੀ ਕਿ ਉਸੇ ਇਕ ਦੀ ਗੱਲ ਓਹਨੂੰ ਸੁਣਾਈ ਦੇਵੇ ਜਿਸ ਨਾਲ ਓਹ ਗੱਲਾਂ ਕਰ ਰਹਿਆ ਹੈ ਤੇ ਜਿਹਦੀ ਓਹ ਸੁਣਨਾ ਚਾਹੁੰਦਾ ਹੈ। ਤੇ ਉਹਦੇ ਨਾਲ

ਵਾਲਾ ਵੀ ਆਪਣੀ ਇਸੀ ਕੋਸ਼ਸ਼ ਵਿੱਚ ਸੀ ਤੇ ਇੱਸੇ ਫਿਕਰ ਕਰਕੇ ਦੋਵੇਂ ਜੋ ਕੁਛ ਉਨ੍ਹਾਂ ਪਾਸੋਂ ਹੋ ਸੱਕਦਾ ਸੀ, ਇਕ ਦੂਜੇ ਦੇ ਅਵਾਜ਼ ਨੂੰ ਡਬੋਣ ਦੀ ਕਰ ਰਹੇ ਸਨ, ਤੇ ਬਸ ਇਸ ਸਬੱਬ ਕਰਕੇ ਓਹ ਬਹੁਤਾ ਸ਼ੋਰ ਸੀ ਜਿਹੜਾ **ਨਿਖਲੀਊਧਵ** ਨੇ ਕਮਰੇ ਅੰਦਰ ਵੜਦਿਆਂ ਸਾਰ ਸੁਣਿਆ ਸੀ। ਉੱਥੇ ਕਿਸੀ ਦੀ ਗੱਲ ਸੁਣਨਾ ਨਾਮੁਮਕਿਨ ਸੀ। ਇਕ ਦੂਜੇ ਦੇ ਚਿਹਰੇ ਮੁਹਾਂਦਰੇ ਵੇਖਕੇ ਹੀ ਸੋਧਾਂ ਲਾ ਲੈਂਦੇ ਸਨ ਕਿ ਕੋਈ ਕੀ ਕਹਿ ਰਹਿਆ ਸੀ, ਤੇ ਉਨ੍ਹਾਂ ਮੂੰਹਾਂ ਦੀਆਂ ਹਾਲਤਾਂ, ਰੰਗਾਂ ਥੀਂ ਹੀ ਬੱਸ ਪਤਾ ਲੱਗਦਾ ਸੀ ਕਿ ਗੱਲਾਂ ਕਰਨ ਵਾਲਿਆਂ ਦੀ ਆਪੇ ਵਿੱਚ ਦੀ ਕੀ ਰਿਸ਼ਤੇਦਾਰੀਆਂ ਹਨ ਓਹ ਇਕ ਦੂਜੇ ਦੇ ਕੀ ਲੱਗਦੇ ਹਨ।

**ਨਿਖਲੀਊਧਵ** ਨਾਲ ਪਰੇ ਕਰਕੇ ਇਕ ਬੁੱਢੀ ਤੀਮੀ ਰੋਮਾਲ ਸਿਰ ਤੇ ਬੱਧਾ ਖੜੀ ਸੀ। ਓਹ ਜਾਲੀ ਨਾਲ ਨਵੇਕਲੀ ਖੜੀ ਸੀ, ਤੇ ਇਕ ਪੀਲੇ ਮੂੰਹ ਵਾਲੇ ਗਭਰੂ ਨੂੰ ਕੁਛ ਲਲਕਾਰ ਲਲਕਾਰ ਕੇ ਕਹਿ ਰਹੀ ਸੀ। ਇਸ ਗਭਰੂ ਦਾ ਸਿਰ ਮੁੰਨਿਆ ਹੋਇਆ ਸੀ ਤੇ ਆਪਣੇ ਭਰਵੱਟੇ ਉੱਚੇ ਜੇਹੇ ਕਰਕੇ ਓਹਦੀ ਗੱਲ ਸੁਨਣ ਦੀ ਕਰ ਰਹਿਆ ਸੀ। ਉਸ ਬੁੱਢੀ ਦੇ ਲਾਗੇ ਹੀ ਇਕ ਗਭਰੂ ਕਿਰਸਾਨੀ ਕੋਟ ਪਾਇਆ ਹੋਇਆ ਖੜੋਤਾ ਸੀ ਜਿਹੜਾ ਆਪਣਾ ਸਿਰ ਬੜੀ ਬੇਚੈਨੀ ਨਾਲ ਹਿਲਾਉਂਦਾ ਆਪਣੇ ਜੇਹੇ ਇਕ ਹੋਰ ਗਭਰੂ ਦੀ ਗੱਲ ਸੁਣ ਰਹਿਆ ਸੀ। ਓਹਦੇ ਪਰੇ ਇਕ ਲੀਰਾਂ ਦੇ ਛੱਜ ਕੱਪੜੇ ਪਾਏ ਆਦਮੀ ਖੜਾ ਸੀ ਜਿਹੜਾ ਆਪਣੇ ਹੱਥ ਬਾਹਾਂ ਮਾਰ ਮਾਰ ਬੜਾ ਸ਼ੋਰ ਪਾ ਰਹਿਆ ਸੀ, ਤੇ ਨਾਲੇ ਹੱਸਦਾ ਵੀ ਜਾਂਦਾ

ਸੀ। ਓਹਦੇ ਪਰੇ ਇਕ ਤੀਮੀਂ ਜਿਸ ਆਪਣੇ ਮੋਂਢੇ ਉੱਪਰ ਚੰਗੀ ਵਧੀਆ ਊੱਨੀ ਸ਼ਾਲ ਸੁੱਟੀ ਹੋਈ ਸੀ, ਫਰਸ਼ ਉੱਪਰ ਬੈਠੀ ਸੀ, ਬਾਲ ਕੁੱਛੜ ਸੀ ਤੇ ਜ਼ਾਰ ਜ਼ਾਰ ਰੋ ਰਹੀ ਸੀ। ਇਸ ਤੀਮੀਂ ਲਈ ਸ਼ਾਇਦ ਇਹ ਪਹਿਲਾ ਹੀ ਮੌਕਾ ਸੀ ਕਿ ਉਸ ਨੇ ਦੂਜੇ ਪਾਸੇ ਜੇਲ ਦੇ ਕੱਪੜਿਆਂ ਵਿੱਚ ਇਕ ਚਿੱਟੇ ਸਿਰ ਵਾਲਾ, ਘਰੜ ਮੁੰਨਿਆ, ਤੱਕਿਆ। ਓਹਦੇ ਪਰਲੇ ਪਾਸੇ ਓਹ ਦਵਾਰਪਾਲ ਸੀ ਜਿਹੜਾ ਬਾਹਰ **ਨਿਖਲੀਊਧਵ** ਨਾਲ ਗੱਲਾਂ ਕਰਦਾ ਰਹਿਆ ਸੀ। ਓਹ ਆਪਣੇ ਸਾਰੇ ਜ਼ੋਰ ਨਾਲ ਇਕ ਚਿੱਟੇ ਸਿਰ ਵਾਲੇ ਦੂਜੇ ਪਾਸੇ ਖੜੇ **ਕਾਨਵਿਕਟ** ਨੂੰ ਲਲਕਾਰ ਰਹਿਆ ਸੀ।

ਜਦ **ਨਿਖਲੀਊਧਵ** ਨੇ ਸਮਝਿਆ ਕਿ ਇਨ੍ਹਾਂ ਹਾਲਤਾਂ ਵਿੱਚ ਓਹਨੂੰ ਵੀ ਗੱਲ ਬਾਤ ਕਰਨੀ ਪਵੇਗੀ, ਓਹਦੇ ਦਿਲ ਵਿੱਚ ਇਕ ਗੁੱਸੇ ਦਾ ਭਬਾਕਾ ਜੇਹਾ ਉਨ੍ਹਾਂ ਲੋਕਾਂ ਦੇ ਬਰਖ਼ਲਾਫ਼ ਉੱਠਿਆ, ਜਿਨ੍ਹਾਂ ਇਹੋ ਜੇਹੀਆਂ ਹਾਲਤਾਂ ਪੈਦਾ ਕਰ ਰੱਖੀਆਂ ਸਨ, ਤੇ ਲੋਕਾਂ ਨੂੰ ਇਨ੍ਹਾਂ ਹਾਲਤਾਂ ਤਲੇ ਦਬਾ ਕੇ ਰੱਖਿਆ ਹੋਇਆ ਸੀ। ਓਹਨੂੰ ਹੈਰਾਨੀ ਹੋਈ ਕਿ ਇਨਸਾਨ ਦੇ ਕੁਦਰਤੀ ਜਜ਼ਬਿਆਂ ਉੱਪਰ ਇਹ ਅੱਤਿਆਚਾਰ ਹੋ ਰਹੇ ਸਨ, ਤਾਂ ਵੀ ਕਿਸੀ ਨੂੰ ਇਨ੍ਹਾਂ ਸਿਲਸਲਿਆਂ ਦੇ ਬਰਖ਼ਲਾਫ਼ ਤੈਸ਼ ਨਹੀਂ ਸੀ ਆਉਂਦੀ। ਸਿਪਾਹੀ, ਇਨਸਪੈਕਟਰ ਕੈਦੀ ਸਭ ਇਸ ਤਰਾਂ ਕੰਮ ਕਰ ਰਹੇ ਸਨ ਜਿਸ ਤਰਾਂ ਓਹ ਮੰਨ ਬੈਠੇ ਸਨ ਕਿ ਇਹ ਸਭ ਕੁਛ ਇਉਂ ਕਰਨਾ ਬੜਾ ਜਰੂਰੀ ਸੀ।

**ਨਿਖਲੀਉਧਵ** ਇਸ ਕਮਰੇ ਵਿੱਚ ਕੋਈ ਪੰਜ ਮਿੰਟ ਹੀ ਰਹਿਆ ਹੋਣਾ ਹੈ ਕਿ ਓਹਨੂੰ ਓਪਰਾ ਜੇਹਾ ਦਬਾ ਪੈਂਦਾ ਭਾਸਿਆ। ਓਹਨੂੰ ਪਤਾ ਲੱਗਾ ਕਿ ਓਹ ਕਿੰਨਾ ਨਿਰਬਲ ਹੈ ਤੇ ਹੋਰ ਦੁਨੀਆਂ ਪਾਸੋਂ ਓਹ ਕਿੰਨਾ ਵੱਖਰਾ ਜੇਹਾ ਬੰਦਾ ਹੈ। ਓਹਨੂੰ ਓਥੇ ਇਕ ਅਜੀਬ ਇਖ਼ਲਾਕੀ ਦਿਲ ਕਚਾਹਣ ਜੇਹੀ ਹੋਈ—ਓਹਦੀ ਇਹ ਹਾਲਤ ਉਸ ਤਰਾਂ ਦੀ ਸੀ ਜਿਵੇਂ ਅੰਜਾਣ ਆਦਮੀ ਦੀ ਪਹਿਲੀ ਵੇਰੀ ਜਹਾਜ਼ ਉੱਪਰ ਹੁੰਦੀ ਹੈ। **ਇਖਲਾਕੀ ਅਸਰ** ਇਕ ਜਿਸਮਾਨੀ ਬਿਮਾਰੀ ਦਿਲ ਕੱਚਾ ਹੋਣ ਵਾਂਗ ਹੋਇਆ।

# ਕਾਂਡ ੪੨

"ਹੱਛਾ! ਪਰ ਮੈਨੂੰ ਤਾਂ ਇਸ ਵਕਤ ਓਹ ਹੀ ਕਰਨਾ ਚਾਹੀਦਾ ਹੈ ਜਿਸ ਦੇ ਕਰਨ ਲਈ ਮੈਂ ਇੱਥੇ ਆਇਆ ਹਾਂ," ਓਸ ਕਹਿਆ ਤੇ ਦਿਲ ਨੂੰ ਪੱਕਾ ਕਰਨ ਦੀ ਕੀਤੀ, "ਹੁਣ ਕੀ ਕਰਨਾ ਹੈ?"—ਓਸ ਅੱਗੇ ਪਿੱਛੇ ਕਿਸੀ ਅਫਸਰ ਦੀ ਭਾਲ ਕੀਤੀ—ਤੇ ਇਕ ਪਤਲੇ ਛੋਟੇ ਜੇਹੇ ਆਦਮੀ ਨੂੰ, ਜਿਹੜਾ ਅਫਸਰ ਦੀ ਵਰਦੀ ਪਾਈ ਉੱਤੇ ਤਲੇ ਟਹਿਲ ਰਹਿਆ ਸੀ, ਵੇਖਕੇ ਓਸ ਪਾਸ ਗਇਆ।

"ਕੀ ਜਨਾਬ! ਆਪ ਮੈਨੂੰ ਦਸ ਸੱਕਦੇ ਹੋ?" **ਨਿਖਲੀਊਧਵ** ਨੇ ਆਪਣੇ ਉੱਪਰ ਜਬਰ ਜੇਹਾ ਕਰਕੇ ਬਾਹਰੋਂ ਬੜੀ ਹੀ ਮੁਲਾਇਮ ਤੇ ਅਦਬ ਕਰਨ ਵਾਲੀ ਸੁਰ ਬਣਾਈ ਹੋਈ ਕਹਿਆ, "ਕਿ ਤੀਮੀਆਂ ਕਿਸ ਪਾਸੇ ਹੁੰਦੀਆਂ ਹਨ ਤੇ ਉਨ੍ਹਾਂ ਨਾਲ ਆਦਮੀ ਕਿੱਥੇ ਮੁਲਾਕਾਤ ਕਰ ਸੱਕਦਾ ਹੈ?"

"ਕੀ ਆਪ ਤੀਮੀਆਂ ਵਾਲੇ ਪਾਸੇ ਜਾਣਾ ਚਾਹੁੰਦੇ ਹੋ?"

"ਹਾਂ ਜੀ—ਮੈਂ ਇਕ ਤੀਮੀ ਕੈਦੀ ਨੂੰ ਮਿਲਣ ਦੀ ਇੱਛਾ ਰੱਖਦਾ ਹਾਂ।" **ਨਿਖਲੀਊਧਵ** ਨੇ ਉਸੀ ਤਰਾਂ ਆਪਣੇ ਉੱਪਰ ਜਬਰ ਜੇਹਾ ਕਰਕੇ ਅਦਬ ਨਾਲ ਫਿਰ ਕਹਿਆ, "ਆਪ ਨੂੰ ਹਾਲ ਕਮਰੇ ਵਿੱਚ ਐਸਾ ਕਹਣਾ ਚਾਹੀਦਾ ਸੀ। ਆਪ ਨੇ ਕਿਸਨੂੰ ਮਿਲਨਾ ਹੈ?"

"ਮੈਂ ਇਕ ਕੈਦੀ ਕਾਤਰੀਨਾ ਮਸਲੋਵਾ ਨਾਮੀ ਨੂੰ ਮਿਲਣਾ ਚਾਹੁੰਦਾ ਹਾਂ।"

"ਕੀ ਓਹ ਮੁਲਕੀ ਕੈਦੀ ਹੈ ?"

"ਨਹੀਂ–ਓਹ ਨਿਰੀ..........."

"ਅੱਛਾ ਜੀ–ਓਹ ਸਜ਼ਾਯਾਫ਼ਤਾ ਕੈਦੀ ਹੈ ?"

"ਜੀ ਪਰਸੋਂ ਹੀ ਓਹਨੂੰ ਸਜ਼ਾ ਹੋਈ ਹੈ," ਨਿਖਲੀ-ਊਧਵ ਨੇ ਬੜੀ ਆਜਜ਼ੀ ਨਾਲ ਉੱਤਰ ਦਿੱਤਾ, ਤੇ ਇਸ ਡਰ ਕਰਕੇ ਓਹ ਹੋਰ ਵੀ ਮੁਲਾਇਮ ਹੋ ਰਹਿਆ ਸੀ ਕਿ ਮਤੇ ਕਿਧਰੇ ਇਹ ਇਨਸਪੈਕਟਰ ਜਿਹੜਾ ਚੰਗੀ ਤਬੀਅਤ ਵਿੱਚ ਆਇਆ ਓਸ ਵਲ ਨਜਰੇ ਇਨਾਇਤ ਕਰ ਰਹਿਆ ਸੀ, ਵਿਗੜ ਹੀ ਨਾ ਜਾਵੇ।

"ਜੇ ਆਪ ਤੀਮੀਆਂ ਵੱਲ ਦੀ ਜਾਣਾ ਚਾਹੁੰਦੇ ਹੋ ਤਦ ਇਧਰ ਆਓ," ਓਸ ਅਫ਼ਸਰ ਨੇ ਕਹਿਆ ਤੇ ਓਹਨੇ ਨਿਖਲੀਊਧਵ ਦੀ ਸ਼ਕਲ ਸ਼ਬਾਹਤ ਥੀਂ ਹੀ ਜਾਣ ਲਇਆ ਸੀ ਕਿ ਓਸ ਵੱਲ ਕੁਛ ਖਾਸ ਧਿਆਨ ਦੇਣਾ ਚਾਹੀਦਾ ਹੈ–"ਹੇ ਸਿਧੋਰੋਵ ! ਇਸ ਭਲੇ ਪੁਰਸ਼ ਨੂੰ ਤੀਮੀਆਂ ਵਾਲੇ ਪਾਸੇ ਲੈ ਜਾਈਂ", ਓਸ ਅਫਸਰ ਨੇ ਇਕ ਮੁਛੈਲ ਜੇਹੇ ਸਿਪਾਹੀ ਵੱਲ ਜਿਹਦੀ ਛਾਤੀ ਉੱਤੇ ਕਈ ਤਮਗ਼ੇ ਲੱਗੇ ਹੋਏ ਸਨ, ਮੁਖਾਤਿਬ ਹੋ ਕੇ ਕਹਿਆ।

"ਬਹੁਤ ਅੱਛਾ ਹਜ਼ੂਰ !"

ਇਸ ਛਿਨ ਹੀ ਦਿਲ ਨੂੰ ਚੀਰ ਦੇਣ ਵਾਲੀਆਂ ਕਿਸੇ ਦੀਆ ਰੋਣ ਦੀਆਂ ਭੁੱਬਾਂ ਤੇ ਕੂਕਾਂ ਜਾਲੀਆਂ ਤੋਂ ਦੇ ਇਧਰ ਦੇ ਪਾਸੇ ਵੱਲ ਆ ਰਹੀਆਂ ਸਨ।

ਨਿਖਲੀਊਧਵ ਨੂੰ ਸਭ ਕੁਛ ਅਨੋਖਾ ਤੇ ਓਪਰਾ ਲੱਗ ਰਹਿਆ ਸੀ, ਪਰ ਸਭ ਥੀਂ ਅਜੀਬ ਗੱਲ ਇਹ ਸੀ ਕਿ ਉਸਨੂੰ ਓਸ ਵੇਲੇ ਉਨ੍ਹਾਂ ਹੀ ਲੋਕਾਂ ਦਾ ਧੰਨਵਾਦੀ ਹੋਣਾ ਪੈ ਰਹਿਆ ਸੀ–ਇਨ੍ਹਾਂ ਇਨਸਪੈਕਟਰਾਂ ਤੇ ਚੀਫ ਜੇਲਰਾਂ ਦਾ–ਜੇਹੜੇ ਓਹ ਸਾਰੇ ਜ਼ੁਲਮ ਤੇ ਅੱਤਿਆਚਾਰ ਜੋ ਇਸ ਮਕਾਨ ਵਿੱਚ ਹੋ ਰਹੇ ਸਨ, ਕਰ ਰਹੇ ਸਨ। ਓਸ ਸਿਪਾਹੀ ਨੇ ਨਿਖਲੀਊਧਵ ਨੂੰ ਮਰਦਾਂ ਦੇ ਕਮਰੇ ਵਿੱਚੋਂ ਬਾਹਰ ਲੈਜਾ ਕੇ ਕੌਰੀਡੋਰ ਵਿੱਚ ਪਹੁੰਚਾਇਆ। ਉਸ ਤੋਂ ਅੱਗੇ ਸਿੱਧਾ ਸਾਹਮਣੇ ਪਾਰਲੇ ਪਾਸੇ ਦੇ ਦਰਵਾਜ਼ੇ ਵਿੱਚ ਦੀ ਲੰਘ ਕੇ ਤੀਮੀਆਂ ਵਾਲਾ ਪਾਸਾ ਆ ਜਾਂਦਾ ਸੀ।

ਮਰਦਾਂ ਦੇ ਕਮਰੇ ਵਾਂਗ ਇਹ ਕਮਰਾ ਵੀ ਤਾਰ ਦੀਆਂ ਤਣੀਆਂ ਜਾਲੀਆਂ ਨਾਲ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ, ਪਰ ਇਹ ਓਸ ਨਾਲੋਂ ਛੋਟਾ ਸੀ। ਇੱਥੇ ਕੈਦੀ ਵੀ ਥੋੜੇ ਤੇ ਮੁਲਾਕਾਤੀ ਲੋਕ ਵੀ ਘੱਟ ਸਨ। ਸ਼ੋਰ ਚੀਕ ਚਿਹਾੜਾ ਪਰ ਓਹੋ ਜੇਹਾ ਸੀ। ਸਰਕਾਰ ਦੀ ਤਾਕਤ ਉਸੀ ਤਰ੍ਹਾਂ ਦੋਹਾਂ ਜਾਲੀਆਂ ਦੇ ਵਿੱਚ ਵਿਚਕਾਹੇ ਦੀ ਟਹਿਲ ਰਹੀ ਸੀ, ਪਰ ਇੱਥੇ ਸਰਕਾਰ ਦੀ ਸ਼ਕਤੀ ਦੀ ਪ੍ਰਤੀਨਿਧ ਇਕ ਤੀਮੀਂ ਵਾਰਡ੍ਰੈਸ ਸੀ। ਇਹਦੀ ਵਰਦੀ ਇਕ ਨੀਲੇ ਕਿਨਾਰੇ ਵਾਲੀ ਜੈਕਟ ਸੀ, ਜਿਹਦੀਆਂ ਕਫਾਂ ਉੱਪਰ ਸੋਨੇ ਦਾ ਰੱਸਾ ਲੱਗਾ ਹੋਇਆ ਸੀ,

ਓਸ ਉੱਪਰ ਨੀਲੀ ਪੇਟੀ—ਇੱਥੇ ਵੀ ਮਰਦਾਂ ਦੇ ਕਮਰੇ ਵਾਂਗ ਲੋਕੀ ਆਪਣੇ ਮੂੰਹ ਜਾਲੀਆਂ ਨਾਲ ਲਾਏ, ਦਬਾਏ, ਖੜੇ ਸਨ। ਇਸ ਨੇੜੇ ਵਾਲੀ ਜਾਲੀ ਵਿੱਚ (ਜਿਵੇਂ ਪਿੰਜਰੇ ਵਿੱਚ) ਸ਼ਹਿਰ ਦੇ ਲੋਕੀ ਕਈ ਕਿਸਮਾਂ ਦੀਆਂ ਪੋਸ਼ਾਕਾਂ ਪਹਿਨੇ ਖੜੇ ਸਨ ਤੇ ਪਰਲੇ ਪਾਸੇ ਵਾਲੇ ਪਿੰਜਰੇ ਵਿੱਚ ਕੈਦੀ ਸਨ। ਉਨਹਾਂ ਚਿੱਟੀਆਂ ਜੇਲ ਦੀਆਂ ਪੋਸ਼ਾਕਾਂ ਪਾਈਆਂ ਹੋਈਆਂ ਸਨ। ਕਈ ਕੈਦੀ ਸਨ ਜਿਨ੍ਹਾਂ ਆਪਣੇ ਘਰ ਦੇ ਚੰਗੇ ਕੱਪੜੇ ਪਾਏ ਹੋਏ ਸਨ। ਲੋਕੀ ਜਾਲੀ ਦੀ ਸਾਰੀ ਲਮਿਅਤ ਲਾਗੇ ਖੜੇ ਸਨ। ਬਾਹਜੇ ਆਪਣੀਆਂ ਅੱਡੀਆਂ ਚੱਕ ਕੇ ਪੱਬਾਂ ਭਾਰ ਹੋ ਦੂਸਰਿਆਂ ਦੇ ਸਿਰਾਂ ਥੀਂ ਉੱਚੇ ਹੋਣ ਦੀ ਕਰ ਰਹੇ ਸਨ ਕਿ ਇਉਂ ਆਪਣੀ ਗੱਲ ਚੰਗੀ ਤਰਾਂ ਸੁਣਾ ਸੱਕਨ। ਹੋਰ ਕਈ ਫਰਸ਼ ਉੱਪਰ ਬੈਠੇ ਹੀ ਗੱਲ ਬਾਤ ਕਰ ਰਹੇ ਸਨ।

ਕੈਦੀਆਂ ਵਿੱਚੋਂ ਇਕ ਬੜੀ ਹੀ ਧਿਆਨ ਜੋਗ ਕੈਦੀ, ਯਾ ਆਪਣੀਆਂ ਚੀਖਾਂ ਤੇ ਯਾ ਆਪਣੀ ਸ਼ਕਲ ਸ਼ਬਾਹਤ ਕਰਕੇ ਪਤਲੀ, ਰੁਲੀ ਖੁਲੀ ਹੋਈ **ਜਿਪਸੀ** ਸੀ। ਓਹਦਾ ਰੁਮਾਲ ਓਹਦੇ ਕੁੰਡਲਦਾਰ ਵਾਲਾਂ ਥੀਂ ਖਿਸਕ ਕੇ ਹਿਠਾਹਾਂ ਢਿਲਕਿਆ ਹੋਇਆ ਸੀ, ਤੇ ਓਹ ਕੈਦੀਆਂ ਦੀ ਜਾਲੀ ਵਾਲੇ ਪਿੰਜਰੇ ਦੇ ਐਨ ਵਿਚਕਾਰ ਇਕ ਥਮ ਦੇ ਪਾਸ ਖੜੀ, ਇਕ ਇਧਰ ਖੜੇ **ਜਿਪਸੀ** ਮਰਦ ਨੂੰ ਜਿਸ ਨੇ ਨੀਲਾ ਕੋਟ ਪਾਇਆ ਹੋਇਆ ਸੀ ਤੇ ਰੱਸੇ ਨਾ'ਲ ਖੂਬ ਕਮਰ ਕੱਸ ਕੇ ਬੱਧਾ ਹੋਇਆ ਸੀ, ਕੁਛ ਉੱਚਾ ਉੱਚਾ ਕਹਿ ਰਹੀ ਸੀ। ਆਪਣੇ ਹੱਥਾਂ ਤੇ ਮੂੰਹ ਨਾਲ ਤਾਵਲੇ ਤਾਵਲੇ ਇਸ਼ਾਰੇ ਕਰੀ ਜਾਂਦੀ ਸੀ—**ਜਿਪਸੀ** ਮਰਦ ਦੇ ਨਾਲ ਹੀ ਪਰੇ ਇਕ ਸਿਪਾਹੀ ਫਰਸ਼ ਉੱਪਰ ਬੈਠਾ ਇਕ ਕੈਦੀ ਨਾਲ ਗੱਲਾਂ ਕਰ ਰਹਿਆ

ਸੀ। ਸਿਪਾਹੀ ਦੇ ਪਰੇ ਜਾਲੀ ਨਾਲ ਦੱਬਿਆ ਹੋਇਆ, ਇਕ ਗਭਰੂ ਕਿਸਾਨ, ਬੀਬੀ ਦਾੜ੍ਹੀ ਤੇ ਰੱਤਾ ਰੱਤਾ ਮੂੰਹ ਖੜਾ ਸੀ। ਇਹ ਆਪਣੇ ਆਏ ਅੱਥਰੂ ਤੇ ਗੱਚ ਬੜੀ ਮੁਸ਼ਕਲ ਨਾਲ ਰੋਕ ਰਹਿਆ ਸੀ। ਇਕ ਸੋਹਣੀ ਸੁਦੇਸ਼ੀ ਚਮਕਦੀਆਂ ਨੀਲੀਆਂ ਅੱਖਾਂ ਵਾਲੀ ਰੰਨ ਓਸ ਨਾਲ ਗੱਲਾਂ ਕਰ ਰਹੀ ਸੀ! ਇਹ ਦੋ **ਥੀਓਡੋਸੀਆ** ਤੇ ਉਹਦਾ ਖਾਵੰਦ ਸਨ। ਉਨ੍ਹਾਂ ਥੀਂ ਪਰੇ ਇਕ ਅਵਾਰਾਗਰਦ ਆਦਮੀ ਸੀ, ਜਿਹੜਾ ਇਕ ਚੌੜੇ ਮੂੰਹ ਵਾਲੀ ਤੀਮੀਂ ਨਾਲ ਗੱਲ ਬਾਤ ਕਰ ਰਹਿਆ ਸੀ। ਫਿਰ ਓਸ ਥੀਂ ਪਰੇ ਦੋ ਤੀਮੀਆਂ ਫਿਰ ਇਕ ਮਰਦ, ਫਿਰ ਮੁੜ ਇਕ ਤੀਮੀਂ। ਤੇ ਇਹ ਸਾਰੇ ਇਕ ਇੱਕ ਕੈਦੀ ਦੇ ਮੋਹਰੇ ਖੜੇ ਸਨ— **ਮਸਲੋਵਾ** ਸਾਹਮਣੇ ਖੜੇ ਕੈਦੀਆਂ ਵਿੱਚ ਨਹੀਂ ਸੀ— ਪਰ ਕੋਈ ਖਿੜਕੀ ਪਾਸ ਖੜੇ ਕੈਦੀਆਂ ਦੇ ਪਿੱਛੇ ਖੜਾ ਸੀ। **ਨਿਖਲੀਊਧਵ** ਨੇ ਪਹਿਚਾਨ ਲਇਆ—ਉਹਦਾ ਦਿਲ ਜ਼ੋਰ ਨਾਲ ਧੜਕਣ ਲੱਗ ਪਇਆ, ਤੇ ਸਾਹ ਬੰਦ ਹੋ ਗਇਆ,— ਓਹ ਉਸ ਨੀਲੇ ਨੈਨਾਂ ਵਾਲੀ **ਥੀਓਡੋਸੀਆ** ਦੇ ਪਿੱਛੇ ਖੜੀ ਮੁਸਕਰਾ ਰਹੀ ਸੀ ਤੇ ਓਸ ਗੱਲ ਬਾਤ ਨੂੰ ਜੋ **ਥੀਓਡੋਸੀਆ** ਆਪਣੇ ਖਾਵੰਦ ਨਾਲ ਕਰ ਰਹੀ, ਸੁਣ ਰਹੀ ਸੀ।

**ਮਸਲੋਵਾ** ਨੇ ਜੇਲ ਦਾ ਵੱਡਾ ਕੋਟ ਨਹੀਂ ਸੀ ਪਾਇਆ ਹੋਇਆ, ਚਿੱਟੀ ਪੋਸ਼ਾਕ ਸੀ ਤੇ ਪੇਟੀ ਕਮਰ ਦੇ ਦਵਾਲੇ ਕੱਸੀ ਹੋਈ ਸੀ—ਤੇ ਉਹਦੇ ਜੋਬਨ ਓਸ ਪੋਸ਼ਾਕ ਵਿੱਚ ਥੀਂ ਬਾਹਰ ਵਲ ਉੱਭਰ ਰਹੇ ਸਨ—ਉਹਦੇ ਸਿਰ ਉੱਪਰ ਬੱਧੇ

ਰੋਮਾਲ ਦੇ ਹੇਠੋਂ, ਕਿਨਾਰੇ ਕਿਨਾਰੇ ਦੇ ਕਾਲੇ ਵਾਲਾਂ ਦੇ ਗੁੱਛੇ ਨਿਕਲ ਰਹੇ ਸਨ।

"ਇਕ ਪਲ ਵਿੱਚ ਹੁਣ ਸਭ ਕੁਝ ਫੈਸਲਾ ਹੋ ਜਾਣਾ ਹੈ," ਓਸ ਸੋਚਿਆ, "ਮੈਂ ਓਹਨੂੰ ਕਿੰਝ ਬੁਲਾਵਾਂਗਾ ? ਯਾ ਕੀ ਮੇਰੇ ਵਲ ਉਹ ਆਪ ਆ ਜਾਵੇਗੀ ?"

ਓਹ ਤਾਂ **ਬਰਥਾ** ਦੀ ਉਡੀਕ ਵਿੱਚ ਖਲੀ ਸੀ–ਤੇ ਇਹ ਗਲ ਕਿ ਕੋਈ ਆਦਮੀ ਓਹਨੂੰ ਮਿਲਣ ਆਇਆ ਹੈ ਓਹਦੇ ਸਿਰ ਵਿੱਚ ਵੀ ਨਹੀਂ ਸੀ ਆ ਸੱਕਦੀ।

"ਆਪ ਕਿਹਨੂੰ ਲੱਭਦੇ ਹੋ ?" **ਵਾਰਡ੍ਰੈਸ,** ਜਿਹੜੀ ਉਨ੍ਹਾਂ ਪਿੰਜਰਿਆਂ ਦੇ ਵਿਚਕਾਹੇ ਥਾਂ ਤੇ ਟਹਿਲ ਰਹੀ ਸੀ **ਨਿਖਲੀਊਧਵ** ਪਾਸ ਆ ਕੇ ਪੁੱਛਦੀ ਹੈ। **ਕਾਤਰੀਨ ਮਸਲੋਵਾ,"** ਬੜੀ ਮੁਸ਼ਕਲ ਨਾਲ **ਨਿਖਲੀਊਧਵ** ਨੇ ਉੱਤਰ ਦਿੱਤਾ।

**"ਕਾਤਰੀਨਾ ਮਸਲੋਵਾ !** ਕੋਈ ਤੈਨੂੰ ਮਿਲਣ ਆਇਆ ਹੈ," **ਵਾਰਡ੍ਰੈਸ** ਨੇ ਆਵਾਜ਼ ਦਿੱਤੀ।

**ਮਸਲੋਵਾ** ਨੇ ਚੁਗਿਰਦੇ ਤੱਕਿਆ ਤੇ ਜਾਲੀ ਪਾਸ ਆਈ–ਓਹਏ ਮੂੰਹ ਉੱਪਰ ਓਹੋ ਹਰ ਗੱਲ ਲਈ ਸਦਾ ਤਿਆਰ ਬਰ ਤਿਆਰ ਦੀ ਬ੍ਰਿਤੀ ਦਾ ਪ੍ਰਭਾਵ ਸੀ ਜਿਹਨੂੰ **ਨਿਖਲੀਊਧਵ** ਚੰਗੀ ਤਰਾਂ ਪਛਾਣਦਾ ਸੀ–ਓਹਨੇ ਦੋਹਾਂ

ਕੈਦੀਆਂ ਨੂੰ ਮੋਂਢਿਆਂ ਨਾਲ ਅੱਗੇ ਪਿੱਛੇ ਕਰ, ਉਨ੍ਹਾਂ ਵਿੱਚ ਦੀ ਰਾਹ ਜੇਹਾ ਬਣਾ ਲਇਆ। ਹੈਰਾਨ ਜੇਹੀ ਪਰ ਇਕ ਪੁੱਛ ਕਰਦੀ ਨਿਗਾਹ ਨਾਲ **ਨਿਖਲੀਊਧਵ** ਵੱਲ ਆਣ ਕੇ ਤੱਕਿਆ–ਪਰ ਓਹਦੇ ਕੱਪੜਿਆਂ ਥੀਂ ਇਹ ਜਾਚ ਕੇ ਕਿ ਉਹ ਕੋਈ ਅਮੀਰ ਆਦਮੀ ਹੈ ਉਹ ਮੁਸਕਰਾ ਪਈ, ''ਕੀ ਆਪ ਮੈਨੂੰ ਹੀ ਮਿਲਣਾ ਚਾਹੁੰਦੇ ਹੋ?'' ਓਸ ਪੁੱਛਿਆ ਤੇ ਆਪਣਾ ਹਸੂੰ ਹਸੂੰ ਕਰਦਾ ਮੂੰਹ ਜਾਲੀ ਨਾਲ ਲਾ ਦਿੱਤਾ, ਅੱਖਾਂ ਵਿਚ ਓਹੋ ਮੰਦ ਮੰਦ ਭੈਂਗ ਵੱਜ ਰਹਿਆ ਸੀ।

''ਮੈਂ...............ਮੈਂ...............ਮੈਂ ਵੇਖਣਾ ਚਾਹੁੰਦਾ............. ਮੈਂ ਆਪਨੂੰ ਵੇਖਣਾ ਚਾਹੁੰਦਾ...................ਮੈਂ,'' ਉਹ ਆਪਣੇ ਮਾਮੂਲੀ ਆਵਾਜ਼ ਥੀਂ ਉੱਚਾ ਨਹੀਂ ਸੀ ਬੋਲ ਰਹਿਆ।

''ਨਹੀਂ–ਸਭ ਲੱਚਰ– ਮੈਂ ਤੈਨੂੰ ਕਹਿੰਦਾ ਹਾਂ,'' ਓਹਦੇ ਨਾਲ ਖੜ੍ਹੇ ਓਸ ਆਵਾਰਾਗਰਦ ਨੇ ਲਲਕਾਰ ਕੇ ਆਪਣੀ ਗੱਲ ਕਰਨ ਵਾਲੀ ਨੂੰ ਕਹਿਆ, ''ਤੂੰ ਓਹ ਚੀਜ਼ ਲਈ ਹੈ ਕਿ ਨਹੀਂ?''

''ਬੜਾ ਕਮਜੋਰ, ਮਰਨ ਵਾਲਾ ਹੋਇਆ ਹੋਇਆ ਹੈ'' ਦੂਜੇ ਪਾਸੋਂ ਹੋਰ ਕੋਈ ਇੰਝ ਚੀਕ ਕੇ ਬੋਲਿਆ।

ਜੋ ਕੁਛ **ਨਿਖਲੀਊਧਵ** ਕਹਿ ਰਹਿਆ ਸੀ, **ਮਸਲੋਵਾ** ਸੁਣ ਨਹੀਂ ਸੀ ਸੱਕਦੀ–ਪਰ ਓਹਦੀ ਨੁਹਾਰ ਮੁਹਾਂਦਰੇ ਨੇ ਓਹਨੂੰ ਕੋਈ ਐਸੀ ਗੱਲ ਯਾਦ ਕਰਵਾ ਦਿੱਤੀ ਜਿਹਨੂੰ ਓਹ ਯਾਦ ਨਹੀਂ ਸੀ ਕਰਨਾ ਚਾਹੁੰਦੀ। ਉਹਦੇ ਮੂੰਹ ਥੀਂ ਓਹ **ਮੁਸਕਰਾਹਟ** ਉੱਡ ਗਈ ਤੇ ਦੁੱਖ ਦੀ ਇਕ

ਡੂੰਘੀ ਘੂਰ ਉਸਦੇ ਭਰਵੱਟੇ ਉੱਪਰ ਆਣ ਪਈ ਸੀ।

"ਜੋ ਆਪ ਕਹਿ ਰਹੇ ਹੋ ਮੈਨੂੰ ਨਹੀਂ ਸੁਣਾਈ ਦੇ ਰਹਿਆ," ਓਸ ਉੱਚੀ ਦੇ ਕੇ ਕਹਿਆ ਭਰਵੱਟੇ ਉੱਪਰ ਖ਼ਫ਼ਗੀ ਦੀ ਝੁਰਲੀ ਹੋਰ ਵਧ ਗਈ ਤੇ ਮੱਥੇ ਤੇ ਡਾਢੀ ਘੂਰ ਪੈ ਗ਼ਈ।

"ਮੈਂ ਆ ਗਇਆ ਹਾਂ..............." ਨਿਖਲੀਊਧਵ ਨੇ ਕਹਿਆ।

"ਹਾਂ–ਮੈਂ ਆਪਣਾ ਫਰਜ਼ ਪੂਰਾ ਕਰ ਰਹਿਆ ਹਾਂ–ਮੈਂ ਆਪਣੇ ਪਾਪ ਦਾ ਇਕਬਾਲ ਪੂਰਾ ਕਰਨ ਆਇਆ ਹਾਂ," ਉਸ ਨੇ ਆਪਣੇ ਮਨ ਵਿੱਚ ਵਿਚਾਰਿਆ ਤੇ ਇਸ ਖਿਆਲ ਦੇ ਕਰਦਿਆਂ ਹੀ ਉਹਦੀਆਂ ਅੱਖਾਂ ਵਿੱਚ ਅਥਰੂ ਆ ਗਏ। ਉਹਦਾ ਗਲਾ ਇਕ ਭਰੇ ਗੱਚ ਨਾਲ ਰੁਕ ਗਿਆ, ਤੇ ਆਪਣੇ ਦੋਹਾਂ ਹੱਥਾਂ ਨਾਲ ਜਾਲੀ ਨੂੰ ਫੜ ਕੇ ਉਸਨੇ ਕੋਸ਼ਸ਼ ਇਹ ਕੀਤੀ ਕਿ ਉਹਦਾ ਰੋਣ ਨਾ ਨਿਕਲ ਜਾਵੇ।

"ਜੇ ਓਹ ਆਪ ਬੀਮਾਰ ਨ ਹੁੰਦੀ, ਮੈਂ ਨਾਂਹ ਆਵਾਂ ਆਰ," ਕਿਸੇ ਹੋਰ ਨੇ ਉਹਦੇ ਲਾਗੇ ਸ਼ੋਰ ਕੀਤਾ–

"ਰੱਬ ਮੇਰਾ ਗਵਾਹ ਹੈ ਮੈਨੂੰ ਕੁਝ ਪਤਾ ਨਹੀਂ," ਦੂਜੇ ਪਾਸਿਓਂ ਇਕ ਕੈਦਨ ਚੀਕੀ।

ਮਸਲੋਵਾ ਨੇ ਨਿਖਲੀਊਧਵ ਦੀ ਘਬਰਾਹਟ ਭਾਂਪ ਲਈ ਤੇ ਉਸਨੇ ਇਹਨੂੰ ਪਛਾਣ ਲਇਆ। "ਤੂੰ ਹੈਂ ਵਾਂਗ...............ਪਰ ਨਹੀਂ–ਮੈਨੂੰ ਚੇਤੇ ਨਹੀਂ"। ਓਸਨੇ ਬਿਨਾਂ ਓਸ ਵੱਲ ਤੱਕੇ ਦੇ ਉੱਚੀ ਜੇਹੀ ਕਹਿਆ ਤੇ ਉਹਦਾ ਰੱਤਾ ਹੋ ਚੁੱਕਾ ਮੂੰਹ ਬੜਾ ਹੀ ਉਦਾਸ ਹੋ ਗਇਆ।

"ਮੈਂ ਤੇਰੇ ਪਾਸੋਂ ਮਾਫੀ ਮੰਗਣ ਆਇਆ ਹਾਂ," ਉਸਨੇ ਉੱਚੀ ਤੇ ਇਕ ਸੁਰੀ ਜੇਹੀ ਆਵਾਜ਼ ਵਿੱਚ ਕਹਿਆ, ਜਿਵੇਂ ਕਿਸੇ ਕੋਈ ਸਬਕ ਪਕਾਇਆ ਹੁੰਦਾ ਹੈ–ਇਸ ਕਰਕੇ ਉਹ ਘਬਰਾ ਗਇਆ ਤੇ ਚੁਫੇਰੇ ਵੇਖਣ ਲੱਗ ਗਇਆ–ਪਰ ਨਾਲੇ ਹੀ ਓਹਨੂੰ ਇਹ ਵੀ ਖਿਆਲ ਆ ਗਇਆ ਕਿ ਜੇ ਓਹਨੂੰ ਸ਼ਰਮ ਆ ਗਈ ਹੈ ਤਾਂ ਚੰਗਾ ਹੈ ਨਾਂ–, ਇਹ ਸ਼ਰਮ ਓਹਨੇ ਖਾਣੀ ਹੀ ਹੈ ਨਾਂ, ਤੇ ਮੁੜ ਉੱਚੀ ਆਵਾਜ਼ ਵਿਚਕਹੀ ਗਇਆ :–

"ਤੂੰ ਮੈਨੂੰ ਮਾਫ ਕਰ–ਮੈਂ ਤੇਰੇ ਨਾਲ ਬੜਾ ਡਰਾਉਣਾ ਧ੍ਰੋਹ ਕਮਾਇਆ ਹੈ।"

ਓਹ ਅਹਿਲ ਖੜੀ ਰਹੀ ਪਰ ਆਪਣੀਆਂ ਓਹ ਮੰਦ ਮੰਦ ਭੈਂਗ ਵਾਲੀਆਂ ਅੱਖਾਂ ਓਸ ਥੀਂ ਪਰੇ ਨਹੀਂ ਸਨ ਕੀਤੀਆਂ– **ਨਿਖਲੀਊਧਵ** ਅੱਗੋਂ ਹੋਰ ਬੋਲ ਨਹੀਂ ਸੀ ਸੱਕਦਾ, ਤੇ ਜਾਲੀ ਲਾਗੇ ਥੀਂ ਪਰੇ ਹਟਕੇ ਆਪਣੇ ਆਇ ਗੱਚ ਤੇ ਰੋਣ ਦੀਆਂ ਭੁੱਬਾਂ ਮਾਰ ਕੇ ਫੁੱਟ ਪੈਣ ਥੀਂ ਆਪਣੇ ਆਪ ਨੂੰ ਬਚਾ ਰਹਿਆ ਸੀ।

ਇੰਨੇ ਵਿੱਚ ਇਨਸਪੈਕਟਰ ਜਿਸਨੇ **ਨਿਖਲੀਊਧਵ** ਨੂੰ ਤੀਮੀਆਂ ਵਾਲੇ ਪਾਸੇ ਘੱਲਿਆ ਸੀ ਤੇ ਜਿਹੜਾ ਉਸ ਵਿੱਚ ਖਾਸ ਦਿਲਚਸਪੀ ਲੈ ਰਹਿਆ ਸੀ, ਓਸੇ ਕਮਰੇ ਵਿੱਚ ਆ ਗਇਆ। **ਨਿਖਲੀਊਧਵ** ਨੂੰ ਜਾਲੀ ਉੱਪਰ ਨ ਵੇਖਕੇ ਉਹਨੂੰ ਪੁੱਛਣ ਲੱਗਾ ਕਿ ਓਹ ਉਸ ਤੀਮੀਂ ਨਾਲ ਜਿਹਨੂੰ ਓਹ ਮਿਲਣ ਆਇਆ ਸੀ, ਕਿਉਂ ਨਹੀਂ ਗੱਲਾਂ ਕਰ ਰਹਿਆ– **ਨਿਖਲੀਊਧਵ** ਨੇ ਆਪਣਾ ਨਕ ਸਫਾ ਕੀਤਾ ਤੇ

ਆਪਣੇ ਆਪ ਨੂੰ ਭੂਣਿਆਂ ਤੇ ਸ਼ਾਂਤ ਦਿੱਸਣ ਦਾ ਯਤਨ ਕੀਤਾ ਤੇ ਕਹਿਆ :—

"ਇਨ੍ਹਾਂ ਜਾਲੀਆਂ ਵਿੱਚੋਂ ਗੱਲ ਬਾਤ ਕਰਨੀ ਬੜੀ ਔਖੀ ਹੈ, ਸੁਣਾਈ ਕੁਛ ਨਹੀਂ ਦਿੰਦਾ।"

ਇਨਸਪੈਟਰ ਬੜਾ ਕੂ ਸੋਚਕੇ—"ਅੱਛਾ ਭਾਈ ਥੋੜੇ ਚਿਰ ਲਈ ਉਹ ਇੱਥੇ ਹੀ ਲਿਜਾਈ ਜਾ ਸੱਕਦੀ ਹੈ"—"ਮੇਰੀ ਕਾਰਲੋਵਨਾ" ਵਾਰਡ੍ਰੈਸ ਵਲ ਮੁੜ ਕੇ "ਮਸਲੋਵਾ ਨੂੰ ਬਾਹਰ ਲੈ ਆਓ—"

## ਕਾਂਡ ੪੩

ਪਾਸੇ ਦੇ ਦਰਵਾਜ਼ੇ ਥੀਂ ਇਕ ਪਲਕ ਵਿੱਚ **ਮਸਲੋਵਾ** ਬਾਹਰ ਆ ਗਈ। ਅਮਲਕੜੇ ਕਦਮ ਚਕਦੀ ਓਹ **ਨਿਖਲੀਊਧਵ** ਪਾਸ ਆਕੇ ਖੜੀ ਹੋ ਗਈ ਤੇ ਆਪਣੇ ਭਰਵੱਟਿਆਂ ਦੇ ਹੇਠ ਦੀ ਨਿਗਾਹ ਉਪਰ ਕਰਕੇ ਓਸ ਵਲ ਤੱਕਣ ਲੱਗ ਗਈ। ਜਿਸ ਤਰਾਂ ਦੋ ਦਿਨ ਹੋਏ **ਨਿਖਲੀ-ਊਧਵ** ਨੇ ਵੇਖੇ ਸਨ ਉਸੀ ਤਰਾਂ ਓਹਦੇ ਕਾਲੇ ਵਾਲ ਮੱਥੇ ਉਪਰ ਕੁੰਡਲ ਬਣਾਏ ਹੋਏ ਸਨ, ਓਹਦਾ ਚਿਹਰਾ ਕੁਝ ਨ ਕੁਝ ਅਰੋਗੀ ਜੇਹਾ ਫੂਲਿਆ ਜੇਹਾ ਸੀ ਪਰ ਤਾਂ ਵੀ ਦਿਲ ਨੂੰ ਖਿੱਚਦਾ ਸੀ ਤੇ ਸ਼ਾਂਤ ਸੀ। ਓਨ੍ਹਾਂ ਸੁਜੇ ਜੇਹੇ ਅੱਖ ਦੇ ਛੱਪਰਾਂ ਹੇਠ ਦੀ ਓਹ ਚਮਕਦੀਆਂ ਕਾਲੀਆਂ ਅੱਖਾਂ ਅਜੀਬ ਤਰਾਂ ਦੇਖ ਰਹੀਆਂ ਸਨ।

"ਤੁਸੀ ਇੱਥੇ ਆਪੋ ਵਿੱਚ ਗਲ ਬਾਤ ਕਰ ਸਕਦੇ ਹੋ," ਇਨਸਪੈਕਟਰ ਨੇ ਕਹਿਆ; ਤੇ ਫਿਰ **ਮਸਲੋਵਾ** ਆਪਣੇ ਮੋਢਿਆਂ ਨੂੰ ਕੁਛ ਉਤਾਂਹ ਜਿਹਾ ਮਾਰਕੇ ਹੈਰਾਨ ਹੋਈ ਹੋਈ **ਨਿਖਲੀਊਧਵ** ਦੇ ਪਿੱਛੇ ਬੈਂਚ ਉਪਰ, ਆਪਣੀ **ਸਕਰਟ** ਸਾਂਭ ਕੇ ਬਹਿ ਗਈ।

"ਮੈਨੂੰ ਪਤਾ ਹੈ ਕਿ ਆਪ ਲਈ ਮੈਨੂੰ ਮਾਫ ਕਰਨਾ ਔਖਾ ਹੈ," ਉਸ ਦਾ ਗਲ ਰੁਕ ਗਇਆ ਓਹਦੇ ਆਏ ਅੱਥਰੂ ਤੇ ਗਚ

ਓਹਨੂੰ ਗਲ ਨਹੀਂ ਸਨ ਕਰਨ ਦਿੰਦੇ "ਪਰ, ਭਾਵੇਂ ਮੈਂ ਹੋ ਚੁਕੇ ਗੁਜਰੇ ਪਿੱਛੇ ਨੂੰ ਕਿਸੀ ਤਰਾਂ ਅਣਹੋਇਆ ਨਹੀਂ ਕਰ ਸੱਕਦਾ, ਤਾਂ ਵੀ ਹੁਣ ਜੋ ਕੁਝ ਮੇਰੇ ਵਸ ਹੈ ਕਰਾਂਗਾ..........................ਮੈਨੂੰ ਦੱਸੋ................."।

"ਆਪ ਨੇ ਮੈਨੂੰ ਲੱਭ ਕਿਵ ਲਇਆ ਹੈ?" **ਮਸਲੋਵਾ** ਨੇ ਪੁੱਛਿਆ, ਅਤੇ ਓਹਦੇ ਸਵਾਲ ਦਾ ਕੋਈ ਉੱਤਰ ਨ ਦਿੱਤਾ। ਪਰ ਆਪਣੀਆਂ ਭੈਂਗ ਮਾਰਦਿਆਂ ਅੱਖਾਂ ਨਾਲ ਨ ਤਾਂ ਨਿਰਾ ਓਸ ਵਲ ਹੀ ਤੱਕਿਆ, ਤੇ ਨ ਓਸ ਥੀਂ ਓਹ ਅੱਖਾਂ ਪਰੇ ਹੀ ਕੀਤੀਆਂ।

"ਏ ਰੱਬ ਜੀ-ਮੇਰੀ ਮਦਦ ਕਰੋ-ਦੱਸੋ ਨਾ ਮੈਂ ਕੀ ਕਰਾਂ।" **ਨਿਖਲੀਊਧਵ** ਨੇ ਓਹਦਾ ਚਿਹਰਾ ਵੇਖਕੇ, ਜੋ ਹੁਣ ਵੱਟ ਚੁਕਾ ਸੀ ਤੇ ਓੱਨਾ ਸੋਹਣਾ ਨਹੀਂ ਸੀ ਰਹਿਆ-ਸੋਚਿਆ-"ਮੈਂ ਪਰਸੋਂ ਜੂਰੀ ਉੱਪਰ ਸਾਂ," ਓਸ ਉਹਨੂੰ ਕਹਿਆ, "ਤੂੰ ਮੈਨੂੰ ਨਹੀਂ ਸੀ ਪਛਾਣਿਆ?"

"ਨਾ-ਮੈਂ ਤਾਂ ਨਹੀਂ ਸਾਂ ਪਛਾਣ ਸਕੀ, ਓਹ ਵਕਤ ਕਿਸੀ ਨੂੰ ਪਛਾਣਨ ਦਾ ਨਹੀਂ ਸੀ, ਮੈਂ ਤਾਂ ਕਿਸੀ ਵਲ ਤੱਕਿਆ ਵੀ ਨਹੀਂ ਸੀ"-**ਮਸਲੋਵਾ** ਨੇ ਉੱਤਰ ਦਿੱਤਾ।

"ਤੇ ਇਕ ਬੱਚਾ ਵੀ ਹੋਇਆ ਸੀ ਨਾਂ?" ਓਸ ਪੁਛਿਆ ਤੇ ਸ਼ਰਮ ਨਾਲ ਰੱਤਾ ਹੋ ਗਇਆ।

"ਸ਼ੁਕਰ ਰੱਬ ਦਾ, ਹੋਇਆ ਅਤੇ ਓਹ ਓਸੇ ਵੇਲੇ ਹੀ ਮਰ ਗਇਆ ਸੀ," **ਮਸਲੋਵਾ** ਨੇ ਯਕਲਖਤ ਤੇ ਕੁਛ ਗੁਸੇ ਨਾਲ ਉੱਤਰ ਦਿੱਤਾ ਤੇ ਆਪਣਾ ਮੂੰਹ

ਓਸ ਵੱਲੋਂ ਫੇਰ ਲਇਆ।

"ਕੀ ਮਤਲਬ ? ਕਿਉਂ ?"

"ਮੈਂ ਆਪ ਇੰਨੀ ਬੀਮਾਰ ਹੋ ਗਈ ਸਾਂ ਕਿ ਮਰਨ ਮਰਾਂਦੇ ਪਹੁਤੀ ਸਾਂ," ਓਸ ਉੱਤਰ ਦਿੱਤਾ ਪਰ ਆਪਣੀਆਂ ਅੱਖਾਂ ਓਸ ਵਲ ਨ ਮੋੜੀਆਂ।

"ਮੇਰੀਆਂ ਫੁਫੀਆਂ ਨੇ ਤੈਨੂੰ ਹੋਰ ਕਿਧਰੇ ਜਾਣ ਹੀ ਕਿਉਂ ਦਿੱਤਾ ਸੀ ?"

"ਕੌਣ ਓਹਨੂੰ ਨੌਕਰ ਰੱਖਦਾ ਹੈ ਜਿਦੇ ਪੇਟ ਵਿੱਚ ਬੱਚਾ ਹੋਵੇ ? ਓਨ੍ਹਾਂ ਮੈਨੂੰ ਓਸੇ ਵੇਲੇ ਕੱਢ ਦਿੱਤਾ ਸੀ ਜਦ ਓਨ੍ਹਾਂ ਨੂੰ ਪਤਾ ਲਗਾ ਸੀ। ਪਰ ਓਨ੍ਹਾਂ ਗੱਲਾਂ ਦੇ ਜ਼ਿਕਰ ਦੀ ਹੁਣ ਕੀ ਲੋੜ ਹੈ ਮੈਨੂੰ ਕੁਛ ਵੀ ਚੇਤੇ ਨਹੀਂ ਓਹ ਗਲ ਸਭ ਮੁਕ ਚੁਕੀ ਤੇ ਬੀਤ ਗਈ।"

"ਨਹੀਂ ਬੀਤ ਨਹੀਂ ਚੁਕੀ, ਮੁਕ ਨਹੀਂ ਚੁਕੀ–ਮੈਂ ਆਪਣੇ ਪਾਪ ਦਾ ਉਪਰਾਲਾ ਕਰਨਾ ਚਾਹੁੰਦਾ ਹਾਂ।"

"ਇਸ ਵਿਚ ਉਪਰਾਲਾ ਕਰਨ ਦੀ ਕੀ ਲੋੜ ਹੈ, ਜੋ ਹੋ ਚੁਕਾ ਬੀਤ ਗਇਆ ਸੋ ਬੀਤ ਗਇਆ," **ਮਸਲੋਵਾ** ਨੇ ਆਖਿਆ ਤੇ ਇਓਂ ਓਸ ਵੱਲ ਤੱਕਿਆ, ਜਿੱਦਾਂ ਉਹਨੂੰ ਕਦੀ ਖਾਬ ਖਿਆਲ ਵੀ ਨਹੀਂ ਸੀ: ਜਿੰਵੇਂ ਇਕ ਕੰਜਰੀ ਕਿਸੀ ਗਾਹਕ ਨੂੰ ਲੁਭਾਣ ਲਈ ਤੱਕਦੀ ਹੈ ਤੇ ਉਹ ਓਸੀ ਭੈੜੀ ਤਰ੍ਹਾਂ ਉਸ ਵੱਲ ਤੱਕ ਕੇ ਮੁਸਕਰਾਈ, ਤੇ ਉਹਦਾ ਇਹ ਕਰਨਾ ਬੜੀ ਹੀ ਤਰਸ ਜੋਗ ਗੱਲ ਸੀ।

**ਮਸਲੋਵਾ** ਏਹ ਕਦ ਖਿਆਲ ਕਰ ਸਕਦੀ ਸੀ ਕਿ

ਉਹ ਮੁੜ ਉਸਨੂੰ ਆਣ ਮਿਲੇਗਾ ਤੇ ਜੇ ਮਿਲੇਗਾ ਤੇ ਇਓਂ, ਹੁਣ, ਤੇ ਇਸ ਤਰ੍ਹਾਂ ਤੇ ਇਥੇ ਆਣ ਮਿਲੇਗਾ। ਇਸ ਕਰਕੇ ਜਦ ਪਹਿਲਾਂ ਉਸਨੇ ਉਹਨੂੰ ਪਛਾਤਾ ਸੀ,ਉਹ ਇਤਨਾ ਅਚਣਚੇਤ ਸੀ ਕਿ ਉਹ ਬੀਤ ਚੁੱਕੀਆਂ ਗੱਲਾਂ ਦੀ ਯਾਦ ਆਉਣਾ ਰੋਕ ਨਹੀਂ ਸੀ ਸੱਕਦੀ, ਭਾਵੇਂ ਉਹ ਓਨ੍ਹਾਂ ਗੱਲਾਂ ਨੂੰ ਕਿਸੀ ਸੂਰਤ ਚੇਤੇ ਨਹੀਂ ਸੀ ਕਰਨਾ ਚਾਹੁੰਦੀ। ਪਹਿਲੇ ਛਿਨ ਲਈ ਤਾਂ ਓਹਨੂੰ ਇਕ ਖਲਬਲੀ ਜੇਹੀ ਵਿੱਚ ਹੀ ਉਹ ਖਿਆਲ ਤੇ ਵਲਵਲਿਆਂ ਦੀ ਨਦੀ ਅਜੀਬ ਦੁਨੀਆਂ ਯਾਦ ਆਈ, ਜਿਸ ਵਿੱਚ ਉਸ ਸੋਹਣੇ ਗਭਰੂ ਨੇ ਉਹਨੂੰ ਬਾਹੋਂ ਪਕੜਿਆ ਸੀ, ਜਿਹੜਾ ਓਹਨੂੰ ਪਿਆਰ ਕਰਦਾ ਸੀ ਤੇ ਉਹ ਉਹਨੂੰ ਪਿਆਰ ਕਰਦੀ ਸੀ। ਤੇ ਫਿਰ ਉਹਨੂੰ ਉਹਦੀ ਉਹ-ਨ-ਸਮਝ-ਆਣ ਵਾਲੀ ਬੇਤਰਸੀ ਯਾਦ ਆਈ ਤੇ ਫਿਰ ਉਹ ਸਾਰੀ ਲੜੀ ਓਨ੍ਹਾਂ ਬੇਹੁਰਮਤੀਆਂ, ਦੁੱਖਾਂ ਤੇ ਬੇਇਜ਼ੱਤੀਆਂ ਦੇ ਵਾਕਿਆਤ ਦੀ ਸਾਹਮਣੇ ਆਈ, ਜਿਹੜੇ ਉਸ ਥੋੜੇ ਚਿਰ ਦੀ ਜਾਦੂ ਖੁਸ਼ੀ ਦੇ ਮਗਰੋਂ ਉਸ ਉੱਪਰ ਹੋ ਗੁਜਰੇ ਸਨ। ਆਪਣੇ ਦਿਲ ਵਿੱਚ ਤਾਂ ਉਹਨੂੰ ਇਸ ਗਿਰਾਵਟ ਦਾ ਦੁਖ ਸੀ—ਪਰ ਇਸ ਸਾਰੀ ਗੱਲ ਨੂੰ ਨ-ਸਮਝ ਸੱਕਣ ਕਰਕੇ, ਉਹ, ਜਿੰਵੇਂ ਉਹਦੀ ਆਦਤ ਹੋ ਚੁੱਕੀ ਸੀ, ਆਪਣੀ ਗੁਜ਼ਰੀ ਜ਼ਿੰਦਗੀ ਦੇ ਸੋਹਣੇ ਸੁਫਨੇ ਨੂੰ ਖਰਾਬ ਹੋ ਚੁੱਕੀ ਜ਼ਿੰਦਗੀ ਦੇ ਧੰਧੇ ਵਿੱਚ ਲਪੇਟ ਕੇ ਭੁੱਲ ਜਾਂਦੀ ਸੀ। ਸੋ ਇਸ ਵੇਲੇ ਵੀ ਉਹਨੇ ਇਹੋ ਕੁਛ ਕੀਤਾ। ਪਹਿਲੇ ਛਿਨ ਤਾਂ ਇਸ ਮਰਦ ਨੂੰ ਦੇਖ ਕੇ ਜੋ ਹੁਣ ਸਾਹਮਣੇ ਬੈਠਾ ਸੀ ਓਹਨੂੰ ਆਪਣਾ ਗਭਰੂ ਯਾਦ ਆਇਆ ਜਿਨੂੰ ਉਸ ਕਦੀ ਪਿਆਰ ਕੀਤਾ ਸੀ। ਪਰ ਇਹ ਪ੍ਰਤੀਤ ਕਰਕੇ ਕਿ ਇਓਂ ਦੇਖਣ ਨਾਲ ਉਹਨੂੰ ਬੜਾ ਦੁੱਖ ਹੁੰਦਾ ਹੈ, ਉਸ ਇਹ ਪਾਸਾ ਛੱਡ ਦਿੱਤਾ। ਹੁਣ ਇਹ ਚੰਗੇ ਕੱਪੜੇ ਪਾਏ, ਬੜਾ ਫਿਕਰ ਨਾਲ ਸਜਿਆ ਆਪਣੀ ਖੁਸ਼ਬੂ ਲਾਈ ਕੰਘੀ

ਕੀਤੀ ਦਾਹੜੀ ਵਾਲਾ ਸ਼ਰੀਫ ਆਦਮੀ ਉਸ ਲਈ ਉਹ **ਨਿਖਲੀਊਧਵ** ਨਹੀਂ ਸੀ ਜਿਸ ਨਾਲ ਉਸ ਪਿਆਰ ਕੀਤਾ ਸੀ, ਪਰ ਸਿਰਫ ਉਨ੍ਹਾਂ ਲੋਕਾਂ ਵਿੱਚ ਉਹ ਵੀ ਇਕ ਹੋਰ ਆਇਆ ਸੀ, ਜਿਹੜੇ ਉਸ ਜੇਹੇ ਜੰਤੂਆਂ ਨੂੰ ਆਪਣੇ ਵਿਸ਼ੇ ਭੋਗ ਲਈ ਲੋੜ ਵੇਲੇ ਵਰਤ ਲੈਂਦੇ ਹਨ ਤੇ ਜਿਨ੍ਹਾਂ ਕੋਲੋਂ ਉਸ ਜੇਹੇ ਜੰਤੂ ਵੀ ਆਪਣੀ ਵਾਰੀ ਪੂਰਾ ਪੂਰਾ ਆਪਣਾ ਫਾਇਦਾ ਕੱਢਣ ਦੀ ਕਰਦੇ ਹਨ—ਤੇ ਇਹ ਕਾਰਨ ਸੀ ਕਿ **ਮਸਲੋਵਾ** ਨੇ ਉਸ ਵੱਲ ਉਹ ਭੈੜੀ ਤਰਾਂ ਦੀ ਲੁਭਾਣ ਵਾਲੀ ਨਿਗਾਹ ਨਾਲ ਵੇਖਿਆ ਸੀ, ਉਹ ਚੁੱਪ ਸੀ—ਤੇ ਸੋਚ ਰਹੀ ਸੀ ਕਿ ਉਸ ਪਾਸੋਂ ਕਿਸ ਅੱਛੀ ਥੀਂ ਅੱਛੀ ਤਰਾਂ ਉਹ ਆਪਣਾ ਮਤਲਬ ਕੱਢ ਸੱਕੇ।

"ਉਹ ਸਭ ਕੁਛ ਹੁਣ ਮੁੱਕ ਚੁੱਕਾ ਹੈ," ਉਹ ਬੋਲੀ, "ਮੈਂ **ਸਾਈਬੇਰੀਆ** ਜਲਾਵਤਨ ਹੋ ਚੁੱਕੀ ਹਾਂ," ਤੇ ਉਹਦੇ ਹੋਠ ਇਹ ਹੋਲਨਾਕ ਲਫਜ਼ ਕਹਿੰਦਿਆਂ ਕੰਬ ਗਏ।

"ਮੈਂ ਜਾਣਦਾ ਸਾਂ, ਮੈਨੂੰ ਨਿਸਚਾ ਸੀ ਕਿ ਤੂੰ ਨਿਰਦੋਸ਼ ਸੈਂ", **ਨਿਖਲੀਊਧਵ** ਨੇ ਉੱਤਰ ਦਿੱਤਾ।

"ਦੋਸ਼ੀ? ਬੇਸ਼ਕ ਨਹੀਂ, ਮੈਂ ਕਿਵੇਂ ਚੋਰ ਯਾ ਲੁਟੇਰੀ ਕਦੀ ਹੀ ਹੋ ਸੱਕਦੀ ਸਾਂ? ਇੱਥੇ ਲੋਕੀ ਕਹਿੰਦੇ ਹਨ ਇਸ ਸਾਰੇ ਦਾ ਨਿਰਭਰ ਕੀਤੇ—ਵਕੀਲ ਦੀ ਲਿਆਕਤ ਉੱਪਰ ਹੁੰਦਾ ਹੈ," ਉਹ ਕਹੀ ਚਲੀ ਗਈ "ਇਕ ਅਰਜੀ ਅਗਾਹਾਂ ਜੇ ਹੁਣ ਕੀਤੀ ਜਾਵੇ। ਪਰ ਉਹ ਕਹਿੰਦੇ ਹਨ ਕਿ ਇਸ ਲਈ ਬੜੇ ਰੁਪਿਆਂ ਦੀ ਲੋੜ ਹੁੰਦੀ ਹੈ।"

"ਹਾਂ, ਬਿਲਕੁਲ ਠੀਕ," ਨਿਖਲੀਊਧਵ ਨੇ ਕਹਿਆ, "ਮੈਂ ਅੱਗੇ ਹੀ ਇਸ ਬਾਰੇ ਵਕੀਲ ਨਾਲ ਗੱਲ ਬਾਤ ਕਰ ਆਇਆ ਹਾਂ।"

"ਰੁਪੇ ਦਾ ਸਰਫ਼ਾ ਨ ਕੀਤਾ ਜਾਵੇ ਤੇ ਉਹ ਵਕੀਲ ਚੰਗਾ ਹੋਵੇ," ਮਸਲੋਵਾ ਨੇ ਕਹਿਆ।

"ਮੈਂ ਜੋ ਕੁਛ ਹੋ ਸੱਕਦਾ ਹੈ ਕਰਾਂਗਾ।"

ਉਹ ਦੋਵੇਂ ਇੱਥੇ ਚੁੱਪ ਹੋ ਗਏ ਤੇ ਮੁੜ ਉਹ ਓਸੀ ਭੈੜੀ ਲੁਭਾਣ ਵਾਲੀ ਮੁਸਕਰਾਹਟ ਨਾਲ ਉਸ ਵੱਲ ਵੇਖਣ ਲੱਗ ਪਈ।

"ਤੇ ਮੈਂ ਆਪ ਪਾਸੋਂ............ਕੁਛ............ਕੁਛ ਰੁਪੇ ਮੰਗਣਾ ਚਾਹੁੰਦੀ ਹਾਂ ਜੇ ਆਪ ਦੇ ਸੱਕੋ ਤਾਂ............ਬਹੁਤ ਨਹੀਂ............ ਦਸ ਰੂਬਲ," ਉਸ ਛੇਤੀ ਦੇ ਕੇ ਆਖਿਆ।

"ਹਾਂ ਹਾਂ," ਨਿਖਲੀਊਧਵ ਨੇ ਕਹਿਆ ਪਰ ਕੁਛ ਘਬਰਾਹਟ ਵਿੱਚ ਆਪਣੀ ਪਾਕਟਬੁਕ ਨੂੰ ਖੀਸੇ ਵਿੱਚ ਹੀ ਟੋਲਣ ਲੱਗ ਪਇਆ।

ਮਸਲੋਵਾ ਨੇ ਇਨਸਪੈਕਟਰ ਵੱਲ ਛੇਤੀ ਦੇ ਕੇ ਨਿਗਾਹ ਚੁਰਾਕੇ ਤੱਕਿਆ, ਜਿਹੜਾ ਹਾਲੇਂ ਵੀ ਓਥੇ ਉੱਪਰ ਤਲੇ ਟਹਿਲ ਰਹਿਆ ਸੀ, "ਉਹਦੇ ਰੂਬਰੂ ਮੈਨੂੰ ਨ ਦੇਣਾ ਨਹੀਂ ਤਾਂ ਓਹ ਮੇਰੇ ਪਾਸੋਂ ਲੈ ਲੈਸੀ।"

ਜਿਉਂ ਹੀ ਇਨਸਪੈਕਟਰ ਨੇ ਮੁੜ ਕੰਡ ਉਨ੍ਹਾਂ ਵਲ ਦਿੱਤੀ ਨਿਖਲੀਊਧਵ ਨੇ ਆਪਣੀ ਪਾਕਟਬੁਕ

ਤਾਂ ਖੀਸੇ ਵਿੱਚੋਂ ਕੱਢ ਲਈ ਪਰ ਇੰਨਾਂ ਵਕਤ ਨ ਮਿਲ ਸੱਕਿਆ ਕਿ ਉਹ ਇਨਸਪੈਕਟਰ ਦੇ ਪਰਤ ਆਉਣ ਥੀਂ ਪਹਿਲਾਂ ਰੂਬਲ ਓਹਨੂੰ ਦੇ ਸੱਕਦਾ। ਇਸ ਕਰਕੇ ਉਸ ਨੋਟ ਨੂੰ ਓਹਨੇ ਆਪਣੀ ਮੁੱਠੀ ਵਿੱਚ ਹੀ ਮਰੋੜ ਮਰਾੜ ਸੁੱਟਿਆ।

"ਇਹ ਤੀਮੀਂ ਹੁਣ ਮਰ ਚੁੱਕੀ ਹੈ," **ਨਿਖਲੀਊਧਵ** ਨੇ ਵਿਚਾਰਿਆ, ਜਦ ਉਸ ਨੇ ਕਦੀ ਦਾ ਹੋ-ਚੁੱਕਾ ਮਿੱਠਾ **ਮਸਲੋਵਾ** ਦਾ ਮੂੰਹ ਹੁਣ ਭ੍ਰਿਸ਼ਟਿਆ ਹੋਇਆ ਤੇ ਫੁੱਲਿਆ ਜੇਹਾ ਤੱਕਿਆ, ਤੇ ਉਨ੍ਹਾਂ ਮੰਦ ਮੰਦ ਭੈਂਗ ਮਾਰਦੀਆਂ ਅੱਖਾਂ ਵਿੱਚ ਸ਼ੈਤਾਨੀ ਚਮਕ ਮਾਰਦੀ ਤੱਕੀ। ਉਹ ਕਦੀ ਹੋ-ਚੁੱਕੀਆਂ ਸੋਹਣੀ ਦੇਵੀ ਅੱਖਾਂ ਅੱਜ ਬੇਸਬਰੀ ਨਾਲ ਉਹਦੇ ਹੱਥ ਵੱਲ ਤੱਕ ਰਹੀਆਂ ਸਨ, ਜਿਸ ਹੱਥ ਵਿੱਚ ਉਹ ਨੋਟ ਫੜਿਆ ਹੋਇਆ ਸੀ, ਤੇ ਕਦੀ ਹੱਥ ਵੱਲ ਵੇਖਦੀਆਂ ਸਨ ਕਦੀ ਚੋਰਾਂ ਵਾਂਗ ਓਸ ਇਨਸਪੈਕਟਰ ਵੱਲ ਵੇਖਦੀਆਂ ਸਨ। ਇਕ ਛਿਨ ਲਈ ਉਹ ਰੁਕ ਗਇਆ।

ਓਹ ਸ਼ੈਤਾਨ ਮਨ ਨੂੰ ਸਦਾ ਲਲਚਾਣ ਵਾਲਾ ਜਿਹੜਾ ਰਾਤੀਂ ਓਸ ਨਾਲ ਗੱਲਾਂ ਕਰ ਰਹਿਆ ਸੀ ਮੁੜ ਉੱਠਿਆ। ਉਸਨੇ ਆਪਣੀ ਆਵਾਜ਼ ਉੱਚੀ ਕੀਤੀ ਤੇ ਕੋਸ਼ਸ਼ ਕੀਤੀ ਕਿ **ਨਿਖਲੀਊਧਵ** ਨੂੰ ਇਕ ਵੇਰੀ ਫਿਰ ਅੰਦਰ ਦੀ ਸੁੱਚੀ ਜ਼ਿੰਦਗੀ ਥੀਂ ਉਥਾਨ ਕਰਵਾਕੇ ਬਾਹਰ ਮੁਖੀ ਜ਼ਿੰਦਗੀ ਵਲ ਲੈ ਜਾਵੇ। ਓਹਨੂੰ ਕੀ ਕਰਨਾ ਚਾਹੀਦਾ ਹੈ ਦੇ ਸਵਾਲ ਥੀਂ ਭੁਲਾ ਕੇ ਇਸ ਸਵਾਲ ਵੱਲ ਲੈ ਜਾ ਰਹਿਆ ਸੀ ਕਿ ਇਹਦੇ

ਨਤੀਜੇ ਕੀ ਹੋਣਗੇ ਤੇ ਖਾਸ ਕੀ ਸਿੱਟਾ ਨਿਕਲੇਗਾ।

"ਇਸ ਤੀਮੀਂ ਦਾ ਹੁਣ **ਨਿਖਲੀਊਧਵਾ!** ਤੂੰ ਕੁਛ ਵੀ ਨਹੀਂ ਸੰਵਾਰ ਸੱਕਦਾ," ਓਸ ਆਵਾਜ਼ ਨੇ ਓਹਨੂੰ ਕਹਿਆ; "ਇਉਂ ਕਰਕੇ ਤੂੰ ਆਪਣੇ ਗਲੇ ਇਕ ਪੱਥਰ ਬੰਨ੍ਹ ਲਵੇਂਗਾ ਜਿਹੜਾ ਤੈਨੂੰ ਨਾਲੇ ਲੈ ਕੇ ਡੁਬੇਗਾ ਤੇ ਤੈਨੂੰ ਹੋਰ ਕਿਸੀ ਕਾਰੇ ਦਾ ਵੀ ਨਹੀਂ ਰਹਿਣ ਦੇਵੇਗਾ.........ਤੇ ਕੀ ਇਸ ਥੀਂ ਵਧੀਕ ਚੰਗਾ ਇਹ ਤੇਰੇ ਲਈ ਨਹੀਂ ਹੋਵੇਗਾ ਕਿ ਜਿੰਨੇ ਰੁਪੈ ਇਸ ਵੇਲੇ ਤੇਰੇ ਪਾਸ ਹਨ ਓਹ ਇਸਨੂੰ ਦੇ ਦੇਵੇਂ, ਸਦਾ ਲਈ **ਅਲਵਿਦਾ** ਕਹਿ ਦੇਵੇਂ ਤੇ ਸਦਾ ਲਈ ਇਹਦਾ ਪਿੱਛਾ ਛੱਡ ਦੇਵੇਂ," ਉਸ ਸ਼ੈਤਾਨੀ ਆਵਾਜ਼ ਨੇ ਓਹਦੇ ਨਾਲ ਗੋਸ਼ਾ ਕੀਤਾ।

ਪਰ ਇਸ ਘੜੀ ਓਹ ਇਹ ਵੀ ਪ੍ਰਤੀਤ ਕਰ ਰਹਿਆ ਸੀ ਕਿ ਉਹਦੇ ਅੰਦਰ ਇਕ ਬੜੀ ਹੀ **ਅਰਥਗਰਭਿਤ** ਘਟਨਾ ਹੋ ਰਹੀ ਹੈ।ਤੇ ਇੰਨਾਂ ਬੱਸ ਸੀ, ਕਿ ਉਹਦੇ ਆਤਮਾਂ ਦੀ ਜ਼ਿੰਦਗੀ,ਤੱਕੜੀ ਦੇ ਛਾਬੜੇ ਪਈ ਤੁਲ ਰਹੀ ਸੀ। ਜਰਾ ਕੁ ਭਾਰ ਜਿਧਰ ਪਾਇਆ ਓਹ ਪਲੜਾ ਡੁਬ ਜਾਊ। ਤੁਲਣ ਮੁਕਾਣ ਵਾਲੀ ਕੋਸ਼ਸ਼ ਉਸਨੇ ਇਹ ਕੀਤੀ ਕਿ ਓਸ ਰੱਬ ਅੱਗੇ ਯਾਚਨਾ ਸ਼ੁਰੂ ਕੀਤੀ ਜਿਹੜਾ ਪਰਸੋਂ ਹੀ ਉਸ ਅੰਦਰ ਆਇਆ ਸੀ ਤੇ ਰੱਬ ਨੇ ਇਸ ਵੇਲੇ ਵੀ ਉਹਦੀ ਅਰਦਾਸ ਕਬੂਲ ਕਰਕੇ ਓਹਦੀ ਤੁਰਤ ਫੁਰਤ ਬਾਹੁੜੀ ਕੀਤੀ।

ਓਸ ਪੱਕਾ ਇਰਾਦਾ ਕਰ ਲਇਆ ਕਿ ਉਹ ਹੁਣੇ ਹੀ ਓਹਨੂੰ ਸਭ ਕੁਛ ਕਹਿ ਸੁਣਾਵੇਗਾ। ਬੱਸ ਤੁਰਤ ਹੀ–

"ਕਾਤੂਸ਼ਾ ! ਮੈਂ ਤੇਰੇ ਪਾਸੋਂ ਮਾਫ਼ੀ ਮੰਗਣ ਆਇਆ ਹਾਂ–ਤੇ ਤੂੰ ਮੈਨੂੰ ਹਾਲੇਂ ਤਕ ਕੋਈ ਉੱਤਰ ਨਹੀਂ ਦਿੱਤਾ। ਕੀ ਤੂੰ ਮੈਨੂੰ ਬਖਸ਼ ਦਿੱਤਾ ਹੈ ? ਕੀ ਤੂੰ ਮੈਨੂੰ ਕਦੀ ਵੀ ਮਾਫ਼ ਕਰੇਂਗੀ ?''

ਪਰ ਉਸ ਇਹ ਗੱਲ ਉਹਦੀ ਕਿਉਂ ਸੁਣਨੀ ਸੀ, ਓਹ ਤਾਂ ਯਾ ਉਹਦੇ ਹੱਥ ਵੱਲ ਵੇਖ ਰਹੀ ਸੀ ਯਾ ਇਨਸਪੈਕਟਰ ਵਲ । ਜਦ ਹੀ ਇਨਸਪੈਕਟਰ ਨੇ ਮੁੜ ਉਨ੍ਹਾਂ ਵੱਲ ਕੰਢਾ ਕੀਤੀ, ਤਦ ਛੇਤੀ ਦੇ ਕੇ ਓਸ ਆਪਨਾ ਹੱਥ ਨੋਟ ਵੱਲ ਖੜਿਆ ਤੇ ਨੋਟ ਲੈ ਕੇ ਆਪਣੀ ਪੇਟੀ ਵਿੱਚ ਦੀ ਲੁਕਾ ਲਇਆ ।

''ਇਹ ਬੜੀ ਓਪਰੀ ਜੇਹੀ ਗੱਲ ਹੈ, ਆਪ ਜੋ ਕਹਿ ਰਹੇ ਹੋ,'' ਓਹਨੇ ਇਕ ਲਾਪਰਵਾਹੀ ਦੀ ਨਿਗਾਹ ਨਾਲ ਕਹਿਆ ਤੇ ਨਿਖਲੀਊਧਵ ਨੇ ਇਉਂ ਹੀ ਜਾਤਾ ।

ਨਿਖਲੀਊਧਵ ਨੂੰ ਪ੍ਰਤੀਤ ਹੋਇਆ ਕਿ ਮਸਲੋਵਾ ਦੇ ਅੰਦਰ ਕੋਈ ਐਸਾ ਬੈਠਾ ਸੀ ਜਿਹੜਾ ਓਹਦਾ ਵੈਰੀ ਸੀ ਤੇ ਜਿਹੜਾ ਓਹਨੂੰ ਉਹਦੇ ਅੱਜ ਕਲ ਦੀ ਜ਼ਿੰਦਗੀ ਤੇ ਹਾਲਤਾਂ ਲਈ ਪੁਚਕਾਰ ਰਹਿਆ ਸੀ ਤੇ ਉਸ ਕਰਕੇ ਹੀ ਉਹ ਉਹਦੇ ਦਿਲ ਤਕ ਨਹੀਂ ਸੀ ਅੱਪੜ ਰਹਿਆ। ਪਰ ਅਜੀਬ ਗੱਲ ਕਹਿਣ ਦੀ ਇਹ ਹੈ ਕਿ ਇਹੋ ਜੇਹੀਆਂ ਸੋਚਾਂ ਕਰਦਿਆਂ ਵੀ ਓਹ ਉਸ ਪਾਸੋਂ ਉਪਰਾਮ ਨਹੀਂ ਸੀ ਹੁੰਦਾ। ਕਿਸੀ ਨਵੀਂ ਤੇ ਅਜੀਬ ਤਾਕਤ ਦਾ ਪ੍ਰੇਰਿਆ, ਉਸ ਵੱਲ ਖਚੀਂਦਾ ਜਾਂਦਾ ਸੀ।

ਉਹ ਜਾਣ ਰਹਿਆ ਸੀ ਕਿ ਓਹਨੇ ਉਹਦੇ ਰੂਹ ਨੂੰ ਜਗਾਣਾ ਹੈ, ਜ਼ਰੂਰ ਹੀ ਜਗਾਣਾ ਹੈ, ਤੇ ਇਹ ਕੰਮ ਬੜਾ ਭਿਆਨਕ ਤਰਾਂ ਦਾ ਕਠਿਨ ਜਰੂਰ ਹੈ। ਪਰ ਉਸ ਕਰਨਾ ਹੈ, ਕਰਨਾ ਹੈ ਤੇ ਉਹਦੀ ਕਠਿਨਤਾਈ ਹੀ ਓਹਨੂੰ ਉਹਦੇ ਕਰਨ ਵੱਲ ਖਿੱਚ ਰਹੀ ਸੀ।

ਇਸ ਵੇਲੇ ਓਹ ਐਸੀਆਂ ਰੂਹ ਜ਼ੁੰਬਸ਼ਾਂ ਵਿੱਚ ਸੀ ਜਿਹੜੀਆਂ ਕਦੀ ਓਸ ਇਸ ਵੱਲ ਯਾ ਕਿਸੀ ਹੋਰ ਵੱਲ ਨਹੀਂ ਸੀ ਪ੍ਰਤੀਤ ਕੀਤੀਆਂ। ਇਨ੍ਹਾਂ ਰੂਹ ਦੀਆਂ ਹਿੱਲਾਂ ਤੇ ਕਾਂਬਿਆਂ ਵਿੱਚ, ਕੁਛ ਜ਼ਾਤੀ ਫਾਇਦੇ ਦਾ ਖਿਆਲ ਉੱਕਾ ਨਹੀਂ ਸੀ, ਓਸ ਪਾਸੋਂ ਆਪਣੇ ਲਈ ਉਹ ਕੁਛ ਨਹੀਂ ਸੀ ਚਾਹ ਰਹਿਆ।

ਉੱਕਾ ਨਹੀਂ, ਉਹ ਸਿਰਫ ਇਹ ਚਾਹ ਰਹਿਆ ਸੀ ਕਿ ਓਹ ਇਹ ਨ ਰਵ੍ਹੇ ਜੋ ਹੁਣ ਓਹ ਹੈ ਤੇ ਇਹ ਕਿ ਉਹ ਫਿਰ ਜਾਗ ਪਵੇ ਤੇ ਹੋ ਜਾਵੇ ਉਹ ਜੋ ਉਹ ਕਦੀ ਸੀ।

"**ਕਾਤੂਸ਼ਾ**! ਤੂੰ ਇਸ ਤਰਾਂ ਕਿਉਂ ਬੋਲ ਰਹੀ ਹੈਂ ? ਮੈਂ ਤੈਨੂੰ ਜਾਣਦਾ ਹਾਂ, ਤੂੰ ਮੈਨੂੰ ਚੰਗੀ ਤਰਾਂ ਯਾਦ ਹੈਂ ਤੇ ਉਹ **ਪਾਨੋਵੋ** ਵਿੱਚ ਕੱਠੇ ਕੱਟੇ ਦਿਨ !"

"ਗੁਜਰ ਗਈਆਂ ਗੱਲਾਂ ਨੂੰ ਕਾਹਨੂੰ ਯਾਦ ਕਰਨਾ ਜੀ?" ਓਸ ਖੁਸ਼ਕ ਜੇਹਾ ਉੱਤਰ ਦਿੱਤਾ।

"ਮੈਂ ਉਨ੍ਹਾਂ ਨੂੰ ਯਾਦ ਕਰ ਰਹਿਆ ਹਾਂ ਕਿ ਜੋ ਕੁਛ ਮੈਂ ਥੀਂ ਵਿਗੜਿਆ ਹੈ ਮੈਂ ਓਹਨੂੰ ਸਿੱਧਾ ਕਰਾਂ ਤੇ ਆਪਣੇ ਪਾਪ ਦਾ ਕੁਛ ਪ੍ਰਾਸਚਿੱਤ ਕਰ ਸੱਕਾਂ, **ਕਾਤੂਸ਼ਾ**", ਤੇ ਉਹ ਕਹਿਣ ਹੀ ਲੱਗਾ ਸੀ ਕਿ ਉਹ ਓਹਨੂੰ ਵਿਆਹੁਣਾ ਚਾਹੁੰਦਾ ਹੈ। ਪਰ

ਉਹਦੀਆਂ ਅੱਖਾਂ ਨਾਲ ਜਦ ਇਹਦੀਆਂ ਅੱਖਾਂ ਮਿਲੀਆਂ ਤਦ ਉਨਾਂ ਵਿੱਚ ਐਸੀ ਕੋਈ ਹੌਲਨਾਕ, ਮੋਟੀ, ਭੈੜੀ ਘ੍ਰਿਣਾ ਪੈਦਾ ਕਰਨ ਵਾਲੀ ਚੀਜ਼ ਤੱਕੀ ਕਿ ਉਹ ਅੱਗੇ ਫਿਰ ਬੋਲ ਹੀ ਨ ਸੱਕਿਆ।

ਇਸ ਸਮੇਂ ਹੋਰ ਮੁਲਾਕਾਤਾਂ ਕਰਨ ਵਾਲੇ ਆਏ ਬੰਦੇ ਮੁੜਨ ਲੱਗ ਗਏ ਸਨ, ਇਨਸਪੈਕਟਰ **ਨਿਖਲੀਊਧਵ** ਪਾਸ ਆਕੇ ਕਹਿਣ ਲੱਗਾ, ਕਿ ਵਕਤ ਹੋ ਗਇਆ ਹੈ।

"ਗੁਡ ਬਾਈ, ਅੱਲਾ ਹੀ ਅੱਲਾ, ਲਓ—ਮੈਂ ਹਾਲੇਂ ਤੈਨੂੰ ਬਹੁਤ ਕੁਛ ਕਹਿਣਾ ਸੀ ਪਰ ਹੁਣ ਤੂੰ ਦੇਖ ਹੀ ਰਹੀ ਹੈਂ ਹੋਰ ਗੱਲਾਂ ਕਰਨਾ ਨਾਮੁਮਕਿਨ ਹੋ ਚੁੱਕਾ ਹੈ," **ਨਿਖਲੀਊਧਵ** ਨੇ ਕਿਹਾ ਤੇ ਆਪਣਾ ਹੱਥ ਅੱਗੇ ਕੀਤਾ—"ਮੈਂ ਮੁੜ ਆਵਾਂਗਾ।"

**ਮਸਲੋਵਾ** ਆਜਜ਼ੀ ਜੇਹੀ ਨਾਲ ਉੱਠੀ ਤੇ ਉਡੀਕ ਕਰ ਰਹੀ ਸੀ ਕਿ ਓਹ ਉਹਨੂੰ ਕਹੇਗਾ ਜਾਹ।

"ਮੇਰੇ ਖਿਆਲ ਵਿੱਚ ਆਪ ਨੇ ਜੋ ਕੁਛ ਕਹਿਣਾ ਸੀ ਕਹਿ ਦਿੱਤਾ ਹੈ।"

ਉਸਨੇ **ਨਿਖਲੀਊਧਵ** ਦਾ ਹੱਥ ਪਕੜਿਆ ਪਰ ਦਬਾਇਆ ਨਹੀਂ।

"ਨਹੀਂ, ਮੈਂ ਤੈਨੂੰ ਮਿਲਣ ਦੀ ਫਿਰ ਕੋਸ਼ਸ਼ ਕਰਾਂਗਾ, ਐਸੀ ਕਿਸੀ ਥਾਂ ਜਿੱਥੇ ਅਸੀਂ ਖੁਲ੍ਹੀ ਗੱਲ ਬਾਤ ਕਰ ਸੱਕਾਂਗੇ, ਤੇ ਫਿਰ ਤਾਂ ਮੈਂ ਤੈਨੂੰ ਦੱਸਾਂਗਾ ਜੋ ਮੈਂ ਕਹਿਣਾ ਹੈ। ਇਕ ਬੜੀ ਜਰੂਰੀ ਗੱਲ ਹੈ।"

"ਤਾਂ ਫਿਰ ਆਪ ਨੇ ਆਵਣਾ, ਕਿਉਂ ਨਹੀਂ," ਉਸ ਉੱਤਰ ਦਿੱਤਾ ਤੇ ਉਸੀ ਤਰਾਂ ਉਸ ਵੱਲ ਤੱਕਦੀ ਮੁਸਕਰਾਈ

ਜਿਵੇਂ ਉਹ ਉਨ੍ਹਾਂ ਆਦਮੀਆਂ ਨੂੰ ਤੱਕ ਕੇ ਮੁਸਕਰਾਣ ਦੀ ਆਦਤ ਵਿੱਚ ਸੀ ਜਿਨ੍ਹਾਂ ਨੂੰ ਉਹ ਲੁਭਾਣਾ ਲਲਚਾਣਾ ਚਾਹੁੰਦੀ ਸੀ।

"ਤੂੰ ਮੇਰੇ ਲਈ ਮੇਰੀ ਭੈਣ ਥੀਂ ਵਧ ਕੋਈ ਚੀਜ਼ ਹੈ," ਨਿਖਲੀਊਧਵ ਨੇ ਕਹਿਆ।

"ਇਹ ਕੇਹੀ ਅਣੋਖੀ ਜੇਹੀ ਗੱਲ ਹੈ," ਸਿਰ ਹਿਲਾ ਕੇ ਉਸ ਮੁੜ ਕਹਿਆ ਤੇ ਜਾਲੀ ਦੇ ਪਿੱਛੇ ਚਲੀ ਗਈ।

## ਕਾਂਡ ੪੪

ਇਸ ਮੁਲਾਕਾਤ ਥੀਂ ਪਹਿਲਾਂ **ਨਿਖਲੀਊਧਵ** ਨੂੰ ਖਿਆਲ ਸੀ ਕਿ ਬੱਸ ਉਹਨੂੰ ਮਿਲਣ ਦੀ ਢਿੱਲ ਹੈ, ਤੇ ਜਦ **ਮਸਲੋਵਾ** ਨੂੰ ਉਹਦੀ ਸੇਵਾ ਕਰਨ ਦੀ ਅੰਦਰਲੀ ਨੀਤੀ ਦਾ ਪਤਾ ਲੱਗ ਜਾਵੇਗਾ, ਤਦ **ਕਾਤੂਸ਼ਾ** ਓਸ ਉੱਪਰ ਰਾਜੀ ਬਾਜੀ ਹੋ ਜਾਏਗੀ ਤੇ ਇਹਦੇ ਸੱਚੇ ਪਸਚਾਤਾਪ ਤੇ ਮਾਫ਼ੀ ਮੰਗਣ ਤੇ ਉਹਦਾ ਦਿਲ ਪੰਘਰ ਪਵੇਗਾ, ਮੁੜ **ਕਾਤੂਸ਼ਾ** ਉਹ **ਕਾਤੂਸ਼ਾ** ਹੋ ਜਾਸੀ। ਪਰ ਓਹਨੂੰ ਬੜਾ ਖੌਫ ਲੱਗਾ, ਜਦ ਓਸ ਇਹ ਆਪਣੀ ਅੱਖੀਂ ਅੱਜ ਤੱਕਿਆ, ਕਿ ਉਹ **ਕਾਤੂਸ਼ਾ** ਰਹੀ ਹੀ ਨਹੀਂ। ਉਹਦੀ ਥਾਂ ਤਾਂ ਬੱਸ **ਮਸਲੋਵਾ** ਹੀ **ਮਸਲੋਵਾ** ਹੈ। ਇਸ ਗੱਲ ਨੇ ਉਹਦੇ ਮਨ ਨੂੰ ਹੈਰਾਨ ਵੀ ਕੀਤਾ ਤੇ ਓਹਦੇ ਦਿਲ ਨੂੰ ਭੈ ਭੀਤ ਕਰ ਦਿੱਤਾ।

ਜਿਸ ਗੱਲ ਨੇ ਉਹਨੂੰ ਸਭ ਥੀਂ ਜ਼ਿਆਦਾ ਹੈਰਾਨ ਕੀਤਾ ਸੀ ਓਹ ਇਹ ਸੀ, ਕਿ **ਕਾਤੂਸ਼ਾ** ਆਪਣੀ ਹਾਲਤ ਉੱਪਰ ਨਾਦਮ ਹੀ ਨਹੀਂ ਰਹੀ ਸੀ, ਇਹ ਜੇਲ ਵਿਚ ਕੈਦਣ ਹੋਣ ਦੀ ਹਾਲਤ ਨਹੀਂ, ਉਹਦੀ ਵੈਸ਼ੀਆ ਹੋਣ ਦੀ ਹਾਲਤ—ਇਸ ਬੈੜੀ ਹਾਲਤ ਨਾਲ ਇਉਂ ਜਾਪਿਆ ਕਿ ਉਹ ਰਾਜੀ ਸੀ ਤੇ ਉਹਦਾ ਉਹਨੂੰ

ਕੁਛ ਮਾਣ ਵੀ ਹੁੰਦਾ ਸੀ, ਤੇ ਹੋਰ ਹੋਵੇ ਵੀ ਕੀ ? ਹਰ ਇਕ ਬੰਦੇ ਨੂੰ ਆਪਣਾ ਕਰਮ ਕਰਨ ਲਈ ਇਹ ਜਰੂਰ ਹੁੰਦਾ ਹੈ ਕਿ ਉਹ ਆਪਣੇ ਕਰਮ ਨੂੰ ਜਰੂਰੀ ਕਰਨ ਵਾਲਾ ਤੇ ਚੰਗਾ ਸਮਝੇ । ਇਸ ਵਾਸਤੇ ਜਿਵੇਂ ਜਿਸ ਕਿਸੀ ਹਾਲਤ ਵਿੱਚ ਕੋਈ ਹੁੰਦਾ ਹੈ ਓਹਨੂੰ ਹੋਰ ਲੋਕਾਂ ਆਮਾਂ ਦੀ ਜ਼ਿੰਦਗੀ ਦਾ ਵੀ ਦ੍ਰਿਸ਼ ਓਹੋ ਆਪਣੀ ਨਜ਼ਰ ਥੀਂ ਹੀ ਬਣਾਣਾ ਜਰੂਰੀ ਪੈਂਦਾ ਹੈ, ਜਿਸ ਕਰਕੇ ਓਹਦਾ ਆਪਣਾ ਕਸਬ ਓਹਨੂੰ ਆਪ ਨੂੰ ਚੰਗਾ ਤੇ ਜਰੂਰੀ ਲੱਗ ਪਏ ।

ਇਹ ਆਮ ਚਿਤਵਿਆ ਜਾਂਦਾ ਹੈ ਕਿ ਚੋਰ, ਖ਼ੂਨੀ, ਸੂਹੀਆਂ, ਵੈਸ਼ੀਆ, ਆਪਣੇ ਕਸਬਾਂ ਨੂੰ ਮਾੜਾ ਮਨ ਕੇ ਉਨ੍ਹਾਂ ਕਸਬਾਂ ਥੀਂ ਨਾਦਮ ਹਨ । ਪਰ ਇਸ ਥੀਂ ਉਲਟ ਸੱਚ ਹੈ ਕਿ ਜਿੱਥੇ ਉਨ੍ਹਾਂ ਦੀਆਂ ਮਾੜੀਆਂ ਕਿਸਮਤਾਂ ਯਾ ਉਨ੍ਹਾਂ ਦੇ ਗੁਨਾਹਾਂ, ਗਲਤੀਆਂ ਨੇ ਉਨ੍ਹਾਂ ਨੂੰ ਪਹੁੰਚਾ ਦਿੱਤਾ ਹੈ, ਭਾਵੇਂ ਓਹ ਥਾਂ ਕੂੜੀ ਵੀ ਹੋਵੇ, ਜ਼ਿੰਦਗੀ ਦੀ ਉਹੋ ਝਾਕੀ ਉਹ ਆਪਣੀਆਂ ਅੱਖਾਂ ਅੱਗੇ ਬੰਨ੍ਹਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਆਪਣਾ ਕਸਬ ਹੀ ਚੰਗਾ ਦਿੱਸ ਆਵੇ, ਤੇ ਉਨ੍ਹਾਂ ਨੂੰ ਆਪਣਾ ਕਸਬ ਕਰੀ ਜਾਣ ਦੀ ਆਗਿਆ ਮਿਲ ਸੱਕੇ । ਜ਼ਿੰਦਗੀ ਦੇ ਇਓਂ ਬੰਨੇ ਦ੍ਰਿਸ਼ਾਂ ਨੂੰ ਕਾਇਮ ਰੱਖਣ ਲਈ ਓਹ ਆਪਣੇ ਚੌਗਿਰਦ ਉਨ੍ਹਾਂ ਲੋਕਾਂ ਦਾ ਹੀ ਦਾਇਰਾ ਬੰਨ੍ਹਦੇ ਹਨ ਜਿਹੜੇ ਉਨ੍ਹਾਂ ਦੇ ਇਸ ਖਿਆਲ ਨਾਲ ਹਮ ਖਿਆਲ ਹੋਣ ਤੇ ਜਿਨ੍ਹਾਂ ਵਿੱਚ ਬਹਿਣ ਨੂੰ ਉਨ੍ਹਾਂ ਨੂੰ ਵੀ ਸੁਖਾਲੀ ਥਾਂ ਮਿਲ ਸੱਕੇ । ਇਹ ਗੱਲ ਸਾਨੂੰ ਹੈਰਾਨ ਤਾਂ ਜਰੂਰ ਕਰਦੀ ਹੈ ਜਦ ਇਹੋ ਜੇਹੇ ਲੋਕੀ ਚੋਰ ਹੁੰਦੇ ਆਪਣੀ ਚੋਰੀ ਯਾਰੀ ਦੇ ਕਰਤਬਾਂ ਦੀਆਂ ਤਰੀਫਾਂ ਕਰਦੇ ਹਨ । ਵੈਸ਼ੀਆ ਆਪਣੇ ਖਰਾਬ ਹੋਣ ਨੂੰ ਦੱਸ ਦੱਸ ਕੇ ਮਾਣ ਕਰਦੀ ਹੈ. ਖ਼ੂਨੀ ਆਪਣੀ

ਬੇਤਰਸੀ ਦਾ ਜ਼ਿਕਰ ਕਰਕੇ ਖੁਸ਼ ਹੁੰਦਾ ਹੈ–ਪਰ ਇਹ ਗੱਲ ਸਾਨੂੰ ਅਚਰਜ ਤਾਂ ਕਰਦੀ ਹੈ ਜਦ ਅਸੀਂ ਉਸ ਦਾਇਰੇ ਤੇ ਉਸ ਵਾਯੂਮੰਡਲ ਨੂੰ ਜਿਨ੍ਹਾਂ ਵਿੱਚ ਇਹੋ ਜੇਹੇ ਗੰਦੇ ਲੋਕੀ ਜੀਂਦੇ ਹਨ, ਨਿੱਕਾ ਜੇਹਾ ਸਮਝਦੇ ਹਾਂ ਤੇ ਖਾਸ ਕਰ ਜਦ ਅਸੀਂ ਆਪਣੇ ਆਪ ਨੂੰ ਉਸ ਥੀਂ ਬਾਹਰ ਸਮਝ ਬੈਠਦੇ ਹਾਂ। ਕੀ ਓਹੋ ਹੀ ਗੱਲ ਹੁੰਦੀ ਸਾਨੂੰ ਸਾਡੇ ਸਾਹਮਣੇ ਨਹੀਂ ਦਿਸਦੀ ਜਦ ਅਸੀਂ ਅਮੀਰਾਂ ਨੂੰ ਆਪਣੀ ਦੌਲਤ ਦਾ ਮਾਣ ਕਰਦੇ ਵੇਂਹਦੇ ਹਾਂ; ਦੌਲਤ, ਲੁਟ। ਜਦ ਫੌਜਾਂ ਦੇ ਕਮਾਨ ਅਫਸਰ ਆਪਣੀਆਂ ਜਿੱਤਾਂ ਦੀਆਂ ਤਰੀਫਾਂ ਕਰਦੇ ਹਨ, ਜਿੱਤਾਂ? ਖੂਨ; ਤੇ ਜਦ ਓਹ ਲੋਕੀ ਜਿਹੜੇ ਉੱਪਰਲੇ ਰੁਤਬਿਆਂ ਵਿੱਚ ਹਨ, ਆਪਣੀ ਤਾਕਤ ਦਾ ਮਾਣ ਕਰਦੇ ਹਨ: ਦੂਜਿਆਂ ਉੱਪਰ ਜ਼ੁਲਮ ਕਰਨ ਦਾ ਮਾਣ? ਉਹ ਕੀ, **ਤਸ਼ੱਦਦ;** ਤਾਂ ਅਸੀਂ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਤੇ ਆਪਣੇ ਬੱਝੇ ਨਜ਼ਾਰਿਆਂ ਦੇ ਬਿਗੜੇ ਰੂਪ ਨੂੰ ਇਸ ਕਰਕੇ ਨਹੀਂ ਵੇਖਦੇ ਕਿ ਇਹ ਦਾਇਰਾ ਵੱਡਾ ਹੈ ਤੇ ਅਸੀਂ ਆਪ ਉਸ ਦਾਇਰੇ ਵਿੱਚ ਹਾਂ।

ਇਹ ਤ੍ਰੀਕਾ ਸੀ ਜਿਸ ਨਾਲ **ਮਸਲੋਵਾ** ਆਪਣੀ ਰਹਿਣ ਦੀ ਥਾਂ, ਹਾਲਤ ਤੇ ਜ਼ਿੰਦਗੀ ਦੇ ਦ੍ਰਿਸ਼ ਬੰਨ੍ਹੀ ਬੈਠੀ ਸੀ। ਉਹ ਵੇਸ਼ੀਆ ਸੀ, ਜਿਸਨੂੰ **ਸਾਈਬੇਰੀਆ** ਜਲਾਵਤਨੀ ਦੀ ਸਜ਼ਾ ਹੋ ਚੁੱਕੀ ਸੀ, ਤੇ ਇੰਨਾ ਦੁਖ ਕਸ਼ਟ ਹੋਣ ਪਰ ਭੀ ਉਹਦਾ ਜ਼ਿੰਦਗੀ ਦਾ ਇਕ ਨਵਾਂ ਬੱਝਾ ਨਿਹਚਾ ਤੇ ਖਿਆਲ ਸੀ ਜਿਸ ਇਹ ਮੁਮਕਿਨ ਕਰ ਰੱਖਿਆ ਸੀ ਕਿ ਉਹ ਆਪਣੇ ਆਪ ਰਾਜ਼ੀ

ਖੁਸ਼ੀ ਰਹੇ ਤੇ ਇਓਂ ਰਹਿ ਕੇ ਆਪਣੀ ਥਾਂ ਤੇ ਕਸਬ ਦਾ ਮਾਣ ਵੀ ਕਰ ਸੱਕੇ। ਬੱਸ ਇਹ ਉਹਦਾ ਵਿਚਾਰ ਸੀ ਕਿ ਮਰਦਾਂ ਦੀ ਸਭ ਥੀਂ ਉੱਚੀ ਚੰਗਿਆਈ, ਕੀ ਬੁਢਿਆਂ ਦੀ, ਗਭਰੂਆਂ ਦੀ, ਸਕੂਲ ਵਿੱਚ ਪੜ੍ਹਦੇ ਮੁੰਡਿਆਂ ਦੀ, ਜਰਨੈਲਾਂ ਦੀ, ਪੜ੍ਹਿਆਂ ਅਨਪੜ੍ਹਿਆਂ ਦੀ, ਸੋਹਣੀਆਂ ਤੀਮੀਆਂ ਨਾਲ ਵਿਸ਼ੇ ਭੋਗ ਕਰਨ ਤਕ ਦੀ ਹੈ। ਇਸ ਵਾਸਤੇ ਸਭ ਮਰਦ ਭਾਵੇਂ ਉਹ ਕਈ ਤਰਾਂ ਦੇ ਕੰਮਾਂ ਤੇ ਹੋਰ ਰੁਝੇਵਿਆਂ ਦਾ ਦੂਜਾ ਦਿਖਾਵਾ ਕਰ ਰਹੇ ਹੋਣ, ਦਰਹਕੀਕਤ ਆਪਣੇ ਅੰਦਰਲੇ ਵਿੱਚ ਇਸ ਗੱਲ ਥੀਂ ਸਿਵਾ ਕੁਛ ਨਹੀਂ ਹੋਰ ਚਾਹ ਰਹੇ ਹੁੰਦੇ। ਓਹ ਇਕ ਸੋਹਣੀ ਮਨ ਮੋਹਣੀ ਤੀਮੀ ਸੀ, ਤੇ ਉਹਦੇ ਵੱਸ ਵਿੱਚ ਸੀ, ਕਿਸੀ ਮਰਦ ਦੀ ਇਹ ਖਾਹਿਸ਼ ਪੂਰੀ ਕਰੇ ਨ ਕਰੇ ਤੇ ਇਸ ਕਰਕੇ ਉਹ ਆਪ ਵੀ ਇਕ ਜਰੂਰੀ ਤੇ ਲੋੜਵੰਦੀ ਜੰਤੂ ਸੀ। ਉਹਦੀ ਪਹਿਲਾਂ ਦੀ ਤੇ ਹੁਣ ਦੀ ਵੀ ਸਾਰੀ ਦੀ ਸਾਰੀ ਜ਼ਿੰਦਗੀ ਇਓਂ ਚਿਤਵੇ ਵਿਚਾਰਾਂ ਦੇ ਠੀਕ ਹੋਣ ਦੀ ਇਕ ਸਬੂਤ ਤੇ ਗਵਾਹੀ ਸੀ।

ਉਹਦੇ ਪਿਛਲੇ ਦਸ ਸਾਲਾਂ ਦੀ ਜ਼ਿੰਦਗੀ ਵਿੱਚ ਜਿੱਥੇ ਕਿਧਰੇ ਓਹ ਗਈ, ਉਸ ਵੇਖ ਲਇਆ ਸੀ ਕਿ ਸਭ ਮਰਦ, ਨਿਖਲੀਊਧਵ ਥੀਂ ਲੈ ਕੇ ਉਸ ਬੁੱਢੇ ਪੋਲੀਸ ਅਫਸਰ ਤੇ ਜੇਹਲ ਦੇ ਵਾਰਡਰਾਂ ਤਕ, ਸਭ ਉਹਦੀ ਚਾਹਨਾ ਕਰਦੇ ਸਨ, ਕਿਉਂਕਿ ਨ ਉਸ ਵੇਖੇ ਤੇ ਨ ਉਨ੍ਹਾਂ ਲੋਕਾਂ ਵਲ ਉਸ ਧਿਆਨ ਹੀ ਦਿੱਤਾ, ਜਿਨ੍ਹਾਂ ਨੂੰ ਉਹਦੇ ਜਿਸਮ ਦੀ ਕੋਈ ਲੋੜ ਨਹੀਂ ਸੀ। ਇਸ ਵਾਸਤੇ ਉਹਦੇ ਸਾਹਮਣੇ ਸਾਰੀ ਦੁਨੀਆਂ ਇਕ ਐਸੇ ਲੋਕਾਂ ਦਾ ਭੀੜ ਭੜੱਕਾ ਸੀ ਜਿਹੜੇ ਉਸ ਨਫ਼ਸਾਨੀ

ਤ੍ਰਿਸ਼ਨਾਂ ਦੇ ਮਾਰੇ ਭੜਕ ਰਹੇ ਸਨ ਤੇ ਜਿਹੜੇ ਹਰ ਤਰਾਂ ਉਸ ਉੱਪਰ ਆਪਣਾ ਕਬਜ਼ਾ ਜਮਾਣ ਦੀ ਕਰਦੇ ਸਨ, ਧੋਖਾ ਦੇ ਕੇ ਤਾਂ, ਮਾਰ ਕੁੱਟ ਕੇ ਤਾਂ, ਖਰੀਦ ਕੇ ਤਾਂ, ਯਾ ਕਿਸੀ ਹੋਰ ਚਲਾਕੀ ਨਾਲ ਤਾਂ–ਬੱਸ ਗੱਲ ਓਹੋ। ਇਓਂ ਸੀ ਜਿਵੇਂ **ਮਸਲੋਵਾ** ਜ਼ਿੰਦਗੀ ਦੀ ਆਪਣੀ ਝਾਕੀ ਵੇਖ ਰਹੀ ਸੀ, ਤੇ ਜ਼ਿੰਦਗੀ ਦੀ ਇਸ ਝਾਕੀ ਵਿੱਚ ਜੋ ਉਸ ਆਪਣੇ ਲਈ ਬੰਨ੍ਹ ਰੱਖੀ ਸੀ, ਉਹ ਕਿਸੀ ਤਰਾਂ ਸਭ ਥੀਂ ਨੀਵੇਂ ਦਰਜੇ ਦੀ ਤੀਮੀ ਤਾਂ ਨਹੀਂ ਸੀ। ਨਹੀਂ ਓਸ ਵਿੱਚ ਤਾਂ ਕੁਛ ਮੁੱਲ ਰੱਖਣ ਵਾਲੀ ਤੀਮੀ ਸੀ। **ਮਸਲੋਵਾ** ਹੋਰਨਾਂ ਸਭ ਗੱਲਾਂ ਥੀਂ ਵਧ, ਇਸ ਜ਼ਿੰਦਗੀ ਦੀ ਝਾਕੀ ਨੂੰ ਕੀਮਤੀ ਸਮਝਦੀ ਸੀ, ਸਮਝੇ ਵੀ ਨ ਤਾਂ ਕਰੇ ਵੀ ਕੀ। ਜੇ ਇਹ ਝਾਕੀ ਓਹ ਗਵਾ ਬਹਿੰਦੀ ਤਦ ਇਹ ਵੱਡਯਤ ਜਿਹੜੀ ਉਹਨੂੰ ਮਿਲ ਰਹੀ ਸੀ, ਉਹ ਵੀ ਵੰਞਾ ਬਹਿੰਦੀ। ਇਓਂ ਆਪਣੀ ਜ਼ਿੰਦਗੀ ਦੇ ਇਓਂ ਆਏ ਮਹਿਨਿਆਂ ਨੂੰ ਸੰਭਾਲ ਰੱਖਣ ਦੀ ਖਾਤਰ ਉਹ ਸਹਿਜ ਸੁਭਾ ਉਨ੍ਹਾਂ ਲੋਕਾਂ ਦੇ ਟੋਲਿਆਂ ਨਾਲ ਚਮੁਟੀ ਹੋਈ ਸੀ, ਜਿਹੜੇ ਜ਼ਿੰਦਗੀ ਦਾ ਨਜ਼ਾਰਾ ਉਸ ਵਾਂਗ ਹੀ ਬੰਨ੍ਹੀ ਬੈਠੇ ਸਨ।

ਇਹ ਆਪਣੇ ਰੂਹ ਵਿੱਚ ਭਾਂਪ ਕੇ ਕਿ **ਨਿਖਲੀਊਧਵ** ਓਹਨੂੰ ਕਿਸੀ ਹੋਰ ਦੁਨੀਆਂ ਵੱਲ ਲੈ ਜਾਣਾ ਚਾਹੁੰਦਾ ਹੈ, ਓਹ ਉਸ ਅੱਗੇ ਰੋਕਾਂ ਡਾਹ ਰਹੀ ਸੀ। **ਕਾਤੂਸ਼ਾ** ਨੇ ਪਹਿਲਾਂ ਹੀ ਵੇਖ ਲਇਆ ਸੀ ਕਿ ਉਹਦਾ ਆਖਾ ਮੰਨਣ ਨਾਲ ਆਪਣੀ ਜ਼ਿੰਦਗੀ ਦੀ ਲਭੀ ਥਾਂ ਉਹ ਖਵ੍ਹਾ ਬੈਠੇਗੀ, ਤੇ ਉਸ ਨਾਲ ਹੀ ਉਹਦਾ ਉਹ ਆਪ-ਮਤਾ ਟਕਾਣਾ, ਤੇ ਆਪੇ ਦਾ ਮਾਨ ਸ਼ਾਨ ਵੀ

ਚਲਾ ਜਾਵੇਗਾ। ਇਸ ਸਬੱਬ ਕਰਕੇ ਉਸ ਆਪਣੇ ਸਿਰ ਵਿੱਚ ਆਪਣੀ ਅਹਿਲ ਜਵਾਨੀ ਤੇ ਆਪਣੇ ਤਦ ਦੇ ਪਏ **ਨਿਖ-ਲੀਊਧਵ** ਨਾਲ ਤਅੱਲਕਾਤ ਦੀ ਕਹਾਣੀ ਤੇ ਉਹਦੀ ਯਾਦ ਉੱਕਾ ਕੱਢ ਹੀ ਛੱਡੀ ਹੋਈ ਸੀ। ਉਹ ਯਾਦਾਂ, ਉਹਦੀ ਅੱਜ ਕਲ ਦੀ ਜ਼ਿੰਦਗੀ ਦੀ ਬੱਝੀ ਝਾਕੀ ਨਾਲ ਟਾਕਰਾ ਨਹੀਂ ਸਨ ਖਾਂਦੀਆਂ, ਤੇ ਇਸ ਕਰਕੇ ਉਸ ਨੇ ਯਾ ਤਾਂ ਸਭ ਉਨ੍ਹਾਂ ਗੱਲਾਂ ਦੀ ਯਾਦ ਮਾਰ ਮੁਕਾ ਹੀ ਛੱਡੀ ਸੀ, ਯਾ ਉਹ ਕਿਧਰੇ ਦੱਬੀਆਂ, ਅਨਛੋਹੀਆਂ ਐਸੇ ਥਾਂ ਪਈਆਂ ਸਨ ਜਿਸ ਨੂੰ ਉੱਪਰੋਂ ਪੱਥਰ ਦੇ ਫਰਸ਼ ਕਰ ਇਕ ਕਬਰ ਜੇਹੀ ਬਣਾ ਵਿੱਚ ਰੱਖ ਦਿੱਤੀਆਂ ਸਨ, ਜਿੱਥੋਂ ਨਿਕਲ ਨ ਸੱਕਣ। ਇਓਂ ਜਿਵੇਂ ਕਈ ਵੇਰੀ ਮਖਿਆਰੀਆਂ ਆਪਣੇ ਭੁੜੀ ਦੇ ਫਲਾਂ ਨੂੰ ਬਚਾਣ ਲਈ ਬਾਜ ਦਫਾ ਮੋਮ-ਕੀੜੇ ਦੇ ਘੋਂਸਲੇ ਨੂੰ ਉੱਪਰ ਲਿੰਬ ਦਿੰਦੀਆਂ ਹਨ।

ਇਨ੍ਹਾਂ ਸਬੱਬਾਂ ਕਰਕੇ ਅੱਜ ਕਲ ਦਾ **ਨਿਖਲੀਊਧਵ** ਓਹ ਨਹੀਂ ਸੀ, ਜਿਸ ਨੂੰ ਉਸ ਕਦੀ ਆਪਣੇ ਪਾਕ ਪਿਆਰ ਨਾਲ ਪਿਆਰਿਆ ਸੀ। ਬਲਕਿ ਓਹ ਇਕ ਅਮੀਰ ਭਲਾ ਪੁਰਸ਼ ਸੀ ਜਿਸਨੂੰ ਉਹ ਆਪਣੇ ਕੰਮ ਵਿੱਚ ਲਿਆ ਸੱਕਦੀ ਸੀ, ਤੇ ਉਹ ਓਹਨੂੰ ਵਰਤ ਸੱਕਦਾ ਸੀ ਤੇ ਜਿਸ ਨਾਲ ਅਜ ਉਹ ਸਿਰਫ ਓਹੋ ਤਅੱਲਕ ਗੰਢ ਸੱਕਦੀ ਹੈ, ਜਿਹੜਾ ਉਹ ਇਹੋ ਜੇਹਾਂ ਨਾਲ, ਆਮ ਮਰਦਾਂ ਨਾਲ, ਅੱਜ ਕਲ ਗੰਢਦੀ ਹੁੰਦੀ ਸੀ।

"ਨਹੀਂ-ਹਾਏ! ਮੈਂ ਓਹਨੂੰ ਸਭ ਥੀਂ ਜਰੂਰੀ ਕਹਿਣ ਵਾਲੀ ਗੱਲ ਤਾਂ ਕਹਿ ਹੀ ਨਹੀਂ ਸੱਕਿਆ" **ਨਿਖਲੀਊਧਵ**

ਨੇ ਹੋਰ ਸਾਰੇ ਆਏ ਮੁਲਾਕਾਤੀਆਂ ਨਾਲ ਬਾਹਰ ਵਲ ਜਾਂਦੇ ਮਨ ਵਿੱਚ ਸੋਚਿਆ। "ਮੈਂ ਇਹ ਕਿਹਾ ਹੀ ਨਾਂਹ ਕਿ ਮੈਂ ਉਹਨੂੰ ਵਿਆਹੁਣਾ ਲੋਚਦਾ ਹਾਂ। ਮੈਂ ਅੱਜ ਇਓਂ ਕਿਹਾ ਨਹੀਂ, ਪਰ ਮੈਂ ਕਹਾਂਗਾ ਜ਼ਰੂਰ," ਉਸ ਸੋਚਿਆ।

ਓਹੋ ਦੋਵੇਂ ਜੇਲਰ ਓਵੇਂ ਹੀ ਦਰਵਾਜ਼ਿਆਂ ਉੱਪਰ ਖੜੇ ਸਨ ਤੇ ਮੁਲਾਕਾਤੀਆਂ ਨੂੰ ਬਾਹਰ ਗਿਣ ਗਿਣ ਕੇ ਕੱਢ ਰਹੇ ਸਨ ਤੇ ਹਰ ਇਕ ਨੂੰ ਆਪਣੇ ਹੱਥ ਨਾਲ ਛੋਹ ਰਹੇ ਸਨ, ਕਿ ਮਤੇ ਕੋਈ ਫਾਲਤੂ ਬੰਦਾ ਬਾਹਰ ਨ ਚਲਾ ਜਾਵੇ ਯਾ ਉਨ੍ਹਾਂ ਵਿੱਚੋਂ ਕੋਈ ਵਿਚਾਰਾ ਅੰਦਰ ਹੀ ਨ ਰਹਿ ਜਾਵੇ। ਨਿਖਲੀਊਧਵ ਦੇ ਮੋਢਿਆਂ ਉੱਪਰ ਹੁਣ ਵੀ ਹੱਥ ਵੱਜਾ ਪਰ ਹੁਣ ਉਹ ਤੰਗ ਨਹੀਂ ਸੀ ਹੋਇਆ, ਉਸਨੇ ਹੁਣ ਇਹਦਾ ਖਿਆਲ ਹੀ ਨਹੀਂ ਸੀ ਕੀਤਾ।

## ਕਾਂਡ ੪੫

**ਨਿਖਲੀਊਧਵ** ਦੀ ਨੀਤ ਸੀ ਕਿ ਓਹ ਆਪਣੀ ਸਾਰੀ ਬਾਹਰਲੀ ਜ਼ਿੰਦਗੀ ਦਾ ਤਰੀਕਾ ਹੁਣ ਬਦਲ ਸੁੱਟੇ, ਨੌਕਰ ਨੂੰ ਛੁੱਟੀ ਦੇ ਦੇਵੇ, ਆਪਣਾ ਵੱਡਾ ਘਰ ਕਰਾਏ ਤੇ ਚਾਹੜ ਦੇਵੇ–ਤੇ ਆਪ ਕਿਸੀ ਮਕਾਨ ਵਿੱਚ ਹੋਰਨਾਂ ਨਾਲ ਮਿਲ ਕੇ ਰਹਿ ਕੇ ਦਿਨ ਕੱਟੀ ਕਰ ਲਵੇ, ਉਸੀ ਤਰਾਂ ਜਿਵੇਂ ਇਕੱਠੇ ਮਿਲ ਕੇ ਪੜ੍ਹਨ ਵਾਲੇ ਲੜਕੇ ਰਹਿ ਲੈਂਦੇ ਹਨ। ਪਰ **ਅਗਰੇਫੈਨਾ ਪੈਤਰੋਵਨਾ** ਨੇ ਦੱਸਿਆ ਕਿ ਸਰਦੀਆਂ ਥੀਂ ਪਹਿਲਾਂ ਇੰਝ ਕਰਨਾ ਬੇਸੂਦ ਹੋਵੇਗਾ। ਸ਼ਹਿਰ ਦਾ ਘਰ ਗਰਮੀਆਂ ਲਈ ਕੋਈ ਕਰਾਏ ਤੇ ਨਹੀਂ ਲਵੇਗਾ ਤੇ ਨਾਲੇ ਕਿਸੀ ਨਾ ਕਿਸੀ ਤਰਾਂ ਓਹਨੂੰ ਆਪਣੇ ਰਹਿਣ, ਤੇ ਇਹ ਸਭ ਚੀਜ਼ਾਂ ਸਮਾਨ ਰੱਖਣ ਦਾ ਵੀ ਤਾਂ ਕੋਈ ਨ ਕੋਈ ਪ੍ਰਬੰਧ ਕਰਨਾ ਹੀ ਪਵੇਗਾ, ਤੇ ਇਸ ਕਰਕੇ ਆਪਣੀ ਜ਼ਿੰਦਗੀ ਦੇ ਰਹਿਣ ਦੇ ਤ੍ਰੀਕਿਆਂ ਵਿੱਚ ਤਬਦੀਲੀ ਤੇ ਉਹਦੇ ਇਰਾਦੇ ਕਿਸੇ ਸਿਰੇ ਨ ਚੜ੍ਹ ਸੱਕੇ। ਨ ਸਿਰਫ ਪਹਿਲਾਂ ਵਾਂਗ ਸਭ ਕੁਛ ਚਲੀ ਗਇਆ, ਬਲਕਿ ਘਰ ਇਕ ਤਰਾਂ ਦੀ ਨਵੀਂ ਹਿਲ ਚਲ ਨਾਲ ਉਲਟਾ ਭਰ ਗਇਆ। ਊਨੀ ਤੇ ਪੋਸਤੀਨ ਤੇ ਪੋਸਤੀਨਾਂ ਦੀ ਕਿਸਮ ਦੇ ਕੁਲ ਕੱਪੜੇ ਬਾਹਰ ਕੱਢੇ ਗਏ ਤੇ ਉਨ੍ਹਾਂ ਨੂੰ ਧੁਪ ਲਵਾਈ ਜਾ ਰਹੀ ਸੀ। ਨਾਲ ਉਨ੍ਹਾਂ ਨੂੰ ਛੰਡਣ ਫੂਕਣ ਦਾ ਕੰਮ ਅਰੰਭ ਹੋ ਗਇਆ ਸੀ। ਦਰਵਾਨ, ਲੜਕਾ, ਰਸੋਈਆ ਤੇ **ਕੋਰਨੇ** ਆਪ ਸਭ ਇਸ ਕੰਮ ਵਿੱਚ

ਜੁੱਟ ਪਏ ਸਨ। ਕਈ ਤਰ੍ਹਾਂ ਦੀਆਂ ਓਪਰੀਆਂ ਓਪਰੀਆਂ ਅਜੀਬ ਤਰ੍ਹਾਂ ਦੀਆਂ ਪੋਸਤੀਨਾਂ ਜਿਹੜੀਆਂ ਕਦੀ ਵਰਤਨ ਵਿੱਚ ਨਹੀਂ ਸਨ ਆਈਆਂ, ਤੇ ਕਈ ਕਿਸਮਾਂ ਦੀਆਂ ਵਰਦੀਆਂ ਬਾਹਰ ਕੱਢ ਕੇ ਇਕ ਕਿਤਾਰ ਵਿੱਚ ਲਟਕਾਈਆਂ ਗਈਆਂ ਸਨ। ਫਿਰ ਗਲੀਚੇ ਤੇ ਦਰੀਆਂ ਤੇ ਫਰਸ਼ ਤੇ ਫਰਨੀਚਰ ਸਭ ਕੱਢੇ ਗਏ ਸਨ, ਦਰਵਾਨ ਤੇ ਲੜਕੇ ਨੇ ਆਪਣੀਆਂ ਬਾਹਾਂ ਛੁੰਗ ਲਈਆਂ ਤੇ ਲੱਗੇ ਇਨ੍ਹਾਂ ਚੀਜ਼ਾਂ ਨੂੰ ਝਾੜਨ ਫੂਕਨ। ਝਾੜਨ ਵਾਲੇ ਠੀਕ ਤਾਲ ਤੇ ਛੰਡਦੇ ਸਨ, ਤੇ ਕਮਰੇ ਸਾਰੇ, **ਨੈਫ਼ਥੀਲੀਨ** ਦੀ ਬੂ ਨਾਲ ਭਰ ਗਏ ਸਨ।

ਜਦ **ਨਿਖਲੀਊਧਵ** ਅਹਾਤੇ ਵਿੱਚ ਦੀ ਪਾਰ ਲੰਘਿਆ ਤੇ ਖਿੜਕੀ ਵਿੱਚ ਦੀ ਤੱਕਿਆ ਤੇ ਜੋ ਕੁਛ ਇਓਂ ਪਇਆ ਹੋਇਆ ਸੀ ਉਸ ਉੱਪਰ ਨਿਗਾਹ ਮਾਰੀ, ਤਾਂ ਇਨ੍ਹਾਂ ਚੀਜ਼ਾਂ ਨੂੰ ਵੇਖ ਕੇ ਜਿਨ੍ਹਾਂ ਦਾ ਕੋਈ ਵਰਤਨ ਤੇ ਫਾਇਦਾ ਉੱਕਾ ਨਹੀਂ ਸੀ, ਓਹ ਹੈਰਾਨ ਹੋਇਆ—ਉਨ੍ਹਾਂ ਦਾ ਸਿਰਫ ਇਕ ਫਾਇਦਾ ਸੀ। **ਅਗਰੈਫੈਨਾ ਪੈਤਰੋਵਨਾ, ਕੋਰਨੇ,** ਦਰਵਾਨ ਤੇ **ਬਾਏ** ਜੇਹੇ ਨਿਕੰਮੇ ਨੌਕਰਾਂ ਨੂੰ ਇਕ ਵਰਜਸ਼ ਦਾ ਮੌਕਾ ਮਿਲ ਜਾਂਦਾ ਸੀ।

"ਪਰ ਹਾਲੇਂ ਆਪਣੀ ਜ਼ਿੰਦਗੀ ਦੀ ਤਰਜ਼ ਨੂੰ ਬਦਲਣਾ ਕਿਸੇ ਮਤਲਬ ਦਾ ਨਹੀਂ," ਉਸ ਸੋਚਿਆ, "ਜਦ ਤਕ **ਮਸਲੋਵਾ** ਦਾ ਮਾਮਲਾ ਫੈਸਲਾ ਨ ਹੋ ਲਵੇ, ਜੋ ਹੈ ਬੜਾ

ਕਠਿਨ। ਤਦ ਇਹ ਆਪੇ ਹੀ ਬਦਲ ਜਾਵੇਗਾ, ਜਦ ਉਹ ਬਰੀ ਹੋ ਜਾਵੇਗੀ ਯਾ ਜਦ ਮੈਂ ਉਹਦੇ ਮਗਰ ਜਲਾਵਤਨੀ ਵਿੱਚ ਜਾਸਾਂ।''

ਦੂਜੇ ਦਿਨ **ਨਿਖਲੀਊਧਵ** ਕਰਾਏ ਦੀ ਬੱਘੀ ਵਿੱਚ ਬੈਠ ਕੇ ਆਪਣੇ ਵਕੀਲ **ਫਨਾਰਿਨ** ਦੇ ਆਲੀਸ਼ਾਨ ਘਰ ਗਇਆ। ਉਹਦਾ ਘਰ ਖਜੂਰ ਦੇ ਸਾਵੇ ਗਮਲਿਆਂ ਨਾਲ, ਕਈ ਪ੍ਰਕਾਰ ਦੇ ਬੂਟੇ ਬੂਟੀਆਂ ਨਾਲੇ, ਅਜੀਬ ਗਰੀਬ ਪਰਦਿਆਂ ਨਾਲ ਢੱਕਿਆ, ਸਜਿਆ ਸੀ। ਅਸਲੋਂ ਓਹ ਘਰ ਬਹੁਮੁੱਲੇ ਐਸ਼ ਦੇ ਸਾਮਾਨ ਨਾਲ ਭਰਿਆ ਪਇਆ ਸੀ, ਜਿਸ ਥੀਂ ਪਤਾ ਲੱਗਦਾ ਸੀ ਕਿ ਬਹੁਤ ਸਾਰੀ ਨਿਕੰਮੀ ਨਕਦੀ, (ਜਿਹਦੇ ਕਮਾਣ ਵਿੱਚ ਕੋਈ ਮਿਹਨਤ ਨਹੀਂ ਕਰਨੀ ਪਈ) ਜਿਹੜੀ ਸਿਰਫ ਓਹੋ ਲੋਕੀ ਹੀ ਬਾਹਰ ਕੱਢ ਕੱਢ ਦੱਸਦੇ ਹਨ ਤੇ ਨਿਕੰਮਾ ਖਰਚ ਕਰਦੇ ਹਨ ਜਿਹੜੇ ਬਿਨਾਂ ਭੁੜੀ ਦੇ ਯਕਲਖਤ ਦੌਲਤ-ਮੰਦ ਹੋ ਜਾਂਦੇ ਹਨ, ਘਰ ਦੇ ਮਾਲਿਕ ਪਾਸ ਹੈ। ਉਡੀਕ ਕਰਨ ਵਾਲੇ ਕਮਰੇ ਵਿੱਚ, ਜਿਸ ਤਰਾਂ ਡਾਕਟਰਾਂ ਦੇ ਘਰਾਂ ਵਿੱਚ ਹੁੰਦਾ ਹੈ, ਮੇਜ਼ ਉੱਪਰ ਕਈ ਇਕ ਮਾਯੂਸ ਹੋਏ ਲੰਮੇ ਮੂੰਹ ਕੀਤੀ ਲੋਕੀ ਬੈਠੇ ਸਨ। ਮੇਜ਼ ਉੱਪਰ ਕਈ ਤਰ੍ਹਾਂ ਦੀਆਂ ਅਖਬਾਰਾਂ ਪਈਆਂ ਸਨ, ਜਿਹੜੀਆਂ ਇਨ੍ਹਾਂ ਲੋਕਾਂ ਦੇ ਘੜੀ ਦੀ ਘੜੀ ਬੈਠ ਕੇ ਮਨ ਪਰਚਾਵੇ ਲਈ ਰੱਖੀਆਂ ਸਨ। ਉਹ ਸਭ ਆਪਣੀ ਆਪਣੀ ਵਾਰੀ ਦੀ ਉਡੀਕ ਵਿੱਚ ਸਨ, ਕਿ ਕਦ ਉਨ੍ਹਾਂ ਨੂੰ ਵਕੀਲ ਸਹਿਬ ਪਾਸ ਜਾਣਾ ਮਿਲੇਗਾ। ਵਕੀਲ ਦਾ ਅਸਟੰਟ ਇਕ ਕਮਰੇ ਵਿੱਚ ਉੱਚੇ ਡੈਸਕ ਪਰ ਬੈਠਾ ਸੀ, ਤੇ **ਨਿਖਲੀ-**

ਊਧਵ ਨੂੰ ਪਛਾਣ ਕੇ ਛੇਤੀ ਦੇ ਕੇ ਉਸ ਪਾਸ ਆਇਆ ਤੇ ਉਸ ਕਹਿਆ ਕਿ ਉਹਦੇ ਆਵਣ ਦੀ ਖਬਰ ਵਕੀਲ ਸਾਹਿਬ ਨੂੰ ਓਸੇ ਵੇਲੇ ਕਰੇਗਾ। ਹਾਲੇਂ ਅਸਟੰਟ ਹੋਰੀ ਦਰਵਾਜ਼ੇ ਤਕ ਨਹੀਂ ਸਨ ਅੱਪੜੇ ਕਿ ਦਰਵਾਜ਼ਾ ਖੁਲ੍ਹਿਆ, ਤੇ ਵਕੀਲ ਦੇ ਅੰਦਰੋਂ ਉੱਚੀਆਂ ਉੱਚੀਆਂ ਤੇ ਜੋਸ਼ੀਲੀਆਂ ਗੱਲਾਂ ਬਾਤਾਂ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਇਕ ਆਵਾਜ਼ ਤਾਂ ਇਕ ਅਧਖੜ ਉਮਰ ਦੇ ਤਕੜੇ ਭਾਰੇ ਮੁਛੀਲੇ ਰੱਤੇ ਮੂੰਹ ਵਾਲੇ ਸੌਦਾਗਰ ਦੀ ਸੀ, ਜਿਸ ਨਵੇਂ ਕੱਪੜੇ ਪਾਏ ਹੋਏ ਸਨ ਤੇ ਦੂਜੀ ਫਨਾਰਿਨ ਦੀ ਆਪਣੀ ਆਵਾਜ਼ ਸੀ। ਦੋਹਾਂ ਦੇ ਮੂੰਹਾਂ ਉੱਪਰ ਓਹੋ ਰੰਗ ਸੀ ਜਿਹੜਾ ਅਮੂਮਨ ਉਨ੍ਹਾਂ ਉੱਪਰ ਨਜ਼ਰ ਆਉਂਦਾ ਹੈ, ਜਿਹੜੇ ਹੁਣੇ ਹੀ ਕੋਈ ਨਫੇ ਵਾਲਾ ਵਿਹਾਰ ਕਰਕੇ ਉੱਠੇ ਹੋਣ, ਤੇ ਵਿਹਾਰ ਬਾਬਤ ਦੋਹਾਂ ਨੂੰ ਇਲਮ ਹੋਵੇ ਕਿ ਵਿਹਾਰ ਪੂਰੀ ਈਮਾਨਦਾਰੀ ਦਾ ਨਹੀਂ।

"ਆਪ ਜਾਣਦੇ ਹੀ ਹੋ ਜਨਾਬ ਵਾਲਾ—ਇਹ ਆਪ ਦਾ ਹੀ ਕਸੂਰ ਹੈ," ਫਨਾਰਿਨ ਨੇ ਕਹਿਆ।

"ਅਸੀਂ ਸਾਰੇ ਸਿੱਧੇ ਸਵਰਗਾਂ ਨੂੰ ਸਿਧਾਰਦੇ ਜੇ ਆਪਣੇ ਕੀਤੇ ਗੁਨਾਹਾਂ ਦੇ ਨ ਮਾਰੇ ਹੁੰਦੇ!"

"ਆਹਾ! ਆਹਾ! ਇਹ ਗੱਲ ਅਸੀਂ ਸਾਰੇ ਹੀ ਜਾਣਦੇ ਹਾਂ," ਤੇ ਦੋਵੇਂ ਬਨਾਵਟੀ ਜੇਹਾ ਹਾਸਾ ਹੱਸੇ।

"ਆਹਾ! ਜਨਾਬ ਸ਼ਾਹਜ਼ਾਦਾ ਨਿਖਲੀਊਧਵ ਸਾਹਿਬ! ਕਿਰਪਾ ਕਰਕੇ ਅੰਦਰ ਆ ਜਾਓ," ਫਨਾਰਿਨ

ਨੇ ਕਹਿਆ ਜਿਉਂ ਹੀ ਉਸਨੇ ਨਿਖਲੀਊਧਵ ਨੂੰ ਦੇਖਿਆ। ਸੌਦਾਗਰ ਨੂੰ ਸਿਰ ਨਿਵਾ ਕੇ, ਵਿਦਾਇਗੀ ਦਿੱਤੀ, ਤੇ ਨਿਖਲੀਊਧਵ ਨੂੰ ਆਪਣੇ ਗੱਲ ਬਾਤ ਕਰਨ ਵਾਲੇ ਕਮਰੇ ਵਿੱਚ ਲੈ ਗਇਆ। ਇਹ ਕਮਰਾ ਵੀ ਬੜੀ ਹੀ ਕੜੀ ਤੇ ਸਹੀ ਤਰਜ਼ ਨਾਲ ਸਜਾਇਆ ਹੋਇਆ ਸੀ।

"ਕੀ ਆਪ ਸਿਗਰਿਟ ਨਹੀਂ ਪੀਓਗੇ?" ਵਕੀਲ ਨੇ ਨਿਖਲੀਊਧਵ ਦੇ ਸਾਹਮਣੇ ਬਹਿਕੇ ਤੇ ਆਪਣੀ ਮੁਸ-ਕਰਾਹਟ ਨੂੰ ਮੁਸ਼ਕਲ ਨਾਲ ਰੋਕਨ ਦਾ ਸਾਰਾ ਹੀਲਾ ਕਰਕੇ ਕਹਿਆ, ਸਾਫ ਸੀ ਕਿ ਉਹ ਆਪਣੇ ਹੁਣੇ ਕੀਤੇ ਸੌਦੇ ਦੀ ਖੁਸ਼ੀ ਵਿੱਚ ਗੁਦ ਗੁਦਾ ਰਹਿਆ ਸੀ। ਖੁਸ਼ੀ ਓਹਦੀ ਮਿਟ ਨਹੀਂ ਸੀ ਰਹੀ।

"ਮਿਹਰਬਾਨੀ, ਮੈਂ ਮਸਲੋਵਾ ਦੇ ਮੁਕੱਦਮੇਂ ਬਾਬਤ ਆਇਆ ਹਾਂ।"

"ਹਾਂ ਹਾਂ, ਲਓ ਹੁਣੇ ਹੀ–ਪਰ ਉਹ ਇਹ ਮੋਟੇ ਰੁਪੈ ਦੇ ਥੈਲੇ ਜੇਹੇ ਲੋਕੀ ਕੇਹੇ ਬਦਮਾਸ਼ ਹੁੰਦੇ ਹਨ," ਓਸ ਕਹਿਆ। "ਇਹ ਬੰਦਾ ਜਿਹੜਾ ਹੁਣੇ ਇੱਥੇ ਸੀ ਤੁਸਾਂ ਵੇਖਿਆ ਹੈ ਨਾ, ੨੦ ਲੱਖ ਰੂਬਲ ਦਾ ਸਾਈਂ ਜੇ, ਤੇ ਹੈ ਉੱਕਾ ਅਨਪੜ੍ਹ, ਇੰਨਾ ਕਿ "ਹ" ਨੂੰ "ਅ" ਕਰ ਉਚਾਰਦਾ ਜੇ, ਤੇ ਕਿਰਪਣ ਇੰਨਾ ਕਿ ਜੇ ਆਪ ਪਾਸੋਂ ਵੀਹ ਯਾ ਪੰਜਾਹ (੫੦) ਰੂਬਲ ਵੀ ਖਿਸਕਾ ਸਕੇ ਤੇ ਓਹ ਜਰੂਰ ਖਿਸਕਾਇਗਾ ਭਾਵੇਂ ਉਨ੍ਹਾਂ ਦੀਆਂ ਗੰਢਾਂ ਇਹਨੂੰ ਦੰਦਾਂ ਨਾਲ ਨ ਖੋਲ੍ਹਣੀਆਂ ਪੈਣ।

"ਓਹ "ਹ" ਨੂੰ "ਅ" ਉਚਾਰਦਾ ਹੈ ਤੇ ਤੂੰ "ਪੰਜੇ" ਲਫ਼ਜ਼

''ਪੰਜਰ'' ਉਚਾਰਦਾ ਹੈਂ,'' ਨਿਖਲੀਊਧਵ ਨੇ ਆਪਣੇ ਮਨ ਵਿਚ ਕਹਿਆ, ਤੇ ਇਸਨੂੰ ਉਸ ਆਦਮੀ ਵਲ ਇੰਨੀ ਘ੍ਰਿਣਾ ਮਹਿਸੂਸ ਹੋਈ ਕਿ ਕਿਸੀ ਤਰਾਂ ਹਟਾਈ ਜਾ ਹੀ ਨਹੀਂ ਰਹੀ ਸੀ ਸਕਦੀ। ਤੇ ਏਹ ਘ੍ਰਿਣਾ ਨਿਖਲੀਊਧਵ ਨੂੰ ਇਸ ਕਰਕੇ ਹੋਈ ਕਿ ਇਹ ਸ਼ਖਸ ਆਪਣੀ ਖੁਲ੍ਹੀ ਧਿੰਗੋਜੋਰੀ ਤੇ ਬੇਤਕੱਲਫੀ ਨਾਲ ਦਸਨਾ ਚਾਹੁੰਦਾ ਸੀ ਕਿ ਓਹ ਤੇ ਨਿਖਲੀਊਧਵ ਇਕ ਤਬਕੇ, ਇਕ ਦਾਇਰੇ ਦੇ ਅਮੀਰ ਲੋਕੀ ਹਨ ਤੇ ਓਹਦੇ ਹੋਰ ਮਵੱਕਲ ਲੋਕੀ ਨੀਵੇਂ ਦਰਜੇ ਦੇ ਤਬਕੇ ਦੇ ਲੋਕੀ ਹਨ।

''ਓਸ ਸੌਦਾਗਰ ਨੇ ਮੇਰੀ ਜਿੰਦ ਹੀ ਕੱਢ ਲਈ ਸੀ। ਓਹ ਬੜਾ ਹੀ ਭਿਆਨਕ ਬਦਮਾਸ਼ ਹੈ। ਮੈਂ ਇਉਂ ਮਹਿਸੂਸ ਕਰ ਰਹਿਆ ਹਾਂ ਕਿ ਆਪ ਨਾਲ ਇਹ ਗੱਲਾਂ ਕਰਕੇ ਆਪਣੀ ਤਬੀਅਤ ਨੂੰ ਹਲਕਾ ਕਰ ਲਵਾਂ,'' ਵਕੀਲ ਨੇ ਕਹਿਆ, ਜਿਵੇਂ ਓਹ ਇਨ੍ਹਾਂ ਗੱਲਾਂ ਬਾਬਤ ਜ਼ਿਕਰ ਕਰਨ ਲਈ ਜਿਨ੍ਹਾਂ ਦਾ ਇਹਦੇ ਮਾਮਲੇ ਨਾਲ ਕੋਈ ਸੰਬੰਧ ਨਹੀਂ ਸੀ, ਇਕ ਤਰ੍ਹਾਂ ਦੀ ਮਾਫ਼ੀ ਮੰਗ ਰਹਿਆ ਹੈ-''ਅੱਛਾ! ਹੁਣ ਆਪਦੇ ਮੁਕੱਦਮੇਂ ਵੱਲ ਆਈਏ, ਮੈਂ ਬੜੀ ਗਹੁ ਨਾਲ ਮਿਸਲ ਪੜ੍ਹੀ ਹੈ, ਜਿਵੇਂ ਤਰਗਿਨੇਵ ਕਹਿੰਦਾ ਹੈ, ਮੈਂ ਓਹਦੇ ਵਿੱਚ ਲਿਖੀਆਂ ਗੱਲਾਂ ਨੂੰ ਨਾ-ਮਨਜ਼ੂਰ ਕਰਦਾ ਹਾਂ, ਮੇਰਾ ਮਤਲਬ ਹੈ ਕਿ ਓਥੇ ਕੱਚੇ ਵਕੀਲ ਨੇ ਅਪੀਲ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ।''

''ਅੱਛਾ ਫਿਰ ਕੀ ਹੋ ਸਕਦਾ ਹੈ?''

"ਇਕ ਮਿੰਟ ! ਓਹਨੂੰ ਕਹਿੰਦੇ," ਆਪਣੇ ਅਸਟੰਟ ਵਲ ਮੁੜ ਕੇ ਕਹਿੰਦਾ ਹੈ, ਜਿਹੜਾ ਉਸ ਵੇਲੇ ਅੰਦਰ ਆ ਗਇਆ ਸੀ, 'ਕਿ ਮੈਂ ਜੋ ਕੁਛ ਕਿਹਾ ਹੈ ਬਸ ਓਹੋ ਹੀ ਹੋਵੇਗਾ। ਜੇ ਓਹ ਕਰ ਸਕਦਾ ਹੈ ਤਦ ਠੀਕ, ਨਹੀਂ ਤੇ ਨਹੀਂ।"

"ਪਰ ਉਹ ਮੰਨੇਗਾ ਨਹੀਂ।"

"ਚੰਗਾ-ਫਿਰ ਕੁਛ ਪਰਵਾਹ ਨਹੀਂ," ਇਹ ਕਰਕੇ ਓਹਦਾ ਰੌਣਕੀ ਮੂੰਹ ਕੁਛ ਖਫ਼ਾ ਤੇ ਖ਼ੁਸ਼ਕ ਜਿਹਾ ਹੋ ਗਇਆ।

"ਹੁਣ ਇਹ ਤੱਕੋ ! ਇਹ ਕਹਿੰਦੇ ਹਨ ਕਿ ਅਸੀ (ਵਕੀਲ) ਏਵੇਂ ਰੁਪੈ ਲੈ ਲੈਂਦੇ ਹਾਂ," ਕੁਛ ਠਹਿਰ ਕੇ ਮੁੜ ਓਹੋ ਰੌਣਕੀ ਰੰਗ ਆਪਣੇ ਮੂੰਹ ਤੇ ਲਿਆਕੇ ਓਸ ਗਲ ਕੀਤੀ। "ਮੈਂ ਇਕ ਦਵਾਲੀਏ ਨੂੰ ਇਕ ਬਿਲਕੁਲ ਕੂੜੇ ਲੱਗੇ ਦੋਸ਼ ਥੀਂ ਛੁੜਾਇਆ ਹੈ, ਤੇ ਹੁਣ ਸਾਰੇ ਮੇਰੇ ਪਾਸ ਆਉਂਦੇ ਹਨ ਪਰ ਹਰ ਇਕ ਮੁਕਦਮੇਂ ਵਿਚ ਬੜਾ ਕੰਮ ਕਰਨਾ ਪੈਂਦਾ ਹੈ, "ਕੀ ਅਸੀ ਵੀ ਆਪਣੇ ਮਾਸ ਦੇ ਨਿਕੇ ਨਿਕੇ ਟੁਕੜੇ ਕਰ ਦਵਾਤ ਵਿਚ ਨਹੀਂ ਪਾਉਂਦੇ?" ਜਿਸ ਤਰ੍ਹਾਂ ਇਕ ਲੇਖਕ ਨੇ ਲਿਖਿਆ ਹੈ।

"ਅਛਾ-ਓਹ ਆਪਦਾ ਮੁਕੱਦਮਾ ਯਾ ਓਹ ਮੁਕਦਮਾਂ ਜਿਸ ਵਿਚ ਆਪ ਦਿਲਚਸਪੀ ਲੈ ਰਹੇ ਹੋ, ਇਹ ਬੜੀ ਹੀ ਭੈੜੀ ਤਰਾਂ ਕੀਤਾ ਗਇਆ ਹੈ, ਅਪੀਲ ਲਈ ਕੋਈ ਗੁੰਜਾਇਸ਼ ਹੀ ਨਹੀਂ ਰਹਿ ਗਈ ਹੋਈ, ਫਿਰ ਵੀ," ਓਹ ਕਹੀ ਗਿਆ "ਅਸੀ ਕੋਸ਼ਸ਼ ਕਰ ਸਕਦੇ ਹਾਂ ਕਿ ਹੁਕਮ ਮਨਸੂਖ ਹੋ ਜਾਵੇ, ਮੈਂ ਇਹ ਕੁਛ ਲਿਖਿਆ ਹੈ।" ਓਸ ਹੁਣ ਕਈ ਇਕ ਕਾਗਜ਼

ਦੇ ਤਾ ਚੁਕ ਲਏ ਜਿਹੜੇ ਸਾਰੇ ਕਾਲੀ ਸਿਆਹੀ ਦੇ ਲਿਖੇ ਨਾਲ ਭਰੇ ਪਏ ਸਨ ਤੇ ਛੇਤੀ ਛੇਤੀ ਪੜ੍ਹਨ ਲਗ ਗਇਆ। ਕਈ ਫਿਕਰਿਆਂ ਤੇ ਖਾਸ ਜ਼ੋਰ ਦਿੰਦਾ ਸੀ ਤੇ ਕਈ ਖਾਸ ਕਾਨੂੰਨੀ ਸਮਝ-ਨ-ਆਉਣ ਵਾਲੇ ਲਫਜ਼ ਛਡੀ ਜਾਂਦਾ ਸੀ, ਅਪੀ ਕੋਰਟ ਨੂੰ.......................ਫੌਜਦਾਰੀ ਮਹਕਮਾ ਆਦਿ ..............ਆਦਿ...................ਫੈਸਲਿਆਂ ਮੁਤਾਬਕ, ਜੂਰੀ ਦਾ ਫੈਸਲਾ ਵਗੈਰਾ..............................ਫਲਾਂ, ਫਲਾਂ, **ਮਸਲੋਵਾ** ਸੌਦਾਗਰ **ਸਮੈਲਕੋਵ** ਨੂੰ ਜ਼ਹਿਰ ਦੇਕੇ ਮਾਰ ਦੇਣ ਦੇ ਅਪਰਾਧ ਵਿਚ ਦੋਸੀ ਠਹਿਰਾਈ ਗਈ ਹੈ ਤੇ ਮੁਤਾਬਕ ਦਫਾ ੧੪੫੪ ਜ਼ਾਬਤਾ ਫੌਜਦਾਰੀ **ਸਾਈਬੇਰੀਆ** ਦੀ ਸਜ਼ਾਯਾਬ ਹੋਈ'' ...........................ਵਗੈਰਾ ਵਗੈਰਾ।''

ਓਹ ਠਹਿਰ ਗਇਆ, ਸਾਫ ਸੀ ਕਿ ਭਾਵੇਂ ਇਹੋ ਜੇਹੀਆਂ ਗਲਾਂ ਓਹ ਰੋਜ਼ ਲਿਖਦਾ ਸੀ ਤਾਂ ਵੀ ਉਹਨੂੰ ਆਪਣੀ ਲਿਖਾਈ ਉੱਪਰ ਖਾਸ ਖੁਸ਼ੀ ਹੁੰਦੀ ਸੀ। ''ਇਹ ਹੁਕਮ ਆਮ ਤੇ ਸਾਫ਼ ਕੀਤੀਆਂ ਗਈਆਂ **ਜੋਡਸ਼ਿਲ** ਗਲਤੀਆਂ ਤੇ ਬੇਕਾਇਦਗੀ-ਆਂ ਦਾ ਨਤੀਜਾ ਹੈ,'' ਉਹ ਅਸਰ ਪਾਣ ਲਈ ਦਬੀ ਗਇਆ ''ਉਹ ਹੁਕਮ ਮਨਸੂਖ ਕੀਤਾ ਜਾ ਸਕਦਾ ਹੈ। ਪਹਿਲਾਂ ਤਾਂ **ਸਮੈਲਕੋਵ** ਦੀਆਂ ਆਂਦਰਾਂ ਦੇ ਡਾਕਟਰੀ ਮੁਆਇਨੇ ਦੀ ਰਪੋਟ ਦਾ ਪੜ੍ਹਨਾ ਸ਼ੁਰੂ ਵਿਚ ਪ੍ਰਧਾਨ ਨੇ ਰੋਕ ਦਿੱਤਾ ਸੀ ਇਹ ਇਹ ਨੁਕਤਾ ਨੰਬਰ ਪਹਿਲਾ ਹੋਇਆ।''

''ਪਰ ਇਹ ਪੜ੍ਹਨ ਦੀ ਮੰਗ ਤਾਂ ਸਰਕਾਰੀ ਵਕੀਲ ਵਲੋਂ

ਸੀ, ਸਾਡੇ ਵਲੋਂ ਤਾਂ ਨਹੀਂ ਸੀ,'' ਨਿਖਲੀਊਧਵ ਨੇ ਹੈਰਾਨ ਹੋ ਕੇ ਕਹਿਆ।

''ਉੱਕਾ ਕੋਈ ਹਰਜ ਨਹੀਂ, ਅਪੀਲ ਦੀਆਂ ਵਜੂਹਾਤਾਂ ਵਿਚ ਇਹ ਵੀ ਹੋ ਸਕਦਾ ਹੈ ਕਿ ਤੁਹਾਡੀ ਵਲੋਂ ਏਹਦੇ ਪੜ੍ਹਨ ਦੀ ਮੰਗ ਹੋਵੇ।''

''ਆਹ ! ਪਰ ਓਸ ਲਈ ਇਹ ਵਜਾ ਕਿਸੀ ਤਰ੍ਹਾਂ ਨਹੀਂ ਹੋ ਸਕਦੀ ਸੀ।''

''ਅਪੀਲ ਲਈ ਤਾਂ ਇਹ ਦਲੀਲ ਹੋ ਸਕਦੀ ਹੈ, ਅਛਾ ਅਗੇ ਚਲਯੀਏ–''ਦੂਜੇ'' ਓਹ ਪੜ੍ਹੀ ਚਲਾ ਗਇਆ : ''ਜਦ ਮਸਲੋਵਾ ਦਾ ਵਕੀਲ ਸਫਾਈ ਦੀ ਤਕਰੀਰ ਕਰਦਾ ਹੈ ਤੇ ਮਸਲੋਵਾ ਦੀ ਸ਼ਖਸੀਅਤ ਨੂੰ ਮੁਕਰਰ ਕਰਨਾ ਚਾਹੁੰਦਾ ਹੈ ਤੇ ਓਨ੍ਹਾਂ ਸਬੱਬਾਂ ਵਲ ਜਾਂਦਾ ਹੈ ਜਿਹੜੇ ਮਸਲੋਵਾ ਦੀ ਗਿਰਾਵਟ ਦਾ ਬਾਇਸ ਹੋਏ ਸਨ ਤਦ ਪ੍ਰਧਾਨ ਨੇ ਓਹਨੂੰ ਕਹਿਆ ਸੀ ਕਿ ਓਹ ਆਪਣੇ ਮਜ਼ਮੂਨ ਵਲ ਹੀ ਰਵ੍ਹੇ, ਹਾਲਾਂਕਿ ਸੈਨੇਟ ਨੇ ਕਈ ਵੇਰੀ ਹਦਾਇਤਾਂ ਕੀਤੀਆਂ ਹਨ ਕਿ ਮੁਜਰਿਮ ਦੀ ਖਾਸ ਆਦਤਾਂ ਦੀ ਖੋਲਕੇ ਵਿਯਾਖਿਆ ਕਰਨੀ, ਓਨ੍ਹਾਂ ਦੇ ਇਖਲਾਕੀ ਖਿਆਲਾਂ ਨੂੰ ਅਲਗ ਅਲਗ ਕਰਕੇ ਦੱਸਣਾ, ਆਦਿ ਫੌਜਦਾਰੀ ਮੁਕਦਮਿਆਂ ਵਿਚ ਖਾਸ ਮਹਨੇ ਰਖਦਾ ਹੈ, ਭਾਵੇਂ ਹੋਰ ਕੁਛ ਨਹੀਂ, ਤਾਂ ਇਕ ਸੇਧ ਲੈਨ ਨੂੰ ਸਹਾਇਤਾ ਦਿੰਦਾ ਹੈ ਕਿ ਓਸ ਵਿਚ ਸ਼ਖਸੀ ਜ਼ਿੰਮੇਵਾਰੀ ਮੁਜਰਿਮ ਦੀ ਕਿੰਨੀ ਹੈ, ਇਹ ਦੂਜਾ ਨੁਕਤਾ ਹੈ, '' ਓਸ

ਨਿਖਲੀਊਧਵ ਵਲ ਤਕ ਕੇ ਕਹਿਆ।

"ਪਰ ਓਹ ਇੰਨਾ ਭੈੜਾ ਬੋਲਿਆ ਸੀ ਕਿ ਓਹਦੀ ਗੱਲ ਦਾ ਕੋਈ ਸਿਰ ਪੈਰ ਨਹੀਂ ਸੀ ਪਤਾ ਲਗਦਾ," ਨਿਖਲੀਊਧਵ ਨੇ ਹੋਰ ਵੀ ਹੈਰਾਨ ਹੋ ਕੇ ਕਹਿਆ।

"ਓਹ ਤਾਂ ਨਿਰਾਪੂਰਾ ਉੱਲੂ ਹੈ, ਤੇ ਓਸ ਪਾਸੋਂ ਕੋਈ ਅਕਲ ਦੀ ਗੱਲ ਦੀ ਉਮੈਦ ਕਰਨਾ ਹੀ ਬੇਸੁਧ ਹੈ" ਫਨਾਰਿਨ ਨੇ ਹੱਸ ਕੇ ਉਤਰ ਦਿਤਾ "ਪਰ ਤਾਂ ਵੀ ਇਹ ਅਪੀਲ ਦੀ ਵਜ੍ਹਾ ਬਣਾਈ ਜਾ ਸੱਕਦੀ ਹੈ।"

"ਤੀਸਰੇ, ਪ੍ਰਧਾਨ ਨੇ ਜਿਸ ਵਕਤ ਸਾਰੀ ਗੱਲ ਇਕੱਠੀ ਕਰ ਕੇ ਜੂਰੀ ਨੂੰ ਦੱਸੀ ਸੀ, ਓਹ ਦਫਾ ੮੦੧ ਜ਼ਾਬਤਾ ਫੌਜਦਾਰੀ ਦੇ ਸੈਕਸ਼ਨ ੧ ਦੇ ਸਿਧੇ ਮਾਹਨਿਆਂ ਦੇ ਬਰਖਲਾਫ ਸੀ। ਓਹ ਜੂਰੀ ਨੂੰ ਇਹ ਕਹਿਣੋ ਉੱਕ ਗਇਆ ਸੀ ਕਿ ਜੁਡਿਸ਼ਲ ਨੁਕਤਿਆਂ ਥੀਂ ਕਿਹੜੀ ਕਿਹੜੀ ਗੱਲ ਜੁਰਮ ਬਣਾਉਂਦੀ ਹੈ ਤੇ ਓਹ ਇਹ ਭੀ ਕਹਿਣੋ ਉੱਕ ਗਇਆ ਸੀ ਕਿ ਮਸਲੋਵਾ ਜ਼ਹਿਰ ਦੇਣ ਦਾ ਇਕਬਾਲ ਕਰਦੀ ਹੈ, ਤਦ ਜੂਰੀ ਨੂੰ ਕੋਈ ਹਕ ਨਹੀਂ ਸੀ ਕਿ ਓਹ ਓਸ ਦੀ ਨੀਤ ਦੇ ਬੁਰਾ ਹੋਣ ਦਾ ਖ਼ਾਹਮਖ਼ਾਹ ਓਸ ਉੱਪਰ ਦੋਸ਼ ਮੜ੍ਹਣ, ਜਦ ਕਿ ਸਮੇਲਕੋਵ ਨੂੰ ਮਾਰ ਦੇਣ ਲਈ ਹੀ ਜ਼ਹਿਰ ਦਿੱਤੇ ਜਾਣ ਆਦਿ ਲਈ ਕੋਈ ਸਬੂਤ ਮੌਜੂਦ ਨਹੀਂ ਸਨ, ਤੇ ਨ ਓਨ੍ਹਾਂ ਨੂੰ ਕੋਈ ਹੱਕ ਸੀ ਕਿ ਓਹ ਓਹਨੂੰ ਇਸ ਥੀਂ ਵਧ ਕੋਈ ਹੋਰ ਦੋਸ਼ ਲਾਵਣ ਕਿ ਉਹ ਇਕ ਬੇਪਰਵਾਹੀ ਦੀ ਦੋਸਨ ਹੈ ਤੇ ਉਹਦੀ ਬੇਪਰਵਾਹੀ ਨਾਲ ਹੀ

ਸੌਦਾਗਰ ਦੀ ਮੌਤ ਹੋ ਗਈ ਸੀ, ਜਿਸ ਵਾਸਤੇ ਉਸਦਾ ਕੋਈ ਇਰਾਦਾ ਨਹੀਂ ਸੀ, ਇਹ ਸਭ ਥੀਂ ਵੱਡਾ ਤੇ ਵਜ਼ਨੀ ਨੁਕਤਾ ਹੈ ।

"ਹਾਂ ! ਪਰ ਇਹ ਗੱਲ ਸਾਨੂੰ ਸਬ ਨੂੰ ਮਲੂਮ ਹੋਣੀ ਚਾਹੀਦੀ ਸੀ, ਇਹ ਸਾਡੀ ਗ਼ਲਤੀ ਸੀ ।"

"ਤੇ ਹੁਣ ਚੌਥਾ ਨੁਕਤਾ," ਵਕੀਲ ਬੋਲੀ ਗਇਆ, ਜਿਸ ਸ਼ਕਲ ਵਿੱਚ ਜੂਰੀ ਨੇ ਜਵਾਬ ਦਿੱਤਾ, ਓਸ ਵਿੱਚ ਇਹ ਸਾਫ ਹੈ, ਕਿ ਕਈ ਗਲਾਂ ਇਕ ਦੂਸਰੇ ਦੇ ਉਲਟ ਸ਼ਾਮਲ ਹਨ। **ਮਸਲੋਵਾ** ਨੂੰ ਓਨ੍ਹਾਂ ਦੋਸ਼ ਤਾਂ ਇਹ ਮੜ੍ਹਿਆ ਹੈ ਕਿ ਓਸ ਨੇ ਜਾਣ ਕੇ **ਸਮੈਲਕੋਵ** ਨੂੰ ਜ਼ਹਿਰ ਦਿੱਤਾ ਜਦ ਓਹ ਕਾਮਾਤਰ ਹੋਇਆ ਹੋਇਆ ਸੀ ਤੇ ਓਹਨੂੰ ਮਾਰਨ ਦੀ ਨੀਤ ਅਗਰ ਕੋਈ ਹੋ ਸਕਦੀ ਸੀ ਤਾਂ ਇਕ ਇਹੋ ਸੀ ਕਿ **ਮਸਲੋਵਾ** ਓਸ ਥੀਂ ਆਪਣਾ ਪਿੱਛਾ ਛੁੜਾਣਾ ਚਾਹੁੰਦੀ ਸੀ। ਜੂਰੀ ਆਪਣੇ ਇਸ ਫੈਸਲੇ ਵਿੱਚ ਓਹਨੂੰ ਉਹਦੇ ਮਾਲ ਲੁੱਟਣ ਦੇ ਦੋਸ਼ ਥੀਂ ਬਰੀ ਕਰਦੀ ਹੈ ਤੇ ਨਾਲੇ ਓਸ ਚੁਰਾਏ ਮਾਲ ਦੇ ਵਿਚੋਂ ਹਿੱਸਾ ਲੈਣ ਥੀਂ ਵੀ ਬਰੀ ਕਰਦੀ ਹੈ ਜਿਸ ਥੀਂ ਸਾਫ ਮਤਲਬ ਨਿਕਲਦਾ ਹੈ ਕਿੰ ਉਹ ਅਸਲ ਵਿੱਚ **ਮਸਲੋਵਾ** ਨੂੰ ਖ਼ੂਨ ਕਰਨ ਦੀ ਨੀਤ ਥੀਂ ਵੀ ਬਰੀ ਕਰਨਾ ਚਾਹੁੰਦੇ ਸਨ, ਤੇ ਇਕ ਅਣਸਮਝਣ ਕਰਕੇ ਤੇ ਪ੍ਰਧਾਨ ਦੇ ਸਾਰ ਦੱਸਣ ਵਿੱਚ ਉਕਤਾਈ ਕਰਕੇ ਇਹ ਗੱਲ ਨਹੀਂ ਸੀ ਸਾਫ ਹੋਈ। ਉਹ ਆਪਣੇ ਜਵਾਬ ਵਿੱਚ ਇਓਂ ਸਪਸ਼ਟ ਨ ਕਰ ਸੱਕੇ, ਇਸ ਵਾਸਤੇ ਇਹੋ ਜੇਹੇ ਜਵਾਬ ਲਈ ਦਫਾ ੮੧੭ ਤੇ ੮੯੮ ਜ਼ਾਬਤਾ ਫੌਜਦਾਰੀ

ਲਗਾਣਾ ਜ਼ਰੂਰੀ ਸੀ, ਅਰਥਾਤ ਪ੍ਰਧਾਨ ਨੂੰ ਆਪਨੀ ਗਲਤੀ ਜੂਰੀ ਨੂੰ ਦੱਸਣੀ ਚਾਹੀਦੀ ਸੀ ਤੇ ਮੁੜ ਬਹਿਸ ਹੋਣੀ ਚਾਹੀਦੀ ਸੀ, ਤੇ ਮੁੜ ਦੋਸ਼ੀ ਦੇ ਦੋਸ਼ ਉੱਪਰ ਉਨ੍ਹਾਂ ਦਾ ਫੈਸਲਾ ਹੋਣਾ ਜ਼ਰੂਰੀ ਸੀ।''

"ਤੇ ਫਿਰ ਪ੍ਰਧਾਨ ਨੇ ਇਸ ਤਰਾਂ ਕਿਉਂ ਨ ਕੀਤਾ ?''

"ਮੈਂ ਆਪ ਪੁੱਛਣਾਂ ਚਾਹੁੰਦਾ ਹਾਂ ਕਿ ਉਸ ਨੇ ਕਿਉਂ ਇਓਂ ਨ ਕੀਤਾ,'' **ਫਨਾਰਿਨ** ਨੇ ਹੱਸ ਕੇ ਕਹਿਆ।

"ਤੇ ਕੀ ਫਿਰ **ਸੈਨੇਟ** ਜ਼ਰੂਰ ਇਸ ਗਲਤੀ ਨੂੰ ਸੋਚੇਗੀ ?''

"ਇਹ ਗੱਲ ਤਾਂ ਇਸ ਉੱਪਰ ਹੈ ਕਿ ਉਸ ਵੇਲੇ ਕੌਣ **ਸੈਨੇਟ** ਦਾ ਪ੍ਰਧਾਨ ਹੋਵੇ, ਅੱਛਾ ਆਹ ਗੱਲ ਵੀ ਮੈਂ ਹੋਰ ਲਿਖੀ ਹੈ,'' ਉਹ ਛੇਤੀ ਛੇਤੀ ਬੋਲੀ ਗਇਆ, "ਕਿ ਇਸ ਕਿਸਮ ਦੇ ਜੂਰੀ ਦੇ ਫੈਸਲੇ ਉੱਪਰ ਅਦਾਲਤ ਨੂੰ **ਮਸਲੋਵਾ** ਨੂੰ ਦੋਸੀ ਬਣਾਕੇ ਸਜ਼ਾ ਦੇਣ ਦਾ ਕੋਈ ਹੱਕ ਨਹੀਂ ਸੀ। ਦਫਾ ੭੭੧ ਜ਼ਾਬਤਾ ਫੌਜਦਾਰੀ ਸੈਕਸ਼ਨ ਤੀਸਰਾ ਇਸ ਮੁਕੱਦਮੇ ਵਿੱਚ ਲਾਗੂ ਹੈ। ਇਸ ਫੈਸਲੇ ਵਿੱਚ ਇਓਂ ਸਾਡੇ ਫੌਜਦਾਰੀ ਕਾਨੂੰਨ ਮੁਤਾਬਕ ਇਕ ਬੜਾ ਭਾਰੀ ਤੇ ਸਾਫ ਜ਼ੁਲਮ ਹੋਇਆ ਹੈ। ਇਨ੍ਹਾਂ ਸਬੱਬਾਂ ਤੇ ਵਜੂਹਾਤਾਂ ਕਰਕੇ ਮੈਂ ਆਪ ਪਾਸ ਅਪੀਲ ਕਰਦੀ ਹਾਂ...........ਕਿ ਦਫਾ ੯੦੯, ੯੧੦ ਦੇ ਸੈਕਸ਼ਨ ੨,੯੧੨, ੯੨੮ ਜ਼ਾਬਤਾ ਫੌਜਦਾਰੀ ਅਨੁਸਾਰ ਇਹ ਹੁਕਮ ਮਨਸੂਖ਼ ਫਰਮਾਇਆ ਜਾਵੇ ਤੇ ਇਸ ਮੁਕੱਦਮੇਂ ਨੂੰ

ਉਸੀ ਅਦਾਲਤ ਦੇ ਕਿਸੀ ਦੂਸਰੇ ਮਹਿਕਮੇਂ ਵਿੱਚ ਮਜ਼ੀਦ ਤਹਿਕੀਕਾਤ ਲਈ ਮੋੜਿਆ ਜਾਵੇ''............ਬੱਸ ਇਓਂ ਜੋ ਕੁਛ ਹੋ ਸੱਕਦਾ ਹੈ ਓਹ ਕੀਤਾ ਗਇਆ ਹੈ। ਪਰ ਸੱਚੀ ਗੱਲ ਇਹ ਹੈ ਕਿ ਮੈਨੂੰ ਕਾਮਯਾਬੀ ਦੀ ਕੋਈ ਆਸ ਨਹੀਂ, ਭਾਵੇਂ ਦਰਹਕੀਕਤ ਗੱਲ ਇਹ ਹੈ ਕਿ ਉਸ ਵੇਲੇ ਸੈਨੇਟ ਦੇ ਮੈਂਬਰਾਂ ਦੀ ਤਬੀਅਤ ਉੱਪਰ ਹੈ, ਜੇ ਆਪਦਾ ਕੋਈ ਪਹੁੰਚਣ ਦਾ ਵਸੀਲਾ ਹੈ ਤਦ ਤੁਸੀ ਕੋਸ਼ਸ ਕਰ ਲਵੋ।''

''ਮੈਂ ਉਨ੍ਹਾਂ ਵਿੱਚੋਂ ਕਈਆਂ ਨੂੰ ਜਾਣਦਾ ਹਾਂ।''

''ਤਦ ਠੀਕ–ਪਰ ਕਰੋ ਜਲਦੀ, ਨਹੀਂ ਤਾਂ ਉਹ ਸਾਰੇ ਆਪਣੀਆਂ ਬਵਾਸੀਰਾਂ ਦੇ ਇਲਾਜ ਲਈ ਬਾਹਿਰ ਵਗ ਜਾਣਗੇ ਤੇ ਫਿਰ ਉਨ੍ਹਾਂ ਦੇ ਮੁੜਨ ਉੱਪਰ ਤਿੰਨ ਮਹੀਨੇ ਹੋਰ ਉਡੀਕ ਕਰਨੀ ਪੈ ਜਾਵੇਗੀ। ਫਿਰ ਜੇ ਓਹ ਅਪੀਲ ਨੂੰ ਨਾਮਨਜ਼ੂਰ ਕਰਨ ਤਦ ਆਪ ਨੂੰ ਸ਼ਾਹਨਸ਼ਾਹ ਜ਼ਾਰ ਪਾਸ ਵੀ ਅਰਜ ਦਾ ਮੌਕਾ ਹੈ, ਤੇ ਓਹ ਪਰਦਿਆਂ ਦੇ ਪਿੱਛੇ ਕਿਸੀ ਵਸੀਲੇ ਕਰਕੇ ਹੀ ਸੁਣਾਈ ਹੋ ਸੱਕਦੀ ਹੈ, ਐਵੇਂ ਨਹੀਂ। ਤੇ ਉਸ ਹਾਲਤ ਵਿੱਚ ਵੀ ਮੈਂ ਆਪ ਦੀ ਸੇਵਾ ਲਈ ਹਰ ਤਰਾਂ ਤਿਆਰ ਹਾਂ। ਮਤਲਬ ਅਰਜੀ ਪਰਚਾ ਲਿਖਣ ਆਦਿ ਵਿੱਚ, ਪਰਦੇ ਪਿੱਛੇ ਦੇ ਕੰਮਾਂ ਵਿੱਚ ਨਹੀਂ–''

''ਮਿਹਰਬਾਨੀ–ਹੁਣ ਆਪ ਦੀ ਫੀਸ ਕੀ ਹੈ ?''

''ਮੇਰਾ ਅਸਟੰਟ ਆਪ ਨੂੰ ਇਹ ਅਰਜੀ ਦੇਵੇਗਾ, ਤੇ ਨਾਲੇ ਫੀਸ ਵੀ ਦੱਸ ਦੇਵੇਗਾ।''

"ਇਕ ਹੋਰ ਗੱਲ—ਪ੍ਰੋਕਿਊਰਰ ਨੇ ਮੈਨੂੰ ਜੇਲ ਵਿਚ ਇਕ ਬੰਦੇ ਨੂੰ ਮਿਲਣ ਦਾ ਪਾਸ ਦਿੱਤਾ ਸੀ, ਪਰ ਓਹ ਕਹਿੰਦੇ ਹਨ ਕਿ ਕਿਸੀ ਕੈਦੀ ਨਾਲ ਵਕਤ ਤੇ ਬਾਹਰ ਤੇ ਕਿਸੀ ਇਕੱਲੇ ਕਮਰੇ ਵਿੱਚ ਮੁਲਾਕਾਤ ਕਰਨ ਲਈ ਗਵਰਨਰ ਦੀ ਇਜਾਜ਼ਤ ਦੀ ਜਰੂਰਤ ਹੈ, ਕੀ ਇਹ ਠੀਕ ਹੈ ?"

"ਹਾਂ—ਮੇਰਾ ਖਿਆਲ ਹੈ, ਪਰ ਗਵਰਨਰ ਅੱਜ ਕਲ ਇੱਥੇ ਨਹੀਂ ਉਹਦੀ ਥਾਂ ਨੈਬ ਹੈ, ਪਰ ਇਹ ਤਾਂ ਬੜਾ ਅਭਨੱਕ ਆਦਮੀ ਹੈ। ਇਸ ਪਾਸੋਂ ਕੋਈ ਕੰਮ ਸਰ ਨਹੀਂ ਆਉਣ ਲੱਗਾ।"

"ਕੀ ਅਹ ਮੈਸੇਲੈਨੀਕੋਵ ਤਾਂ ਨਹੀਂ ?"

"ਠੀਕ।"

"ਮੈਂ ਓਹਨੂੰ ਜਾਣਦਾ ਹਾਂ," ਨਿਖਲੀਊਧਵ ਨੇ ਕਹਿਆ ਤੇ ਤੁਰਨ ਨੂੰ ਖੜਾ ਹੋ ਗਇਆ। ਇਸ ਘੜੀ ਇਕ ਬੜੀ ਡਰਾਉਣੀ ਬਦ ਸੂਰਤ, ਹੱਡੀਆਂ ਹੱਡੀਆਂ, ਮੋਟੇ ਨੱਕ ਵਾਲੀ, ਪੀਲੀ ਜੇਹੀ, ਮਧਰੀ ਤੀਮੀਂ ਕਮਰੇ ਵਿੱਚ ਦੌੜਦੀ ਵੜ ਆਈ। ਇਹ ਇਸ ਵਕੀਲ ਦੀ ਵਹੁਟੀ ਸੀ, ਜਿਹਨੂੰ ਆਪਨੇ ਇੰਨਾਂ ਕਰੂਪ ਹੋਣ ਦੀ ਕੋਈ ਤਕਲੀਫ ਯਾ ਪੀੜ ਨਹੀਂ ਸੀ ਹੋ ਰਹੀ। ਇਹਦੀ ਪੋਸ਼ਾਕ ਬੜੀ ਹੀ ਨਵੀਂ ਤਰਜ਼ ਦੀ ਸੀ, ਉਸਦੇ ਜਿਸਮ ਨੂੰ ਕੋਈ ਚੀਜ਼ ਪੀਲੀ ਤੇ ਸਾਵੀ, ਮਖ਼ਮਲ ਤੇ ਰੇਸ਼ਮ ਦੀ ਬਣੀ ਹੋਈ ਢੱਕ ਰਹੀ ਸੀ, ਤੇ ਓਹਦੇ ਪਤਲੇ ਜੇਹੇ ਵਾਲ ਕੁੰਡਲਦਾਰ ਬਣਾਏ ਹੋਏ ਸਨ। ਉਹ ਇਕ ਜਿੱਤੇ ਬੰਦੇ

ਵਾਂਗ ਖੁਸ਼ੀ ਖੁਸ਼ੀ ਕਮਰੇ ਵਿੱਚ ਆਈ, ਉਹਦੇ ਮਗਰ ਹੀ ਇਕ ਲੰਮਾ, ਹਸੂ ਹਸੂ ਕਰਦਾ ਮਰਦ ਆਇਆ। ਇਸ ਮਰਦ ਦੇ ਮੂੰਹ ਦਾ ਰੰਗ ਸਾਵਾ ਜੇਹਾ ਸੀ, ਰੇਸ਼ਮ ਦੀਆਂ ਕਫਾਂ ਕਾਲਰਾਂ ਵਾਲਾ ਕੋਟ ਸੀ ਤੇ ਇਕ ਚਿੱਟੀ ਟਾਈ ਪਾਈ ਹੋਈ ਸੀ। ਇਹ ਕੋਈ ਪੁਸਤਕਾਂ ਲਿਖੂ ਮਰਦ ਸੀ। ਓਸ ਨਾਲ **ਨਿਖਲੀ-ਊਧਵ** ਦੀ ਬਸ ਸ਼ਕਲ ਸ਼ਨਾਸੀ ਸੀ।

"**ਐਨਾਤੋਲ,**" ਓਸ ਤੀਮੀ ਨੇ ਇਕ ਨਾਲ ਦੇ ਕਮਰੇ ਦਾ ਬੂਹਾ ਖੋਲ੍ਹ ਕੇ ਕਹਿਆ, "ਆਪ ਨੂੰ ਮੇਰੇ ਪਾਸ ਜਰੂਰ ਆਣਾ ਚਾਹੀਏ, ਜਰੂਰ ਆਵਣਾ। ਇਹ ਹੈ **ਸਾਈਮਨ ਈਵਾਨਿਚ** ਜਿਹੜਾ ਸਾਨੂੰ ਆਪਣੀ ਕਵਿਤਾ ਪੜ੍ਹ ਕੇ ਸੁਣਾਣ ਦਾ ਵਾਹਿਦਾ ਕਰਦਾ ਹੈ ਤੇ ਆਪ ਨੇ ਜਰੂਰ ਬਰ ਜਰੂਰ ਕਤਈ ਆਵਣਾ ਤੇ ਅਸੀ **ਗਾਰਸ਼ੀਨ** ਬਾਬਤ ਗੱਲਾਂ ਕਰਾਂਗੇ।"

**ਨਿਖਲੀਊਧਵ** ਨੇ ਨੋਟਿਸ ਕੀਤਾ ਕਿ ਓਸਨੇ ਆਪਣੇ ਖਾਵੰਦ ਦੇ ਕੰਨ ਵਿੱਚ ਵੀ ਕੁਛ ਕਹਿਆ ਤੇ ਇਹ ਖਿਆਲ ਕਰਕੇ ਕਿ ਕੋਈ ਗੱਲ ਓਹਦੀ ਬਾਬਤ ਹੀ ਕੀਤੀ ਹੋਣੀ ਹੈ ਉਸ ਨੇ ਜਾਣਾ ਚਾਹਿਆ, ਪਰ ਉਸ ਨੇ **ਨਿਖਲੀਊਧਵ** ਨੂੰ ਫੜ ਲਇਆ ਤੇ ਕਹਿਆ, "ਮੈਂ ਮਾਫੀ ਮੰਗਦੀ ਹਾਂ ਸ਼ਾਹਜ਼ਾਦਾ ਸਾਹਿਬ ਜੀ। ਮੈਂ ਆਪ ਨੂੰ ਜਾਣਦੀ ਹਾਂ ਇਸ ਲਈ ਆਪੇ ਵਿੱਚ ਦੀ ਮੁਲਾਕਤ ਕਰਾਈ ਦੀ ਕੋਈ ਲੋੜ ਨਹੀਂ ਤੇ ਆਪਦੀ ਮਿੰਨਤ ਕਰਦੀ ਹਾਂ ਕਿ ਆਪ ਠਹਿਰੋ ਤੇ ਸਾਡੇ ਸਾਹਿਤਕ

ਜਲਸੇ ਵਿੱਚ ਹਿੱਸਾ ਲਓ। ਇਹ ਮੀਟਿੰਗ ਬੜੀ ਹੀ ਦਿਲਚਸਪ ਹੋਵੇਗੀ। **ਐਨਾਤੋਲ** ਬੜਾ ਹੀ ਅੱਛਾ ਬੋਲਦਾ ਹੈ।"

"ਆਪ ਦੇਖਦੇ ਹੋ ਕਿ ਮੈਨੂੰ ਕਿੰਨਾਂ ਕੰਮ ਕਰਨਾ ਪੈਂਦਾ ਹੈ," **ਫਨਾਰਿਨ** ਨੇ ਕਿਹਾ, ਤੇ ਆਪਣੇ ਹੱਥ ਵਹੁਟੀ ਵਲ ਕਰਕੇ ਹੱਥਾਂ ਦੀਆਂ ਤਲੀਆਂ ਉੱਪਰ ਵਲ ਕਰਕੇ ਚਾ ਦੱਸਿਆ ਤੇ ਉਸ ਵਲ ਤੱਕ ਕੇ ਹੱਸ ਕੇ ਕਹਿੰਦਾ ਹੈ ਕਿ ਕੋਈ ਕਿੰਵੇਂ ਇਹੋ ਜੇਹੀ **ਨਾਜ਼ਨੀਨ** ਦਾ ਕਹਿਣਾ ਮੋੜੇ।

**ਨਿਖਲੀਊਧਵ** ਨੇ ਇਕ ਉਦਾਸ ਤੇ ਸੰਜੀਦਾ ਨਿਗਾਹ ਉਸ ਵਲ ਕਰਕੇ, ਵਕੀਲ ਦੀ ਵਹੁਟੀ ਪਾਸੋਂ ਮਾਫੀ ਮੰਗੀ ਤੇ ਬੜੇ ਅਦਬ ਅਦਾਬ ਨਾਲ ਉਸਦੇ ਨੇਵਤੇ ਦਾ ਧੰਨਵਾਦ ਕੀਤਾ ਪਰ ਓਹਦਾ ਬੁਲਾਵਾ ਨਾ-ਮਨਜ਼ੂਰ ਕਰਕੇ ਤੁਰ ਗਇਆ।

"ਕੇਹਾ ਫਿੱਟਿਆ ਹੋਇਆ ਉੱਪਰ ਉੱਪਰ ਦੇ ਬਨਾਵਟੀ ਨਖਰੇ ਕਰਨ ਵਾਲਾ ਹੈ," ਵਕੀਲ ਦੀ ਵਹੁਟੀ ਨੇ ਜਦ ਓਹ ਚਲਾ ਗਇਆ ਤਾਂ ਕਹਿਆ।

ਉਡੀਕ ਕਰਨ ਵਾਰੇ ਕਮਰੇ ਵਿੱਚ **ਨਿਖਲੀਊਧਵ** ਨੂੰ ਅਸਟੰਟ ਨੇ ਉਸ ਅਰਜ਼ੀ ਦਾ ਮਸੌਦਾ ਦਿੱਤਾ ਤੇ ਕਹਿਆ ਕਿ ਫੀਸ ੧੦੦੦) ਰੂਬਲ ਹੈ ਤੇ ਨਾਲੇ ਦੱਸਿਆ ਕਿ **ਮਿਸਟਰ ਫਨਾਰਿਨ** ਇਹੋ ਜਿਹੇ ਮਾਮੂਲੀ ਕੰਮ ਆਮ ਕਰਕੇ ਨਹੀਂ ਕਰਦਾ ਹੁੰਦਾ, ਪਰ ਆਪ ਦਾ ਖਾਸ ਲਿਹਾਜ਼ ਕੀਤਾ ਸੂ।

"ਤੇ ਇਸ ਅਰਜੀ ਬਾਬਤ ਹਾਂ–ਇਸ ਉੱਪਰ ਦਸਤਖਤ ਕਿਹਦੇ ਹੋਣੇ ਹਨ ?"

"ਕੈਦੀ ਆਪ ਕਰ ਦੇਵੇ, ਤੇ ਜੇ ਇਹ ਔਖਾ ਹੋਵੇ ਤਾਂ ਜੇ ਓਹ ਮੁਖਤਾਰ ਨਾਮਾ ਦੇ ਦੇਵੇ, ਫਨਾਰਿਨ ਸਾਹਿਬ ਆਪ ਕਰ ਦੇਣਗੇ।"

"ਆਹ ਨਹੀਂ–ਮੈਂ ਇਹ ਅਰਜੀ ਉਸ ਪਾਸ ਹੀ ਲੈ ਜਾਵਾਂਗਾ ਤੇ ਓਹਦੇ ਦਸਤਖਤ ਕਰਾ ਲਿਆਵਾਂਗਾ," ਨਿਖਲੀਊਧਵ ਨੇ ਕਹਿਆ। ਤੇ ਇਸ ਗੱਲੋਂ ਖੁਸ਼ੀ ਸੀ ਕਿ ਇਸ ਬਹਾਨੇ ਮੁਕਰਰ ਦਿਨ ਥੀਂ ਪਹਿਲਾਂ ਹੀ ਉਸ ਨਾਲ ਮਿਲ ਪਵੇਗਾ।

# ਕਾਂਡ ੪੯

ਨਿਯਤ ਵਕਤ ਉੱਪਰ ਜੇਲਰ ਦੀ ਸੀਟੀ ਜੇਲ ਦੇ **ਕੌਰੀਡੋਰ** ਵਿੱਚ ਦੀ ਗੂੰਜੀ। ਕੈਦਖਾਨੇ ਦੀਆਂ ਕੋਠੜੀਆਂ ਦੇ ਲੋਹੇ ਦੀਆਂ ਸੀਖਾਂ ਵਾਲੇ ਦਰਵਾਜਿਆਂ ਦੇ ਜੰਦਰੇ ਖੜਕੇ। ਨੰਗੇ ਪੈਰਾਂ ਦੀ ਫਰਸ਼ ਉੱਪਰ ਤ੍ਰਪ ਤ੍ਰਪ ਹੋਈ, ਅੱਡੀਆਂ ਵੱਜੀਆਂ, ਤੇ ਉਹ ਕੈਦੀ ਜਿਹੜੇ ਚੂਹੜਿਆਂ ਦਾ ਕੰਮ ਕਰਦੇ ਸਨ, **ਕੌਰੀਡੋਰਾਂ** ਦੀ ਵਿੱਚ ਦੀ ਆਪਣੇ ਗੰਦ ਦੇ ਭਰੇ ਬਰਤਨ ਚੁੱਕੀ ਲੰਘੇ, ਜਿਨ੍ਹਾਂ ਦੀ ਗੰਦੀ ਬੋ ਨੇ ਸਭ ਪਾਸੇ ਬੋ ਹੀ ਬੋ ਫੈਲਾ ਦਿੱਤੀ। ਕੈਦੀਆਂ ਮੂੰਹ ਹੱਥ ਧੋਤੇ, ਕੱਪੜੇ ਪਾਏ ਤੇ **ਇਨਸਪੈਕਸ਼ਨ** ਲਈ ਬਾਹਰ ਆਏ ਅਤੇ ਫਿਰ ਚਾਹ ਲਈ ਉਬਲਦਾ ਪਾਣੀ ਲੈਣ ਗਏ।

ਸਵੇਰ ਦੀ ਛਾਹ ਵੇਲੇ ਆਪਸ ਦੀ ਗੱਲ ਬਾਤ ਸਾਰੀਆਂ ਕੈਦ ਕੋਠੜੀਆਂ ਵਿੱਚ ਜ਼ਿੰਦਾ ਦਿਲੀ ਵਾਲੀ ਸੀ। ਉਸ ਦਿਨ ਦੋ ਐਸੇ ਕੈਦੀ ਸਨ ਜਿਨ੍ਹਾਂ ਨੂੰ ਬੈਂਤ ਲੱਗਣੇ ਸਨ, ਇਕ ਤਾਂ **ਵੈਸੀਲੈਵ,** ਬੜਾ ਗਭਰੂ ਕੁਛ ਪੜ੍ਹਿਆ ਹੋਇਆ, ਇਕ ਕਲਾਰਕ ਸੀ ਜਿਸ ਆਪਣੀ ਰੱਖੀ ਤੀਵੀਂ ਇਕ ਸਾੜੇ ਦੇ ਗੁੱਸੇ ਵਿੱਚ ਜਾਨੋਂ ਮਾਰ ਦਿੱਤੀ ਸੀ। ਉਹਦੇ ਨਾਲ ਦੇ ਸਾਥੀ ਕੈਦੀ ਇਹਨੂੰ ਬੜਾ ਪਸੰਦ ਕਰਦੇ ਸਨ, ਕਿਉਂਕਿ ਉਹ ਰੌਣਕੀ ਸੀ ਤੇ ਉਹਦੀ ਤਬੀਅਤ ਬੜੀ ਖੁੱਲ੍ਹੀ ਤੇ ਉਦਾਰ ਸੀ ਤੇ ਨਾਲੇ

ਜੇਲ ਦੇ ਅਫਸਰਾਂ ਨਾਲ ਖਾਸ ਤਕੜਾਈ ਨਾਲ ਨਜਿੱਠਦਾ ਸੀ। ਉਹ ਸਭ ਕਾਇਦੇ ਕਾਨੂੰਨ ਜਾਣਦਾ ਸੀ ਤੇ ਇਸ ਗੱਲ ਉੱਪਰ ਜ਼ਿੱਦ ਕਰਦਾ ਸੀ ਕਿ ਓਨ੍ਹਾਂ ਅਨੁਸਾਰ ਸਭ ਜੇਲ ਦੇ ਕੰਮ ਹੋਣ, ਅਰ ਇਸੇ ਲਈ ਅਫਸਰ ਲੋਕ ਓਹਨੂੰ ਪਸੰਦ ਨਹੀਂ ਸਨ ਕਰਦੇ।

ਤਿੰਨ ਹਫਤੇ ਹੋਏ ਸਨ ਕਿ ਇਕ ਜੇਲਰ ਨੇ ਇਕ ਚੂਹੜੇ ਕੈਦੀ ਨੂੰ ਇਸ ਲਈ ਮਾਰਿਆ ਸੀ ਕਿ ਓਹਨੇ ਸ਼ੋਰਬਾ ਓਹਦੀ ਨਵੀਂ ਬਰਦੀ ਉੱਤੇ ਡੋਲ ਦਿੱਤਾ ਸੀ। ਵੈਸੀਲੈਵ ਨੇ ਚੂਹੜੇ ਦਾ ਸਾਥ ਦਿੱਤਾ ਸੀ ਇਸ ਕਰਕੇ ਕਿ ਕਿਸੀ ਕੈਦੀ ਨੂੰ ਮਾਰਨਾ ਕਾਨੂੰਨ ਦੇ ਵਿਰੁੱਧ ਕੰਮ ਸੀ।

"ਮੈਂ ਤੈਨੂੰ ਕਾਨੂੰਨ ਸਿਖਾਵਾਂਗਾ," ਜੇਲਰ ਨੇ ਕਹਿਆ ਸੀ ਤੇ ਬੜੇ ਗੁੱਸੇ ਨਾਲ ਵੈਸੀਲੈਵ ਨੂੰ ਗਾਲਾਂ ਕੱਢੀਆਂ ਸਨ। ਵੈਸੀਲੈਵ ਨੇ ਵੀ ਉਸੀ ਤਰਾਂ ਦਾ ਕਰਾਰਾ ਜਵਾਬ ਸੁਣਾਇਆ ਸੀ। ਜੇਲਰ ਓਹਨੂੰ ਮਾਰਨ ਲੱਗ ਪਇਆ ਸੀ ਪਰ ਇਸਨੇ ਉਹਦੇ ਹੱਥ ਅੱਗੋਂ ਫੜ ਲਏ ਸਨ ਤੇ ਦੋ ਤਿੰਨ ਮਿੰਟ ਤਕ ਤਕੜੀ ਤਰਾਂ ਫੜੀ ਰੱਖੇ ਸਨ। ਤੇ ਫਿਰ ਇਸ ਨੇ ਉਹਦੇ ਹੱਥ ਖੂਬ ਮਰੋੜ ਕੇ ਦਰਵਾਜਿਓਂ ਬਾਹਰ ਧਿੱਕਾ ਦੇ ਦਿੱਤਾ ਸੀ, ਜੇਲਰ ਨੇ ਇਨਸਪੈਕਟਰ ਅੱਗੇ ਸ਼ਿਕਾਇਤ ਕੀਤੀ ਸੀ, ਜਿਸ ਹੁਕਮ ਦਿੱਤਾ ਸੀਕਿ ਵੈਸੀਲੈਵ ਨੂੰ ਇਕੱਲ ਕੋਠੜੀ ਵਿੱਚ ਕੈਦ ਕਰ ਦਿੱਤਾ ਜਾਵੇ।

ਇਕੱਲ ਕੋਠੜੀਆਂ ਇਕ ਹਨੇਰੇ ਕਮਰਿਆਂ ਦੀ ਕਿਤਾਰ

ਸੀ ਜਿਨ੍ਹਾਂ ਵਿੱਚ ਡੱਕ ਕੇ ਬਾਹਰੋਂ ਜੰਦਰਾ ਮਾਰ ਦਿੰਦੇ ਸਨ। ਉਨ੍ਹਾਂ ਅੰਦਰ ਨ ਬਿਸਤਰੇ, ਨ ਕੁਰਸੀਆਂ, ਨ ਮੇਜ਼, ਕੁਛ ਵੀ ਨਹੀਂ ਸੀ ਰੱਖਿਆ ਹੁੰਦਾ ਤਾਕਿ ਕੈਦੀ ਮਜਬੂਰਨ ਭੁੰਜੇ ਪੈਣ ਤੇ ਫਰਸ਼ ਗੰਦਾ ਹੁੰਦਾ ਸੀ। ਬੇਸ਼ੁਮਾਰ ਸਨ ਚੂਹੇ ਜਿਹੜੇ ਕੈਦੀਆਂ ਦੀਆਂ ਰੋਟੀਆਂ ਚੁਰਾ ਕੇ ਲੈ ਜਾਂਦੇ ਸਨ ਤੇ ਜਦ ਓਹ ਸੁੱਤੇ ਯਾ ਆਰਾਮ ਵਿੱਚ ਹਿੱਲਣੋਂ ਜੁਲਣੋਂ ਬੰਦ ਹੋਣ ਤਾਂ ਉਨ੍ਹਾਂ ਨੂੰ ਵੀ ਖੋਹ ਖਾਂਦੇ ਸਨ। **ਵੈਸੀਲੈਵ** ਨੇ ਇਕੱਲੇ ਕੋਠੜੀ ਵਿੱਚ ਜਾਣਾ ਨ ਮੰਨਿਆ ਕਿਉਂਕਿ ਉਸ ਇਹੋ ਜੇਹਾ ਕਸੂਰ ਕੋਈ ਨਹੀਂ ਸੀ ਕੀਤਾ ਪਰ ਜੇਲਰਾਂ ਨੇ ਜ਼ੋਰ ਵਰਤਿਆ।

ਫਿਰ ਇਸ ਕਰਕੇ ਓਹ ਇਨਾਂ ਨਾਲ ਮੁੜ ਕਸ਼ ਕਸ਼ ਕਰਨ ਲੱਗ ਪਇਆ ਸੀ, ਤੇ ਨਾਲ ਦੋ ਹੋਰ ਕੈਦੀ ਉਹਦੀ ਮਦਦ ਨੂੰ ਆ ਗਏ ਸਨ, ਕਿ ਉਹ **ਵੈਸੀਲੈਵ** ਨੂੰ ਜਬਰਦਸਤੀ ਜੇਲਰਾਂ ਥੀਂ ਛੁੜਾ ਲੈਣ। ਸਾਰੇ ਜੇਲਰ ਇਕੱਠੇ ਹੋ ਗਏ, ਉਨਾਂ ਵਿੱਚ ਇਕ ਸੀ ਜਿਸਦਾ ਨਾਂ **ਪੈਤਰੋਵ** ਸੀ। ਇਹ ਆਪਣੇ ਬਾਹੂ ਬਲ ਲਈ ਮਸ਼ਹੂਰ ਜੇਲਰ ਸੀ। ਇਨ੍ਹਾਂ ਨੇ ਮਿਲ ਕੇ ਕੈਦੀਆਂ ਨੂੰ ਢਾਹ ਲਇਆ, ਤੇ ਇਕੱਲ ਕੋਠੜੀਆਂ ਵਿੱਚ ਘੁਸੇੜ ਦਿੱਤਾ। **ਗਵਰਨਰ** ਨੂੰ ਤੁਰਤ ਖਬਰ ਕੀਤੀ ਗਈ ਕਿ ਜੇਲ ਵਿੱਚ ਗਦਰ ਹੋ ਗਇਆ ਹੈ, ਤੇ ਓਸ ਹੁਕਮ ਘੱਲ ਦਿੱਤਾ ਕਿ ਦੋਹਾਂ ਕੈਦੀਆਂ ਨੂੰ ਜਿਨਾਂ ਕਸੂਰ ਕੀਤਾ ਹੈ ਬੈਂਤ ਮਾਰੇ ਜਾਣ। **ਵੈਸੀਲੈਵ** ਨੂੰ ਤੇ ਓਸ ਆਵਾਰਾਗਰਦ **ਨੀਪੋਮਨਿਯਾਸ਼ਚੀ** ਨੂੰ **ਬਰਚ** ਦੇ ਦਰਖਤ ਦੀ ਸ਼ਾਖ ਨਾਲ ੩੦, ੩੦ ਬੈਂਤ ਮਾਰੇ ਜਾਣ,

ਤੇ ਬੈਂਤ ਤੀਮੀਆਂ ਦੇ ਮੁਲਾਕਾਤੀ ਕਮਰੇ ਵਿੱਚ ਮਾਰੇ ਜਾਣੇ ਸਨ। ਸ਼ਾਮ ਵੇਲੇ ਹੀ ਇਸ ਗੱਲ ਦੀ ਸਾਰੇ ਜੇਲ ਨੂੰ ਖਬਰ ਸੀ ਤੇ ਇਸ ਬਾਬਤ ਬੜੇ ਜੋਸ਼ ਨਾਲ ਕੋਠੜੀਆਂ ਵਿੱਚ ਦੰਦ ਕਥਾਵਾਂ ਟੁਰੀਆਂ ਹੋਈਆਂ ਸਨ।

**ਕੋਰਾਬਲੈਵਾ, ਹੋਰੋਸ਼ਾਵਕਾ, ਥੀਓਡੋਸੀਆ** ਤੇ **ਮਸਲੋਵਾ** ਆਪਣੀ ਨੁਕਰ ਵਿੱਚ ਬੈਠੀਆਂ ਚਾਹ ਪੀ ਰਹੀਆਂ ਸਨ। ਸਾਰੀਆਂ ਦੇ ਮੂੰਹ ਰਤੇ ਹੋਏ ਹੋਏ ਸਨ ਤੇ **ਵੋਧਕਾ** ਪੀਣੇ ਕਰ ਕੇ ਜਿਹੜੇ ਝੂਟੇ ਆਏ ਹੋਏ ਸਨ ਨੇ, ਉਨ੍ਹਾਂ ਕਰਕੇ ਓਹ ਜ਼ਰਾ ਤੇਜ਼ੀ ਵਿੱਚ ਸਨ ਕਿਉਂਕਿ **ਮਸਲੋਵਾ** ਜਿਹਨੂੰ ਹੁਣ ਸ਼ਰਾਬ ਮਿਲ ਜਾਂਦੀ ਸੀ, ਸਭ ਨੂੰ ਖੁਲ੍ਹੇ ਦਿਲ ਪਿਆਂਦੀ ਸੀ, ।

"ਓਹ ਕਿਸੀ ਕਿਸਮ ਦੀ ਬਗ਼ਾਵਤ ਨਹੀਂ ਸੀ ਕਰ ਰਹਿਆ," **ਵੈਸੀਲੈਵ** ਦੀ ਗੱਲ ਛੇੜਦਿਆਂ ਤੇ ਨਾਲੇ ਮਿਸਰੀ ਦੇ ਇਕ ਟੁਕੜੇ ਨੂੰ ਆਪਣੇ ਪੱਕੇ ਦੰਦਾਂ ਨਾਲ ਨਿਕੇ ਨਿਕੇ ਟੁਕੜੇ ਕਰ-ਦਿਆਂ **ਕੋਰਾਬਲੈਵਾ** ਨੇ ਕਹਿਆ, "ਓਸ ਤਾਂ ਆਪਣੇ ਸਾਥੀ ਦਾ ਪਖ ਕੀਤਾ ਜਿਸਨੂੰ ਓਹਨਾਂ ਮਾਰਿਆ ਸੀ ਕਿਉਂਕਿ ਕੈਦੀਆਂ ਨੂੰ ਮਾਰਨਾ ਕਨੂੰਨ ਦੇ ਬਰਖਲਾਫ ਹੈ।"

"ਤੇ ਓਹ ਤਾਂ ਬੜਾ ਚੰਗਾ ਆਦਮੀ ਹੈ, ਮੈਂ ਸਭ ਨੂੰ ਕਹਿੰਦਿਆਂ ਸੁਣਿਆ ਹੈ," **ਥੀਓਡੋਸੀਆ**, ਜਿਹੜੀ ਨੰਗੇ ਸਿਰ ਆਪਣੀਆਂ ਨਵੀਆਂ ਜ਼ੁਲਫਾਂ ਸਿਰ ਉੱਪਰ ਕੀਤੀਆਂ ਹੋਈਆਂ, ਇੱਕ ਲੱਕੜ ਦੀ ਗੇਲੀ ਉੱਪਰ ਓਸ ਤਖਤੇ ਦੇ ਬਿਸਤਰੇ ਦੇ ਸਾਹਮਣੇ ਬੈਠੀ

ਹੋਈ ਸੀ, ਤੇ ਓਸੇ ਉੱਪਰ ਚਾਹ ਦਾ ਬਰਤਨ ਵੀ ਪਇਆ ਹੋਇਆ ਸੀ, ਨੇ ਆਖਿਆ ।

"ਹੁਣ ਜੇ ਤੂੰ ਓਹਨੂੰ ਕਹੇਂ" ਚੌਕੀਦਾਰ ਦੀ ਵਹੁਟੀ ਬੋਲੀ, (ਓਸ ਥੀਂ ਉਹਦੀ ਮੁਰਾਦ **ਨਿਖਲੀਊਧਵ** ਤੋਂ ਸੀ )

"ਮੈਂ ਓਹਨੂੰ ਕਹਾਂਗੀ ਓਹ ਮੇਰੇ ਲਈ ਜੋ ਮੈਂ ਕਹਾਂ ਕਰਸੀ," **ਮਸਲੋਵਾ** ਆਪਣਾ ਸਿਰ ਜਰਾ ਹਿਲਾ ਕੇ ਤੇ ਮੁਸਕਰਾ ਕੇ ਬੋਲੀ–

"ਹਾਂ ਪਰ ਆਵਸੀ ਕਦ ? ਤੇ ਓਹ ਤਾਂ ਓਹਨਾਂ ਨੂੰ ਮਾਰਨ ਲਈ ਲੈ ਵੀ ਗਏ ਹਨ" **ਥੀਓਡੋਸੀਆ** ਬੋਲੀ, "ਇਹ ਬੜਾ ਖਤਰਨਾਕ ਕੰਮ ਹੈ," ਓਸ ਨੇ ਆਹ ਭਰ ਕੇ ਕਹਿਆ "ਮੈਂ ਇਕ ਵੇਰੀ ਤੱਕਿਆ ਸੀ ਉਨ੍ਹਾਂ ਨੇ ਕਿਸ ਤਰਾਂ ਇਕ ਗਰਾਂ ਵਿੱਚ ਬੈਂਤ ਮਾਰੇ ਸਨ, ਮੈਨੂੰ ਸਹੁਰੇ ਨੇ ਗਰਾਂ ਦੇ ਇਕ ਵੱਡੇ ਪਾਸ ਭੇਜਿਆ ਸੀ, ਤਦ ਮੈਂ ਗਈ ਤੇ ਓਥੇ ... ... ... ... ... ... ... ... ... ... ... ... ... ... ... ..."ਚੌਕੀਦਾਰ ਦੀ ਵਹੁਟੀ ਨੇ ਆਪਣੀ ਲੰਮੀ ਰਾਮ ਕਹਾਣੀ ਅਰੰਭ ਦਿੱਤੀ ਜਿੱਦੀ ਗੱਲ ਵਿੱਚੇ ਹੀ ਉਨ੍ਹਾਂ ਦੇ ਉੱਪਰ **ਕੌਰੀਡੋਰ** ਵਿੱਚ ਚਲਦਿਆਂ ਕਦਮਾਂ ਦੀ ਤ੍ਰਪ ਤ੍ਰਪ, ਖਾੜ ਖਾੜ ਦੀਆਂ ਆਵਾਜ਼ਾਂ ਨਾਲ ਟੁੱਕੀ ਗਈ ਸੀ ।

ਤੀਮੀਆਂ ਚੁਪ ਹੋ ਗਈਆਂ ਤੇ ਸੁਣਨ ਲੱਗ ਪਈਆਂ ਸਨ ।

"ਓਹ ! ਓਹ ਆਏ, ਓਹਨੂੰ ਲਈ ਆਉਂਦੇ ਹਨ ਇਹ ਸ਼ੈਤਾਨ," **ਹੋਰੋਸ਼ਾਵਕਾ** ਬੋਲੀ ।

"ਓਹ ਓਹਨੂੰ ਮਾਰ ਮੁਕਾਣਗੇ, ਜ਼ਰੂਰ ਮਾਰ ਹੀ ਸੁੱਟਣਗੇ, ਉਸ ਵਲ ਜੇਲਰ ਪਾਗਲ ਹੋਏ ਹਨ, ਓਹ ਇਨ੍ਹਾਂ ਨੂੰ ਸਾਹ ਜੂ ਨਹੀਂ ਲੈਣ ਦਿੰਦਾ ਤੇ ਕਦੀ ਓਨ੍ਹਾਂ ਦੀਆਂ ਗੱਲਾਂ ਨਹੀਂ ਮੰਨਦਾ।"

ਉਪਰਲੀ ਮੰਜ਼ਲ ਵਿੱਚ ਮੁੜ ਚੁਪ ਚਾਪ ਹੋ ਗਈ ਤੇ ਚੌਕੀਦਾਰ ਦੀ ਵਹੁਟੀ ਨੇ ਆਪਣੀ ਕਹਾਣੀ ਮੁਕਾਈ ਕਿ ਕਿਸ ਤਰਾਂ ਜਦ ਉਹ ਖਲਵਾੜ ਗਈ ਸੀ ਤਦ ਉਹ ਭੈਭੀਤ ਹੋ ਗਈ ਸੀ ਜਦ ਉਸਨੇ ਉਨਾਂ ਨੂੰ ਵਿਚਾਰੇ ਕਿਸਾਨ ਨੂੰ ਬੈਂਤ ਮਾਰਦੇ ਤੱਕਿਆ ਸੀ, ਤੇ ਓਹਨੂੰ ਵੇਖ ਕੇ ਆ ਗਈ ਸੀ। **ਹੋਰੋਸ਼ਾਵਕਾ** ਨੇ ਦਸਿਆ ਕਿ ਕਿੰਝ **ਸ਼ੇਸਲੋਵ** ਨੂੰ ਬੈਂਤ ਪਏ ਸਨ ਤੇ ਓਸ ਸੀ ਵੀ ਨਹੀਂ ਕੀਤੀ ਸੀ। ਤਦ **ਥੀਓਡੋਸੀਆ** ਨੇ ਚਾਹ ਦੇ ਬਰਤਨ ਪਰੇ ਰੱਖ ਦਿੱਤੇ ਤੇ **ਕੋਰਾਬਲੇਵਾ** ਤੇ ਚੌਕੀ-ਦਾਰ ਦੀ ਵਹੁਟੀ ਨੇ ਆਪਣੇ ਸੀਣ ਤਰੁਪਣ ਦਾ ਕੰਮ ਲੈ ਲਇਆ। **ਮਸਲੋਵਾ** ਆਪਣੇ ਬਿਸਤਰੇ ਉੱਪਰ ਦੋਵੇਂ ਬਾਹਾਂ ਆਪਣੇ ਗੋਡਿਆਂ ਦੇ ਦਵਾਲੇ ਬੰਮ ਕੇ ਨਿੰਮੋਝੂਣ ਤੇ ਫਿਕੀ ਜੇਹੀ ਹੋਕੇ ਬਹਿ ਗਈ। ਓਹ ਲੇਟਣਾ ਚਾਹੁੰਦੀ ਸੀ ਤੇ ਸੌਣ ਦੀ ਕੋਸ਼ਸ਼ ਕਰਨ ਵਾਲੀ ਹੀ ਸੀ ਕਿ **ਵਾਰਡ੍ਰੇਸ** ਨੇ ਓਹਨੂੰ ਬਾਹਰ ਬੁਲਾਇਆ ਕਿ ਦਫਤਰ ਵਿੱਚ ਓਹਨੂੰ ਮਿਲਣ ਵਾਲਾ ਕੋਈ ਆਇਆ ਹੈ।

"ਹੁਣ–ਯਾਦ ਰੱਖੀਂ, ਸਾਡੀ ਬਾਬਤ ਕਹਿਣਾ ਭੁਲ ਨ

ਜਾਈਂ," ਬੁੱਢੀ ਜਨਾਨੀ [ਮੈਨਸ਼ੇਵਾ] ਨੇ ਕਿਹਾ ਜਦ **ਮਸਲੋਵਾ** ਆਪਣੇ ਸਿਰ ਤੇ ਰੋਮਾਲ ਠੀਕ ਕਰ ਰਹੀ ਸੀ ਤੇ ਮੱਧਮ ਜੇਹੇ ਮੂੰਹ ਵਿੱਸਾਣ ਵਾਲੇ ਸ਼ੀਸ਼ੇ ਸਾਹਮਣੇ ਖੜੀ ਸੀ। "ਅਸਾਂ ਘਰ ਨੂੰ ਅੱਗ ਨਹੀਂ ਸੀ ਲਾਈ, ਪਰ ਓਸ ਸ਼ੈਤਾਨ ਨੇ ਆਪ ਲਾਈ ਸੀ, ਉਹਦੇ ਆਪਣੇ ਮਜੂਰਾਂ ਨੇ ਓਹਨੂੰ ਇਉਂ ਕਰਦਾ ਵੇਖਿਆ ਵੀ ਸੀ ਤੇ ਓਹ ਮਜੂਰ ਆਪਣੇ ਰੂਹਾਂ ਨੂੰ ਇਸ ਸ਼ਹਾਦਤ ਥੀਂ ਇਨਕਾਰੀ ਹੋਕੇ ਕਦੀ ਨਰਕ ਵਿੱਚ ਨਹੀਂ ਸੁੱਟਣ ਦੀ ਕਰਨਗੇ। ਤੂੰ ਬੱਸ ਓਹਨੂੰ ਕਹੀਂ ਕਿ ਉਹ ਮੇਰੇ **ਮਿਤ੍ਰੀ** ਨੂੰ ਜਰਾ ਮਿਲ ਲਵੇ, **ਮਿਤ੍ਰੀ** ਸਾਰੀ ਗੱਲ ਓਹਨੂੰ ਦੱਸ ਦੇਵੇਗਾ। ਸਾਫ ਹੈ ਜਿਵੇਂ ਕੋਈ ਗੱਲ ਸਾਫ ਹੋ ਸੱਕਦੀ ਹੈ, ਜਰਾ ਸੋਚ, ਅਸੀਂ ਹੁਣ ਜੇਲ ਵਿੱਚ ਬੰਦ ਹਾਂ ਜਦ ਅਸਾਂ ਕਦੀ ਵੀ ਨਹੀਂ ਬੁਰਾ ਚਿਤਵਿਆ ਤੇ ਵੇਖ, ਓਹ ਸ਼ੈਤਾਨ ਦੂਸਰੇ ਦੀ ਤੀਮੀਂ ਬਗਲ ਵਿੱਚ ਲਈ ਕਲਾਲ ਖਾਨੇ ਬੈਠਾ ਗੁਲਛੱਰੇ ਉਡਾ ਰਹਿਆ ਹੈ।

"ਇਹ ਕੋਈ ਕਾਨੂੰਨ ਤਾਂ ਨਹੀਂ ਨਾ," **ਕੋਰਾਬਲੈਵਾ** ਨੇ ਆਖਿਆ।

"ਮੈਂ ਉਹਨੂੰ ਕਹਾਂਗੀ, ਕਹਾਂਗੀ," **ਮਸਲੋਵਾ** ਨੇ ਜਵਾਬ ਦਿੱਤਾ।

"ਫਰਜ ਕਰੋ ਜੇ ਮੈਂ ਆਪਣੇ ਦਿਲ ਨੂੰ ਤਕੜਾ ਕਰਨ ਲਈ ਇਕ ਕਤਰਾ ਲੈ ਲਵਾਂ।"ਓਸ ਨੇ ਅੱਖ ਮਾਰ ਕੇ ਕਹਿਆ ਤੇ **ਕੋਰਾਬਲੈਵਾ** ਨੇ ਅੱਧਾ ਪਿਆਲਾ **ਵੋਧਕਾ** ਦਾ ਭਰ ਦਿੱਤਾ

ਤੇ **ਮਸਲੋਵਾ** ਡੀਕ ਲਾ ਕੇ ਚੜ੍ਹਾ ਗਈ।

"ਬੱਸ ਆਪਣੀ ਦਲੇਰੀ ਨੂੰ ਕਾਇਮ ਰੱਖਣ ਲਈ," ਇਹ ਕਹਿ ਕੇ ਓਹ **ਵਾਰਡ੍ਰੈਸ** ਦੇ ਪਿੱਛੇ ਪਿੱਛੇ ਹੋ ਪਈ ਤੇ **ਕੌਰੀਡੋਰ** ਦੇ ਨਾਲ ਨਾਲ ਆਪਣਾ ਸਿਰ ਝੂਮ ਜੇਹੀ ਵਿੱਚ ਹਿਲਾਂਦੀ ਖੁਸ਼ੀ ਖੁਸ਼ੀ ਮੁਸਕਰਾਂਦੀ ਚਲੀ ਗਈ।

# ਕਾਂਡ ੪੭

ਨਿਖਲੀਊਧਵ ਵੱਡੇ ਕਮਰੇ ਵਿਚ ਚੋਖੇ ਚਿਰ ਥੀਂ ਉਡੀਕ ਕਰ ਰਹਿਆ ਸੀ। ਜਦ ਉਹ ਜੇਲ ਪਹੁਚਾ ਸੀ, ਉਸ ਦਾਖਲ ਹੋਣ ਵਾਲੇ ਦਰਵਾਜ਼ੇ ਦੀ ਟੱਲੀ ਵਜਾਈ ਤੇ ਪਰੋਕਿਊਰਰ ਦਾ ਪਰਮਿਟ ਜੇਲਰ ਨੂੰ ਜਿਹੜਾ ਉਸ ਵੇਲੇ ਡਿਊਟੀ ਉੱਪਰ ਉਹਨੂੰ ਖੜਾ ਮਿਲਿਆ ਸੀ ਫੜਾ ਦਿਤਾ।

"ਆਪ ਕਿਹਨੂੰ ਮਿਲਨਾ ਚਾਹੁੰਦੇ ਹੋ ?"

"ਕੈਦਨ ਮਸਲੋਵਾ ਨੂੰ।"

"ਆਪ ਹੁਣੇ ਨਹੀਂ ਮਿਲ ਸਕਦੇ, ਇਨਸਪੈਕਟਰ ਕੰਮ ਵਿਚ ਰੁਝਾ ਹੋਇਆ ਹੈ।"

"ਕੀ ਉਹ ਦਫਤਰ ਵਿਚ ਬੈਠਾ ਹੈ ?" ਨਿਖਲੀਊਧਵ ਨੇ ਪੁਛਿਆ।

"ਨਹੀਂ, ਇੱਥੇ ਅੰਦਰ ਮੁਲਾਕਾਤੀ ਕਮਰੇ ਵਿਚ ਹੀ ਹੈ," ਜੇਲਰ ਨੇ ਕਹਿਆ, ਜਿਹੜਾ ਜਰਾ ਇਹ ਕਹਿੰਦਿਆਂ ਭੌਂਤਲ ਜੇਹਾ ਗਿਆ ਸੀ।

"ਕਿਉਂ ਕੀ ਅੱਜ ਮੁਲਾਕਾਤੀ ਦਿਨ ਹੈ ?"

"ਨਹੀਂ ਖਾਸ ਕੰਮ ਹੈ।"

"ਮੈਂ ਉਹਨੂੰ ਮਿਲਣਾ ਚਾਹੁੰਦਾ ਹਾਂ ਮੈਂ ਕੀ ਕਰਾਂ ?" **ਨਿਖਲੀਊਧਵ** ਨੇ ਕਹਿਆ।

"ਜਦ ਇਨਸਪੈਕਟਰ ਬਾਹਰ ਆਵੇਗਾ ਤਦ ਆਪ ਨੇ ਕਹਿ ਦੇਣਾ, ਥੋੜਾ ਚਿਰ ਉਡੀਕੋ," ਜੇਲਰ ਨੇ ਕਹਿਆ।

ਇਸੀ ਛਿਨ ਇਕ **ਸਾਰਜੰਟ ਮੇਜਰ** ਬੜੇ ਕੂਲੇ ਤੇ ਖੂਬ ਘੋਟੇ ਚਿਹਰੇ ਵਾਲਾ ਜਿਹਦੀਆਂ ਮੁੱਛਾਂ ਤਮਾਕੂ ਦੇ ਧੂਏਂ ਨਾਲ ਭਰੀਆਂ ਹੋਈਆਂ ਸਨ, ਇਕ ਪਾਸੇ ਦੇ ਦਰਵਾਜ਼ੇ ਰਾਹੀਂ ਬਾਹਰ ਆਇਆ। ਉਹਦੀ ਵਰਦੀ ਤੇ ਸੋਨੇ ਦੇ ਰੱਸੇ ਚਮਕ ਚਮਕ ਕਰ ਰਹੇ ਸਨ ਤੇ ਉਸ ਜੇਲਰ ਨੂੰ ਇਕ ਸਖਤ ਜੇਹੀ ਸੁਰ ਵਿਚ ਕਿਹਾ :-

"ਕਿਸੀ ਨੂੰ ਇਥੇ ਆਉਣ ਦੇਣ ਦਾ ਤੇਰਾ ਕੀ ਮਤਲਬ ਹੈ ? ਦਫਤਰ..........."।

"ਮੈਨੂੰ ਪਤਾ ਲਗਾ ਹੈ ਕਿ ਇਨਸਪੈਕਟਰ ਸਾਹਿਬ ਇਥੇ ਹਨ," **ਨਿਖਲੀਊਧਵ** ਨੇ ਕਹਿਆ, ਪਰ **ਸਾਰਜੰਟ ਮੇਜਰ** ਸਾਹਿਬ ਜੀ ਦੇ ਗੁੱਸੇ ਵਾਲੇ ਤੌਰ ਨੂੰ ਵੇਖ ਕੇ ਕੁਛ ਠਠੰਬਰ ਗਇਆ। ਇਸੀ ਛਿਨ ਹੀ ਅੰਦਰਲਾ ਦਰਵਾਜ਼ਾ ਵੀ ਖੁਲ੍ਹਿਆ ਤੇ **ਪੈਤਰੋਵ** ਵੀ ਪਸੀਨਾ ਪਸੀਨਾ ਹੋਇਆ ਗਰਮੀ ਜੇਹੀ ਵਿਚ ਬਾਹਰ ਆਇਆ।

"ਉਹ ਯਾਦ ਹੀ ਰੱਖਸੀ," ਉਸ **ਸਾਰਜੰਟ ਮੇਜਰ** ਵਲ ਮੁਖਾਤਿਬ ਹੋ ਮੂੰਹ ਵਿਚ ਦੀ ਕਹਿਆ।

ਸਾਰਜੰਟ ਮੇਜਰ ਨੇ ਨਿਖਲੀਊਧਵ ਦੇ ਮੌਜੂਦ ਹੋਣ ਨੂੰ ਅੱਖ ਦੇ ਫੇਰ ਨਾਲ ਦੱਸਿਆ ਤੇ ਇਸ ਕਰਕੇ ਪੇਤਰੋਵ ਭਰਵੱਟੇ ਉਤਾਂਹਾਂ ਖਿੱਚ [ਕੇ ਪਿਛਲੇ ਪਾਸੇ ਦੇ ਦਰਵਾਜ਼ੇ ਰਾਹੀਂ ਬਾਹਰ ਚਲਾ ਗਿਆ ।

''ਕੌਣ ਯਾਦ ਰੱਖੇਗਾ ? ਸਾਰੇ ਕਿਉਂ ਇਓਂ ਭੌਂਤਲੇ ਹੋਏ ਫਿਰਦੇ ਹਨ-ਸਾਰਜੰਟ ਮੇਜਰ ਨੇ ਉਹਨੂੰ ਕਿਉਂ ਇਸ਼ਾਰਾ ਜੇਹਾ ਕੀਤਾ ?'' ਨਿਖਲੀਊਧਵ ਵਿਚਾਰਾਂ ਵਿਚ ਪੈ ਗਇਆ ।

ਸਾਰਜੰਟ ਮੇਜਰ ਨਿਖਲੀਊਧਵ ਵਲ ਮੁਖਾਤਿਬ ਹੋ ਕੇ ਕਹਿਣ ਲੱਗਾ-''ਆਪ ਓਹਨੂੰ ਇਥੇ ਨਹੀਂ ਮਿਲ ਸੱਕਦੇ, ਜਰਾ ਪਾਰ ਦਫਤਰ ਵਿਚ ਜਾਣ ਦੀ ਤਕਲੀਫ ਉਠਾਓ ।''

ਨਿਖਲੀਊਧਵ ਇਹ ਕਹਿਆ ਮੰਨਣ ਹੀ ਲੱਗਾ ਸੀ ਕਿ ਪਿੱਛੇ ਦੇ ਦਰਵਾਜ਼ੇ ਥੀਂ ਇਨਸਪੇਕਟਰ ਆਪ ਬਾਹਰ ਆ ਗਇਆ, ਓਹ ਆਪਣੇ ਮਾਤਹਿਤਾਂ ਥੀਂ ਵਧ ਭੌਂਤਲਿਆ ਹੋਇਆ ਸੀ, ਤੇ ਲਗਾਤਾਰ ਠੰਡੇ ਸਾਹ ਭਰ ਰਹਿਆ ਸੀ । ਜਦ ਨਿਖਲੀਊਧਵ ਨੂੰ ਵੇਖਿਆ ਤਦ ਹੀ ਜੇਲਰ ਵਲ ਮੁਖਾਤਿਬ ਹੋਇਆ,...........''ਫੈਦੋਤੋਵ ! ਮਸਲੋਵਾ ਕੋਠੜੀ ਨੰ: ੫, ਤੀਮੀਆਂ ਦਾ ਵਾਰਡ, ਦਫ਼ਤਰ ਵਿਚ ਲਿਆਈ ਜਾਵੇ ।''

"ਕਿਰਪਾ ਕਰ ਕੇ ਇਧਰ ਆਓ," ਨਿਖਲੀਊਧਵ ਵਲ ਮੁੜੇ ਓਹਨੂੰ ਕਹਿਆ, ਉਹ ਫਿਰ ਇਕ ਸਿੱਧੀਆਂ ਪੌੜੀਆਂ ਦੇ ਰਾਹੀਂ ਉੱਪਰ ਚੜ੍ਹ ਕੇ ਇਕ ਨਿੱਕੀ ਖਿੜਕੀ ਵਾਲੇ ਕਮਰੇ ਵਿਚ ਦਾਖ਼ਲ ਹੋਏ। ਇਨਸਪੇਕਟਰ ਬਹਿ ਗਇਆ।

"ਮੇਰੀਆਂ, ਜਨਾਬ, ਬੜੀਆਂ ਬੋਝਲੀਆਂ ਨੌਕਰੀਆਂ ਹਨ," ਓਸ ਨਿਖਲੀਊਧਵ ਨਾਲ ਇਉਂ ਗੱਲ ਸ਼ੁਰੂ ਕੀਤੀ ਤੇ ਸਿਗਰਟ ਪੀਣ ਨੂੰ ਕਢਿਆ।

"ਸਾਫ਼ ਹੈ ਆਪ ਬੜੇ ਥੱਕ ਗਏ ਹੋ," ਨਿਖਲੀਊਧਵ ਨੇ ਉਤਰ ਦਿਤਾ।

"ਮੈਂ ਸਾਰੀ ਸਰਵਿਸ ਥੀਂ ਹੀ ਥੱਕ ਗਇਆ ਹਾਂ। ਡਿਊਟੀਆਂ ਬੜੀਆਂ ਬੋਝਲੀਆਂ, ਭਾਰੀਆਂ ਹਨ। ਆਦਮੀ ਯਤਨ ਕਰਦਾ ਹੀ ਹੈ ਕਿ ਇਨ੍ਹਾਂ ਵਿਚ ਕਰਨੀਆਂ ਪੈਂਦੀਆਂ ਸਖਤੀਆਂ ਕਿਵੇਂ ਘਟ ਹੋਣ ਪਰ ਇਓਂ ਧਿਆਨ ਕਰਦਿਆਂ ਕਰਦਿਆਂ ਉਹ ਸਖਤੀਆਂ ਵਧ ਹੀ ਹੋ ਜਾਂਦੀਆਂ ਹਨ। ਮੇਰਾ ਖਿਆਲ ਹੁਣ ਬੱਸ ਇਹ ਹੈ ਕਿ ਕਿੰਝ ਇਹ ਕੰਮ ਛਡ ਦੇਈਏ–ਫਰਜ਼ ਇੰਨੇ ਬੁਝੀਲੇ ਬੁਝੀਲੇ......।"

ਨਿਖਲੀਊਧਵ ਨੂੰ ਕੁਛ ਪਤਾ ਨਾ ਲਗਾ ਕਿ ਜੇਲਰ ਦੇ ਕੰਮ ਵਿਚ ਕੋਈ ਖਾਸ ਮੁਸ਼ਕਲਾਂ ਕੀ ਸਨ ਪਰ ਉਸ ਵੇਖਿਆ ਕਿ ਜੇਲਰ ਅਜ ਖਾਸ ਕਰਕੇ ਇਕ ਨਾਉਮੇਦੀ

ਤੇ ਡਿੱਗੀ ਜੇਹੀ ਕਿਰਦੀ ਜੇਹੀ ਹਾਲਤ ਵਿਚ ਹੈ ਜਿਹਨੂੰ ਇਓਂ ਦੇਖ ਕੇ ਉਸ ਨੂੰ ਤਰਸ ਆਉਂਦਾ ਸੀ।

"ਠੀਕ–ਦਿਸਦਾ ਹੈ ਕਿ ਇਥੇ ਦਾ ਕੰਮ ਕਾਜ ਕਾਫ਼ੀ ਬਾਹਲਾ ਹੈ," ਓਸ ਕਹਿਆ।

"ਪਰ ਆਪ ਫਿਰ ਇਹ ਇਸ ਵੱਡੀ ਥਾਂ ਦੀ ਨੌਕਰੀ ਕਿਉਂ ਕਰਦੇ ਹੋ।"

"ਮੈਂ ਟਬਰ ਵਾਲਾ ਹਾਂ--ਤੇ ਹੋਰ ਕੋਈ ਰਾਹ ਨਹੀਂ ਓਹਨੂੰ ਪਾਲਣ ਦਾ।"

"ਪਰ ਜੇ ਇਹ ਕੰਮ ਇੰਨਾ ਸਖਤ ਹੈ..........।"

"ਠੀਕ–ਪਰ ਫਿਰ ਵੀ ਆਪ ਜਾਣਦੇ ਹੋ ਇਹ ਮੁਮਕਿਨ ਹੈ ਕਿ ਹਰ ਆਦਮੀ ਹਰ ਕੰਮ ਵਿਚ ਕਿਸੇ ਜੋਗਾ ਹੋ ਹੀ ਸਕਦਾ ਹੈ–ਮੈਂ ਸਖਤੀਆਂ ਨੂੰ ਜਿੰਨਾ ਹੋ ਸਕਦਾ ਹੈ ਨਰਮ ਕਰਨ ਦੀ ਹੀ ਕਰਦਾ ਰਹਿੰਦਾ ਹਾਂ। ਮੇਰੀ ਥਾਂ ਜੇ ਕੋਈ ਹੋਰ ਹੋਵੇ ਓਹ ਇਹ ਗਲਾਂ ਹੋਰ ਤਰਾਂ ਹੀ ਕਰੇਗਾ ਕਿਉਂ ਜੀ–ਇੱਥੇ ਸਾਡੇ ਪਾਸ ੩੦੦੦ ਬੰਦੇ ਹਨ ਤੇ ਹਾਏ ਕਿਹੋ ਜੇਹੇ ਲੋਕੀ ? ਆਦਮੀ ਨੂੰ ਇਨ੍ਹਾਂ ਦੇ ਕਾਬੂ ਰਖਣ ਦੀ ਜਾਚ ਤੇ ਅਟਕਲ ਦੀ ਲੋੜ ਹੈ। ਆਪ ਜਾਣਦੇ ਹੋ ਕਹਿਣਾ ਸੁਖੱਲਾ ਹੈ ਪਰ ਕਰਕੇ ਦਸਣਾ ਔਖਾ ਹੈ। ਆਖਰ ਇਹ ਬੰਦ ਲੋਕੀ ਵੀ ਤਾਂ ਇਨਸਾਨ ਹੀ ਹਨ ਤੇ ਉਨ੍ਹਾਂ ਉੱਪਰ ਰਹਿਮ ਕਰਨ ਬਿਨਾ ਰਹਿ ਹੀ ਨਹੀਂ ਸਕੀਦਾ," ਤੇ ਇਹ ਕਹਿਕੇ ਇਨਸਪੈਕਟਰ **ਨਿਖਲੀਊਧਵ** ਨੂੰ ਦਸਣ ਲਗ ਪਇਆ ਕਿ ਕਿੰਝ ਕੈਦੀਆਂ ਵਿਚ ਇਕ

ਜੰਗ ਹੋ ਗਇਆ ਸੀ ਜਿਸ ਵਿਚ ਇਕ ਆਦਮੀ ਮਾਰਿਆ ਗਇਆ ਸੀ-ਇਹ ਕਹਾਣੀ ਵਿਚੇ ਹੀ ਰੁਕ ਗਈ ਜਦ ਜੇਲਰ ਦੇ ਨਾਲ **ਮਸਲੋਵਾ** ਅੰਦਰ ਆ ਗਈ ।

**ਨਿਖਲੀਊਧਵ** ਨੇ ਓਹਨੂੰ ਉਹਦੇ ਇਨਸਪੈਕਟਰ ਦੇ ਵੇਖਣ ਥੀਂ ਪਹਿਲਾਂ ਹੀ ਦਰਵਾਜ਼ੇ ਥਾਣੀਂ ਰਾਹ ਵਿਚ ਹੀ ਤਕ ਲਇਆ ਸੀ । ਓਹਦਾ ਮੂੰਹ ਲਾਲ ਲਾਲ ਸੀ, ਤੇ ਓਹ ਵਾਰਡਰ ਦੇ ਪਿਛੇ ਪਿਛੇ ਤੇਜ਼ ਆ ਰਹੀ ਸੀ । ਸਿਰ ਝੂਮ ਵਿੱਚ ਹਿਲਾਉਂਦੀ ਤੇ ਮੁਸਕਰਾਉਂਦੀ ਆ ਰਹੀ ਸੀ ।

ਜਦ ਉਸ ਇਨਸਪੈਕਟਰ ਨੂੰ ਬੈਠਿਆਂ ਵੇਖਿਆ ਤਦ ਓਹਦਾ ਤੌਰ ਝਟਾਪੱਟ ਬਦਲ ਗਇਆ, ਤੇ ਡਰ ਗਈ ਜੇਹੀ ਨਿਗਾਹ ਨਾਲ ਉਸ ਵਲ ਵੇਖਣ ਲੱਗ ਪਈ । ਪਰ ਜਲਦੀ ਨਾਲ ਸੰਭਲ ਕੇ ਉਸ ਨੇ ਕੁਛ ਦਲੇਰੀ ਤੇ ਖੁਸ਼ੀ ਜੇਹੀ ਨਾਲ **ਨਿਖਲੀਊਧਵ** ਨੂੰ ਬੁਲਾਇਆ ।

"ਆਪ ਦਾ ਕੀ ਹਾਲ ਹੈ ?" ਓਸ ਕਹਿਆ ਤੇ ਆਪਣੇ ਲਫਜ਼ਾਂ ਨੂੰ ਜਰਾ ਕੂ ਲਮਕਾ, ਧ੍ਰੀਕ ਕੇ, ਮੁਸਕਰਾਂਦੀ ਨੇ ਉਹਦਾ ਹੱਥ ਫੜ ਲਇਆ, ਤੇ ਬੜੇ ਜੋਰ ਨਾਲ ਹਿਲਾਇਆ-ਓਸ ਤਰਾਂ ਨਹੀਂ ਜਿਸ ਤਰਾਂ ਓਸ ਪਹਿਲੀ ਮੁਲਾਕਾਤ ਵੇਲੇ ਕੀਤਾ ਸੀ ।

"ਮੈਂ ਇਹ ਇਕ ਅਰਜੀ ਤੇਰੇ ਲਈ ਲਿਆਇਆ ਹਾਂ-ਤੂੰ ਇਸ ਉੱਪਰ ਦਸਤਖਤ ਕਰਨੇ ਹਨ," **ਨਿਖਲੀਊਧਵ** ਨੇ ਕਹਿਆ । ਕੁਛ ਅਚੰਭੇ ਵਿੱਚ ਸੀ ਕਿ ਅੱਜ ਕਿੰਨੀ ਖੁੱਲ੍ਹ ਤੇ

ਦਲੇਰੀ ਨਾਲ ਉਸ ਨੇ ਓਹਨੂੰ ਬੁਲਾਇਆ ਸੀ, "ਵ... ਅਰਜੀ ਲਿਖ ਦਿੱਤੀ ਹੈ। ਤੂੰ ਇਸ ਉੱਪਰ ਦਸਤਖਤ ਕਰ... ਤੇ ਫਿਰ ਇਹਨੂੰ ਸੇਂਟ ਪੀਟਰਜ਼ਬਰਗ ਘੱਲ ਦੇਣਾ ਹੈ।"

"ਬਹੁਤ ਅੱਛਾ—ਇਹ ਤਾਂ ਕਰ ਦਿੱਤਾ ਜਾ ਸੱਕਦਾ ਹੈ, ਜਿੰਵੇਂ ਆਪ ਚਾਹੁੰਦੇ ਹੋ," ਓਸ ਕਹਿਆ ਤੇ ਮੁਸਕਰਾਈ, ਨਾਲੇ ਉਸ ਵੱਲ ਅੱਖ ਮਾਰੀ ਸੂ।

ਨਿਖਲੀਊਧਵ ਨੇ ਆਪਣੇ ਪਾਕਟ ਵਿੱਚੋਂ ਇਕ ਠੱਪਿਆ ਹੋਇਆ ਕਾਗਤ ਕੱਢਿਆ ਤੇ ਮੇਜ਼ ਉੱਪਰ ਵਿਛਾ ਦਿੱਤਾ।

"ਕੀ ਇਹ ਇੱਥੇ ਦਸਤਖਤ ਕਰ ਦੇਵੇ?" ਨਿਖਲੀਊਧਵ ਇਨਸਪੈਕਟਰ ਵੱਲ ਮੁੜ ਕੇ ਪੁੱਛਦਾ ਹੈ।

"ਹਾਂ—ਬੈਠ ਜਾਓ, ਇਹ ਕਲਮ ਹੈ। ਕੀ ਤੂੰ ਲਿਖਣ ਜਾਣਨੀ ਏਂ?" ਇਨਸਪੈਕਟਰ ਨੇ ਪੁੱਛਿਆ।

"ਕਦੀ ਮੈਂ ਲਿਖ ਹੀ ਸੱਕਦੀ ਸਾਂ," ਓਸ ਕਹਿਆ ਤੇ ਆਪਣੀ ਸਕਰਟ ਨੂੰ ਸਾਂਭ ਕੇ ਤੇ ਆਪਣੀ ਜੈਕਟ ਦੀਆਂ ਬਾਹਾਂ ਨੂੰ ਸੰਭਾਲ ਕੇ ਉਹ ਮੇਜ਼ ਲਾਗੇ ਬਹਿ ਗਈ। ਮੁਸਕਰਾਂਦੀ ਹੋਈ ਨੇ ਆਪਣੇ ਛੋਟੇ ਪਰ ਤੇਜ਼ ਹੱਥ ਨਾਲ ਕਲਮ ਨੂੰ ਅਣਜਾਚਾ ਜੇਹਾ ਫੜਿਆ ਤੇ ਨਿਖਲੀਊਧਵ ਵੱਲ ਹੱਸ ਕੇ ਤੱਕਿਆ।

ਜੰਗ ਹੋ ਖਲੀਊਧਵ ਨੇ ਓਹਨੂੰ ਦੱਸਿਆ ਕਿ ਉਸ ਕੀ ਤੇ ਕਿੱਥੇ ਗੁਇਆ ਲਿਖਣਾ ਹੈ, ਦਸਤਖਤ ਕਿੱਥੇ ਕਰਨੇ ਹਨ। ਜਦ ਉਸ ਕਲਮ ਸਿਆਹੀ ਵਿੱਚ ਡਬੋਈ ਉਸ ਬੜੀ ਡੂੰਘੀ ਆਹ ਲਈ ਤੇ ਇਹਤਿਆਤ ਨਾਲ ਪਹਿਲਾਂ ਸਿਆਹੀ ਛੰਡ ਕੇ ਆਪਣਾ ਨਾਂ ਲਿਖਿਆ।

"ਮੈਂ ਕੁਛ ਤੈਨੂੰ ਕਹਿਣਾ ਹੈ", ਨਿਖਲੀਊਧਵ ਨੇ ਉਸ ਪਾਸੋਂ ਕਲਮ ਲੈ ਕੇ ਕਹਿਆ।

"ਅੱਛਾ ਦੱਸੋ," ਓਸ ਕਹਿਆ ਪਰ ਅਚਣਚੇਤ, ਜਿੰਵੇਂ ਕੋਈ ਚੀਜ਼ ਯਾਦ ਆਈ ਯਾ ਨੀਂਦਰ ਆ ਗਈ ਹੁੰਦੀ ਹੈ ਉਹਦਾ ਮੁਹਾਂਦਰਾ ਡੂੰਘਾ ਹੋ ਗਇਆ। ਓਹਨੂੰ ਤੇ ਨਿਖਲੀਊਧਵ ਨੂੰ ਆਪਸ ਵਿੱਚ ਗੱਲਾਂ ਕਰਨ ਲਈ ਛੱਡ ਕੇ ਇਨਸਪੈਕਟਰ ਉੱਠਿਆ ਤੇ ਕਮਰੇ ਵਿੱਚੋਂ ਚਲਾ ਗਇਆ।

## ਕਾਂਡ ੪੯

ਓਹ ਜੇਲਰ ਜਿਹੜਾ **ਮਸਲੋਵਾ** ਨੂੰ ਲਿਆਇਆ ਸੀ, ਉਨ੍ਹਾਂ ਥੀਂ ਕੁਛ ਪਰੇ ਫਾਸਲੇ ਤੇ ਦਲਹੀਜ਼ ਉੱਪਰ ਬੈਠਾ ਹੋਇਆ ਸੀ।

**ਨਿਖਲੀਊਧਵ** ਲਈ ਫੈਸਲੇ ਦੀ ਘੜੀ ਆਣ ਸਿਰ ਉੱਪਰ ਪਹੁੰਚੀ ਪਈ ਸੀ। ਉਹ ਲਗਾਤਾਰ ਆਪਣੇ ਆਪ ਨੂੰ ਦੋਸ਼ ਦੇਂਦਾ ਰਹਿਆ ਸੀ ਕਿ ਉਸ ਪਹਿਲੀ ਮੁਲਾਕਾਤ ਵਿੱਚ ਹੀ ਅਸਲੀ ਗੱਲ ਕਿਉਂ ਨਹੀਂ ਉਸ ਨੂੰ ਕਹੀ ਸੀ, ਤੇ ਹੁਣ ਉਸ ਪੱਕੀ ਕਰ ਲਈ ਸੀ ਕਿ ਉਹ ਕਹੇਗਾ ਕਿ ਉਹ ਉਸ ਨਾਲ ਵਿਆਹ ਕਰਨ ਨੂੰ ਤਿਆਰ ਹੈ। ਉਹ ਮੇਜ਼ ਦੇ ਪਰਲੇ ਪਾਸੇ ਬੈਠੀ ਸੀ ਤੇ **ਨਿਖਲੀਊਧਵ** ਓਹਦੇ ਸਾਹਮਣੇ ਬਹਿ ਗਇਆ।

ਕਮਰੇ ਵਿੱਚ ਰੋਸ਼ਨੀ ਸੀ ਤੇ **ਨਿਖਲੀਊਧਵ** ਨੇ ਪਹਿਲੀ ਵਾਰ ਓਹਦਾ ਚਿਹਰਾ ਨੇੜਿਓਂ ਵੇਖਿਆ। ਉਸ ਸਾਫ ਦੇਖ ਲਇਆ ਕਿ ਉਹਦੀਆਂ ਅੱਖਾਂ ਹੇਠ ਵਾਰ **"ਕਾਂ-ਦੇ-ਪੰਜੇ"*** ਬਣੇ ਹੋਏ ਸਨ। ਓਹਦੇ ਮੂੰਹ ਦੇ ਦਵਾਲੇ ਝੁਰਲੀਆਂ

---

* ਅਖੀਆਂ ਦੇ ਦਵਾਲੇ ਖਾਸ ਕਰ ਕੋਨਿਆਂ ਵਲ, ਬਿਰਧ ਅਵਸਥਾ ਕਰਕੇ ਯਾ ਜੀਵਨ ਢਿਲਾ ਢਾਲਾ ਬਤੀਤ ਕਰਨ ਕਰਕੇ, ਜੋ ਝੁਰਲੀਆਂ ਪੈ ਜਾਂਦੀਆਂ ਹਨ, ਕਰੌਜ਼ ਫੀਟ (ਕਾਂ-ਦੇ-ਪੰਜੇ) ਕਹੀਆਂ ਜਾਂਦੀਆਂ ਹਨ।

ਪਈਆਂ ਸਨ। ਤੇ ਉਹਦੇ ਪਲਕ ਸੁੱਜੇ ਜੇਹੇ ਹੋਏ ਸਨ। ਇਹ ਵੇਖ ਕੇ ਉਹਦਾ ਦਿਲ ਅੱਗੇ ਨਾਲੋਂ ਵੀ ਕਈ ਗੁਣਾ ਜ਼ਿਆਦਾ ਰਹਿਮ ਨਾਲ ਭਰ ਗਇਆ। ਨਿਖਲੀਊਧਵ ਮੇਜ਼ ਉੱਪਰ ਝੁਕਿਆ, ਕਿ ਉਹਦੀ ਗੱਲ ਜੇਲਰ ਜਿਹੜਾ ਇਕ ਯਹੂਦੀ ਸ਼ਕਲ ਵਾਲਾ ਤੇ ਬਿਖਰੀ ਜੇਹੀ ਦਾਹੜੀ ਵਾਲਾ ਸੀ ਨ ਸੁਣ ਲਵੇ, ਤੇ ਕਹਿਆ:—

"ਜੇ ਇਸ ਅਰਜ਼ੀ ਦਾ ਕੋਈ ਨਤੀਜਾ ਨਾ ਨਿਕਲਿਆ, ਤਦ ਅਸੀਂ ਸ਼ਾਹਨਸ਼ਾਹ ਜ਼ਾਰ ਨੂੰ ਅਪੀਲ ਕਰਾਂਗੇ, ਜੋ ਕੁਛ ਹੋ ਸੱਕਦਾ ਹੈ ਓਹ ਅਸੀਂ ਕਰਾਂਗੇ।"

"ਦੇਖਿਆ ਜੇ, ਜੇ ਮੇਰਾ ਵਕੀਲ ਪਹਿਲਾਂ ਬੀਂ ਹੀ ਚੰਗਾ ਹੁੰਦਾ," ਉਸ ਓਹਦੀ ਗੱਲ ਟੋਕ ਕੇ ਕਹਿਆ, "ਮੇਰਾ ਵਕੀਲ ਨਿਰਾ ਮਜਹੂਲ ਸੀ, ਉਸ ਕੁਛ ਵੀ ਨਹੀਂ ਕੀਤਾ—ਸਿਰਫ ਮੈਨੂੰ ਸਲਾਹ ਹੀ ਛੱਡਦਾ ਸੀ," ਇਹ ਕਹਿਕੇ ਹੱਸ ਪਈ, "ਜੇ ਲੋਕਾਂ ਨੂੰ ਪਤਾ ਹੁੰਦਾ ਕਿ ਮੇਰੀ ਪਛਾਣ ਆਪ ਨਾਲ ਵੀ ਹੈ ਤਦ ਗੱਲ ਹੋਰ ਹੋ ਜਾਂਦੀ, ਉਹ ਤਾਂ ਇਹੋ ਸਮਝਦੇ ਹਨ ਕਿ ਸਭ ਚੋਰ ਹਨ।"

"ਮਸਲੋਵਾ ਅੱਜ ਕੇਹੀ ਅਜੀਬ ਹੋਈ ਹੋਈ ਹੈ," ਨਿਖਲੀਊਧਵ ਨੇ ਸੋਚਿਆ ਤੇ ਓਹ ਆਪਣੇ ਮਨ ਦੀ ਗੱਲ ਕਰਨ ਹੀ ਲੱਗਾ ਸੀ ਕਿ ਉਸ ਨੇ ਫਿਰ ਗੱਲ ਛੇੜ ਦਿੱਤੀ:—

"ਮੈਂ ਆਪ ਨੂੰ ਇਕ ਗੱਲ ਕਹਿਣਾ ਚਾਹੁੰਦੀ ਹਾਂ, ਸਾਡੇ ਇਥੇ ਇਕ ਬੁੱਢੀ ਤੀਵੀਂ ਹੈ, ਬੜੀ ਅੱਛੀ ਹੈ ਵਿਚਾਰੀ। ਓਹਨੂੰ ਵੇਖ ਕੇ ਹਰ ਕੋਈ ਹੈਰਾਨ ਹੁੰਦਾ ਹੈ। ਉਹ ਬਿਚਾਰੀ ਐਵੇਂ ਹੀ ਕੈਦ ਹੈ ਤੇ ਨਾਲ ਉਹਦਾ ਪੁਤਰ ਵੀ ਬੰਦ ਹੈ, ਤੇ ਸਭ ਕੋਈ

ਜਾਣਦਾ ਹੈ ਕਿ ਉਹ ਬੇਗੁਨਾਹ ਹਨ ਭਾਵੇਂ ਉਨ੍ਹਾਂ ਉੱਪਰ ਇਹ ਦੋਸ਼ ਲੱਗਾ ਹੈ ਕਿ ਉਨ੍ਹਾਂ ਕਿਸੀ ਦਾ ਝੁੱਗਾ ਸਾੜਿਆ ਹੈ। ਜਦ ਓਹਨੂੰ ਇਹ ਪਤਾ ਲੱਗਾ ਕਿ ਮੇਰੀ ਆਪ ਨਾਲ ਜਾਣ ਪਛਾਣ ਹੈ ਉਸ ਮੈਨੂੰ ਕਹਿਆ ਕਿ ਮੈਂ ਆਪ ਨੂੰ ਕਹਾਂ ਕਿ ਆਪ ਉਹਦੇ ਪੁੱਤਰ ਨੂੰ ਮਿਲੋ ਤੇ ਓਹ ਸਾਰੀ ਗੱਲ ਆਪਨੂੰ ਦੱਸ ਦੇਵੇਗਾ," ਜਿਵੇਂ **ਮਸਲੋਵਾ** ਗੱਲ ਕਰਦੀ ਜਾਂਦੀ ਸੀ ਓਹ ਸਿਰ ਫੇਰ ਕੇ ਆਲੇ ਦੁਆਲੇ ਨਜ਼ਰ ਮਾਰਦੀ ਸੀ ਤੇ ਨਾਲੇ **ਨਿਖਲੀਊਧਵ** ਵਲ ਮੁੜ ਮੁੜ ਵੇਖਦੀ ਸੀ,—"ਉਸ ਦਾ ਨਾਂ ਹੈ **ਮੈਨਸ਼ੋਵਾ**। ਕੀ ਆਪ ਕੁਛ ਕਰੋਗੇ? ਤੱਕੋ ਨਾ, ਬੜੀ ਹੀ ਚੰਗੀ ਬੁੱਢੀ ਤੀਮੀ ਹੈ, ਆਪ ਫੌਰਨ ਵੇਖ ਸਕਦੇ ਹੋ ਕਿ ਉਹ ਬੇਗੁਨਾਹ ਹੈ—ਆਪ ਇਹ ਕਰੋਗੇ ਨਾ—ਆਪ ਕਿੰਨੇ ਹੀ ਬੀਬੇ ਰਾਣੇ ਹੋ..............." ਕਹਿਕੇ ਓਹ ਫਿਰ ਮੁਸਕਰਾਈ, ਓਸ ਵਲ ਤੱਕਿਆ ਤੇ ਫਿਰ ਅੱਖਾਂ ਨੀਵੀਂਆ ਪਾ ਦਿੱਤੀਆਂ।

"ਬਹੁਤ ਅੱਛਾ! ਮੈਂ ਉਨ੍ਹਾਂ ਬਾਬਤ ਦਰਯਾਫਤ ਕਰਾਂਗਾ," **ਨਿਖਲੀਊਧਵ** ਨੇ ਕਹਿਆ, ਪਰ ਉਹਦੇ ਖੁੱਲ੍ਹੇ ਤੇ ਸੁਖੱਲੇ ਤੌਰ ਤ੍ਰੀਕੇ ਵਲੋਂ ਅਚੰਭਾ ਹੋ ਰਹਿਆ ਸੀ, "ਪਰ ਮੈਂ ਤੇਰੇ ਨਾਲ ਆਪਣੀ ਬਾਬਤ ਗੱਲ ਕਰਨੀ ਸੀ। ਯਾਦ ਹਈ ਕਿ ਮੈਂ ਪਿਛਲੀ ਵੇਰੀ ਤੈਨੂੰ ਕੀ ਕਹਿਆ ਸੀ?"

"ਆਪ ਨੇ ਪਿਛਲੀ ਵੇਰੀ ਬਹੁਤ ਕੁਛ ਕਹਿਆ ਸੀ। ਕੀ ਸੀ, ਜੋ ਆਪ ਨੇ ਮੈਨੂੰ ਕਹਿਆ ਸੀ?" ਉਸੀ ਤਰ੍ਹਾਂ ਮੁਸਕਰਾਈ ਜਾਂਦੀ ਸੀ, ਤੇ ਆਪਣਾ ਸਿਰ ਦਵਾਲੇ ਫੇਰ ਫੇਰਕੇ ਵੇਖਦੀ ਜਾਂਦੀ ਸੀ।

"ਮੈਂ ਕਹਿਆ ਸੀ ਕਿ ਮੈਂ ਤੇਰੇ ਪਾਸੋਂ ਮਾਫੀ ਮੰਗਣ ਆਇਆ ਹਾਂ, ਮੈਨੂੰ ਮਾਫ ਕਰ ਦਿਓ"–ਓਸ ਸ਼ੁਰੂ ਹੀ ਕੀਤਾ।

"ਉਹਦਾ ਕੀ ਫਾਇਦਾ ਹੈ?–ਮਾਫ਼ ਕਰ ਦਿਓ–ਮਾਫ਼ ਕਰ ਦਿਓ, ਇਹਦਾ ਕੀ ਗੁਣ?...........ਆਪ ਚੰਗਾ ਹੋਵੇ............"

"ਆਪਣੇ ਆਪ ਨੂੰ ਸਹੀ ਕਰਨ ਲਈ ਮੈਂ ਪੱਕਾ ਇਰਾਦਾ ਕਰ ਲਇਆ ਹੈ ਤੇ ਨਿਰੇ ਲਫਜ਼ਾਂ ਨਾਲ ਨਹੀਂ ਮੈਂ ਮਾਫ਼ੀ ਮੰਗਦਾ ਹਾਂ, ਮੈਂ ਤਾਂ ਇਰਾਦਾ ਕਰ ਲਇਆ ਹੈ ਕਿ ਤੇਰੇ ਨਾਲ ਵਿਆਹ ਕਰ ਲਵਾਂਗਾ।"

**ਮਸਲੋਵਾ** ਦੇ ਮੂੰਹ ਤੇ ਡਰ ਛਾ ਗਇਆ–ਉਹਦੀ ਮੰਦ ਮੰਦ ਭੈਂਗ ਵਾਲੀ ਅੱਖ ਉਸ ਉੱਪਰ ਲੱਗੀ ਰਹੀ, ਪਰ ਇੰਝ ਸੀ ਜਿਵੇਂ ਉਹ ਉਸ ਵਲ ਨਹੀਂ ਸੀ ਦੇਖ ਰਹੀ।

"ਉਹ ਕਿਸ ਲਈ?" ਇਕ ਗੁਸੇ ਵਾਲੀ ਤਿਊੜੀ ਪਾਕੇ ਉਹ ਬੋਲੀ।

"ਮੈਂ ਮਹਿਸੂਸ ਕਰਦਾ ਹਾਂ ਕਿ ਰੱਬ ਅੱਗੇ, ਇਉਂ ਕਰਨਾ ਮੇਰਾ ਧਰਮ ਹੈ।"

"ਕਿਹੜਾ ਰੱਬ ਹੁਣ ਆਪ ਨੂੰ ਲੱਭ ਪਇਆ ਹੈ? ਆਪ ਇਸ ਵੇਲੇ ਅਕਲ ਦੀ ਗੱਲ ਨਹੀਂ ਕਰ ਰਹੇ ਹੋ, ਰੱਬ ਬੇਸ਼ਕ!! ਕਿਹੜਾ ਰੱਬ? ਆਪ ਨੂੰ ਰੱਬ ਉਸ ਵੇਲੇ ਯਾਦ ਕਰਨਾ ਚਾਹੀਦਾ ਸੀ," ਉਸ ਕਹਿਆ ਤੇ ਚੁਪ ਹੋ ਗਈ, ਮੂੰਹ ਉਹਦਾ ਖੁੱਲ੍ਹਾ ਹੀ ਰਹਿ ਗਇਆ ਸੀ ਤੇ ਹੁਣੇ ਹੀ **ਨਿਖਲੀਊਧਵ** ਨੂੰ ਪਤਾ ਲੱਗਾ ਕਿ ਉਹਦੇ ਸਾਹ ਵਿੱਚ ਸ਼ਰਾਬ ਦੀ ਬੂ ਸੀ, ਤੇ ਹੁਣ ਉਸਨੂੰ ਸਮਝ ਆਈ ਸੀ ਕਿ ਉਹ ਇੰਨੀ ਕਿਉਂ ਜੋਸ਼ ਜੇਹੇ ਵਿਚ ਸੀ।

"ਜ਼ਰਾ ਸ਼ਾਂਤ ਹੋਣ ਦਾ ਯਤਨ ਕਰੋ," ਓਸ ਕਹਿਆ।

"ਮੈਂ ਕਿਉਂ ਸ਼ਾਂਤ ਹੋਵਾਂ ? ਕੀ ਆਪ ਮੰਨਦੇ ਹੋ ਕਿ ਮੈਂ ਨਸ਼ੱਈ ਹੋਈ ਹੋਈ ਹਾਂ ? ਮੈਂ ਨਸ਼ੇ ਵਿੱਚ ਹਾਂ, ਪਰ ਮੈਨੂੰ ਪਤਾ ਹੈ ਕਿ ਮੈਂ ਕੀ ਕਹਿ ਰਹੀ ਹਾਂ।" ਉਸ ਜਲਦੀ ਨਾਲ ਕਹਿਆ ਤੇ ਉਹਦਾ ਮੂੰਹ ਲਾਲ ਹੋ ਗਇਆ "ਮੈਂ ਇਕ ਕੈਦੀ ਹਾਂ, ਇਕ ਵੈਸਿਆ ਹਾਂ ਤੇ ਆਪ ਇਕ ਭਲੇ ਪੁਰਖ ਹੋ—ਸ਼ਾਹਜ਼ਾਦੇ ਹੋ, ਆਪ ਨੂੰ ਕੋਈ ਲੋੜ ਨਹੀਂ ਕਿ ਆਪ ਮੇਰੇ ਨਾਲ ਭਿਟ ਕੇ ਆਪਣੇ ਆਪ ਨੂੰ ਗੰਦਾ ਕਰੋ, ਆਪ ਆਪਣੀਆਂ ਸ਼ਾਹਜ਼ਾਦੀਆਂ ਪਾਸ ਜਾਓ, ਮੇਰਾ ਮੁਲ ਤਾਂ ਬਸ ਦਸ ਰੂਬਲ ਹੈ।"

"ਭਾਵੇਂ ਕਿੰਨੀ ਬੇਤਰਸੀ ਨਾਲ ਤੂੰ ਬੋਲੇਂ—ਤੂੰ ਓਹ ਹਾਲ ਨਹੀਂ ਦਸ ਸਕਦੀ ਜੋ ਮੇਰੇ ਅੰਦਰ ਗੁਜ਼ਰ ਰਹਿਆ ਹੈ," ਸਾਰਾ ਕੰਬਦੇ ਕੰਬਦੇ ਨੇ ਕਹਿਆ, "ਤੈਨੂੰ ਤਾਂ ਚਿਤਵਨੀ ਨਹੀਂ ਹੋ ਸਕਦੀ ਕਿ ਕਿਸ ਹਦ ਤਕ ਮੈਂ ਆਪਣੇ ਆਪ ਨੂੰ ਤੇਰੀ ਵਲੋਂ ਦੋਸ਼ੀ ਸਮਝਦਾ ਹਾਂ।"

"ਆਪ ਦੋਸ਼ੀ ਸਮਝਦੇ ਹੋ!" ਉਹਦੀ ਨਕਲ ਉਤਾਰ ਕੇ ਉਹਨੇ ਦੁਹਰਾਇਆ, "ਆਪ ਨੂੰ ਤਦ ਤਾਂ ਓਸ ਵੇਲੇ ਇਹ ਦਰਦ ਨ ਆਇਆ ਤੇ ਮੇਰੀ ਵਲ ੧੦੦) ਰੂਬਲ ਵਗਾਹ ਕੇ ਸੁੱਟੇ......... ਆਹ ਲੈ ਤੂੰ ਆਪਣਾ ਮੁੱਲ! ਬਸ ਕਿ ਹੋਰ ਕੁਛ!"

"ਮੈਂ ਜਾਣਦਾ ਹਾਂ, ਪਰ ਹੁਣ ਕੀ ਹੋ ਸਕਦਾ ਹੈ ?" ਨਿਖਲੀਊਧਵ ਨੇ ਕਹਿਆ, "ਮੈਂ ਫੈਸਲਾ ਕਰ ਲਇਆ ਹੈ ਕਿ ਤੈਨੂੰ ਮੈਂ ਕਦੀ ਨਹੀਂ ਛੱਡਾਂਗਾ ਤੇ ਮੈਂ ਜੋ ਕੁਛ ਕਹਿਆ ਹੈ ਕਰ ਦਿਖਾਵਾਂਗਾ।"

"ਤੇ ਮੈਂ ਕਹਿਨੀ ਹਾਂ ਆਪ ਨਹੀਂ ਕਰੋਗੇ," ਓਸ ਕਹਿਆ

ਤੇ ਬੜੀ ਉੱਚੀ ਹੱਸ ਪਈ।

"ਕਾਤੂਸ਼ਾ!" ਉਸ ਓਹਨੂੰ ਹੱਥ ਨਾਲ ਛੋਹ ਕੇ ਕਹਿਆ।

"ਤੂੰ ਜਾ ਪਰੇ–ਮੈਂ ਕੈਦੀ ਹਾਂ ਤੂੰ ਸ਼ਾਹਜ਼ਾਦਾ–ਤੇ ਤੇਰਾ ਇਥੇ ਕੋਈ ਕੰਮ ਨਹੀਂ," ਓਹ ਚੀਖ ਪਈ, ਉਹਦਾ ਸਾਰਾ ਮੂੰਹ ਗੁੱਸੇ ਨਾਲ ਬਦਲ ਗਇਆ–ਤੇ ਆਪਣਾ ਹਥ ਛੁੜਾ ਲਇਆ।

"ਤੂੰ ਆਪਣਾ ਆਪ ਮੇਰੀ ਰਾਹੀਂ ਬਚਾਉਣਾ ਚਾਹੁੰਦਾ ਹੈਂ," ਓਹ ਆਪਣੀ ਰੂਹ ਦੇ ਉਬਲਦੇ ਗੁਬਾਰ ਨੂੰ ਕੱਢਣ ਲਈ ਛੇਤੀ ਛੇਤੀ ਬੋਲੀ ਗਈ, "ਤੂੰ ਮੇਰੇ ਥੀਂ ਇਸ ਜ਼ਿੰਦਗੀ ਵਿਚ ਜਿਸਮਾਨੀ ਮਜ਼ਾ ਲਇਆ, ਹੁਣ ਮੇਰੇ ਰਾਹੀਂ ਆਣ ਵਾਲੀ ਰੂਹਾਨੀ ਜ਼ਿੰਦਗੀ ਦਾ ਵੀ ਬਚਾ ਚਾਹੁੰਦਾ ਹੈਂ–ਤੂੰ ਮੇਰੇ ਲਈ ਇਕ ਕਰੈਹਤ ਹੈਂ–ਤੇਰੀਆਂ ਐਨਕਾਂ ਤੇ ਇਹ ਸਾਰਾ ਤੇਰਾ ਮੋਟਾ ਗੰਦਾ ਬਦਨ–ਜਾ–ਜਾ!" ਉਹ ਚੀਖ ਕੇ ਬੋਲੀ ਤੇ ਜਾਣ ਨੂੰ ਉਠ ਖਲੀ ਹੋਈ।

ਜੇਲਰ ਉਨ੍ਹਾਂ ਪਾਸ ਆ ਗਇਆ–

"ਇਹ ਕੇਹਾ ਰੌਲਾ ਪਾ ਰਹੀ ਹੈ, ਇੱਥੇ ਨਹੀਂ ਚਲੇਗਾ...।"

"ਇਹਨੂੰ ਕੁਛ ਨ ਕਹੋ," ਨਿਖਲੀਊਧਵ ਨੇ ਕਹਿਆ।

"ਇਹਨੂੰ ਆਪਣੇ ਆਪ ਨੂੰ ਇਉਂ ਭੁਲ ਤਾਂ ਨਹੀਂ ਜਾਣਾ ਚਾਹੀਦਾ ਜੀ," ਜੇਲਰ ਨੇ ਕਹਿਆ।

"ਜ਼ਰਾ ਠਹਿਰੋ," ਨਿਖਲੀਊਧਵ ਨੇ ਤੇ ਕਹਿਆ ਜੇਲਰ ਮੁੜ ਬਾਰੀ ਪਾਸ ਚਲਾ ਗਇਆ।

**ਮਸਲੋਵਾ** ਆਪਣੇਂ ਦੋਵੇਂ ਗੁਟਕਣੇ ਜੇਹੇ ਹੱਥ ਪੱਕੇ ਜੋੜਕੇ ਤੇ ਆਪਣੀਆਂ ਅਖਾਂ ਨੀਵੀਆਂ ਸੁਟਕੇ ਮੁੜ ਬੈਠ ਗਈ। **ਨਿਖਲੀਊਧਵ** ਇਹ ਨ ਸਮਝਕੇ ਕਿ ਕੀ ਕਰੇ, ਉਸ ਉਪਰ ਝੁਕ ਗਇਆ।

"ਤੂੰ ਮੇਰੀ ਗਲ ਵਿਚ ਯਕੀਨ ਨਹੀਂ ਕਰਦੀ?" ਓਸ ਕਹਿਆ।

"ਕੀ ਤੇਰਾ ਮਤਲਬ ਹੈ ਕਿ ਮੇਰੇ ਨਾਲ ਵਿਆਹ ਕਰੇਂ ? ਇਹ ਕਦਾਚਿੱਤ ਨਹੀਂ ਹੋਣਾ–ਮੈਂ ਆਪਣੇ ਆਪ ਨੂੰ ਫਾਹੇ ਲਾਕੇ ਮਾਰ ਦਿਆਂਗੀ–ਬੱਸ ਇਹ!"

"ਪਰ ਮੈਂ ਫਿਰ ਵੀ ਤੇਰੀ ਸੇਵਾ ਹੀ ਕਰਦਾ ਰਹਾਂਗਾ।"

"ਇਹ ਤੇਰਾ ਆਪਣਾ ਮਾਮਲਾ ਹੈ–ਮੈਨੂੰ ਤੇਰੇ ਪਾਸੋਂ ਕੁਛ ਨਹੀਂ ਚਾਹੀਏ, ਇਹ ਪਧਰਾ ਸਚ ਈ," ਉਸ ਲਗਦੇ ਹੀ ਕਹਿਆ ਤੇ ਬੜੀ ਦਰਦਨਾਕ ਤਰਾਂ ਰੋਣ ਲਗ ਪਈ।

**ਨਿਖਲੀਊਧਵ** ਬੋਲ ਨ ਸਕਿਆ, ਉਹਦੇ ਅੱਥਰੂਆਂ ਨੇ ਉਹਦੇ ਉਪਰ ਅਸਰ ਕੀਤਾ। **ਮਸਲੋਵਾ** ਨੇ ਆਪਣੀਆਂ ਅੱਖਾਂ ਉਪਰ ਕੀਤੀਆਂ, ਅਚਰਜ ਹੋ ਉਹਦੇ ਵਲ ਵੇਖਿਆ ਤੇ ਰੁਮਾਲ ਨਾਲ ਆਪਣੇ ਅੱਥਰੂ ਪੂੰਝਣ ਲਗ ਪਈ।

ਜੇਲਰ ਮੁੜ ਆਇਆ ਤੇ ਉਸ ਚਿਤਾਵਨੀ ਕਰਾਈ ਕਿ ਵਕਤ ਹੋ ਗਇਆ ਹੈ ਤੇ ਹੁਣ ਜਾਣਾ ਚਾਹੀਏ–**ਮਸਲੋਵਾ** ਉਠ ਖੜੀ ਹੋਈ।

"ਤੂੰ ਕੁਛ ਜੋਸ਼ ਵਿਚ ਹੈਂ, ਮੈਂ ਫਿਰ ਕਲ ਆਵਾਂਗਾ, ਤੂੰ ਮੁੜ ਸੋਚ ਰਖੀਂ," ਨਿਖਲੀਉਧਵ ਨੇ ਕਹਿਆ।

ਉਸਨੇ ਕੋਈ ਉਤਰ ਨ ਦਿਤਾ ਤੇ ਬਿਨਾ ਉਪਰ ਤੱਕੇ ਦੇ ਜੇਲਰ ਦੇ ਪਿਛੇ ਪਿਛੇ ਕਮਰਿਓਂ ਬਾਹਰ ਹੋ ਤੁਰੀ।

"ਅਛਾ ਵੰਡੀਏ! ਹੁਣ ਤਾਂ ਤੈਨੂੰ ਨਾਯਾਬ ਸਮੇਂ ਮਿਲਿਆ ਕਰਨਗੇ ਨਾਂ," ਕੋਰਾਬਲੈਵਾ ਨੇ ਮਸਲੋਵਾ ਨੂੰ ਕਹਿਆ ਜਦ ਓਹ ਕੈਦ ਕੋਠੜੀ ਵਿਚ ਮੁੜ ਵਾਪਸ ਆਈ, "ਪਤਾ ਲਗਦਾ ਹੈ ਓਹ ਤੇਰੀ ਵਲ ਬੜਾ ਹੀ ਮਿਠਾ ਹੋਇਆ ਹੋਇਆ ਹੈ–ਜਦ ਤਕ ਉਹ ਤੇਰੇ ਪਿੱਛੇ ਹੈ ਖੂਬ ਹਥ ਰੰਗ, ਉਹ ਤੈਨੂੰ ਬਾਹਰ ਕਢਾਣ ਵਿਚ ਮਦਦ ਕਰੇਗਾ, ਇਹ ਅਮੀਰ ਲੋਕੀ ਸਭ ਕੁਛ ਕਰ ਸਕਦੇ ਹਨ।"

"ਹਾਂ, ਠੀਕ ਹੈ," ਚੌਂਕੀਦਾਰ ਦੀ ਵਹੁਟੀ ਆਪਣੇ ਮਿਠੇ ਗਾਂਦੇ ਆਵਾਜ਼ ਵਿਚ ਬੋਲੀ, "ਜਦ ਇਕ ਗਰੀਬ ਆਦਮੀ ਵਿਆਹ ਕਰਾਉਣਾ ਚਾਹੁੰਦਾ ਹੈ ਤਦ ਪਿਆਲੇ ਦੇ ਮੂੰਹ ਪਹੁੰਚਣ ਤੱਕ ਵਿਚ ਕਈ ਪਿਆਲੇ ਹੱਥੋਂ ਡਿਗ ਪੈਂਦੇ ਹਨ, ਪਰ ਜੇ ਅਮੀਰ ਕਰਨਾ ਚਾਹੇ, ਤਦ ਬਸ ਉਧਰ ਇਰਾਦਾ ਕੀਤਾ ਤੇ ਉਧਰ ਵਿਆਹ। ਉਹ ਕੁੜੀਏ! ਸਾਨੂੰ ਇਹੋ ਜੇਹਾ ਇਕ ਆਦਮੀ ਪਤਾ ਹੈ? ਤੈਨੂੰ ਖਬਰ ਹੈ ਉਸ ਕੀ ਕੀਤਾ ਸੀ?"

"ਅੱਛਾ ਪਰ ਸਾਡੀ ਬਾਬਤ ਵੀ ਤੈਂ ਗਲ ਕੀਤੀ ਸੀ ਕਿ ਨਹੀਂ," ਬੁੱਢੀ ਨੇ ਪੁੱਛਿਆ।

ਪਰ ਮਸਲੋਵਾ ਨੇ ਆਪਣੀਆਂ ਸਾਥਣਾਂ ਕੈਦਣਾਂ ਨੂੰ

ਕੋਈ ਉਤਰ ਨ ਦਿਤਾ । ਉਹ ਆਪਣੇ ਤਖਤੇ ਦੇ ਬਿਸਤਰੇ ਉਪਰ ਲੇਟ ਗਈ । ਉਹਦੀਆਂ ਭੇਂਗ ਮਾਰਦੀਆਂ ਅਖਾਂ ਕੋਨੇ ਵਿਚ ਇਕ ਪਾਸੇ ਜੁੜ ਗਈਆਂ ਤੇ ਇਉਂ ਹੀ ਉਹ ਸ਼ਾਮਾਂ ਤਕ ਨਿੱਸਲ ਹੋਕੇ ਪਈ ਰਹੀ ।

ਉਹਦੇ ਰੂਹ ਵਿਚ ਇਕ ਬੜੀ ਦਰਦ ਭਰੀ ਕਸ਼ਮਕਸ਼ ਹੋ ਰਹੀ ਸੀ । ਜੋ ਕੁਛ ਨਿਖਲੀਉਧਵ ਨੇ ਓਹਨੂੰ ਕਹਿਆ ਸੀ–ਉਸ ਕਰਕੇ ਉਹਦੀ ਦੁਨੀਆਂ ਦੀ ਯਾਦ ਪਰਤ ਆਈ ਸੀ ਜਿਸ ਵਿਚ ਉਸ ਇੰਨਾ ਦੁਖ ਪਾਇਆ ਸੀ ਤੇ ਜਿਸ ਦੁਨੀਆਂ ਨੂੰ ਨ ਸਮਝਕੇ ਉਹਨੂੰ ਛਡਣਾ ਪਇਆ ਸੀ–ਨਹੀਂ ਜਿਹਨੂੰ ਉਹ ਨਫਰਤ ਕਰਦੀ ਸੀ । ਹੁਣ ਉਹਨੂੰ ਓਸ ਬੇਹੋਸ਼ੀ ਥੀਂ ਜਿਸ ਵਿਚ ਰਹਿ ਰਹੀ ਸੀ, ਜਾਗ ਆਈ ; ਪਰ ਜੋ ਬੀਤ ਚੁਕਾ ਸੀ ਉਹਨੂੰ ਵੀ ਮੁੜ ਸਾਫ਼ ਯਾਦ ਕਰਕੇ ਜੀਉਣਾ ਨਾਮੁਮਕਿਨ ਸੀ, ਉਸ ਲਈ ਇਹ ਯਾਦ ਇਕ ਨਿਤ ਦਾ ਤੱਸੀਆ ਹੋਣਾ ਸੀ–ਇਸ ਕਰਕੇ ਸ਼ਾਮਾਂ ਵੇਲੇ ਉਸਨੇ ਮੁੜ ਵੋਧਕਾ ਖਰੀਦਿਆ, ਤੇ ਆਪਣੀਆਂ ਸਾਥਣਾਂ ਸਮੇਤ ਪੀਣ ਲਗ ਪਈ ।

# ਕਾਂਡ ੪੯

"ਹਾਂ ਜੀ–ਇਹ ਹਨ ਅਰਥ ਪਾਪ ਦੇ ! ਜੀ ਇਹ," ਨਿਖਲੀਉਧਵ ਨੇ ਸੋਚਿਆ, ਜਿਂਵੇਂ ਓਹ ਜੇਲ ਥੀਂ ਬਾਹਰ ਆਇਆ । ਸਿਰਫ਼ ਹੁਣ ਉਹਨੂੰ ਆਪਣੇ ਕੀਤੇ ਜੁਰਮ ਦੀ ਪੂਰੀ ਪੂਰੀ ਸਮਝ ਲਗੀ ।

ਜੇ ਉਹ ਆਪਣੇ ਕੀਤੇ ਅਪਰਾਧ ਦਾ ਇਓਂ ਪਸ਼ਚਾਤਾਪ ਨ ਕਰਦਾ ਉਹਨੂੰ ਕਦੀ ਵੀ ਪਤਾ ਹੀ ਨਹੀਂ ਸੀ ਲਗਣਾ ਕਿ ਉਹਨੇ ਕਿੰਨਾਂ ਵਡਾ ਪਾਪ ਕੀਤਾ ਸੀ । ਸਿਰਫ ਇੰਨੇ ਉਪਰ ਬਸ ਨਹੀਂ ਸੀ ਮਸਲੋਵਾ ਨੂੰ ਵੀ ਜੋ ਕੁਛ ਉਸ ਨਾਲ ਹੋਇਆ ਸੀ ਓਹਦਾ ਭਿਆਨਕ ਰੂਪ. ਨ ਸੁਝ ਸਕਦਾ । ਸਿਰਫ ਹੁਣ ਨਿਖਲੀਉਧਵ ਨੇ ਵੇਖਿਆ ਕਿ ਉਸਨੇ ਇਸ ਤੀਮੀਂ ਦੇ ਰੂਹ ਦਾ ਕੀ ਹਾਲ ਕਰ ਦਿਤਾ ਸੀ। ਸਿਰਫ ਹੁਣ ਹੀ ਉਸ ਤੀਮੀਂ ਨੇ ਸਮਝਿਆ ਕਿ ਓਸ ਨਾਲ ਕੀ ਕੀ ਵਰਤ ਚੁਕਾ ਸੀ । ਹੁਣ ਤਕ ਤਾਂ ਨਿਖਲੀਉਧਵ ਆਪਣੇ ਆਪ ਦੀ ਸ਼ਲਾਘਾ–ਕਰਨ ਦੀ ਝਰਨਾਟ ਜੇਹੀ ਵਿਚ ਹੀ ਖੇਡ ਰਹਿਆ ਸੀ–ਮੈਂ ਕਿੰਨਾ ਧਰਮੀ ਹਾਂ ਜੋ ਇਉਂ ਪਸ਼ਚਾਤਾਪ ਕਰਨ ਲਗਾ ਹਾਂ– ਪਰ ਹੁਣ ਇਹ ਵੇਖਕੇ, ਓਹਦਾ ਮਨ ਇਕ ਹੌਲ ਨਾਲ ਭਰ ਗਇਆ ਸੀ । ਹੁਣ ਉਸ ਇਹ ਤਾਂ ਆਪਣੇ ਆਪ ਨਾਲ ਪੱਕਾ ਕਰ ਲਇਆ ਸੀ ਕਿ ਉਹ ਉਹਦਾ ਪਿੱਛਾ ਕਦੀ ਨਹੀਂ ਛੱਡੇਗਾ, ਪਰ ਉਹਨੂੰ ਇਹਦਾ ਕੋਈ ਪਤਾ ਨਹੀਂ ਸੀ ਲਗ ਰਹਿਆ ਕਿ

ਉਨ੍ਹਾਂ ਦੇ ਆਪੋ ਵਿਚ ਜ਼ਾਤੀ ਤਅੱਲਕਾਂ ਦਾ ਕੀ ਹਸ਼ਰ ਹੋਵੇਗਾ।

ਜਿਵੇਂ ਓਹ ਜੇਲ ਥੀਂ ਬਾਹਰ ਜਾ ਹੀ ਰਹਿਆ ਸੀ ਇਕ ਜੇਲਰ ਜਿਹਦਾ ਮੁਹਾਂਦਰਾ ਕਈ ਇਕ ਸ਼ੱਕ ਪੈਦਾ ਕਰ ਦੇਣ ਵਾਲਾ ਸੀ, ਛਾਤੀ ਉੱਪਰ ਸਲੀਬ ਤੇ ਹੋਰ ਤ਼ਗਮੇ ਲਾਏ ਹੋਏ **ਨਿਖਲੀਊਧਵ** ਪਾਸ ਇਓਂ ਆਇਆ ਜਿਵੇਂ ਬੜੀ ਹੀ ਗੁੱਝੀ ਗਲ ਕੋਈ ਕਰਨ ਆਉਂਦਾ ਹੈ ਤੇ ਆਕੇ ਓਹਨੂੰ ਇਕ ਖਤ ਦਿਤਾ ਸੂ। "ਜਨਾਬ ! ਆਪ ਲਈ ਇਹ ਖਤ ਹੈ", ਉਸ ਲਫ਼ਾਫ਼ਾ ਉਹਦੇ ਹਥ ਵਿਚ ਦਿੰਦਿਆਂ ਕਹਿਆ।

"ਕਿਸ ਪਾਸ਼ੂੰ ?"

"ਜਦ ਪੜ੍ਹੋਗੇ—ਆਪ ਨੂੰ ਪਤਾ ਲਗ ਜਾਏਗਾ—ਇਕ ਮੁਲਕੀ ਕੈਦਨ। ਮੈਂ ਉਸ ਵਾਰਡ ਵਿਚ ਹਾਂ, ਜਿਸ ਵਿਚ ਓਹ ਤ੍ਰੀਮਤ ਬੰਦ ਪਈ ਹੋਈ ਹੈ, ਸੋ ਉਸ ਨੇ ਮੈਨੂੰ ਇਹ ਕੰਮ ਕਰਨ ਲਈ ਕਹਿਆ ਸੀ। ਤੇ ਭਾਵੇਂ ਕਾਇਦਿਆਂ ਦੇ ਬਰਖ਼ਲਾਫ ਹੈ, ਤਾਂ ਵੀ ਇਨਸਾਨੀ ਹਮਦਰਦੀ ਲਈ ਮੈਂ ਇਹ ਖਤ ਆਪ ਤਕ ਲੈ ਹੀ ਆਇਆ ਹਾਂ..................," ਜੇਲਰ ਬਨਾਵਟੀ ਤ੍ਰੀਕੇ ਨਾਲ ਬੋਲਿਆ।

**ਨਿਖਲੀਊਧਵ** ਹੈਰਾਨ ਹੋਇਆ ਕਿ ਹੈਂ, ਉਸ ਵਾਰਡ ਦਾ ਜੇਲਰ ਜਿੱਥੇ ਮੁਲਕੀ ਕੈਦੀ ਬੰਦ ਹਨ ਜੇਲ ਦੀਆਂ ਐਨ ਦੀਵਾਰਾਂ ਵਿੱਚ ਹਰ ਇਕ ਦੇ ਸਾਹਮਣੇ ਤੇ ਹਰ ਇਕ ਦੇ ਵਿੰਹਦੇ ਹੋਏ ਖਤ ਲਿਆਂਦਾ ਤੇ ਦਿੰਦਾ ਹੈ ! ਪਰ ਉਸ ਨੂੰ ਪਤਾ ਨਹੀਂ ਸੀ

ਕਿ ਇਹ ਆਦਮੀ ਨਾਲੇ ਜੇਲਰ ਸੀ ਤੇ ਨਾਲੇ ਸੂਹੀਆ। ਤਾਂ ਭੀ ਉਹਨੇ ਖਤ ਲੈ ਲਇਆ ਤੇ ਜੇਲ ਥੀਂ ਬਾਹਰ ਆ ਕੇ ਵਾਚਿਆ।

ਬੜੇ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ ਸੀ, ਤੇ ਇਉਂ ਸੀ:–"ਇਹ ਸੁਣ ਕੇ ਕਿ ਆਪ ਜੇਲ ਨੂੰ ਵੇਖਣ ਆਉਂਦੇ ਹੋ ਤੇ ਇਕ ਅਪਰਾਧੀ ਵਿਚ ਖਾਸ ਦਿਲਚਸਪੀ ਲੈਂਦੇ ਹੋ। ਆਪ ਨੂੰ ਵੇਖਣ ਦੀ ਚਾਹ ਮੇਰੇ ਵਿੱਚ ਉੱਗੀ ਹੈ। ਇਕ **ਪਰਮਿਟ** ਲੈ ਕੇ ਜ਼ਰੂਰ ਆ ਕੇ ਮੈਨੂੰ ਮਿਲੋ। **ਪਰਮਿਟ** ਮਿਲ ਜਾਸੀ ਤੇ ਮੈਂ ਆਪਣੇ ਸਾਥੀਆਂ ਦੇ ਸਾਰੇ ਹਾਲ ਆਪ ਨੂੰ ਦੱਸਾਂਗੀ–ਤੇ ਨਾਲੇ ਬਹੁਤ ਕੁਝ ਗੱਲਾਂ ਉਸ ਬਾਬਤ ਦੱਸਣੀਆਂ ਹਨ ਜਿਸ ਲਈ ਅੱਜ ਕਲ ਆਪ ਇੰਨੇ ਚਿੰਤਾਵਾਨ ਹੋ ਤੇ ਜਿਹਦੇ ਆਪ ਰੱਛਕ ਹੋ–ਆਪ ਦੀ ਸ਼ੁਕਰ ਗੁਜ਼ਾਰ **ਵੇਰਾ ਦੁਖੋਵਾ**।"

**ਨੋਵਗੋਰੋਡ** ਗੋਰਮਿੰਟ ਦੇ ਇਕ ਸ਼ਾਹਰਾਹ ਥੀਂ ਦੂਰ ਅੰਦਰ ਮੁਲਕ ਵਿਚ **ਵੇਰਾ ਦੁਖੋਵਾ** ਇਕ ਸਕੂਲ ਦੀ ਅਧਿਆਪਕਾ ਸੀ। ਉਥੇ ਇਕ ਵਾਰੀ **ਨਿਖਲੀਊਧਵ** ਤੇ ਉਹਦੇ ਕੁਛ ਦੋਸਤ ਜਦ ਰਿੱਛ ਦਾ ਸ਼ਿਕਾਰ ਖੇਡਣ ਗਏ ਸਨ, ਠਹਿਰੇ ਸਨ। ਉਸ ਵਕਤ ਉਸਨੇ **ਨਿਖਲੀਊਧਵ** ਥੀਂ ਕੁਛ ਰੁਪਿਆਂ ਦੀ ਮਦਦ ਮੰਗੀ ਸੀ, ਜਿਸ ਨਾਲ ਕਿ ਉਹ ਯੂਨੀਵਰ-ਸਟੀ ਦੀ ਪੜ੍ਹਾਈ ਅੱਗੇ ਕਰ ਸਕੇ। **ਨਿਖਲੀਊਧਵ** ਨੇ ਉਹਨੂੰ ਰੁਪੈ ਦੇ ਦਿੱਤੇ ਸਨ ਪਰ ਉਹ ਉਸ ਬਾਰੇ ਦੀ ਸਾਰੀ ਗੱਲ

ਭੁਲ ਚੁੱਕਾ ਸੀ, ਤੇ ਹੁਣ ਇਹ ਦਿਸਦਾ ਸੀ ਕਿ ਇਹ ਤੀਵੀ ਮੁਲਕੀ ਕੈਦਣ ਹੋ ਕੇ ਜੇਲ ਵਿਚ ਸੀ (ਤੇ ਜੇਲ ਵਿਚ ਹੀ ਉਹਦੀ ਕਹਾਣੀ ਉਸ ਤ੍ਰੀਮਤ ਨੇ ਸੁਣ ਲਈ ਸੀ) ਤੇ ਇਸ ਕਰ ਕੇ ਉਹ ਆਪਣੇ ਵਿਤ ਦੀ ਸੇਵਾ ਨਿਖਲੀਊਧਵ ਨੂੰ ਭੇਟਾ ਕਰ ਰਹੀ ਸੀ।

ਕਦੀ ਹਰ ਇਕ ਚੀਜ਼ ਉਸ ਲਈ ਕਿੰਨੀ ਆਸਾਨ ਤੇ ਸਾਦਾ ਸੀ, ਅਜ ਹਰ ਇਕ ਗੱਲ ਮੁਸ਼ਕਲ ਤੇ ਪੇਚੀਦਾ ਹੋ ਚੁਕੀ ਸੀ।

ਨਿਖਲੀਊਧਵ ਨੂੰ ਉਹ ਵਕਤ ਚੰਗੀ ਤਰਾਂ ਯਾਦ ਆ ਗਏ ਤੇ ਦੁਖੋਵਾ ਨਾਲ ਜਾਣ ਪਛਾਣ ਵੀ ਪੂਰੀ ਪੂਰੀ ਚੇਤੇ ਆ ਗਈ। ਲੈਂਟ* ਤੋਂ ਜ਼ਰਾ ਪਹਲੇ ਰੇਲ ਥੀਂ ਕੋਈ ੪੦ ਮੀਲ ਅੰਦਰ ਵਾਰ ਸ਼ਿਕਾਰ ਬੜਾ ਹੀ ਕਾਮਯਾਬ ਹੋਇਆ ਸੀ—ਦੋ ਰਿੱਛ ਮਾਰੇ ਗਏ ਸਨ—ਤੇ ਸਾਰੇ ਹਮਜੋਲੀ ਆਪਣੇ ਵਾਪਸੀ-ਦੇ-ਰਾਹ, ਪੈਂਡੇ ਪੈਣ ਥੀਂ ਪਹਿਲਾਂ ਕੱਠੇ ਰੋਟੀ ਖਾ ਰਹੇ ਸਨ, ਜਦ ਕਿ ਉਸ ਸ਼ਿਕਾਰ—ਵਾਲੇ ਮਕਾਨ ਦਾ ਮਾਲਕ ਜਿਹਦੇ ਉਹ ਉਤਰੇ ਹੋਏ ਸਨ, ਆਇਆ ਤੇ ਕਹਿਣ ਲੱਗਾ ਕਿ ਸ਼ਾਹਜ਼ਾਦਾ ਨਿਖਲੀਊਧਵ ਨਾਲ ਡੀਕਨ ਦੀ ਲੜਕੀ ਕੁਛ ਗਲ ਕਰਨਾ ਚਾਹੁੰਦੀ ਹੈ।

"ਕੀ ਉਹ ਸੋਹਣੀ ਹੈ?" ਕਿਸੀ ਇਕ ਨੇ ਪੁੱਛਿਆ।

"ਬਸ ਭਾਈ, ਇਹੋ ਜੇਹੇ ਮਖੌਲ ਨਹੀਂ", ਨਿਖਲੀ-ਊਧਵ ਨੇ ਕਹਿਆ ਤੇ ਬੜਾ ਸੰਜੀਦਾ ਹੋ ਉੱਠਿਆ।

---

* ਲੈਂਟ ਈਸਾਈਆਂ ਦਾ ਚਾਲੀ ਦਿਨ ਦਾ ਵਰਤ ਈਸਟਰ ਤੋਂ ਪਹਿਲੇ ਹੁੰਦਾ ਹੈ।

ਆਪਣਾ ਮੂੰਹ ਪੂੰਝ ਕੇ ਤੇ ਇਸ ਹੈਰਾਨੀ ਵਿੱਚ ਕਿ ਡੀਕਨ ਦੀ ਲੜਕੀ ਨਾਲ ਉਹਦਾ ਕੀ ਕੰਮ ਹੋ ਸਕਦਾ ਹੈ, ਉਹ ਆਪਣੇ ਮੇਜ਼ਬਾਨ ਦੇ ਨਿਜ ਦੇ ਘਰ ਗਇਆ–ਉਥੇ ਇਕ ਲੜਕੀ ਪੱਟੂ ਦੀ ਟੋਪੀ ਤੇ ਇਕ ਗਰਮ ਵੱਡਾ ਕੋਟ ਪਾਈ ਬੈਠੀ ਸੀ। ਸਿਰਫ ਉਹਦੀਆਂ ਅੱਖਾਂ ਜਿਨ੍ਹਾਂ ਉੱਪਰ ਮਿਹਰਾਬੀ ਭਰਵੱਟੇ ਸਨ, ਬੜੀਆਂ ਸੋਹਣੀਆਂ ਸਨ।

"ਲੌ ਮਿਸ ਸਾਹਿਬਾ ! ਆਪ ਨਾਲ ਗਲ ਕਰੋ," ਘਰ ਦੀ ਬੁੱਢੀ ਮਾਲਕਾ ਨੇ ਕਹਿਆ, "ਇਹ ਸ਼ਾਹਜ਼ਾਤਾ ਸਾਹਿਬ ਆਪ ਹਨ, ਮੈਂ ਇੰਨਾ ਚਿਰ ਬਾਹਰ ਜਾਂਦੀ ਹਾਂ।"

"ਮੈਂ ਆਪ ਲਈ ਕੀ ਸੇਵਾ ਕਰ ਸਕਦਾ ਹਾਂ ?" ਨਿਖਲੀਊਧਵ ਨੇ ਪੁੱਛਿਆ।

"ਮੈਂ............ਮੈਂ............ਮੈਂ ਸੁਣਿਆ ਹੈ ਤੁਸੀ ਅਮੀਰ ਹੋ ਤੇ ਤੁਸੀ ਫਜ਼ੂਲੀਆਤ ਉੱਪਰ ਰੁਪੈ ਸੁੱਟ ਪਾਂਦੇ ਹੋ–ਸ਼ਿਕਾਰ ਉੱਪਰ–" ਕੁੜੀ ਨੇ ਕਹਿਣਾ ਸ਼ੁਰੂ ਕੀਤਾ, ਪਰ ਬੜੀ ਘਬਰਾਹਟ ਜੇਹੀ ਵਿਚ–"ਮੈਂ ਜਾਣਦੀ ਹਾਂ......ਮੈਨੂੰ ਇਕ ਚੀਜ਼ ਦੀ ਲੋੜ ਹੈ......ਇਸ ਲਈ ਕਿ ਮਖ਼ਲੂਕ ਦੀ ਮੈਂ ਕੋਈ ਸੇਵਾ ਕਰਨ ਜੋਗ ਹੋ ਸਕਾਂ ਪਰ ਮੈਂ ਕੁਛ ਕਰ ਨਹੀਂ ਸੱਕਦੀ ਕਿਉਂਕਿ ਮੈਨੂੰ ਹਾਲੇ ਕੁਛ ਇਲਮ ਹਾਸਲ ਨਹੀ"। ਉਹਦੀਆਂ ਅੱਖਾਂ ਇੰਨੀਆਂ ਸਚ-ਭਰੀਆਂ ਤੇ ਇੰਨੀਆਂ ਨਰਮੀ-ਭਰੀਆਂ ਸਨ ਤੇ ਉਹਦੇ ਕੱਚੇ ਪੱਕੇ ਪਰ ਸ਼ਰਮੀਲੇ ਮੂੰਹ ਦਾ ਰੰਗ ਇੰਨਾ ਅਸਰ ਪਾਣ ਵਾਲਾ ਸੀ ਕਿ ਨਿਖਲੀਊਧਵ ਜਿਸ ਤਰਾਂ ਸਦਾ ਉਸ ਨਾਲ ਹੁੰਦਾ ਸੀ, ਝਟ ਪਟ ਉਹਦੀ ਥਾਂ ਆਪ ਹੋ ਕੇ ਉਹਦੀ ਮੁਸ਼ਕਲ ਨੂੰ ਮਹਸੂਸ ਕੀਤਾ,

ਸਮਝ ਗਇਆ ਤੇ ਹਮਦਰਦ ਹੋ ਗਇਆ।

"ਮੈਂ ਆਪ ਲਈ ਕੀ ਕਰ ਸਕਦਾ ਹਾਂ! ਕੋਈ ਸੇਵਾ?"

"ਮੈਂ ਉਸਤਾਨੀ ਹਾਂ ਪਰ ਮੇਰਾ ਜੀ ਕਰਦਾ ਹੈ ਕਿ ਮੈਂ ਯੂਨੀਵਰਸਟੀ ਦੀ ਪੜ੍ਹਾਈ ਕਰ ਸਕਾਂ। ਪਰ ਇਉਂ ਮੈਨੂੰ ਪੜ੍ਹਨ ਦੀ ਇਜਾਜ਼ਤ ਨਹੀਂ ਮਿਲਦੀ। ਇਹ ਗਲ ਨਹੀਂ ਕਿ ਕੋਈ ਮੈਨੂੰ ਆਗਿਆ ਨਹੀਂ ਦਿੰਦਾ ਪਰ ਇਹ ਕਿ ਮੇਰੇ ਪਾਸ ਦਮੜੇ ਨਹੀਂ ਹਨ। ਤੁਸੀ ਮੈਨੂੰ ਦਮੜੇ ਦਿਓ ਤੇ ਜਦ ਮੈਂ ਪੜ੍ਹ ਚੁਕਾਂਗੀ ਮੈਂ ਆਪ ਨੂੰ ਮੁਕਾ ਦੇਵਾਂਗੀ। ਮੈਂ ਸੋਚ ਰਹੀ ਸਾਂ ਕਿ ਅਮੀਰ ਰਿੱਛਾਂ ਨੂੰ ਮਾਰਦੇ ਹੋ ਤੇ ਕਿਸਾਨਾਂ ਗਰੀਬਾਂ ਨੂੰ ਸ਼ਰਾਬ ਪੀਣ ਨੂੰ ਦਿੰਦੇ ਹੋ। ਇਹ ਮਾੜੀਆਂ ਗੱਲਾਂ ਹਨ। ਤੁਸੀ ਨੇਕੀ ਕਿਉਂ ਨਹੀਂ ਕਰਦੇ? ਮੈਨੂੰ ਤਾਂ ਸਿਰਫ ੮੦) ਰੂਬਲ ਬਸ ਹਨ। ਪਰ ਜੇ ਆਪ ਦਾ ਚਿੱਤ ਨ ਕਰੇ ਤਾਂ ਵੀ ਚੰਗਾ," ਉਸ ਜ਼ਰਾ ਖ਼ਫਗੀ ਜੇਹੀ ਨਾਲ ਕਿਹਾ।

"ਉਲਟੀ ਗੱਲ—ਮੈਂ ਤਾਂ ਇਸ ਮੌਕੇ ਲਈ ਜੋ ਆਪ ਨੇ ਦਿੱਤਾ ਹੈ ਬੜਾ ਧੰਨਵਾਦੀ ਹਾਂ। ਮੈਂ ਹੁਣੇ ਰੁਪੈ ਲਿਆ ਦਿਆਂ-ਗਾ," ਨਿਖਲੀਊਧਵ ਬੋਲਿਆ।

ਉਹ ਬਾਹਰ ਲਾਂਘੇ ਵਿਚ ਦੀ ਗਇਆ ਤੇ ਉਥੇ ਇਕ ਆਪਣੇ ਸਾਥੀ ਨੂੰ ਮਿਲਿਆ ਜਿਹੜਾ ਉਨ੍ਹਾਂ ਦੀਆਂ ਗੱਲਾਂ ਸੁਣ ਰਹਿਆ ਸੀ। ਉਹਦੇ ਠੱਠੇ ਦੀ ਪ੍ਰਵਾਹ ਨ ਕਰਦੇ ਹੋਏ, ਉਹਨੇ ਬਟੂਏ ਵਿਚੋਂ ਰੁਪੈ ਕੱਢ ਕੇ ਦੇ ਦਿਤੇ ਤੇ ਕਹਿਆ, "ਆਪ ਕਿਰਪਾ ਕਰਕੇ ਮੇਰਾ ਸ਼ੁਕਰ ਨ ਪਏ ਕਰੋ, ਮੈਨੂੰ ਸਗੋਂ ਆਪ ਦਾ ਸ਼ੁਕਰ ਕਰਨਾ ਚਾਹੀਏ।"

ਇਸ ਵੇਲੇ ਅਜ ਉਹ ਸਾਰੀ ਗਲ ਚੇਤੇ ਕਰਨੀ ਉਹਨੂੰ ਮਨੋ ਹਲੇਰਾ ਦਿੰਦੀ ਸੀ, ਤੇ ਨਾਲੇ ਇਹ ਯਾਦ ਕਰਨਾ ਚੰਗਾ ਲਗਦਾ ਸੀ ਕਿ ਕਿਸ ਤਰਾਂ ਉਹ ਇਕ ਅਫਸਰ ਨਾਲ ਲੜ ਪਇਆ ਸੀ ਜਿਹੜਾ ਇਸ ਗੱਲ ਦਾ ਮਖੌਲ ਬਣਾਉਣਾ ਚਾਹੁੰਦਾ ਸੀ ਤੇ ਕਿਸ ਤਰ੍ਹਾਂ ਦੂਜੇ ਦੋਸਤ ਨੇ ਉਹਦਾ ਸਾਥ ਦਿੱਤਾ ਸੀ ਤੇ ਕਿਸ ਤਰਾਂ ਇਨ੍ਹਾਂ ਦੋਹਾਂ ਵਿਚ ਇਸ ਕਰਕੇ ਹੋਰ ਵੀ ਜੋੜਵੀਂ ਦੋਸਤੀ ਪੈ ਗਈ ਸੀ। ਉਹ ਸ਼ਿਕਾਰ ਦੀ ਸਾਰੀ ਮੁਹਿਮ ਕੈਸੀ ਕਾਮਯਾਬ ਹੋਈ ਸੀ ਤੇ ਉਹ ਉਸ ਰਾਤ ਜਦ ਰੇਲ ਦੇ ਸਟੇਸ਼ਨ ਵਲ ਮੁੜ ਰਹੇ ਸਨ ਕਿੰਨੇ ਖੁਸ਼ ਸਨ...............

ਉਹ ਬਰਫ ਉਪਰ ਬਿਨਾ ਪਹੀਏ ਧ੍ਰੀਕਣ ਵਾਲੀਆਂ ਗਡੀਆਂ, ਸਲੈਜਾ ਦੀਆਂ ਕਤਾਰਾਂ, ਉਹ ਘੋੜੀਆਂ ਵਾਲੀਆਂ ਸ਼ਿਕਰਮਾਂ, ਜੰਗਲ ਵਿਚ ਦੀ ਤੰਗ ਰਾਹਾਂ ਉਪਰ ਕਿੰਝ ਰਿੜ੍ਹਦੀਆਂ ਆਉਂਦੀਆਂ ਹਨ, ਹੁਣ ਉੱਚੇ ਦਰਖਤਾਂ ਦੇ ਵਿਚ ਦੀ, ਤੇ ਮੁੜ ਨੀਵੇਂ ਫਰ ਦੇ ਬ੍ਰਿੱਛਾਂ ਵਿਚ ਦੀ ਜਿਨ੍ਹਾਂ ਦੀਆਂ ਟਹਣੀਆਂ ਉਪਰ ਭਾਰੀ ਭਾਰੀ ਟੁਕੜੇ ਕੋਰੇ ਨਾਲ ਜਮੀ ਬਰਫ ਦੇ ਪਏ ਉਨ੍ਹਾਂ ਨੂੰ ਨਿਵਾ ਰਹੇ ਹਨ—ਤੇ ਹਨੇਰੇ ਵਿਚ ਇਕ ਲਾਲ ਚੰਗਾਰਾ ਜੇਹਾ ਹੁੰਦਾ ਹੈ—ਉਹ ਕਿਸੇ ਆਪਣੀ ਸਿਗਟਿਟ ਬਾਲੀ ਹੈ। ਜੋਸੈਫ ਇਕ ਰਿੱਛਾਂ ਦਾ ਹਾਕਾ, ਕਿੰਝ ਇਕ ਰੇਹੜੀ ਥੀਂ ਦੂਜੀ ਉਪਰ ਬਰਫ ਵਿਚ ਗੋਡੀਆਂ ਤਕ ਡੁੱਬਾ ਛਾਲ ਮਾਰ ਜਾਂਦਾ ਹੈ ਤੇ ਸਲੈਜਾਂ ਨੂੰ ਠੀਕ ਕਰਦਿਆਂ ਹੋਇਆਂ ਕਹਿੰਦਾ ਹੈ ਕਿ ਏਲਕ ਹਿਰਨ ਡੂੰਘੀ ਬਰਫ ਵਿਚ ਜਾ ਰਹੇ ਹਨ ਤੇ ਸੁਫੇਦੀਆਂ ਦੀ ਛਾਲ ਦੰਦਾਂ ਨਾਲ ਲਾਹ ਕੇ ਖਾ ਰਹੇ ਹਨ, ਤੇ

ਉਨ੍ਹਾਂ ਰਿੱਛਾਂ ਦੀਆਂ ਗੱਲਾਂ ਛੇੜ ਦਿੰਦਾ ਹੈ ਜਿਹੜੇ ਆਪਣੀਆਂ ਲੁਕੀਆਂ-ਗੁਫਾਂ ਵਿਚ ਸੌਂ ਰਹੇ ਹਨ, ਤੇ ਜਿਥੋਂ ਉਨ੍ਹਾਂ ਦੇ ਸਵਾਸਾਂ ਦੀਆਂ ਗਰਮ ਹਵਾੜਾਂ ਨਿਕਲ ਰਹੀਆਂ ਹਨ।

ਇਹ ਸਭ ਕੁਛ **ਨਿਖਲੀਊਧਵ** ਦੇ ਚੇਤੇ ਆ ਰਹਿਆ ਸੀ। ਪਰ ਸਭ ਥੀਂ ਵਧ ਉਸ ਅਰੋਗਤਾ, ਤਾਕਤ ਤੇ ਆਜ਼ਾਦੀ ਤੇ ਫਿਕਰਾਂ ਥੀਂ ਅਤੀਤ ਜੀਵਨ ਦੀ ਅਨੰਦ-ਭਰੀ ਸੁਨਸੁਨੀ ਉਸ ਵਿਚ ਚਲ ਰਹੀ ਸੀ—ਉਹ ਫਿਫੜਿਆਂ ਦਾ ਯਖ-ਠੰਡੀ ਹਵਾ ਦਾ ਸਾਹ ਭਰਨਾ ਤੇ ਪੋਸਤੀਨਾਂ ਦਾ ਉਭਰ ਪਈਆਂ ਛਾਤੀਆਂ ਉਪਰ ਖਿਚ ਕੇ ਤੰਗ ਹੋ ਜਾਣਾ। ਉਹ ਨੀਵੀਆਂ ਹੋਈਆਂ ਟਹਿਣੀਆਂ ਥੀਂ ਉਹਦੇ ਮੂੰਹ ਉਪਰ ਢਹ ਢਹ ਪੈਂਦੀ ਬਾਰੀਕ ਬਰਫ, ਉਹਦਾ ਜਿਸਮ ਨਿੱਘਾ, ਉਹਦਾ ਚਿਹਰਾ ਤਾਜ਼ਾ, ਤੇ ਉਹਦਾ ਰੂਹ ਫਿਕਰਾਂ ਥੀਂ, ਆਪੇ ਨੂੰ ਮਲਾਮਤਾਂ ਕਰਨ ਥੀਂ, ਡਰ ਥੀਂ, ਖਾਹਿਸ਼ਾਂ ਥੀਂ ਆਜ਼ਾਦ-ਕੇਹਾ ਸੋਹਣਾ ਸੀ, ਤੇ ਹੁਣ ਓ ਰਬਾ-ਇਹ ਕੇਹਾ ਤਸੀਹਾ ਤੇ ਕੇਹਾ ਦੁਖ!

ਸਾਫ ਸੀ ਕਿ **ਵੇਰਾ ਦੁਖੋਵਾ** ਬਾਦਸ਼ਾਹੀ ਦੇ ਵਿਰੁੱਧ **ਰੈਵੋਲਿਊਸ਼ਨਿਸਟ** ਸੀ, ਸੋ ਇਸ ਅਪਰਾਧ ਵਿਚ ਕੈਦ ਸੀ। **ਨਿਖਲੀਊਧਵ** ਨੂੰ ਉਸ ਕੀ ਜ਼ਰੂਰੀ ਮਿਲਣਾ ਚਾਹੀਏ। ਖਾਸ ਕਰ ਇਸ ਲਈ ਵੀ ਕਿ ਉਸ ਨੇ **ਮਸਲੋਵਾ** ਬਾਬਤ ਕੋਈ ਗਲ ਦਸਣ ਨੂੰ ਕਹਿਆ ਹੈ।

## ਕਾਂਡ ੫੦

ਦੂਸਰੇ ਦਿਨ ਸਵੇਰੇ ਜਾਗ ਕੇ ਨਿਖਲੀਊਧਵ ਨੂੰ ਪਹਿਲੇ ਦਿਨ ਦਾ ਕੀਤਾ ਸਭ ਕੁਛ ਯਾਦ ਆਇਆ ਤੇ ਉਹ ਯਾਦ ਕਰ ਕੇ ਉਹਨੂੰ ਡਰ ਜੇਹਾ ਲਗਾ, ਪਰ ਇਸ ਡਰ ਦੇ ਹੁੰਦਿਆਂ ਵੀ, ਜੋ ਕੁਛ ਉਸ ਹੁਣ ਸ਼ੁਰੂ ਕਰ ਦਿੱਤਾ ਸੀ ਉਹਨੂੰ ਸਿਰੇ ਪਹੁੰਚਾਣ ਦਾ ਪੱਕਾ ਲਕ ਬੰਨ੍ਹ ਲਇਆ।

ਡਿਊਟੀ ਦੀ ਸਮਝ ਦਾ ਅਨੁਭਵੀ ਹੋਣ ਕਰ ਕੇ ਉਹ ਘਰੋਂ ਟੁਰ ਗਇਆ ਤੇ ਮੈਸਲੈਨੀਕੋਵ ਨੂੰ ਮਿਲਣ ਗਇਆ। ਇਕ ਤਾਂ ਮਸਲੋਵਾ ਨੂੰ ਜੇਲ ਵਿਚ ਮਿਲਣ ਦੀ ਇਜਾਜ਼ਤ ਲੈਣੀ ਸੀ ਤੇ ਨਾਲੇ ਮੈਨਸ਼ੋਵਾ ਨੂੰ, ਮਾਂ ਪੁਤ ਨੂੰ, ਜਿਨ੍ਹਾਂ ਦੀ ਬਾਬਤ ਮਸਲੋਵਾ ਨੇ ਉਹਨੂੰ ਕਹਿਆ ਸੀ। ਉਹ ਇਹ ਭੀ ਚਾਹੁੰਦਾ ਸੀ ਕਿ ਦੁਖੋਵਾ ਨੂੰ ਮਿਲਣ ਦੀ ਵੀ ਇਜਾਜ਼ਤ ਲੈ ਲਵੇ, ਸ਼ਾਇਦ ਉਹ ਮਸਲੋਵਾ ਨੂੰ ਕੋਈ ਫਾਇਦਾ ਪਹੁੰਚਾ ਹੀ ਸਕੇ।

ਨਿਖਲੀਊਧਵ ਚਿਰ ਥੀਂ ਮੈਸਲੈਨੀਕੋਵ ਨੂੰ ਜਾਣਦਾ ਸੀ। ਉਹ ਦੋਵੇਂ ਇਕ ਰਜਮਿੰਟ ਵਿਚ ਇਕੱਠੇ

ਰਹੇ ਸਨ । ਉਸ ਵੇਲੇ ਮੈਸਲੇਨੀਕੋਵ ਰਜਮਿੰਟ ਦਾ ਖਜ਼ਾਨਚੀ ਸੀ । ਉਹ ਇਕ ਮਿਹਰਬਾਨ ਤੇ ਸਰਗਰਮ ਅਫਸਰ ਸੀ। ਸਿਵਾਏ ਰਜਮਿੰਟ ਤੇ ਸ਼ਾਹਨਸ਼ਾਹ ਜ਼ਾਰ ਦੇ ਟੱਬਰ ਦੇ ਹੋਰ ਨ ਕੁਛ ਉਹ ਜਾਣਦਾ ਸੀ ਤੇ ਨ ਉਹ ਜਾਣਨਾ ਚਾਹੁੰਦਾ ਹੀ ਸੀ। ਹੁਣ ਨਿਖਲੀਊਧਵ ਨੇ ਉਹਨੂੰ ਅਫ਼ਸਰ ਬਣ ਜਾਣ ਦੀ ਹਾਲਤ ਵਿਚ ਵੇਖਿਆ ਸੀ। ਇਹ ਹਕੂਮਤੀ ਥਾਂ ਉਸ ਨੇ ਰਜਮਿੰਟ ਦੇ ਨੌਕਰਾਂ ਨਾਲ ਬਦਲੇ ਕਰ ਕੇ ਲਈ ਸੀ। ਉਸ ਨੇ ਇਕ ਅਮੀਰ ਤੇ ਚੁਲਬੁਲੀ ਸਵਾਣੀ ਨਾਲ ਵਿਆਹ ਕੀਤਾ ਸੀ, ਤੇ ਇਸ ਵਹੁਟੀ ਨੇ ਹੀ ਉਹਨੂੰ ਇਹ ਨੌਕਰੀ ਦਾ ਵਟਾਂਦਰਾ ਕਰਾ ਲੈਣ ਉਪਰ ਤਾਕੀਦ ਕੀਤੀ ਸੀ, ਤੇ ਉਹ ਆਪਣੇ ਇਸ ਖਾਵੰਦ ਨੂੰ ਇੰਝ ਸਮਝਦੀ ਸੀ ਜਿਵੇਂ ਉਹਦੇ ਖੇਡਣ ਲਈ ਤੇ ਪਰਚਾਵੇ ਲਈ ਇਕ ਪਾਲਤੂ ਜਾਨਵਰ ਹੋਂਦਾ ਹੈ। ਸਿਆਲੇ ਵਿਚ ਨਿਖਲੀਊਧਵ ਇਕ ਵੇਰੀ ਇਨ੍ਹਾਂ ਦੋਹਾਂ ਨੂੰ ਮਿਲਣ ਗਇਆ ਸੀ, ਪਰ ਉਹਨੂੰ ਦੋਵੇਂ ਕੁਛ ਐਸੇ ਦਿਲ-ਭਾਊ ਨਹੀਂ ਸਨ ਲਗੇ ਸੋ ਮੁੜ ਉਹ ਉਨ੍ਹਾਂ ਪਾਸ ਨਹੀਂ ਸੀ ਗਇਆ ।

ਨਿਖਲੀਊਧਵ ਨੂੰ ਵੇਖ ਕੇ ਮੈਸਲੈਨੀਕੋਵ ਦਾ ਮੂੰਹ ਬਾਗ ਬਾਗ ਹੋ ਗਇਆ। ਹਾਂ, ਉਹਦਾ ਆਪਣਾ ਮੂੰਹ-ਉਹੋ ਲਾਲ ਲਾਲ, ਮੋਟਾ ਮੂੰਹ ਤੇ ਉਹ ਆਪ ਸਾਰਾ ਵੀ ਉੱਨਾ ਹੀ ਮੋਟਾ ਤੇ ਉਸੀ ਤਰਾਂ ਚੰਗੀ ਪੋਸ਼ਾਕ ਪਾਣ ਦਾ ਸ਼ੌਕੀਨ ਜਿਸ

ਤਰਾਂ ਉਹ ਰਜਮਿੰਟਾਂ ਦੇ ਦਿਨਾਂ ਵਿਚ ਸੀ। ਉਸ ਵੇਲੇ ਵੀ ਓਹ ਇਕ ਚੰਗੀ ਬੁਰਸ਼ ਕੀਤੀ ਵਰਦੀ ਨਵੇਂ ਥੀਂ ਨਵੇਂ ਫੈਸ਼ਨ ਦੀ ਪਾਂਦਾ ਸੀ ਜਿਹੜੀ ਉਹਦੀ ਛਾਤੀ ਤੇ ਮੋਢਿਆਂ ਉਪਰ ਤੰਗ ਤਰਾਂ ਢੁਕਵੀਂ ਆਉਂਦੀ ਹੁੰਦੀ ਸੀ। ਹੁਣ ਇਹ ਸਿੱਵਲ ਨੌਕਰੀ ਦੀ ਵਰਦੀ ਜਿਹੜੀ ਉਸ ਨੇ ਪਾਈ ਹੋਈ ਸੀ, ਉ_ਹਦੇ ਚੰਗਾ ਚੋਖਾ ਖਾਣ ਨਾਲ ਖੂਬ ਪਲੇ ਜਿਸਮ ਉਪਰ ਕੱਸ ਕੇ ਆਈ ਹੋਈ ਸੀ ਤੇ ਉਹਦੀ ਛਾਤੀ ਨੂੰ ਚੰਗੀ ਤਰਾਂ ਦਰਸਾ ਰਹੀ ਸੀ, ਤੇ ਇਹ ਵੀ ਸੀ ਨਵੇਂ ਥੀਂ ਨਵੇਂ ਫੈਸ਼ਨ ਦੀ। ਉਮਰਾਂ ਵਿਚ ਫਰਕ ਹੁੰਦਿਆਂ ਵੀ (ਮੈਸਲੈਨੀਕੋਵ ੪੦ ਸਾਲ ਦਾ ਸੀ) ਇਹ ਦੋਵੇਂ ਆਪਸ ਵਿਚ ਬੜੀ ਅਪਣੱਤ ਰਖਦੇ ਸਨ, ਤੇ ਉਨ੍ਹਾਂ ਦੀ ਬੇਤਕਲਫੀ ਸੀ।

"ਹੈਲੋ, ਬੁਢਿਆ! ਕੇਹਾ ਚੰਗਾ ਕੀਤਾ ਈ ਤੂੰ ਆ ਗਇਆ ਹੈਂ! ਆ, ਚਲ ਮੇਰੀ ਸਵਾਣੀ ਨੂੰ ਮਿਲ। ਬਸ ਜਲਸੇ ਜਾਣ ਥੀਂ ਪਹਿਲਾਂ ਮੇਰੇ ਪਾਸ ਸਿਰਫ ੧੦ ਮਿੰਟ ਹੀ ਹਨ। ਮੇਰਾ ਚੀਫ ਅਜ ਕਲ ਬਾਹਰ ਗਇਆ ਹੋਇਆ ਹੈ ਤੇ ਹੁਣ ਮੈਂ ਹੀ ਹਕੂਮਤ ਸਰਕਾਰੀ ਦਾ ਸਿਰ ਹੋਇਆ ਨਾ," ਉਸ, ਆਪਣੇ ਅੰਦਰ-ਆਈ-ਦਿਲ ਦੀ ਤਸੱਲੀ ਨਾ ਲੁਕਾ ਸਕਦਿਆਂ ੋਇਆਂ, ਕਹਿਆ।

"ਮੈਂ-ਤੇਰੇ ਪਾਸ ਖਾਸ ਕੰਮ ਆਇਆ ਹਾਂ।"

"ਉਹ ਕੀ ਹੈ?" ਮੈਸਲੈਨੀਕੋਵ ਨੇ ਬੜੀ ਚਿੰਤਾ ਭਰੀ ਤੇ ਕੁਛ ਕੜੀ ਜੇਹੀ ਸੁਰ ਵਿਚ ਪੁਛਿਆ ਤੇ ਆਪਣੇ ਆਪ ਨੂੰ ਇਕ ਤਰਾਂ ਸਾਵਧਾਨ ਤੇ ਚੌਕੰਨ੍ਹਾ ਕਰ ਲਇਆ।

"ਜੇਲ ਵਿਚ ਇਕ ਬੰਦਾ ਕੈਦ ਹੈ ਜਿਸ ਵਿਚ ਮੈਂ ਦਿਲ-

ਚਸਪੀ ਲੈ ਰਹਿਆ ਹਾਂ (ਜੇਲ ਦਾ ਨਾਂ ਸੁਣਦੇ ਹੀ ਮੈਸਲੈਨੀ-ਕੋਵ ਦਾ ਮੂੰਹ ਕਰੜਾ ਹੋ ਗਇਆ) "ਤੇ ਮੈਂ ਉਹਨੂੰ ਮਿਲਣਾ ਚਾਹੁੰਦਾ ਹਾਂ, ਪਰ ਆਮ ਮੁਲਾਕਾਤੀ ਕਮਰੇ ਵਿਚ ਨਹੀਂ ਪਰ ਦਫਤਰ ਵਿਚ, ਤੇ ਨ ਸਿਰਫ ਆਮ ਮੁਲਾਕਾਤੀ ਨੀਯਤ ਵਕਤ ਉਪਰ, ਪਰ ਜਦ ਮੈਂ ਚਾਹਾਂ—ਮੈਨੂੰ ਪਤਾ ਲੱਗਾ ਹੈ ਕਿ ਇਜਾਜ਼ਤ ਦੇਣਾ ਆਪ ਦੇ ਵਸ ਹੈ।"

"ਯਕੀਨਨ ਮੇਰੇ ਪਿਆਰੇ, ਮੈਂ ਤੇਰੇ ਲਈ ਜੋ ਤੂੰ ਕਹੇਂਗਾ ਕਰਾਂਗਾ," ਨਿਖਲੀਊਧਵ ਦੇ ਗੋਡਿਆਂ ਉਪਰ ਦੋਵੇਂ ਹਥ ਰਖ ਕੇ ਮੈਸਲੈਨੀਕੋਵ ਨੇ ਕਹਿਆ, ਤੇ ਗੋਡਿਆਂ ਉਪਰ ਹੱਥ ਇਸ ਕਰ ਕੇ ਰਖੇ ਕਿ ਉਹ ਆਪਣੀ ਉੱਚੀ ਪਦਵੀ ਦੀ ਉਚੀ ਸ਼ਾਨ ਜ਼ਰਾ ਮਿਤ੍ਰਤਾ ਦੀ ਖ਼ਾਤਰ ਨੀਵੀਂ ਕਰ ਦੇਵੇ। "ਪਰ ਯਾਦ ਰਖੀਂ—ਮੈਂ ਇਕ ਘੰਟੇ ਲਈ ਬਾਦਸ਼ਾਹ ਹਾਂ।"

"ਤਾਂ ਫਿਰ ਆਪ ਮੈਨੂੰ ਇਜਾਜ਼ਤ ਦੇ ਦੇਵੋਗੇ ਜਿਸ ਨਾਲ ਮੈਂ ਓਹਨੂੰ ਮਿਲ ਸਕਿਆ ਕਰਾਂਗਾ ?"

"ਕੀ ਓਹ ਕੋਈ ਤ੍ਰੀਮਤ ਹੈ ?"

"ਹਾਂ"।

"ਉਹ ਕਿਉਂ ਕੈਦ ਹੈ ?"

"ਜ਼ਹਿਰ ਦੇਣ ਦੇ ਅਪਰਾਧ ਵਿਚ ਪਰ ਓਹ ਹੈ ਨਿਰਦੋਸ਼।"

"ਠੀਕ—ਬਸ ਇਹ ਵੇਖੋ ਨਾ, ਇਹੋ ਤਾਂ ਜੂਰੀ ਦੇ ਨੁਕਸਾਨ

ਹਨ, ਆਪ ਦੀ ਨਿਆਂ ਕਰਨ ਵਾਲੀ ਜੂਰੀ—ਉਹ ਬੱਸ ਕੁਛ ਇਸ ਥੀਂ ਚੰਗਾ ਨਹੀਂ ਕਰ ਸਕਦੀ," ਓਸ ਪਤਾ ਨਹੀਂ ਕਿਸ ਕਰਕੇ ਫਰਾਂਸੀਸੀ ਬੋਲੀ ਵਿੱਚ ਇਹ ਕਹਿਆ। "ਮੈਨੂੰ ਪਤਾ ਹੈ ਕਿ ਆਪ ਮੇਰੇ ਨਾਲ ਸਹਿਮਤ ਨਹੀਂ ਪਰ ਇਹਦਾ ਕੀ ਚਾਰਾ, ਮੇਰੀ ਇਹ ਬੱਸ ਪੱਕੀ ਰਾਏ ਹੈ," ਓਸ ਲਗਦੇ ਹੀ ਇਹ ਕਹਿਆ ਪਰ ਰਾਏ ਆਪਣੀ ਓਹੋ ਦੇ ਰਿਹਾ ਸੀ ਜਿਹੜੀ ਕਿ ਕਾਨਜ਼ਰਵੇਟਿਵ, ਮੁਲਕੀ ਤੁਕੀ ਦੇ ਵਿਰੁਧ, ਅਖਬਾਰਾਂ ਪਿਛਲੇ ਬਾਰਾਂ ਮਹੀਨਿਆਂ ਤੋਂ ਲਿਖ ਰਹੀਆਂ ਸਨ—"ਮੈਨੂੰ ਪਤਾ ਹੈ ਆਪ ਲਿਬਰਲ ਹੋ।"

"ਮੈਨੂੰ ਪਤਾ ਨਹੀਂ ਲਿਬਰਲ ਹਾਂ ਕਿ ਨਹੀਂ," ਨਿਖਲੀਊਧਵ ਨੇ ਮੁਸਕਰਾ ਕੇ ਕਹਿਆ ਤੇ ਉਹਨੂੰ ਅਚੰਭਾ ਹੋਇਆ ਕਿ ਉਹ ਕਿਸੀ ਮੁਲਕੀ ਧੜੇ ਨਾਲ ਇਉਂ ਗਿਣਿਆ ਗਇਆ ਹੈ ਤੇ ਲਿਬਰਲ ਨਾਮ ਵੀ ਲੋਕਾਂ ਰਖ ਦਿੱਤਾ ਹੈ। ਓਹਦੀ ਆਪਣੀ ਰਾਏ ਇਹ ਸੀ ਕਿ ਹਰ ਇਕ ਆਦਮੀ ਨੂੰ ਸਜ਼ਾ ਦੇਣ ਥੀਂ ਪਹਿਲਾਂ ਸੁਣ ਲੈਣਾ ਚਾਹੀਦਾ ਹੈ ਕਿਉਂਕਿ ਸਜ਼ਾ ਪਾਣ ਥੀਂ ਪਹਿਲਾਂ ਸਭ ਆਦਮੀ ਬਰਾਬਰ ਹਨ—ਤੇ ਕੋਈ ਵੀ ਆਦਮੀ, ਭਾਵੇਂ ਕੈਸਾ ਹੀ ਹੋਵੇ, ਕਿਸੀ ਤਰਾਂ ਦੀ ਬਦ ਸਲੂਕੀ ਯਾ ਮਾਰ ਪਿਟ ਦਾ ਸ਼ਿਕਾਰ ਨਹੀਂ ਬਣਾਇਆ ਜਾਣਾ ਚਾਹੀਦਾ ਤੇ ਖਾਸ ਕਰ ਓਹ ਲੋਕੀ ਜਿਨ੍ਹਾਂ ਨੂੰ ਹਾਲੇਂ ਤਕ ਕਿਸੀ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਤੇ ਕਾਨੂੰਨ ਦੀ ਚਾਰਾ

ਜੋਈ ਸ਼ੁਰੂ ਹੀ ਨਹੀਂ ਹੋਈ—"ਇਹ ਮੈਂ ਨਹੀਂ ਜਾਣਦਾ ਕਿ ਲਿਬਰਲ ਹਾਂ ਕਿ ਨਹੀਂ ਪਰ ਇਹ ਮੈਨੂੰ ਠੀਕ ਪਤਾ ਹੈ ਕਿ ਭਾਵੇਂ ਅਜ ਕਲ ਦੀਆਂ ਜੂਰੀਆਂ ਕਿੰਨੀਆਂ ਹੀ ਭੈੜੀਆਂ ਕਿਉਂ ਨ ਹੋਣ, ਪੁਰਾਣੀ ਕਿਸਮ ਦੀਆਂ ਅਦਾਲਤਾਂ ਥੀਂ ਚੰਗੀਆਂ ਹਨ।"

"ਤੇ ਆਪਦਾ ਵਕੀਲ ਕੌਣ ਹੈ ?"

"ਮੈਂ ਫਨਾਰਿਨ ਨਾਲ ਗੱਲ ਕੀਤੀ ਹੈ ?"

"ਹਾਏ ਵੋ ! ਓਹ ਫਨਾਰਿਨ !" ਮੈਸਲੈਨੀਕੋਵ ਨੇ ਇਕ ਹਿਕਾਰਤ ਭਰੀ ਆਵਾਜ਼ ਵਿਚ ਆਖਿਆ। ਓਹਨੂੰ ਯਾਦ ਆ ਗਇਆ ਸੀ ਇਕ ਵੇਰ ਪਿਛਲੇ ਸਾਲ ਇਕ ਮੁਕੱਦਮੇਂ ਵਿੱਚ ਫਨਾਰਿਨ ਨੇ ਉਸਨੂੰ ਗਵਾਹ ਬਣਾਕੇ ਜਿਰਾ ਕੀਤਾ ਸੀ ਤੇ ਬੜੇ ਹੀ ਮੰਝੇ ਤਰਜ਼ ਨਾਲ ਪੀਹ ਪੀਹ ਕੇ ਅੱਧਾ ਘੰਟਾ ਇਹਦੀ ਖ਼ੂਬ ਮਿੱਟੀ ਪਲੀਤ ਕੀਤੀ ਸੀ।

"ਮੈਂ ਆਪ ਨੂੰ ਸਲਾਹ ਦਿਆਂਗਾ, ਕਿ ਓਸ ਨਾਲ ਅੰਕ ਨ ਭੇੜਨਾ ! ਫਨਾਰਿਨ ਇਕ ਬੜਾ ਹੀ ਮਾੜਾ ਆਦਮੀ ਹੈ।"

"ਮੈਂ ਇਕ ਹੋਰ ਅਰਜ਼ ਵੀ ਕਰਨੀ ਹੈ" ਨਿਖਲੀਊਧਵ ਨੇ ਬਿਨਾਂ ਓਸ ਗੱਲ ਦੇ ਉੱਤਰ ਦਿੱਤੇ ਦੇ ਕਹਿਆ—"ਇਕ ਜੁਆਨ ਤੀਮੀਂ ਹੈ, ਜਿਹਨੂੰ ਮੈਂ ਬੜੀ ਮੁਦਤ ਥੀਂ ਜਾਣਦਾ ਹਾਂ—ਪਹਿਲਾਂ ਉਸਤਾਨੀ ਸੀ—ਇਕ ਬੜੀ ਤਰਸ ਕਰਨ ਜੋਗ ਨਿਕੀ ਜੇਹੀ ਚੀਜ਼—ਓਹ ਵੀ ਹੁਣ ਕੈਦ ਹੈ ਤੇ ਮੈਨੂੰ ਮਿਲਨਾ

ਚਾਹੁੰਦੀ ਹੈ, ਮੈਨੂੰ ਤੁਸੀ ਜੇ ਪਰਮਿਟ ਦਿਓ ਤੇ ਮੈਂ ਓਹਨੂੰ ਵੀ ਮਿਲ ਲਵਾਂ।''

ਮੈਸਲੈਨੀਕੋਵ ਆਪਣਾ ਸਿਰ ਇਕ ਪਾਸੇ ਸੁਟ ਕੇ ਕੁਝ ਸੋਚੀਂ ਪੈ ਗਇਆ।

''ਓਹ ਤਾਂ ਮੁਲਕੀ ਕੈਦੀ ਹੈ।''

''ਹਾਂ—ਮੈਂ ਆਪ ਨੂੰ ਇਹ ਦੱਸ ਹੀ ਦਿੱਤਾ ਸੀ ?''

''ਆਪ ਜਾਣਦੇ ਹੋ ਕਿ ਮੁਲਕੀ ਕੈਦੀਆਂ ਦੇ ਰਿਸ਼ਤੇਦਾਰ ਹੀ ਉਨਹਾਂ ਨਾਲ ਮੁਲਾਕਾਤ ਕਰ ਸਕਦੇ ਹਨ--ਤਾਂ ਭੀ ਮੈਂ ਆਪ ਨੂੰ ਇਕ ਖੁਲਾ ਹੁਕਮ ਲਿਖ ਦਿੰਦਾ ਹਾਂ--ਮੈਨੂੰ ਪਤਾ ਹੈ ਇਹਦਾ ਆਪ ਬੇਜਾ ਇਸਤੇਮਾਲ ਨਹੀਂ ਕਰੋਗੇ। ਆਪ ਦੀ ਰੱਛਾ ਮੰਗਣ ਵਾਲੀ ਦਾ ਕੀ ਨਾਮ ਹੈ ? ਦੂਖੋਵਾ ? ਕੀ ਉਹ ਸੁਹਣੀ ਤੀਮੀ ਹੈ ?''

''ਕੋਝੀ।''

ਮੈਸਲੈਨੀਕੋਵ ਨੇ ਆਪਣਾ ਸਿਰ ਅਮੰਨਾ ਜੇਹਾ ਕਰਦਿਆਂ ਹਲਾਇਆ। ਮੇਜ਼ ਉੱਪਰ ਗਇਆ ਤੇ ਇਕ ਕਾਗਜ਼ ਫੜਿਆ ਜਿਸ ਦੇ ਸਿਰ ਉਪਰ ਦਫਤਰ ਤੇ ਮਹਿਕਮਾਂ ਆਦਿ ਦੇ ਨਾਂ ਛਾਪੇ ਹੋਏ ਸਨ, ਤੇ ਲਿਖਣ ਲੱਗ ਗਇਆ:—

''ਇਹ ਖਤ ਲਿਆਉਣ—ਵਾਲੇ, ਸ਼ਾਹਜ਼ਾਦਾ ਦਮਿਤ੍ਰੀ ਈਵਾਨਿਚ ਨਿਖਲੀਊਧਵ, ਨੂੰ ਆਗਿਆ ਦਿਤੀ ਜਾਂਦੀ ਹੈ ਕਿ ਓਹ ਜੇਲ ਦੇ ਦਫਤਰ ਵਿਚ ਕੈਦਨ ਮਸਲੋਵਾ

ਤੇ ਨਾਲੇ ਡਾਕਟਰੀ ਅਸਟੰਟ ਦੁਖੋਵਾ ਨਾਲ ਮੁਲਾਕਾਤ ਕਰ ਕਰ ਸਕੇ," ਤੇ ਇਸ ਹੁਕਮ ਨੂੰ ਉਸਨੇ ਆਪਣੇ ਦਸਤਖਤਾਂ ਦੀ ਲੰਮੀ ਝਰੀਟ ਜੇਹੀ ਖਿੱਚ ਕੇ ਖਤਮ ਕੀਤਾ।

"ਹੁਣ ਤੁਸੀਂ ਦੇਖੋਗੇ ਅਸੀਂ ਓਥੇ ਕਿਸ ਕਿਸਮ ਦਾ ਪ੍ਰਬੰਧ ਕਰ ਰਹੇ ਹਾਂ, ਤੇ ਇੰਤਜ਼ਾਮ ਕਰਨਾ ਕਿੰਨਾ ਮੁਸ਼ਕਲ ਹੈ। ਜੇਲ ਭਰਿਆ ਪਇਆ ਹੈ, ਖਾਸ ਕਰ ਉਨ੍ਹਾਂ ਕੈਦੀਆਂ ਨਾਲ ਜਿਨਾਂ ਨੂੰ ਜਲਾਵਤਨੀ ਦੀ ਸਜ਼ਾ ਮਿਲ ਚੁਕੀ ਹੈ, ਪਰ ਮੈਂ ਪੂਰੀ ਚੌਕਸੀ ਕਰਦਾ ਹਾਂ ਤੇ ਆਪਣੇ ਕੰਮ ਨਾਲ ਮੇਰਾ ਬੜਾ ਲਗਾ ਹੈ। ਆਪ ਦੇਖੋਗੇ ਕਿ ਕੈਦੀ ਬੜੇ ਹੀ ਸੁਖੀ ਤੇ ਸ਼ਾਂਤ ਹਨ, ਪਰ ਆਦਮੀ ਨੂੰ ਇਨਾਂ ਨਾਲ ਵਰਤਨ ਦੀ ਪੂਰੀ ਪੂਰੀ ਸਮਝ ਹੋਣੀ ਚਾਹੀਦੀ ਹੈ। ਕੁਛ ਦਿਨ ਹੋਏ ਓਥੇ ਇਕ ਹੰਗਾਮਾ ਹੋ ਗਇਆ ਸੀ– ਨਾਫੁਰਮਾਨੀ। ਹੋਰ ਕੋਈ ਮੇਰੀ ਥਾਂ ਤੇ ਹੁੰਦਾ ਤਦ ਓਹ ਗ਼ਦਰ ਹੀ ਬਣਾ ਦਿੰਦਾ, ਤੇ ਕਈਆਂ ਨੂੰ ਦੁਖੀ ਕਰ ਦਿੰਦਾ ਪਰ ਮੇਰੇ ਕਰਕੇ ਸਾਰੀ ਗੱਲ ਸ਼ਾਂਤੀ ਨਾਲ ਬੀਤ ਗਈ। ਇਕ ਪਾਸੇ ਤਾਂ ਸਾਨੂੰ ਹਮਦਰਦੀ ਤੇ ਓਹਨਾਂ ਦੇ ਭਲੇ ਦੀ ਲੋਚਨਾ ਹੋਣੀ ਜ਼ਰੂਰੀ ਹੈ ਤੇ ਦੂਜੇ ਪਾਸੇ ਜ਼ੋਰ ਤੇ ਜ਼ਾਬਤਾ", ਤੇ ਓਸ ਆਪਣੀ ਮੋਟੀ ਚਿਟੀ ਤੇ ਨੀਲਮ ਦੇ ਨਗੀਨੇ ਜੜੀ ਛਾਪ ਵਾਲੀ ਮੁਠ ਘੁੱਟੀ, ਤੇ ਓਹਦੇ ਘੁੱਟਨ ਕਰਕੇ ਉਹਦੀ ਮਾਇਆ ਲਗੀ ਕਮੀਜ਼ ਦੀ ਖੂਬ ਖੜ ਖੜ ਕਰਦੀ ਕਫ ਬਾਹਰ ਨਿਕਲ ਆਈ ਤੇ ਉਸ ਕਫ ਦਾ ਸੋਨੇ ਦਾ ਸਟੱਡ ਦਿਖ ਪਇਆ–"ਹਾਂ ਜੀ ਨਾਲੇ ਹਮਦਰਦੀ–ਨਾਲੇ ਜ਼ੋਰ ਤੇ ਜ਼ਾਬਤਾ।"

"ਅੱਛਾ ? ਮੈਨੂੰ ਇਹ ਪਤਾ ਨਹੀਂ," ਨਿਖਲੀਊਧਵ ਨੇ ਕਹਿਆ, "ਮੈਂ ਤਾਂ ਇਕ ਦੋ ਵੇਰੀ ਗਇਆ ਹਾਂ। ਪਰ ਮੇਰੀ ਤਬੀਅਤ ਬੜੀ ਹੀ ਦਬ ਗਈ ਸੀ, ਮੈਂ ਤਾਂ ਉਦਾਸ ਹੋਇਆ ਸਾਂ।"

"ਤੈਨੂੰ ਕਾਊਂਟੈਸ ਪਾਸੈਕ ਨਾਲ ਜਾਨ ਪਛਾਣ ਕਰਨੀ ਚਾਹੀਦੀ ਹੈ," ਮੈਸਲੈਨੀਕੋਵ ਨੇ ਗਲਾਂ ਬਾਤਾਂ ਵਿਚ ਕੁਛ ਗਰਮ ਹੋਕੇ ਕਹਿਆ। "ਓਸ ਆਪਣੀ ਜ਼ਿੰਦਗੀ ਬਸ ਇਸ ਕੰਮ ਨੂੰ ਅਰਪਨ ਕਰ ਦਿਤੀ ਹੈ, ਓਹ ਬੜਾ ਹੀ ਭਲਾ ਕਰ ਰਹੀ ਹੈ। ਉਹਦੀ ਮਿਹਨਤ ਦਾ ਫਲ ਹੈ–ਤੇ ਸ਼ਾਇਦ ਬਿਨਾਂ ਕਿਸੀ ਕੜੀ ਹਲੀਮੀ ਦੇ ਜੇ ਮੈਂ ਕਹਾਂ, ਕੁਛ ਮੇਰੇ ਕਰਕੇ ਵੀ–ਸਭ ਕੁਛ ਬਦਲ ਚੁਕਾ ਹੈ, ਇੰਨੀ ਤਬਦੀਲੀ ਹੋ ਗਈ ਹੈ ਕਿ ਪਹਿਲਾਂ ਦੀਆਂ ਖੌਫਨਾਕ ਗੱਲਾਂ ਹੀ ਨਹੀਂ ਰਹੀਆਂ ਤੇ ਹੁਣ ਜੇਲ ਵਾਲੇ ਕੈਦੀ ਦਰ ਹਕੀਕਤ ਬਿਲਕੁਲ ਖੁਸ਼ੀ ਹਨ। ਅੱਛਾ ਤੁਸੀ ਆਪ ਦੇਖ ਲਵੋਗੇ ਫਨਾਰਿਨ ਨੂੰ, ਮੈਂ ਜ਼ਾਤੀ ਤੌਰ ਤੇ ਤਾਂ ਨਹੀਂ ਜਾਣਦਾ, ਨਾਲੇ ਮੇਰਾ ਸੋਸ਼ਲ ਤੇ ਅਫਸਰੀ ਰੁਤਬਾ ਤੇ ਦਰਜਾ ਐਸਾ ਹੈ ਕਿ ਮੈਂ ਓਸ ਥੀਂ ਪਰੇ ਰਹਿੰਦਾ ਹਾਂ ਪਰ ਨਿਸਚੇ ਜਾਣੋ ਓਹ ਬਹੁਤ ਬੁਰਾ ਆਦਮੀ ਹੈ ਤੇ ਫਿਰ ਓਹ ਅਦਾਲਤ ਵਿੱਚ ਐਸੀਆਂ ਵੈਸੀਆਂ ਗੱਲਾਂ ਕਹਣ ਦੀ ਖੁਲ੍ਹ ਵਰਤ ਲੈਂਦਾ ਹੈ, ਹਾਂ–ਐਸੀਆਂ ਵੈਸੀਆਂ ਗੱਲਾਂ!"

"ਅੱਛਾ ਜੀ–ਮੈਂ ਆਪਦਾ ਧੰਨਵਾਦੀ ਹਾਂ," ਨਿਖਲੀ-ਊਧਵ ਨੇ ਕਹਿਆ, ਓਹ ਕਾਗਜ਼ ਲੈ ਲਇਆ ਤੇ ਬਿਨਾਂ ਹੋਰ ਕੁਝ ਸੁਣਨ ਦੇ ਆਪਣੇ ਪਹਿਲਾਂ ਇਕੱਠੇ–ਰਹੇ ਅਫਸਰ

ਸਾਥੀ ਨੂੰ ਵਿਦਾ—ਹੋਣ ਦਾ ਸਲਾਮ ਕਰ ਦਿੱਤਾ ।

"ਪਰ ਕੀ ਆਪ ਅੰਦਰ ਨਹੀਂ ਚੱਲੋਗੇ ਤੇ ਮੇਰੀ ਵਹੁਟੀ ਨੂੰ ਮਿਲਕੇ ਨਹੀਂ ਜਾਓਗੇ ?"

"ਮਿਹਰਬਾਨੀ ਕਰਕੇ ਮੈਨੂੰ ਮਾਫ ਕਰਨਾ, ਮੇਰੇ ਪਾਸ ਇਸ ਵੇਲੇ ਸਮਾਂ ਨਹੀਂ ।"

"ਆਹ ਮੈਂ ! ਓਹ ਮੈਨੂੰ ਤਾਂ ਕਦੀ ਮਾਫ਼ ਨਹੀਂ ਕਰੇਗੀ—" **ਮੇਸਲੈਨੀਕੋਵ** ਨੇ ਕਹਿਆ ਤੇ ਆਪਣੇ ਪੁਰਾਣੇ ਸਾਥੀ ਨਾਲ ਬਾਹਰ ਦੀਆਂ ਪੌੜੀਆਂ ਦੇ ਪਹਿਲੇ ਉਤਾਰ ਤਕ ਆਇਆ, ਇੰਨੀ ਆਦਰ ਜਿੰਨੀ ਕਿ ਉਹ ਸਭ ਥੀਂ ਵੱਡੇ ਅਫਸਰਾਂ ਨੂੰ ਛੱਡ ਓਸ ਥੀਂ ਪਰਲੇ ਦਰਜੇ ਦੇ ਅਫਸਰਾਂ ਦੀ ਕਰਦਾ ਹੁੰਦਾ ਸੀ, ਜਿਨਾਂ ਦੇ ਰੁਤਬੇ ਨਾਲ ਅੱਜ ਓਸ **ਨਿਖਲੀਊਧਵ** ਨੂੰ ਵੀ ਮਿਲਾਇਆ ਸੀ, "ਹੁਣੇ ਝੱਟ ਦੇ ਝੱਟ ਲਈ ਅੰਦਰ ਹੋ ਆਓ" ।

**ਨਿਖਲੀਊਧਵ** ਨਾ ਮੰਨਿਆ । ਹਜ਼ੂਰੀਏ ਤੇ ਦਰਵਾਨ ਅੱਗੇ ਪਿੱਛੇ ਓਹਨੂੰ ਟੋਪੀ ਤੇ ਸੋਟੀ ਫੜਾਣ ਨੂੰ ਦੌੜੇ, ਤੇ ਓਨ੍ਹਾਂ ਨੇ ਓਸ ਲਈ ਬੂਹਾ ਵੀ ਖੋਲਿਆ ਜੀਹਦੇ ਬਾਹਰ ਇਕ ਪੁਲਸੀਆ ਪਹਰੇ ਉਪਰ ਸੀ । **ਨਿਖਲੀਊਧਵ** ਨੇ ਮੁੜ ਕਹਿਆ, "ਸਚੀਂ ਮੈਂ ਠਹਰ ਨਹੀਂ ਸਕਦਾ ।"

"ਚੰਗਾ ! ਫਿਰ ਵੀਰਵਾਰ ਮਿਹਰਬਾਨੀ ਕਰਨਾ, ਓਸ ਦਿਨ ਮੇਰੀ ਸਵਾਣੀ ਦਾ **ਐਟ ਹੋਮ** ਹੈ । ਮੈਂ ਉਹਨਾਂ ਨੂੰ ਕਹਾਂਗਾ ਕਿ ਆਪ ਆ ਰਹੇ ਹੋ," **ਮੇਸਲੈਨੀਕੋਵ** ਨੇ ਪੌੜੀਆਂ ਉੱਪਰ ਵਾਪਸ ਚੜ੍ਹਦੇ ਜਾਂਦੇ ਕਹਿਆ ।

## ਕਾਂਡ ਪ੧

ਮੈਸਲੈਨੀਕੋਵ ਥੀਂ ਹੋ ਕੇ, ਨਿਖਲੀਊਧਵ ਸਿੱਧਾ ਜੇਲ ਨੂੰ ਗਇਆ, ਤੇ ਇਨਸਪੈਕਟਰ ਦੇ ਮਕਾਨ ਤੇ ਪਹੁੰਚਿਆ ਜਿਸ ਦਾ ਓਹਨੂੰ ਹੁਣ ਪਤਾ ਲਗ ਗਇਆ ਸੀ। ਮੁੜ ਓਹੋ ਹੀ ਘਟੀਆ ਮੇਲ ਦੇ ਪੀਆਨੋ ਵਜਣ ਦੀਆਂ ਅਵਾਜ਼ਾਂ ਆ ਰਹੀਆਂ ਸਨ, ਪਰ ਇਸ ਵੇਰੀ ਓਹ ਮਸਤਾਨਾ ਤ੍ਰਾਨਾ ਨਹੀਂ ਸੀ ਵਜਾਯਾ ਜਾ ਰਹਿਆ–ਹੁਣ ਕਲੀਮੈਂਟੀ ਦੇ ਰਾਗ ਦੀ ਪ੍ਰੈਕਟਿਸ ਸੀ, ਤੇ ਓਸੇ ਜ਼ੋਰ ਸ਼ੋਰ, ਸਫਾਈ ਤੇ ਤੇਜ਼ੀ ਨਾਲ ਹੋ ਰਹੀ ਸੀ। ਇਕ ਅੱਖਾਂ ਉੱਪਰ ਪੱਟੀ ਬੱਧੀ ਨੌਕਰਾਨੀ ਆਈ ਤੇ ਓਸ ਕਹਿਆ ਕਿ ਇਨਸਪੈਕਟਰ ਸਾਹਿਬ ਅੰਦਰ ਹਨ– ਨਿਖਲੀਊਧਵ ਨੂੰ ਇਕ ਛੋਟੇ ਜੇਹੇ ਗੋਲ ਕਮਰੇ ਵਿਚ ਆਕੇ ਬਹਿ ਜਾਣ ਨੂੰ ਕਹਿਆ, ਇਸ ਕਮਰੇ ਵਿੱਚ ਇਕ ਸੋਫਾ ਪਇਆ ਸੀ ਤੇ ਉਹਦੇ ਸਾਹਮਣੇ ਮੇਜ਼, ਤੇ ਇਸ ਉੱਪਰ ਇਕ ਵੱਡਾ ਲੈਂਪ ਕਰੋਸ਼ੇ ਦੇ ਕੰਮ ਕੀਤੇ ਕਪੜੇ ਉੱਪਰ ਧਰਿਆ ਸੀ, ਤੇ ਉੱਪਰ ਉਹਦੇ ਗੁਲਾਬੀ ਕਾਗਜ਼ ਦਾ ਬਣਾਇਆ ਸ਼ੇਡ ਲੱਗਾ ਸੀ ਜਿਹੜਾ ਇਕ

ਪਾਸੇ ਥੀਂ ਸੜ ਗਇਆ ਸੀ। ਇਨਸਪੈਕਟਰ ਸਾਹਿਬ ਹੋਰੀ ਓਥੇ ਆਏ, ਆਪਦੇ ਮੂੰਹ ਉੱਪਰ ਨਿਜ ਦੀ ਉਦਾਸੀ ਤੇ ਥਕਾਵਟ ਦੇ ਆਸਾਰ ਦਿੱਸਦੇ ਸਨ।

"ਕਿਰਪਾ ਕਰਕੇ ਬਹਿ ਜਾਓ! ਮੈਂ ਆਪ ਦੀ ਕੀ ਸੇਵਾ ਕਰ ਸੱਕਦਾ ਹਾਂ?" ਓਹਨੇ ਆਪਣੀ ਵਰਦੀ ਦੇ ਦਰਮਿਆਨੇ ਬਟਨ ਨੂੰ ਭੀੜਦੇ ਹੋਏ ਕਿਹਾ।

"ਮੈਂ ਹੁਣੇ ਨਾਇਬ ਗਵਰਨਰ ਸਾਹਿਬ ਪਾਸੋਂ ਹੋ ਕੇ ਆਇਆ ਹਾਂ ਤੇ ਇਹ ਹੁਕਮ ਉਨਾਂ ਪਾਸੋਂ ਲਿਆਇਆ ਹਾਂ, ਮੈਂ ਕੈਦੀ **ਮਸਲੋਵਾ** ਨੂੰ ਮਿਲਣਾ ਚਾਹੁੰਦਾ ਹਾਂ।"

"**ਮਾਰਕੋਵਾ?**" ਇਨਸਪੈਕਟਰ ਨੇ ਪੁਛਿਆ, ਰਾਗ ਦੇ ਸ਼ੋਰ ਕਰਕੇ ਸਾਫ ਨ ਸੁਣ ਸਕਿਆ।

"**ਮਸਲੋਵਾ!**"

"ਓਹ ਹਾਂ," ਇਨਸਪੈਕਟਰ ਉੱਠਿਆ ਤੇ ਓਸ ਦਰਵਾਜ਼ੇ ਵਲ ਗਿਆ, ਜਿੱਥੋਂ **ਕਲੀਮੈਂਟੀ** ਦੀਆਂ ਸੁਰਾਂ ਆ ਰਹੀਆਂ ਸਨ, "**ਮੇਰੀ!** ਕੀ ਤੂੰ ਜ਼ਰਾ ਠਹਰ ਨਹੀਂ ਸਕਦੀ?" ਓਸ ਕਹਿਆ ਤੇ ਐਸੇ ਲਹਿਜ਼ੇ ਵਿੱਚ ਕਹਿਆ ਜਿਵੇਂ ਰਾਗ ਉਹਦੀ ਜ਼ਿੰਦਗੀ ਦੀ ਸ਼ਾਮਤ ਹੁੰਦੀ ਹੈ, "ਆਦਮੀ ਕਿਸੀ ਦਾ ਇਕ ਲਫਜ਼ ਨਹੀਂ ਸੁਣ ਸਕਦਾ।"

**ਪੀਆਨੋ** ਖਾਮੋਸ਼ ਹੋ ਗਇਆ, ਪਰ ਕਿਸੀ ਐਸੇ ਬੰਦੇ ਦੇ ਕਦਮਾਂ ਦੇ ਪੈਣ ਦੀ ਆਹਟ ਸੁਣਾਈ ਦੇਣ ਲੱਗ

ਪਈ ਜਿਹੜਾ ਕੋਈ ਕੰਮ ਬਿਨਾਂ ਆਪਣੀ ਰਜ਼ਾਮੰਦੀ ਦੇ ਕਰਕੇ ਹਟਿਆ ਹੋਵੇ, ਤੇ ਕਿਸੀ ਨੇ ਆਕੇ ਦਰਵਾਜ਼ੇ ਵਿਚ ਦੀ ਝਾਕਿਆ । ਇਨਸਪੈਕਟਰ ਇਸ ਚੁਪ ਕਰਕੇ ਕੁਛ ਆਰਾਮ ਵਿੱਚ ਹੋ ਗਇਆ ਤੇ ਮੁਲਾਇਮ ਤਮਾਕੂ ਦੀ ਮੋਟੀ ਸਿਗਰਟ ਜਗਾਈ ਤੇ ਇਕ **ਨਿਖਲੀਊਧਵ** ਨੂੰ ਵੀ ਦਿਖਾਈ।

**ਨਿਖਲੀਊਧਵ** ਨੇ ਨਾ ਕੀਤੀ।

"ਮੈਂ **ਮਸਲੋਵਾ** ਨੂੰ ਮਿਲਣਾ ਚਾਹੁੰਦਾ ਹਾਂ।"

"**ਮਸਲੋਵਾ !** ਅਜ **ਮਸਲੋਵਾ** ਨੂੰ ਮਿਲਣਾ ਸੁਖਾਲਾ ਨਹੀਂ ਹੋਣ ਲੱਗਾ।"

"ਓਹ ਕਿਸ ਤਰਾਂ ?"

"ਭਾਈ ! ਸਭ ਆਪ ਦਾ ਹੀ ਕਸੂਰ ਹੈ," ਇਨਸਪੈਕਟਰ ਨੇ ਨਿੱਕੀ ਜੇਹੀ ਮੁਸਕੜੀ ਭਰਕੇ ਕਹਿਆ, "ਸ਼ਾਹਜ਼ਾਦਾ ਸਾਹਿਬ, ਆਪ ਨੂੰ ਓਹਨੂੰ ਰੁਪੈ ਨਹੀਂ ਦੇਣੇ ਚਾਹੀਏ, ਜੇ ਆਪ ਦੀ ਇੱਛਾ ਓਹਨੂੰ ਦੇਣ ਦੀ ਹੋਵੇ, ਓਹ ਰਕਮ ਮੈਨੂੰ ਦੇ ਦਿਆ ਕਰੋ, ਮੈਂ ਓਸ ਲਈ ਰਖੀ ਰਖਿਆ ਕਰਾਂਗਾ। ਮਾਲੂਮ ਹੁੰਦਾ ਹੈ ਕਿ ਆਪ ਨੇ ਕਲ ਉਹਨੂੰ ਕੋਈ ਰੁਪੈ ਦਿਤੇ ਹਨ, ਉਨ੍ਹਾਂ ਨਾਲ ਓਸ ਸ਼ਰਾਬ ਖਰੀਦੀ (ਇਹ ਇਕ ਬੁਰਾਈ ਹੈ ਜਿਹਨੂੰ ਅਸੀ ਜੇਲ ਵਿਚੋਂ ਜੜ੍ਹੋਂ ਨਹੀਂ ਪੁੱਟ ਸੱਕਦੇ) ਤੇ ਅਜ ਓਹ ਕਾਫੀ ਨਸ਼ੇ ਵਿੱਚ ਹੈ ਤੇ ਮਾਰਨ ਨੂੰ ਵੀ ਤਿਆਰ ਹੁੰਦੀ ਹੈ।"

"ਕੀ ਇਹ ਮੁਮਕਿਨ ਹੈ ?"

"ਹਾਂ ਜੀ–ਇਹੋ ਹੈ–ਮੈਨੂੰ ਮਜਬੂਰਨ ਸਖਤੀ ਕਰਨੀ ਪਈ ਤੇ ਓਹਨੂੰ ਇਕੱਲ ਕੋਠੜੀ ਵਿੱਚ ਡੱਕਣਾ ਪਇਆ–ਆਮ ਤੌਰ ਤੇ ਤਾਂ ਓਹ ਸ਼ਾਂਤ ਤੀਮੀਂ ਹੈ, ਪਰ ਮਿਹਰਬਾਨੀ ਕਰਕੇ ਓਹਨੂੰ ਰੁਪੈ ਨ ਦਿੱਤਾ ਕਰੋ ਇਹ ਲੋਕੀ ਐਸੇ ਵੈਸੇ..............."

ਜੋ ਪਿਛਲੇ ਦਿਨ ਬੀਤੀ ਸੀ ਸਾਫ ਤਰਾਂ ਸਾਹਮਣੇ ਓਹਦਾ ਨਕਸ਼ਾ ਬਝ ਗਇਆ ਤੇ ਨਿਖਲੀਊਧਵ ਨੂੰ ਮੁੜ ਡਰ ਜਿਹਾ ਲੱਗ ਗਇਆ।

"ਤੇ ਦੁਖੋਵਾ, ਇਕ ਮੁਲਕੀ ਕੈਦਨ, ਕੀ ਮੈਂ ਓਹਨੂੰ ਮਿਲ ਸੱਕਦਾ ਹਾਂ ?"

"ਹਾਂ ਜੈ ਆਪ ਚਾਹੋ," ਇਨਸਪੈਕਟਰ ਨੇ ਕਹਿਆ। "ਹੁਣ ਤੂੰ ਫਿਰ ਕੀ ਚਾਹਨੀ ਏਂ," ਉਸਨੇ ਇਕ ਪੰਜ ਛੇ ਸਾਲ ਦੀ ਲੜਕੀ ਨੂੰ ਕਹਿਆ ਜਿਹੜੀ ਅੰਦਰ ਆ ਵੜੀ ਸੀ ਤੇ ਆਪਣੇ ਬਾਪੂ ਵਲ ਆ ਰਹੀ ਸੀ, ਪਰ ਆਪਣਾ ਸਿਰ ਚੁਕ ਕੇ ਓਹਨੇ ਆਪਣੀਆਂ ਅੱਖਾਂ ਨਿਖਲੀਊਧਵ ਵਿੱਚ ਗੱਡੀਆਂ ਹੋਈਆਂ ਸਨ। "ਲੈ ਹੁਣੇ ਤੂੰ ਢਹਿਣ ਲੱਗੀ ਸੈਂ," ਇਨਸਪੈਕਟਰ ਨੇ ਹੱਸ ਕੇ ਕਹਿਆ, ਕਿਉਂਕਿ ਜਿਵੇਂ ਹੀ ਓਹ ਛੋਟੀ ਲੜਕੀ ਓਸ ਵਲ ਦੌੜਦੀ ਆ ਰਹੀ ਸੀ, ਤੇ ਇਹ ਨਹੀਂ ਸੀ ਤਕਦੀ ਕਿਧਰ ਜਾ ਰਹੀ ਹੈ, ਉਹਦਾ ਪੈਰ ਇਕ ਕੰਬਲ ਜੇਹੇ ਵਿੱਚ ਅੜ ਗਇਆ ਸੀ।

"ਅੱਛਾ–ਜੇ ਮੈਂ ਉਹਨੂੰ ਮਿਲ ਸੱਕਦਾ ਹਾਂ ਤਾਂ ਮੈਂ ਜਾਵਾਂ ?"

ਇਨਸਪੈਕਟਰ ਨੇ ਲੜਕੀ ਨੂੰ ਗਲ ਲਾਇਆ ਜਿਹੜੀ ਟੱਕ ਬੰਨ੍ਹੀ ਬਰਾਬਰ ਨਿਖਲੀਊਧਵ ਵਲ ਹੀ ਦੇਖੀ ਜਾ ਰਹੀ ਸੀ ਤੇ ਉੱਠ ਖਲੋਤਾ, ਤੇ ਪਿਆਰ ਨਾਲ ਲੜਕੀ ਨੂੰ ਹਟਾ ਕੇ ਨਾਲ ਵਾਲੇ ਕਮਰੇ ਵਿਚ ਚਲਾ ਗਇਆ। ਹਾਲੇਂ ਮਸੇਂ ਇਨਸਪੇਕਟਰ ਸਾਹਿਬ ਨੇ ਔਵਰਕੋਟ ਪਾਇਆ ਹੀ ਸੀ ਜਿਹਦੇ ਪਵਾਨ ਵਿੱਚ ਨੌਕਰਾਨੀ ਨੇ ਵੀ ਹੱਥ ਦਿੱਤਾ ਸੀ, ਤੇ ਦਰਵਾਜ਼ੇ ਉੱਪਰ ਪਹੁੰਚਿਆ ਹੀ ਸੀ ਕਿ ਓਹੋ ਰਾਗ ਮੁੜ ਸ਼ੁਰੂ ਹੋ ਗਏ ਸਨ।

"ਇਹ ਲੜਕੀ ਕੌਨਜ਼ਰਵੇਟੋਰ ਵਿੱਚ ਪੜ੍ਹਦੀ ਸੀ, ਪਰ ਓਥੇ ਅਜ ਕਲ ਬੜੀ ਬੇਤਰਤੀਬੀ ਜੇਹੀ ਹੋ ਰਹੀ ਹੈ। ਇਸ ਲੜਕੀ ਵਿੱਚ ਰਾਗ ਦਾ ਖ਼ੁਦਾਦਾਦ ਸ਼ੌਕ ਹੈ," ਇਨਸਪੇਕਟਰ ਨੇ ਕਹਿਆ, ਜਿਵੇਂ ਓਹ ਦੋਵੇਂ ਪੌੜੀਆਂ ਥੀਂ ਤਲੇ ਉਤਰ ਰਹੇ ਸਨ, "ਇਹਦੀ ਚਾਹਨਾ ਹੈ ਕਿ ਕਾਨਸਰਟਾਂ ਵਿਚ ਵੀ ਵਜਾਵੇ।"

ਇਨਸਪੈਕਟਰ ਤੇ ਨਿਖਲੀਊਧਵ ਜੇਲ ਪਹੁੰਚ ਗਏ। ਜਿਂਵੇਂ ਓਹ ਦਿਸੇ ਹੀ ਸਨ, ਦਰਵਾਜ਼ੇ ਫੌਰਨ ਖੁਲ੍ਹ ਗਏ ਸਨ। ਜੇਲਰ ਉਂਗਲਾਂ ਆਪਣੀਆਂ ਟੋਪੀਆਂ ਨੂੰ ਲਾਂਦੇ ਹੋਏ ਸਲਾਮ ਕਰਦੇ ਸਨ ਤੇ ਅੱਖਾਂ ਨਾਲ ਜਾਂਦੇ ਇਨਸਪੈਕਟਰ ਨੂੰ ਪਿੱਛੋਂ ਵਿਹੰਦੇ ਸਨ। ਚਾਰ ਆਦਮੀਆਂ ਨੇ ਜੇਹੜੇ ਆਪਣੇ ਅੱਧੇ-ਮੁਨ ਸਿਰਾਂ ਉੱਪਰ ਕਿਸੀ ਚੀਜ਼ ਨਾਲ ਭਰੇ ਟੱਬ ਚੱਕੀ ਜਾ ਰਹੇ

ਸਨ, ਇਹਨੂੰ ਵੇਖਕੇ ਮੰਗਤਿਆਂ ਵਾਂਗ ਝੁਕ ਕੇ ਸਲਾਮ ਕੀਤਾ, ਇਕ ਨੇ ਤਾਂ ਗੁਸੇ ਨਾਲ ਤਿਉੜੀ ਵੱਟੀ ਤੇ ਉਹਦੀਆਂ ਅੱਖਾਂ ਚਮਕੀਆਂ।

"ਠੀਕ ਹੈ ਕਿ ਇਹੋ ਜੇਹੀ ਲਿਆਕਤ ਨੂੰ ਵਧਾਉਣਾ ਚਾਹੀਦਾ ਹੈ, ਇਹਨੂੰ ਦਬਾ ਦੇਣਾ ਚੰਗਾ ਨਹੀਂ ਹੋਵੇਗਾ, ਪਰ ਨਿਕੇ ਮਕਾਨ ਵਿੱਚ ਇਹ **ਪੀਆਨੋ** ਦੀ **ਪ੍ਰੈਕਟਿਸ** ਕਰਨੀ ਜ਼ਰਾ ਦਿਕਦਾਈ ਹੈ," ਇਨਸਪੈਕਟਰ ਆਪਣੀਆਂ ਉਹੋ ਗੱਲਾਂ ਕਰੀ ਤੁਰੀ ਗਇਆ, ਉਸਨੇ ਇਨ੍ਹਾਂ ਕੈਦੀਆਂ ਵਲ ਧਿਆਨ ਨ ਦਿੱਤਾ ਤੇ ਆਪਣੇ ਥੱਕੇ ਥੱਕੇ ਕਦਮਾਂ ਨਾਲ ਚਲਦਾ **ਨਿਖਲੀਊਧਵ** ਨਾਲ ਹਾਲ ਤਕ ਪਹੁੰਚਿਆ।

"ਆਪ ਕਿਹਨੂੰ ਮਿਲਣਾ ਚਾਹੁੰਦੇ ਹੋ?"

"**ਦੁਖੋਵਾ।**"

"ਉਹ! ਓਹ ਤਾਂ ਬੁਰਜ ਵਿੱਚ ਹੈ—ਆਪ ਨੂੰ ਜ਼ਰਾ ਉਡੀਕ ਕਰਨੀ ਪਵੇਗੀ," ਓਸ ਕਹਿਆ।

"ਉੱਨੇ ਚਿਰ ਵਿੱਚ ਕੀ ਮੈਂ ਕੈਦੀਆਂ **ਮੈਨਸ਼ੋਵਾ** ਨੂੰ ਮਿਲ ਲਵਾਂ—ਮਾਂ ਪੁਤ ਨੂੰ—ਜਿਨ੍ਹਾਂ ਉੱਪਰ ਅੱਗ ਲਾਣ ਦਾ ਦੋਸ਼ ਲੱਗਾ ਹੈ?"

"ਓਹ ਹਾਂ, ਕੋਠੜੀ ਨੰ: ੨੧—ਓਨ੍ਹਾਂ ਨੂੰ ਬੁਲਾ ਲੈਂਦੇ ਹਾਂ।"

"ਪਰ ਕੀ ਮੈਂ ਉਨਹਾਂ ਨੂੰ ਉਨਹਾਂ ਦੀ ਕੋਠੜੀ ਵਿਚ ਹੀ ਨ ਮਿਲ ਲਵਾਂ?"

"ਹਾਂ-ਪਰ ਆਪਨੂੰ ਮੁਲਾਕਾਤੀ ਕਮਰੇ ਵਿੱਚ ਮਿਲਣਾ ਜ਼ਿਆਦਾ ਚੰਗਾ ਰਹੇਗਾ ਕਿ ਨਹੀਂ ?"

"ਨਹੀਂ-ਮੈਂ ਕੋਠੜੀ ਵਿਚ ਹੀ ਮਿਲਣਾ ਪਸੰਦ ਕਰਾਂਗਾ-ਓਥੇ ਮਿਲਣਾ ਜ਼ਿਆਦਾ ਹੀ ਦਿਲਚਸਪ ਹੋਵੇਗਾ।"

"ਅੱਛਾ ਜੀ-ਆਪ ਨੂੰ ਦਿਲ ਲਾਉਣ ਲਈ ਕੋਈ ਦਿਲਚਸਪ ਗੱਲ ਲਭ ਪਈ ਹੈ ਨਾ।"

ਇਹ ਗੱਲ ਮੁਕਦਿਆਂ ਹੀ ਅਸਟੰਟ ਬੜੀ ਚੁਸਤ ਵਰਦੀ ਪਾਈ ਪਾਸੇ ਦੇ ਦਰਵਾਜ਼ੇ ਥੀਂ ਅੰਦਰ ਆਇਆ।

"ਇਧਰ ਦੇਖਣਾ ! ਸ਼ਾਹਜ਼ਾਦਾ ਸਾਹਿਬ ਨੂੰ ਮੇਨਸ਼ੋਵਾਂ ਦੀ ਕੋਠੜੀ ਨੰ: ੨੧ ਵਿਚ ਲੈ ਜਾਣਾ," ਇਨਸਪੈਕਟਰ ਨੇ ਅਸਟੰਟ ਨੂੰ ਕਿਹਾ, "ਤੇ ਫਿਰ ਇਨ੍ਹਾਂ ਨੂੰ ਦਫਤਰ ਲੈ ਆਈ। ਤੇ ਮੈਂ ਜਾਂਦਾ ਹਾਂ ਤੇ ਉਸਨੂੰ ਬੁਲਾ ਭੇਜਦਾ ਹਾਂ-ਉਸ ਤ੍ਰੀਮਤ ਦਾ ਕੀ ਨਾਂ ਸੂ ?"

"ਵੇਰਾ ਦੁਖੋਵਾ।"

ਇਨਸਪੈਕਟਰ ਦਾ ਅਸਟੰਟ ਇਕ ਸੋਹਣਾ ਗਭਰੂ ਸੀ। ਉਹਦੀਆਂ ਮੁੱਛਾਂ ਰੰਗੀਆਂ ਹੋਈਆਂ ਸਨ, ਤੇ ਓਸ ਪਾਸੋਂ ਔਡੀਕੋਲੋਨ ਦੀ ਖੁਸ਼ਬੂ ਮਹਿਕਾਂ ਮਾਰ ਰਹੀ ਸੀ-"ਇਸ ਰਾਹ, ਮਿਹਰਬਾਨੀ ਕਰਕੇ," ਓਸ ਨੇ ਨਿਖਲੀਊਧਵ ਨੂੰ ਕਹਿਆ ਤੇ ਬੜੀ ਹੀ ਸੋਹਣੀ ਢੁਕਵੀਂ ਤਰਾਂ ਮੁਸਕਰਾਇਆ, "ਆਪ ਸਾਡੇ ਮਹਿਕਮੇ ਦੀ ਬੰਤਰ ਤੇ ਗੋਂਦ ਵਿੱਚ ਦਿਲਚਸਪੀ

ਲੈ ਰਹੇ ਹੋ ?''

''ਹਾਂ—ਮੈਨੂੰ ਬੜੀ ਦਿਲਚਸਪੀ ਹੈ ਤੇ ਨਾਲੇ ਮੈਂ ਆਪਣਾ ਫਰਜ਼ ਸਮਝਦਾ ਹਾਂ ਕਿ ਇਕ ਇਜੇਹੇ ਦੀ ਮਦਦ ਕਰਾਂ ਜਿਹੜਾ ਕਿ, ਜਿਵੇਂ ਮੈਨੂੰ ਦਸਿਆ ਗਇਆ ਹੈ, ਹੈ ਨਿਰਦੋਸ਼ ਪਰ ਇਥੇ ਡੱਕਿਆ ਗਿਆ ਹੈ।''

ਅਸਟੰਟ ਨੇ ਆਪਣੇ ਮੌਂਢੇ ਉੱਪਰ ਖਿੱਚ ਕੇ ਮਾਰੇ, ''ਹਾਂ ਜੀ ਇੰਝ ਹੋ ਜਾਂਦਾ ਹੈ,'' ਉਸ ਹੌਲੇ ਜੇਹੀ ਕਹਿਆ ਤੇ ਅਦਬ ਨਾਲ ਜ਼ਰਾ ਪਾਸੇ ਸਿਰ ਹੋ ਗਇਆ ਕਿ ਓਹ ਆਣ ਵਾਲਾ ਇੱਜ਼ਤਦਾਰ ਓਸ ਸੜੇ ਬੂ ਦਾਰ ਕੌਰੀਡੋਰ ਵਿੱਚ ਓਸ ਕੋਲੋਂ ਪਹਿਲਾਂ ਵੜੇ, ''ਪਰ ਇਹ ਵੀ ਹੁੰਦਾ ਜੇ ਕਿ ਉਹ ਝੂਠ ਬੋਲਦੇ ਹਨ—ਮਿਹਰਬਾਨੀ ਕਰਕੇ ਇਸ ਰਸਤੇ ਆਵੋ ਜੀ।''

ਕੋਠੜੀਆਂ ਦੇ ਬੂਹੇ ਖੁੱਲ੍ਹੇ ਸਨ ਤੇ ਕਈ ਇਕ ਕੈਦੀ ਕੌਰੀ-ਡੋਰ ਵਿਚ ਖੜੇ ਸਨ। ਅਸਟੰਟ ਨੇ ਜੇਲਰਾਂ ਵਲ ਜ਼ਰਾ ਕੁ ਸਿਰ ਹਿਲਾਇਆ ਜਿਵੇਂ ਉਨ੍ਹਾਂ ਦੇ ਸਲਾਮਾਂ ਦਾ ਜਵਾਬ ਦਿੰਦਾ ਸੀ, ਤੇ ਇਕ ਤਿਰਛੀ ਨਜ਼ਰ ਕੈਦੀਆਂ ਵਲ ਮਾਰੀ, ਜਿਹੜੇ ਕੁਛ ਤਾਂ ਦਬ ਕੇ ਦੀਵਾਰ ਨਾਲ ਲਗ ਕੇ ਆਪਣੀਆਂ ਬਾਹਾਂ ਦੋਹਾਂ ਪਾਸਿਆਂ ਤੇ ਸਿੱਧੀਆਂ ਸੁਟ ਕੇ ਅਟੈਨਸ਼ਨ ਹੋ ਕੇ ਆਪਣੀਆਂ ਅੱਖਾਂ ਨਾਲ ਅਫਸਰ ਨੂੰ ਦੇਖਣ ਲੱਗ ਗਏ ਜਿਸ ਪਾਸੇ ਓਸ ਜਾ ਰਹਿਆ ਸੀ। ਇਕ ਕੌਰੀਡੋਰ ਥੀਂ ਲੰਘ ਕੇ ਅਸਟੰਟ ਓਹਨੂੰ ਖੱਬੇ ਪਾਸੇ ਦੂਜੇ ਕੌਰੀਡੋਰ ਨੂੰ ਲੈ ਗਇਆ। ਇਹ

ਦੂਜਾ ਕੌਰੀਡੋਰ ਪਹਿਲੇ ਥੀਂ ਲੋਹੇ ਦੀਆਂ ਸੀਖਾਂ ਲਾਕੇ ਵੱਖਰਾ ਕੀਤਾ ਹੋਇਆ ਸੀ। ਇਹ ਕੌਰੀਡੋਰ ਪਹਿਲੇ ਨਾਲੋਂ ਜ਼ਿਆਦਾ ਤੰਗ ਤੇ ਤਾਰੀਕ ਸੀ, ਤੇ ਪਹਿਲੇ ਨਾਲੋਂ ਵੀ ਇਸ ਵਿਚ ਜ਼ਿਆਦਾ ਬੂ ਤੇ ਸੜਾਂਦ ਸੀ। ਕੌਰੀਡੋਰ ਦੇ ਦੋਹਾਂ ਪਾਸੇ ਦਰਵਾਜ਼ੇ ਸਨ। ਤੇ ਉਹਨਾਂ ਵਿੱਚ ਇੰਚ ਇੰਚ ਦੀਆਂ ਮੋਟੀਆਂ ਮੋਰੀਆਂ ਸਨ। ਉਥੇ ਸਿਰਫ ਇਕ ਬੁੱਢਾ ਜੇਲਰ ਮੂੰਹ ਤੇ ਝੁਰਲੀਆਂ ਪਈਆਂ, ਉਦਾਸ, ਗ਼ਮਗੀਨ ਖਲੋਤਾ ਸੀ।

"ਮੈਨਸ਼ੋਵ ਕਿੱਥੇ ਹੈ?" ਇਨਸਪੈਕਟਰ ਦੇ ਅਸਟੰਟ ਟੰਟ ਨੇ ਪੁੱਛਿਆ।

"ਖੱਬੇ ਪਾਸੇ ਵਲ ਅਠਵੀਂ ਕੋਠੜੀ ਜੇ।"

'ਤੇ ਇਹ ? ਕੀ ਇਹਨਾਂ ਵਿੱਚ ਵੀ ਕੈਦੀ ਹਨ?" ਨਿਖਲੀਊਧਵ ਨੇ ਪੁੱਛਿਆ।

"ਹਾਂ ਜੀ! ਇਕ ਛੱਡ ਕੇ ਸਭ ਵਿੱਚ।"

## ਕਾਂਡ ੫੨

"ਕੀ ਮੈਂ ਇਨ੍ਹਾਂ ਦੇ ਅੰਦਰ ਝਾਤੀ ਮਾਰ ਸਕਨਾ ਹਾਂ?" ਨਿਖਲੀਊਧਵ ਨੇ ਪੁਛਿਆ।

"ਜੀ ਹਾਂ, ਜ਼ਰੂਰ," ਅਸਟੰਟ ਨੇ ਮੁਸਕਰਾਉਂਦਿਆਂ ਉੱਤਰ ਦਿਤਾ, ਤੇ ਜੇਲਰ ਵਲ ਮੁੜ ਕੇ ਕੁਛ ਪੁਛਣ ਲਗ ਪਇਆ।

ਨਿਖਲੀਊਧਵ ਨੇ ਉਨ੍ਹਾਂ ਛੋਟੀਆਂ ਮੋਰੀਆਂ ਵਿਚ ਦੀ ਇਕ ਵਿੱਚੋਂ ਅੰਦਰ ਤਕਿਆ, ਤੇ ਵੇਖਿਆ ਕਿ ਇਕ ਲਿੱਸਾ ਜਵਾਨ ਆਦਮੀ, ਛੋਟੀ ਕਾਲੀ ਦਾਹੜੀ ਵਾਲਾ ਸਿਰਫ ਹੇਠਲੇ ਕਪੜੇ ਪਾਏ, ਕੋਠੜੀ ਦੇ ਅੰਦਰ ਉਪਰ ਤਲੇ ਟਹਿਲ ਰਹਿਆ ਹੈ। ਦਰਵਾਜ਼ੇ ਵਿਚ ਦੀ ਕਿਸੀ ਨੂੰ ਵੇਖ ਕੇ ਉਸ ਤੀਉੜੀ ਪਾਕੇ ਉਧਰ ਵੇਖਿਆ, ਪਰ ਕੋਠੜੀ ਵਿਚੋਂ ਉਥੋਂ ਹੀ ਤਕਦਿਆਂ ਟਹਿਲਦਾ ਰਹਿਆ।

ਨਿਖਲੀਊਧਵ ਨੇ ਇਕ ਦੂਜੀ ਮੋਰੀ ਵਿੱਚੋਂ ਤੱਕਿਆ। ਇੱਥੇ ਇਹਦੀ ਅੱਖ ਜਾ ਕੇ ਅੰਦਰ ਦੀ ਇਕ ਹੋਰ ਮੋਟੀ, ਤ੍ਰੈਹੀ ਹੋਈ, ਤੇ ਡਰੀ ਹੋਈ ਅੱਖ ਨਾਲ ਮਿਲੀ ਤੇ ਛੇਤੀ ਦੇਖ ਕੇ ਉਰੇ ਹੋ ਗਇਆ। ਤੀਸਰੀ ਕੋਠੜੀ ਵਿਚ ਉਸ ਇਕ ਬੜਾ ਛੋਟਾ ਜੇਹਾ ਆਦਮੀ ਬਿਸਤ੍ਰੇ ਤੇ ਸੁੱਤਾ ਹੋਇਆਂ ਵੇਖਿਆ, ਜਿਨ੍ਹੇ ਆਪਣਾ ਸਾਰਾ ਸਿਰ ਮੂੰਹ ਜੇਲ ਦੇ ਵਡੇ ਕੋਟ ਨਾਲ ਢੱਕਿਆ ਹੋਇਆ

ਸੀ। ਚੌਥੀ ਕੋਠੜੀ ਵਿਚ ਇਕ ਪੀਲਾ, ਚੌੜੇ ਚਿਹਰੇ ਵਾਲਾ ਆਦਮੀ ਆਪਣੀਆਂ ਆਰਕਾਂ ਗੋਡਿਆ ਉਪਰ ਰਖੀਆਂ ਹੋਈਆਂ ਤੇ ਆਪਣਾ ਸਿਰ ਨੀਵਾਂ ਸੁੱਟਿਆ ਹੋਇਆ ਬੈਠਾ ਹੋਇਆ ਸੀ। ਕਦਮਾਂ ਦੀ ਆਹਟ ਸੁਣ ਕੇ ਉਸ ਸਿਰ ਚੁਕਿਆ ਤੇ ਉਪਰ ਵਲ ਤੱਕਣ ਲਗ ਗਇਆ। ਉਹਦੇ ਮੂੰਹ ਉੱਪਰ ਤੇ ਖਾਸ ਕਰ ਉਹਦੀਆਂ ਅੱਖਾਂ ਵਿਚ ਇਕ ਡਾਹਢੀ ਨਾਉਮੇਦੀ ਤੇ ਉਦਾਸੀ ਦਾ ਰੰਗ ਛਾਇਆ ਹੋਇਆ ਸੀ। ਹਰ ਇਕ ਨੂੰ ਪਇਆ ਸਾਫ ਦਿਸਦਾ ਸੀ ਕਿ ਉਸ ਵਿਚਾਰੇ ਨੂੰ ਇਸ ਗਲ ਦੀ ਵੀ ਕੋਈ ਪਰਵਾਹ ਨਹੀਂ ਸੀ ਹੁੰਦੀ ਕਿ ਉਸ ਦੀ ਕੋਠੜੀ ਨੂੰ ਕੌਣ ਵੇਖਣ ਆਇਆ ਹੈ। ਕੋਈ ਆਵੇ, ਕੋਈ ਜਾਵੇ, ਤੱਕੇ, ਕੈਦੀ ਨੂੰ ਕਿਸੀ ਪਾਸੋਂ ਕਿਸੀ ਕਿਸਮ ਦੇ ਫਾਇਦੇ ਯਾ ਨੇਕੀ ਦੀ ਉੱਕੀ ਕੋਈ ਆਸ ਨਹੀਂ ਸੀ ਰਹੀ ਹੋਈ। ਨਿਖਲੀਊਧਵ ਇਹ ਸ਼ਕਲਾਂ ਵੇਖ ਵੇਖ ਭੈ ਭੀਤ ਹੋ ਗਇਆ ਸੀ, ਤੇ ਬਿਨਾ ਹੋਰ ਠਹਿਰਣ ਤੇ ਕਿਸੀ ਹੋਰ ਕੋਠੀ ਦੇ ਅੰਦਰ ਵੇਖਨ ਦੇ ਉਹ ਕੋਠੜੀ ਨੰ: ੨੧ ਵਿੱਚ ਮੈਨਸ਼ੋਵਾਂ ਨੂੰ ਮਿਲਣ ਚਲਾ ਗਇਆ। ਜੇਲਰ ਨੇ ਜੰਦਰਾ ਲਾਹਿਆ ਤੇ ਬੂਹਾ ਖੋਲਿਆ। ਇਕ ਜਵਾਨ ਆਦਮੀ, ਲਮੀ ਗਰਦਨ, ਚੰਗੇ ਕਮਾਏ ਪਠੇ ਛੋਟਾ ਸਿਰ ਤੇ ਨਰਮ ਗੋਲ ਅੱਖਾਂ ਵਾਲਾ ਬਿਸਤ੍ਰੇ ਲਾਗੇ ਖੜਾ ਸੀ। ਉਹ ਇਨ੍ਹਾਂ ਨਵੇਂ ਆਏ ਆਦਮੀਆਂ ਨੂੰ ਤਕ ਕੇ, ਝਟ ਦੇ ਔਵਰਕੋਟ ਪਾ, ਡਰੇ ਹੋਏ ਮੂੰਹ ਨਾਲ ਇਨ੍ਹਾਂ ਵਲ ਤੱਕਣ ਲਗ ਗਇਆ। ਨਿਖਲੀਊਧਵ ਨੂੰ ਉਹਦੀਆਂ ਨਰਮ ਗੋਲ ਅੱਖਾਂ ਬੜੀਆਂ ਹੀ ਚੰਗੀਆਂ ਲੱਗੀਆਂ ਜਿਹੜੀਆਂ ਹੁਣ ਭੈ ਭੀਤ ਹੋਈਆਂ, ਪੁਛ ਗਿਛ ਕਰਦੀਆਂ, ਨਿਗਾਹਾਂ ਪਾ

ਰਹੀਆਂ ਸਨ ਤੇ ਵਾਰੀ ਵਾਰੀ ਦੀ ਉਸ ਵਲ, ਕਦੀ ਜੇਲਰ ਵਲ, ਕਦੀ ਅਸਟੰਟ ਵਲ ਤਕਦੀਆਂ ਸਨ, ਤੇ ਮੁੜ ਮੁੜ ਉਹ ਨਿਗਾਹਾਂ ਉਸੀ ਚੱਕਰ ਵਿਚ ਫਿਰ ਰਹੀਆਂ ਸਨ।

"ਇਹ ਇਕ ਭਲਾ ਪੁਰਖ ਆਇਆ ਹੈ ਜਿਹੜਾ ਤੇਰੀ ਬਾਬਤ ਪੁਛ ਗਿਛ ਕਰਨਾ ਚਾਹੁੰਦਾ ਹੈ।"

"ਆਪ ਦਾ ਬੜਾ ਸ਼ੁਕਰ ਹੈ।"

"ਹਾਂ, ਮੈਨੂੰ ਤੇਰੀ ਬਾਬਤ ਕਿਸੇ ਕਹਿਆ ਹੈ," ਕੋਠੜੀ ਥੀਂ ਪਾਰ ਸਿੱਧਾ ਖਿੜਕੀ ਪਾਸ ਜਾ ਕੇ **ਨਿਖਲੀਊਧਵ** ਨੇ ਕਿਹਾ–"ਤੇ ਮੈਂ ਆਪ ਤੇਰੇ ਮੁਕੱਦਮੇ ਦੀ ਸਾਰੀ ਗਲ ਤੇਰੇ ਮੂੰਹ ਥੀਂ ਸੁਣਨਾ ਚਾਹੁੰਦਾ ਹਾਂ।"

**ਮੈਨਸ਼ੋਵ** ਭੀ ਖਿੜਕੀ ਪਾਸ ਹੀ ਆ ਗਇਆ, ਤੇ ਝਟਾਪਟ ਉਸ ਨੇ ਆਪਣੀ ਕਹਾਣੀ ਕਹਿਣੀ ਸ਼ੁਰੂ ਕਰ ਦਿਤੀ। ਪਹਿਲਾਂ ਤਾਂ ਇਨਸਪੈਕਟਰ ਦੇ ਅਸਟੰਟ ਵਲ ਕੁਛ ਸ਼ਰਮ ਖਾ ਕੇ ਵੇਖਦਾ ਸੀ ਪਰ ਹੌਲੇਂ ਹੌਲੇਂ ਉਹ ਵਧੇਰੇ ਦਲੇਰ ਹੋ ਗਇਆ। ਜਦ ਅਸਟੰਟ ਕੋਠੜੀਓਂ ਬਾਹਰ **ਕੌਰੀਡੋਰ** ਵਿਚ ਕੋਈ ਹੁਕਮ ਦੇਣ ਤੁਰ ਗਇਆ, ਉਹ ਨੌਜਵਾਨ ਬਿਲਕੁਲ ਹੀ ਦਲੇਰ ਹੋ ਗਇਆ। ਕੈਦੀ ਨੇ ਆਪਣੀ ਕਹਾਣੀ ਇਕ ਬੜੇ ਮਾਮੂਲੀ, ਨੇਕ ਕਿਸਾਨ ਲੜਕੇ ਦੀ ਬੋਲੀ ਤੇ ਲਹਿਜ਼ੇ ਤੇ ਸਾਦਗੀ ਵਿਚ ਕਹਿ ਸੁਣਾਈ। ਕੈਦੀ ਦੇ ਮੂੰਹੋਂ, ਜਿਸ ਇਹੋ ਜੇਹੇ ਰਸਾਤਲ ਵਿਚ ਢਾਹ ਦੇਣ ਵਾਲੇ ਕਪੜੇ ਪਾਏ ਹੋਏ ਸਨ, ਉਥੇ ਜੇਲ ਅੰਦਰ ਉਹਦੀ ਕਹਾਣੀ ਇਉਂ ਸੁਣਨਾ, **ਨਿਖਲੀਊਧਵ** ਨੂੰ ਬੜੀ

ਹੀ ਅਜੀਬ ਗਲ ਲੱਗੀ। ਨਿਖਲੀਊਧਵ ਸੁਣੀ ਗਇਆ ਨਾਲੇ ਆਲੇ ਦੁਆਲੇ ਵੇਖੀ ਗਇਆ। ਉਹ ਉਹਦਾ ਨੀਵਾਂ ਜੇਹਾ ਬਿਸਤਰਾ ਜਿਸ ਉਪਰ ਭੋਹ ਦੀ ਤਲਾਈ ਪਈ ਸੀ, ਉਹ ਖਿੜਕੀ ਜਿਹਨੂੰ ਮੋਟੀਆਂ ਲੋਹੇ ਦੀਆਂ ਸੀਖਾਂ ਲੱਗੀਆਂ ਹੋਈਆਂ ਸਨ, ਉਹ ਮੈਲੀ ਗਿੱਲੀ ਕੰਧ—ਤੇ ਇਸ ਕਿਸਮਤ ਦੇ ਤਰਸ ਜੋਗ ਸ਼ਕਲ ਤੇ ਬਿਗੜੇ ਰੂਪ ਕਿਰਸਾਨ ਦੇ ਮੂੰਹ ਵਲ ਵੇਖਦਾ ਸੀ, ਜਿਹਨੇ ਆਪਣਾ ਜੇਲ ਦਾ ਔਵਰਕੋਟ ਤੇ ਜੇਲ ਦੀਆਂ ਜੁੱਤੀਆਂ ਪਾਈਆਂ ਹੋਈਆਂ ਸਨ; ਤੇ ਸੁਣ ਸੁਣ ਉਹ ਉਦਾਸ ਤੇ ਹੋਰ ਉਦਾਸ ਹੁੰਦਾ ਚਲਾ ਜਾ ਰਹਿਆ ਸੀ, ਤੇ ਉਹਨੂੰ ਇਹ ਉਸ ਵੇਲੇ ਚਾਹ ਰਹਿਆ ਸੀ ਕਿ ਜੋ ਕੁਛ ਇਹ ਕਰ ਰਹਿਆ ਹੈ 'ਸ਼ਾਲਾ ਕੂੜ ਹੀ ਹੋਵੇ।' ਇਹ ਸੋਚਣਾ ਉਸ ਲਈ ਡਰਾਉਣਾ ਸੀ ਕਿ ਇਸ ਦੁਨੀਆਂ ਵਿਚ ਐਸੇ ਕੋਈ ਲੋਕੀ ਹਨ ਜਿਹੜੇ ਇਹੋ ਜੇਹੀ ਗਲ ਕਰ ਸਕਦੇ ਹਨ ਕਿ ਇਕ ਆਦਮੀ ਨੂੰ ਬਿਨਾ ਵੱਜਾ ਤੇ ਸਵਾਏ ਇਸ ਇਕ ਵੱਜਾ ਦੇ ਕਿ ਉਹਨੂੰ ਆਪ ਨੂੰ ਜ਼ਰਬ ਲੱਗੀ ਹੈ, ਫੜ ਲੈਂਦੇ ਹਨ। ਮੁਜਰਿਮਾਂ ਵਾਲੇ ਕਪੜੇ ਪਵਾ ਦਿੰਦੇ ਹਨ ਤੇ ਇਹੋ ਜੇਹੀ ਭਿਆਨਕ ਥਾਂ ਵਿਚ ਲਿਆ ਕੇ ਡੱਕ ਦਿੰਦੇ ਹਨ। ਉਸ ਨੂੰ ਇਹ ਖਿਆਲ ਹੋਰ ਵੀ ਵਧੇਰਾ ਡਰਾਉਣਾ ਲਗ ਰਹਿਆ ਸੀ, ਕਿ ਇਹ ਦਿਸ ਰਹੀ ਸੱਚੀ ਕਹਾਣੀ, ਐਸੇ ਬੀਬੇ ਚੰਗੇ ਮੂੰਹ ਦੀ ਆਪਣੀ ਜ਼ਬਾਨੀ, ਬਸ ਉਹਦਾ ਬਣਾਇਆ ਇਕ ਝੂਠ ਤੇ ਇਕ ਮਨ ਘੜਿਤ ਕਹਾਣੀ ਹੈ!! ਹਾਏ! ਕਹਾਣੀ ਇਹ ਸੀ— ਇਹਦੇ ਵਿਆਹ ਦੇ ਥੋੜੇ ਚਿਰ ਮਗਰੋਂ ਇਹਦੇ ਗਰਾਂ ਦੀ ਸਰਾਂ ਰੱਖਣ ਵਾਲੇ ਨੇ ਇਹਦੀ ਜਵਾਨ ਵਹੁਟੀ ਬਦਰਾਹ ਲਈ ਸੀ। ਇਹਨੇ ਹਰ ਥਾਂ ਯਤਨ ਕੀਤਾ ਕਿ ਇਹਦਾ ਕੋਈ ਨਿਆਂ ਕਰੇ,

ਪਰ ਹਰ ਥਾਂ ਉਸ ਸਰਾਂ ਵਾਲੇ ਨੇ ਅਫਸਰਾਂ ਨੂੰ ਵੱਢੀਆਂ ਖਵਾ ਦਿੱਤੀਆਂ ਤੇ ਬਰੀ ਹੋ ਗਇਆ। ਇਕ ਵੇਰੀ ਆਪਣੀ ਵਹੁਟੀ ਉਸ ਨੇ ਉਸ ਪਾਸੋਂ ਖੋਹ ਲਿਆਂਦੀ ਪਰ ਦੂਜੇ ਦਿਨ ਉਹ ਨੱਸ ਗਈ। ਫਿਰ ਉਹ ਉਸ ਪਾਸੋਂ ਉਹਨੂੰ ਵਾਪਸ ਲੈਣ ਦੀ ਮੰਗ ਕਰਨ ਗਇਆ ਤੇ ਭਾਵੇਂ ਉਸਨੇ ਜਾਂਦਿਆਂ ਹੀ ਆਪਣੀ ਵਹੁਟੀ ਨੂੰ ਉਥੇ ਤੱਕ ਲਇਆ ਸੀ, ਤਾਂ ਵੀ ਸਰਾਂ ਵਾਲੇ ਨੇ ਕਹਿ ਦਿੱਤਾ ਕਿ ਉਹ ਉਥੇ ਕੋਈ ਨਹੀਂ ਤੇ ਉਹਨੂੰ ਕਹਿਆ "ਨੱਸ ਜਾ।" ਉਥੋਂ ਉਹ ਨਹੀਂ ਸੀ ਹਿਲਦਾ, ਤੇ ਸਰਾਂ ਵਾਲੇ ਤੇ ਉਹਦੇ ਨੌਕਰਾਂ ਨੇ ਮਿਲਕੇ ਉਹਨੂੰ ਖੂਬ ਕੁੱਟਿਆ ਤੇ ਉਹਦਾ ਖੂਨ ਵਗਾ ਛੱਡਿਆ। ਦੂਜੇ ਹੀ ਦਿਨ ਸਰਾਂ ਨੂੰ ਅੱਗ ਲਗ ਗਈ। ਬਸ ਇਹ ਨੌਜਵਾਨ ਤੇ ਇਹਦੀ ਮਾਂ ਅੱਗ ਲਾਣ ਦੀ ਦੂਸ਼ਣਾ ਵਿਚ ਫੜੇ ਗਏ ਤੇ ਕਹਿਆ ਗਇਆ ਕਿ ਅੱਗ ਇਨ੍ਹਾਂ ਹੀ ਲਾਈ ਸੀ। ਵੇਖੋ! ਇਹ ਨੌਜਵਾਨ ਤਾਂ ਉਸ ਦਿਨ ਆਪਣੇ ਕਿਸੀ ਮਿਤ੍ਰ ਨੂੰ ਮਿਲਨ ਗਇਆ ਹੋਇਆ ਸੀ, ਉਸ ਅੱਗ ਕਦਾਚਿੱਤ ਨਹੀਂ ਲਾਈ ਸੀ।

"ਕੀ ਇਹ ਠੀਕ ਸੱਚ ਹੈ ਕਿ ਤੂੰ ਅੱਗ ਨਹੀਂ ਸੀ ਲਾਈ?"

"ਜਨਾਬ! ਇਹ ਕਰਨਾ ਤਾਂ ਮੇਰੇ ਖ਼ਾਬ ਖਿਆਲ ਵਿਚ ਦੀ ਨਹੀਂ ਸੀ ਆਇਆ। ਮੇਰੇ ਦੁਸ਼ਮਨ ਨੇ ਆਪ ਲਾਈ ਹੋਣੀ ਹੈ। ਮੈਂ ਸੁਣਿਆਂ ਸੀ ਕਿ ਉਸ ਥੀਂ ਥੋੜਾ ਚਿਰ ਪਹਿਲਾਂ ਹੀ ਉਸ ਸਰਾਂ ਦਾ ਬੀਮਾ ਕਰਾਇਆ ਸੀ। ਉਹਨਾਂ ਮੁੜ ਕਹ ਦਿੱਤਾ ਕਿ ਮੈਂ ਤੇ ਮੇਰੀ ਮਾਂ ਨੇ ਅੱਗ ਲਾਈ ਹੈ ਤੇ ਇਹ ਕਿ ਅਸਾਂ ਨੇ ਉਨ੍ਹਾਂ ਨੂੰ ਅਗ ਲਾਉਣ ਦੀ ਧਮਕੀ ਵੀ ਦਿੱਤੀ ਸੀ। ਇਹ ਸਚ ਹੈ ਕਿ ਮੈਂ ਇਕ ਵੇਰੀ ਉਹਨੂੰ ਸਿੱਧਾ ਕਰਨ ਗਇਆ ਸਾਂ, ਮੈਂ

ਵਧੇਰਾ ਚਿਰ ਤਕ ਉਹਦਾ ਅੱਤਿਆਚਾਰ ਬਰਦਾਸ਼ਤ ਨਹੀਂ ਸਾਂ ਕਰ ਸਕਦਾ. ਪਰ ਇਹ ਅੱਗ ਲਾਣ ਦਾ ਅਪਰਾਧ ਮੈਂ ਕਦੀ ਨਹੀਂ ਕੀਤਾ। ਉਸ ਆਪ ਅੱਗ ਲਾ ਕੇ ਨਾਂ ਸਾਡੇ ਲਾ ਦਿੱਤੀ ਹੈ। ਜਦ ਠੀਕ ਅੱਗ ਲੱਗੀ ਸੀ ਮੈਂ ਉਥੇ ਸਾਂ ਹੀ ਨਹੀਂ, ਪਰ ਉਸ ਜਾਣ ਬੁੱਝ ਕੇ ਉਹ ਵਕਤ ਚੁਣਿਆ ਜਦ ਕਿ ਮੈਂ ਤੇ ਮੇਰੀ ਮਾਂ ਉਥੇ ਹੀ ਸਾਂ।"

"ਹਾਏ ! ਕੀ ਇਹ ਕੁਛ ਸਚ ਹੋ ਸਕਦਾ ਹੈ ?"

"ਰੱਬ ਮੇਰਾ ਗਵਾਹ ਹੈ–ਇਹ ਨਿਰੋਲ ਸਚ ਹੈ। ਏ ਜੁਨਾਬ ! ਜ਼ਰਾ ਮਿਹਰਬਾਨੀ ਕਰੋ......" ਤੇ **ਨਿਖਲੀਊਧਵ** ਨੇ ਬੜੀ ਮੁਸ਼ਕਲ ਨਾਲ ਉਹਨੂੰ ਉਸ ਅੱਗੇ ਜ਼ਮੀਨ ਉੱਪਰ ਮੱਥਾ ਟੇਕਣ ਥੀਂ ਰੋਕਿਆ, "ਜ਼ਰਾ ਰਹਿਮ ਕਰੋ। ਆਪ ਦੇਖੋ ਬਿਨਾ ਕਿਸੀ ਵਜਾ ਦੇ ਇਸ ਕੋਠੜੀ ਵਿਚ ਮੁਕ ਰਹਿਆ ਹਾਂ, ਮਰ ਰਹਿਆ ਹਾਂ," ਤੇ ਅਚਨਚੇਤ ਉਹਦਾ ਮੂੰਹ ਕੰਬਿਆ। ਉਹ ਆਪਣੇ ਕੋਟ ਦੀਆਂ ਬਾਹਾਂ ਉੱਪਰ ਕਰ ਕੇ, ਜ਼ਾਰੋਜ਼ਾਰ ਰੋਣ ਲਗ ਪਇਆ ਤੇ ਆਪਣੀ ਮੈਲੀ ਕਮੀਜ਼ ਦੀ ਬਾਹਾਂ ਨਾਲ ਆਪਣੇ ਅੱਥਰੂ ਪੂੰਝਣ ਲਗ ਪਇਆ।

"ਕੀ ਆਪ ਤਿਆਰ ਹੋ ?" ਅਸਟੰਟ ਨੇ ਆਕੇ ਪੁੱਛਿਆ।

"ਹਾਂ............ਅੱਛਾ ਭਾਈ, ਤਕੜਾ ਹੋ ਅਸੀ ਜੋ ਹੋ ਸੱਕਿਆ ਕਰਾਂਗੇ," **ਨਿਖਲੀਊਧਵ** ਇਹ ਕਹਿ ਕੇ ਬਾਹਰ ਚਲਾ ਗਇਆ।

**ਮੈਨਸ਼ੋਵ** ਦਰਵਾਜ਼ੇ ਨਾਲ ਢੁਕ ਕੇ ਖੜਾ ਹੋ ਗਇਆ।

ਇਨ੍ਹਾਂ ਨਾਲ ਲਗ ਗਇਆ ਸੀ ਕਿ ਜਦ ਜੇਲਰ ਨੇ ਦਰਵਾਜ਼ਾ ਬੰਦ ਕੀਤਾ ਤਦ ਬੂਹਾ ਉਹਨੂੰ ਵੱਜਾ—ਤੇ ਜਦ ਤਕ ਜੇਲਰ ਜੰਦਰਾ ਮਾਰਦਾ ਰਹਿਆ ਉਹ ਖੜਾ ਉਸ ਛੋਟੀ ਮੋਰੀ ਵਿਚ ਵੇਖਦਾ ਰਹਿਆ ਸੀ।

## ਕਾਂਡ ੫੩.

ਉਸ ਚੌੜੇ **ਕੌਰੀਡੋਰ** ਥੀਂ ਮੁੜਦੀ ਵਾਰੀ ਉਨ੍ਹਾਂ ਕੈਦੀਆਂ ਦੇ ਸਾਹਮਣੇ ਦੇ ਲੰਘਣ ਵੇਲੇ, ਜਿਹੜੇ ਹਲਕੇ ਪੀਲੇ ਵਡੇ ਕੋਟਾਂ ਵਿਚ ਛੋਟੇ ਚੌੜੇ ਪੌਂਚਿਆਂ ਵਾਲੇ ਪਜਾਮਿਆਂ ਵਿੱਚ ਤੇ ਕੈਦਖਾਨੇ ਦੀਆਂ ਜੁੱਤੀਆਂ ਪਾਏ ਖੜੇ ਸਨ ਤੇ ਬੜੀ ਗਹੁ ਨਾਲ ਓਸ ਵਲ ਵੇਖ ਰਹੇ ਸਨ ( ਖਾਣੇ ਦਾ ਵੇਲਾ ਸੀ ਤੇ ਕੋਠੜੀਆਂ ਦੇ ਦਰਵਾਜ਼ੇ ਸਭ ਖੁਲ੍ਹੇ ਸਨ), **ਨਿਖਲੀਊਧਵ** ਨੂੰ ਇਕ ਅਸਰਾਂ ਦਾ ਅਜੀਬ ਜਿਹਾ ਮਿਲਗੋਭਾ ਅੰਦਰ ਹੋਇਆ- ਇਨ੍ਹਾਂ ਕੈਦੀਆਂ ਲਈ ਤਾਂ ਤਰਸ ਹਮਦਰਦੀ ਆਈ, ਤੇ ਉਨ੍ਹਾਂ ਦੀ ਕਰਤੂਤ ਉੱਪਰ ਇਕ ਖੌਫ਼ ਤੇ ਚਕਰਾਈ ਜੇਹੀ ਹੋਈ ਜਿਨਾਂ ਨੇ ਇਨ੍ਹਾਂ ਨੂੰ ਇਉਂ ਬੰਦੀ ਪਾਇਆ ਤੇ ਰਖਿਆ ਹੋਇਆ ਸੀ, ਤੇ ਨਾਲੇ ਭਾਵੇਂ ਓਹਨੂੰ ਇਹ ਨਹੀਂ ਸੀ ਪਤਾ ਲਗਦਾ ਕਿ ਕਿਸ ਕਰਕੇ, ਪਰ ਓਹਦਾ ਇਸ ਸਭ ਕਿਸੀ ਨੂੰ ਸ਼ਾਂਤੀ ਨਾਲ ਵੇਖਣ ਤੇ ਉਸ ਉੱਪਰ ਕੋਈ ਕੁਛ ਜ਼ਿਆਦਾ ਅਸਰ ਨ ਹੋਣ ਉੱਪਰ ਇਕ ਸ਼ਰਮ ਆ ਰਹੀ ਸੀ।

ਓਹਨਾਂ **ਕੌਰੀਡੋਰਾਂ** ਵਿਚੋਂ ਇਕ ਵਿਚ ਕਿਸੀ ਜੁੱਤੀਆਂ ਦੀਕਟ ਕਟ ਕੀਤੀ ਤੇ ਇਕ ਕੈਦੀ ਕੋਠੜੀ ਦੇ ਦਰਵਾਜ਼ੇ ਵਲ ਦੌੜਿਆ। ਓਸ ਵਿੱਚੋਂ ਫਿਰ ਕਈ ਆਦਮੀ ਨਿਕਲ ਆਏ, ਤੇ ਉਨ੍ਹਾਂ **ਨਿਖਲੀਊਧਵ** ਦਾ ਰਾਹ ਰੋਕ ਲਇਆ ਤੇ ਲਗੇ ਓਹਨੂੰ

ਸਲਾਮਾਂ ਕਰਨ।

"ਮਿਹਰਬਾਨੀ ਜੁਨਾਬ ਵਾਲਾ ਸ਼ਾਨ ਸਾਹਿਬ! ਸਾਨੂੰ ਜੀ ਨਹੀਂ ਪਤਾ ਕਿ ਆਪ ਨੂੰ ਕਿਨ੍ਹਾਂ ਠੀਕ ਲਕਬਾਂ ਲਕਾਬਾਂ ਨਾਲ ਬੁਲਾਵੀਏ, ਸਾਡੇ ਮਾਮਲ਼ੇ ਦਾ ਵੀ ਫੈਸਲਾ ਕਰੋ।"

"ਮੈਂ ਅਫਸਰ ਤਾਂ ਨਹੀਂ--ਮੈਨੂੰ ਕੁਛ ਪਤਾ ਨਹੀਂ।"

"ਅਛਾ ਆਪ ਬਾਹਰ ਥੀਂ ਆਏ ਹੋ– ਕਿਸੇ ਨੂੰ ਕਹੋ– ਅਫਸਰਾਂ, ਇਖਤਿਆਰ ਵਾਲਿਆਂ ਨੂੰ ਕਹੋ ਜੇ ਲੋੜ ਹੋਵੇ ਤਾਂ–" ਇਕ ਗੁਸੀਲ ਜੇਹੀ ਆਵਾਜ਼ ਨੇ ਕਿਹਾ–"ਸਾਡੇ ਉੱਪਰ ਕੁਛ ਤਰਸ ਕਰੋ–ਅਸੀ ਵੀ ਤਾਂ ਇਨਸਾਨ ਹਾਂ–ਅਸੀ ਇਥੇ ਦੋ ਮਹੀਨੇ ਥੀਂ ਬੇਗੁਨਾਹ ਡੱਕੇ ਪਏ ਹਾਂ–ਸਾਡੀ ਗੱਲ ਕੋਈ ਸੁਣਦਾ ਹੀ ਨਹੀਂ।"

"ਕੀ ਮਤਲਬ, ਕਿਉਂ ?" **ਨਿਖਲੀਊਧਵ** ਨੇ ਪੁਛਿਆ।

"ਕਿਉਂ, ਸਾਨੂੰ ਆਪ ਨੂੰ ਪਤਾ ਨਹੀਂ ਕਿ ਕਿਉਂ ? ਪਰ ਅਸੀ ਅਜ ਦੂਜੇ ਮਹੀਨੇ ਦੇ ਇਥੇ ਡੱਕੇ ਹੋਏ ਹਾਂ।"

"ਠੀਕ–ਇਹ ਬਿਲਕੁਲ ਸੱਚ ਹੈ–ਇਹ ਗੱਲ ਤਾਂ ਇਕ ਹਾਦਸਾ ਜੇਹੀ ਹੀ ਸਮਝੋ–ਇਤਫਾਕ ਜੇਹਾ ਹੋ ਗਿਆ ਹੈ," ਅਸਟੰਟ ਨੇ ਕਹਿਆ; "ਇਹ ਲੋਕੀ ਤਾਂ ਅੰਦਰ ਲਿਆਏ ਗਏ ਸਨ ਕਿ ਇਨ੍ਹਾਂ ਪਾਸ ਰਾਹਦਾਰੀ ਦੇ ਕਾਗਤ (ਪਾਸ ਪੋਰਟ) ਨਹੀਂ ਸਨ–ਤੇ ਇਸ ਵਜਾ ਲਈ ਤਾਂ ਇਨ੍ਹਾਂ ਨੂੰ ਆਪਣੇ ਵਤਨ ਦੇ ਸੂਬੇ ਵਿੱਚ ਵਾਪਸ ਘੱਲ ਦੇਣਾ ਚਾਹੀਦਾ ਸੀ, ਪਰ ਓਥੇ ਦੇ ਮੁਕਾਮੀ ਅਫਸਰਾਂ ਨੇ ਲਿਖਿਆ ਹੈ ਕਿ ਇਹਨਾਂ ਨੂੰ ਉਥੇ ਹਾਲੇ ਨ ਭੇਜਿਆ ਜਾਵੇ–ਇਸ ਕਰਕੇ ਅਸਾਂ ਬਾਕੀ ਦੇ ਰਾਹਦਾਰੀ

ਥੀਂ ਬਿਨਾਂ ਲੋਕੀ ਤਾਂ ਉਨ੍ਹਾਂ ਦੇ ਵਖਰੇ ਵਖਰੇ ਸੂਬਿਆਂ ਵਿਚ ਘਲ ਦਿਤੇ ਹਨ, ਪਰ ਇਨ੍ਹਾਂ ਨੂੰ ਇਥੇ ਹੀ ਰਖਿਆ ਹੋਇਆ ਹੈ।''

''ਕੀ ? ਬਸ ਹੋਰ ਕੋਈ ਸਬੱਬ ਨਹੀਂ, ਸਿਰਫ ਇੰਨੀ ਗੱਲ ਪਿੱਛੇ ?'' ਨਿਖਲੀਊਧਵ ਦਰਵਾਜ਼ੇ ਉੱਪਰ ਹੀ ਖੜਾ ਕੂਕ ਉੱਠਿਆ।

ਕੋਈ ਚਾਲੀ ਕੈਦੀਆਂ ਦਾ ਝੁੰਡ, ਜੇਲ ਦੇ ਕਪੜਿਆਂ ਵਿਚ, ਉਹਦੇ ਆਲੇ ਦੁਆਲੇ ਆਣ ਖੜਾ ਹੋਇਆ, ਤੇ ਨਾਲੇ ਅਸਟੰਟ ਦੇ, ਤੇ ਕਈ ਇੱਕ ਇਕੋ ਵੇਰੀ ਬੋਲਣ ਲੱਗ ਗਏ, ਅਸਟੰਟ ਨੇ ਉਨ੍ਹਾਂ ਨੂੰ ਰੋਕ ਦਿਤਾ, ''ਤੁਸੀ ਆਪਣੇ ਵਿੱਚੋਂ ਇਕ ਨੂੰ ਬੋਲਣ ਦਿਓ।''

ਇਕ ਲੰਮਾ, ਚੰਗੀ ਸ਼ਕਲ ਵਾਲਾ ਕਿਸਾਨ ਕੋਈ ਪੰਜਾਹ ਵਰ੍ਹਿਆਂ ਦਾ ਜਿਹੜਾ ਇਕ ਪੱਥਰ ਘੜ ਕੇ ਲਾਣ ਵਾਲਾ ਰਾਜ ਸੀ, ਬਾਕੀਆਂ ਵਿਚ ਦੀ ਕਦਮ ਮਾਰ ਕੇ ਖੜਾ ਹੋ ਗਇਆ। ਨਿਖਲੀਊਧਵ ਨੂੰ ਉਸ ਕਹਿਆ, ''ਅਸਾਂ ਸਾਰਿਆਂ ਨੂੰ ਆਪਣੇ ਆਪਣੇ ਘਰਾਂ ਨੂੰ ਵਾਪਸ ਜਾਣ ਦਾ ਹੁਕਮ ਹੋ ਚੁਕਾ ਹੈ ਤੇ ਸਾਰੇ ਇਸ ਲਈ ਡੱਕੇ ਪਏ ਹਾਂ ਕਿ ਅਸਾਂ ਪਾਸ ਰਾਹਦਾਰੀਆਂ ਨਹੀਂ, ਪਰ ਸਾਡੇ ਪਾਸ ਰਾਹਦਾਰੀਆਂ ਹਨ ਜਿਹੜੀਆਂ ਕਿ ਇਕ ਪੰਦਰਾਂ ਦਿਨ ਪਿਛੇ ਤ੍ਰੀਕ ਦੀਆਂ ਹੋ ਗਈਆਂ ਹਨ। ਇਹ ਗੱਲ ਹਰ ਸਾਲ ਹੋ ਜਾਂਦੀ ਹੈ—ਅਸੀ ਕਈ ਵੇਰੀ ਆਪਣੀਆਂ ਰਾਹਦਾਰੀਆਂ ਨਵੀਆਂ ਕਰਾਉਣੀਆਂ ਭੁੱਲ ਜਾਂਦੇ ਸਾਂ—ਤੇ ਓਹ ਇਉਂ ਆਪਣੀ ਮੁਕੱਰਰ ਤਰੀਕ ਥੀਂ ਕਦੀ

ਉੱਪਰ ਚੜ੍ਹ ਜਾਂਦੀਆਂ ਸਨ, ਤਾਂ ਵੀ ਸਾਨੂੰ ਕੋਈ ਨਹੀਂ ਸੀ ਪੁਛਦਾ। ਇਸ ਸਾਲ ਓਹ ਰਾਹਦਾਰੀਆਂ ਫੜ ਲਈਆਂ ਨੇ, ਤੇ ਸਾਨੂੰ ਕੈਦ ਪਾਇਆ ਹੋਇਆ ਨੇ। ਦੋ ਮਹੀਨੇ ਹੋ ਚੁਕੇ ਹਨ ਜਿਵੇਂ ਅਸੀ ਕੋਈ ਜੁਰਮ ਕੀਤਾ ਹੁੰਦਾ ਹੈ—ਕੋਈ ਵਾਤ ਹੀ ਨਹੀਂ ਪੁਛਦਾ।

"ਅਸੀ ਸਾਰੇ ਰਾਜ ਹਾਂ—ਤੇ ਇਕੋ ਪੰਚਾਇਤ ਦੇ ਹਾਂ। ਸਾਨੂੰ ਕਹਿਆ ਜਾਂਦਾ ਹੈ ਕਿ ਸਾਡੇ ਸੂਬੇ ਦਾ ਜੇਲ ਜਲ ਗਿਆ ਹੈ, ਪਰ ਉਸ ਵਿੱਚ ਸਾਡਾ ਕੀ ਕੰਮ ਹੈ? ਸਾਡੀ ਜ਼ਰੂਰ ਮਦਦ ਕਰੋ।"

ਨਿਖਲੀਊਧਵ ਨੇ ਸੁਣ ਲਇਆ, ਪਰ ਸਮਝਿਆ ਮੁਸ਼ਕਲ ਹੀ ਹੋਊ ਕਿ ਚੰਗੀ ਸ਼ਕਲ ਵਾਲਾ ਬੁੱਢਾ ਕੀ ਕਹਿ ਰਹਿਆ ਹੈ, ਕਿਉਂਕਿ ਓਹਦੀ ਤਵੱਜੋ ਤਾਂ ਇਕ ਵਡੀ ਕਾਲੀ ਭੂਰੀ ਕਈ ਟੰਗਾਂ ਵਾਲੀ ਜੂੰ ਵਲ ਸੀ ਜਿਹੜੀ ਓਸ ਆਦਮੀ ਦੇ ਗਲ ਉੱਪਰ ਚਲ ਰਹੀ ਸੀ— "ਇਹ ਕੀ ਹੋਇਆ? ਕੀ ਇਹੋ ਜਿਹੇ ਸਬੱਬ ਕਰਕੇ ਬੰਦੇ ਜੇਲੀਂ ਪਾ ਛੱਡਦੇ ਹਨ?" ਨਿਖਲੀਊਧਵ ਨੇ ਅਟੰਸਟ ਵਲ ਮੁੜਕੇ ਪੁਛਿਆ।

"ਹਾਂ ਜੀ—ਇਨ੍ਹਾਂ ਨੂੰ ਤਾਂ ਚਰੋਕਣਾ ਭੇਜ ਦੇਣਾ ਚਾਹੀਦਾ ਸੀ—ਘਰਾਂ ਨੂੰ ਮੋੜਨਾ ਸੀ," ਅਸਟੰਟ ਨੇ ਠੰਢੀ ਤਰ੍ਹਾਂ ਉੱਤਰ ਦਿੱਤਾ, "ਪਰ ਇਨ੍ਹਾਂ ਦੀ ਗੱਲ ਅਫਸਰਾਂ ਨੂੰ ਪਤਾ ਨਹੀਂ, ਭੁੱਲ ਗਈ ਹੈ ਕਿ ਕੀ?"

ਅਸਟੰਟ ਨੇ ਹਾਲੇਂ ਗੱਲ ਖਤਮ ਨਹੀਂ ਸੀ ਕੀਤੀ ਕਿ ਇਕ ਛੋਟਾ, ਕਮਜ਼ੋਰ ਗੁਸੀਲ ਜੇਹਾ ਆਦਮੀ, ਕੈਦਖਾਨੇ ਦੀ ਪੋਸ਼ਾਕ ਪਾਈ ਭੀੜ ਵਿੱਚੋਂ ਨਿਤਰ ਆਇਆ—ਤੇ ਬੜੀ ਅਜੀਬ ਤਰ੍ਹਾਂ ਆਪਣਾ ਮੂੰਹ ਭੁੰਵਾ ਕੇ ਬਣਾ ਕੇ ਕਹਿਣ ਲੱਗਾ ਕਿ ਅਕਾਰਣ ਹੀ ਓਨ੍ਹਾਂ ਨਾਲ ਬਦ-ਸਲੂਕੀ ਹੋ ਰਹੀ ਹੈ।

"ਕੁੱਤਿਆਂ ਥੀ ਬਦਤਰ........." ਓਹ ਕਹਿ ਰਹਿਆ ਸੀ।

"ਹੁਟ ਹੁਟ—ਬਸ, ਬਹੂੰ ਇਹੋ ਜੇਹੀਆਂ ਗੱਲਾਂ ਨਹੀਂ ਕਰੀਦਾ—ਆਪਣੀ ਜਬਾਨ ਬੰਦ ਕਰ, ਨਹੀਂ ਤਾਂ ਤੂੰ ਜਾਣਨਾ ਹੀ ਹੈਂ ਨਾ ?"

"ਮੈਂ ਕੀ ਜਾਣਨਾ ਹਾਂ ?" ਛੋਟਾ ਆਦਮੀ ਨਿਰਾਸ ਹਾਲਤ ਵਿੱਚ ਚੀਕ ਪਇਆ, "ਸਾਡਾ ਕੀ ਜੁਰਮ ਹੈ ?"

"ਚੁੱਪ," ਹੁਣ ਅਸਟੰਟ ਲਲਕਾਰਿਆ ਤੇ ਓਹ ਛੋਟਾ ਜੇਹਾ ਆਦਮੀ ਚੁਪ ਹੋ ਗਇਆ।

"ਪਰ ਇਸ ਸਾਰੀ ਗੱਲ ਦਾ ਮਤਲਬ ਕੀ ਹੈ ?" **ਨਿਖਲੀਊਧਵ** ਨੇ ਆਪਣੇ ਆਪ ਵਿੱਚ ਸੋਚਿਆ, ਜਦ ਓਹ ਕੋਠੜੀ ਲਾਗਿਓਂ ਬਾਹਰ ਆਇਆ, ਜਦ ਕਿ ਲਗਾਤਾਰ ਇਕ ਸੌ ਅੱਖਾਂ, ਕੀ ਉਨ੍ਹਾਂ ਕੈਦ ਕੋਠੜੀਆਂ ਦੇ ਵਿੱਚੋਂ, ਤੇ ਕੀ ਓਨ੍ਹਾਂ ਕੈਦੀਆਂ ਦੀਆਂ, ਜਿਹੜੇ ਹੁਣੇ ਓਹਨੂੰ ਮਿਲੇ ਸਨ, ਉਸ ਉੱਪਰ ਲੱਗੀਆਂ ਸਨ ਤੇ ਸਭ ਇਹ ਆਸ ਕਰਦੇ ਸਨ ਤੇ ਓਹਨੂੰ ਮਹਸੂਸ ਕਰਾ ਰਹੇ ਸਨ ਕਿ ਓਹ ਹੈ ਜਿਸ ਹੁਣ ਬੀੜਾ ਚੁਕਿਆ ਹੈ।

"ਕੀ ਸਚੀਂ ਇਹ ਮੁਮਕਿਨ ਹੈ ਕਿ ਇਓਂ ਬੇਗੁਨਾਹ

ਬੰਦੇ ਅੰਦਰ ਡੱਕੇ ਇਉਂ ਪਏ ਰਹਿਣ ?'' **ਨਿਖਲੀਊਧਵ** ਨੇ **ਕੌਰੀਡੋਰ** ਥੀਂ ਨਿਕਲਦਿਆਂ ਉੱਚੀ ਦੇ ਕੇ ਕਹਿਆ।

"-ਆਪ ਕੀ ਚਾਹੁੰਦੇ ਹੋ ਕਿ ਅਸੀਂ ਕਰੀਏ ? ਇਹ ਇਉਂ ਹੀ ਝੂਠ ਬੋਲਦੇ ਹਨ–ਜੇ ਇਨ੍ਹਾਂ ਦੀਆਂ ਗੱਲਾਂ ਸੁਣਨ ਲੱਗੇ, ਤਦ ਇਹ ਸਾਰੇ ਦੇ ਸਾਰੇ ਬੇਗੁਨਾਹ ਹੀ ਹਨ,'' ਇਨਸਪੈਕਟਰ ਤੇ ਅਸਟੰਟ ਨੇ ਕਹਿਆ, "ਹਾਂ ਕਿਸੀ ਵੇਲੇ ਇਤਫਾਕੀਆ ਹੋ ਜਾਂਦਾ ਹੈ ਕਿ ਬਾਹਜੇ ਬਿਨਾਂ ਕਿਸੀ ਵਜ੍ਹਾ ਦੇ ਡੱਕੇ ਜਾਂਦੇ ਹਨ।''

''ਅੱਛਾ–ਇਨ੍ਹਾਂ ਤਾਂ ਕੁਝ ਨਹੀਂ ਕੀਤਾ ?''

"ਹਾਂ ਜੀ–ਇਹ ਸਾਨੂੰ ਮੰਨਣਾ ਪਵੇਗਾ–ਫਿਰ ਵੀ ਲੋਕੀ ਬੜੀ ਡਰਾਉਣੀ ਤਰਾਂ ਵਿਗੜੇ ਹੋਏ ਹਨ–ਬਾਹਜੇ ਤਾਂ ਆਪਣੀ ਤਰਜ਼ ਦੇ ਨਮੂਨੇ ਹਨ–ਮਰਨ ਮਾਰਨ ਨੂੰ ਤਿਆਰ, ਜਿਨ੍ਹਾਂ ਨੂੰ ਸਖਤੀ ਤੇ ਕਰੜਾਈ ਨਾਲ ਸਾਂਭਣਾ ਪੈਂਦਾ ਹੈ। ਕਲ ਇਹੋ ਜੇਹੇ ਦੋਹਾਂ ਨੂੰ ਸਜ਼ਾ ਦੇਣੀ ਪੈ ਗਈ ਸੀ।''

"ਸਜ਼ਾ ਦਿੱਤੀ ? ਕਿਸ ਤਰਾਂ ?''

"ਇੱਕ **ਬਰਚ** ਦੀ ਸੋਟੀ ਨਾਲ ਉਨ੍ਹਾਂ ਨੂੰ ਬੈਂਤ ਮਾਰੇ ਗਏ ਸਨ। ਇਉਂ ਹੀ ਹੁਕਮ ਸੀ।''

'ਪਰ ਜਿਸਮਾਨੀ ਸਜ਼ਾ ਦੇਣੀ ਤਾਂ ਕਾਨੂੰਨਨ ਮਨਸੂਖ ਹੋ ਚੁਕੀ ਹੈ।''

"ਉਨ੍ਹਾਂ ਲਈ ਜਿਨ੍ਹਾਂ ਦੇ ਸਾਰੇ ਕਾਨੂੰਨੀ ਹਕੂਕ ਹੀ ਖੁਸ ਚੁਕੇ ਹੋਣ ਓਨ੍ਹਾਂ ਨੂੰ ਹੁਣ ਵੀ ਓਹ ਸਜ਼ਾ ਦਿੱਤੀ ਜਾਂਦੀ ਹੈ।''

**ਨਿਖਲੀਊਧਵ** ਨੇ ਪਰਸੋਂ ਜੋ ਕੁਝ ਵੇਖਿਆ ਸੀ ਜਦ ਕਿ ਹਾਲ ਵਿਚ ਬੈਠਾ ਇਨਸਪੈਕਟਰ ਨੂੰ ਉਡੀਕ ਰਹਿਆ ਸੀ, ਹੁਣ ਚੇਤੇ ਕੀਤਾ ਤੇ ਹੁਣ ਸਮਝ ਆਇਆ, ਕਿ ਓਹ ਸਜ਼ਾ ਦਿੱਤੀ ਜਾ ਰਹੀ ਸੀ; ਮੁੜ ਓਹ ਦੇ ਅੰਦਰ ਹੀ ਅੰਦਰ ਇੱਕ ਅਜੀਬ ਤਰਾਂ ਦੇ ਮਿਲਵੇਂ ਅਸਰ ਪਏ—ਇਕ ਤਾਂ ਇਹ ਪੁਛ ਕਿ ਇਹ ਕੀ ਹੋ ਰਹਿਆ ਹੈ, ਦਿਲ ਦਾ ਦਬਕੇ ਬਹਿ ਜਾਣਾ, ਸਿਰ-ਚਕਰਾਈ ਕਿ ਇਹ ਸਭ ਕਿਉਂ ਹੈ, ਇਖਲਾਕੀ ਘਬਰਾਹਟ ਤੇ ਦਿਲ ਕੱਚਾ ਜੇਹਾ ਹੋਣਾ—ਆਦਿ—ਇਹ ਦਰ-ਹਕੀਕਤ ਅੰਦਰਲੇ ਮਿਲਵੇਂ ਇਹਸਾਸ ਸ਼ਰੀਰਕ ਦੁਖ ਹੋ ਗਏ, ਤੇ ਇਨ੍ਹਾਂ ਉਹਦਾ ਭੈੜਾ ਹਾਲ ਬਣਾ ਦਿਤਾ ਤੇ ਇਖਲਾਕੀ ਤਰਾਂ ਆਈ ਕਰੈਹਤ ਨੇ ਓਸ ਉੱਪਰ ਕਾਬੂ ਪਾ ਲਇਆ।

ਇਨਸਪੈਕਟਰ ਦੇ ਅਸਟੰਟ ਦੀ ਗੱਲ ਸੁਣੇ ਬਿਨਾਂ ਯਾ ਆਲੇ ਦੁਆਲੇ ਦੇਖੇ ਦੇ, ਓਹ ਛੇਤੀ ਦੇ **ਕੌਰੀਡੋਰ** ਵਿਚੋਂ ਲੰਘ ਗਇਆ ਤੇ ਦਫਤਰ ਵਿਚ ਪਹੁੰਚਿਆ। ਇਨਸਪੈਕਟਰ ਦਫਤਰ ਵਿੱਚ ਸੀ, ਤੇ ਓਹ ਹੋਰ ਕੰਮੀਂ ਲੱਗ, **ਦੂਖੋਵਾ** ਨੂੰ ਬੁਲਾਣਾ ਵਿਸਰ ਗਇਆ ਸੀ। ਜਦ **ਨਿਖਲੀਊਧਵ** ਨੂੰ ਵੇਖਿਆ ਤਦ ਉਹਨੂੰ ਆਪਣੇ ਇਕਰਾਰ ਦਾ ਚੇਤਾ ਆਇਆ।

"ਬਹਿ ਜਾਓ ਜੀ! ਮੈਂ ਹੁਣੇ ਓਹਨੂੰ ਬੁਲਾਵਨਾਂ ਹਾਂ।"

# ਕਾਂਡ ੫੪

ਦਫਤਰ ਦੇ ਦੋ ਕਮਰੇ ਸਨ–ਪਹਿਲੇ ਕਮਰੇ ਵਿਚ ਇਕ ਵਡਾ ਜਰਜਰਾ ਹੋਇਆ **ਸਟੋਵ** (ਬੁਖਾਰੀ) ਸੀ, ਦੋ ਮੈਲੀਆਂ ਖਿੜਕੀਆਂ ਸਨ। ਇਕ ਕੋਨੇ ਵਿਚ ਕਾਲੇ ਰੰਗ ਦੀ ਇਕ ਉੱਚੀ ਬਣੀ ਥਾਂ ਸੀ ਜਿੱਥੇ ਖੜਾ ਕਰਕੇ ਕੈਦੀਆਂ ਨੂੰ ਮਿਣਿਆ ਮਾਪਿਆ ਜਾਂਦਾ ਸੀ। ਦੂਜੇ ਕੋਨੇ ਵਿੱਚ ਇੱਕ ਵੱਡੀ ਈਸਾ ਦੀ ਤਸਵੀਰ ਲਟਕੀ ਹੋਈ ਸੀ, ਜਿਹੜੀ ਉਨ੍ਹਾਂ ਥਾਵਾਂ ਤੇ ਜਿੱਥੇ ਲੋਕਾਂ ਨੂੰ ਕਲੇਸ਼ ਦਿੱਤੇ ਜਾਂਦੇ ਹਨ, ਜ਼ਰੂਰ ਰੱਖੀ ਹੁੰਦੀ ਹੈ। ਇਸ ਕਮਰੇ ਵਿੱਚ ਕਈ ਜੇਲਰ ਖੜੇ ਸਨ। ਦੂਜੇ ਕਮਰੇ ਵਿੱਚ ਬਹੁਤ ਸਾਰੇ ਆਦਮੀ ਬੈਠੇ ਸਨ–ਮਰਦ ਤੇ ਤੀਵੀਆਂ–ਕਈ ਟੋਲੀਆਂ ਵਿੱਚ ਤੇ ਕਈ ਜੁੱਟਾਂ ਵਿਚ ਜੋੜੀਆਂ ਬਣ ਕੇ, ਤੇ ਆਪੇ ਵਿੱਚ ਨੀਵੀਆਂ ਗੱਲਾਂ ਕਰ ਰਹੇ ਸਨ। ਖਿੜਕੀ ਪਾਸ ਲਿਖਣ ਵਾਲਾ ਮੇਜ਼ ਸੀ। ਇਨਸਪੈਕਟਰ ਮੇਜ਼ ਕੋਲ ਬੈਠਾ ਸੀ ਤੇ **ਨਿਖਲੀਊਧਵ** ਨੂੰ ਓਨ੍ਹੇ ਆਪਣੇ ਪਾਸ ਹੀ ਬਹਿਣ ਨੂੰ ਕੁਰਸੀ ਦਿੱਤੀ। **ਨਿਖਲੀਊਧਵ** ਬਹਿ ਗਇਆ ਤੇ ਕਮਰੇ ਵਿੱਚ ਬੈਠੇ ਲੋਕਾਂ ਨੂੰ ਦੇਖਣ ਲਗ ਗਇਆ।

ਪਹਿਲਾਂ ਜਿਸ ਉਹਦੀ ਤਵੱਜੋ ਆਪਣੇ ਵੱਲ ਖਿੱਚੀ, ਓਹ ਇਕ ਨੌਜਵਾਨ ਗਭਰੂ ਬੜੀ ਹੀ ਚੰਗੀ ਲੱਗਣ ਵਾਲੀ ਨੁਹਾਰ

ਦਾ ਸੀ। ਛੋਟੀ ਜੈਕਟ ਪਾਈ ਹੋਈ ਸਾ ਸੂ ਤੇ ਇਕ ਅਧਖੜ ਉਮਰ ਦੀ ਕਾਲੇ ਭਰਵੱਟਿਆਂ ਵਾਲੀ ਤੀਮੀਂ ਦੇ ਅੱਗੇ ਖੜਾ ਸੀ, ਜਿਹਨੂੰ ਉਹ ਨੌਜਵਾਨ ਬੜੀ ਸਰਗਰਮੀ ਨਾਲ ਕੁਝ ਕਹਿ ਰਹਿਆ ਸੀ ਤੇ ਆਪਣੇ ਹੱਥਾਂ ਨਾਲ ਹੀ ਇਕ ਬੁੱਢਾ ਆਦਮੀ ਨੀਲੀਆਂ ਐਨਕਾਂ ਪਾਈਆਂ ਹੋਈਆਂ ਇਕ ਜਵਾਨ ਤੀਮੀਂ ਦੇ ਹਥ ਫੜੇ ਹੋਏ ਬੈਠਾ ਸੀ। ਓਹ ਤੀਮੀਂ ਕੈਦੀਆਂ ਦੇ ਕਪੜਿਆਂ ਵਿੱਚ ਸੀ ਤੇ ਉਸ ਨਾਲ ਕੁਛ ਗਲ ਬਾਤ ਕਰ ਰਹੀ ਸੀ। ਇਕ ਸਕੂਲ ਦਾ ਲੜਕਾ ਡਰੇ ਤੇ ਤ੍ਰੈਹੇ ਹੋਏ ਮੂੰਹ ਵਾਲਾ, ਇਸ ਬੁੱਢੇ ਨੂੰ ਵੇਖ ਰਹਿਆ ਸੀ। ਇਕ ਨੁੱਕਰ ਵਿੱਚ ਇਕ ਪਿਆਰੂਆਂ ਦੀ ਜੋੜੀ ਬੈਠੀ ਸੀ–ਕੁੜੀ ਤਾਂ ਬਿਲਕੁਲ ਜਵਾਨ ਤੇ ਸੋਹਣੀ ਸੀ, ਛੋਟੇ ਛੋਟੇ ਸੋਹਣੇ ਵਾਲ ਤੇ ਬੜੇ ਫੁਰਤੀਲੇ ਰੰਗ ਢੰਗ ਵਾਲੀ ਸੀ ਤੇ ਬੜੀ ਸ਼ਾਨਦਾਰ ਪੋਸ਼ਾਕ ਪਾਈ ਹੋਈ ਸੀ ਤੇ ਗਭਰੂ ਦੇ ਬੜੇ ਪਤਲੇ ਨਕਸ਼ ਸਨ ਤੇ ਲਹਿਰਦਾਰ ਵਾਲ ਤੇ ਰਬੜ ਦੀ ਜੈਕਟ ਪਾਈ ਸੀ ਸੂ। ਓਹ ਦੋਵੇਂ ਮਸਤ ਇਕ ਦੂਜੇ ਨਾਲ ਗੋਸ਼ੇ ਕਰ ਰਹੇ ਸਨ ਤੇ ਇਉਂ ਜਾਪਦਾ ਸੀ ਜਿਵੇਂ ਇਕ ਦੂਜੇ ਦੇ ਪਿਆਰ ਨਾਲ ਚਕਾ ਚੂੰਧ ਹੋਏ ਹੋਏ ਬੇਹੋਸ਼ ਜੇਹੇ ਸਨ। ਮੇਜ਼ ਦੇ ਸਭ ਥੀਂ ਨੇੜੇ ਇਕ ਚਿਟੇ ਸਿਰੀ ਕਾਲੀ ਬੁੱਢੀ ਬੈਠੀ ਸੀ, ਸਾਫ ਸੀ ਕਿ ਓਹ ਸੀ ਮਾਂ ਉਸ ਤਪਦਿਕ ਹੋਏ ਹੋਏ ਨੌਜਵਾਨ ਦੀ ਜਿਹਨੇ ਰਬੜ ਦੀ ਜੈਕਟ ਪਾਈ ਹੋਈ ਸੀ–ਤੇ ਉਹਦਾ ਸਿਰ ਪੁਤ ਦੇ ਮੋਂਢੇ ਉੱਪਰ ਸੁਟਿਆ ਹੋਇਆ ਸੀ–ਉਹ ਉਹਨੂੰ ਕੁਛ ਕਹਿਣ ਦਾ ਯਤਨ ਕਰ ਰਹੀ ਸੀ ਪਰ ਉਹਦੇ ਰੋਣ ਦੇ ਹਟਕੋਰਿਆਂ ਨੇ ਕੁਛ ਕਹਿਣ ਨ ਦਿੱਤਾ। ਓਸ ਕਈ ਵਾਰ ਕੋਸ਼ਸ਼ ਕੀਤੀ ਪਰ ਫਿਰ ਰੁਕ ਜਾਂਦੀ ਸੀ। ਜਵਾਨ ਦੇ ਹੱਥ ਇਕ ਕਾਗਜ਼ ਸੀ ਤੇ ਬੇਮਤਲਬਾ ਓਸ ਕਾਗਜ਼ ਨੂੰ ਕਦੀ ਠੱਪਦਾ, ਕਦੀ ਦੱਬਦਾ ਸੀ, ਤੇ ਉਹਦੇ ਮੂੰਹ ਤੇ ਗੁੱਸਾ ਭਰਿਆ ਪਇਆ ਸੀ। ਇਨ੍ਹਾਂ

ਨਾਲ ਹੀ ਇਕ ਛੋਟੇ ਵਾਲਾਂ ਵਾਲੀ, ਮੋਟੀ, ਲਾਲ ਮੂੰਹ ਤੇ ਬੜੀਆਂ ਦਿੱਖਵਾਲੀਆਂ ਅੱਖਾਂ ਵਾਲੀ, ਚਿੱਟੀ ਪੋਸ਼ਾਕ ਤੇ **ਕੇਪ** ਪਾਈ ਇਕ ਲੜਕੀ ਸੀ, ਤੇ ਬੜੇ ਪਿਆਰ ਨਾਲ ਉਸ ਬੁੱਢੀ ਨੂੰ ਥਥੋਕ ਰਹੀ ਸੀ। ਇਸ ਲੜਕੀ ਦੀ ਹਰ ਇਕ ਚੀਜ਼ ਬੜੀ ਸੋਹਣੀ ਸੀ—ਓਹਦੇ ਵੱਡੇ ਚਿੱਟੇ ਹੱਥ, ਉਹਦੇ ਛੋਟੇ ਲਹਿਰਦਾਰ ਪੱਟੇ, ਉਹਦੇ ਪੀਂਢੇ ਨੱਕ ਤੇ ਹੋਠ, ਪਰ ਉਹਦੇ ਚਿਹਰੇ ਦਾ ਸਭ ਥੀਂ ਵਧ ਦਿਲ ਖਿਚਵਾਂ ਜਾਦੂ ਉਹਦੀਆਂ ਨਰਮ ਤੇ ਸੱਚ ਭਰੀਆਂ ਬਦਾਮ-ਅੱਖਾਂ ਸਨ। ਉਹ ਸੋਹਣੀਆਂ ਅੱਖਾਂ ਉਸ ਰੋਂਦੀ ਮਾਂ ਵੱਲੋਂ ਕੁਛ ਛਿਨ ਲਈ ਉੱਠ ਕੇ **ਨਿਖਲੀਉਧਵ** ਨੂੰ, ਜਦ ਉਹ ਆਇਆ ਸੀ, ਵੇਖਣ ਲੱਗ ਪਈਆਂ ਸਨ ਤੇ ਉਹਦੀ ਨਿਗਾਹ ਨਾਲ ਜਾ ਟੱਕਰ ਖਾਧੀ ਸੀ। ਪਰ ਝੱਟ ਉਸ ਨੇ ਨਜ਼ਰ ਪਿਛੇ ਕਰ ਲਈ ਤੇ ਉਸ ਮਾਂ ਨੂੰ ਕੁਛ ਕਹਿਣ ਲੱਗ ਪਈ।

ਪਿਆਰੂਆਂ ਦੀ ਜੋੜੀ ਥੀਂ ਬਹੁੰ ਦੂਰ ਨਹੀਂ, ਇਕ ਕਾਲਾ ਰੁਲਿਆ ਖੁਲਿਆ ਜੇਹਾ ਆਦਮੀ ਬੜੇ ਉਦਾਸ ਮੂੰਹ ਵਾਲਾ ਇਕ ਅਣਦਾਹੜੀਏ ਮਿਲਣ ਆਏ ਨਾਲ ਗੁੱਸੇ ਨਾਲ ਗੱਲ ਬਾਤ ਕਰ ਰਹਿਆ ਸੀ ਤੇ ਇਹ ਅਣਦਾਹੜੀਆ ਇਉਂ ਦਿੱਸਦਾ ਸੀ ਕਿ **ਸਕੋਪਟਸੀ** ਮੱਤ ਦਾ ਹੈ—(ਇਸ ਮੱਤ ਵਾਲੇ ਆਪਣੇ ਆਪ ਨੂੰ ਪਵਿਤ੍ਰ ਰੱਖਣ ਲਈ ਖੱਸੀ ਕਰਵਾ ਲੈਂਦੇ ਸਨ)।

**ਨਿਖਲੀਉਧਵ** ਇਨਸਪੈਕਟਰ ਦੇ ਕੋਲ,

ਬੜੀ ਹੀ ਖਿੱਚੀ ਤਣੀ, ਇਹ-ਕੀ ਓਹ-ਕੀ ਪੁੱਛਣ-ਵਾਲੀ ਹੈਰਾਨੀ ਵਿੱਚ ਬੈਠਾ ਸੀ । ਇਕ ਛੋਟਾ ਪਟਿਆਂ ਕਤਰੇ ਹੋਏ ਵਾਲਾ ਬੱਚਾ ਓਸ ਪਾਸ ਆਇਆ, ਤੇ ਉਸ ਨਾਲ ਚੀਕਨੀ ਜਿਹੀ ਆਵਾਜ਼ ਵਿੱਚ ਗੱਲ ਕਰਨ ਲੱਗਾ :–

"ਤੇ ਆਪ ਕੀਹਨੂੰ ਉਡੀਕ ਰਹੇ ਹੋ ਜੀ ?"

ਨਿਖਲੀਊਧਵ ਇਸ ਸਵਾਲ ਤੇ ਹੈਰਾਨ ਹੋਇਆ ਪਰ ਲੜਕੇ ਵਲ ਤਕ ਕੇ, ਤੇ ਉਹਦੇ ਛੋਟੇ ਜੇਹੇ ਫਿਕਰਮੰਦ ਮੂੰਹ ਨੂੰ ਤੇ ਉਹਦੀਆਂ ਅਕਲ ਵਾਲੀਆਂ ਧਿਆਨ ਲਾਣ ਵਾਲੀਆਂ ਅੱਖਾਂ ਜਿਹੜੀਆਂ ਉਸ ਵਿੱਚ ਗੱਡੀਆਂ ਸਨ ਵੇਖ ਕੇ, ਬੜੀ ਸੰਜੀਦਗੀ ਨਾਲ ਉੱਤਰ ਦਿੱਤਾ ਕਿ ਮੈਂ ਇਕ ਆਪਣੀ ਜਾਣ ਪਛਾਣ ਤੀਮੀ ਦੀ ਉਡੀਕ ਵਿੱਚ ਹਾਂ ।

"ਤਾਂ, ਕੀ ਉਹ ਤੇਰੀ ਭੈਣ ਹੈ ?" ਲੜਕੇ ਨੇ ਪੁਛਿਆ ।

"ਨ, ਮੇਰੀ ਭੈਣ ਨਹੀਂ," ਨਿਖਲੀਊਧਵ ਨੇ ਹੈਰਾਨ ਹੋਕੇ ਉੱਤਰ ਦਿੱਤਾ, "ਤੇ ਤੂੰ ਇਥੇ ਕਿਸ ਨਾਲ ਹੈਂ ?" ਉਸ ਮੁੰਡੇ ਥੀਂ ਪੁਛਿਆ ।

"ਮੈਂ ? ਮਾਂ ਨਾਲ–ਉਹ ਇਕ ਮੁਲਕੀ ਕੈਦੀ ਹੈ," ਉਸ ਉੱਤਰ ਦਿਤਾ ।

"ਮੇਰੀ ਪਾਵਲੋਵਨਾ !! ਕੋਲਿਆ ਨੂੰ ਲੈ ਜਾ," ਇਨਸਪੈਕਟਰ ਨੇ ਕਹਿਆ, ਇਹ ਸੋਚ ਕੇ ਕਿ ਨਿਖਲੀਊਧਵ ਦਾ ਮੁੰਡੇ ਨਾਲ ਇਉਂ ਗੱਲਾਂ ਕਰਨਾ ਕਵਾਇਦ ਦੇ ਬਰਖ਼ਲਾਫ਼ ਸੀ ।

**ਮੇਰੀ ਪਾਲੋਵਨਾ,** ਓਹ ਸੋਹਣੀ ਕੁੜੀ ਜਿਸ **ਨਿਖਲੀਊਧਵ** ਦਾ ਧਿਆਨ ਆਪਣੇ ਵਲ ਖਿਚਿਆ ਸੀ, ਉੱਠੀ ਲੰਮੀ ਤੇ ਸਿੱਧੀ। ਤੇ ਪੀਡੇ ਮਰਦਾਂ ਵਾਲੇ ਕਦਮ ਪਾਂਦੀ **ਨਿਖਲੀਊਧਵ** ਤੇ ਉਸ ਮੁੰਡੇ ਵਲ ਆਈ।

"ਆਪ ਨੂੰ ਇਹ ਕੀ ਪੁਛ ਰਹਿਆ ਹੈ—ਆਪ ਕੌਣ ਹੋ ?" ਉਸ ਪੁਛਿਆ ਤੇ ਨਰਮ ਜੇਹੀ ਮੁਸਕਰਾਈ ਤੇ ਉਹਦੇ ਮੂੰਹ ਵਲ ਸਿੱਧੀ ਤੱਕਣ ਲਗ ਗਈ—ਉਹਾ ਕੋਮਲ ਤੇ ਦਿੱਖਵਾਲੀਆਂ ਅੱਖਾਂ ਇਕ ਭਰੋਸਾ ਭਰੀ ਨਿਗਾਹ ਨਾਲ ਓਸ ਵਲ ਤੱਕਣ ਲਗ ਗਈਆਂ, ਤੇ ਇਸ ਸਾਦਗੀ ਨਾਲ ਉਸ ਤੱਕਿਆ ਕਿ ਇਸ ਵਿਚ ਕੁਛ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ ਕਿ ਭਾਵੇਂ ਉਹ ਕੋਈ ਸੀ ਤੇ ਜਿਥੇ ਸੀ, ਉਹ ਹਰ ਇਕ ਨੂੰ ਭੈਣ ਦੇ ਤੁਲਜ ਲਗਦੀ ਸੀ।

"ਇਹ ਸ਼ਤੂੰਗੜਾ ਸਭ ਕੁਛ ਜਾਣਨਾ ਚਾਹੁੰਦਾ ਹੈ," ਉਸ ਕਹਿਆ ਤੇ ਲਾਡ ਕਰਦੀ ਮੁੰਡੇ ਵਲ ਬੜੀ ਹੀ ਮਿੱਠੀ ਤੇ ਮਿਹਰਬਾਨ ਤਰਾਂ ਇਉਂ ਹੱਸੀ ਕਿ ਦੋਵੇਂ, ਓਹ ਮੁੰਡਾ ਤੇ **ਨਿਖਲੀਊਧਵ,** ਇਹਦੀ ਹੱਸੀ ਦੇ ਜਵਾਬ ਵਿਚ ਬਿਨਾ ਖਿੜਨ ਤੇ ਹੱਸਣ ਦੇ ਰਹਿ ਹੀ ਨਹੀਂ ਸਨ ਸਕਦੇ।

"ਇਹ ਮੈਨੂੰ ਪੁਛਦਾ ਸੀ ਕਿ ਮੈਂ ਕਿਹਨੂੰ ਮਿਲਣ ਆਇਆ ਹਾਂ।"

"**ਮੇਰੀ ਪਾਵਲੋਵਨਾ!** ਤੈਨੂੰ ਪਤਾ ਹੀ ਹੈ ਕਿ ਓਪਰਿਆਂ ਨਾਲ ਗੱਲਾਂ ਕਰਨੀਆਂ ਕਾਇਦਿਆਂ ਦੇ ਬਰਖ਼ਲਾਫ਼ ਹੈ, ਤੂੰ

ਜਾਣਨੀ ਹੈਂ ਕਿ ਇਹ ਇਉਂ ਹੈ'', ਇਨਸਪੈਕਟਰ ਨੇ ਕਹਿਆ।

''ਬਹੁਤ ਅੱਛਾ! ਬਹੁਤ ਅੱਛਾ'', ਉਸ ਕਹਿਆ ਤੇ ਕੋਲਿਆ ਨੂੰ ਆਪਣੇ ਵਡੇ ਹਥ ਵਿਚ ਫੜ ਕੇ ਵਾਪਸ ਉਸ ਤਪਦਿੱਕ ਵਾਲੇ ਨੌ ਜਵਾਨ ਦੀ ਮਾਂ ਦੇ ਪਾਸ ਚਲੀ ਗਈ–ਤੇ ਕੋਲਿਆ ਉਹਦੇ ਮੂੰਹ ਉੱਪਰ ਨੀਝ ਲਾ ਤੱਕਦਾ ਰਿਹਾ।

''ਇਹ ਨਿਕਾ ਬਾਲਕ ਕੌਣ ਹੈ?'' ਨਿਖਲੀਊਧਵ ਨੇ ਇਨਸਪੈਕਟਰ ਪਾਸੋਂ ਪੁਛਿਆ।

''ਇਹਦੀ ਮਾਂ ਮੁਲਕੀ ਕੈਦੀ ਹੈ–ਤੇ ਇਹ ਬਾਲਕ ਕੈਦ ਖਾਨੇ ਵਿਚ ਹੀ ਜੰਮਿਆ ਹੈ'', ਇਨਸਪੈਕਟਰ ਨੇ ਇਕ ਪਸੰਦ ਆਈ ਗੱਲ ਦੀ ਸੁਰ ਵਿਚ ਕਹਿਆ ਜਿਵੇਂ ਉਹ ਖੁਸ਼ ਹੋਇਆ ਕਿ ਉਹਦਾ ਮਹਿਕਮਾ ਕਿੰਨਾ ਅੱਛਾ ਹੈ।

''ਕੀ ਇਹ ਮੁਮਕਿਨ ਹੈ?''

''ਹਾਂ–ਤੇ ਹੁਣ ਉਹ ਆਪਣੀ ਮਾਂ ਨਾਲ ਸਾਈ-ਬੇਰੀਆ ਜਾ ਰਹਿਆ ਹੈ।''

''ਤੇ ਉਹ ਜਵਾਨ ਲੜਕੀ?''

''ਮੈਂ ਆਪ ਦੇ ਸਵਾਲਾਂ ਦਾ ਉੱਤਰ ਨਹੀਂ ਦੇ ਸੱਕਦਾ,'' ਇਨਸਪੈਕਟਰ ਨੇ ਮੋਂਢੇ ਉੱਤੇ ਖਿੱਚ ਕੇ ਮਾਰੇ ''ਨਾਲੇ ਲੋ! ਇਹ ਜੇ ਦੁਖੋਵਾ!''

## ਕਾਂਡ ੫੫

ਕਮਰੇ ਦੇ ਪਿੱਛੋਂ ਦੇ ਇਕ ਦਰਵਾਜ਼ੇ ਵਿੱਚ ਦੀ **ਵੇਰਾ ਦੁਖੋਵਾ** ਗੀਂਘਦੀ ਜੇਹੀ ਟੋਰ ਨਾਲ ਅੰਦਰ ਆਈ, ਪਤਲੀ ਤੇ ਪੀਲੀ ਸੀ ਪਰ ਉਹਦੀਆਂ ਅੱਖਾਂ ਮੋਟੀਆਂ ਤੇ ਮਿਹਰਬਾਨ ਸਨ।

"ਆਪ ਦੇ ਆਉਣ ਦੀ ਮੈਂ ਧੰਨਵਾਦੀ ਹਾਂ," **ਨਿਖਲੀ-ਊਧਵ** ਦਾ ਹੱਥ ਆਪਣੇ ਹੱਥ ਵਿੱਚ ਲੈ ਕੇ ਓਸ ਕਹਿਆ, "ਆਪ ਨੂੰ ਮੈਂ ਯਾਦ ਭੀ ਆਈ ਹਾਂ ? ਆਓ, ਬਹਿ ਜਾਈਏ।"

"ਮੈਨੂੰ ਤੈਨੂੰ ਇਥੇ ਇਸ ਤਰ੍ਹਾਂ ਮਿਲਣ ਦਾ ਕੋਈ ਖਾਬ ਖਿਆਲ ਹੀ ਨਹੀਂ ਸੀ।"

"ਉਹ ! ਮੈਂ ਇਥੇ ਬੜੀ ਖੁਸ਼ੀ ਹਾਂ–ਅਨੰਦ ਮੰਗਲ, ਮੈਂ ਚਾ ਭਰੀ ਹਾਂ, ਮੈਨੂੰ ਕੋਈ ਚਾਹਨਾ ਨਹੀਂ," **ਵੇਰਾ ਦੁਖੋਵਾ** ਨੇ ਆਪਣੀਆਂ ਵੱਡੀਆਂ ਮਿਹਰਬਾਨ ਗੋਲ ਅੱਖਾਂ ਜਿਨ੍ਹਾਂ ਵਿੱਚ ਮਾਮੂਲੀ ਤ੍ਰੇਹਿਣ ਜੇਹੇ ਦਾ ਰੰਗ ਸੀ **ਨਿਖਲੀਊਧਵ** ਵਿੱਚ ਗਡ ਕੇ ਕਹਿਆ ਤੇ ਆਪਣੀ ਪਤਲੀ ਪਰ ਪਤੀਲੀ ਗਰਦਨ ਨੂੰ ਮਰੋੜ ਰਹੀ ਸੀ ਜਿਹਨੂੰ ਉਹਦੀ ਮੈਲੀ ਕਮੀਜ਼ ਦਾ ਮੈਲਾ ਮਰੋੜਿਆ ਮਰਾੜਿਆ ਬਦਸ਼ਕਲ ਕਾਲਰ ਲਪੇਟ ਰਿਹਾ ਸੀ।

**ਨਿਖਲੀਊਧਵ** ਨੇ ਪੁਛਿਆ ਕਿ ਓਹ ਕਿਸ ਤ੍ਰਾਂ

ਕੈਦ ਹੋਈ ਸੀ। ਜਵਾਬ ਵਿੱਚ ਉਹ ਬੜੇ ਜੋਸ਼ ਨਾਲ ਆਪਣੀ ਸਾਰੀ ਕਹਾਣੀ ਦੱਸਣ ਲੱਗ ਪਈ। ਓਹਦੀ ਕਥਨੀ ਵਿੱਚ ਕਈ ਇਕ ਖਾਸ ਅਰਥਾਂ ਵਾਲੇ (ਇਸਤਲਾਹੀ) ਸ਼ਬਦ ਸਨ ਜਿਵੇਂ **ਪ੍ਰਾਪੇਗੈਂਡਾ** (ਲੋਕਾਂ ਵਿੱਚ ਕਿਸੀ ਮਸਲੇ ਦਾ ਜਾ ਕੇ ਖੁਲ੍ਹਾ ਛਾਪੇ ਆਦਿ ਦੇ ਰਾਹੀਂ ਪ੍ਰਚਾਰ ਕਰਨਾ), **ਡਿਸਔਰਗੈਨੀ-ਜ਼ੇਸ਼ਨ** (ਕਿਸੀ ਬਣੀ ਬਣਤਰ ਨੂੰ ਤੋੜ ਕੇ ਤਿਤਰ ਬਿਤਰ ਕਰਨਾ), **ਸੋਸ਼ਲ ਗਰੁਪ** (ਲੋਕਾਂ ਦੇ ਟੋਲੇ), **ਸੈਕਸ਼ਨ** ਤੇ **ਸਬਸੈਕਸ਼ਨ** (ਗਰੂਪਾਂ ਦੇ ਵਾਂਡਵੇਂ ਹਿੱਸੇ ਤੇ ਹੋਰ ਛੋਟੇ ਹਿੱਸੇ), ਜਿਨ੍ਹਾਂ ਸ਼ਬਦਾਂ ਦਾ ਉਹਨੂੰ ਖਿਆਲ ਸੀ ਕਿ ਸਭ ਕੋਈ ਜਾਣੂ ਹੈ–ਪਰ **ਨਿਖਲੀਊਧਵ** ਨੇ ਇਹ ਲਫਜ਼ ਕਦੀ ਵੀ ਨਹੀਂ ਸਨ ਸੁਣੇ। ਉਸਨੇ ਉਹਨੂੰ **ਨਾਰੋਦੋਵੋਲਸਤੋਵ** (ਇਕ "ਲੋਕਾਂ ਦੀ ਆਜ਼ਾਦੀ" ਨਾਮ ਦੀ ਬਾਗ਼ੀ ਤਹਿਰੀਕ) ਦੇ ਕੁਲ ਭੇਤ ਦੱਸੇ, ਸਾਫ ਸੀ ਕਿ ਇਹ ਮਨ ਰਹੀ ਸੀ ਕਿ **ਨਿਖਲੀਊਧਵ** ਇਹ ਗੱਲਾਂ ਸੁਣ ਕੇ ਖੁਸ਼ ਹੋ ਰਹਿਆ ਹੋਸੀ। **ਨਿਖਲੀਊਧਵ** ਤਾਂ ਓਹਦੀ ਮਾੜੀ ਲਿੱਸੀ ਗਰਦਨ ਵਲ, ਓਹਦੇ ਬਿਖਰੇ ਅਣ-ਕਤਰੇ ਤੇ ਅਣਵਾਹੇ ਵਾਲਾਂ ਵਲ ਦੇਖ ਰਹਿਆ ਸੀ ਤੇ ਹੈਰਾਨ ਹੋ ਰਹਿਆ ਸੀ ਕਿ ਇਹ ਕੁੜੀ ਇਹੋ ਜੇਹੀਆਂ ਕਰਤੂਤਾਂ ਕਿਉਂ ਕਰਦੀ ਰਹੀ ਹੈ ਤੇ ਹੁਣ ਉਹ ਓਹਨੂੰ ਸਾਰੀਆਂ ਗੱਲਾਂ ਕਿਉਂ ਦੱਸ ਰਹੀ ਹੈ। ਓਹਨੂੰ ਇਸ ਉੱਪਰ ਵੀ

ਤਰਸ ਆਇਆ, ਪਰ ਓੱਨਾਂ ਨਹੀਂ ਜਿੰਨਾ **ਮੈਨਸ਼ੋਵਾਂ** ਉੱਪਰ, ਓਹ ਕਿਸਾਨ ਬੰਦੇ ਜੇਹੜੇ ਬਿਨਾ ਕਿਸੀ ਅਪਰਾਧ ਦੇ ਜੇਲ ਵਿੱਚ ਡੱਕੇ ਪਏ ਸਨ। ਇਹ ਤੀਮੀਂ ਤਾਂ ਇਸ ਲਈ ਤਰਸ ਜੋਗ ਸੀ ਕਿ ਇਹਦੇ ਦਿਮਾਗ ਵਿੱਚ ਇਕ ਖਲਬਲੀ ਮੱਚੀ ਹੋਈ ਸੀ। ਇਹ ਸਾਫ ਸੀ ਕਿ ਓਹ ਆਪਣੇ ਆਪ ਨੂੰ ਇਕ ਸੂਰਮੱਤਾ ਭਰੀ ਤੀਮੀਂ ਸਮਝ ਰਹੀ ਸੀ ਕਿ ਓਹ ਆਪਣੇ ਮੰਨੇ ਮਨੋਰਥ ਲਈ ਆਪਣੀ ਜਾਨ ਤਕ ਕੁਰਬਾਨ ਕਰਨ ਨੂੰ ਤਿਆਰ ਸੀ; ਤਾਂ ਵੀ ਓਹ ਕਿਸੀ ਨੂੰ ਦੱਸ ਸੱਕਣ ਦੇ ਉੱਕੀ ਕਾਬਿਲ ਨਹੀਂ ਸੀ ਕਿ ਉਹਦਾ ਮੰਨਿਆ ਧਰਮ ਕੀ ਹੈ ਤੇ ਓਹਦੀ ਫਤਹਿ ਕਿਸ ਗੱਲ ਵਿੱਚ ਹੈ ਸੀ।

ਓਹ ਕੰਮ ਜਿਸ ਲਈ **ਵੇਰਾ ਦੁਖੋਵਾ ਨਿਖਲੀ-ਊਧਵ** ਨੂੰ ਮਿਲਣਾ ਚਾਹ ਰਹੀ ਸੀ—ਇਹ ਸੀ :—ਓਹਦੀ ਇਕ ਦੋਸਤ, ਇਕ ਲੜਕੀ **ਸ਼ੁਸਤੋਵਾ** ਨਾਮ ਦੀ ਜਿਹੜੀ ਇਨ੍ਹਾਂ ਦੀ ਬਣੀ ਸੁਸੈਟੀ ਦੀ ਕਿਸੇ **ਸਬਸੈਕਸ਼ਨ** ਦੀ ਵੀ ਮੈਂਬਰ ਨਹੀਂ ਸੀ, ਪੰਜ ਮਹੀਨੇ ਹੋਏ ਸਨ ਫੜੀ ਗਈ ਸੀ ਤੇ **ਪੈਤਰੋ-ਪਾਵਲੋਵਸਕੀ** ਦੇ ਕਿਲੇ ਵਿੱਚ ਕੈਦ ਸੀ, ਕਿਉਂਕਿ ਉਸ ਪਾਸੋਂ ਕੁਛ ਐਸੀਆਂ ਕਿਤਾਬਾਂ ਤੇ ਕਾਗਜ਼ ਮਿਲੇ ਸਨ ਜਿਹੜੇ ਸਰਕਾਰ ਨੇ ਵਰਜਿਤ ਕੀਤੇ ਹੋਏ ਸਨ (ਤੇ ਜੇਹੜੇ ਕਾਗਜ਼ ਉਸ ਕੁੜੀ ਪਾਸ ਹੋਰ ਕੋਈ ਲੋਕੀ ਰੱਖ ਗਏ ਸਨ)। ਤੇ **ਦੁਖੋਵਾ** ਆਪਣੇ ਆਪ

ਨੂੰ ਉਹਦੇ ਫੜੇ ਜਾਣ ਵਿੱਚ ਇਕ ਕਾਰਨ ਸਮਝਦੀ ਸੀ ਤੇ ਨਿਖਲੀਊਧਵ ਦੀ ਓਹ ਮਿੰਨਤ ਕਰਦੀ ਸੀ, ਕਿਉਂਕਿ ਉਹਦੇ ਤਅੱਲਕ ਵੱਡੇ ਲੋਕਾਂ ਨਾਲ ਸਨ, ਕਿ ਓਹ ਓਹਦੇ ਦੋਸਤ ਦੀ ਮਦਦ ਕਰਕੇ ਓਹਨੂੰ ਰਿਹਾ ਕਰਾ ਦੇਵੇ।

ਇਸ ਥੀਂ ਛੁੱਟ ਦੁਖੋਵਾ ਨੇ ਓਹਨੂੰ ਕਿਹਾ ਕਿ ਓਹ ਕੋਸ਼ਸ਼ ਕਰਕੇ ਓਹਦੇ ਇਕ ਹੋਰ ਦੋਸਤ ਗੂਰਕੇਵਿਚ (ਜਿਹੜਾ ਓਸੇ ਪੈਤਰੋਪਾਵਲੋਵਸਕੀ ਦੇ ਕਿਲੇ ਵਿੱਚ ਕੈਦ ਸੀ)ਨੂੰ ਇਜਾਜ਼ਤ ਦਿਵਾ ਦੇਵੇ ਕਿ ਓਹ ਆਪਣੀ ਮਾਂ ਨੂੰ ਮਿਲ ਸਕਿਆ ਕਰੇ, ਤੇ ਕੁਛ ਸਾਇੰਸ ਦੀਆਂ ਕਿਤਾਬਾਂ ਓਹਨੂੰ ਮਿਲ ਸਕਿਆ ਕਰਨ ਜਿਹਦੀ ਓਹਨੂੰ ਆਪਣੀ ਪੜ੍ਹਾਈ ਕਰਨ ਲਈ ਲੋੜ ਸੀ।

ਨਿਖਲੀਊਧਵ ਨੇ ਇਕਰਾਰ ਕੀਤਾ ਕਿ ਓਹ ਜੋ ਕੁਛ ਉਸ ਪਾਸੋਂ ਹੋ ਸਕਿਆ ਕਰੇਗਾ, ਜਦ ਉਹ ਸੈਂਟ ਪੀਟਰਜ਼-ਬਰਗ ਜਾਵੇਗਾ ਤਾਂ–ਉਹਦੀ ਆਪਣੀ ਕਹਾਣੀ ਉਸ ਤੀਵੀਂ ਨੇ ਇਓਂ ਦੱਸੀ :–

ਦਾਈਆਂ ਦੀ ਪੜ੍ਹਾਈ ਦਾ ਕੋਰਸ ਖਤਮ ਕਰਕੇ ਓਹ ਨਾਰੋਦੋਵੋਲਸਕਵੋ ਦੀ ਸੁਸੈਟੀ ਦੇ ਪੈਰੋਕਾਰਾਂ ਦੇ ਇਕ ਟੋਲੇ ਨਾਲ ਮਿਲ ਗਈ ਸੀ। ਪਹਿਲਾਂ ਤਾਂ ਸਭ ਕੰਮ ਕੂਲਾ ਕੂਲਾ ਰਵਾਂ ਰਹਿਆ। ਓਹ ਬਸ ਐਲਾਨ ਕੱਢਦੇ ਹੁੰਦੇ ਸਨ ਤੇ ਕਾਰਖਾ-ਨਿਆਂ ਵਿੱਚ ਪ੍ਰੋਪੇਗੈਂਡਾ ਕਰਨ ਦੇ ਕੰਮ ਵਿੱਚ ਜੁੱਟੇ ਰਹਿੰਦੇ

ਸਨ। ਫਿਰ ਉਨ੍ਹਾਂ ਦੇ ਟੋਲੇ ਦਾ ਇਕ ਸਰਕਰਦਾ ਆਦਮੀ ਫੜਿਆ ਗਇਆ। ਉਨ੍ਹਾਂ ਦੇ ਕਾਗਜ਼ ਪਤ੍ਰ ਕਾਬੂ ਕੀਤੇ ਗਏ ਤੇ ਸਭ ਜਿਨ੍ਹਾਂ ਦਾ ਉਨ੍ਹਾਂ ਨਾਲ ਸੰਬੰਧ ਸੀ ਫੜੇ ਗਏ। "ਮੈਂ ਵੀ ਫੜੀ ਗਈ ਸਾਂ ਤੇ ਹੁਣ ਜਲਾਵਤਨ ਕੀਤੀ ਜਾਵਾਂਗੀ, ਪਰ ਇਹਦੀ ਕੀ ਪ੍ਰਵਾਹ ਹੈ? ਮੈਂ ਅਤਿ ਦੀ ਸੁਖੀ ਹਾਂ, ਅਨੰਦ ਮੰਗਲ ਹੈ," ਉਸ ਆਪਣੀ ਕਹਾਣੀ ਦਾ ਇਓਂ ਇਕ ਦਰਦਨਾਕ ਮੁਸਕਾਰਹਟ ਨਾਲ ਭੋਗ ਪਾਇਆ।

**ਨਿਖਲੀਊਧਵ** ਉਸ ਬੜੀ ਦਿਖ ਵਾਲੀਆਂ ਅੱਖਾਂ ਵਾਲੀ ਬਾਬਤ ਕੁਛ ਪੁਛ ਗਿਛ ਕਰਦਾ ਰਹਿਆ। **ਵੇਰਾ ਦੁਖੋਵਾ** ਨੇ ਓਹਨੂੰ ਦੱਸਿਆ ਕਿ ਓਹ ਇਕ ਜਰਨੈਲ ਦੀ ਧੀ ਹੈ ਤੇ ਓਹ ਬੜਾ ਚਿਰ ਇਕ ਬਾਗ਼ੀ ਪਾਰਟੀ ਨਾਲ ਲੱਗੀ ਰਹੀ ਸੀ ਤੇ ਫਿਰ ਇਕ ਪੁਲਸੀਏ ਨੂੰ ਗੋਲੀ ਨਾਲ ਮਾਰ ਦੇਣ ਦੇ ਅਪਰਾਧ ਵਿਚ, ਜੇਹੜਾ ਜੁਰਮ ਓਸ ਆਪ ਮੰਨ ਲਿਆ ਸੀ, ਕੈਦ ਹੈ। ਕਈ ਖੁਫੀਆਂ ਬਾਗ਼ੀਆਂ ਨਾਲ ਇਕ ਘਰ ਵਿਚ ਰਹਿੰਦੀ ਸੀ ਜਿਥੇ ਉਨ੍ਹਾਂ ਇਕ ਗੁਪਤ ਛਾਪਾਖਾਨਾ ਬਣਾ ਰੱਖਿਆ ਹੋਇਆ ਸੀ। ਇਕ ਰਾਤ ਜਦ ਪੁਲਸ ਨੇ ਇਸ ਘਰ ਦੀ ਤਲਾਸ਼ੀ ਲਈ ਛਾਪਾ ਮਾਰਿਆ, ਓਥੇ ਰਹਿਣ ਵਾਲਿਆਂ ਨੇ ਫੈਸਲਾ ਕੀਤਾ ਕਿ ਓਹ ਆਪਣੇ ਬਚਾ ਵਿਚ ਯਤਨ ਕਰਨਗੇ। ਉਨ੍ਹਾਂ ਦੀਵੇ ਬੁਝਾ ਦਿਤੇ ਤੇ ਉਨ੍ਹਾਂ ਚੀਜ਼ਾਂ ਦਾ ਜਿਨ੍ਹਾਂ ਨੇ ਓਨ੍ਹਾਂ ਨੂੰ ਮੁਜਰਿਮ ਠਹਿਰਾ ਦੇਣਾ ਸੀ, ਖੁਰਾ ਖੋਜ ਮਿਟਾਣ ਲਗ ਪਏ। ਪੋਲੀਸ ਧਿੰਗੋਜ਼ੋਰੀ ਅੰਦਰ ਜਾ ਵੜੀ, ਬਾਗ਼ੀਆਂ ਵਿਚੋਂ ਇਕ ਨੇ ਗੋਲੀ ਚਲਾ ਦਿੱਤੀ ਤੇ ਇਕ ਸਿਪਾਹੀ ਨੂੰ ਕਾਰੇ ਆਈ। ਜਦ ਦਰਯਾਫ਼ਤ ਹੋਈ ਇਸ ਕੁੜੀ ਨੇ ਕਹਿਆ, "ਮੈਂ ਮਾਰੀ

ਸੀ," ਭਾਵੇਂ ਓਹਦੇ ਹਥ ਵਿਚ ਕਦੀ ਵੀ ਤਮਾਂਚਾ ਨਹੀਂ ਸੀ ਹੋਇਆ ਤੇ ਇਕ ਮੱਖੀ ਨੂੰ ਵੀ ਮਾਰਨ ਜੋਗ ਨਹੀਂ ਸੀ-ਪਰ ਓਹ ਆਪਣੇ ਬਿਆਨ ਦੀ ਪੱਕੀ ਰਹੀ ਤੇ ਹੁਣ ਇਹਨੂੰ **ਸਾਈਬੇਰੀਆ-ਜਲਾਵਤਨੀ** ਦੀ ਸਜ਼ਾ ਮਿਲ ਚੁਕੀ ਹੈ।

"ਕੇਹਾ ਪਰਉਪਕਾਰੀ ਉੱਚਾ ਆਚਰਣ ਹੈ," **ਵੇਰਾ ਦਖੋਵਾ** ਨੇ ਓਹਦੀ ਕਮਾਈ ਨੂੰ ਸਲਾਹੁੰਦਿਆਂ ਕਿਹਾ।

**ਵੇਰਾ ਦੁਖੋਵਾ** ਦਾ ਤੀਸਰਾ ਕੰਮ **ਮਸਲੋਵਾ** ਬਾਬਤ ਗਲ ਕਰਨਾ ਸੀ-ਜਿਵੇਂ ਇਹੋ ਜੇਹੀਆਂ ਗੱਲਾਂ ਹਰ ਕਿਸੀ ਦੀਆਂ ਹਰ ਕੋਈ ਕੈਦਖਾਨਿਆਂ ਵਿਚ ਜਾਣ ਜਾਂਦਾ ਹੈ-**ਮਸਲੋਵਾ** ਦੀ ਜ਼ਿੰਦਗੀ ਦੀ ਕਹਾਣੀ ਤੇ ਓਹਦਾ **ਨਿਖਲੀਊਧਵ** ਦਾ ਤਅੱਲਕ ਸਭ ਇਸਨੂੰ ਪਤਾ ਸੀ, ਤੇ ਇਹਨੇ **ਨਿਖਲੀ-ਊਧਵ** ਨੂੰ ਇਹ ਸਲਾਹ ਦਿਤੀ ਕਿ **ਮਸਲੋਵਾ** ਨੂੰ ਉਸ ਕੈਦ ਕੋਠੜੀ ਵਿਚੋਂ ਕਢਾ ਲਵੇ, ਤੇ ਯਾ ਤਾਂ ਮੁਲਕੀ ਕੈਦੀਆਂ ਵਾਲਿਆਂ ਕਮਰਿਆਂ ਵਿਚ ਉਹਦਾ ਬਹਿਣ ਰਹਿਣ ਬਦਲਵਾ ਦੇਵੇ, ਯਾ ਬੀਮਾਰਾਂ ਦੀ ਟਹਿਲ ਕਰਨ ਲਈ ਹਸਪਤਾਲ ਵਿਚ ਨਰਸ ਦੇ ਕੰਮ ਉੱਪਰ ਲਗਵਾ ਦੇਵੇ, ਤੇ ਉਨ੍ਹਾਂ ਦਿਨਾਂ ਵਿਚ ਹਸਪਤਾਲ ਵਿਚ ਬੀਮਾਰ ਬਹੁਤ ਸਨ ਤੇ ਨਰਸਾਂ ਦੀ ਬੜੀ ਲੋੜ ਪਈ ਹੋਈ ਹੈ ਸੀ। **ਨਿਖਲੀਊਧਵ** ਨੇ ਓਹਦੀ ਸਲਾਹ ਦੇਣ ਦਾ ਧੰਨਵਾਦ ਕੀਤਾ ਤੇ ਕਹਿਆ ਕਿ ਉਹ ਐਸਾ ਕਰਨ ਦੀ ਕੋਸ਼ਸ਼ ਕਰੇਗਾ।

## ਕਾਂਡ ਪਣ

ਉਨ੍ਹਾਂ ਦੀ ਹੋ ਰਹੀ ਗਲ ਬਾਤ ਇਨਸਪੈਕਟਰ ਨੇ ਚੁਕ ਦਿੱਤੀ, ਜਿਸਨੇ ਉੱਠਕੇ ਇਹ ਕਹਿ ਦਿਤਾ ਸੀ ਕਿ ਬੱਸ ਵਕਤ ਹੋ ਗਇਆ ਹੈ ਤੇ ਕੈਦੀ ਤੇ ਉਨ੍ਹਾਂ ਦੇ ਦੋਸਤ ਹੁਣ ਜੁਦਾ ਹੋ ਜਾਣ।

ਨਿਖਲੀਊਧਵ ਨੇ ਵੇਰਾ ਦੂਖੋਵਾ ਥੀਂ ਛੁਟੀ ਲਈ ਤੇ ਦਰਵਾਜ਼ੇ ਵਲ ਜਾਕੇ ਉਥੇ ਠਹਿਰ ਗਇਆ। ਵੇਖਣ ਲਗ ਪਇਆ ਕਿ ਕੀ ਪਇਆ ਹੁੰਦਾ ਸੀ।

"ਭਲੇ ਪੁਰਖੋ! ਵਕਤ ਹੋ ਚੁਕਾ ਜੇ! ਵਕਤ ਹੋ ਚੁਕਾ ਜੇ," ਇਨਸਪੈਕਟਰ ਨੇ ਕਦੀ ਉੱਠਕੇ ਤੇ ਮੁੜ ਕਦੀ ਬਹਿਕੇ ਕਹਿਆ।

ਕਈ ਤਾਂ ਇਸ ਉੱਪਰ ਇਕ ਦੂਜੇ ਪਾਸੋਂ ਵਿਛੜਨ ਲਗ ਪਏ ਸਨ। ਉਹ ਮਾਂ ਤੇ ਓਹਦਾ ਤਪਦਿਕ ਦਾ ਬੀਮਾਰ ਨੌਜਵਾਨ ਪੁਤਰ—ਦੋਹਾਂ ਨੂੰ ਵਿਛੜਦਿਆਂ ਦੇਖਕੇ ਬੜਾ ਹੀ ਤਰਸ ਆਉਂਦਾ ਸੀ। ਓਹ ਨੌਜਵਾਨ ਆਪਣੇ ਹਥ ਵਿਚ ਓਹੋ ਕਾਗਤ ਮਰੋੜਦਾ ਮਰਾੜਦਾ ਸੀ ਤੇ ਮੂੰਹ ਉੱਪਰ ਗੁੱਸਾ ਸੀ, ਤੇ ਓਹ ਆਪਣੇ ਉੱਪਰ ਜ਼ਬਤ ਕਰਨ ਦੀ ਬੜੀ ਕੋਸ਼ਸ਼ ਕਰ ਰਹਿਆ ਸੀ ਕਿ ਕਿਧਰੇ ਉਹਦੀ ਮਾਂ ਦੀਆਂ ਭੁੱਬਾਂ ਓਹਨੂੰ ਨ ਰਵਾ ਦੇਣ। ਮਾਂ ਨੇ ਇਹ ਸੁਣਕੇ ਕਿ ਹੁਣ ਵਿਛੜਨ ਦਾ ਵਕਤ ਹੈ ਆਪਣ ਸਿਰ ਓਹਦੇ ਮੋਢੇ ਤੇ ਰਖ ਦਿਤਾ ਤੇ ਭੁੱਬਾਂ ਮਾਰਕੇ ਰੋਣ ਲਗ ਪਈ। ਡੁਸਕੇ ਭਰ ਰਹੀ ਸੀ ਤੇ ਨੱਕ ਵਿਚੋਂ ਰੋਂਦਿਆਂ ਰੋਂਦਿਆਂ

ਸੂੰਘਣ ਵਾਂਗ ਸਾਹ ਲੈ ਰਹੀ ਸੀ। ਉਹ ਮੋਟੀ ਲੜਕੀ, ਸੋਹਣੀਆਂ ਕੋਮਲ ਤੇ ਮੇਹਰਬਾਨ ਅੱਖਾਂ ਵਾਲੀ, ਰੋਂਦੀ ਮਾਂ ਦੇ ਸਾਹਮਣੇ ਖੜੀ ਸੀ ਤੇ ਓਹਨੂੰ ਕੋਈ ਚੈਨ ਦੇਣਦਾ ਉਪਰਾਲਾ ਕਰ ਰਹੀ ਸੀ। ਬੁੱਢਾ ਨੀਲੀਆਂ ਐਨਕਾਂ ਵਾਲਾ ਆਦਮੀ ਵੀ ਆਪਣੀ ਲੜਕੀ ਦਾ ਹਥ ਫੜ ਕੇ ਖੜਾ ਸੀ, ਤੇ ਜੋ ਕੁਛ ਓਹ ਕਹਿ ਰਹੀ ਸੀ ਆਪਣਾ ਸਿਰ ਹਿਲਾਕੇ ਉਹਦਾ ਜਵਾਬ ਦੇ ਰਹਿਆ ਸੀ। ਓਹ ਜਵਾਨ ਪਿਆਰੂਏ ਵੀ ਉੱਠ ਖਲੋਤੇ ਤੇ ਇਕ ਦੂਜੇ ਦੇ ਹਥ ਫੜੇ, ਇਕ ਦੂਜੇ ਵਲ ਚੁਪ ਟੱਕ ਬੰਨ੍ਹੀ ਦੇਖ ਰਹੇ ਸਨ।

"ਬਸ ਏਹ ਦੋਵੇਂ ਕੇਹੇ ਚਾ ਵਿਚ ਹਨ," ਇਕ ਨੌਜਵਾਨ ਨੇ, ਜਿਸ ਛੋਟਾ ਜੇਹਾ ਕੋਟ ਪਾਇਆ ਹੋਇਆ ਸੀ ਤੇ ਨਿਖਲੀ-ਊਧਵ ਦੇ ਮੁੱਢ ਖੜਾ ਸੀ, ਤੇ ਜਦ ਉਸਨੇ ਇਨ੍ਹਾਂ ਸਾਰਿਆਂ ਵਿਛੜਨ ਵਾਲਿਆਂ ਨੂੰ ਦੇਖ ਦੇਖ ਉਨ੍ਹਾਂ ਦੋਹਾਂ ਪਿਆਰੂਆਂ ਵਲ ਵੇਖਿਆ, ਓਨ੍ਹਾਂ ਵਲ ਇਸ਼ਾਰਾ ਕਰਕੇ ਕਹਿਆ।

**ਨਿਖਲੀਊਧਵ** ਤੇ ਉਸ ਨੌਜਵਾਨ ਦੀਆਂ ਅੱਖਾਂ ਆਪਣੇ ਉਪਰ ਗੱਡੀਆਂ ਪ੍ਰਤੀਤ ਕਰਕੇ, ਉਨ੍ਹਾਂ ਪਿਆਰੂਆਂ ਨੇ—ਨੌਜਵਾਨ ਗਭਰੂ ਰਬਰ-ਕੋਟ ਵਾਲਾ ਤੇ ਓਹਦੀ ਸੋਹਣੀ ਕੁੜੀ—ਦੋਹਾਂ ਨੇ ਆਪਣੀਆਂ ਬਾਹਾਂ ਪਸਾਰ ਲਈਆਂ ਤੇ ਇਕ ਦੂਜੇ ਵਿੱਚ ਹਥਾਂ ਦੀਆਂ ਉਂਗਲੀਆਂ ਫਸਾਈਆਂ, ਇਕ ਗੋਲ ਚੱਕਰ ਜੇਹਾ ਬੰਨ੍ਹ ਨੱਚਣ ਲਗ ਗਏ।

"ਅਜ ਰਾਤੀਂ ਜੇਲ ਵਿਚ ਹੀ ਇਨ੍ਹਾਂ ਦੋਹਾਂ ਦਾ ਕਾਜ ਹੋਣਾ ਹੈ ਤੇ ਇਹ ਕੁੜੀ ਓਹਦੇ ਪਿੱਛੇ **ਸਾਈਬੇਰੀਆ** ਜਾਏਗੀ," ਨੌਜਵਾਨ ਨੇ ਕਹਿਆ।

"ਇਹ ਕੀ ਕੰਮ ਕਰਦਾ ਹੈ ?"

"ਇਕ ਕੈਦੀ, ਇਕ ਕਾਨਵਿਕਟ ਜਿਹਨੂੰ ਜਲਾ-ਵਤਨੀ ਤੇ ਸਖਤ ਮੁਸ਼ੱਕਤ ਦੀ ਸਜ਼ਾ ਹੋ ਚੁਕੀ ਹੈ। ਇਨ੍ਹਾਂ ਦੋਹਾਂ ਨੂੰ ਘਟੋ ਘਟ ਅਨੰਦ ਲੈ ਲੈਣ ਦਿਓ—ਹਾਏ ਇਨ੍ਹਾਂ ਨੂੰ ਨਿਖੇੜ ਦੇਣਾ ਕਿੰਨਾ ਹੀ ਸਿਤਮ ਹੈ," ਨੌਜਵਾਨ ਨੇ ਹੋਰ ਕਹਿਆ ਜਦ ਕਿ ਓਹ ਉਸ ਤਪਦਿਕ ਵਾਲੇ ਦੀ ਮਾਂ ਦੀਆਂ ਭੁੱਬਾਂ ਦੀ ਆਵਾਜ਼ ਦੂਜੇ ਪਾਸੇ ਸੁਣ ਰਹਿਆ ਸੀ।

"ਹੁਣ ਮੇਰੇ ਚੰਗੇ ਬੰਦਿਓ! ਮਿਹਰਬਾਨੀ ਕਰਕੇ, ਮਿਹਰ-ਬਾਨੀ ਕਰਕੇ ਮੈਨੂੰ ਕੜੇ ਰਵਈਏ ਵਰਤਨ ਦੀ ਲੋੜ ਨ ਪਵਾਓ।" ਇਨਸਪੈਕਟਰ ਨੇ ਆਪਣੇ ਇਹ ਲਫਜ਼ ਕਈ ਵੇਰੀ ਦੁਹਰਾਏ। "ਮਿਹਰਬਾਨੀ ਕਰੋ!" ਓਸ ਮਾੜੀ ਜੇਹੀ ਅਟਕਦੀ ਆਵਾਜ਼ ਵਿੱਚ ਫਿਰ ਕਹਿਆ, "ਹੁਣ ਵਕਤ ਸਿਰੇ ਚੜ੍ਹ ਚੁਕਾ ਹੈ, ਤੁਹਾਡਾ ਕੀ ਮਤਲਬ ਹੈ! ਇਹੋ ਜੇਹੀ ਕਾਰਵਾਈ ਨਾ ਮੁਮਕਿਨ ਹੈ!.........ਮੈਂ ਹੁਣ ਤੁਹਾਨੂੰ ਆਖਰੀ ਵੇਰ ਕਹਿ ਰਹਿਆ ਜੇ! ਸੁਣੋ ਸੁਣੋ," ਓਸ ਥੱਕੀ ਜੇਹੀ ਆਵਾਜ਼ ਵਿੱਚ ਕਹਿਆ, ਆਪਣੀ ਸਿਗਰਟ ਇਕ ਬੁਝਾਈ, ਦੂਜੀ ਜਗਾਈ।

ਸਾਫ ਸੀ ਕਿ ਭਾਵੇਂ ਓਹ ਰਵਈਏ, ਜਿਨ੍ਹਾਂ ਦੇ ਪ੍ਰਚਲਤ ਕਰਨ ਨਾਲ ਮਨੁਖ, ਬਿਨਾਂ ਆਪਣੀ ਜ਼ਾਤੀ ਜ਼ਿਮੇਵਾਰੀ ਮਹਿਸੂਸ ਕਰਨ ਦੇ, ਦੂਜਿਆਂ ਨਾਲ ਬੁਰਾਈ ਕਰਦੇ ਚਲੇ ਜਾਂਦੇ ਹਨ, ਐਸੇ ਪੇਚ ਖੇਡਣ ਵਾਲੇ, ਪੁਰਾਣੇ ਤੇ ਆਮ ਹੋ ਰਹੇ ਸਨ, ਤਾਂ ਵੀ ਇਨਸਪੈਕਟਰ ਆਪਣੇ ਅੰਦਰ ਗ਼ਰੀਬਾਨ ਵਿੱਚ ਇਹ ਮਹਿਸੂਸ ਕਰਨ ਥੀਂ ਰੁਕ ਨਹੀਂ ਸੀ ਸਕਦਾ ਕਿ ਓਹ ਆਪ ਉਨ੍ਹਾਂ ਮੁਜਰਿਮਾਂ ਵਿੱਚੋਂ ਇਕ ਹੈ ਜਿਹੜੇ ਦੁਨੀਆਂ

ਵਿੱਚ ਇੰਨਾ ਕਲੇਸ਼ ਤੇ ਦੁਖ ਤੇ ਦਰਦ ਤੇ ਗ਼ਮ ਤੇ ਫ਼ਿਰਾਕ ਪੈਦਾ ਕਰ ਰਹੇ ਹਨ, ਜੈਸਾ ਕਿ ਅੱਜ ਇਸ ਕਮਰੇ ਵਿੱਚ ਸਾਹਮਣੇ ਦਿਸ ਰਹਿਆ ਸੀ—ਤੇ ਇਹ ਜ਼ਾਹਰ ਹੋ ਰਹਿਆ ਸੀ ਕਿ ਇਹ ਗੱਲ ਓਹਨੂੰ ਬੜਾ ਹੀ ਦਿਲ ਦੁਖਾਵਾਂ ਅਸਰ ਕਰ ਰਹੀ ਸੀ।

ਆਖਰ ਕੈਦੀ ਤੇ ਉਨ੍ਹਾਂ ਦੇ ਸੰਬੰਧੀ ਆਪੇ ਵਿੱਚ ਦੀ ਜੁਦਾ ਹੋ ਹੀ ਗਏ—ਕੈਦੀ ਤਾਂ ਅੰਦਰ ਦੇ ਦਰਵਾਜ਼ੇ ਵਿੱਚ ਦੀ ਅੰਦਰ ਚਲੇ ਗਏ ਤੇ ਦੂਜੇ ਬਾਹਰ ਦੇ ਦਰਵਾਜ਼ੇ ਰਾਹੀਂ ਵਗ ਗਏ। ਓਹ ਰਬਰ ਵਾਲੀ ਜੈਕਟਾਂ ਵਾਲੇ ਆਦਮੀ ਤੇ ਓਹ ਤਪਦਿਕ ਵਾਲਾ ਗਭਰੂ ਤੇ ਇਹ ਬੈਰਾਨਿਆਂ ਜੇਹਾ ਆਦਮੀ ਸਾਰੇ ਬਾਹਰ ਚਲੇ ਗਏ। ਮੇਰੀ ਪਾਵਲੋਵਨਾ ਵੀ ਓਸ ਮੁੰਡੇ ਨੂੰ ਨਾਲ ਲਿਆ ਹੋਇਆਂ, ਜਿਹੜਾ ਕੈਦਖਾਨੇ ਵਿੱਚ ਜੰਮਿਆ ਸੀ, ਚਲੀ ਗਈ। ਏਵੇਂ ਦੇਖਣ ਵਾਲੇ ਆਏ ਬੰਦੇ ਵੀ ਤੁਰ ਗਏ। ਓਹ ਬੁਢਾ ਆਦਮੀ ਨੀਲੀਆਂ ਐਨਕਾਂ ਵਾਲਾ, ਆਪਣੇ ਬੜੇ ਭਾਰੇ ਹੋਏ-ਕਦਮ ਚੱਕਦਾ, ਨਿਖਲੀਊਧਵ ਦੇ ਪਿੱਛੇ ਪਿੱਛੇ ਨਿਕਲਿਆ।

"ਇਹ ਚੀਜ਼ਾਂ ਦੀ ਕੇਹੀ ਅਜੀਬ ਜੇਹੀ ਹਾਲਤ ਹੈ," ਉਸ ਗਲੋਖੜ ਜੇਹੇ ਨੌਜਵਾਨ ਨੇ ਆਪਣੀ ਟੁੱਕੀ ਗਈ ਗਲ ਮੁੜ ਸ਼ੁਰੂ ਕਰ ਦਿਤੀ, ਜਿਵੇਂ ਉਹ ਨਿਖਲੀਊਧਵ ਦੇ ਨਾਲ ਨਾਲ ਪੌੜੀਆਂ ਉੱਪਰ ਉਤਰ ਰਹਿਆ ਸੀ, "ਤਾਂ ਵੀ ਇਨਸਪੈਕਟਰ ਲਈ ਸਾਡਾ ਸ਼ੁਕਰਗੁਜ਼ਾਰ ਹੋਣ ਲਈ ਦਲੀਲ ਹੈ, ਜਿਸ ਸਾਡੀ ਖਾਤਰ ਕਾਇਦਿਆਂ ਦੀ ਪੂਰੀ ਪਾਬੰਧੀ ਨਹੀਂ ਕੀਤੀ, ਬੜਾ ਦਾਇਆਵਾਨ ਪੁਰਸ਼ ਜੇ, ਆਖਰ

ਜਦ ਇਹ ਲੋਕ ਆਪੋ ਵਿਚ ਮਿਲਕੇ ਕੁਛ ਗਲ ਬਾਤ ਕਰ ਲੈਂਦੇ ਹਨ ਤਦ ਇਨ੍ਹਾਂ ਨੂੰ ਕੁਛ ਨਾ ਕੁਛ ਤਾਂ ਚੈਨ ਪੈ ਹੀ ਜਾਂਦੀ ਹੈ।''

ਇਸ ਨੌਜਵਾਨ ਨਾਲ ਗੱਲਾਂ ਕਰਦਿਆਂ, ਜਿਸ ਆਪਣਾ ਨਾਂ **ਮੇਦੀਂਤਸੇਵ** ਦਸਕੇ ਵਾਕਫੀ ਪਾ ਹੀ ਲਈ ਸੀ, **ਨਿਖਲੀਊਧਵ** ਹਾਲ ਤਕ ਪਹੁੰਚ ਗਇਆ।

ਓਥੇ ਇਨਸਪੈਕਟਰ ਨੇ ਆਪਣੇ ਥਕੇ ਕਦਮਾਂ ਨਾਲ ਪੁਜ ਕੇ ਉਸ ਨੂੰ ਆਖਿਆ, "ਜੇ ਆਪ **ਮਸਲੋਵਾ** ਨੂੰ ਮਿਲਣਾ ਚਾਹੁੰਦੇ ਹੋ ਤਦ ਕਲ ਆ ਜਾਣਾ,'' ਉਸ ਨੇ **ਨਿਖਲੀਊਧਵ** ਦਾ ਕੁਛ ਲਿਹਾਜ਼ ਕਰਨ ਦੀ ਚਾਹ ਵਿਚ ਕਹਿਆ।

"ਬਹੁਤ ਅੱਛਾ,'' **ਨਿਖਲੀਊਧਵ** ਨੇ ਉੱਤਰ ਦਿੱਤਾ ਤੇ ਛੇਤੀ ਛੇਤੀ ਚਲਾ ਗਇਆ।

**ਮੈਨਸ਼ੋਵ** ਦੀ ਪੀੜਾ, ਜਿਹੜੀ ਸਪਸ਼ਟ ਨਿਰਦੋਸ਼ ਸੀ ਉਹਨੂੰ ਬੜੀ ਖੌਫਨਾਕ ਲਗੀ; ਪਰ ਇਸ ਸੰਬੰਧ ਵਿਚ ਉਹਦੇ ਸ਼ਰੀਰ ਦਾ ਕਲੇਸ਼ ਇੰਨਾ ਨਹੀਂ ਸੀ ਜਿੰਨਾਂ ਆਤਮਾ ਦਾ–ਉਹਦੀ ਅੰਦਰ ਦੀ ਸਿਰ-ਚਕਰੀ ਰਬ ਵਿਚ ਤੇ ਨੇਕੀ ਵਿਚ ਵਿਸ਼ਵਾਸ ਨਾ ਰਹਿਣ ਵਾਂਗਰ ਹੋ ਜਾਣ ਦਾ–ਤੇ ਇਹ ਅਵਿਸ਼-ਵਾਸ ਆਵਣੋਂ ਰਹਿ ਨਹੀਂ ਸੀ ਸਕਦਾ ਇਹੋ ਜੇਹੀਆਂ ਹਾਲਤਾਂ ਵਿਚ ਤੇ ਲੋਕਾਂ ਦੀ ਇਹ ਬੇਤਰਸੀ ਸਿਤਮ ਦੇਖ ਕੇ, ਜਿਨ੍ਹਾਂ ਨੇ ਬਿਨਾਂ ਕਿਸੀ ਦਲੀਲ ਦੇ ਉਸ ਵਿਚਾਰੇ ਨੂੰ ਇੰਨੇ ਤਸੀਹੇ ਦਿੱਤੇ ਸਨ।

ਦਿਲ ਦਹਿਲ ਦੇਣ ਵਾਲੀ ਖੌਫ਼ਨਾਕ ਉਹ ਬੇਇੱਜ਼ਤੀ

ਤੇ ਕਲੇਸ਼ ਸਨ ਜਿਹੜੇ ਉਨ੍ਹਾਂ ਬੇਕਸੂਰ ਲੋਕਾਂ ਦੇ ਸਿਰ ਪਾ ਦਿੱਤੇ ਸਨ ਸਿਰਫ ਇਸ ਕਰਕੇ ਕਿ ਇਕ ਕੜੇ ਕਾਗਤ ਉੱਪਰ ਦੋ ਕਾਲੇ ਹਰਫ ਨਹੀਂ ਸਨ ਜਿਹੜੇ ਉਸ ਉੱਪਰ ਹੋਣੇ ਚਾਹੀਦੇ ਸਨ। ਉਹ ਹੈਵਾਨ ਬੂਸਰ ਬਣ ਗਏ ਹੋਏ ਜੇਲਰ ਖੌਫ਼ਨਾਕ ਸਨ, ਜਿਨ੍ਹਾਂ ਦਾ ਕੰਮ ਹੀ ਹੋ ਚੁਕਾ ਸੀ ਕਿ ਆਪਣੇ ਭਰਾਵਾਂ ਨੂੰ ਦੁਖ ਦੇਣ, ਤੇ ਨਾਲੇ ਉਹ ਆਪਣੇ ਮਨਾਂ ਵਿਚ ਨਿਸ਼ਚਿੰਤ ਸਨ ਕਿ ਉਹ ਇਕ ਆਹਿਮ ਤੇ ਫ਼ਾਇਦੇਮੰਦ ਫ਼ਰਜ਼ ਪੂਰਾ ਕਰ ਰਹੇ ਹਨ, ਪਰ ਸਭ ਥੀਂ ਡਰਾਉਣਾ ਇਹ ਨਰਮ ਦਿਲ ਬੁਢੇਰਾ, ਰੋਗ ਗ੍ਰਸਿਆ ਇਨਸਪੈਕਟਰ ਸੀ ਜਿਹੜਾ ਮਜਬੂਰ ਸੀ ਕਿ ਪਿਉ ਨਾਲੋਂ ਧੀ ਨੂੰ, ਮਾਂ ਨਾਲੋਂ ਪੁਤ ਨੂੰ ਨਿਖੇੜੇ, ਜਿਹੜੇ ਹੂ-ਬਹੂ ਉਹੋ ਜੇਹੇ ਇਨਸਾਨ ਸਨ ਜੇਹਾ ਉਹ ਆਪ ਤੇ ਉਹਦੇ ਆਪਣੇ ਬੱਚੇ ਸਨ।

"ਇਹ ਸਭ ਕੁਛ ਕਿਸ ਲਈ ਹੋ ਰਹਿਆ ਹੈ ?" **ਨਿਖਲੀ-ਊਧਵ** ਨੇ ਆਪਣੇ ਆਪ ਨੂੰ ਪੁਛਿਆ ਤੇ ਸਦਾ ਥੀਂ ਵਧ, ਅੱਜ ਫਿਰ ਉਹਨੂੰ ਉਹੋ ਆਤਮਿਕ ਕਰੈਹਤ ਆਈ ਜਿਹੜੀ ਓਹਨੂੰ ਆਉਂਦੀ ਹੁੰਦੀ ਸੀ ਜਦ ਕਦੀ ਉਹ ਜੇਲ ਵਿਚ ਆਉਂਦਾ ਹੁੰਦਾ ਸੀ–ਪਰ ਉਹਨੂੰ ਆਪਣੇ ਸਵਾਲ ਦਾ ਜਵਾਬ ਕੋਈ ਨਹੀਂ ਲੱਭਾ।

## ਕਾਂਡ ੫੭

ਦੂਜੇ ਦਿਨ **ਨਿਖਲੀਊਧਵ** ਵਕੀਲ ਨੂੰ ਮਿਲਣ ਗਇਆ-ਤੇ ਉਹਨੂੰ **ਮੈਨਸ਼ੋਵਾਂ** ਦੇ ਮੁਕੱਦਮੇ ਬਾਬਤ ਦੱਸਿਆ, ਤੇ ਉਹਦੀ ਮਿੰਨਤ ਕੀਤੀ ਕਿ ਉਨ੍ਹਾਂ ਦੇ ਬਚਾ ਲਈ ਉਹ ਖੜਾ ਹੋਵੇ। ਵਕੀਲ ਨੇ ਮਿਸਲ ਵੇਖਣ ਦਾ ਇਕਕਾਰ ਕੀਤਾ ਤੇ ਜੇ ਉਹੋ ਗਲ ਨਿਕਲੀ ਜੋ **ਨਿਖਲੀਊਧਵ** ਨੇ ਦੱਸੀ ਸੀ ਤਦ ਉਹ ਬਿਨਾਂ ਫੀਸ ਲੈਣ ਦੇ ਉਨ੍ਹਾਂ ਦੇ ਬਚਾ ਲਈ ਲੜੇਗਾ। **ਨਿਖਲੀਊਧਵ** ਨੇ ਉਹਨੂੰ ੧੩੦ ਆਦਮੀਆਂ ਬਾਬਤ, ਜਿਹੜੇ ਇਕ ਕਾਗਤੀ ਇਸਤਲਾਹੀ ਗ਼ਲਤੀ ਕਰਕੇ ਅੰਦਰ ਡੱਕੇ ਹੋਏ ਸਨ, ਕਹਿਆ, ਤੇ ਪੁਛਿਆ, "ਇਹ ਗਲ ਕਿਹਦੇ ਇਖਤਿਆਰ ਦੀ ਹੈ? ਕਿਹਦੀ ਗਲਤੀ ਹੈ?"

ਵਕੀਲ ਇਕ ਮਿੰਟ ਚੁਪ ਰਹਿਆ, ਸਾਫ ਸੀ ਕਿ ਉਹ ਸੋਚ ਕੇ ਠੀਕ ਠੀਕ ਪਤਾ ਦੇਵਣਾ ਚਾਹੁੰਦਾ ਸੀ।

"ਕਿਹਦਾ ਕਸੂਰ ਹੈ? ਕਿਸੀ ਦਾ ਵੀ ਨਹੀਂ," ਉਸ ਫੈਸਲਾ ਕਰਕੇ ਕਹਿਆ. "ਕੋਤਵਾਲ ਨੂੰ ਪੁਛੋ—ਕਹੇਗਾ, ਗਵਰਨਰ ਦਾ ਕਸੂਰ ਹੈ—ਗਵਰਨਰ ਨੂੰ ਪੁੱਛੋ ਤਾਂ ਕਹੇਗਾ, ਕੋਤਵਾਲ ਦਾ ਕਸੂਰ ਹੈ, ਕਿਸੀ ਦਾ ਵੀ ਕਸੂਰ ਨਹੀਂ।"

"ਮੈਂ ਨੈਬ ਕੋਤਵਾਲ ਨੂੰ ਮਿਲਣ ਹੁਣੇ ਜਾਣਾ ਹੈ, ਮੈਂ ਉਹਨੂੰ ਦੱਸਾਂਗਾ।

"ਉਹ ! ਇਹ ਬਿਲਕੁਲ ਬੇ ਸੂਦ ਹੋਵੇਗਾ," ਵਕੀਲ ਨੇ ਮੁਸਕਰਾ ਕੇ ਕਹਿਆ, "ਉਹ ਤਾਂ ਇਹੋ ਜ਼ੇਹਾ ਇਕ.........ਕੀ ਉਹ ਆਪ ਦਾ ਕੋਈ ਦੋਸਤ ਯਾ ਰਿਸ਼ਤੇਦਾਰ ਤਾਂ ਨਹੀਂ–ਇਹੋ ਜੇਹਾ ਇਕ ਅਭੰਨਕ ਹੈ। ਜੇ ਮੈਂ ਇਹ ਕਹਿ ਸਕਦਾ ਹਾਂ, ਤੇ ਅਭੱਨਕ ਹੁੰਦਿਆਂ ਓਹ ਸੌਹਰਾ ਮੱਕਾਰ ਹੈਵਾਨ ਹੈ।"

ਨਿਖਲੀਊਧਵ ਨੂੰ ਚੇਤੇ ਆ ਗਇਆ ਸੀ ਕਿ ਮੈਸਲੈਨੀਕੋਵ ਨੇ ਇਸ ਵਕੀਲ ਬਾਬਤ ਕੀ ਕਹਿਆ ਸੀ– ਉਹਦੀ ਗੱਲ ਦਾ ਜਵਾਬ ਦਿੱਤਾ ਨਾ ਤੇ ਛੁਟੀ ਮੰਗਕੇ ਮੈਸਲੈਨੀ-ਕੋਵ ਵਲ ਚਲ਼ਾ ਗਇਆ। ਉਸ ਪਾਸੋਂ ਓਸ ਦੋ ਗੱਲਾਂ ਮੰਗਣੀਆਂ ਸਨ : ਇਕ ਤਾਂ ਇਹ ਕਿ ਮਸਲੋਵਾ ਨੂੰ ਹਸਪਤਾਲ ਬਦਲ ਦਿੱਤਾ ਜਾਵੇ ਤੇ ਦੂਜੀ ਗਲ ਉਹਨਾਂ ੧੩੦ ਬੰਦਿਆਂ ਬਾਬਤ ਸੀ ਜਿਹੜੇ ਪਾਸਪੋਰਟ ਬਿਨਾ ਕੈਦ ਸਨ। ਉਸ ਲਈ ਇਹੋ ਜੇਹੇ ਆਦਮੀ ਥੀਂ ਰਿਆਇਤਾਂ ਮੰਗਣਾ ਜਿਹਦੀ ਉਹ ਇੱਜ਼ਤ ਨਹੀਂ ਸੀ ਕਰਦਾ ਬੜਾ ਕਠਿਨ ਸੀ, ਪਰ ਆਪਣੀ ਐਕੜਾਂ ਨੂੰ ਸਿਰੇ ਚਾੜ੍ਹਨ ਲਈ ਹੋਰ ਕੋਈ ਰਾਹ ਨਹੀਂ ਸੀ। ਇਨ੍ਹਾਂ ਸਭ ਗੱਲਾਂ ਦੇ ਵਿਚ ਦੀ ਲੰਘਣਾ ਜਰੂਰੀ ਹੋ ਚੁਕਾ ਸੀ।

ਜਦ ਉਹ ਕਰਾਏ ਦੀ ਬੱਘੀ ਵਿਚ ਮੈਸਲੈਨੀਕੋਵ ਦੇ ਦਰਵਾਜ਼ੇ ਉੱਪਰ ਪਹੁੰਚਿਆ, ਅੱਗੇ ਸਾਹਮਣੇ ਵੜਨ ਵਾਲੇ ਦਰਵਾਜ਼ੇ ਉੱਪਰ ਕਈ ਬੱਘੀਆਂ ਖੜੀਆਂ ਸਨ। ਇਨ੍ਹਾਂ ਨੂੰ ਵੇਖ ਕੇ ਉਹਨੂੰ ਚੇਤੇ ਆਇਆ ਕਿ ਉਸ ਦਿਨ ਵਾਈਸ ਗਵਰਨਰ

ਦੀ ਵਹੁਟੀ ਨੇ ਕਈ ਇਕ ਲੋਕਾਂ ਨੂੰ ਘਰ ਬੁਲਾਇਆ ਹੋਇਆ ਸੀ, ਤੇ ਉਹਦਾ ਸੱਦਾ ਉਹਨੂੰ ਭੀ ਸੀ। ਓਸੇ ਘੜੀ ਜਦ **ਨਿਖਲੀਊਧਵ** ਦੀ ਬੱਘੀ ਪਹੁੰਚੀ ਸੀ, ਅੱਗੇ ਇਕ ਬੱਘੀ ਦਰਵਾਜ਼ੇ ਉੱਪਰ ਹੁਣੇ ਆ ਕੇ ਖਲੋਤੀ ਹੀ ਸੀ, ਤੇ ਇਕ ਟੋਪੀ ਵਿਚ ਕਲਗੀ ਲਾਈ, ਲਿਵਰੀ ਵਿਚ ਹਜ਼ੂਰੀਆ, ਇਕ ਸਵਾਣੀ ਨੂੰ ਬੂਹੇ ਦੀਆਂ ਪੌੜੀਆਂ ਹਿਠਾਹਾਂ ਦੀ ਹਥ ਦੇ ਕੇ ਉਤਾਰ ਰਹਿਆ ਸੀ। ਉਸ ਸਵਾਣੀ ਨੇ ਆਪਣੇ ਘਗਰੇ ਦੇ ਘੇਰ ਨੂੰ ਹਥ ਵਿਚ ਪਿੱਛੋਂ ਫੜ ਕੇ ਚੱਕਿਆ ਹੋਇਆ ਸੀ ਜਿਸ ਕਰਕੇ ਉਹਦੇ ਪਤਲੇ ਗਿੱਟਿਆਂ ਉੱਪਰ ਦੀ ਕਾਲੀਆਂ ਜੁਰਾਬਾਂ ਤੇ ਜੁੱਤੀ ਪਾਏ ਪੈਰ ਦਿਸ ਰਹੇ ਸਨ। ਬੱਘੀਆਂ ਵਿਚ ਇਕ ਬੰਦ **ਲੈਂਡੋ** ਸੀ ਜਿਹੜੀ ਉਸ ਪਛਾਣ ਲਈ ਕਿ **ਕੋਰਚਾਗਿਨਾਂ** ਦੀ ਸੀ। ਉਸ ਬੱਘੀ ਦੇ ਸਫੇਦ ਰੀਸ਼, ਲਾਲ ਗੱਲ੍ਹਾਂ ਵਾਲੇ ਕੋਚਵਾਨ ਨੇ **ਨਿਖਲੀਊਧਵ** ਨੂੰ ਟੋਪੀ ਲਾਹ ਕੇ ਬੜੇ ਅਦਬ ਨਾਲ ਪਰ ਪੂਰੇ ਵਾਕਿਫ਼ ਵਾਂਗ ਸਿਰ ਝੁਕਾਇਆ ਸੀ, ਜਿਵੇਂ ਇਕ ਭਲੇਮਾਨਸ ਜਿਹਨੂੰ ਚੰਗਾ ਤਰਾਂ ਕੋਈ ਜਾਣੂ ਮਿਲਦਾ ਹੈ।

**ਨਿਖਲੀਊਧਵ** ਨੂੰ **ਮੈਸਲੈਨੀਕੋਵ** ਕਿੱਥੇ ਹੈ ਪੁਛਣ ਦਾ ਸਮਾਂ ਨਹੀਂ ਸੀ ਮਿਲਿਆ ਕਿ ਓਹ ਆਪ ਹੀ ਇਕ ਕਿਸੀ ਵੱਡੇ ਰਈਸ ਨੂੰ ਵਿਦਾ ਕਰਨ ਲਈ ਦਰੀ ਵਿਛੀਆਂ ਪੌੜੀਆਂ ਉੱਪਰ ਨ ਸਿਰਫ ਉਤਲੇ ਅਧਵਿਚਕਾਹੇ ਉਤਾਰ ਤਕ, ਬਲਕਿ ਧੁਰ ਤਲੇ ਦੇ ਉਤਾਰ ਤਕ, ਜਿੱਥੇ ਪੌੜੀਆਂ ਦੀ ਦੂਜੀ ਦੌੜ ਖਤਮ ਹੁੰਦੀ ਸੀ, ਆ ਗਇਆ

ਸੀ। ਇਹ ਬੜਾ ਪ੍ਰਤਿਸ਼ਠਤ ਮਿਲਣ ਆਉਣ ਵਾਲਾ ਇਕ ਫੌਜੀ ਅਫ਼ਸਰ ਫ਼ਰਾਂਸੀਸੀ ਬੋਲੀ ਵਿੱਚ ਗੱਲਾਂ ਕਰ ਰਹਿਆ ਸੀ ਤੇ ਸ਼ਹਿਰ ਵਿੱਚ ਬੱਚਿਆਂ ਦੇ ਘਰ ਲਈ ਜਿਹੜੇ ਹੁਣ ਸ਼ਹਰ ਵਿੱਚ ਆਰੰਭ ਹੋਣਗੇ, ਇਕ **ਲਾਟਰੀ** ਪਾਈ ਗਈ ਸੀ, ਉਹਦਾ ਜ਼ਿਕਰ ਕਰ ਰਹਿਆ ਸੀ ਤੇ ਆਪਣੀ ਰਾਏ ਦਸ ਰਹਿਆ ਸੀ ਕਿ ਜਨਾਨੀਆਂ ਲਈ ਇਕ ਬੜਾ ਅੱਛਾ ਕੰਮ ਤੇ ਸ਼ੁਗਲ ਖੁਲ੍ਹ ਜਾਏਗਾ–"ਚਲੋ ਉਹ **ਆਪਣਾ ਦਿਲ ਪ੍ਰਚਾਵਾ ਕਰ ਲੈਣ, ਰੱਬ ਓਨ੍ਹਾਂ ਨੂੰ ਬਰਕਤ ਦੇਵੇ।"** (ਫਰਾਂਸੀਸੀ ਵਿੱਚ ਕਹਿਆ)।

"ਆਹ ! **ਨਿਖਲੀਊਧਵ !** ਕੀ ਹਾਲ ਹੈ, ਕੀ ਸਬੱਬ ਹੈ ਕਿ ਆਪ ਅਜ ਕਲ ਮਿਲਦੇ ਵੀ ਨਹੀਂ ?" ਇਹ ਕਹਕੇ ਉਹ **ਨਿਖਲੀਊਧਵ** ਨੂੰ ਮਿਲਿਆ। **"ਜਾਓ ਮੈਡਮ ਨੂੰ ਅਦਾਬ ਅਰਜ਼ ਕਰੋ** (ਫਰਾਂਸੀਸੀ ਵਿੱਚ) ਤੇ ਨਾਲੇ **ਕੋਰਚਾਗਿਨ** ਅੱਜ ਇੱਥੇ ਹਨ ਤੇ ਨਾਲੇ **ਨਾਦੀਨ ਬੁਕਸ਼ੇਵਦੇਨ** ਹੋਗੀ, **ਨਾਲੇ ਸ਼ਹਿਰ ਦੀਆਂ ਸਭ ਸੁੰਦਰੀਆਂ** (ਫਰਾਂਸੀਸੀ ਵਿੱਚ)", ਓਸ ਪਰਤਿਸ਼ਠਤ ਮਹਿਮਾਨ ਨੇ ਕਹਿਆ, ਆਪਣੇ ਮੋਂਢੇ ਆਪਣਾ ਫੌਜੀ ਵੱਡਾ ਕੋਟ ਪਾਣ ਨੂੰ ਜਰਾ ਉਠਾਕੇ ਜਿਵੇਂ ਉਨ੍ਹਾਂ ਨੂੰ ਆਪਣੇ ਬੜੀ ਅਮੀਰ **ਲਿਵਰੀ** ਪਾਈ ਨੌਕਰ ਅੱਗੇ ਕੀਤਾ। **ਲੌ ਫਿਰ ਮਿਲਾਂਗੇ,**

ਪਿਆਰੇ ਮਿਤਰੋ," (ਫਰਾਂਸੀਸੀ ਵਿੱਚ) ਤੇ ਓਨ੍ਹੇ ਮੈਸਲੈਨੀਕੋਵ ਦਾ ਹੱਥ ਦਬਾਇਆ।

"ਹੁਣ ਆਓ ਉੱਪਰ—ਮੈਂ ਬੜਾ ਹੀ ਖੁਸ਼ ਹੋਇਆ ਹਾਂ ਕਿ ਆਪ ਆ ਗਏ ਹੋ," ਮੈਸਲੈਨੀਕੋਵ ਨੇ ਓਹਦਾ ਹੱਥ ਪਕੜ ਕੇ, ਬੜੀ ਨਿੱਘੀ ਹੋ ਗਈ ਤਬੀਅਤ ਨਾਲ ਕਹਿਆ। ਓਹ ਮੋਟਾ ਹੁੰਦਿਆਂ ਵੀ, ਪੌੜੀਆਂ ਉੱਪਰ ਛੇਤੀ ਛੇਤੀ ਚੜ੍ਹਿਆ। ਓਸ ਦਿਨ ਓਹ ਖਾਸ ਚੰਗੀ ਤਬੀਅਤ ਵਿੱਚ ਸੀ। ਇਸ ਤਬੀਅਤ ਦੇ ਉੱਪਰ ਉਠ ਜਾਣ ਦਾ ਕਾਰਨ ਉਹ ਖਾਸ ਧਿਆਨ ਸੀਜਿਹੜਾ ਹੁਣੇ ਹੀ ਗਏ ਗਏ ਓਸ ਵਡੇ ਅਫਸਰ ਨੇ ਉਸ ਵਲ ਕੀਤਾ ਸੀ। ਜਦ ਕਦੀ ਵੀ ਕੋਈਵੱਡਾ ਅਫਸਰ ਉਹਦਾ ਇਸ ਤਰਾਂ ਦਾ ਖਾਸ ਧਿਆਨ ਕਰਦਾ ਹੁੰਦਾ ਸੀ ਉਹਦੀ ਖੁਸ਼ੀ ਦਾ ਉਭਾਰ ਇਸੀ ਤਰਾਂ ਹੋ ਜਾਇਆ ਕਰਦਾ ਸੀ, ਜਿਵੇਂ ਇਕ ਪਿਆਰ ਕਰਨ ਵਾਲੇ ਕੁੱਤੇ ਦਾ ਹੁੰਦਾ ਹੁੰਦਾ ਹੈ, ਜਦ ਕਦੀ ਵੀ ਉਹਦਾ ਮਾਲਕ ਉਹਦੀ ਕੰਡ ਉੱਪਰ ਹੱਥ ਫੇਰਦਾ ਹੈ ਯਾ ਓਹ ਨੂੰ ਪਿਆਰ ਨਾਲ ਥੱਪੜ ਮਾਰਦਾ ਹੈ, ਯਾ ਉਹਦੇ ਕੰਨਾਂ ਨੂੰ ਖੁਰਕਦਾ ਹੈ—ਤੇ ਉਹ ਕੁੱਤਾ ਆਪਣੀ ਦੁਮ ਹਿਲਾਂਦਾ ਹੈ ਨੀਂਵਾ ਹੋ ਕੂਰ ਕੂਰ ਕਰਦਾ ਹੈ, ਅਗੇ ਪਿਛੇ ਦੌੜਦਾ ਹੈ, ਆਪਣੇ ਕੰਨ ਤਲੇ ਪਾ ਕੁਛ ਦਬਕਦਾ ਹੈ, ਕੁਛ ਭਬਕਦਾ ਹੈ, ਤੇ ਇਕ ਚੱਕਰ ਵਿੱਚ ਪਾਗਲਾਂ ਵਾਂਗ ਘੁੰਮਰਘੇਰੀਆਂ ਖਾ ਖਾ ਉਹਦੇ ਅੱਗੇ ਪਿੱਛੇ ਪਾਇਲਾਂ ਜੇਹੀਆਂ ਪਾਣ ਲਗ ਜਾਂਦਾ ਹੈ। ਮੈਸਲੈਨੀਕੋਵ ਵੀ ਇਹ ਸਭ ਕੁਛ ਕਰਨ ਉੱਪਰ ਆਇਆ ਹੋਇਆ ਸੀ। ਉਸ ਨੇ ਨਿਖਲੀਊਧਵ ਦੇ ਮੂੰਹ ਦਾ ਸੰਜੀਦਾ ਰੰਗ ਤੇ ਤੌਰ ਗੌਲਿਆ ਹੀ ਨਹੀਂ

ਸੀ, ਉਹਦੇ ਲਫ਼ਜ਼ਾਂ ਵੱਲ ਧਿਆਨ ਹੀ ਨਹੀਂ ਸੀ ਦਿੱਤਾ, ਬਸ ਉਹਨੂੰ ਬਾਂਹ ਪਾਈ, ਗੋਲ ਕਮਰੇ ਵਲ ਧੂਹੀ ਹੀ ਲਈ ਚਲਾ ਗਇਆ ਸੀ, ਤੇ ਉਹਨੂੰ ਅੱਗੋਂ ਨਾਂਹ ਮੁਨੱਕਰ ਕਰਨ ਦਾ ਅਵਸਰ ਹੀ ਨਹੀਂ ਸੂ ਦਿੱਤਾ, ਜਿਸ ਕਰਕੇ ਨਿਖਲੀਊਧਵ ਸਵਾਏ ਇਹਦੇ ਕਿ ਚਲਾ ਹੀ ਚਲੇ ਹੋਰ ਕੁਛ ਨ ਕਰ ਸਕਿਆ—

"ਕੰਮ ਪਿੱਛੋਂ ! ਮੈਂ ਜੋ ਆਪ ਕਹੋਗੇ ਕਰ ਦਿਆਂਗਾ", ਮੈਸਲੈਨੀਕੋਵ ਨੇ ਕਹਿਆ, ਜਿਵੇਂ ਉਹ ਉਹਨੂੰ ਧ੍ਰੀਕ ਕੇ ਨਾਚ-ਕਮਰੇ ਵਲ ਲੈ ਗਇਆ, ਤੇ ਇਕ ਹਜ਼ੂਰੀਏ ਨੂੰ ਕਿਹਾ, "ਸ਼ਾਹਜ਼ਾਦਾ ਨਿਖਲੀਊਧਵ ਦੇ ਆਉਣ ਦੀ ਖਬਰ ਕਰਦੇ", ਤੇ ਆਪ ਠਹਰਿਆ ਨਾਂਹ। ਹਜ਼ੂਰੀਆਂ ਦੁੜਕੀ ਹੋਕੇ ਉਹਦੇ ਕੋਲ ਦੀ ਲੰਘ ਗਇਆ।

"ਆਪ ਹੁਕਮ ਕਰੋ—ਮੈਂ ਹਾਜਰ ਹਾਂ—ਪਰ ਪਹਿਲਾਂ ਮੇਰੀ ਵਹੁਟੀ ਨੂੰ ਤਾਂ ਮਿਲ ਲੈ, ਪਿਛਲੀ ਵੇਰੀ ਵੀ ਉਸ ਮੇਰੀ ਬੜੀ ਖਬਰ ਲਈ ਸੀ ਕਿ ਮੈਂ ਆਪਨੂੰ ਬਿਨਾਂ ਉਹਦੇ ਮਿਲਣ ਦੇ ਕਿਉਂ ਜਾਣ ਦਿੱਤਾ ਸੀ।"

ਇੰਨੇ ਵਿੱਚ ਉਹ ਗੋਲ ਕਮਰੇ ਵਿੱਚ ਪਹੁੰਚ ਗਏ, ਹਜ਼ੂਰੀਏ ਨੇ ਅੱਗੇ ਹੀ ਖਬਰ ਦੇ ਦਿੱਤੀ ਸੀ, ਤੇ ਸਵਾਣੀਆਂ ਦੀਆਂ ਟੋਪੀਆਂ ਤੇ ਸਿਰਾਂ ਵਿੱਚ ਦੀ, ਜਿਹੜੇ ਆਲੇ ਦੁਆਲੇ ਸਾਰੇ ਘੇਰਾ ਪਾਈ ਖੜੀਆਂ ਸਨ, ਐਨਾ ਇਗਨਾਤਏਵਨਾ ਵਾਈਸ ਗਵਰਨਰ ਦੀ ਵਹੁਟੀ ਦਾ ਹਸੂ ਹਸੂ ਕਰਦਾ ਮੂੰਹ ਨਿਖਲੀਊਧਵ ਵਲ ਵੇਖ ਕੇ ਚਮਕਿਆ। ਗੋਲ ਕਮਰੇ ਦੇ

ਪਰਲੇ ਸਿਰੇ ਤੇ ਕਈ ਸਵਾਣੀਆਂ ਚਾਹ ਦੇ ਮੇਜ਼ ਉੱਪਰ ਬੈਠੀਆਂ ਸਨ ਤੇ ਸਿਵਲ ਤੇ ਫੌਜ ਦੇ ਅਫ਼ਸਰ ਓਨ੍ਹਾਂ ਪਾਸ ਖੜੇ ਸਨ। ਮਰਦਾਂ ਤੀਮੀਆਂ ਦੀ ਮਿਲੀ ਆਵਾਜ਼ ਦੀ ਕੁਲ ਕੁਲ ਲਗਾਤਾਰ ਜਾਰੀ ਸੀ।

"ਆਹ! ਅਸਾਂ ਸਮਝਿਆਂ ਆਪ ਨੇ ਸਾਨੂੰ ਵਿਸਾਰ ਛਡਿਆ ਹੈ--ਕਿ ਅਸਾਂ ਨੇ ਆਪ ਨੂੰ ਕਿਸੀ ਤਰਾਂ ਖਫ਼ਾ ਤਾਂ ਨਹੀਂ ਕਰ ਦਿੱਤਾ?" ਇਨ੍ਹਾਂ ਲਫਜ਼ਾਂ ਵਿੱਚ ਐਨਾ ਇਗਨਾਤਏਵਨਾ ਬੋਲੀ, ਤੇ ਨਵੇਂ ਆਏ ਨਿਖਲੀਊਧਵ ਨੂੰ ਬੁਲਾਇਆ। ਭਾਵ ਇਹ ਸੀ ਓਹ ਇਸ ਤਰਾਂ ਆਪੇ ਵਿੱਚ ਦੀ ਅਪਣਤ, ਜਿਹੜੀ ਓਨ੍ਹਾਂ ਦੋਹਾਂ--ਨਿਖਲੀਊਧਵ ਤੇ ਐਨਾ ਇਗਨਾਤਏਵਨਾ--ਵਿਚ ਕਦੀ ਨਹੀਂ ਹੋਈ ਸੀ, ਪਰਗਟ ਕਰੇ।

"ਤੁਸੀ ਇਕ ਦੂਜੇ ਨੂੰ ਜਾਣਦੇ ਹੋ ਨਾ-- ਮੈਡਮ ਤਿਲਯਾਏਵਸਕਯਾ ਤੇ ਏਮ-ਚੇਰਨੋਵ। ਜ਼ਰਾ ਢੁਕ ਕੇ ਬਹਿ ਜਾਓ। ਮਿੱਸੀ! ਤੂੰ ਵੀ ਸਾਡੇ ਮੇਜ਼ ਤੇ ਆ ਬੈਠ, ਤੇਰੀ ਚਾਹ ਇਥੇ ਹੀ ਲਿਆਂਦੀ ਜਾਏਗੀ......ਤੇ ਤੁਸੀਂ", ਇਕ ਅਫਸਰ ਜੋ ਮਿੱਸੀ ਨਾਲ ਗੱਲਾਂ ਕਰ ਰਹਿਆ ਸੀ ਓਹਨੂੰ ਵੀ ਕਹਿਆ, ਉਹਦਾ ਨਾਂ ਉਹਨੂੰ ਭੁਲ ਚੁਕਾ ਸੀ, "ਜ਼ਰੂਰ ਇਥੇ ਹੀ ਆ ਜਾਓ........ਚਾਹ ਦੀ ਪਿਆਲੀ, ਸ਼ਾਹਜ਼ਾਦਾ?"

"ਮੇਰੀ ਤੇਰੀ ਕਦੀ ਵੀ ਇਤਫਾਕ ਰਾਏ ਨਹੀਂ ਹੋਈ—ਇਹ ਤਾਂ ਬਿਲਕੁਲ ਸਿਧੀ ਗਲ ਹੈ—ਉਹ ਪਿਆਰ ਨਹੀਂ ਸੀ ਕਰਦੀ," ਇਕ ਤੀਮੀਂ ਦੀ ਆਵਾਜ਼ ਇਉਂ ਕਹਿੰਦੀ ਸੁਣਾਈ ਦਿੱਤੀ।

"ਪਰ ਓਹ ਕੇਕਾਂ ( tarts ) ਨੂੰ ਤਾਂ ਪਿਆਰ ਕਰਦੀ ਸੀ।"

"ਆਹ ਤੁਸਾਡੇ ਨਿਤ ਦੇ ਭੇੜੇ ਮਖੌਲ", ਇਕ ਹੋਰ ਸਵਾਣੀ ਨੇ ਹੱਸ ਕੇ ਕਹਿਆ; ਇਹ ਕਹਿਣ ਵਾਲੀ ਰੇਸ਼ਮ, ਗੋਟੇ ਕਿਨਾਰੀ, ਸੋਨੇ ਤੇ ਜਵਾਹਰਾਤ ਨਾਲ ਲੱਦੀ ਹੋਈ ਸੀ।

"ਇਹ ਛੋਟੀਆਂ ਬਿਸਕੁਟਾਂ ਬੜੀਆਂ ਸਵਾਦਲੀਆਂ ਹਨ ਤੇ ਇੰਨੀਆਂ ਹਲਕੀਆਂ ਹਨ, ਮੈਂ ਸੋਚ ਰਹਿਆਂ ਹਾਂ—ਇਕ ਹੋਰ ਲੈ ਲਵਾਂ।"

"ਕਿਓਂ ਭਾਈ ਤੂੰ ਸ਼ਹਿਰੋਂ ਛੇਤੀ ਚਲਾ ਜਾਏਂਗਾ ?"

"ਹਾਂ ਜੀ ਅਜ ਸਾਡਾ ਆਖਰੀ ਦਿਨ ਇੱਥੇ ਹੈ, ਇਸ ਕਰਕੇ ਹੀ ਤਾਂ ਆਪ ਦੇ ਇਥੇ ਅੱਜ ਆਏ ਹਾਂ।"

"ਹਾਂ—ਗਰਾਵਾਂ ਵਿਚ ਤਾਂ ਅੱਜ ਕਲ ਬੜਾ ਸੋਹਣਾ ਮੌਸਮ ਹੋਣਾ ਹੈ, ਐਦਕੀ ਸਾਡੀ ਬਸੰਤ ਬੜੀ ਹੀ ਆਨੰਦ-ਦਾਇਕ ਹੈ।"

**ਮਿੱਸੀ** ਆਪਣੀ ਟੋਪੀ ਪਾਈ ਹੋਈ, ਤੇ ਇਕ ਕਿਸਮ ਦੀ ਕਾਲੀ ਧਾਰੀਆਂ ਵਾਲੀ ਪੋਸ਼ਾਕ ਪਾਈ ਜਿਹੜੀ ਉਹਦੇ ਜਿਸਮ ਉੱਪਰ ਇਕ ਚੰਮ ਵਾਂਗਰ ਕੱਸ ਕੇ ਆਈ ਹੋਈ ਸੀ, ਬੜੀ ਸੋਹਣੀ ਲਗ ਰਹੀ ਸੀ। ਜਦ **ਨਿਖਲੀਊਧਵ** ਨੂੰ ਓਸ ਵੇਖਿਆ ਓਹਦਾ ਮੂੰਹ ਸ਼ਰਮ ਨਾਲ ਗੁਲਾਬੀ ਹੋ

ਗਇਆ ।

"ਆਹ! ਅਸਾਂ ਜਾਤਾ ਆਪ ਸਾਨੂੰ ਛੱਡ ਕੇ ਹੀ ਚਲੇ ਗਏ ਹੋ", ਉਸਨੇ ਓਹਨੂੰ ਕਹਿਆ।

"ਮੈਂ ਜਾਣ ਵਾਲਾ ਹੀ ਹਾਂ, ਕਿਸੀ ਕੰਮ ਸ਼ਹਿਰ ਵਿਚ ਆਇਆ ਹੋਇਆ ਹਾਂ ਤੇ ਉਸੇ ਕੰਮ ਲਈ ਹੀ ਅੱਜ ਇਥੇ ਵੀ ਆਇਆ ਹਾਂ।"

"ਕੀ ਮਾਂ ਜੀ ਨੂੰ ਮਿਲਣ ਆਪ ਨਹੀਂ ਆਵੋਗੇ ? ਓਹ ਆਪ ਨੂੰ ਮਿਲਣਾ ਚਾਹੁਣਗੇ," ਓਸ ਕਹਿਆ ਤੇ ਇਹ ਜਾਣ ਰਹੀ ਸੀ ਕਿ ਓਹ ਜੋ ਕੁਛ ਕਹਿ ਰਹੀ ਹੈ ਠੀਕ ਠੀਕ ਨਹੀਂ ਸੀ ਤੇ ਉਧਰ ਉਹ ਵੀ ਜਾਣਦਾ ਸੀ ਕਿ ਇਹ ਗੱਲ ਸਹੀ ਨਹੀਂ ਸੀ, ਤੇ ਕਹਿਣ ਵਾਲੀ ਦਾ ਚਿਹਰਾ ਹੋਰ ਵਧ ਗੁਲਾਬੀ ਹੋ ਗਇਆ ।

"ਮੈਨੂੰ ਡਰ ਹੈ ਕਿ ਮੇਰੇ ਪਾਸ ਮੁਸ਼ਕਲ ਹੀ ਵਕਤ ਹੋਣਾ ਹੈ", **ਨਿਖਲੀਊਧਵ** ਨੇ ਉਦਾਸ ਜੇਹੇ ਲਹਿਜੇ ਵਿੱਚ ਕਹਿਆ, ਤੇ ਇਉਂ ਦਰਸਾ ਰਹਿਆ ਸੀ ਜਿਵੇਂ ਉਹਦੇ ਗੁਲਾਬੀ ਹੋਣ ਨੂੰ ਓਨ੍ਹੇ ਨਹੀਂ ਸੀ ਤੱਕਿਆ।

**ਮਿੱਸੀ** ਗੁੱਸੇ ਜੇਹੇ ਵਿੱਚ ਤੀਊੜੀ ਪਾਈ । ਆਪਣੇ ਮੋਢੇ ਉੱਚੇ ਖਿਚ ਕੇ ਜਰਾ ਮਾਰੇ, ਤੇ ਇਕ ਸੋਹਣੇ ਅਫਸਰ ਵਲ ਮੁੜੀ, ਜਿਸ ਉਹਦਾ ਖਾਲੀ ਪਿਆਲਾ ਜਿਹੜਾ ਉਹਦੇ ਹੱਥ ਵਿਚ ਸੀ ਆਪ ਫੜ ਲਇਆ, ਤੇ ਆਪਣੀ ਤਲਵਾਰ ਕੁਰਸੀਆਂ ਨਾਲ ਖਟ ਖਟਾਉਂਦਾ ਇਕ ਮਰਦਊਪੁਣੇ ਨਾਲ ਦੂਜੇ ਮੇਜ਼ ਉੱਪਰ ਲੈ ਗਇਆ ।

"ਤੈਨੂੰ ਹੋਮ ਫੰਡ ਲਈ ਕੁਛ ਜ਼ਰੂਰ ਦੇਣਾ ਚਾਹੀਦਾ ਹੈ।"

"ਮੈਂ ਇਨਕਾਰ ਤਾਂ ਨਹੀਂ ਕਰ ਰਹਿਆ, ਪਰ ਮੈਂ ਆਪਣਾ ਰੁਪਿਆ ਲਾਟਰੀ ਲਈ ਤਾਜ਼ਾ ਰਖ ਰਹਿਆ ਹਾਂ, ਤੇ ਫਿਰ ਮੈਂ ਆਪਣਾ ਦਾਨ ਖੂਬ ਰੌਣਕ ਨਾਲ ਦਿਆਂਗਾ।"

"ਦੇਖੀਂ ਕਿਧਰੇ ਫਹਿੰਦਾ ਨਾ ਹੋਵੇਂ," ਇਕ ਆਵਾਜ਼ ਨੇ ਕਹਿਆ ਤੇ ਇਸ ਕਹਿਣ ਦੇ ਪਿੱਛੇ ਇਕ ਬਨਾਵਟੀ ਹਾਸੇ ਦੀ ਆਵਾਜ਼ ਆਈ।

ਐਨਾ ਇਗਨਾਤਏਵਨਾ ਤਾਂ ਅੱਜ ਖੁਸ਼ੀਆਂ ਵਿਚ ਸੀ। ਉਹਦਾ ਐਟ ਹੋਮ ਇਕ ਚਮਕਦੀ ਕਾਮਯਾਬੀ ਸੀ।

"ਮਿੱਕੀ ਮੈਨੂੰ ਦੱਸਦਾ ਹੈ ਕਿ ਆਪ ਅੱਜ ਕਲ ਜੇਲ ਦੇ ਪਰਉਪਕਾਰਾਂ ਵਿੱਚ ਰੁਝੇ ਹੋਏ ਹੋ। ਮੈਂ ਆਪ ਦੀ ਤਬੀਅਤ ਨੂੰ ਸਮਝ ਸਕਦੀ ਹਾਂ", ਉਸਨੇ ਨਿਖਲੀਊਧਵ ਨੂੰ ਕਹਿਆ। (ਮਿਕੀ ਥੀਂ ਮਤਲਬ ਉਹਦੇ ਆਪਣੇ ਮੋਟੇ ਪਤੀ ਮੈਸਲੈਨੀਕੋਵ ਥੀਂ ਸੀ)। "ਉਸ ਵਿਚ ਕਿੰਨੇ ਹੀ ਔਗੁਣ ਹੋਣ—ਪਰ ਇਹ ਤਾਂ ਹੈ ਨਾਂ ਕਿ ਉਹ ਬੜਾ ਕਿਰਪਾਲੂ ਦਿਲ ਵਾਲਾ ਹੈ, ਉਹ ਇੰਨੇ ਸਾਰੇ ਦੁਖੀ ਕੈਦੀਆਂ ਨੂੰ ਆਪਣੇ ਬੱਚਿਆਂ ਵਾਂਗਰ ਜਾਣਦਾ ਹੈ। ਉਹ ਇਨ੍ਹਾਂ ਨੂੰ ਹੋਰ ਕਿਸੀ ਨਜ਼ਰ ਵਿਚ ਵੇਖ ਹੀ ਨਹੀਂ ਸਕਦਾ।

ਉਹ ਇਕ ਮਿੱਠਾ ਮਿਹਰਬਾਨ..............'' ਤੇ ਉਹ ਠਹਿਰ ਗਈ, ਆਪਣੇ ਖਾਵੰਦ ਦੀ ਮਿੱਠਤ ਤੇ ਰਹਿਮ ਦਿਲੀ ਨੂੰ ਪੂਰਾ ਪੂਰਾ ਦੱਸਣ ਲਈ ਉਹ ਲਫਜ਼ ਹੀ ਨਾ ਲੱਭ ਸੱਕੀ, ਜਿੱਦੇ ਹੁਕਮ ਨਾਲ ਕੈਦੀਆਂ ਨੂੰ ਬੈਂਤ ਪੈਂਦੇ ਸਨ, ਤੇ ਮੁਸਕਰਾਂਦੀ ਮੁਸਕਰਾਂਦੀ, ਛੇਤੀ ਦੇਕੇ ਇਕ ਨਵੀਂ ਆਈ ਹੁਣੇ ਆ ਵੜੀ ਤੀਮੀਂ ਝੁਰਲੀਆਂ ਦੀ ਮਾਰੀ, ਸੁਕੀ ਸੜੀ ਤੇ **ਲਾਈਲੈਕ** ਰੰਗ ਦੇ ਰਿਬਨਾਂ ਨਾਲ ਕੱਜੀ, ਦੀ ਆਓ ਭਗਤ ਕਰਨ ਲਗ ਪਈ।

ਬਸ ਠੀਕ ਉੱਨਾ ਹੀ ਬੋਲਦਾ ਹੋਇਆ ਜਿੰਨਾ ਠੀਕ ਜ਼ਰੂਰੀ ਸੀ ਤੇ ਉੱਨੀ ਹੀ ਮਤਲਬ ਦੀ ਗੱਲ ਕਹਿੰਦਾ ਹੋਇਆ ਜਿੰਨਾਂ ਰਵਾਜ ਰਸਮ ਲਈ ਜ਼ਰੂਰੀ ਸੀ, **ਨਿਖਲੀਊਧਵ** ਉਠਕੇ **ਮੈਸਲੈਨੀਕੋਵ** ਵਲ ਚਲਾ ਗਇਆ।

''ਕਿਰਪਾ ਕਰਕੇ ਕੁਛ ਮਿੰਟ ਆਪ ਮੈਨੂੰ ਦੇ ਸਕਦੇ ਹੋ ?''

''ਉਹ–ਜੀ ਹਾਂ! ਦਸੋ ਕੀ ਗੱਲ ਹੈ ? ਆਓ ਇਧਰ ਅੰਦਰ ਚਲੇ ਚੱਲੀਏ!'' ਓਹ ਇਕ ਛੋਟੇ ਜਾਪਾਨੀ ਨਮੂਨੇ ਦੇ ਕਮਰੇ ਵਿਚ ਗਏ ਤੇ ਉਥੇ ਖਿੜਕੀ ਪਾਸ ਬਹਿ ਗਏ।

# ਕਾਂਡ ੫੯

"ਅੱਛਾ, ਹੁਣ ਮੈਂ ਤੁਸਾਂ ਦੀ ਸੇਵਾ ਕਰਾਂਗਾ। ਕੀ ਆਪ ਸਿਗਰਟ ਪੀਓਗੇ ? ਪਰ ਜ਼ਰਾ ਠਹਿਰ ਜਾਓ। ਸਾਨੂੰ ਕੁਛ ਫਿਕਰ ਕਰਨਾ ਚਾਹੀਏ, ਜੇ ਇੱਥੇ ਗੰਦ ਨ ਪਵੇ," **ਮੈਸਲੈਨੀਕੋਵ** ਨੇ ਕਹਿਆ ਤੇ ਜਾ ਕੇ ਇਕ ਰਾਖ ਪਾਣ ਵਾਲੀ ਤਸ਼ਤਰੀ ਲੈ ਆਇਆ।

"ਅੱਛਾ ਜੀ ?"

"ਆਪ ਨਾਲ ਦੋ ਗੱਲਾਂ ਕਰਨੀਆਂ ਹਨ।"

"ਆਹ !"

**ਮੈਸਲੈਨੀਕੋਵ** ਦੇ ਮੂੰਹ ਉੱਪਰੋਂ ਓਹ ਲਾਡ ਕੀਤੇ ਤੇ ਕੰਨ ਪਿੱਛੇ ਖੁਰਕੇ ਕੁੱਤੇ ਦੇ ਜੋਸ਼ ਵਾਲੀ ਖੁਸ਼ੀ ਦਾ ਰੰਗ ਉੱਡਿਆ, ਤੇ ਇਕ ਗ਼ਮ ਤੇ ਉਦਾਸੀ ਛਾ ਗਈ। ਗੋਲ ਕਮਰੇ ਦੀਆਂ ਬੋਲੀਆਂ ਦੀਆਂ ਆਵਾਜ਼ਾਂ ਉਨਹਾਂ ਨੂੰ ਸੁਣਾਈ ਦੇ ਰਹੀਆਂ ਸਨ। ਇਕ ਤੀਮੀ ਦੀ ਆਵਾਜ਼ ਆ ਰਹੀ ਸੀ—"Jamais Jamais Je ne Croirai"*। ਫਰਾਂਸੀਸੀ ਵਿਚ ਕਹਿ ਰਹੀ ਸੀ—ਤੇ ਦੂਜੇ ਪਾਸਿਓਂ ਇਕ ਮਰਦ ਦੀ ਆਵਾਜ਼ ਸੀ, ਕੋਈ ਐਸੀ ਗਲ ਕਰ ਰਹਿਆ ਸੀ, ਜਿਸ ਵਿਚ **ਕੌਂਤੈਂਸ ਵੋਰੋਂਤਸੋਵ** ਤੇ **ਵਿਕਟਰ ਅਪਰਾਕਸਿਨ** ਦੇ ਨਾਂ ਮੁੜ ਮੁੜ ਆ ਰਹੇ ਸਨ। ਦੂਜੇ ਹੋਰ ਪਾਸਿਓਂ ਆਵਾਜ਼ ਦੀ ਗੂੰਜ ਹਾਸਿਆਂ ਨਾਲ ਮਿਲਵੀਂ ਆ ਰਹੀ ਸੀ।

---

* ਅਰਥਾਤ "ਮੈਂ ਕਦੀ ਵੀ ਨਾ, ਕਦੀ ਵੀ ਨਾ ਮੰਨਾਂਗੀ"

**ਮੈਸਲੈਨੀਕੋਵ** ਨਾਲੇ ਤਾਂ ਉਸ ਕਮਰੇ ਦੀਆਂ ਆਉਂਦੀਆਂ ਆਵਾਜ਼ਾਂ ਵੱਲ ਕੰਨ ਧਰ ਕੇ ਉਨ੍ਹਾਂ ਨੂੰ ਸੁਣਨ ਦੀ ਕਰ ਰਹਿਆ ਸੀ ਤੇ ਨਾਲੇ **ਨਿਖਲੀਊਧਵ** ਦੀ ਗੱਲ ਸੁਣਨ ਵਿਚ ਲਗਾ ਸੀ ।

"ਮੈਂ ਮੁੜ ਉਸ ਤੀਮੀਂ ਖਾਤਰ ਆਇਆ ਹਾਂ," **ਨਿਖਲੀਊਧਵ** ਨੇ ਕਹਿਆ।

"ਆਹ ਹਾਂ ! ਉਹ ! ਮੈਂ ਜਾਣਦਾ ਹਾਂ ਜਿਹੜੀ ਬੇਗੁਨਾਹ ਦੋਸ਼ੀ ਹੋ ਗਈ ਹੈ !"

"ਮੈਂ ਉਸ ਲਈ ਇਹ ਰਿਆਇਤ ਚਾਹੁੰਦਾ ਹਾਂ ਕਿ ਫਿਲਹਾਲ ਉਸ ਨੂੰ ਹਸਪਤਾਲ ਦੇ ਕੰਮ ਉੱਪਰ ਬਦਲ ਦਿੱਤਾ ਜਾਏ। ਮੈਨੂੰ ਦਸਿਆ ਗਇਆ ਹੈ ਕਿ ਇਹ ਤੁਸੀਂ ਕਰ ਸਕਦੇ ਹੋ ।"

**ਮੈਸਲੈਨੀਕੋਵ** ਨੇ ਆਪਣੇ ਹੋਠਾਂ ਨੂੰ ਉੱਪਰ ਚੱਕ ਕੇ ਖੁਲ੍ਹੇ-ਮੂੰਹ ਬਟੂਏ ਦੀ ਸ਼ਕਲ ਵਾਂਗਰ ਬਣਾ ਦਿਤੇ ਤੇ ਸੋਚਣ ਲੱਗਾ ।

"ਇਹ ਨਹੀਂ ਹੋ ਸਕੇਗਾ," ਉਸ ਕਹਿਆ; "ਤਾਂ ਵੀ ਮੈਂ ਦੇਖਾਂਗਾ ਕਿ ਕੀ ਕੁਝ ਕੀਤਾ ਜਾ ਸਕਦਾ ਹੈ ਤੇ ਮੈਂ ਭਲਕੇ ਆਪ ਨੂੰ ਤਾਰ ਦੇ ਦਿਆਂਗਾ ।"

"ਮੈਨੂੰ ਪਤਾ ਲਗਾ ਹੈ ਕਿ ਹਸਪਤਾਲ ਵਿੱਚ ਬਹੁਤ ਬੀਮਾਰ ਹਨ ਤੇ ਟਹਿਲ ਕਰਨ ਵਾਲਿਆਂ ਦੀ ਲੋੜ ਹੈ ।"

"ਚੰਗਾ ਚੰਗਾ, ਮੈਂ ਹਰ ਇਕ ਹਾਲਤ ਵਿਚ ਆਪ ਨੂੰ ਖਬਰ ਦੇ ਦਿਆਂਗਾ।"

"ਕਿਰਪਾ ਕਰਕੇ ਕਰ ਦੇਣਾ," ਨਿਖਲੀਊਧਵ ਨੇ ਕਹਿਆ। ਆਮ ਆਵਾਜ਼ਾਂ ਤੇ ਬਨਾਵਟੀ ਥੀਂ ਛੁਟ ਕੁਦਰਤੀ ਸੁਭਾਵਿਕ ਹਾਸਿਆਂ ਦੀਆਂ ਵੀ ਗੂੰਜਾਂ ਗੋਲ ਕਮਰੇ ਵਿਚੋਂ ਆ ਰਹੀਆਂ ਸਨ।

"ਇਹ ਸਭ ਵਿਕਟਰ ਹੀ ਜੇ-ਜਦ ਉਹਦੀ ਤਬੀਅਤ ਦਾ ਰੁਖ ਠੀਕ ਹੋਵੇ ਉਹ ਇਕ ਅਸਚਰਜ ਤਰਾਂ ਦਾ ਹੁਸ਼ਿਆਰ ਹੁੰਦਾ ਹੈ," ਮੈਸਲੈਨੀਕੋਵ ਨੇ ਕਹਿਆ।

"ਦੂਜੀ ਗਲ ਜਿਹੜੀ ਮੈਂ ਕਹਿਣੀ ਸੀ," ਨਿਖਲੀਊਧਵ ਬੋਲਿਆ, "ਇਹ ਹੈ ਕਿ ੧੩੦ ਬੰਦੇ ਇਸ ਲਈ ਅੰਦਰ ਡੱਕੇ ਪਏ ਹਨ ਕਿ ਉਨ੍ਹਾਂ ਦੀਆਂ ਰਾਹਦਾਰੀਆਂ ਦੀਆਂ ਤਾਰੀਖਾਂ ਪੁਰਾਣੀਆਂ ਹੋ ਚੁਕੀਆਂ ਸਨ। ਮਹੀਨਿਓਂ ਉਪਰ ਬੰਦ ਕੀਤੀਆਂ ਹੋਣ ਲੱਗਾ ਹੈ", ਉਸ ਸਾਰੇ ਵਾਕਿਆਤ ਓਸ ਮੁਕੱਦਮੇ ਦੇ ਦਸੇ।

"ਆਪ ਨੂੰ ਇਹ ਗੱਲਾਂ ਕਿੰਞ ਪਤਾ ਲਗੀਆਂ ਹਨ," ਮੈਸਲੈਨੀਕੋਵ ਨੇ ਕੁਛ ਬੇਚੈਨ ਤੇ ਤੰਗ ਜੇਹਾ ਹੋਕੇ ਕਹਿਆ।

"ਮੈਂ ਇਕ ਕੈਦੀ ਨੂੰ ਵੇਖਣ ਗਇਆ ਸਾਂ ਤੇ ਇਹ ਆਦਮੀ ਕੌਰੀਡੋਰ ਵਿਚ ਮੇਰੇ ਦਵਾਲੇ ਹੋ ਗਏ ਸਨ ਤੇ ਪੁਛਣ ਲੱਗੇ..............."

"ਆਪ ਕਿਹੜੇ ਕੈਦੀ ਨੂੰ ਮਿਲਣ ਗਏ ਸੌ ?"

"ਇਕ ਕਿਸਾਨ ਮੁੰਡੇ ਨੂੰ, ਜਿਹੜਾ ਨਿਰਦੋਸ਼ ਹੈ ਤੇ ਉਹ ਵੀ ਅੰਦਰ ਡੱਕਿਆ ਹੋਇਆ ਹੈ। ਉਹਦਾ ਮੁਕੱਦਮਾ ਮੈਂ ਇਕ ਵਕੀਲ ਨੂੰ ਦਿੱਤਾ ਹੈ। ਪਰ ਗੱਲ ਇਹ ਨਹੀਂ। ਕੀ ਇਹ ਮੁਮਕਿਨ ਹੈ ਕਿ ਲੋਕੀ ਜਿਨ੍ਹਾਂ ਕੋਈ ਗਲਤ ਕੰਮ ਨਹੀਂ ਕੀਤਾ, ਸਿਰਫ ਇਸ ਲਈ ਡੱਕੇ ਪਏ ਹਨ ਕਿ ਉਨ੍ਹਾਂ ਦੀਆਂ ਰਾਹਦਾਰੀਆਂ ਪੱਛੜ ਗਈਆਂ ਹਨ ! ਤੇ..........."

"ਇਹ ਮੁਕੱਦਮਾਂ **ਪਰੋਕਿਊਰਰ** ਦੇ ਮਹਿਕਮੇ ਦਾ ਹੈ," **ਮੈਸਲੈਨੀਕੋਵ** ਨੇ ਗੁੱਸੇ ਨਾਲ ਉਹਦੀ ਗੱਲ ਟੁਕ ਕੇ ਕਹਿਆ, "ਇਹ ਲੌ ! ਵੇਖੋ ਨਾਂ-ਕੀ ਨਤੀਜੇ ਨਿਕਲਦੇ ਹਨ ਜਿਨੂੰ ਤੁਸੀਂ ਅਦਾਲਤ ਕਰਨ ਦੀ ਇਕ ਤੁਰਤ ਹੋ ਜਾਣ ਵਾਲੀ ਤੇ ਨਿਆਈਂ ਸ਼ਕਲ ਕਹਿੰਦੇ ਹੋ ! ਸਰਕਾਰੀ ਵਕੀਲ ਦਾ ਫਰਜ਼ ਮੁਨਸਬੀ ਹੈ ਕਿ ਜੇਲ ਵਿਚ ਜਾਵੇ ਤੇ ਪਤਾ ਕਰੇ ਕਿ ਕੀ ਕੈਦੀ ਠੀਕ ਕਾਨੂੰਨ ਸਿਰ ਡੱਕੇ ਹਨ ਕਿ ਨਹੀਂ। ਪਰ ਉਹ ਲੋਕੀ ਤਾਂ ਤਾਸ਼ਾਂ ਖੇਡ ਰਹੇ ਹਨ ਹੋਰ ਕਰਦੇ ਕੀ ਹਨ ਓਹ !"

"ਕੀ ਮੈਂ ਇਹ ਸਮਝਾਂ ਕਿ ਆਪ ਇਸ ਮਾਮਲੇ ਵਿੱਚ ਕੁਛ ਨਹੀਂ ਕਰ ਸਕਦੇ ਹੋ ?" **ਨਿਖਲੀਊਧਵ** ਨੇ ਕੁਛ ਮਾਯੂਸ ਹੋ ਕੇ ਕਹਿਆ ਤੇ ਉਸਨੂੰ ਚੇਤੇ ਆਇਆ ਕਿ ਵਕੀਲ ਨੇ ਕਹਿਆ ਸੀ ਕਿ ਵਾਈਸ-ਗਵਰਨਰ **ਪਰੋਕਿਊਰਰ** ਊੱਪਰ ਕਸੂਰ ਸੁੱਟੇਗਾ ਤੇ ਉਹ ਉਸ ਉਪਰ।

"ਉਹ ਹਾਂ, ਮੈਂ ਕਰ ਸਕਦਾ ਹਾਂ। ਮੈਂ ਫੌਰਨ ਇਧਰ ਧਿਆਨ ਦਿਆਂਗਾ।"

"ਉਸ ਤੀਮੀਂ ਲਈ ਉਸਥੀਂ ਵੀ ਵਧ ਮਾੜ੍ਹਾ—ਸਭ ਕਿਸੀ ਦੇ ਹਾਸੋ ਹੀਣੀ ਸ਼ੈ ਹੋ ਜਾਵੇਗੀ," ਇਕ ਤੀਮੀਂ ਦੀ ਆਵਾਜ਼ ਗੋਲ ਕਮਰੇ ਥੀਂ ਆਈ ਸਪਸ਼ਟ ਸੀ ਕਿ ਜੋ ਕੁਛ ਉਹ ਕਹਿ ਰਹੀ ਸੀ ਉਸ ਦੀ ਉਹਨੂੰ ਰਤਾ ਪਰਵਾਹ ਨਹੀਂ ਸੀ। ਤੇ ਨਾਲੇ ਹੀ ਇਕ ਹੋਰ ਤੀਮੀ ਦਾ ਮਖੌਲ ਵਾਲਾ ਹਾਸਾ ਸੁਣਾਈ ਦਿੱਤਾ ਜਿਹੜੀ ਇਉਂ ਜਾਪਦੀ ਸੀ ਕਿ ਕਿਸੀ ਮਰਦ ਨੂੰ ਰੋਕ ਰਹੀ ਸੀ ਕਿ ਉਹ ਉਸ ਪਾਸ ਪਈ ਕਿਸੀ ਚੀਜ਼ ਨੂੰ ਉੱਥੋਂ ਨ ਚੱਕੇ—"ਨਹੀਂ ਨਹੀਂ ਹਰਗਿਜ਼ ਨਹੀਂ," ਉਸ ਤੀਮੀ ਨੇ ਕਹਿਆ।

"ਚੰਗਾ ਫੇਰ, ਮੈਂ ਇਹ ਸਭ ਕੁਛ ਕਰ ਦਿਆਂਗਾ," **ਮੈਸਲੈਨੀਕੋਵ** ਨੇ ਦੁਹਰਾਇਆ, ਤੇ ਉਹ ਸਿਗਰਟ ਜੋ ਉਹਦੇ ਨੀਲਮ ਦੀ ਛਾਪ ਵਾਲੇ ਹਥ ਵਿਚ ਸੀ ਬੁਝਾ ਦਿੱਤੀ, "ਆ! ਹੁਣ ਸਵਾਣੀਆਂ ਦੇ ਝੁਰਮਟ ਵਿੱਚ ਰਲ ਮਿਲੀਏ।"

"ਰਤਾਕੂ ਠਹਿਰੋ," **ਨਿਖਲੀਊਧਵ** ਗੋਲ ਕਮਰੇ ਦੇ ਦਰਵਾਜ਼ੇ ਉੱਪਰ ਖਲੋ ਕੇ ਕਹਿਣ ਲੱਗਾ, "ਮੈਨੂੰ ਪਤਾ ਲੱਗਾ ਹੈ ਕਿ ਕਲ ਜੇਲ ਵਿੱਚ ਬੇਂਤ ਲਗਾਏ ਗਏ ਹਨ--ਕੀ ਇਹ ਸੱਚ ਹੈ?"

**ਮੈਸਲੈਨੀਕੋਵ** ਸ਼ਰਮ ਨਾਲ ਰੱਤਾ ਹੋ ਗਿਆ, "ਆਹ! ਆਪ ਇਨਾਂ ਗੱਲਾਂ ਪਿੱਛੇ ਲਗ ਗਏ ਹੋ—ਨਹੀਂ—ਪਿਆਰੇ—ਫੈਸਲੇ ਦੀ ਮੁਕਦੀ ਗੱਲ ਹੈ ਕਿ ਆਪਨੂੰ ਓਥੇ ਵੜਨ ਹੀ

ਨ ਦਿੱਤਾ ਜਾਵੇ। ਆ–ਆ-- ਐਨਾ ਬੁਲਾ ਰਹੀ ਹੈ," ਉਸ ਕਹਿਆ। ਨਿਖਲੀਊਧਵ ਦੀ ਬਾਂਹ ਆਪਣੀ ਬਾਂਹ ਵਿੱਚ ਪਾ ਲਈ ਤੇ ਉਸੀ ਤਰਾਂ ਜੋਸ਼ੀਲਾ ਜੇਹਾ ਹੋ ਗਇਆ ਜਿਸ ਤਰਾਂ ਉਸ ਵੱਡੇ ਆਦਮੀ ਦਾ ਪੁਚਕਾਰਾ ਪਾਕੇ ਹੋਇਆ ਸੀ। ਸਿਰਫ ਹੁਣ ਨ ਚਾ, ਨ ਉਹ ਖੁਸ਼ੀ ਸੀ--ਕੁਛ ਫਿਕਰਮੰਦ ਸੀ।

ਨਿਖਲੀਊਧਵ ਨੇ ਆਪਣੀ ਬਾਂਹ ਛੁਡਾ ਲਈ ਤੇ ਬਿਨਾਂ ਕਿਸੀ ਥੀਂ ਪੁਛੇ ਯਾ ਕਿਸੀ ਨੂੰ ਕੁਛ ਕਹੇ ਦੇ, ਓਹ ਗੋਲ ਕਮਰੇ ਵਿੱਚ ਦੀ ਲੰਘ ਕੇ ਮਾਯੂਸ ਜੇਹੇ ਰੰਗ ਵਿੱਚ ਹਾਲ ਵਿੱਚ ਥੱਲੇ ਚਲਾ ਗਿਆ, ਤੇ ਹਜੂਰੀਏ ਪਾਸ ਦੀ ਲੰਘ ਕੇ, ਜਿਹੜਾ ਓਸ ਵਲ "ਕੋਈ ਸੇਵਾ ?" ਕਹਿੰਦਾ ਲਮਕਿਆ ਸੀ, ਉਹ ਗਲੀ ਵਿਚ ਪਹੁੰਚ ਗਇਆ।

"ਇਹਨੂੰ ਕੀ ਹੋ ਰਹਿਆ ਹੈ--? ਤੂੰ ਕੁਛ ਆਖਿਆ ਹੈ ?" ਐਨਾ ਨੇ ਆਪਣੇ ਖਾਵੰਦ ਨੂੰ ਪੁਛਿਆ।

"ਇਹ ਤਾਂ ਫਰਾਂਸ ਦੇ ਤਰਜ਼ ਦੀ ਗੱਲ ਹੈ," ਕਿਸੀ ਨੇ ਕਹਿਆ।

"ਫਰਾਂਸ! ਫਰਾਂਸ! ਇਹ ਤਾਂ ਅਫਰੀਕਾ ਦੇ ਜ਼ੂਲੂ ਲੋਕਾਂ ਵਾਂਗਰ ਜੇ।"

"ਆਹ, ਪਰ ਇਸਦਾ ਸਦਾ ਇਹੋ ਹਾਲ ਰਹਿਆ ਹੈ।"

ਕੋਈ ਉੱਠ ਗਇਆ, ਕੋਈ ਆ ਗਇਆ ਤੇ ਇਉਂ

ਖੜਕ ਖੜਾਕਾ ਟੁਰਿਆ ਰਹਿਆ। ਨਿਖਲੀਊਧਵ ਦੀ ਇਹ ਕਹਾਣੀ ਫਿਰ ਸਾਰਿਆਂ ਨੇ ਬਾਕੀ ਰਹਿ ਗਏ "ਐਟ ਹੋਮ" ਦੇ ਸਮੇਂ ਨੂੰ ਸੋਧਨ ਲਈ ਚਲਾਈ ਰੱਖੀ।

ਉਹਦੇ ਮੈਸਲੈਨੀਕੋਵ ਦੇ ਜਾਣ ਦੇ ਦਿਨ ਥੀਂ ਦੂਜੇ ਦਿਨ ਨਿਖਲੀਊਧਵ ਨੂੰ ਇਕ ਖਤ ਮਿਲਿਆ, ਜਿਹੜਾ ਪੱਕੇ ਦਸਤਖਤਾਂ ਵਿਚ ਲਿਖਿਆ ਸੀ ਇਕ ਉਮਦਾ ਮੋਟੇ ਤੇ ਘੋਟੇ ਕਾਗਤ ਉੱਪਰ, ਜਿਸ ਉਪਰ ਖਾਨਦਾਨ ਦੀ ਮੋਨੋਗ੍ਰਾਮ ਵੀ ਛਪੀ ਹੋਈ ਸੀ, ਤੇ ਲਫਾਫੇ ਉੱਪਰ ਵੀ ਮੋਹਰ ਮਾਰ ਲਗੀ ਹੋਈ ਸੀ। ਇਸ ਖਤ ਵਿੱਚ ਮੈਸਲੈਨੀਕੋਵ ਨੇ ਲਿਖਿਆ ਸੀ ਕਿ ਓਨ੍ਹੇ ਡਾਕਟਰ ਨੂੰ ਲਿਖ ਦਿਤਾ ਹੈ ਕਿ ਮਸਲੋਵਾ ਨੂੰ ਹਸਪਤਾਲ ਵਿੱਚ ਬਦਲ ਦਿੱਤਾ ਜਾਵੇ ਤੇ ਨਾਲ ਉਮੇਦ ਪ੍ਰਗਟ ਕੀਤੀ ਹੋਈ ਸੀ ਕਿ ਨਿਖਲੀਊਧਵ ਦੀ ਮਰਜ਼ੀ ਮੁਤਾਬਕ, ਓਹਨੂੰ ਲੋੜੀਂਦੀ ਤਵੱਜੋ ਮਿਲ ਜਾਏਗੀ, ਚਿੱਠੀ ਹੇਠ ਦਸਤਖਤ ਇਉਂ ਸਨ—"ਆਪਦਾ ਪਿਆਰ ਕਰਨ ਵਾਲਾ ਆਪ ਥੀਂ ਵਡੇਰਾ ਸਾਥੀ" ਤੇ ਦਸਤਖਤ ਇਕ ਵੱਡੀ, ਪਰ ਪੀਂਡੀਆਂ ਤੇ ਸੋਹਣੀਆਂ ਵਾਹੀਆਂ ਲਕੀਰਾਂ ਤੇ ਸ਼ਕਸਤੇ ਨਾਲ ਖਤਮ ਕੀਤੇ ਹੋਏ ਸਨ।

"ਬੇ-ਵਕੂਫ!" ਨਿਖਲੀਊਧਵ ਖਤ ਪੜ੍ਹਕੇ ਇਹ ਲਫਜ਼ ਕਹਣਿਓਂ ਰੁਕ ਨ ਸਕਿਆ, ਖਾਸ ਕਰ ਜਦ ਲਫਜ਼ 'ਸਾਥੀ' ਉਸ ਲਿਖਿਆ ਹੋਇਆ ਸੀ, ਜਿਸ ਥੀਂ ਪਤਾ ਲਗਦਾ

ਸੀ ਕਿ **ਮੈਸਲੈਨੀਕੋਵ** ਆਪਣੇ ਆਪ ਨੂੰ ਉੱਚੀ ਥਾਂ ਤੇ ਬੈਠਾ. **ਨਿਖਲੀਊਧਵ** ਨਾਲ ਮਿਹਰਬਾਨੀ ਕਰਕੇ ਆਪਣਾ ਥੱਲੇ ਆਣਾ ਦਸ ਰਹਿਆ ਹੈ। ਗੱਲ ਇਉਂ ਲੱਭਦੀ ਸੀ –**ਨਿਖਲੀਊਧਵ** ਨੇ ਇਹ ਪਰਤੀਤ ਕੀਤਾ ਸੀ ਕਿ **ਮੈਸਲੈਨੀਕੋਵ** ਇਕ ਅਫਸਰੀ ਥਾਂ ਤੇ ਸੀ, ਜਿਹੜੀ ਇਖਲਾਕੀ ਪੱਧਰ ਤੋਂ ਇਕ ਬੜੀ ਗੰਦੀ ਤੇ ਸ਼ਰਮਨਾਕ ਥਾਂ ਸੀ, ਤਾਂ ਵੀ ਓਸ ਥਾਂ ਤੇ ਹੋਣ ਕਰਕੇ ਉਹ ਆਪਣੇ ਆਪ ਨੂੰ ਇਕ ਬੜਾ ਪਰਤਿਸ਼ਠਿਤ ਆਦਮੀ ਸਮਝਦਾ ਸੀ, ਤੇ ਇਸ ਥਾਂ ਤੇ ਹੁੰਦਿਆਂ ਹੋਇਆਂ ਵੀ ਉਹ ਇਹ ਚਾਹੁੰਦਾ ਸੀ ਕਿ **ਨਿਖਲੀਊਧਵ** ਦੀ ਜੇ ਠੀਕ ਚਾਪਲੂਸੀ ਕਰਨ ਲਈ ਨਹੀਂ, ਪਰ ਘਟੋ ਘਟ ਇਹ ਦੱਸਣ ਲਈ ਕਿ ਉਹ ਇੰਨਾਂ 'ਮਗ਼ਰੂਰ ਨਹੀਂ ਸੀ ਕਿ **ਨਿਖਲੀਊਧਵ** ਦਾ "ਸਾਥੀ" ਅਖਵਾਣ ਯਾ ਆਪਣੇ ਆਪ ਨੂੰ ਕਹਿਣ ਵਿੱਚ, ਕੋਈ ਵੀ ਆਰ ਮੰਨਦਾ ਹੋਵੇ।

## ਕਾਂਡ ਪ੯

ਬਹੁਤ ਦੂਰ ਤਕ ਫੈਲੇ ਵਹਿਮਾਂ ਵਿਚੋਂ ਇਕ ਵਹਿਮ ਇਹ ਹੈ ਕਿ ਹਰ ਇਕ ਆਦਮੀ ਦੇ ਆਪਣੇ ਖਾਸ ਨਿਜ ਦੇ ਵਸਫ਼ ਹੁੰਦੇ ਹਨ--ਕਿ ਉਹ ਨਰਮ ਦਿਲ ਹੈ, ਸਖਤ ਹੈ, ਦਾਨਾ ਹੈ, ਬੇਵਕੂਫ਼ ਹੈ, ਫ਼ੁਰਤੀਲਾ ਹੈ, ਆਦਿ। ਆਦਮੀ ਹੁੰਦੇ ਇੰਞ ਨਹੀਂ। ਅਸੀਂ ਕਿਸੀ ਆਦਮੀ ਬਾਬਤ ਇਹ ਤਾਂ ਕਹਿ ਸਕਦੇ ਹਾਂ ਕਿ ਉਹ ਅਕਸਰ ਕਰਕੇ ਜ਼ਿਆਦਾ ਨਰਮ ਹੁੰਦਾ ਹੈ ਤੇ ਘਟ ਕਠੋਰ, ਅਕਸਰ ਕਰਕੇ ਜ਼ਿਆਦਾ ਦਾਨਾ ਹੁੰਦਾ ਹੈ ਤੇ ਘਟ ਬੇਵਕੂਫ਼, ਬਹੁਤ ਕਰਕੇ ਜ਼ਿਆਦਾ ਫੁਰਤੀਲਾ ਤੇ ਘਟ ਆਲਸੀ ਯਾ ਇਸ ਥੀਂ ਉਲਟ; ਪਰ ਇਕ ਆਦਮੀ ਬਾਬਤ ਇਹ ਕਹਿਣਾ ਸੱਚ ਨਹੀਂ ਹੋਵੇਗਾ ਕਿ ਉਹ ਕਿਰਪਾਲੂ ਹੈ, ਦਾਨਾ ਹੈ ਤੇ ਦੂਜੇ ਬਾਬਤ ਇਹ ਕਿ ਉਹ ਬੁਰਿਆਰ ਤੇ ਅਭੱਨਕ ਹੈ। ਪਰ ਫਿਰ ਵੀ ਅਸੀਂ ਆਦਮੀ ਦੀਆਂ ਕਿਸਮਾਂ ਇਉਂ ਹੀ ਕਰਦੇ ਹਾਂ। ਪਰ ਇਹ ਗ਼ਲਤ ਹੈ ਆਦਮੀ ਦਰਯਾਵਾਂ ਵਾਂਗਰ ਹਨ: ਪਾਣੀ ਸਭ ਵਿੱਚ ਇਕੋ ਜੇਹਾ ਹੁੰਦਾ ਹੈ, ਪਰ ਇਹ ਫਰਕ ਹੁੰਦਾ ਹੈ ਕਿ ਇਕ ਦਰਯਾ ਕਿਧਰੋਂ ਤੰਗ, ਕਿਧਰੋਂ ਤ੍ਰਿਖਾ, ਇਥੇ ਠਹਰਿਆ ਹੋਇਆ, ਕਿਧਰੇ ਚੌੜਾ, ਹੁਣ ਸਾਫ ਫਿਰ ਗੰਧਲਿਆ ਹੋਇਆ ਠੰਢਾ ਫਿਰ ਤੱਤਾ ਆਦਿ। ਆਦਮੀਆਂ ਨਾਲ ਵੀ ਗੱਲ ਇਉਂ ਹੀ ਹੈ, ਹਰ ਇਕ ਆਦਮੀ ਵਿਚ ਇਨਸਾਨੀ ਫਿਤਰਤ ਦੇ ਗੁਣ ਔਗੁਣ ਦੇ ਬੀਜ ਇਕੋ ਜੇਹੇ ਹੁੰਦੇ ਹਨ, ਪਰ ਕਦੀ ਕੋਈ ਗੁਣ ਔਗੁਣ ਪ੍ਰਗਟ, ਕਦੀ ਕੋਈ, ਤੇ ਕਈ ਵੇਰੀ ਆਦਮੀ ਆਪਣੇ ਆਪ ਥੀਂ ਕੁਛ

ਵਖ ਓਪਰਾ ਜੇਹਾ ਹੋਰ ਕੋਈ ਹੋ ਜਾਂਦਾ ਹੈ ਭਾਵੇਂ ਰਹਿੰਦਾ ਉਹੋ ਹੀ ਹੈ ਜੋ ਸੀ।

ਬਾਹਜਿਆਂ ਲੋਕਾਂ ਵਿੱਚ ਤਬੀਹਤੀ ਤਬਦੀਲੀਆਂ ਤ੍ਰਿਖੀਆਂ ਹੋਣ ਲਗ ਜਾਂਦੀਆਂ ਹਨ, ਉਨ੍ਹਾਂ ਆਦਮੀਆਂ ਵਿਚੋਂ ਇਕ ਇਹ ਸਾਡਾ **ਨਿਖਲੀਊਧਵ** ਸੀ। ਇਹ ਤਬਦੀਲੀਆਂ ਇਸ ਵਿੱਚ ਦੋਹਾਂ ਕਾਰਨਾਂ ਕਰਕੇ ਹੋ ਰਹੀਆਂ ਸਨ--ਸਰੀਰਕ ਤੇ ਆਤਮਿਕ । ਇਹੋ ਜੇਹੀਆਂ ਤ੍ਰਿਖੀਆਂ ਹੁੰਦੀਆਂ ਤਬਦੀਲੀਆਂ ਵਿੱਚੋਂ ਇਕ ਹੁਣ ਓਸ ਵਿੱਚ ਹੋਈ ਸੀ।

**ਕਾਤੂਸ਼ਾ** ਦੀ ਅਦਾਲਤ ਤੇ ਉਸ ਨਾਲ ਪਹਿਲੀ ਮੁਲਾਕਾਤ ਬਾਦ ਜਿਹੜੀ ਖੁਸ਼ੀ ਤੇ ਫਤਹਿਯਾਬੀ ਦੀ ਪਰਤੀਤੀ ਓਸ ਅਨੁਭਵ ਕੀਤੀ ਸੀ, ਬਿਲਕੁਲ ਗੁਮ ਹੋ ਗਈ ਸੀ, ਤੇ ਆਖਰੀ ਮੁਲਾਕਾਤ ਬਾਦ ਉਸ ਖੁਸ਼ੀ ਦੀ ਥਾਂ ਡਰ ਤੇ ਪਿਛੇ-ਹਟਣ ਦੇ ਭਾਵ ਆ ਗਏ ਸਨ। ਇਹ ਤਾਂ ਪੱਕ ਕੀਤਾ ਹੋਇਆ ਸੀ ਕਿ ਉਹਨੂੰ ਛੱਡਣਾ ਨਹੀਂ, ਤੇ ਜੇ ਉਹ ਚਾਹੇ ਤਦ ਉਹਨੂੰ ਵਿਆਹੁਣ ਦਾ ਫੈਸਲਾ ਬਦਲਣਾ ਨਹੀਂ, ਪਰ ਹੁਣ ਦਿਸਿਆ ਸੀ ਕਿ ਇਹ ਕੰਮ ਹਨ ਬੜੇ ਕਠਨ ਤੇ ਅੰਦਰ ਹੀ ਇਨ੍ਹਾਂ ਗੱਲਾਂ ਦਾ ਉਹਨੂੰ ਸਖਤ ਦੁਖ ਹੁੰਦਾ ਸੀ।

**ਮੈਸਲੈਨੀਕੋਵ** ਦੇ ਜਾਣ ਥੀਂ ਦੂਸਰੇ ਦਿਨ ਉਹ ਫਿਰ **ਕਾਤੂਸ਼ਾ** ਨੂੰ ਜੇਲ ਵਿੱਚ ਮਿਲਣ ਗਇਆ ਸੀ।

ਇਨਸਪੈਕਟਰ ਨੇ ਉਹਨੂੰ ਮਿਲਣ ਦੀ ਇਜਾਜ਼ਤ ਤਾਂ ਦੇ ਦਿੱਤੀ ਸੀ, ਪਰ ਉਸੀ ਤਰਾਂ ਮਿਹਰਬਾਨ ਹੁੰਦਿਆਂ ਵੀ,

ਉਹ ਨਿਖਲੀਊਧਵ ਵਲ ਪਹਿਲਾਂ ਥੀਂ ਕੁਝ ਖਿਚਿਆ ਹੋਇਆ ਸੀ। ਸਾਫ ਸੀ ਕਿ ਮੈਸਲੈਨੀਕੋਵ ਨਾਲ ਗੱਲ ਬਾਤ ਦੇ ਨਤੀਜੇ ਵਿਚ ਕੋਈ ਹੁਕਮ ਉਹਨੂੰ ਆ ਚੁਕਾ ਸੀ ਕਿ ਜ਼ਿਆਦਾ ਖਬਰਦਾਰੀ ਰੱਖਣੀ ਚਾਹੀਦੀ ਏ। "ਆਪ ਉਹਨੂੰ ਮਿਲ ਸੱਕਦੇ ਹੋ," ਇਨਸਪੈਕਟਰ ਨੇ ਕਹਿਆ "ਪਰ ਮੇਰੀ ਗੱਲ ਰੁਪੈ ਬਾਬਤ ਯਾਦ ਰੱਖਣੀ; ਤੇ ਉਹਦੇ ਹਸਪਤਾਲ ਭੇਜੇ ਜਾਣ ਦੇ ਵੀ ਹੁਕਮ ਪਹੁੰਚ ਚੁਕੇ ਹਨ ਤੇ ਉਹ ਕਰ ਦਿਤਾ ਜਾ ਸਕਦਾ ਹੈ, ਡਾਕਟਰ ਵੀ ਮੰਨਦਾ ਹੈ–ਪਰ ਉਹ ਆਪ ਕਹਿੰਦੀ ਹੈ, "ਮੈਨੂੰ ਕੀ ਲੋੜ ਪਈ ਹੈ ਕਿ ਮੈਂ ਸਕਰਵੀ ਦੇ ਮਾਰੇ ਟੁਕੜ ਗਦਾਵਾਂ ਦਾ ਗੂੰਹ ਮੂਤਰ ਪਈ ਸੁੱਟਾਂ।" ਸ਼ਾਹਜ਼ਾਦਾ ਸਾਹਿਬ! ਆਪ ਨੂੰ ਇਨ੍ਹਾਂ ਲੋਕਾਂ ਦੀ ਆਦਤਾਂ ਦੀ ਖਬਰ ਨਹੀਂ।"

ਨਿਖਲੀਊਧਵ ਨੇ ਜਵਾਬ ਤਾਂ ਨਾ ਦਿੱਤਾ, ਪਰ ਮੁਲਾਕਾਤ ਲਈ ਕਹਿਆ। ਇਨਸਪੈਕਟਰ ਨੇ ਇਕ ਜੇਲਰ ਨੂੰ ਬੁਲਾਇਆ। ਉਹ ਨਿਖਲੀਊਧਵ ਨਾਲ ਤੀਮੀਆਂ ਦੇ ਮੁਲਾਕਾਤ ਵਾਲੇ ਕਮਰੇ ਵਲ ਗਇਆ, ਜਿੱਥੇ ਬਸ ਇਕੱਲੀ ਮਸਲੋਵਾ ਬੈਠੀ ਉਡੀਕ ਰਹੀ ਸੀ। ਉਹ ਜਾਲੀਆਂ ਦੇ ਪਿੱਛੋਂ ਦੀ ਚੁਪ ਤੇ ਸਹਮੀ ਹੋਈ ਉਸ ਪਾਸ ਆਕੇ ਬਿਨਾ ਉਸ ਵਲ ਵੇਖਣੇ ਦੇ, ਕਹਿਣ ਲੱਗ ਪਈ :—

"ਦਮਿਤ੍ਰੀ ਈਵਾਨਿਚ ਮੈਨੂੰ ਮਾਫ ਰੱਖਣਾ, ਮੈਂ ਪਰਸੋਂ ਆਪ ਨੂੰ ਬਹੁਤ ਬੁਰਾ ਭਲਾ ਕਹਿਆ ਸੀ।"

"ਮੇਰੇ ਲਈ ਮਾਫ਼ ਕਰਨ ਦੀ ਤਾਂ ਗੱਲ ਕੋਈ ਨਹੀਂ," ਨਿਖਲੀਊਧਵ ਨੇ ਸ਼ੁਰੂ ਕੀਤਾ।

"ਪਰ ਕੁਛ ਹੋਏ-ਆਪ ਮੇਰਾ ਪਿੱਛਾ ਛੱਡ ਦਿਓ, ਮੈਨੂੰ ਛੱਡ ਦਿਓ," ਉਹਨੇ ਉਹਦੀ ਗੱਲ ਟੁਕ ਕੇ ਕਹਿਆ, ਤੇ ਉਸ ਆਪਣੀ ਮੰਦ ਮੰਦ ਭੈਂਗ ਮਾਰਦੀ ਅੱਖਾਂ ਕੁਝ ਐਸੀਆਂ ਡਰਾਉਣੀਆਂ ਜੇਹੀਆਂ ਕਰਕੇ ਉਸ ਵਲ ਤੱਕਿਆ ਕਿ ਨਿਖਲੀਊਧਵ ਨੂੰ ਉਹਦੇ ਪਹਿਲਾਂ ਵਾਲੇ ਗੁੱਸੇ ਦਾ ਰੰਗ ਮੂੰਹ ਉੱਪਰ ਆਉਂਦਾ ਦਿਸਿਆ।

"ਮੈਂ ਤੇਰਾ ਪਿੱਛਾ ਕਿਉਂ ਛੱਡ ਦਿਆਂ?"

"ਆਪ ਨੂੰ ਜਰੂਰ ਛੱਡਨਾ ਪਵੇਗਾ।"

"ਪਰ ਕਿਉਂ"?

ਉਸਨੇ ਮੁੜ ਉਨ੍ਹਾਂ ਗੁਸੀਲੀ ਭਿਆਨਕ ਬਣਾਈਆਂ ਅੱਖਾਂ ਨਾਲ ਉੱਪਰ ਤੱਕਿਆ।

"ਅੱਛਾ !! ਲੋ-ਇਹ ਇਉਂ ਹੈ," ਉਸ ਕਹਿਆ, "ਆਪਨੂੰ ਜ਼ਰੂਰ ਮੈਨੂੰ ਛੱਡਨਾ ਪਵੇਗਾ। ਮੈਂ ਜੋ ਕਹਿ ਰਹੀ ਹਾਂ, ਸੱਚ ਕਹਿ ਰਹੀ ਹਾਂ। ਮੈਂ ਕਰ ਨਹੀਂ ਸੱਕਦੀ-ਆਪ ਇਸ ਸਾਰੀ ਗੱਲ ਦਾ ਪਿੱਛਾ ਕਰਨਾ ਹੀ ਛੱਡ ਦਿਓ," ਉਹਦੇ ਹੋਠ ਕੰਬੇ ਤੇ ਇਕ ਛਿਨ ਲਈ ਚੁਪ ਹੋ ਗਈ, "ਇਹ ਸੱਚ ਹੈ ਬਸ, ਨਹੀਂ ਤਾਂ ਮੈਂ ਆਪਣੇ ਆਪ ਨੂੰ ਫਾਹੇ ਲਾ ਦਿਆਂਗੀ।"

ਨਿਖਲੀਊਧਵ ਨੇ ਮਹਿਸੂਸ ਕੀਤਾ ਕਿ ਇਸ ਇਨਕਾਰ ਵਿੱਚ ਨਫ਼ਰਤ ਭਰੀ ਪਈ ਸੀ, ਇਕ ਮਾਫ਼ੀ ਨ ਦੇਣ ਵਾਲਾ ਕਰੋਧ ਸੀ, ਪਰ ਨਾਲ ਹੋਰ ਵੀ ਕੁਛ ਸੀ, ਕੋਈ ਚੰਗੀ ਕਣੀ ਵੀ ਸੀ। ਉਹਦੇ ਪਹਿਲੇ ਇਨਕਾਰ ਨੂੰ ਮੁੜ ਅੱਜ ਪੱਕਾ ਕਰਨ ਨੇ–ਜਿਹੜੀ ਗੱਲ ਉਹ ਬੜੀ ਸ਼ਾਂਤੀ ਨਾਲ ਕਰ ਰਹੀ ਸੀ-- ਨਿਖਲੀਊਧਵ ਦੀ ਛਾਤੀ ਵਿਚ ਉਠੇ ਸਾਰੇ ਸ਼ਕ ਸ਼ੁਬਿਆਂ ਨੂੰ ਠੰਡਾ ਕਰ ਦਿੱਤਾ ਸੀ, ਤੇ ਇਸ ਉਹਦੀ ਗੱਲ ਨੇ ਮੁੜ ਉਹਦੇ ਅੰਦਰ ਉਹੋ ਸੰਜੀਦਾ ਤੇ ਫਤਹਿ ਪਾਣ ਵਾਲਾ ਪਿਆਰ ਜਿਹੜਾ ਉਹਨੂੰ ਕਾਤੂਸ਼ਾ ਵਲ ਸੀ ਵਾਪਸ ਲਿਆਂਦਾ।

"ਕਾਤੂਸ਼ਾ! ਜੋ ਮੈਂ ਕਹਿਆ ਹੈ ਉਹ ਮੁੜ ਮੈਂ ਕਹਾਂਗਾ," ਉਹਨੇ ਬੜੇ ਹੀ ਗੰਭੀਰ ਲਹਿਜੇ ਵਿਚ ਕਹਿਆ, "ਮੈਂ ਤੈਨੂੰ ਵਿਆਹ ਕਰਨ ਲਈ ਦਰਖ਼ਾਸਤ ਕਰਦਾ ਹਾਂ–ਜੇ ਤੂੰ ਇਹ ਨਹੀਂ ਚਾਹੁੰਦੀ ਤੇ ਜਦ ਤਕ ਤੂੰ ਇਹ ਨਹੀਂ ਚਾਹੇਂਗੀ, ਮੈਂ ਸਿਰਫ ਤੇਰੇ ਪਿੱਛੇ ਪਿੱਛੇ, ਜਿੱਥੇ ਤੂੰ ਜਾਏਂਗੀ, ਮੈਂ ਜਾਵਾਂਗਾ।"

"ਇਹ ਤੇਰਾ ਆਪਣਾ ਕੰਮ ਹੈ, ਮੈਂ ਉਸ ਬਾਰੇ ਵਿੱਚ ਹੋਰ ਕੁਛ ਨਹੀਂ ਕਹਿਣਾ–" ਉਸ ਜਵਾਬ ਦਿੱਤਾ ਤੇ ਉਹਦੇ ਹੋਠ ਫਿਰ ਕੰਬਣ ਲੱਗ ਗਏ।

ਓਹ ਵੀ ਚੁਪ ਸੀ, ਗੱਚ ਆ ਜਾਣ ਕਰਕੇ ਬੋਲ ਨਹੀਂ ਸੀ ਸੱਕਦਾ।

"ਮੈਂ ਹੁਣ ਆਪਣੇ ਗਿਰਾਂ ਵਲ ਜਾਵਾਂਗਾ, ਫਿਰ ਸੇਂਟ ਪੀਟਰਜ਼ਬਰਗ," ਜਦ ਕੁਛ ਤਬੀਅਤ ਠਹਿਰੀ

ਓਸ ਕਹਿਆ, "ਮੈਂ ਅਤਿ ਦਾ ਯਤਨ ਕਰਾਂਗਾ, **ਤੇਰਾ**............

ਮੇਰਾ ਮਤਲਬ **ਸਾਡਾ**, ਮਾਮਲਾ ਕਿਸ ਤਰ੍ਹਾਂ ਤੈਹ ਹੋ ਜਾਏ ਤੇ ਇਹ ਸਜ਼ਾ ਦਾ ਹੁਕਮ ਮਨਸੂਖ ਹੋ ਜਾਏ।"

"ਤੇ ਜੇ ਇਹ ਮਨਸੂਖ ਨ ਹੋਵੇ ਤਾਂ ਵੀ ਮੈਨੂੰ ਕੁਛ ਪਰਵਾਹ ਨਹੀਂ, ਮੈਨੂੰ ਇਹ ਸਜ਼ਾ ਮਿਲਣੀ ਚਾਹੀਦੀ ਸੀ, ਭਾਵੇਂ ਇਸ ਮਾਮਲੇ ਵਿੱਚ ਨਹੀਂ, ਤਾਂ ਵੀ ਕਈ ਹੋਰ ਤਰਾਂ ਮੈਂ ਐਸੀਆਂ ਕਰ-ਤੂਤਾਂ ਕੀਤੀਆਂ ਹਨ ਜਿਨ੍ਹਾਂ ਲਈ ਮੈਂ ਇਸ ਸਜ਼ਾ ਦੀ ਮੁਸਤਹਿਕ ਹਾਂ," ਓਸ ਕਹਿਆ ਤੇ **ਨਿਖਲੀਊਧਵ** ਨੇ ਵੇਖਿਆ ਕਿ ਓਸ ਲਈ ਆਪਣੇ ਅੱਥਰੂਆਂ ਦਾ ਰੋਕਨਾ ਕਿਤਨੀ ਕਠਿਨ ਗੱਲ ਹੋ ਰਹੀ ਸੀ।

"ਅੱਛਾ ! ਆਪ **ਮੈਨਸ਼ੋਵਾਂ** ਨੂੰ ਮਿਲੇ ਹੋ?" ਓਸ ਅਚਨਚੇਤ ਪੁਛਿਆ ਆਪਣਾ ਗੱਚ ਲੁਕਾਣ ਨੂੰ, "ਇਹ ਸੱਚ ਹੈ ਕਿ ਉਹ ਬੇਕਸੂਰ ਹਨ--ਹਨ ਕਿ ਨਹੀਂ ?"

"ਹਾਂ ਮੇਰਾ ਖਿਆਲ ਵੀ ਇਹੋ ਹੈ।"

"ਕੇਹੀ ਆਲੀਸ਼ਾਨ ਬੁੱਢੀ ਜਨਾਨੀ–ਓਹ", ਉਸ ਕਹਿਆ, ਤੇ **ਨਿਖਲੀਊਧਵ** ਨੇ ਓਹਨੂੰ ਜੋ ਕੁਛ **ਮੈਨਸ਼ੋਵਾ** ਬਾਬਤ ਪਤਾ ਲੱਗਾ ਸੀ ਦਸਿਆ, ਤੇ ਨਾਲੇ ਪੁਛਿਆ ਕਿ ਕੀ ਕੁਛ ਹੋਰ ਓਹ ਉਨ੍ਹਾਂ ਦੇ ਮੁਤਅੱਲਕ ਚਾਹੁੰਦੀ ਹੈ। ਓਸ ਜਵਾਬ ਦਿੱਤਾ ਬਸ ਠੀਕ ਹੈ ਹੋਰ ਕੀ।

ਦੋਵੇਂ ਫਿਰ ਚੁਪ ਹੋ ਗਏ।

"ਅੱਛਾ ਹਸਪਤਾਲ ਬਾਬਤ," ਉਹ ਫਿਰ ਅਚਨਚੇਤ ਬੋਲੀ ਆਪਣੀਆਂ ਮੰਦ ਭੈਂਗ ਮਾਰਦੀਆਂ ਅੱਖਾਂ ਨਾਲ ਉਸ ਵਲ ਤੱਕ ਕੇ, "ਜੇ ਆਪ ਦਾ ਚਿੱਤ ਇਉਂ ਹੈ ਤਾਂ ਮੈਂ ਜਾਵਾਂਗੀ ਤੇ ਹੁਣ ਮੈਂ ਸ਼ਰਾਬ ਕਦੀ ਨਹੀਂ ਪੀਵਾਂਗੀ—ਦੋਵੇਂ ਗੱਲਾਂ"।

**ਨਿਖਲੀਊਧਵ** ਨੇ ਉਹਦੀਆਂ ਅੱਖਾਂ ਵਿੱਚ ਤੱਕਿਆ— ਦੋਵੇਂ ਮੁਸਕਰਾ ਰਹੇ ਸਨ।

"ਇਹ ਬੜਾ ਚੰਗਾ ਹੈ," ਇਹੋ ਕੁਛ ਉਹ ਕਹਿ ਸਕਿਆ, ਤੇ ਉਸ ਥੀਂ ਵਿਦਾ ਹੋਇਆ।

"ਹਾਂ—ਹਾਂ—ਹੁਣ ਉਹ ਬਿਲਕੁਲ ਹੋਰ ਹੋ ਗਈ ਹੈ," **ਨਿਖਲੀਊਧਵ** ਨੇ ਵਿਚਾਰਿਆ। ਆਪਣੇ ਸਾਰੇ ਸ਼ੱਕਾਂ ਦੇ ਮਗਰੋਂ ਹੁਣ ਉਸਨੂੰ ਇਕ ਪ੍ਰਤੀਤੀ ਪੱਕੀ ਹੋਈ ਜਿਹੜੀ ਅਗੇ ਕਦੀ ਨਹੀਂ ਸੀ ਹੋਈ, ਉਹ ਇਹ— **ਪ੍ਰਤੱਖ ਸੱਚ ਕਿ ਪਿਆਰ ਸਦਾ ਫਤਹਿਯਾਬ ਹੈ।**

ਜਦ **ਮਸਲੋਵਾ** ਇਸ ਮੁਲਾਕਾਤ ਬਾਦ ਆਪਣੇ ਸ਼ੋਰੀਲੀ ਕੋਠੜੀ ਵਿੱਚ ਪਹੁੰਚੀ, ਓਸ ਆਪਣਾ ਉਤਲਾ ਕੋਟ ਲਾਹਿਆ ਤੇ ਆਪਣੇ ਹੱਥਾਂ ਨਾਲ ਆਪਣੀ ਝੋਲੀ ਵਿੱਚ ਰੱਖਕੇ ਤੈਹ ਕੀਤਾ ਤੇ ਤਖਤੇ ਦੇ ਬਿਸਤਰੇ ਉੱਪਰ ਆਪਣੀ ਥਾਂ ਤੇ ਬਹਿ ਗਈ। ਕੋਠੜੀ ਵਿੱਚ ਬਸ ਇਹੋ ਸਨ—ਇਕ ਤਪਦਿਕ ਦੀ ਮਾਰੀ ਤੀਮੀ, ਉਹ **ਵਲਾਦੀਮੀਰ** ਤੀਮੀ ਤੇ ਉਹਦਾ **ਬੇਬੀ, ਮੈਨਸ਼ੋਵ** ਦੀ ਬੁਢੀ ਮਾਂ, ਤੇ ਚੌਕੀਦਾਰ ਦੀ ਵਹੁਟੀ। ਪਾਦਰੀ ਦੀ ਲੜਕੀ

ਪਰਸੋਂ ਝੱਲੀ ਕਰਾਰ ਦਿੱਤੀ ਗਈ ਸੀ ਤੇ ਓਹਨੂੰ ਹਸਪਤਾਲ ਪਹੁੰਚਾ ਦਿੱਤਾ ਗਿਆ ਸੀ, ਬਾਕੀ ਦੀਆਂ ਤੀਮੀਆਂ ਕੱਪੜੇ ਲੱਤੇ ਧੋਣ ਬਾਹਰ ਗਈਆਂ ਹੋਈਆਂ ਸਨ। ਬੁਢੀ ਤੀਮੀ ਸੁਤੀ ਪਈ ਸੀ, ਕੋਠੜੀ ਦਾ ਬੂਹਾ ਖੁਲ੍ਹਾ ਹੋਇਆ ਸੀ, **ਕੌਰੀਡੋਰ** ਵਿੱਚ ਚੌਕੀਦਾਰ ਦੇ ਬਾਲ ਸਨ। **ਵਲਾਦੀਮੀਰ** ਤੀਮੀ ਆਪਣੇ **ਬੇਬੀ** ਨੂੰ ਕੁਛੜ ਚੱਕਿਆ ਹੋਇਆ ਤੇ ਚੌਕੀਦਾਰ ਦੀ ਵਹੁਟੀ ਆਪਣੀ ਜੁਰਾਬ ਸਮੇਤ, ਜਿਹਨੂੰ ਓਹ ਆਪਣੀਆਂ ਤੇਜ਼ ਚਲਦੀਆਂ ਉਂਗਲਾਂ ਨਾਲ ਬਰਾਬਰ ਬੁਣੀ ਜਾ ਰਹੀ ਸੀ, **ਮਸਲੋਵਾ** ਪਾਸ ਆਈਆਂ।

"ਅੱਛਾ ਫਿਰ ਕੀ ਗੱਲ ਬਾਤ ਕਰ ਆਈ ਏਂ ?" ਓਨ੍ਹਾਂ ਪੁਛਿਆ।

**ਮਸਲੋਵਾ** ਆਪਣੇ ਉੱਚੇ ਬਿਸਤਰੇ ਉੱਪਰ ਚੁਪ ਬੈਠੀ ਸੀ ਤੇ ਆਪਣੀਆਂ ਲਮਕਦੀਆਂ ਜੰਘਾਂ ਨੂੰ ਜਿਹੜੀਆਂ ਫਰਸ਼ ਉੱਪਰ ਨਹੀਂ ਸਨ ਅਪੜ ਰਹੀਆਂ, ਹਿਲਾ ਰਹੀ ਸੀ।

"ਇਉਂ ਖਫ਼ਗੀ ਕਰਨ ਦਾ ਕੀ ਫਾਇਦਾ ਹੈ ?" ਚੌਕੀਦਾਰ ਦੀ ਵਹੁਟੀ ਨੇ ਕਿਹਾ, "ਅਸਲ ਗੱਲ ਤਾਂ ਇਹ ਹੈ ਕਿ ਬੰਦਾ ਸੋ ਜੋ ਉਦਾਸ ਨ ਹੋਵੇ—ਆ **ਕਾਤੂਸ਼ਾ** ! ਖੁਸ਼ ਹੋ," ਆਪਣੀ ਉਂਗਲਾਂ ਨਾਲ ਉਣਦੀ ਤੇ ਕਹਿੰਦੀ ਚਲੀ ਜਾਂਦੀ ਸੀ

**ਮਸਲੋਵਾ** ਨੇ ਕੋਈ ਉੱਤਰ ਨ ਦਿੱਤਾ।

"ਤੇ ਸਾਡੀਆਂ ਇਥੇ ਦੀਆਂ ਤੀਮੀਆਂ ਸਭ ਕਪੜੇ ਧੋਣ ਗਈਆਂ ਹੋਈਆਂ ਹਨ," **ਵਲਾਦੀਮੀਰ** ਤੀਮੀ ਨੇ ਕਹਿਆ, "ਮੈਂ ਸੁਣਿਆ ਹੈ ਕਿ ਅੱਜ ਢੇਰ ਸਾਰੀ ਖ਼ੈਰਾਤ ਵੰਡੀ ਗਈ ਹੈ, ਤੇ ਬਹੁਤ ਸਾਰੀ ਲਿਆਏ ਹਨ।"

"**ਫਿਨਾਸ਼ਕਾ !**" ਚੌਕੀਦਾਰ ਦੀ ਵਹੁਟੀ ਨੇ ਆਵਾਜ਼ ਮਾਰੀ "ਉਹ ਨਿੱਕਾ ਸ਼ਤੂੰਗੜਾ ਕਿੱਥੇ ਈ ?" ਓਸ ਉਣਨ ਵਾਲੀ ਸਲਾਈ ਚੁਕੀ ਤੇ ਉੱਨ ਦੇ ਗੇਂਦ ਅਤੇ ਜੁਰਾਬ ਵਿੱਚ ਦੀ ਫਸਾ ਕੇ ਆਪ **ਕੌਰੀਡੋਰ** ਵਲ ਬਾਹਰ ਗਈ।

ਇਸ ਛਿਨ ਹੀ, **ਕੌਰੀਡੋਰ** ਵਿੱਚ ਦੀ ਆਉਂਦੀਆਂ ਤੀਮੀਆਂ ਦੀ ਆਵਾਜ਼ ਆਈ। ਤੇ ਇਸ ਕੋਠੜੀ ਵਿੱਚ ਰਹਿਣ ਵਾਲੀਆਂ ਅੰਦਰ ਗਈਆਂ, ਸਭ ਦੇ ਪੈਰਾਂ ਵਿੱਚ ਜੇਲ ਦੀਆਂ ਜੁੱਤੀਆਂ ਸਨ, ਪੈਰ ਨੰਗੇ, ਜੁਰਾਬਾਂ ਕੋਈ ਨਹੀਂ ਸਨ–ਹਰ ਇਕ ਦੇ ਹੱਥ ਵਿੱਚ ਇਕ ਇਕ ਰੋਟੀ ਦਾ **ਰੋਲ** ਸੀ, ਕਿਸੇ ਦੇ ਹੱਥ ਵਿਚ ਦੋ ਦੋ ਵੀ ਸਨ। **ਥੀਓਡੋਸੀਆ** ਝਟ ਪਟ **ਮਸਲੋਵਾ** ਦੇ ਕੋਲ ਆ ਗਈ।

"ਕੀ ਸਬੱਬ ਹੈ–ਚਰਖਾ ਕੀ ਕੁਛ ਵਿਗੜਿਆ ਹੋਇਆ ਹੈ ?" ਓਸ ਪੁਛਿਆ ਆਪਣੀਆਂ ਸਾਫ ਤੇ ਨੀਲੀਆਂ ਅੱਖਾਂ ਭਰਕੇ ਬੜੇ ਪਿਆਰ ਨਾਲ **ਮਸਲੋਵਾ** ਵਲ ਤੱਕ ਕੇ, "ਇਹ ਸਾਡੀ ਚਾਹ ਲਈ ਹਨ," ਤੇ ਓਸ ਰੋਟੀ ਦੇ **ਰੋਲ** ਅਲਮਾਰੀ ਉੱਪਰ ਧਰ ਦਿੱਤੇ।

"ਕਿਉਂ–ਸਚੀਂ, ਓਸ ਤੇਰੇ ਨਾਲ ਵਿਆਹ ਕਰਨ ਦਾ ਇਰਾਦਾ ਤਾਂ ਨਹੀਂ ਬਦਲ ਦਿੱਤਾ?" **ਕੋਰਾਬਲੈਵਾ** ਨੇ ਪੁਛਿਆ।

"ਨਹੀਂ–ਓਸ ਨਹੀਂ–ਮੈਂ ਨਹੀਂ ਇਹ ਚਾਹੁੰਦੀ"– **ਮਸਲੋਵਾ** ਬੋਲੀ, "ਤੇ ਮੈਂ ਓਹਨੂੰ ਕਹਿ ਦਿੱਤਾ ਹੈ।"

"ਜ਼ਿਆਦਾ ਬੇਵਕੂਫ਼ ਤੂੰ ਤਦ–" **ਕੋਰਾਬਲੈਵਾ** ਨੇ ਆਪਣੀ ਖਰਜ ਸੁਰ ਵਿਚ ਮੂੰਹ ਵਿੱਚ ਦੀ ਹੀ ਕਹਿਆ–

"ਜੇ ਕਿਸੀ ਇਕੱਠਾ ਨ ਰਹਿਣਾ ਹੋਵੇ ਤਦ ਵਿਆਹ ਕਰਨ ਦਾ ਕੀ ਗੁਣ?" **ਬੀਓਡੋਸੀਆ** ਨੇ ਕਹਿਆ।

"ਤੇਰਾ ਖਾਵੰਦ ਹੀ ਤਾਂ ਹੈ ਨਾ–ਉਹ ਤੇਰੇ ਨਾਲ ਜਾ ਰਹਿਆ ਹੈ!" ਚੌਕੀਦਾਰ ਦੀ ਵਹੁਟੀ ਨੇ ਕਿਹਾ।

"ਭੈਣੇ ਠੀਕ, ਪਰ ਅਸੀਂ ਤਾਂ ਅਗੇ ਹੀ ਵਿਆਹੇ ਹੋਏ ਹਾਂ ਨਾਂ," **ਬੀਓਡੋਸੀਆ** ਨੇ ਕਹਿਆ, "ਪਰ ਉਹ ਕਿਉਂ ਇਕ ਰਸਮ ਜੇਹੀ ਥੀਂ ਲੰਘ ਜਾਏ, ਜਦ ਉਸ ਇਸ ਨਾਲ ਇਕੱਠਾ ਰਹਿਣਾ ਹੀ ਨਹੀਂ।"

"ਕਿਉਂ ਬੇਸ਼ਕ ਬੇਵਕੂਫ਼ ਨ ਬਣ ਨੀ! ਤੂੰ ਜਾਣਨੀ ਏਂ ਜੇ ਉਹ ਇਸ ਨਾਲ ਵਿਆਹ ਕਰ ਲਵੇ ਤਦ ਇਸ ਅੱਗੇ ਦੌਲਤਾਂ ਦਾ ਰੁਲ ਪੈ ਜਾਸੀ," **ਕੋਰਾਬਲੈਵਾ** ਨੇ ਕਹਿਆ।

"ਓਹ ਤਾਂ ਕਹਿੰਦਾ ਹੈ ਕਿ ਜਿਥੇ ਮੈਂ ਜਾਵਾਂਗੀ ਉਹ ਮੇਰੇ ਮਗਰ ਜਾਏਗਾ," **ਮਸਲੋਵਾ** ਨੇ ਕਹਿਆ, "ਜੇ ਉਹ ਜਾਵੇ

ਤਾਂ ਚੰਗਾ, ਨਾ ਜਾਵੇ ਤਾਂ ਚੰਗਾ, ਉਹਨੂੰ ਮੈਂ ਕਹਿਣ ਤਾਂ ਨਹੀਂ ਲੱਗੀ–ਹੁਣ ਤਾਂ ਉਹ ਸੇਂਟ ਪੀਟਰਜ਼ਬਰਗ ਜਾ ਰਹਿਆ ਹੈ, ਮਤੇ ਕੋਈ ਛੁਟਕਾਰੇ ਦਾ ਤੀਰ ਤੁਕਾ ਲਗਦਾ ਹੋਵੇ, ਉਥੇ ਉਹ ਸਾਰੇ ਵਜ਼ੀਰਾਂ ਦਾ ਰਿਸ਼ਤੇਦਾਰ ਹੈ–ਪਰ ਕੁਛ ਹੋਵੇ ਮੈਨੂੰ ਉਹਦੀ ਕੋਈ ਲੋੜ ਨਹੀਂ,'' ਉਹ ਕਹੀ ਗਈ ।

''ਠੀਕ ਨਹੀਂ–'' ਅਚਨਚੇਤ ਕੋਰਾਬਲੇਵਾ ਨੇ ਉਹਦੀ ਗਲ ਨਾਲ ਗਲ ਮਿਲਾ ਦਿਤੀ, ਸਾਫ ਸੀ ਕਿ ਉਹ ਆਪਣਾ ਥੈਲਾ ਬੈਠੀ ਫਰੋਲਦੀ ਕਿਸੀ ਹੋਰ ਚੀਜ਼ ਦੇ ਖਿਆਲ ਵਿੱਚ ਸੀ–

''ਚੰਗਾ ! ਫਿਰ ਕੀ ਅਸੀ ਕੱਤਰਾ ਲਈਏ !''

''ਤੂੰ ਲੈ ਲੈ,'' ਮਸਲੋਵਾ ਨੇ ਕਹਿਆ, ''ਮੈਂ ''ਨਹੀਂ ਲਵਾਂਗੀ–''

PUNJABI UNIVERSITY
PUNJABI UNIVERSITY
PUNJABI UNIVERSITY
BKSNL-PUP
68509
ਟਾਲਸਟਾਏ, ਲਿਓ
PUNJABI UNIVERSITY

ਪੰਜਾਬੀ ਯੂਨੀਵਰਸਿਟੀ ਪਟਿਆਲਾ
ਵਿਦਿਆ ਵੀਚਾਰੀ ਤਾਂ ਪਰਉਪਕਾਰੀ
PUNJABI UNIVERSITY PATIALA
RFID Enabled
(If tempered, will be fined)
Bhai Kahn Singh Nabha Library
Punjabi University, Patiala